ੴ

ਸਚ ਖੰਡਿ ਵਸੈ ਨਿਰੰਕਾਰੁ

ਗਿ: ਸੰਤ ਸਿੰਘ 'ਮਸਕੀਨ'

ਸਚ ਖੰਡਿ ਵਸੈ ਨਿਰੰਕਾਰੁ

ੴ ਸਤਿਗੁਰ ਪ੍ਰਸਾਦਿ॥

ਸਚ ਖੰਡਿ ਵਸੈ ਨਿਰੰਕਾਰੁ

ਗਿ: ਸੰਤ ਸਿੰਘ 'ਮਸਕੀਨ'

ਪ੍ਰਕਾਸ਼ਕ:
ਗੁਰ ਜੋਤੀ ਐਂਟਰਪ੍ਰਾਈਜ਼ਜ਼

SACH KHAND VASSAI NIRANKAAR

by

GIANI SANT SINGH "MASKEEN"

Transcribed by

MEWA SINGH GREWAL

ਪਹਿਲੀ ਵਾਰ: ਮਾਰਚ 2012

ਮੁੱਲ: 150-00 ਰੁਪਏ

ਮਿਲਣ ਦੇ ਪਤੇ:

ਗੁਰ ਜੋਤੀ ਐਂਟਰਪ੍ਰਾਈਜ਼ਜ਼

ਰੋਡ ਨੰ: 2, ਅਲਵਰ - 301 001

ਫ਼ੋਨ: 0144-2344312, 2331313

ਸਿੰਘ ਬ੍ਰਦਰਜ਼

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com

Website : www.singhbrothers.com

ਪ੍ਰਕਾਸ਼ਕ:

ਗੁਰ ਜੋਤੀ ਐਂਟਰਪ੍ਰਾਈਜ਼ਜ਼

ਰੋਡ ਨੰ: 2, ਅਲਵਰ - 301 001

ਫ਼ੋਨ: 0144-2344312, 2331313

E-mail : gurjyoti@sancharnet.in

ਪ੍ਰਿੰਟਰਜ਼:

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਤਤਕਰਾ

ਧੰਨਵਾਦ

ਗੁਰਬਾਣੀ ਦੀ ਮਹਿਮਾ ਅਪਰੰਪਾਰ ਹੈ, ਇਸਦਾ ਪਾਰਾਵਾਰ ਮਨੁੱਖੀ ਬੁੱਧ ਨਾਲ ਨਹੀਂ ਪਾਇਆ ਜਾ ਸਕਦਾ। ਪਰ ਜਿਨ੍ਹਾਂ ਗੁਰੂ-ਵਰੋਸਾਈਆਂ ਆਤਮਾਵਾਂ ਉੱਪਰ ਅਕਾਲ ਪੁਰਖ ਆਪ ਮਿਹਰ ਕਰਦਾ ਹੈ, ਉਨ੍ਹਾਂ ਰਾਹੀਂ ਪ੍ਰਗਟਾਈ/ਦਰਸਾਈ ਗੁਰਬਾਣੀ ਦੀ ਵਿਆਖਿਆ ਸਰੋਤੇ/ਪਾਠਕ ਨੂੰ ਨਿਹਾਲੋ-ਨਿਹਾਲ ਕਰ ਦਿੰਦੀ ਹੈ। ਉਸਦੇ ਅੰਦਰ-ਬਾਹਰ ਚਾਨਣ ਹੋ ਜਾਂਦਾ ਹੈ ਤੇ ਜੀਵਨ ਦੀ ਸੋਝੀ ਆ ਜਾਂਦੀ ਹੈ। ਐਸੀ ਹੀ ਨਿਰਮਲ ਆਤਮਾ ਸਨ, ਪੰਥ ਰਤਨ ਤੇ ਗੁਰਮਤ ਵਿੱਦਿਆ ਮਾਰਤੰਡ ਦੇ ਪੰਥਕ ਸਨਮਾਨਾਂ ਨਾਲ ਆਭੂਸ਼ਿਤ, ਗਿਆਨੀ ਸੰਤ ਸਿੰਘ ਮਸਕੀਨ। ਆਪ ਜੀ ਨੇ ਜੀਵਨ-ਭਰ ਗੁਰੂ ਦੇ ਭਉ ਤੇ ਭਾਉ ਵਿਚ ਰਹਿੰਦਿਆਂ ਗੁਰਬਾਣੀ ਦੀ ਵਿਆਖਿਆ ਕੀਤੀ ਤੇ ਅਨੇਕਾਂ ਭੁੱਲਿਆਂ ਨੂੰ ਮਾਰਗ ਦੀ ਸੋਝੀ ਕਰਵਾਈ। ਉਨ੍ਹਾਂ ਦੁਆਰਾ ਕੀਤੀ ਵਿਆਖਿਆ ਟੇਪਾਂ/ਸੀ.ਡੀਜ਼/ਟੈਲੀਵੀਜ਼ਨ ਤੇ ਪੁਸਤਕਾਂ ਰਾਹੀਂ ਹੁਣ ਵੀ ਸਿੱਖ ਸੰਗਤਾਂ ਵਿਚ ਤਾਂ ਹਰਮਨ ਪਿਆਰੀ ਹੈ ਹੀ, ਬਲਕਿ ਗ਼ੈਰ-ਸਿੱਖਾਂ ਨੂੰ ਵੀ ਬੇਹੱਦ ਖਿੱਚ ਪਾਉਂਦੀ ਹੈ। ਉਨ੍ਹਾਂ ਦੇ ਬੋਲਾਂ/ਕਥਨਾਂ ਵਿਚ ਏਨੀ ਕਸ਼ਿਸ਼ ਹੈ ਕਿ ਸਰੋਤਾ-ਜਨ ਡੂੰਘੇ ਦਾਰਸ਼ਨਿਕ ਵਿਚਾਰਾਂ ਦੇ ਸਾਗਰ ਵਿਚ ਸਹਿਜ-ਸੁਭਾਇ ਟੁੱਭੀਆਂ ਮਾਰਨ ਲੱਗ ਜਾਂਦਾ ਹੈ। ਸਿੱਖ ਸਮਾਜ ਵਿਚ ਅਧਿਆਤਮਕ ਚੇਤਨਾ ਪੈਦਾ ਕਰਨ ਲਈ ਮਸਕੀਨ ਜੀ ਦੀ ਸੇਵਾ ਲਾਮਿਸਾਲ ਹੈ। ਉਨ੍ਹਾਂ ਦੇ ਪ੍ਰਸੰਸਕਾਂ ਦਾ ਘੇਰਾ ਵੀ ਬਹੁਤ ਵਿਸ਼ਾਲ ਹੈ, ਜਿਸ ਵਿਚ ਉੱਚ-ਵਿੱਦਿਆ ਪ੍ਰਾਪਤ ਵਿਦਵਾਨ ਤੇ ਆਨ-ਧਰਮੀ ਵੀ ਸ਼ਾਮਲ ਹਨ।

ਮਸਕੀਨ ਜੀ ਦੇ ਅਮਿਓ-ਰਸ-ਭਿੱਜੇ ਬੋਲਾਂ ਦੁਆਰਾ ਹੀ ਵਿੰਨ੍ਹੀ ਇਕ ਆਤਮਾ ਹੈ ਸ. ਮੇਵਾ ਸਿੰਘ ਗਰੇਵਾਲ, ਜੋ ਕੈਨੇਡਾ ਵਿਚ ਨਿਵਾਸ ਕਰਦੇ ਹਨ। ਆਪ ਜੀ ਨੇ ਕ੍ਰਿਤੱਗਤਾ ਭਾਵਨਾ ਤਹਿਤ ਮਸਕੀਨ ਜੀ ਦੇ ਲੈਕਚਰਾਂ ਨੂੰ ਲਿਖਤ ਰੂਪ ਦੇਣ ਦੀ ਸੇਵਾ ਕੀਤੀ ਹੈ। ਇਸ ਲਿਖਤ ਵਿੱਚੋਂ ਇਕ ਪੁਸਤਕ *ਹਾਜਿਰ ਹਜੂਰਿ ਖੁਦਾਇ* ਪਿਛਲੇ ਸਾਲ ਸੰਗਤਾਂ ਦੀ ਸੇਵਾ ਵਿਚ ਭੇਟਾ ਕੀਤੀ ਗਈ ਸੀ। ਹੁਣ ਬਾਕੀ ਦੇ ਲੇਖਾਂ ਨੂੰ ਦੋ ਪੁਸਤਕਾਂ *ਮੁਕਾਮ ਓਹੀ ਏਕੁ ਹੈ* ਅਤੇ

ਸਚ ਖੰਡਿ ਵਸੈ ਨਿਰੰਕਾਰੁ ਵਿਚ ਤਰਤੀਬ ਦੇ ਕੇ ਮਸਕੀਨ ਜੀ ਦੀ ਸਤਵੀਂ ਬਰਸੀ ਦੇ ਮੌਕੇ 'ਤੇ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਆਸ ਹੈ ਕਿ ਪਹਿਲਾਂ ਦੀ ਤਰ੍ਹਾਂ ਇਹ ਪੁਸਤਕਾਂ ਵੀ ਸੰਗਤਾਂ ਦੀ ਨਜ਼ਰੇ ਪ੍ਰਵਾਨ ਚੜ੍ਹਨਗੀਆਂ।

ਸ. ਮੇਵਾ ਸਿੰਘ ਗਰੇਵਾਲ ਨੇ ਜਿਸ ਗੁਰੂ-ਪਿਆਰ ਵਿਚ ਇਹ ਲਿਖਤ ਤਿਆਰ ਕੀਤੀ ਹੈ, ਉਸ ਨੂੰ ਸਦ-ਨਮਸਕਾਰ ਹੈ। ਇਸ ਲਿਖਤ ਦੇ ਸੰਪਾਦਨ ਤੇ ਸੋਧ ਸੁਧਾਈ ਦੀ ਸੇਵਾ ਸਿੰਘ ਬ੍ਰਦਰਜ਼ ਅੰਮ੍ਰਿਤਸਰ ਦੇ ਸਟਾਫ਼ ਮੈਂਬਰਾਂ ਸ. ਗੁਰਜੀਤ ਸਿੰਘ ਤੇ ਸ. ਕੁਲਵੰਤ ਸਿੰਘ ਨੇ ਬਹੁਤ ਤਨ-ਦੇਹੀ ਨਾਲ ਨਿਭਾਈ ਹੈ। ਫ਼ਾਰਸੀ ਦੇ ਸ਼ਿਅਰਾਂ ਦੀ ਸੁਧਾਈ ਲਈ ਪ੍ਰੋ. ਜਗਦੀਸ਼ ਸਿੰਘ (ਮੁਕੇਰੀਆਂ) ਨੇ ਨਿੱਘਾ ਸਹਿਯੋਗ ਦਿੱਤਾ ਹੈ। ਸਤਿਗੁਰੂ ਜੀ ਮਿਹਰ ਕਰ ਕੇ ਸਭਨਾਂ ਦੀ ਘਾਲ ਥਾਇੰ ਪਾਉਣ!

—ਪ੍ਰਕਾਸ਼ਕ

ਭੂਮਿਕਾ

ਅੱਜ ਮੈਂ ਸੰਤ ਸਿੰਘ ਮਸਕੀਨ ਜੀ ਮਹਾਰਾਜ ਲਈ ਦੂਸਰੀ ਵਾਰ ਉਨ੍ਹਾਂ ਦੀਆਂ ਦੋ ਪੁਸਤਕਾਂ *ਮੁਕਾਮੁ ਓਹੀ ਏਕੁ ਹੈ* ਅਤੇ *ਸਚ ਖੰਡਿ ਵਸੈ ਨਿਰੰਕਾਰੁ* ਦੀ ਭੂਮਿਕਾ ਲਿਖਣ ਲਈ ਕਲਮ ਚੁੱਕੀ ਹੈ। ਪਰਮਾਤਮਾ ਇਸ ਕਲਮ ਵਿਚ ਆਪਣੀ ਪੂਰਨਤਾ, ਆਪਣਾ ਬਲ ਬਖ਼ਸ਼ਣ, ਜਿਸ ਸਦਕਾ ਮੇਰੀ ਸ਼ਰਧਾ ਅਤੇ ਤਾਕਤ ਇਸ ਮਹਾਨ ਆਤਮਾ ਬਾਰੇ ਲਿਖਣ ਦੇ ਕਾਬਿਲ ਹੋ ਸਕੇ, ਇਹੋ ਮੇਰੀ ਅਰਦਾਸ ਹੈ। ਮਸਕੀਨ ਜੀ ਵੱਲੋਂ ਲਿਖੀ *ਹਾਜਿਰ ਹਜੂਰਿ ਖੁਦਾਇ*, ਜੋ ਪਿਛਲੇ ਸਾਲ ਸੰਗਤ ਵਿਚ ਭੇਟਾ ਕੀਤੀ ਗਈ ਸੀ, ਪਹਿਲੀ ਵਾਰ ਉਸ ਦੀ ਭੂਮਿਕਾ ਲਿਖਣ ਦਾ ਸੁਭਾਗ ਵੀ ਦਾਸ ਨੂੰ ਹੀ ਪ੍ਰਾਪਤ ਹੋਇਆ ਸੀ।

ਸਾਧਾਰਨ ਸ਼ਬਦਾਂ ਵਿਚ, ਅਲਫ਼ਾਜ਼ ਵਿਚ ਅਗਰ ਭੂਮਿਕਾ ਦੇ ਅਰਥ ਕਰੀਏ ਤਾਂ ਧਰਤੀ, ਥਲ, ਪ੍ਰਿਥਵੀ, ਅਸਥਾਨ ਹੀ ਬਣਦੇ ਹਨ। ਦੇਖਣ ਵਿਚ ਆਇਆ ਹੈ ਕਿ ਮੇਰੇ ਵੀਰ ਪੁਰਾਤਨ ਕਾਲ ਤੋਂ ਹੀ ਕਿਸੇ ਪੁਸਤਕ ਦੀ ਭੂਮਿਕਾ ਲਿਖਣ ਸਮੇਂ, ਲਿਖਾਰੀ ਦੇ ਲਿਖਣ ਦਾ ਕਾਰਨ ਅਤੇ ਹੋਰ ਕਈ ਤਰ੍ਹਾਂ ਦੇ ਵਿਵਰਣ ਬਿਆਨ ਕਰਦੇ ਆ ਰਹੇ ਹਨ। ਉਸ ਤੋਂ ਬਾਅਦ ਸਹਾਇਕ ਵੀਰਾਂ ਦੇ ਨਾਮ ਲਿਖ ਕੇ ਉਨ੍ਹਾਂ ਦੀ ਸ਼ਲਾਘਾ ਵੀ ਕਰਦੇ ਹਨ। ਪਰੰਤੂ ਮੇਰੇ ਲਿਖਣ ਦਾ ਕੋਈ ਭੀ ਖ਼ਾਸ ਕਾਰਨ ਨਹੀਂ, ਸਿਰਫ਼ ਪ੍ਰੇਮ ਦੀ ਭੁੱਖ ਨੇ ਮੈਨੂੰ ਇੱਥੋਂ ਤੱਕ ਪਹੁੰਚਾਇਆ ਹੈ। ਮੇਰਾ ਇਕ ਹੀ ਮਕਸਦ ਹੈ ਕਿ ਦਾਸ ਸੰਗਤਾਂ ਨੂੰ, ਸੰਤ ਮਸਕੀਨ ਜੀ ਅਤੇ ਉਨ੍ਹਾਂ ਦੇ ਪਰਿਵਾਰ ਨੂੰ, ਆਪਣੀ ਸੇਵਾ, ਸ਼ਰਧਾ ਅਤੇ ਪ੍ਰੇਮ ਦੀ ਭੇਟਾ ਕਰ ਸਕੇ।

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੀ ਆਦਿ ਬਾਣੀ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪ੍ਰਥਮ ਬਾਣੀ ਜਪੁ ਜੀ ਸਾਹਿਬ ਦੇ ਅਖ਼ੀਰਲੇ ਸਲੋਕ ਵਿਚ, "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਕਿਹਾ ਹੈ। ਸਾਡੇ ਦੇਸ਼ ਵਿਚ ਪੁਰਾਤਨ ਸਮੇਂ ਤੋਂ ਧਰਤੀ (ਭੂਮੀ) ਨੂੰ ਮਾਤਾ ਕਰਕੇ ਪੂਜਿਆ ਗਿਆ ਹੈ, ਅੱਜ ਭੀ ਇਹ ਮਨੌਤ ਪ੍ਰਚਲਿਤ ਹੈ। ਇਹ ਇਕ ਸੱਚਾਈ ਹੈ, ਕਿਉਂਕਿ ਸਾਡਾ ਸਰੀਰ ਧਰਤੀ ਦਾ ਹੀ ਇਕ ਖ਼ਾਸ ਹਿੱਸਾ ਹੈ ਜੋ ਅੰਤਿਮ ਸਮੇਂ, ਖ਼ਾਕ ਦੇ ਰੂਪ ਵਿਚ ਧਰਤੀ ਉੱਪਰ ਹੀ ਰਹਿ ਜਾਂਦਾ ਹੈ।

ਅੱਜ ਤਕ ਕੋਈ ਭੀ ਆਪਣੇ ਆਪ ਨੂੰ ਪੂਰਨ ਨਾ ਤਾਂ ਕਹਿ ਸਕਿਆ ਹੈ ਅਤੇ ਨਾ ਇਹ ਲਿਖ ਸਕਿਆ ਹੈ ਕਿ ਜੋ ਕੁਝ ਧਰਤੀ ਵਿਚ ਹੈ, ਜਾਂ ਜੋ ਕੁਝ ਭੀ ਧਰਤੀ ਉੱਪਰ ਹੋ ਰਿਹਾ ਹੈ ਉਸ ਨੂੰ ਪੂਰਨ ਤੌਰ 'ਤੇ ਸਾਰੇ ਦੀ ਸਾਰੀ ਜਾਣਕਾਰੀ ਹੈ। ਉਹ ਇਹ ਪੱਕੇ ਤੌਰ 'ਤੇ ਨਹੀਂ ਕਹਿ ਸਕਦਾ ਕਿ ਉਸ ਨੇ ਸਭ ਕੁਝ ਜਾਣ ਲਿਆ ਹੈ, ਹਰੇਕ ਚੀਜ਼ ਦੀ ਥਾਹ ਪਾ ਲਈ ਹੈ। ਸਿਰਫ਼ ਧਰਤੀ ਬਾਰੇ; ਇਸ ਭੂਮੀ ਬਾਰੇ ਮਨੁੱਖ ਦੀ ਜਾਣਕਾਰੀ ਏਨੀ ਅਧੂਰੀ ਹੈ ਕਿ ਪਰਮਾਤਮਾ ਨੂੰ ਸਮਝਣ ਦੀ ਤਾਂ ਗੱਲ ਹੀ ਛੱਡੋ!

ਅਜਿਹੀ ਹੀ ਅਧੂਰੀ ਜਾਣਕਾਰੀ ਦੇ ਆਸਰੇ ਜੇਕਰ ਮਨੁੱਖ ਕਿਸੇ ਅਵਤਾਰੀ ਪੁਰਸ਼ ਦੀ, ਕਿਸੇ ਭਗਤ-ਜਨ ਦੀ ਮਹਿਮਾ ਦਾ ਬਖਿਆਨ ਕਰੇ ਜਾਂ ਲਿਖਣ ਦੀ ਕੋਸ਼ਿਸ਼ ਕਰੇ ਤਾਂ ਉਹ ਪੂਰਨ ਕਿਵੇਂ ਹੋ ਸਕਦੀ ਹੈ, ਉਹ ਭੀ ਮਨੁੱਖ ਦੇ ਗਿਆਨ ਦੀ ਤਰ੍ਹਾਂ ਅਧੂਰੀ ਹੀ ਹੋਵੇਗੀ।

ਚਲੋ, ਮਸਕੀਨ ਜਿਹੀ ਪਵਿੱਤਰ ਆਤਮਾ ਦੁਆਰਾ ਕਹੇ ਹੋਏ ਅਲਫ਼ਾਜ਼ ਲਈ 'ਭੂਮਿਕਾ' ਲਿਖਣ ਦਾ ਨਿਮਾਣਾ ਜਿਹਾ ਯਤਨ ਕਰਦੇ ਹੋਏ, ਸ਼ੁਰੂਆਤ 'ਸ਼ਬਦ' ਤੋਂ ਹੀ ਕਰਦੇ ਹਾਂ:

> ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ॥
> ਸਾਧੂ ਹੋਇ ਸੁ ਭਗਤਿ ਪਛਾਨੈ ਹਰਿ ਲਏ ਖਜਾਨੈ ਪਾਈ॥੩॥
>
> *(ਪੰਨਾ 970)*

ਇਤਿਹਾਸ ਗਵਾਹ ਹੈ ਕਿ ਪੁਰਾਤਨ ਕਾਲ ਜੋ ਭਗਤ ਕਬੀਰ ਜੀ ਮਹਾਰਾਜ ਦੇ ਸਮੇਂ ਚੱਲ ਰਿਹਾ ਸੀ, ਰਾਜੇ ਮਹਾਰਾਜੇ ਆਪਣੇ ਸਿਪਾਹੀਆਂ ਦੇ ਗਲੇ ਵਿਚ ਚਮੜੇ ਦਾ ਪਟਾ ਪਾਉਂਦੇ ਸਨ, ਜਿਸ ਉੱਪਰ ਉਸ ਦਾ ਨਾਮ ਅਤੇ ਰਾਜੇ ਦੀ ਆਪਣੀ ਮੋਹਰ ਭੀ ਲਾਈ ਜਾਂਦੀ ਸੀ। ਉਸ ਦਾ ਇੱਕੋ ਹੀ ਕਾਰਨ ਸੀ ਕਿ ਸਿਪਾਹੀਆਂ ਦੀ ਸਹੀ ਗਿਣਤੀ ਹੋ ਸਕੇ, ਕਿ ਜੰਗ ਦੌਰਾਨ ਕਿਤਨੇ ਸਿਪਾਹੀ ਮਾਰੇ ਗਏ ਜਾਂ ਜ਼ਖ਼ਮੀ ਹੋਏ। ਜ਼ਖ਼ਮੀਆਂ ਦੀ ਪਛਾਣ ਆਸਾਨੀ ਨਾਲ ਹੋ ਸਕੇ ਤੇ ਰਾਜੇ ਦੇ ਹਕੀਮ ਉਨ੍ਹਾਂ ਜ਼ਖ਼ਮੀਆਂ ਦੀ ਮਰਹਮ-ਪੱਟੀ ਕਰ ਸਕਣ। ਪਰ ਇਹ ਤਰੀਕਾ ਪੂਰਨ ਤੌਰ 'ਤੇ ਕਾਮਯਾਬ ਨਹੀਂ ਹੋ ਸਕਿਆ। ਕਿਉਂਕਿ ਕੁਝ ਬੁਜ਼ਦਿਲ ਸਿਪਾਹੀ ਆਪਣੀ ਜਾਨ ਬਚਾਉਣ ਵਾਸਤੇ ਮੈਦਾਨੇ-ਜੰਗ ਵਿੱਚੋਂ ਭੱਜ ਕੇ ਕਿਧਰੇ ਲੁਕ-ਛਿਪ ਜਾਂਦੇ ਸਨ। ਉਸ ਚਮੜੇ ਦੇ ਪਟੇ ਨੂੰ ਕੱਟ ਕੇ ਗ਼ਾਇਬ ਕਰ ਦਿੰਦੇ ਤੇ ਆਪਣਾ ਭੇਸ ਬਦਲ ਕੇ ਜੀਵਨ ਬਸਰ ਕਰੀ ਜਾਂਦੇ। ਜ਼ਾਹਿਰ ਹੈ ਕਿ ਇਸ ਤੋਂ ਪਿੱਛੋਂ ਉਹ ਰਾਜਿਆਂ ਦੀ ਬਦਨਾਮੀ ਦਾ ਕਾਰਨ ਭੀ ਬਣਦੇ ਸਨ। ਕਬੀਰ ਜੀ ਦੇ ਸਮੇਂ ਦੌਰਾਨ, ਰਾਜਿਆਂ ਨੇ ਇਕ ਹੋਰ ਤਰੀਕਾ ਅਪਣਾਇਆ। ਜੰਗੀ ਸਿਪਾਹੀਆਂ ਦੇ ਸਰੀਰਾਂ ਉਪਰ ਉਨ੍ਹਾਂ ਦੇ ਆਪਣੇ ਨਾਮ

ਅਤੇ ਨਿਸ਼ਾਨੀ ਵਜੋਂ ਰਾਜੇ ਦੇ ਨਾਮ ਦੀ ਮੋਹਰ ਦਾਗਣੀ ਸ਼ੁਰੂ ਕਰ ਦਿੱਤੀ, ਤਾਂ ਜੁ ਸ਼ੱਕ-ਸ਼ੁਬਹ ਦੀ ਕੋਈ ਗੁੰਜਾਇਸ਼ ਨਾ ਰਹੇ। ਪਰ ਜੋ ਕਬੀਰ ਜੀ ਕਹਿਣਾ ਚਾਹੁੰਦੇ ਹਨ, ਉਨ੍ਹਾਂ ਦਾ ਖ਼ਿਆਲ ਕੁਝ ਹੋਰ ਹੈ, ਉਨ੍ਹਾਂ ਦੀ ਵਿਚਾਰ ਬੜੀ ਡੂੰਘੀ ਹੈ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬਾਣੀ ਇਕ ਤਰ੍ਹਾਂ ਅਲੰਕਾਰ ਹੈ, ਜਿਵੇਂ ਕਹਿਣਾ ਕਿਸੇ ਬਾਰੇ, ਸਮਝਾਉਣਾ ਕਿਸੇ ਹੋਰ ਨੂੰ; ਉਦਾਹਰਣ ਕਿਸੇ ਹੋਰ ਦੀ ਦੇਣੀ ਤੇ ਸਮਝਾਉਣਾ ਕਿਸੇ ਕੋਲ ਬੈਠੇ ਨੂੰ।

ਇਥੇ ਕਬੀਰ ਜੀ ਦਾ ਕਹਿਣਾ ਇਹ ਹੈ ਕਿ ਜੋ ਪਰਮਾਤਮਾ ਦੇ ਰੰਗ ਵਿਚ ਰੰਗੇ ਗਏ ਹਨ, ਜਿਨ੍ਹਾਂ ਦੇ ਮਨ ਉੱਪਰ ਪਰਮਾਤਮਾ ਦੇ ਨਾਮ ਦਾ ਦਾਗ਼ ਪੈ ਚੁੱਕਾ ਹੈ, ਜੋ ਕਦੇ ਭੀ ਉਤਾਰਿਆ ਨਹੀਂ ਜਾ ਸਕਦਾ, ਪਰਮਾਤਮਾ ਦੀ ਮੋਹਰ ਉਨ੍ਹਾਂ ਦੇ ਮਨ ਉਪਰ ਲੱਗ ਚੁੱਕੀ ਹੈ, ਉਹ ਨਾ ਤਾਂ ਡਰਦੇ ਹਨ ਅਤੇ ਨਾ ਹੀ ਮੈਦਾਨ ਵਿੱਚੋਂ ਭੱਜਦੇ ਹਨ, ਬਲਕਿ ਉਨ੍ਹਾਂ ਦੇ ਚਲੇ ਜਾਣ ਪਿੱਛੋਂ ਭੀ ਉਨ੍ਹਾਂ ਦੀ ਮਹਿਮਾ, ਉਪਮਾ ਤੇ ਸਤਿਕਾਰ ਬਰਕਰਾਰ ਰਹਿੰਦਾ ਹੈ। ਸਾਧੂ-ਜਨਾਂ ਨੂੰ ਉਨ੍ਹਾਂ ਅਵਤਾਰਾਂ, ਸੰਤ-ਜਨਾਂ ਅਤੇ ਭਗਤਾਂ ਦੀ ਪਛਾਣ ਹੋ ਜਾਂਦੀ ਹੈ ਅਤੇ ਉਹ ਸਾਧੂ-ਜਨ ਸੰਤ-ਜਨਾਂ ਤੋਂ ਪਰਮਾਤਮਾ ਦਾ ਨਾਮ ਲੈ ਕੇ ਆਪਣੇ ਮਨ ਦੇ ਖ਼ਜ਼ਾਨੇ ਵਿਚ ਰੱਖ ਲੈਂਦੇ ਹਨ।

ਸੰਤ ਸਿੰਘ ਜੀ ਮਸਕੀਨ ਇਕ ਪੂਰਨ ਪੁਰਖ ਸਨ। ਸੰਤ, ਗਿਆਨੀ, ਭਗਤ, ਪੂਰਨ ਪੁਰਖ, ਅਵਤਾਰੀ ਪੁਰਖ, ਇਨ੍ਹਾਂ ਦੇ ਕੁਝ ਲਕਸ਼ਣ, ਨਿਆਮਤਾਂ ਹੁੰਦੀਆਂ ਹਨ। ਸਹਸਕ੍ਰਿਤੀ ਸਲੋਕਾਂ ਵਿਚ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਉਨ੍ਹਾਂ ਲਕਸ਼ਣਾਂ ਨੂੰ ਬਿਆਨ ਕੀਤਾ ਹੈ, ਉਨ੍ਹਾਂ ਦੀ ਗਿਣਤੀ ਛੇ ਹੈ :

੧. ਸਰਵ-ਵਿਆਪੀ ਕਰਤਾਰ ਦਾ ਧਿਆਨ ਕਰ ਕੇ ਉਸ ਦਾ ਨਾਮ ਜਪਣਾ (ਮਹਾਮੰਤਰ ਜਪਣਾ);
੨. ਨੇਕ ਤਰੀਕੇ ਨਾਲ ਦੁਨੀਆਂ ਵਿਚ ਰਹਿ ਕੇ ਕਿਸੇ ਨੂੰ ਵੈਰੀ ਨਾ ਬਣਾਉਣਾ ਅਤੇ ਦੁੱਖ ਸੁਖ ਵਿਚ ਆਪਣੇ ਗਿਆਨ ਨੂੰ ਅਚੱਲ ਰੱਖਣਾ;
੩. ਵਿਸ਼ਿਆਂ ਦੇ ਵੇਗ ਨੂੰ ਰੋਕ ਕੇ ਸਭ ਜੀਵਾਂ ਉਪਰ ਦਇਆ ਕਰਨੀ;
੪. ਕਰਤਾਰ ਦੀ ਕੀਰਤੀ ਨੂੰ ਭੋਜਨ ਵਾਂਗ ਆਪਣਾ ਆਧਾਰ ਮੰਨ ਕੇ ਸੰਸਾਰ ਵਿਚ ਕਮਲ ਫੁੱਲ ਦੀ ਤਰ੍ਹਾਂ ਨਿਰਲੇਪ ਰਹਿਣਾ;
੫. ਕਰਤਾਰ, ਪਰਮਾਤਮਾ, ਪ੍ਰਭੂ, ਵਾਹਿਗੁਰੂ ਦੀ ਭਗਤੀ ਅਤੇ ਸ਼ਰਧਾ ਦਾ ਉਪਦੇਸ਼ ਮਿੱਤਰਾਂ-ਸ਼ਤਰੂਆਂ ਨੂੰ ਇਕ ਸਮਾਨ ਦੇਣਾ, ਕਿਸੇ ਤਰ੍ਹਾਂ ਦਾ ਵਿਤਕਰਾ ਨਹੀਂ ਕਰਨਾ;
੬. ਨਿਮਰਤਾ ਸਹਿਤ ਸਭ ਸੱਜਣ ਪੁਰਖਾਂ ਦੀ ਚਰਣ ਧੂੜ ਬਣਨਾ, ਕਿਸੇ ਦੀ ਵੀ ਨਿੰਦਾ ਨਾ ਕਰਨੀ ਅਤੇ ਨਾ ਹੀ ਸੁਣਨੀ।

ਇਹ ਸਾਰੇ ਖਟਲਕਸ਼ਣ (ਖਟਲਖਣ, ਖਟਲਖਯਣ, ਖਟਲਕਣ) ਸਾਨੂੰ ਗਿਆਨੀ ਸੰਤ ਸਿੰਘ ਜੀ ਮਸਕੀਨ ਵਿਚ ਵੇਖਣ ਨੂੰ ਮਿਲਦੇ ਸਨ। ਆਪਣਾ ਪ੍ਰੇਮ ਤੇ ਸਿੱਖਿਆ ਜੋ ਉਹ ਦੇਸ਼ਾਂ ਪ੍ਰਦੇਸ਼ਾਂ ਵਿਚ ਜਾ ਕੇ ਸਾਰੀ ਉਮਰ ਵੰਡਦੇ ਰਹੇ ਹਨ, ਹੁਣ ਭੀ ਉਨ੍ਹਾਂ ਦੀ ਕਥਾ ਟੈਲੀਵੀਜ਼ਨ ਉੱਪਰ ਸਮੇਂ ਸਮੇਂ 'ਤੇ ਆਉਂਦੀ ਰਹਿੰਦੀ ਹੈ। ਉਨ੍ਹਾਂ ਦੀਆਂ ਟੇਪਾਂ, ਸੀਡੀਆਂ ਆਮ ਸਟੋਰਾਂ ਵਿਚ ਮਿਲਦੀਆਂ ਹਨ। ਦਾਸ ਨੂੰ ਵੀ ਪਰਮਾਤਮਾ ਨੇ ਇਕ ਪ੍ਰੇਮ ਭਰਿਆ ਮੌਕਾ ਦਿੱਤਾ ਹੈ ਕਿ ਉਨ੍ਹਾਂ ਨੂੰ ਲਿਖਤੀ ਰੂਪ ਦੇ ਕੇ ਸੰਗਤਾਂ ਵਿਚ ਵੰਡ ਸਕੀਏ। ਸਰਦਾਰ ਭੂਪਿੰਦਰ ਸਿੰਘ ਜੀ ਜੋ ਸੰਤ ਸਿੰਘ ਮਸਕੀਨ ਜੀ ਮਹਾਰਾਜ ਦੇ ਛੋਟੇ ਸਾਹਿਬਜ਼ਾਦੇ ਹਨ, ਇਸ ਸੇਵਾ ਨੂੰ ਬੜੀ ਹਿੰਮਤ, ਮਿਹਨਤ ਤੇ ਸਿਆਣਪ ਨਾਲ ਨਿਭਾ ਰਹੇ ਹਨ। ਮੈਂ ਉਨ੍ਹਾਂ ਦਾ ਵੀ ਬੜਾ ਸ਼ੁਕਰਗੁਜ਼ਾਰ ਹਾਂ ਜੋ ਮੇਰਾ ਹਮੇਸ਼ਾ ਹੀ ਸਾਥ ਦਿੰਦੇ ਰਹੇ ਹਨ ਤੇ ਆਉਣ ਵਾਲੇ ਸਮੇਂ ਵਿਚ ਭੀ ਮੇਰੇ ਪ੍ਰੇਮ ਤੇ ਸ਼ਰਧਾ ਨੂੰ ਚਾਰ ਚੰਦ ਲਾਉਂਦੇ ਰਹਿਣਗੇ।

ਖ਼ਿਮਾ ਦਾ ਜਾਚਕ ਹਾਂ, ਲਿਖਣ ਵਿਚ ਕੋਈ ਗ਼ਲਤੀ ਹੋਵੇ, ਆਪ ਦਾ ਦਾਸ ਸਮਝ ਕੇ ਮੁਆਫ਼ ਕਰ ਦੇਣਾ।

ਆਪ ਸਾਰਿਆਂ ਦਾ ਦਾਸ

ਮੇਵਾ ਸਿੰਘ ਗਰੇਵਾਲ
(ਬਣਜਾਰਾ)

7485-123 ST., SURREY,
B.C. CANADA V3W-9N1
Phone : 604-594-2624

ਸਚ ਖੰਡਿ ਵਸੈ ਨਿਰੰਕਾਰੁ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪਰਮਾਤਮਾ ਤਕ ਪਹੁੰਚਣ ਦੇ ਜਿਸ ਮਾਰਗ ਦਾ ਜ਼ਿਕਰ ਕੀਤਾ ਹੈ, ਉਸ ਨੂੰ ਗੁਰੂ-ਪੰਥ ਕਹਿੰਦੇ ਹਨ। ਪੰਥ—ਮਾਰਗ, ਰਸਤਾ। ਇਸ ਰਸਤੇ ਦੇ ਵਿਚ ਕੁਝ ਪੜਾਉ ਹਨ, ਜਿਥੋਂ ਲੰਘ ਕੇ ਜਾਣਾ ਪੈਂਦਾ ਹੈ।

ਇਤਨੀ ਗੱਲ ਤਾਂ ਸਪੱਸ਼ਟ ਹੈ ਕਿ ਸਰੀਰ ਨੇ ਉਸ ਦੇਸ਼ ਤਕ ਨਹੀਂ ਪਹੁੰਚਣਾ, ਸੁਰਤ ਨੇ ਪਹੁੰਚਣਾ ਹੈ। ਸੁਰਤ ਹੀ ਇਸ ਮਾਰਗ 'ਤੇ ਚੱਲ ਕੇ ਪਹੁੰਚਦੀ ਹੈ ਮੰਜ਼ਲੇ ਮਕ਼ਸੂਦ ਤਕ। ਉਹ ਜੋ ਮੰਜ਼ਲੇ ਮਕ਼ਸੂਦ ਹੈ, ਉਸ ਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਖਿਐ ਸਚਖੰਡ, ਪਹੁੰਚਣੈ ਮਨੁੱਖ ਨੇ ਸਚਖੰਡ ਤਕ। ਉਸ ਸੱਚ ਤਕ ਜੋ ਨਿਰਵੈਰ ਹੈ, ਉਸ ਸੱਚ ਤਕ ਜੋ ਨਿਰਭਉ ਹੈ, ਉਸ ਸੱਚ ਤਕ ਜੋ ਅਕਾਲ ਹੈ ਅਤੇ ਆਪਣੇ ਆਪ ਤੋਂ ਪ੍ਰਕਾਸ਼ਮਾਨ ਹੈ, ਮੂਰਤੀਮਾਨ ਹੈ। ਇਹ ਮਨੁੱਖ ਦੀ ਮੰਜ਼ਲ ਹੈ। ਜਿਵੇਂ ਵਗਦੀਆਂ ਹੋਈਆਂ ਨਦੀਆਂ ਦੀ ਮੰਜ਼ਲ ਸਾਗਰ ਹੈ, ਇਵੇਂ ਜੀਵਨ ਦੀ ਧਾਰਾ ਦੀ ਮੰਜ਼ਲ ਪਰਮਾਤਮਾ ਹੈ, ਈਸ਼ਵਰ ਹੈ, ਸਚਖੰਡ ਹੈ। ਸੋ ਪਹੁੰਚਣੈ ਸਚਖੰਡ ਤਕ। ਰਸਤੇ ਵਿਚ ਕੁਝ ਪੜਾਉ ਹਨ, ਉਨ੍ਹਾਂ ਪੜਾਵਾਂ ਦਾ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਬੜੇ ਸੁੰਦਰ ਢੰਗ ਨਾਲ ਜ਼ਿਕਰ ਕੀਤਾ ਹੈ। ਆਦਿ ਕਾਲ ਤੋਂ ਸਾਡੇ ਦੇਸ਼ ਦੇ ਰਿਸ਼ੀ ਮੁਨੀ ਵੱਖ ਵੱਖ ਰਸਤਿਆਂ ਦੀ ਚਰਚਾ ਕਰਦੇ ਰਹੇ ਹਨ। ਉਨ੍ਹਾਂ ਨੇ ਆਪਣਾ ਆਤਮ-ਬੋਧ ਜਗਤ ਦੇ ਸਾਹਮਣੇ ਰਖਿਐ। ਕਿਉਂਕਿ ਅਨੁਭਵ ਹਰ ਰਿਸ਼ੀ ਦਾ ਵੱਖ ਵੱਖ ਸੀ, ਇਸ ਵਾਸਤੇ ਸਾਡੇ ਦੇਸ਼ ਵਿਚ ਇਕ ਸ਼ਾਸਤਰ ਦਾ ਜਨਮ ਨਹੀਂ ਹੋਇਆ, ਅਨੇਕਾਂ ਸ਼ਾਸਤਰਾਂ ਦਾ ਜਨਮ ਹੋਇਐ। ਗੁਰੂ ਨਾਨਕ ਦੇਵ ਜੀ ਮਹਾਰਾਜ ਇਸ਼ਾਰਤਨ ਫ਼ੁਰਮਾਨ ਕਰਦੇ ਹਨ :

ਛਿਅ ਘਰ ਛਿਅ ਗੁਰ ਛਿਅ ਉਪਦੇਸ॥
ਗੁਰੁ ਗੁਰੁ ਏਕੋ ਵੇਸ ਅਨੇਕ॥ *(ਗਉੜੀ ਮ: ੧, ਪੰਨਾ 12)*

ਛੇ ਘਰ ਹਨ, ਛੇ ਸ਼ਾਸਤਰ ਹਨ, ਪਰ ਛੇ ਸ਼ਾਸਤਰਾਂ ਦਾ ਉਪਦੇਸ਼ ਭੀ ਛੇ ਤਰ੍ਹਾਂ ਦਾ ਹੈ। ਵੱਖ ਵੱਖ ਮਾਰਗਾਂ ਦੀ ਗੱਲ, ਰਸਤਿਆਂ ਦੀ ਗੱਲ ਇਨ੍ਹਾਂ ਸਤਿਪੁਰਸ਼ਾਂ ਨੇ ਕੀਤੀ ਹੈ। ਜਿਸ ਤਰ੍ਹਾਂ ਨਦੀਆਂ ਇਕ ਰਸਤੇ ਤੋਂ ਸਾਗਰ ਤਕ ਨਹੀਂ

ਪਹੁੰਚਦੀਆਂ, ਇਵੇਂ ਹੀ ਸਚਖੰਡ ਤਕ ਪਹੁੰਚਣ ਵਾਸਤੇ ਸੰਸਾਰ ਵਿਚ ਅਨੇਕਾਂ ਮਾਰਗਾਂ ਨੇ, ਰਸਤਿਆਂ ਨੇ ਜਨਮ ਲਿਐ। ਇਕ ਮਾਰਗ, ਜਿਸ ਨੂੰ ਸਨਾਤਨ ਮਤ ਕਹਿੰਦੇ ਹਨ, ਉਨ੍ਹਾਂ ਨੇ ਮੰਜ਼ਲ ਦੱਸੀ ਹੈ ਗਿਆਨ-ਕਾਂਡ। ਮਨੁੱਖ ਗਿਆਨ ਤਕ ਪਹੁੰਚ ਜਾਏ, ਤਾਂ ਪਰਮਾਤਮਾ ਤਕ ਪਹੁੰਚ ਜਾਏਗਾ। ਸਮੂਹ ਦੁੱਖਾਂ ਤੇ ਪਾਪਾਂ ਦੀ ਜੜ੍ਹ ਹੈ ਅਗਿਆਨ। ਅਗਿਆਨ ਦੇ ਮਿਟਦਿਆਂ ਹੀ ਪਾਪ ਮਿਟ ਜਾਂਦਾ ਹੈ ਅਤੇ ਪਾਪ ਦੇ ਮਿਟਦਿਆਂ ਦੁੱਖ ਮਿਟ ਜਾਂਦਾ ਹੈ। ਇਸਲਾਮ ਤੇ ਈਸਾਈਅਤ ਦਾ ਐਸਾ ਕਹਿਣਾ ਹੈ ਕਿ ਬੰਦਾ ਜੋ ਦੁਖੀ ਹੈ, ਉਹ ਇਸ ਵਾਸਤੇ ਹੈ ਕਿ ਪਾਪੀ ਹੈ, ਕਿਉਂਕਿ ਹਰ ਇਕ ਦੁੱਖ ਦਾ ਜਨਮ ਪਾਪ ਤੋਂ ਹੈ। ਜਿਵੇਂ ਜਿਵੇਂ ਪਾਪ ਵਧਦੇ ਹਨ, ਉਵੇਂ ਉਵੇਂ ਦੁੱਖ ਵਧਦਾ ਹੈ। ਭਾਰਤੀ ਮੁਨੀ ਇਸ ਧਾਰਾ ਨਾਲ ਸਹਿਮਤ ਹੁੰਦੇ ਨਹੀਂ ਦਿੱਸਦੇ। ਉਨ੍ਹਾਂ ਨੇ ਇਕ ਪ੍ਰਸ਼ਨ ਖੜਾ ਕੀਤਾ ਹੈ ਕਿ ਜੇਕਰ ਦੁੱਖ ਦਾ ਮੂਲ ਪਾਪ ਹੈ ਅਤੇ ਪਾਪਾਂ ਤੋਂ ਦੁੱਖ ਪੈਦਾ ਹੁੰਦੈ ਤਾਂ ਫਿਰ ਮਨੁੱਖ ਪਾਪ ਕਰਦਾ ਹੀ ਕਿਉਂ ਹੈ ? ਜਦ ਪਾਪ ਨੇ ਦੁੱਖ ਨੂੰ ਜਨਮ ਦੇਣੈ, ਤਾਂ ਫਿਰ ਮਨੁੱਖ ਕਿਉਂ ਪਾਪ ਕਰਦਾ ਹੈ ? ਸੋ ਜੋ ਤੱਤ ਕੱਢੇ ਗਏ, ਉਸ ਤੋਂ ਪਤਾ ਲਗਦਾ ਹੈ ਕਿ ਅਗਿਆਨਵੱਸ ਹੋ ਕੇ ਮਨੁੱਖ ਪਾਪ ਕਰਦਾ ਹੈ ਅਤੇ ਪਾਪ ਦੀ ਸ਼ਾਖ਼ ਨੂੰ ਦੁੱਖਾਂ ਦੇ ਫੱਲ ਲੱਗਦੇ ਹਨ। ਜੜ੍ਹ ਜੋ ਹੈ, ਅਗਿਆਨ ਹੈ, ਅਗਿਆਨ ਦੇ ਮਿਟਦਿਆਂ ਹੀ ਪਾਪ ਮਿਟ ਜਾਂਦੇ ਹਨ ਅਤੇ ਪਾਪ ਦੇ ਮਿਟਦਿਆਂ ਦੁੱਖ ਮਿਟ ਜਾਂਦੇ ਹਨ। ਮਨੁੱਖ ਦੀ ਮੰਜ਼ਲ ਹੈ ਗਿਆਨ ਤਕ ਪਹੁੰਚਣਾ:

ਚੰਚਲ ਮਤਿ ਬਾਰਿਕ ਬਪੁਰੇ ਕੀ ਸਰਪ ਅਗਨਿ ਕਰ ਮੇਲੈ॥

(ਮਲਾਰ ਮਹਲਾ ੫, ਪੰਨਾ 1266)

ਮਹਾਰਾਜ ਕਹਿੰਦੇ ਹਨ, ਇਕ ਬੱਚਾ ਇਆਣਾ ਹੈ। ਉਹ ਸੱਪ ਦੇ ਮੂੰਹ ਵਿਚ ਉਂਗਲ ਦਿੰਦੈ ਅਤੇ ਅੱਗ ਦੇ ਵਿਚ ਹੱਥ ਪਾਉਂਦੈ, ਕਿਉਂਕਿ ਉਸ ਨੂੰ ਕੁਝ ਵੀ ਪਤਾ ਨਹੀਂ ਹੈ, ਅੱਗ ਦੇ ਸੁਭਾਉ ਦਾ ਗਿਆਨ ਨਹੀਂ ਹੈ, ਸੱਪ ਦੀ ਫ਼ਿਤਰਤ ਦਾ ਉਸ ਨੂੰ ਬੋਧ ਨਹੀਂ ਹੈ। ਜੇਕਰ ਉਸ ਨੂੰ ਬੋਧ ਹੋ ਜਾਏ ਤਾਂ ਉਹ ਸੱਪ ਤੇ ਅਗਨੀ ਤੋਂ ਬਚੇਗਾ। ਜੇਕਰ ਮਨੁੱਖ ਨੂੰ ਇਸ ਦਾ ਬੋਧ ਹੋ ਜਾਏ ਕਿ ਪਾਪ ਤੋਂ ਦੁੱਖ ਪੈਦਾ ਹੁੰਦੇ ਹਨ ਤਾਂ ਇਤਨੀ ਸੂਝ ਦੇ ਮਿਲਦਿਆਂ ਹੀ ਮਨੁੱਖ ਪਾਪ ਨਹੀਂ ਕਰੇਗਾ ਅਤੇ ਦੁੱਖਾਂ ਤੋਂ ਬਚ ਜਾਏਗਾ। ਸੋ ਅਗਿਆਨ ਤੋਂ ਹੀ ਪਾਪ ਜਨਮ ਲੈਂਦੇ ਹਨ, ਪਾਪ ਤੋਂ ਦੁੱਖ ਜਨਮ ਲੈਂਦੇ ਹਨ। ਈਸਾਈਅਤ ਤੇ ਇਸਲਾਮ ਦਾ ਐਸਾ ਕਹਿਣਾ ਹੈ ਕਿ ਦੁੱਖਾਂ ਦਾ ਜਨਮ ਪਾਪ ਤੋਂ ਹੈ ਤਾਂ ਪਾਪ ਦੀ ਨਵਿਰਤੀ ਕਿਸ ਤਰ੍ਹਾਂ ਹੋਵੇ ? ਉਹ ਕਹਿੰਦੇ ਹਨ, ਪਾਪ ਦੀ ਨਵਿਰਤੀ ਪੁੰਨ ਨਾਲ ਹੋਵੇਗੀ। ਜਿਤਨੇ ਪਾਪ ਹਨ, ਉਹਦੇ ਮੁਕਾਬਲੇ 'ਤੇ ਪੁੰਨ ਕੀਤੇ ਜਾਣ। ਭਾਰਤੀ ਮੁਨੀ ਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਹਿਮਤ ਨਹੀਂ ਇਸ ਗੱਲ ਨਾਲ ਕਿ ਪੁੰਨ

ਨਾਲ ਪਾਪ ਕੱਟੇ ਜਾਂਦੇ ਹਨ। ਹਰ ਇਕ ਮਨੁੱਖ ਆਪਣੀ ਜ਼ਿੰਦਗੀ ਵਿਚ ਕੁਝ ਨਾ ਕੁਝ ਪੁੰਨ ਕਰਦਾ ਹੀ ਰਹਿੰਦੈ। ਪਰ ਵੇਖਣ ਵਿਚ ਐਸਾ ਆਇਐ ਕਿ ਪੁੰਨ ਦੇ ਨਾਲ ਪਾਪ ਕਟਦੇ ਨਹੀਂ, ਪੁੰਨ ਦੇ ਨਾਲ ਦੁੱਖ ਕਟਦੇ ਨਹੀਂ, ਬਲਕਿ ਗੁਰੂ ਗ੍ਰੰਥ ਸਾਹਿਬ ਦੀ ਇਕ ਪੰਗਤੀ ਤਾਂ ਬੜੀ ਕ੍ਰਾਂਤੀਕਾਰੀ ਹੈ :

ਪਾਪ ਪੁੰਨ ਦੁਇ ਏਕ ਸਮਾਨ ॥
ਨਿਜ ਘਰਿ ਪਾਰਸੁ ਤਜਹੁ ਗੁਨ ਆਨ ॥

(ਗਉੜੀ ਕਬੀਰ ਕੀ, ਪੰਨਾ 325)

ਪਾਪ ਤੇ ਪੁੰਨ ਦੋਵੇਂ ਇੱਕੋ ਜਿਹੇ ਹਨ। ਇਥੇ ਬਹੁਤ ਠੇਸ ਲੱਗੇਗੀ ਪੁੰਨ ਕਰਨ ਵਾਲਿਆਂ ਨੂੰ, ਕਿਉਂਕਿ ਪੰਗਤੀ ਕਹਿ ਰਹੀ ਹੈ ਕਿ ਪਾਪ ਤਾਂ ਪਾਪ ਹੈ ਹੀ, ਪਰ ਪੁੰਨ ਭੀ ਕੋਈ ਪਾਪ ਤੋਂ ਉੱਤਮ ਨਹੀਂ ਹੈ। ਦੋਹਾਂ ਦੀ ਬੁਨਿਆਦ ਵੇਖੀਏ ਕਿ ਜੇਕਰ ਬੰਦਾ ਪਾਪ ਕਰਦੈ ਤੇ ਕਿਉਂ ਕਰਦੈ ? ਅਗਿਆਨ-ਵੱਸ ਹੋ ਕੇ ਪਾਪ ਕਰਦੈ, ਆਸ਼ਾ ਤੇ ਤ੍ਰਿਸ਼ਨਾ-ਵੱਸ ਹੋ ਕੇ ਮਨੁੱਖ ਪਾਪ ਕਰਦੈ। ਅਗਿਆਨ-ਵੱਸ ਹੋ ਕੇ ਹੀ ਮਨੁੱਖ ਪੁੰਨ ਕਰੇ, ਲੋਭ-ਵੱਸ ਹੋ ਕੇ ਹੀ ਮਨੁੱਖ ਪੁੰਨ ਕਰੇ, ਆਸਾ ਤੇ ਤ੍ਰਿਸ਼ਨਾ-ਵੱਸ ਹੋ ਕੇ ਹੀ ਮਨੁੱਖ ਪੁੰਨ ਕਰੇ, ਤਾਂ ਫਿਰ ਪੁੰਨ ਤੇ ਪਾਪ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ। ਪੁੰਨ ਤੇ ਪਾਪ ਦੀ ਬੁਨਿਆਦ ਫਿਰ ਇੱਕੋ ਹੀ ਹੈ, ਉਹ ਹੈ ਲੋਭ, ਉਹ ਹੈ ਤ੍ਰਿਸ਼ਨਾ, ਉਹ ਹੈ ਅਹੰਕਾਰ, ਉਹ ਹੈ ਅਗਿਆਨ। ਇਸ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬਾਣੀ ਦਾ ਫ਼ੁਰਮਾਨ ਹੈ ਕਿ ਗਿਆਨ ਦੇ ਨਾਲ ਅਗਿਆਨ ਮਿਟਦੈ। ਅਗਿਆਨ ਦੇ ਮਿਟਿਆਂ ਹੀ ਪਾਪ ਮਿਟਦੇ ਹਨ। ਪਾਪ ਦੇ ਮਿਟਦਿਆਂ ਦੁੱਖ ਮਿਟਦੈ, ਤਾਂ ਗਿਆਨ ਤਕ ਪਹੁੰਚਣਾ ਪਰਮਾਤਮਾ ਤਕ ਪਹੁੰਚਣਾ ਹੈ। ਜਿਸ ਤਰ੍ਹਾਂ ਰੌਸ਼ਨੀ ਸੂਰਜ ਦਾ ਰੂਪ ਹੈ, ਗਿਆਨ ਪਰਮਾਤਮਾ ਦਾ ਰੂਪ ਹੈ। ਪ੍ਰਕਾਸ਼ ਤਕ ਪਹੁੰਚਣਾ ਸੂਰਜ ਤਕ ਹੀ ਪਹੁੰਚਣਾ ਹੈ। ਗਿਆਨ ਤਕ ਪਹੁੰਚ ਜਾਣਾ ਪਰਮਾਤਮਾ ਤਕ ਹੀ ਪਹੁੰਚ ਜਾਣਾ ਹੈ। ਤਾਂ ਗਿਆਨ ਤਕ ਕਿਸ ਤਰ੍ਹਾਂ ਪਹੁੰਚਿਆ ਜਾਏ ? ਸਨਾਤਨੀ ਰਿਸ਼ੀ ਐਸਾ ਕਹਿੰਦੇ ਹਨ ਕਿ ਪ੍ਰਿਥਮ ਕਰਮ-ਕਾਂਡ, ਫਿਰ ਉਪਾਸਨਾ-ਕਾਂਡ, ਫਿਰ ਗਿਆਨ-ਕਾਂਡ ਰਾਹੀਂ। ਕਰਮ-ਕਾਂਡ ਤੋਂ ਗੱਲ ਸ਼ੁਰੂ ਕਰਨੀ ਪਵੇਗੀ ਅਤੇ ਕਰਮ ਅਨੇਕ ਤਰ੍ਹਾਂ ਦੇ ਹਨ। ਇਹ ਇਸ ਵਾਸਤੇ ਮਨੁੱਖ ਨੇ ਕਰਨੇ ਹਨ ਕਿ ਮਨੁੱਖ ਦੀ ਜ਼ਿੰਦਗੀ ਵਿਚ ਕੁਝ ਗਤੀ ਆਵੇ, ਕੁਝ ਇਹ ਚੱਲੇ ਤਾਂ ਇਹਦੀ ਸੁਰਤ ਅਗਾਂਹ ਨੂੰ ਚੱਲੇ। ਸੋ ਪ੍ਰਿਥਮ ਕਰਮ-ਕਾਂਡ, ਦੂਸਰਾ ਉਪਾਸਨਾ ਕਾਂਡ। ਉਪਆਸਨ, ਆਪਣੇ ਆਪ ਦੇ ਨਾਲ ਆਸਨ ਜਮਾਣਾ, ਉਪਾਸਨਾ ਦਾ ਇਤਨਾ ਹੀ ਮਤਲਬ ਹੈ। ਪਰ ਦੇਖਣ ਵਿਚ ਐਸਾ ਆਇਐ ਕਿ ਆਪਣੇ ਆਪ ਦੇ ਨਾਲ ਬੈਠਣਾ ਬੜੀ ਔਖੀ ਗੱਲ ਹੈ। ਮਨੁੱਖ ਮਿੱਤਰਾਂ ਨਾਲ ਬੈਠ ਸਕਦੈ, ਪੁੱਤਰਾਂ ਨਾਲ ਬੈਠ ਸਕਦੈ ਜਾਂ ਕੋਈ

ਟੀ.ਵੀ. ਚਾਹੀਦਾ ਹੈ, ਰੇਡੀਓ ਚਾਹੀਦਾ ਹੈ, ਅਖ਼ਬਾਰ ਚਾਹੀਦੈ, ਕੋਈ ਨਾਵਲ ਚਾਹੀਦਾ ਹੈ, ਕੋਈ ਕਿਤਾਬ ਚਾਹੀਦੀ ਹੈ, ਮਨੁੱਖ ਇਕੱਲਾ ਨਹੀਂ ਬੈਠ ਸਕਦਾ, ਕੁਝ ਨਾ ਕੁਝ ਦੂਸਰਾ ਚਾਹੀਦਾ ਹੈ, ਜਿਸ ਦੇ ਨਾਲ ਮਨੁੱਖ ਬੈਠ ਸਕੇ। ਦੂਸਰਾ ਕਿਉਂ ਚਾਹੀਦਾ ਹੈ ? ਕਿਉਂਕਿ ਮਨੁੱਖ ਜਦ ਇਕੱਲਾ ਹੁੰਦੈ, ਤਾਂ ਜਨਮਾਂ-ਜਨਮਾਂਤਰਾਂ ਦੀਆਂ ਅੰਦਰ ਪਈਆਂ ਹੋਈਆਂ ਬੇਚੈਨੀਆਂ ਸਾਹਮਣੇ ਆਉਂਦੀਆਂ ਹਨ। ਮਨੁੱਖ ਬੇਜ਼ਾਰ ਹੁੰਦਾ ਹੈ, ਮਨੁੱਖ ਦੁਖੀ ਹੁੰਦੈ, ਮਨੁੱਖ ਪੀੜਤ ਹੁੰਦੈ। ਇਸ ਦੁੱਖ ਨੂੰ ਭੁਲਾਣ ਵਾਸਤੇ ਕੋਈ ਦੂਸਰਾ ਚਾਹੀਦਾ ਹੈ। ਸੋ ਦੂਸਰੇ ਕੋਲ ਬੈਠ ਕੇ ਗੱਲਬਾਤ ਕਰਦਿਆਂ ਮਨੁੱਖ ਵਕਤੀ ਤੌਰ 'ਤੇ ਦੁੱਖ ਨੂੰ ਭੁੱਲ ਜਾਂਦੈ। ਨਹੀਂ ਤਾਂ ਦੁੱਖ ਅੰਦਰ ਰਹਿੰਦੈ। ਇਸ ਵਾਸਤੇ ਬੰਦਾ ਦੂਸਰੇ ਦਾ ਸਾਥ ਮੰਗਦੈ ਅਤੇ ਇਕੱਲੇਪਨ ਤੋਂ ਡਰਦੈ।

ਸਮੁੱਚੀ ਦੁਨੀਆ ਵਿਚ, ਜੇਲ੍ਹਾਂ ਦੇ ਅੰਦਰ ਸਭ ਤੋਂ ਕਰੜੀ ਸਜ਼ਾ ਮੰਨੀ ਗਈ ਹੈ ਤਨਹਾਈ। ਜਦ ਕੋਈ ਕੈਦੀ ਕਾਬੂ ਨਹੀਂ ਆਉਂਦਾ, ਤਾਂ ਉਸ ਨੂੰ ਤਨਹਾਈ ਦੀ ਸਜ਼ਾ ਦਿੰਦੇ ਹਨ, ਬਈ ਤੂੰ ਇਕੱਲਾ ਹੀ ਰਹਿ ਪੰਦਰਾ ਵੀਹ ਦਿਨ ਤੇ ਦਸ ਪੰਦਰਾਂ ਦਿਨਾਂ ਤੋਂ ਬਾਅਦ ਹੀ ਉਹ ਮਾਫ਼ੀ ਮੰਗਣ ਲੱਗ ਪੈਂਦੈ ਅਤੇ ਕਹਿੰਦਾ ਹੈ, ਮੈਨੂੰ ਸਾਰਿਆਂ ਦੇ ਨਾਲ ਰੱਖੋ। ਕਾਰਨ ? ਇਕੱਲਿਆਂ ਰਹਿਣਾ ਬਹੁਤ ਔਖਾ ਹੈ, ਬਹੁਤ ਔਖਾ! ਆਮ ਪੰਜਾਬੀ ਦੀ ਕਹਾਵਤ ਹੈ, ਇਕੱਲਾ ਤੇ ਰੱਬ ਭੀ ਨਾ ਹੋਵੇ। ਐਸਾ ਕਿਉਂ ? ਪਰਮਾਤਮਾ ਨਾਲ ਅਸੀਂ ਇਹ ਗੱਲ ਕਿਉਂ ਜੋੜ ਦਿੱਤੀ ? ਕਿਉਂਕਿ ਇਕੱਲੇਪਨ ਵਿਚ ਇਤਨੀਆਂ ਬੇਜ਼ਾਰੀਆਂ ਹਨ, ਇਤਨੀਆਂ ਬੇਚੈਨੀਆਂ ਹਨ, ਇਤਨਾ ਦੁੱਖ ਹੈ ਕਿ ਮਨੁੱਖ ਇਕੱਲ ਤੋਂ ਭੱਜਦਾ ਹੈ, ਕੋਈ ਦੂਸਰਾ ਚਾਹੀਦਾ ਹੈ, ਤੀਸਰਾ ਚਾਹੀਦਾ ਹੈ, ਚੌਥਾ ਚਾਹੀਦੈ, ਕੁਝ ਨਾ ਕੁਝ ਚਾਹੀਦੈ, ਮਨੁੱਖ ਇਕੱਲਾ ਨਹੀਂ ਬੈਠ ਸਕਦਾ।

ਕਹਿੰਦੇ ਹਨ ਕਿ ਗੰਗਾ ਦੇ ਤੱਟ 'ਤੇ ਇਕ ਮਹਾਤਮਾ ਜਨ ਬੈਠੇ ਸਨ ਆਪਣੀ ਅਗੰਮੀ ਮਸਤੀ ਵਿਚ। ਉਨ੍ਹਾਂ ਦੇ ਮਿੱਤਰ ਨੇ ਵੇਖਿਆ ਕਿ ਮਹਾਤਮਾ ਜੀ ਇਕੱਲੇ ਬੈਠੇ ਹਨ ਅਤੇ ਇਕੱਲੇ ਹੋਣਾ ਇਕ ਦੁੱਖ ਹੈ, ਬੇਜ਼ਾਰੀ ਹੈ, ਬੇਚੈਨੀ ਹੈ, ਇਕ ਪੀੜਾ ਹੈ ਤਾਂ ਮੈਂ ਚੱਲ ਕੇ ਸਾਥ ਦੇਵਾਂ। ਸੋ ਚਲੇ ਗਏ ਅਤੇ ਮਹਾਤਮਾ ਜੀ ਦੇ ਕੋਲ ਬੈਠ ਕੇ ਕਹਿਣ ਲੱਗੇ, ਸੰਤ ਜੀ! ਤੁਸੀਂ ਇਕੱਲੇ ਬੈਠੇ ਹੋ, ਇਸ ਲਈ ਮੈਂ ਤੁਹਾਡਾ ਸਾਥ ਕਰਨ ਵਾਸਤੇ ਆ ਗਿਆ ਹਾਂ, ਤੁਹਾਨੂੰ ਸਾਥ ਦੇਣ ਵਾਸਤੇ ਆ ਗਿਆ ਹਾਂ। ਸੰਤ ਬੋਲੇ, ਨਹੀਂ ਮਿੱਤਰਾ, ਮੈਂ ਇਕੱਲਾ ਨਹੀਂ ਸੀ, ਮੈਂ ਆਪਣੇ ਆਪ ਦੇ ਨਾਲ ਬੈਠਾ ਸੀ। ਹੁਣ ਤੂੰ ਆਇਐਂ ਤਾਂ ਮੈਨੂੰ ਇਕੱਲਾ ਕਰ ਛੱਡਿਆ ਹੈ। ਮੈਨੂੰ ਆਪਣੇ ਨਾਲੋਂ ਤੋੜ ਛੱਡਿਆ ਈ, ਮੈਨੂੰ ਆਪਣੇ ਨਾਲੋਂ ਵਿਛੋੜ ਛੱਡਿਆ ਈ। ਜੋ ਆਪਣੇ ਆਪ ਦੇ ਨਾਲ ਬੈਠ ਸਕਦੈ, ਉਹੀ ਸੰਤ

ਹੈ, ਉਹੀ ਮਹਾਤਮਾ ਹੈ, ਉਹੀ ਗੁਰਮੁਖ ਹੈ, ਉਹੀ ਫ਼ਕੀਰ ਹੈ। ਬਾਕੀ ਜਗਤ ਨਾਲ, ਸੰਸਾਰ ਨਾਲ ਤੇ ਸਾਰਾ ਸੰਸਾਰ ਬੈਠਦੈ, ਪਰ ਆਪਣੇ ਆਪ ਨਾਲ ਬੈਠਣ ਦੀ ਜਿਸ ਨੂੰ ਜਾਚ ਆ ਗਈ ਹੈ ਅਤੇ ਆਪਣੇ ਆਪ ਨਾਲ ਬੈਠ ਕੇ ਜੋ ਖ਼ੁਸ਼ ਰਹਿ ਸਕੇ, ਪ੍ਰਸੰਨ ਰਹਿ ਸਕੇ, ਸਮਝ ਲਵੋ ਉਹ ਧਰਮੀ ਹੈ। ਸਮਝ ਲਵੋ ਇਸ ਨੇ ਕੋਈ ਗੁੱਝੀ ਦੌਲਤ ਪ੍ਰਾਪਤ ਕਰ ਲਈ ਹੈ, ਸਮਝ ਲਵੋ ਇਸ ਨੇ ਕੁਝ ਅੰਦਰ ਦਾ ਖ਼ਜ਼ਾਨਾ ਲੱਭ ਲਿਆ ਹੈ, ਇਸ ਵਾਸਤੇ ਆਪਣੇ ਆਪ ਦੇ ਨਾਲ ਬੈਠ ਸਕਦੈ। ਕਹਿੰਦੇ ਨੇ ਏਕਾਂਤ ਤੇ ਇਕੱਲ, ਕਸੌਟੀ ਹੈ ਧਰਮੀ ਮਨੁੱਖ ਦੀ, ਕਿਉਂਕਿ ਇਕੱਲ ਵਿਚ ਜੋ ਕੁਝ ਭੀ ਚੇਤੇ ਆਵੇਗਾ, ਜੋ ਕੁਝ ਭੀ ਯਾਦ ਆਵੇਗਾ, ਬਸ ਉਹੀ ਮਨੁੱਖ ਦੀ ਦੁਨੀਆਂ ਹੈ, ਉਹੀ ਮਨੁੱਖ ਦਾ ਵਾਸਤਵਿਕ ਸਰੂਪ ਹੈ। ਜੇਕਰ ਇਕੱਲੇ ਬੈਠਿਆਂ ਸੰਸਾਰ ਚੇਤੇ ਆਉਂਦੈ, ਦੁਸ਼ਮਣ ਚੇਤੇ ਆਉਂਦੇ ਹਨ, ਅਨਗਿਣਤ ਹੋਰ ਬੇਅਰਥ ਵੀਚਾਰਾਂ ਚਲਦੀਆਂ ਹਨ, ਤਾਂ ਉਹ ਮਨੁੱਖ ਧਰਮੀ ਨਹੀਂ ਹੈ। ਲੇਕਿਨ ਅਗਰ ਇਕੱਲੇ ਬੈਠਿਆਂ ਪਰਮਾਤਮਾ ਚੇਤੇ ਆਵੇ, ਈਸ਼ਵਰ ਦੀ ਚਰਚਾ ਚੇਤੇ ਆਵੇ, ਸੰਤ ਜਨ ਚੇਤੇ ਆਵਣ, ਧਾਰਮਿਕ ਮੰਦਰ ਚੇਤੇ ਆਵਣ, ਤਾਂ ਐਸਾ ਮਨੁੱਖ ਇਕਾਂਤ ਦੀ ਕਸੌਟੀ 'ਤੇ ਪੂਰਾ ਉਤਰ ਗਿਐ, ਉਹ ਥੰਦਾ ਧਰਮੀ ਹੈ। ਉਹ ਮਨੁੱਖ ਮਹਾਨ ਹੈ। ਸੋ ਉਪਆਸਨ—ਆਪਣੇ ਆਪ ਦੇ ਨਾਲ ਆਸਨ ਜਮਾਣਾ, ਆਪਣੇ ਆਪ ਦੇ ਨਾਲ ਬੈਠਣਾ।

ਸੋ ਪ੍ਰਿਥਮ ਹੈ ਕਰਮ-ਕਾਂਡ, ਫਿਰ ਉਪਾਸਨਾ-ਕਾਂਡ, ਇਨ੍ਹਾਂ ਦੋਹਾਂ ਪੜਾਵਾਂ ਤੋਂ ਲੰਘ ਕੇ ਮਨੁੱਖ ਨੇ ਪਹੁੰਚਣਾ ਹੈ ਗਿਆਨ-ਕਾਂਡ ਤਕ। ਮੁਹੰਮਦ ਸਾਹਿਬ ਨੇ ਇਸ ਦੀ ਵੰਡ ਹੋਰ ਢੰਗ ਨਾਲ ਕੀਤੀ ਹੈ। ਉਨ੍ਹਾਂ ਦਾ ਫ਼ੁਰਮਾਨ ਹੈ : ਤਿੰਨ ਪੜਾਉ ਹਨ, ਚੌਥੀ ਮੰਜ਼ਲ ਹੈ। ਇਹ ਤਿੰਨ ਪੜਾਉ ਕਿਹੜੇ ਹਨ ? ਉਹ ਕਹਿੰਦੇ ਹਨ ਪ੍ਰਿਥਮ ਸ਼ਰੀਅਤ, ਫਿਰ ਤਰੀਕ਼ਤ, ਫਿਰ ਮਾਰਫ਼ਤ, ਫਿਰ ਹਕ਼ੀਕ਼ਤ। ਸ਼ਰੀਅਤ ਤੋਂ ਗੱਲ ਸ਼ੁਰੂ ਕਰਨੀ ਹੈ। ਸ਼ਰੀਅਤ ਦਾ ਮਤਲਬ ਹੈ ਕਰਮ-ਕਾਂਡ। ਫਿਰ ਦੂਸਰਾ ਪੜਾਉ ਹੈ ਤਰੀਕ਼ਤ। ਕੁਝ ਤਰਕ ਕਰਨੈ, ਕੁਝ ਛੱਡਣੈ। ਤਰੀਕ਼ਤ ਤੋਂ ਬਾਅਦ ਹੈ ਜਜ਼ਬਿਆਂ ਦੀ ਦੁਨੀਆ, ਭਾਵਨਾ ਦੀ ਦੁਨੀਆ, ਸ਼ਰਧਾ ਦੀ ਦੁਨੀਆ, ਜਿਸ ਨੂੰ ਉਨ੍ਹਾਂ ਨੇ ਮਾਰਫ਼ਤ ਆਖਿਐ ਤੇ ਚੌਥੀ ਮੰਜ਼ਲ ਹੈ ਹਕ਼ੀਕ਼ਤ। ਹਕ਼ੀਕ਼ਤ ਦਾ ਮਤਲਬ ਹੈ ਸੱਚਾਈ। ਸੱਚ ਤਕ ਪਹੁੰਚਣੈ, ਹੱਕ ਤਕ ਪਹੁੰਚਣੈ, ਹਕ਼ੀਕ਼ਤ ਤਕ ਪਹੁੰਚਣੈ। ਤੇ ਕਿਵੇਂ ਪਹੁੰਚਿਆ ਜਾਏ ? ਮੁਹੰਮਦ ਸਾਹਿਬ ਦਾ ਕਹਿਣਾ ਹੈ ਕਿ ਪਹਿਲੇ ਮਨੁੱਖ ਸ਼ਰੀਅਤ ਅਪਣਾਵੇ, ਫਿਰ ਉਹ ਪਹੁੰਚੇ ਤਰੀਕ਼ਤ ਤਕ, ਫਿਰ ਉਹ ਪਹੁੰਚੇ ਮਾਰਫ਼ਤ ਤਕ ਤੇ ਫਿਰ ਉਹ ਹਕ਼ੀਕ਼ਤ ਤਕ ਪਹੁੰਚ ਜਾਏਗਾ। ਜਿਥੇ ਦੋ ਪੜਾਉ ਤੇ ਤੀਸਰੀ ਮੰਜ਼ਲ ਹੈ, ਐਸਾ ਸਨਾਤਨੀ ਰਿਸ਼ੀ ਕਹਿੰਦੇ ਹਨ। ਉਥੇ ਇਸਲਾਮ ਦੀ ਬਾਣੀ ਕਹਿੰਦੀ ਹੈ, ਤਿੰਨ ਪੜਾਉ ਹਨ,

ਚੌਥੀ ਮੰਜ਼ਲ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਕਥਨ ਹੈ ਕਿ ਚਾਰ ਪੜਾਉ ਹਨ, ਪੰਜਵੀਂ ਮੰਜ਼ਲ ਹੈ। ਉਸ ਮੰਜ਼ਲ ਦੇ ਨਾਮ ਭਾਵੇਂ ਵੱਖ-ਵੱਖ ਰੱਖੇ ਗਏ ਹਨ, ਪਰ ਮੰਜ਼ਲ ਇਕ ਹੈ। ਭਾਰਤੀ ਰਿਸ਼ੀਆਂ ਨੇ ਉਸ ਨੂੰ ਗਿਆਨ-ਕਾਂਡ ਆਖਿਐ। ਮੁਹੰਮਦ ਸਾਹਿਬ ਨੇ ਉਸ ਨੂੰ ਹਕ਼ੀਕ਼ਤ ਆਖਿਐ। ਗੁਰੂ ਨਾਨਕ ਨੇ ਉਸ ਸਚਖੰਡ ਆਖਿਐ। ਪਹੁੰਚਣੈ ਸਚਖੰਡ ਤਕ, ਪਹੁੰਚਣੈ ਹਕ਼ੀਕ਼ਤ ਤਕ, ਪਹੁੰਚਣੈ ਗਿਆਨ-ਕਾਂਡ ਤਕ ਤਾਂ ਕਿਸ ਤਰ੍ਹਾਂ ਪਹੁੰਚੀਏ ? ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਫ਼ੁਰਮਾਨ ਹੈ ਕਿ ਰਸਤੇ ਵਿਚ ਚਾਰ ਪੜਾਉ ਹਨ ਜਿਨ੍ਹਾਂ ਤੋਂ ਲੰਘ ਕੇ ਮਨੁੱਖ ਪਹੁੰਚੇਗਾ ਸਚਖੰਡ ਤਕ। ਉਥੇ, ਜਿਥੇ ਸੱਚ ਹੀ ਸੱਚ ਹੈ, ਅਨੰਦ ਹੈ, ਸੁੰਦਰਤਾ ਹੈ, ਰਸ ਹੈ, ਸਦੀਵੀ ਖੇੜਾ ਹੈ, ਉਥੇ ਪਹੁੰਚਣਾ ਹੈ। ਕਿਵੇਂ ਪਹੁੰਚਿਆ ਜਾਏ ? ਜਿਵੇਂ ਪ੍ਰਿਥਮ ਦੱਸਿਆ ਹੈ ਮੁਹੰਮਦ ਸਾਹਿਬ ਨੇ ਸ਼ਰੀਅਤ ਚਾਹੀਦੀ ਹੈ। ਜੋ ਸ਼ਰ੍ਹਾ ਵਿਚ ਨਹੀਂ ਆਉਂਦਾ, ਉਹ ਹੱਕ਼ ਤਕ ਨਹੀਂ ਪਹੁੰਚ ਸਕੇਗਾ। ਜੋ ਕਰਮ-ਕਾਂਡ ਨਹੀਂ ਕਰਦਾ, ਉਹ ਗਿਆਨ-ਕਾਂਡ ਤਕ ਨਹੀਂ ਪਹੁੰਚ ਸਕੇਗਾ, ਐਸਾ ਸਨਾਤਨੀਆਂ ਦਾ ਕਹਿਣਾ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਕਹਿਣਾ ਹੈ ਕਿ ਜੋ ਧਰਮ-ਖੰਡ ਤਕ ਨਹੀਂ ਆਇਆ, ਉਹਦਾ ਸੱਚਖੰਡ ਤਕ ਪਹੁੰਚਣਾ ਬਹੁਤ ਕਠਨ ਹੈ, ਬਹੁਤ ਔਖੈ। ਚਾਰ ਪੜਾਉ ਹਨ ਤੇ ਪੰਜਵੀਂ ਮੰਜ਼ਲ ਹੈ, ਐਸਾ ਗੁਰੂ ਨਾਨਕ ਨੇ ਬੜਾ ਸੁੰਦਰ ਨਿਰਣਾ ਕਰ ਕੇ ਜਗਤ ਦੇ ਸਾਹਮਣੇ ਗੁਰੂ-ਪੰਥ ਦੀ ਵਿਆਖਿਆ ਕੀਤੀ ਹੈ। ਪਹਿਲਾ ਪੜਾਉ ਹੈ ਧਰਮ-ਖੰਡ। ਦੂਸਰਾ ਪੜਾਉ ਹੈ ਗਿਆਨ-ਖੰਡ। ਤੀਸਰਾ ਪੜਾਉ ਹੈ ਸਰਮ-ਖੰਡ। ਚੌਥਾ ਪੜਾਉ ਹੈ ਕਰਮ-ਖੰਡ ਤੇ ਪੰਜਵੀਂ ਮੰਜ਼ਲ ਹੈ ਸਚਖੰਡ, ਜਿਥੇ ਮਨੁੱਖ ਨੇ ਪਹੁੰਚਣੈ। ਧਾਰਮਿਕ ਮਨੁੱਖ, ਸਾਧਨਾ ਕਰਨ ਵਾਲਾ ਬੰਦਾ, ਸ੍ਵੈਮ ਨਿਰਣਾ ਕਰ ਸਕੇਗਾ ਕਿ ਮੈਂ ਕਿਹੜੇ ਪੜਾਉ 'ਤੇ ਪਹੁੰਚਿਆ ਹਾਂ। ਅਸੀਂ ਦੇਖਦੇ ਹਾਂ ਕਿ ਕੋਈ ਮਨੁੱਖ, ਮੁਸਾਫ਼ਰ ਜਦ ਸਫ਼ਰ ਕਰਦੈ, ਭਾਵੇਂ ਗੱਡੀ ਵਿਚ ਬੈਠਾ ਹੋਵੇ, ਚਾਹੇ ਉਹ ਸਫ਼ਰ ਬੱਸ ਜਾਂ ਕਾਰ 'ਤੇ ਕਰੇ, ਰਸਤੇ ਵਿਚ ਜਿਉਂ ਜਿਉਂ ਪੜਾਉ ਆਉਂਦੇ ਹਨ, ਉਹ ਅੰਦਾਜ਼ਾ ਲਾ ਲੈਂਦਾ ਹੈ ਬਈ ਮੈਂ ਇਤਨੀ ਦੂਰ ਪਹੁੰਚ ਗਿਆ ਹਾਂ। ਮੈਂ ਹੁਣ ਅੱਧ ਵਿਚਕਾਰ ਆ ਗਿਆ ਹਾਂ। ਹੁਣ ਮੰਜ਼ਲ ਨੇੜੇ ਹੈ, ਹੁਣ ਮੈਂ ਮੰਜ਼ਲ 'ਤੇ ਪਹੁੰਚਣ ਵਾਲਾ ਹਾਂ। ਰਸਤੇ ਦੇ ਮੀਲ-ਪੱਥਰ ਦੇਖਦਿਆਂ ਦੇਖਦਿਆਂ ਮਨੁੱਖ ਆਪਣੇ ਸਫ਼ਰ ਦਾ ਅੰਦਾਜ਼ਾ ਲਾ ਲੈਂਦਾ ਹੈ ਕਿ ਮੈਂ ਕਿਤਨੀ ਮੰਜ਼ਲ ਤੈਅ ਕੀਤੀ ਹੈ। ਇਸੇ ਤਰੀਕੇ ਦੇ ਨਾਲ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਫ਼ੁਰਮਾਨ ਹੈ ਕਿ ਮਨੁੱਖ ਸ੍ਵੈਮ ਇਹ ਭੀ ਅੰਦਾਜ਼ਾ ਲਾ ਸਕਦਾ ਹੈ ਕਿ ਮੈਂ ਪਰਮਾਤਮਾ ਦਾ ਮਾਰਗ ਕਿਤਨਾ ਚਲਿਆ ਹਾਂ ? ਰੱਬ ਤੋਂ ਕਿਤਨੀ ਦੂਰ ਹਾਂ, ਜਾਂ ਕਿਤਨਾ ਨੇੜੇ ਹਾਂ ? ਜੇਕਰ ਉਹ ਸ੍ਵੈਮ ਇਸ ਢੰਗ ਨਾਲ ਵੇਖਣਾ ਚਾਹੇ ਤਾਂ ਵੇਖ ਸਕੇਗਾ।

ਧਰਮ-ਖੰਡ ਪਹਿਲਾ ਪੜਾਉ ਹੈ ਅਤੇ ਇਸ ਪੜਾਉ ਦੀ ਵਿਆਖਿਆ ਗੁਰੂ ਨਾਨਕ ਦੇਵ ਜੀ ਮਹਾਰਾਜ ਇਸ ਢੰਗ ਨਾਲ ਕਰਦੇ ਹਨ:

ਰਾਤੀ ਰੁਤੀ ਥਿਤੀ ਵਾਰ ॥
ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥
ਤਿਨ ਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥
ਸਚਾ ਆਪਿ ਸਚਾ ਦਰਬਾਰੁ ॥ *(ਜਪੁ ਜੀ, ਪੰਨਾ 7)*

ਧਰਮ-ਖੰਡ ਦੀ ਵਿਆਖਿਆ ਮਹਾਰਾਜ ਇਹ ਕਰਦੇ ਹਨ ਕਿ ਸਮੁੱਚੇ ਨਿਜ਼ਾਮ ਵਿਚ ਇਕ ਤਰਤੀਬ ਹੈ, ਰਾਤ ਦਿਨ ਹਨ, ਰੁੱਤਾਂ ਹਨ, ਥਿਤਾਂ ਹਨ, ਵਾਰ ਹਨ, ਸੂਰਜ, ਚੰਦ ਤੇ ਤਾਰੇ ਹਨ, ਗ੍ਰਹਿ ਨਛੱਤਰ ਹਨ, ਸਾਰੇ ਦੇ ਸਾਰੇ ਬਾਕਾਇਦਾ ਤਰਤੀਬ ਵਿਚ ਹਨ, ਮਰਯਾਦਾ ਵਿਚ ਹਨ, ਵਿਧੀ-ਵਿਧਾਨ ਦੇ ਮੁਤਾਬਕ ਚਲਦੇ ਹਨ। ਸਮੁੱਚੀ ਦੁਨੀਆ ਵਿਚ ਟ੍ਰੈਫ਼ਿਕ ਦੇ ਰੂਲ ਮੌਜੂਦ ਹਨ, ਪਰ ਫਿਰ ਭੀ ਐਕਸੀਡੈਂਟ ਹੁੰਦੇ ਹਨ, ਟਕਰਾਉ ਹੁੰਦਾ ਹੈ। ਰੂਲ ਬਣੇ ਹੋਏ ਹਨ, ਫਿਰ ਭੀ ਰੋਜ਼ ਟਕਰਾਉ ਹੋ ਜਾਂਦੇ ਹਨ। ਆਸਮਾਨ ਵਿਚ ਝਾਤ ਮਾਰੀਏ, ਅਣਗਿਣਤ ਗ੍ਰਹਿ ਨਛੱਤਰ ਹਨ ਜੋ ਅਤਿਅੰਤ ਤੇਜ਼ ਗਤੀ ਨਾਲ ਚਲ ਰਹੇ ਹਨ, ਪਰ ਐਸਾ ਸੁਣਨ ਤੇ ਪੜ੍ਹਨ ਵਿਚ ਨਹੀਂ ਆਉਂਦਾ ਕਿ ਕਿਧਰੇ ਇਕ ਗ੍ਰਹਿ ਦੂਸਰੇ ਨਾਲ ਟਕਰਾ ਗਿਐ, ਇਕ ਨਛੱਤਰ ਦੂਸਰੇ ਨਛੱਤਰ ਨਾਲ ਟਕਰਾ ਗਿਐ, ਹਾਲਾਂਕਿ ਬੜੀ ਤੇਜ਼ ਗਤੀ ਦੇ ਨਾਲ ਇਹ ਸਭ ਚਲ ਰਹੇ ਹਨ। ਇਥੋਂ ਇਹ ਸਪੱਸ਼ਟ ਹੁੰਦੈ ਕਿ ਕੁਝ ਵਿਧਾਨ ਹੈ, ਕੁਝ ਪਰਿਪੂਰਨ ਪਰਮਾਤਮਾ ਨੇ ਨਿਯਮ ਬਣਾ ਰੱਖੇ ਹਨ ਇਨ੍ਹਾਂ ਗ੍ਰਹਿ ਨਛੱਤਰਾਂ ਦੀ ਚਾਲ ਨੂੰ ਚਲਾਣ ਵਾਸਤੇ। ਸਾਹਿਬ ਕਹਿੰਦੇ ਹਨ ਕਿ ਸਾਗਰ, ਦਰਿਆ, ਪਵਣ, ਪਾਣੀ, ਗ੍ਰਹਿ ਨਛੱਤਰ ਸਭ ਮਰਯਾਦਾ ਵਿਚ ਚਲ ਰਹੇ ਹਨ ਅਤੇ ਜਦ ਇਹ ਸਭ ਕੁਝ ਮਰਯ਼ਾਦਾ ਵਿਚ ਹੈ ਤਾਂ ਐ ਬੰਦੇ! ਤੂੰ ਧਰਮ ਕਮਾਣ ਵਾਸਤੇ ਆਇਐਂ। ਇਹ ਧਰਤੀ ਧਰਮਸਾਲ ਹੈ। ਇਥੇ ਸਭ ਕੁਝ ਧਰਮ ਵਿਚ ਹੈ, ਇਥੇ ਸਭ ਕੁਝ ਮਰਯਾਦਾ ਵਿਚ ਹੈ। ਧਰਮ ਦੇ ਅੱਖਰੀ ਅਰਥ ਹਨ ਧਾਰਨ ਕਰਨਾ ਕਿਸੇ ਅਸੂਲ ਨੂੰ, ਨਿਯਮ ਨੂੰ, ਮਰਯਾਦਾ ਨੂੰ। ਸੋ ਸੂਰਜ, ਚੰਦ, ਤਾਰਿਆਂ ਨੇ, ਗ੍ਰਹਿ ਨਛੱਤਰਾਂ ਨੇ, ਸਾਗਰ ਨੇ ਅਤੇ ਪ੍ਰਿਥਵੀ ਨੇ ਧਰਮ ਧਾਰਨ ਕੀਤਾ ਹੋਇਆ ਹੈ, ਮਰਯਾਦਾ ਨੂੰ ਧਾਰਨ ਕੀਤਾ ਹੋਇਆ ਹੈ। ਐ ਬੰਦੇ! ਤੂੰ ਭੀ ਮਰਯਾਦਾ ਨੂੰ ਧਾਰਨ ਕਰ। ਜਿਸ ਵਕਤ ਬੰਦੇ ਦਾ ਸਭ ਕੁਝ ਮਰਯਾਦਾ ਵਿਚ ਹੋ ਜਾਂਦਾ ਹੈ ਅਤੇ ਉਸ ਦਾ ਜਾਪ ਜਾਰੀ ਰਹਿੰਦੈ, ਬੰਦਗੀ ਉਸ ਦੀ ਜਾਰੀ ਰਹਿੰਦੀ ਹੈ ਤਾਂ ਐਸੇ ਮਨੁੱਖ ਨੂੰ ਕਹਿੰਦੇ ਨੇ ਕਿ ਇਹ ਧਰਮ

ਖੰਡ ਵਿਚ ਪਹੁੰਚ ਗਿਐ। ਪਰ ਇਹ ਪਹਿਲਾ ਪੜਾਉ ਹੈ। ਇਥੋਂ ਹੀ ਅਸੀਂ ਮਨੁੱਖ ਨੂੰ ਕਹਿ ਦਿੰਦੇ ਹਾਂ ਕਿ ਇਹ ਧਰਮੀ ਹੈ, ਕਿਉਂਕਿ ਇਸ ਦਾ ਸਭ ਕੁਝ ਨਿਯਮ ਵਿਚ ਹੈ। ਬੇਤਰਤੀਬਾ ਇਸ ਦਾ ਕੁਝ ਭੀ ਨਹੀਂ ਹੈ। ਇਹਦੇ ਬੋਲਾਂ ਵਿਚ ਤਰਤੀਬ ਹੈ। ਇਹਦੇ ਉਠਣ ਬੈਠਣ ਵਿਚ ਤਰਤੀਬ ਹੈ। ਇਹਦੇ ਸੌਣ ਜਾਗਣ ਵਿਚ ਤਰਤੀਬ ਹੈ, ਇਥੋਂ ਤਕ ਕਿ ਇਸ ਦੇ ਹੱਸਣ ਤੇ ਰੋਣ ਵਿਚ ਭੀ ਕੋਈ ਵਿਧੀ-ਵਿਧਾਨ ਹੈ। ਜਾਪ ਜ਼ਾਹਰੀ ਹੋਵੇ ਤਾਂ ਧਰਮ-ਖੰਡ ਤੋਂ ਸੁਰਤ ਅਗਾਂਹ ਲੰਘ ਕੇ ਪਹੁੰਚ ਜਾਂਦੀ ਹੈ ਗਿਆਨ-ਖੰਡ ਵਿਚ। ਕਿਸ ਤਰ੍ਹਾਂ ਪਤਾ ਚਲੇਗਾ ਕਿ ਕੋਈ ਸਾਦਕ ਗਿਆਨ-ਖੰਡ ਤਕ ਪਹੁੰਚ ਗਿਐ ? ਕਿਉਂਕਿ ਦੂਸਰਾ ਪੜਾਉ ਹੈ ਤਾਂ ਇਸ ਦੂਸਰੇ ਪੜਾਉ ਦੀ ਰੂਪ-ਰੇਖਾ ਗੁਰੂ ਨਾਨਕ ਦੇਵ ਜੀ ਮਹਾਰਾਜ ਆਪਣੀ ਬਾਣੀ ਵਿਚ ਬਿਆਨ ਕਰਦੇ ਹਨ :

> ਧਰਮ ਖੰਡ ਕਾ ਏਹੋ ਧਰਮੁ ॥
> ਗਿਆਨ ਖੰਡ ਕਾ ਆਖਹੁ ਕਰਮੁ ॥
> ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥
> ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥ *(ਜਪੁ ਜੀ, ਪੰਨਾ 7)*

ਗਿਆਨ-ਖੰਡ ਵਿਚ ਪਹੁੰਚ ਕੇ ਮਨੁੱਖ ਨੂੰ ਪਤਾ ਚਲਦੈ ਕਿ ਕਈ ਅਵਤਾਰੀ ਪੁਰਸ਼ ਹਨ, ਕਈ ਗ੍ਰਹਿ ਨਛੱਤਰ ਹਨ, ਕਈ ਸੂਰਜ, ਚੰਦ, ਤਾਰੇ ਹਨ, ਅਨਗਿਣਤ ਪ੍ਰਿਥਵੀਆਂ ਹਨ, ਬੇਸ਼ੁਮਾਰ ਅਵਤਾਰੀ ਦੁਨੀਆ ਹੈ। ਇਥੇ ਮਨੁੱਖ ਵਿਅਕਤੀ ਦਾ ਪੁਜਾਰੀ ਨਾ ਹੋ ਕੇ ਸ਼ਕਤੀ ਦਾ ਪੁਜਾਰੀ ਹੋ ਜਾਂਦਾ ਹੈ। ਉਹਦੇ ਤਸੱਵੁਰ ਵਿਚ ਪਰਮਾਤਮਾ ਇਕ ਸ਼ਕਤੀ ਦੀ ਤਰ੍ਹਾਂ ਪ੍ਰਗਟ ਹੁੰਦੈ, ਨਾ ਕਿ ਇਕ ਵਿਅਕਤੀ ਦੀ ਤਰ੍ਹਾਂ। ਕਿਉਂਕਿ ਵਿਅਕਤੀ ਦਾ ਜਨਮ ਭੀ ਹੁੰਦੈ, ਉਸ ਦਾ ਮਰਨ ਭੀ ਹੁੰਦੈ, ਵਿਅਕਤੀ ਦੀ ਜਾਤ ਭੀ ਹੁੰਦੀ ਹੈ, ਪਾਤ ਭੀ ਹੁੰਦੀ ਹੈ। ਗਿਆਨ-ਖੰਡ ਵਿਚ ਪਹੁੰਚ ਕੇ ਉਸ ਨੂੰ ਪਤਾ ਚਲਦੈ ਕਿ ਪਰਮਾਤਮਾ ਵਿਅਕਤੀ ਨਹੀਂ, "ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥ ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥" ਬ੍ਰਹਮ ਜੈਸੇ ਆਲਮ ਅਨਗਿਣਤ ਹਨ। ਸ਼ਿਵ ਜੈਸੇ ਜੋਗੀ ਅਨੇਕ ਹਨ। ਅਨੇਕਾਂ ਹੀ ਅਵਤਾਰੀ ਪੁਰਸ਼ ਹਨ ਜੋ ਗਾਹੇ ਬਗਾਹੇ ਰੂਹੇ-ਜ਼ਮੀਨ 'ਤੇ, ਵੱਖ ਵੱਖ ਪ੍ਰਿਥਵੀਆਂ 'ਤੇ ਪ੍ਰਗਟ ਹੁੰਦੇ ਰਹੇ ਹਨ ਅਤੇ ਇਹ ਇਤਨਾ ਲੰਬਾ ਪਸਾਰਾ ਹੈ ਕਿ ਜਿਸ ਦੀ ਗਿਣਤੀ-ਹੱਦ ਤਕ ਅਵਤਾਰੀ ਦਾ ਭੀ ਪੁਜਾਰੀ ਨਹੀਂ ਰਹਿ ਜਾਂਦਾ। ਉਹ ਐਸਾ ਸਮਝਦੈ ਜਿਵੇਂ ਚੰਦਰਮਾ ਦੀ ਤਰਫ਼ ਉਂਗਲ ਨਾਲ ਇਸ਼ਾਰਾ ਕੀਤਾ ਗਿਐ, ਪਰ ਉਂਗਲ ਚੰਦਰਮਾ ਨਹੀਂ ਹੈ। ਉਹ ਸਮਝਦੈ, ਅਵਤਾਰ ਇਕ ਇਸ਼ਾਰਾ ਹਨ, ਅਵਤਾਰ ਇਕ ਪੌੜੀ ਦੀ ਤਰ੍ਹਾਂ ਹਨ, ਜਿਸ ਦਾ ਇਸਤੇਮਾਲ ਕਰ ਕੇ ਪਹੁੰਚਣੈ ਪਰਮਾਤਮਾ ਤਕ,

ਈਸ਼ਵਰ ਤਕ। ਇਸ ਸਭ ਕੁਝ ਦੀ ਅਸਲੀਅਤ ਦਾ ਮਨੁੱਖ ਨੂੰ ਪਤਾ ਚਲ ਜਾਂਦਾ ਹੈ। ਭਗਤ ਕਬੀਰ ਦਾ ਗਿਆਨ-ਖੰਡ ਸੰਬੰਧੀ ਇਕ ਬੜਾ ਸੁੰਦਰ ਸ਼ਬਦ ਹੈ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਉਨ੍ਹਾਂ ਦਾ ਫ਼ੁਰਮਾਨ ਹੈ:

ਕੋਟਿ ਸੂਰ ਜਾ ਕੈ ਪਰਗਾਸ ॥
ਕੋਟਿ ਮਹਾਦੇਵ ਅਰੁ ਕਬਿਲਾਸ ॥
ਦੁਰਗਾ ਕੋਟਿ ਜਾ ਕੈ ਮਰਦਨੁ ਕਰੈ ॥
ਬ੍ਰਹਮਾ ਕੋਟਿ ਬੇਦ ਉਚਰੈ ॥ *(ਭੈਰਉ ਕਬੀਰ ਜੀ, ਪੰਨਾ 1162)*

ਕਰੋੜਾਂ ਹੀ ਸੂਰਜ ਹਨ, ਕਰੋੜਾਂ ਹੀ ਚੰਦਰਮਾ ਹਨ, ਕਰੋੜਾਂ ਹੀ ਦੁਰਗਾ ਦੇਵੀਆਂ ਹਨ, ਕਰੋੜਾਂ ਹੀ ਸ਼ਿਵਜੀ ਹਨ, ਅਨੰਤ ਕਮਲਾਪਤੀ ਵਿਸ਼ਨੂੰ ਹਨ:

ਕੋਟਿ ਚੰਦ੍ਰਮੇ ਕਰਹਿ ਚਰਾਕ ॥
ਸੁਰ ਤੇਤੀਸਉ ਜੇਵਹਿ ਪਾਕ ॥ *(ਭੈਰਉ ਕਬੀਰ ਜੀ, ਪੰਨਾ 1162)*

ਅਖ਼ੀਰ ਵਿਚ ਕਬੀਰ ਤਾਂ ਗਿਆਨ ਦੀ ਚਰਮ ਸੀਮਾ ਨੂੰ ਛੂੰਹਦੇ ਹਨ। ਉਹ ਕਹਿੰਦੇ ਹਨ:

ਬਾਵਨ ਕੋਟਿ ਜਾ ਕੈ ਰੋਮਾਵਲੀ ॥
ਰਾਵਨ ਸੈਨਾ ਜਹ ਤੇ ਛਲੀ ॥ *(ਭੈਰਉ ਕਬੀਰ ਜੀ, ਪੰਨਾ 1163)*

ਜਿਸ ਨੇ ਰਾਵਣ ਦੀ ਸੈਨਾ ਨੂੰ ਛਲ ਕੇ ਤਬਾਹ ਕਰ ਦਿੱਤਾ, ਰਾਵਣ ਨੂੰ ਭੀ ਮਲੀਆਮੇਟ ਕਰ ਦਿੱਤਾ, ਐਸੇ ਰਾਮ ਭੀ ਕਰੋੜਾਂ ਹਨ:

ਸਹਸ ਕੋਟਿ ਬਹੁ ਕਹਤ ਪੁਰਾਨ ॥
ਦੁਰਜੋਧਨ ਕਾ ਮਥਿਆ ਮਾਨੁ ॥ *(ਭੈਰਉ ਕਬੀਰ ਜੀ, ਪੰਨਾ 1163)*

ਜਿਸ ਨੇ ਦੁਰਜੋਧਨ ਦੇ ਮਾਣ ਨੂੰ ਮਿੱਟੀ ਵਿਚ ਮਿਲਾ ਦਿੱਤਾ, ਐਸੇ ਕ੍ਰਿਸ਼ਨ ਜੈਸੇ ਅਵਤਾਰੀ ਪੁਰਸ਼ ਭੀ ਕਰੋੜਾਂ ਹਨ। ਜੈਸੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਫ਼ੁਰਮਾਨ ਹੈ:

ਕਿਤੇ ਕ੍ਰਿਸਨ ਸੇ ਕੀਟ ਕੋਟੈ ਬਨਾਏ ॥ *(ਧਿਆਇ ਪਹਿਲਾ, ਬਚਿਤ੍ਰ ਨਾਟਕ)*

ਅਨੇਕਾਂ ਗੁਰੂ, ਪੀਰ-ਪੈਗ਼ੰਬਰ, ਅਵਤਾਰੀ ਪੁਰਸ਼, ਰਿਸ਼ੀ ਮੁਨੀ, ਰੂਹੇ-ਜ਼ਮੀਨ ਉਪਰ ਹੋਏ ਹਨ। ਗਿਆਨ-ਖੰਡ ਉਪਰ ਪਹੁੰਚ ਕੇ ਉਸ ਨੂੰ ਇਹ ਲੰਬਾ ਚੌੜਾ ਪਸਾਰਾ ਦਿਸ ਪੈਂਦਾ ਹੈ। ਇਥੇ ਉਸ ਦਾ ਜਾਪ ਜਾਰੀ ਰਹਿੰਦੈ। ਅਵਤਾਰਾਂ ਦਾ ਮਨ ਦੇ ਵਿਚ ਸਤਿਕਾਰ ਹੈ, ਪਰ ਉਸ ਨੂੰ ਇਤਨਾ ਅਨੁਭਵ ਹੋ ਜਾਂਦਾ ਹੈ ਕਿ ਅਵਤਾਰ ਪਰਮਾਤਮਾ ਨਹੀਂ। ਜਿਵੇਂ ਕਿ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਫ਼ੁਰਮਾਨ ਹੈ:

ਅਵਤਾਰ ਨ ਜਾਨਹਿ ਅੰਤੁ ॥
ਪਰਮੇਸਰੁ ਪਾਰਬ੍ਰਹਮ ਬੇਅੰਤੁ ॥ *(ਰਾਮਕਲੀ ਮਹਲਾ ੫, ਪੰਨਾ 894)*

ਉਹ ਜਿਹੜਾ ਬੇਅੰਤ ਪ੍ਰਭੂ ਹੈ, ਉਸ ਦੀ ਪੂਰੀ ਲੀਲਾ ਨੂੰ ਅਵਤਾਰੀ ਪੁਰਸ਼ ਭੀ ਨਹੀਂ ਸਮਝ ਸਕਦੇ। ਉਹ ਇਤਨਾ ਮਹਾਨ ਹੈ, ਉਹ ਇਤਨਾ ਅਸੀਮ ਹੈ। ਜਾਪ ਜਾਰੀ ਹੈ ਤਾਂ ਗਿਆਨ-ਖੰਡ ਤੋਂ ਸੁਰਤ ਅਗਲੇ ਤੀਸਰੇ ਪੜਾਉ ਉਪਰ ਪਹੁੰਚ ਜਾਂਦੀ ਹੈ। ਤੀਸਰੇ ਪੜਾਉ ਦਾ ਨਾਮ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਰਮ-ਖੰਡ ਰਖਿਐ ਤੇ ਸਰਮ-ਖੰਡ ਦੀ ਵਿਆਖਿਆ ਇਸ ਪ੍ਰਕਾਰ ਹੈ:

ਸਰਮ ਖੰਡ ਕੀ ਬਾਣੀ ਰੂਪੁ ॥
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥
ਤਾ ਕੀਆ ਗਲਾ ਕਥੀਆ ਨਾ ਜਾਹਿ ॥
ਜੇ ਕੋ ਕਹੈ ਪਿਛੈ ਪਛੁਤਾਇ ॥ *(ਜਪੁ ਜੀ, ਪੰਨਾ 8)*

ਸਰਮ-ਖੰਡ ਦੇ ਵਿਚ ਮਨੁੱਖ ਦੀ ਬਣਤਰ ਬੜੀ ਸੁੰਦਰ ਬਣ ਜਾਂਦੀ ਹੈ। ਮਨ ਬੜਾ ਸੁੰਦਰ ਹੋ ਜਾਂਦਾ ਹੈ। ਚਿੱਤ ਬੜਾ ਸੁੰਦਰ ਹੋ ਜਾਂਦਾ ਹੈ। ਬੁੱਧੀ ਬੜੀ ਨਿਰਮਲ ਹੋ ਜਾਂਦੀ ਹੈ। ਅਹੰ ਭਾਵ ਭੀ ਮਨੁੱਖ ਦਾ ਸ਼ੁੱਧ ਹੋ ਜਾਂਦਾ ਹੈ, ਕਿਉਂਕਿ ਸਰਮ-ਖੰਡ ਇਕ ਐਸੀ ਟਕਸਾਲ ਹੈ, ਜਿਥੇ ਘਾੜਤ ਬੜੀ ਕਮਾਲ ਦੀ ਘੜੀ ਜਾਂਦੀ ਹੈ:

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥ *(ਜਪੁ ਜੀ, ਪੰਨਾ 8)*

ਉਥੇ ਜੋ ਮਨ ਘੜਿਆ ਜਾਂਦੈ, ਉਹ ਦੇਵਤਿਆਂ ਦਾ, ਰਿਸ਼ੀਆਂ-ਮੁਨੀਆਂ ਦਾ ਰੂਪ ਹੁੰਦੈ। ਉਥੇ ਜੋ ਬੁੱਧੀ, ਚਿੱਤ ਦੀ ਘਾੜਤ ਘੜੀ ਜਾਂਦੀ ਹੈ, ਉਹ ਦੇਵਤਿਆਂ ਦੀ ਤਰ੍ਹਾਂ ਹੁੰਦੀ ਹੈ, ਅਹੰ ਭਾਵ ਅਤਿਅੰਤ ਸ਼ੁੱਧ ਹੋ ਜਾਂਦਾ ਹੈ। ਮਨ ਵਿਚ ਗ਼ਲਤ ਫੁਰਨੇ ਨਹੀਂ ਪੈਦਾ ਹੁੰਦੇ। ਬੁੱਧੀ ਗ਼ਲਤ ਫ਼ੈਸਲਾ ਨਹੀਂ ਦਿੰਦੀ ਅਤੇ ਚਿੱਤ ਗ਼ਲਤ ਗੱਲਾਂ ਨੂੰ ਚੇਤੇ ਨਹੀਂ ਕਰਦਾ। ਜਾਪ ਜਾਰੀ ਹੈ, ਸਾਧਨਾ ਵਿਚ ਲੀਨ ਉਹ ਸਾਦਕ, ਉਸਦੀ ਸੁਰਤ ਫਿਰ ਅਗਾਂਹ ਚਲ ਪੈਂਦੀ ਹੈ। ਜੋ ਅਗਲਾ ਚੌਥਾ ਪੜਾਉ ਹੈ, ਉਸ ਨੂੰ ਕਹਿੰਦੇ ਹਨ ਕਰਮ-ਖੰਡ। ਕਰਮ ਸ਼ਬਦ ਸੰਸਕ੍ਰਿਤ ਦਾ ਹੋਵੇ ਤਾਂ ਇਹਦੇ ਅੱਖਰੀ ਅਰਥ ਬਣਦੇ ਹਨ ਕੰਮ ਧੰਦਾ। 'ਕਰਮ' ਸ਼ਬਦ ਪਰਸ਼ੀਅਨ ਦਾ ਹੋਵੇ, ਤਾਂ ਫਿਰ ਇਸ ਦੇ ਅਰਥ ਬਣਦੇ ਨੇ ਬਖ਼ਸ਼ਿਸ਼, ਰਹਿਮਤ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਹ ਸ਼ਬਦ ਪਰਸ਼ੀਅਨ ਦਾ ਵਰਤਿਐ, ਬਖ਼ਸ਼ਿਸ਼ ਦਾ ਖੰਡ, ਰਹਿਮਤ ਦਾ ਖੰਡ। ਸਾਧਨਾ ਕਰਦਿਆਂ ਕਰਦਿਆਂ ਸਾਦਿਕ ਆਖ਼ਰ ਪਰਮਾਤਮਾ ਦੀ ਬਖ਼ਸ਼ਿਸ਼ ਦਾ ਪਾਤਰ ਬਣ ਜਾਦਾ ਹੈ। ਕਰਮ-ਖੰਡ ਦਾ ਮਤਲਬ ਹੈ ਬਖ਼ਸ਼ਿਸ਼ ਦਾ ਖੰਡ। ਜਿਵੇਂ ਸੂਰਜ ਹਰ ਵਕਤ ਹੀ ਰੌਸ਼ਨੀ ਦਿੰਦੈ, ਪਰ ਅੱਖਾਂ ਬੰਦ ਕਰ ਲਈਏ ਤਾਂ ਫਿਰ ਰੌਸ਼ਨੀ ਨਾਲੋਂ ਸੰਬੰਧ ਟੁੱਟ ਜਾਂਦਾ ਹੈ। ਘਰ ਦੇ ਦੁਆਰ ਚਾਰੋਂ ਪਾਸਿਉਂ ਬੰਦ ਕਰ ਲਈਏ ਤਾਂ ਕਮਰੇ ਵਿਚ ਸੂਰਜ ਦੀਆਂ ਕਿਰਨਾਂ ਦਾ ਪਹੁੰਚਣਾ ਕਠਨ ਹੋ ਜਾਂਦਾ ਹੈ। ਉਂਜ ਸੂਰਜ ਹਰ ਵਕਤ ਰੌਸ਼ਨੀ

ਦਿੰਦੈ, ਹਰ ਵਕਤ ਪ੍ਰਕਾਸ਼ ਦਿੰਦੈ। ਪਰਮਾਤਮਾ ਹਰ ਵਕਤ ਬਖ਼ਸ਼ਿਸ਼ ਕਰਦੈ, ਪਰ ਜਿਸ ਵਕਤ ਸਾਡੀ ਪਿੱਠ ਹੁੰਦੀ ਹੈ, ਜਿਸ ਵਕਤ ਅਸੀਂ ਪਾਤਰ ਨਹੀਂ ਹੁੰਦੇ, ਜਿਸ ਵਕਤ ਸਾਡੀਆਂ ਅੱਖਾਂ ਬੰਦ ਹੁੰਦੀਆਂ ਹਨ, ਉਸ ਵਕਤ ਅਸੀਂ ਪਰਮਾਤਮਾ ਦੀ ਬਖ਼ਸ਼ਿਸ਼ ਤੋਂ ਵਾਂਝੇ ਰਹਿ ਜਾਂਦੇ ਹਾਂ। ਕਰਮ-ਖੰਡ ਵਿਚ ਪਹੁੰਚ ਕੇ ਮਨੁੱਖ ਦੀ ਅੱਖ ਖੁਲ੍ਹ ਜਾਂਦੀ ਹੈ। ਰੌਸ਼ਨੀ ਨਾਲ ਸੰਬੰਧ ਜੁੜ ਜਾਂਦਾ ਹੈ ਅਤੇ ਇਹ ਪ੍ਰਭੂ ਦੀ ਬਖ਼ਸ਼ਿਸ਼ ਦਾ ਪਾਤਰ ਬਣ ਜਾਂਦਾ ਹੈ। ਸਾਹਿਬ ਕਰਮ-ਖੰਡ ਦੀ ਵਿਆਖਿਆ ਇਸ ਢੰਗ ਨਾਲ ਕਰਦੇ ਹਨ:

ਕਰਮ ਖੰਡ ਕੀ ਬਾਣੀ ਜੋਰੁ॥
ਤਿਥੈ ਹੋਰੁ ਨ ਕੋਈ ਹੋਰੁ॥ *(ਜਪੁ ਜੀ, ਪੰਨਾ 8)*

ਕਰਮ-ਖੰਡ ਦੀ ਬਣਤਰ ਬੜੀ ਜ਼ੋਰ ਵਾਲੀ ਹੈ, ਬੜੀ ਮਹਾਨ ਹੈ, ਬੜੀ ਉੱਤਮ ਹੈ। ਇਥੇ ਬਾਣੀ ਵਿਚ ਜ਼ੋਰ ਆ ਜਾਂਦਾ ਹੈ। ਕਹਿੰਦੇ ਨੇ, ਬਚਨਾਂ ਵਿਚ ਸੱਤਿਆ ਆ ਜਾਂਦੀ ਹੈ, ਹੱਥਾਂ ਵਿਚ ਬਰਕਤ ਆ ਜਾਂਦੀ ਹੈ, ਕਦਮਾਂ ਵਿਚ ਕ੍ਰਾਂਤੀ ਆ ਜਾਂਦੀ ਹੈ। ਸਾਡੇ ਦੇਸ਼ ਦੇ ਪ੍ਰਾਚੀਨ ਮੁਨੀ-ਜਨ ਇਹ ਕਹਿੰਦੇ ਰਹੇ ਹਨ ਕਿ ਜੋ ਭਜਨ ਦੀ ਸਿਖਰਤਾ ਨੂੰ ਛੂਹ ਲੈਂਦਾ ਹੈ, ਜੋ ਨਾਮ ਜਪਦਿਆਂ ਜਪਦਿਆਂ ਟੀਸੀ 'ਤੇ ਪਹੁੰਚ ਜਾਂਦਾ ਹੈ, ਉਸ ਦੇ ਹੱਥਾਂ ਵਿਚ ਜਾਂ ਪੈਰਾਂ ਵਿਚ ਪਦਮ ਬਣ ਜਾਂਦਾ ਹੈ। ਇਤਿਹਾਸ ਇਸ ਗੱਲ ਦਾ ਸਾਖੀ ਹੈ ਕਿ ਦੁਆਪਰ ਜੁਗ ਦੇ ਅਵਤਾਰੀ ਪੁਰਸ਼ ਸ੍ਰੀ ਕ੍ਰਿਸ਼ਨ ਦੇ ਚਰਨਾਂ ਵਿਚ ਪਦਮ ਸੀ। ਭਾਈ ਸਾਹਿਬ ਭਾਈ ਗੁਰਦਾਸ ਜੀ ਭੀ ਇਸ ਦਾ ਇਸ਼ਾਰਾ ਕਰਦੇ ਹਨ:

ਚਰਣ ਕਮਲ ਵਿਚਿ ਪਦਮੁ ਹੈ ਝਿਲਮਿਲ ਝਲਕੈ ਵਾਂਗੀ ਤਾਰੇ॥
(ਵਾਰ 10, ਪਉੜੀ 23)

ਜਿਸ ਤਰ੍ਹਾਂ ਰਾਤ ਨੂੰ ਤਾਰਾ ਚਮਕਦੈ, ਇਸ ਤਰ੍ਹਾਂ ਪਦਮ, ਸ੍ਰੀ ਕ੍ਰਿਸ਼ਨ ਦੇ ਚਰਨਾਂ ਵਿਚ ਚਮਕ ਰਿਹਾ ਸੀ। ਕਹਿਣ ਤੋਂ ਮੁਰਾਦ ਇਹ ਹੈ ਕਿ ਪ੍ਰਾਚੀਨ ਸਮੇਂ ਤੋਂ ਧਾਰਮਿਕ ਲੋਕ ਇਸ ਗੱਲ ਨੂੰ ਮੰਨਦੇ ਰਹੇ ਹਨ ਕਿ ਹੱਥਾਂ ਵਿਚ ਤੇ ਪੈਰਾਂ ਵਿਚ ਪਦਮ ਦਾ ਬਣ ਜਾਣਾ ਮਹਾਪੁਰਸ਼ ਹੋਣ ਦਾ ਸਬੂਤ ਹੈ। ਇਸ ਵਾਸਤੇ ਜਦ ਭੀ ਕਦੀ ਕਿਸੇ ਅਵਤਾਰੀ ਪੁਰਸ਼ ਦੀ ਚਰਚਾ ਚਾਰੋਂ ਪਾਸੇ ਛਿੜਦੀ ਸੀ, ਲੋਕੀਂ ਉਸ ਨੂੰ ਅਵਤਾਰ ਕਹਿਣਾ ਸ਼ੁਰੂ ਕਰਦੇ ਸਨ ਤਾਂ ਵੇਖਿਆ ਜਾਂਦਾ ਸੀ ਕਿ ਇਸ ਦੇ ਹੱਥ ਵਿਚ ਜਾਂ ਪੈਰ ਵਿਚ ਪਦਮ ਹੈ ਜਾਂ ਨਹੀਂ। ਪਦਮ ਕਮਲ ਦੇ ਫੁੱਲ ਨੂੰ ਕਹਿੰਦੇ ਹਨ ਅਤੇ ਰੂਹੇ-ਜ਼ਮੀਨ 'ਤੇ ਇਹੀ ਇਕ ਐਸਾ ਫੁੱਲ ਹੈ ਜਿਸ ਦੇ ਬਹੁਤ ਸਾਰੇ ਨਾਮ ਹਨ। ਕਮਲ ਨੂੰ ਸੌਰਵ ਭੀ ਆਖਿਆ ਜਾਂਦਾ ਹੈ, ਕਮਲ ਨੂੰ ਸਾਰੰਗ ਭੀ ਕਹਿੰਦੇ ਹਨ, ਕਮਲ ਨੂੰ ਕੰਜ ਭੀ ਕਹਿੰਦੇ ਹਨ, ਕਮਲ ਨੂੰ ਪਦਮ ਭੀ ਕਹਿੰਦੇ ਹਨ ਅਤੇ ਕਮਲ ਨੂੰ ਬਾਰਜ ਭੀ ਕਹਿੰਦੇ ਹਨ। ਅਨਗਿਣਤ

ਨਾਮ ਇਸ ਫੁੱਲ ਦੇ ਹਨ ਅਤੇ ਧਾਰਮਿਕ ਦੁਨੀਆ ਵਿਚ ਇਸ ਦੀ ਬੜੀ ਸ੍ਰੇਸ਼ਟਤਾ ਹੈ। ਹਿੰਦੁਸਤਾਨ ਦੇ ਤਮਾਮ ਧਾਰਮਿਕ ਮੰਦਰਾਂ ਦੇ ਗੁੰਬਦ ਕਮਲ-ਨੁਮਾ ਬਣਾਏ ਜਾਂਦੇ ਹਨ। ਉਹ ਕਮਲ ਦੀ ਤਰ੍ਹਾਂ ਹੁੰਦੇ ਹਨ। ਇਹ ਗੁੰਬਦ, ਇਹ ਕਮਲ ਇਸ਼ਾਰਾ ਕਰਦੈ ਹੈ ਕਿ ਪਾਣੀ ਕਿਤਨਾ ਹੀ ਵਧ ਜਾਏ, ਮੈਂ ਡੁੱਬਦਾ ਨਹੀਂ, ਮੈਂ ਨਿਰਲੇਪ ਰਹਿੰਦਾ ਹਾਂ। ਐ ਮਨੁੱਖ! ਸੰਸਾਰ ਦੀ ਸੰਪਦਾ ਕਿਤਨੀ ਵੀ ਵਧ ਜਾਏ, ਸੁੱਖ ਕਿਤਨਾ ਹੀ ਵਧ ਜਾਏ ਜਾਂ ਦੁੱਖ ਦੀਆਂ ਲਹਿਰਾਂ ਕਿਤਨੀਆਂ ਹੀ ਟਕਰਾਵਣ, ਤੂੰ ਡੁੱਬੀਂ ਨਾ, ਤੂੰ ਮੇਰੀ ਤਰ੍ਹਾਂ ਹੀ ਖਿੜਿਆ ਰਹੀਂ। ਤੂੰ ਸੰਸਾਰ ਵਿਚ ਜਨਮ ਲੈ ਕੇ ਸੰਸਾਰ ਤੋਂ ਉੱਚਾ ਹੋਵੀਂ। ਪਾਣੀ ਵਿੱਚੋਂ ਜਨਮ ਲੈ ਕੇ ਕਮਲ ਦਾ ਫੁੱਲ ਪਾਣੀ ਤੋਂ ਨਿਰਲੇਪ ਹੋ ਜਾਂਦਾ ਹੈ। ਸੰਸਾਰ ਵਿਚ ਜਨਮ ਲੈ ਕੇ ਸੰਸਾਰ ਤੋਂ ਨਿਰਲੇਪ ਹੋ ਜਾਣਾ, ਇਹ ਕਮਲ ਦੀ ਤਰ੍ਹਾਂ ਜੀਵਨ ਹੈ। ਸੋ ਕਮਲ ਫੁੱਲ ਧਾਰਮਿਕ ਦੁਨੀਆ ਵਿਚ ਆਪਣੀ ਇਕ ਖ਼ਾਸ ਥਾਂ ਰੱਖਦਾ ਹੈ। ਕਹਿੰਦੇ ਹਨ, ਸਿਰਫ਼ ਐਸਾ ਹੀ ਨਹੀਂ ਕਿ ਕਮਲ ਇਕ ਪ੍ਰਤੀਕ ਹੈ, ਬਲਕਿ ਜਦ ਕੋਈ ਧਰਮ ਦੀ ਪਰਮ ਸੀਮਾ ਨੂੰ ਛੂੰਹਦੈ ਜਾਂ ਉਸ ਦੇ ਹੱਥ ਪੈਰ ਵਿਚ ਕੋਈ ਰੇਖਾ ਐਸੀ ਬਣਦੀ ਹੈ, ਜਿਸ ਨੂੰ ਕਹਿੰਦੇ ਹਨ ਪਦਮ ਰੇਖਾ। ਇਹ ਪਦਮ ਰੇਖਾ ਸ੍ਰੀ ਕ੍ਰਿਸ਼ਨ ਦੇ ਚਰਨਾਂ ਵਿਚ ਸੀ। ਇਹ ਪਦਮ ਰੇਖਾ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਵਿਚ ਸੀ। ਹਰਿਦੁਆਰ ਵਿਚ ਇਕ ਬ੍ਰਾਹਮਣ ਨੇ ਆਪ ਦੇ ਚਰਨਾਂ ਨੂੰ ਵੇਖਿਆ ਤਾਂ ਸਿਰ ਝੁਕਾ ਕੇ ਡੰਡਉਤ ਕੀਤੀ। ਸਤਿਗੁਰੂ ਕਹਿਣ ਲੱਗੇ, ਬ੍ਰਾਹਮਣ ਦੇਵਤਾ! ਤੂੰ ਮੈਨੂੰ ਸਿਜਦਾ ਕਿਉਂ ਕਰ ਰਿਹੈਂ ? ਮੈਨੂੰ ਕਿਉਂ ਮੱਥਾ ਟੇਕ ਰਿਹੈਂ ? ਤਾਂ ਬ੍ਰਾਹਮਣ ਕਹਿਣ ਲੱਗਾ, ਮਹਾਰਾਜ! ਆਪ ਦੇ ਚਰਨਾਂ ਵਿਚ ਪਦਮ ਹੈ ਅਤੇ ਪਦਮ ਹੋਣਾ ਇਹ ਬ੍ਰਹਮ ਗਿਆਨੀ ਹੋਣ ਦਾ ਸਬੂਤ ਹੈ। ਪਦਮ ਹੋਣਾ ਅਵਤਾਰੀ ਪੁਰਸ਼ ਹੋਣ ਦੀ ਨਿਸ਼ਾਨੀ ਹੈ। ਤੁਹਾਡੇ ਚਰਨਾ ਵਿਚ ਪਦਮ ਹੈ। ਪਰ ਹੁਣ ਇਹ ਜ਼ਰੂਰੀ ਨਹੀਂ ਕਿ ਹੱਥ ਜਾਂ ਪੈਰ ਵਿਚ ਪਦਮ ਬਣ ਜਾਂਦਾ ਹੈ। ਜਿਵੇਂ ਕਿ ਅਸੀਂ ਦੇਖਦੇ ਹਾਂ, ਸ੍ਰੀ ਰਾਮ ਦੇ ਹੱਥ ਪੈਰ ਵਿਚ ਕੋਈ ਪਦਮ ਹੋਵੇ, ਐਸੀ ਕੋਈ ਚਰਚਾ ਨਹੀਂ। ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿਚ ਪਦਮ ਹੋਵੇ, ਇਸ ਗੱਲ ਦਾ ਕੋਈ ਜ਼ਿਕਰ ਨਹੀਂ ਹੈ ਇਤਿਹਾਸ ਵਿਚ। ਬਾਕੀ ਚਵ੍ਹੀ ਅਵਤਾਰਾਂ ਦੇ ਚਰਨਾਂ ਵਿਚ ਪਦਮ ਹੋਵੇ, ਸਨਾਤਨ ਮਤ ਦੇ ਚਵ੍ਹੀ ਅਵਤਾਰ ਜਾਂ ਜੈਨੀਆਂ ਦੇ ਚਵ੍ਹੀ ਤੀਰਥੰਕਰ ਜਾਂ ਮਹਾਤਮਾ ਬੁੱਧ, ਉਨ੍ਹਾਂ ਦੇ ਪੈਰਾਂ ਵਿਚ ਪਦਮ ਹੋਵੇ ਜਾਂ ਹੱਥ ਦੇ ਵਿਚ ਪਦਮ ਹੋਵੇ, ਇਸ ਤਰ੍ਹਾਂ ਦਾ ਇਤਿਹਾਸ ਵਿਚ ਕੋਈ ਸਬੂਤ ਨਹੀਂ ਮਿਲਦਾ ਪਰ ਫਿਰ ਭੀ ਇਹ ਚਰਚਾ ਮਹਾਨ ਹੈ ਕਿ ਜਦ ਕੋਈ ਬੰਦਾ ਧਰਮ ਦੀ ਸਿਖਰਤਾ ਨੂੰ ਛੂਹ ਲੈਂਦਾ ਹੈ ਤਾਂ ਉਹਦੇ ਹੱਥਾਂ ਜਾਂ ਪੈਰਾਂ ਵਿਚ ਪਦਮ ਬਣ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਇਕ ਸੁੰਦਰ ਵਾਕ ਹੈ, ਫੁਨਹੇ ਛੰਦ ਦੇ ਅੰਦਰ। ਆਪ ਫ਼ੁਰਮਾਨ ਕਰਦੇ ਹਨ :

ਮੇਰੈ ਹਾਥਿ ਪਦਮੁ ਆਗਨਿ ਸੁਖ ਬਾਸਨਾ॥
ਸਖੀ ਮੋਰੈ ਕੰਠਿ ਰਤੰਨੁ ਪੇਖਿ ਦੁਖੁ ਨਾਸਨਾ॥

(ਛੁਨਹੇ ਮਹਲਾ ੫, ਪੰਨਾ 1362)

ਐ ਸਖੀ! ਮੇਰੇ ਹੱਥਾਂ ਵਿਚ ਪਦਮ ਬਣ ਗਿਐ। ਇਤਿਹਾਸ ਵਿਚ ਐਸਾ ਕੋਈ ਜ਼ਿਕਰ ਨਹੀਂ ਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਹੱਥਾਂ ਵਿਚ ਪਦਮ ਸੀ, ਪਰ ਇਹ ਜਿਸ ਪਦਮ ਵੱਲ ਇਸ਼ਾਰਾ ਕਰ ਰਹੇ ਹਨ ਗੁਰੂ ਅਰਜਨ ਦੇਵ ਜੀ, ਉਹ ਗੱਲ ਕੁਝ ਹੋਰ ਹੈ। ਦਰਅਸਲ ਜਦ ਪ੍ਰਭੂ ਚਿੰਤਨ ਕਰਦਿਆਂ ਕਰਦਿਆਂ ਮਨੁੱਖ ਸਿਖਰਤਾ ਨੂੰ ਛੂਹ ਲੈਂਦੈ, ਜੁੜ ਜਾਂਦਾ ਹੈ ਤਾਂ ਉਸ ਦੇ ਹੱਥਾਂ ਵਿਚ ਬਰਕਤਾਂ ਆ ਜਾਂਦੀਆਂ ਹਨ। ਐਸੇ ਮਨੁੱਖ ਦੇ ਹੱਥ ਜਿਸ ਕੰਮ ਨੂੰ ਛੂੰਹਦੇ ਹਨ, ਕੰਮ ਸਿਰੇ ਚੜ੍ਹਦਾ ਹੈ, ਕੰਮ ਪਾਯਃ ਤਕ਼ਮੀਲ ਤਕ ਪਹੁੰਚ ਜਾਂਦੈ ਅਤੇ ਇਹ ਵੀ ਆਮ ਕਹਾਵਤ ਹੈ ਕਿ ਕੁਝ ਹੱਥ ਬੇਬਰਕਤੇ ਹੁੰਦੇ ਹਨ ਕਿ ਬਣਦੇ ਹੋਏ ਕੰਮ ਨੂੰ ਭੀ ਉਹ ਛੂਹ ਜਾਣ ਤਾਂ ਕੰਮ ਵਿਗੜ ਜਾਂਦਾ ਹੈ। ਗੁਰੂ ਰਾਮਦਾਸ ਜੀ ਦਾ ਇਕ ਵਾਕ ਵੀ ਐਸਾ ਹੈ:

ਜੇ ਸੁਇਨੇ ਨੋ ਓਹੁ ਹਥੁ ਪਾਏ ਤਾ ਖੇਹੂ ਸੇਤੀ ਰਲਿ ਗਇਆ॥

(ਵਾਰ ਗਉੜੀ ਮਃ ੪, ਪੰਨਾ 307)

ਕਈਆਂ ਦੇ ਹੱਥ ਇਤਨੇ ਬੇਬਰਕਤੇ ਹਨ ਕਿ ਉਹ ਸੋਨੇ ਨੂੰ ਹੱਥ ਪਾਣ ਤਾਂ ਮਿੱਟੀ ਹੋ ਜਾਂਦਾ ਹੈ, ਪਰ ਕਈਆਂ ਦੇ ਹੱਥ ਇਤਨੇ ਬਰਕਤਾਂ ਵਾਲੇ ਹਨ ਕਿ ਉਹ ਵਿਗੜੇ ਹੋਏ ਕੰਮ ਨੂੰ ਵੀ ਹੱਥ ਪਾਣ ਤਾਂ ਉਹ ਸਿਰੇ ਚੜ੍ਹ ਜਾਂਦਾ ਹੈ। ਪ੍ਰਾਚੀਨ ਸਮੇਂ ਵਿਚ ਜਦ ਕਿਸੇ ਪੁਲ ਦਾ ਉਦਘਾਟਨ ਕਰਨਾ ਹੁੰਦਾ ਸੀ ਜਾਂ ਕਿਸੇ ਭਵਨ ਦਾ ਸੰਗੇ-ਬੁਨਿਆਦ ਰੱਖਣਾ ਹੁੰਦਾ ਸੀ ਤਾਂ ਕੋਸ਼ਿਸ਼ ਕੀਤੀ ਜਾਂਦੀ ਸੀ ਕਿ ਨੀਂਹ-ਪੱਥਰ ਐਸੇ ਹੱਥਾਂ ਤੋਂ ਰਖਾਇਆ ਜਾਏ, ਜਿਹਦੇ ਹੱਥਾਂ ਵਿਚ ਬਰਕਤ ਹੈ, ਉਸ ਤੋਂ ਰਖਾਈ ਜਾਵੇ। ਕੰਮ ਦੀ ਸ਼ੁਰੂਆਤ ਕਿਸੇ ਐਸੇ ਹੱਥਾਂ ਤੋਂ ਕਰਾਈ ਜਾਏ, ਜਿਹਦੇ ਹੱਥਾਂ ਵਿਚ ਪਦਮ ਹੋਵੇ ਜਿਹਦੇ ਹੱਥਾਂ ਵਿਚ ਬਰਕਤ ਹੋਵੇ। ਪ੍ਰਾਚੀਨ ਸਮੇਂ ਸਾਡੇ ਦੇਸ਼ ਵਿਚ ਇਹ ਪਰੰਪਰਾ ਹੁੰਦੀ ਸੀ। ਭਾਵ ਸਿਮਰਨ ਕਰਦਿਆਂ ਕਰਦਿਆਂ ਹੱਥਾਂ ਵਿਚ ਬਰਕਤ ਆ ਜਾਂਦੀ ਹੈ। ਇਸ ਵਾਸਤੇ ਅਸੀਸ ਦੇਣ ਦੀ ਇਕ ਪ੍ਰਥਾ ਭੀ ਸਾਡੇ ਦੇਸ ਵਿਚ ਚਾਲੂ ਹੋਈ। ਜਿਹਦੇ ਹੱਥਾਂ ਵਿਚ ਬਰਕਤ ਹੁੰਦੀ ਹੈ ਅਤੇ ਜਾਚਕ ਉਸ ਦੇ ਕਦਮਾਂ ਵਿਚ ਬੈਠਦਾ ਹੈ ਅਤੇ ਉਹ ਉਸ ਦੇ ਸਿਰ ਉੱਪਰ ਹੱਥ ਰੱਖ ਕੇ ਉਸ ਨੂੰ ਅਸੀਸ ਦਿੰਦਾ ਹੈ, ਆਪਣੇ ਹੱਥਾਂ ਦੀ ਬਰਕਤ ਉਹਦੇ ਸੀਸ 'ਤੇ ਹੱਥ ਰੱਖ ਬਖ਼ਸ਼ਦਾ ਹੈ। ਇਹ ਰਿਵਾਜ ਸਾਡੇ ਦੇਸ਼ ਵਿਚ ਬਾਕਾਇਦਾ ਪ੍ਰਚੱਲਤ ਸੀ ਅਤੇ ਹੁਣ ਭੀ ਕਿਸੇ ਹੱਦ ਤਕ ਪ੍ਰਚੱਲਤ ਹੈ। ਪਰ ਅਸੀਸ ਉਹੀ ਦੇ ਸਕਦੈ, ਜਿਹਦੇ ਹੱਥਾਂ ਵਿਚ ਕੋਈ ਬਰਕਤ ਹੈ। ਜਿਹਦੇ

ਹੱਥਾਂ ਵਿਚ ਕੋਈ ਬਰਕਤ ਨਹੀਂ ਹੈ, ਉਹਨੇ ਕੀ ਅਸੀਸ ਦੇਣੀ ਹੈ! ਸੋ ਗੁਰੂ ਅਰਜਨ ਦੇਵ ਜੀ ਮਹਾਰਾਜ ਫ਼ੁਰਮਾਨ ਕਰਦੇ ਹਨ ਕਿ ਇਕ ਕਮਾਲ ਹੋ ਗਿਐ, ਮੇਰੇ ਹੱਥਾਂ ਵਿਚ ਬਰਕਤ ਆ ਗਈ ਹੈ, ਮੇਰੇ ਹੱਥਾਂ ਵਿਚ ਪਦਮ ਬਣ ਗਿਐ, "ਮੇਰੈ ਹਾਥਿ ਪਦਮੁ ਆਗਨਿ ਸੁਖ ਬਾਸਨਾ॥ ਸਖੀ ਮੋਰੈ ਕੰਠਿ ਰਤੰਨੁ ਪੇਖਿ ਦੁਖੁ ਨਾਸਨਾ॥" ਭੱਟਾਂ ਦਾ ਇਕ ਪਾਵਨ ਪਵਿੱਤਰ ਸਵੱਯਾ ਹੈ, ਜਿਹਦੇ ਵਿਚ ਕਹਿੰਦੇ ਹਨ, ਹੇ ਗੁਰੂ ਅਮਰਦਾਸ ਜੀ ਮਹਾਰਾਜ! ਤੁਹਾਡਾ ਜੋ ਦਾਇਆਂ ਹੱਥ ਹੈ, ਉਹਦੇ ਵਿਚ ਪਦਮ ਬਣ ਗਿਐ:

ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ॥

(ਸਵਈਏ ਮਹਲੇ ਤੀਜੇ ਕੇ ੩, ਪੰਨਾ 1394)

ਧਰਮ ਗ੍ਰੰਥਾਂ ਵਿਚ ਜੋ ਇਤਨੀ ਲੰਬੀ ਚੌੜੀ ਚਰਚਾ ਹੈ, ਇਹ ਸਿਰਫ਼ ਚਰਚਾ ਹੀ ਨਹੀਂ, ਇਸ ਵਿਚ ਬਹੁਤ ਵੱਡੀ ਸੱਚਾਈ ਹੈ। ਸਿਮਰਨ ਕਰਨ ਵਾਲੇ ਮਨੁੱਖ ਦੇ ਹੱਥ ਵਿਚ ਲਾਜ਼ਮੀ ਬਰਕਤਾਂ ਆ ਜਾਂਦੀਆਂ ਹਨ। ਜੋ ਸਿਮਰਨ ਕਰਦੈ, ਉਹਦੇ ਬਚਨਾਂ ਵਿਚ ਸੱਤਿਆ ਆ ਜਾਂਦੀ ਹੈ, ਉਹਦੇ ਕਦਮਾਂ ਵਿਚ ਕ੍ਰਾਂਤੀ ਆ ਜਾਂਦੀ ਹੈ। ਉਹਦੇ ਹੱਥਾਂ ਵਿਚ ਬਰਕਤ ਆ ਜਾਂਦੀ ਹੈ। ਉਹਦੇ ਕਦਮ ਜਿਸ ਪਾਸੇ ਚੱਲਣ, ਕ੍ਰਾਂਤੀ ਆਉਂਦੀ ਹੈ, ਕੁਝ ਪਲਟਾ ਆਉਂਦੈ। ਉਹਦੇ ਹੱਥ ਜਿਸ ਕੰਮ ਨੂੰ ਛੂਹਣ, ਸਿਰੇ ਚੜ੍ਹਦੇ ਹਨ। ਉਹਦੇ ਬਚਨਾਂ ਵਿਚ ਇਤਨੀ ਸੱਤਿਆ ਹੁੰਦੀ ਹੈ ਕਿ ਇਹਨੂੰ ਸੁਣ ਕੇ ਸੰਸਾਰੀਆਂ ਦੇ ਮਨ ਬਦਲ ਜਾਂਦੇ ਹਨ:

ਜਿਸ ਕੈ ਅੰਤਰਿ ਬਸੈ ਨਿਰੰਕਾਰੁ॥
ਤਿਸ ਕੀ ਸੀਖ ਤਰੈ ਸੰਸਾਰੁ॥ *(ਗਉੜੀ ਸੁਖਮਨੀ ਮ: ੫, ਪੰਨਾ 269)*

ਉਹਦੀ ਸਿੱਖਿਆ ਵਿਚ ਸੱਤਿਆ ਹੁੰਦੀ ਹੈ। ਉਹਦੇ ਬਚਨਾਂ ਵਿਚ ਸੱਤਿਆ ਹੁੰਦੀ ਹੈ। ਉਹਦੇ ਬਚਨਾਂ ਵਿਚ ਤਾਕਤ ਹੁੰਦੀ ਹੈ, ਤਦੇ ਤਾਂ ਮੇਰੇ ਪਾਤਸ਼ਾਹ ਕਹਿੰਦੇ ਹਨ ਕਿ ਕਰਮ-ਖੰਡ ਵਿਚ ਪਹੁੰਚ ਕੇ ਮਨੁੱਖ ਦੀ ਬਾਣੀ ਵਿਚ ਜ਼ੋਰ ਆ ਜਾਂਦਾ ਹੈ, "ਕਰਮ ਖੰਡ ਕੀ ਬਾਣੀ ਜੋਰੁ"। ਭੱਟ ਕਹਿੰਦੇ ਹਨ, "ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ॥ ਰਿਧਿ ਬਸੈ ਬਾਂਵਾਂਗਿ ਜੁ ਤੀਨਿ ਲੋਕਾਂਤਰ ਮੋਹੈ॥" ਭੱਟ ਕਹਿੰਦੇ ਹਨ, ਹੇ ਗੁਰੂ ਅਮਰਦਾਸ ਜੀ! ਤੁਹਾਡਾ ਜੋ ਦਾਇਆਂ ਹੱਥ ਹੈ, ਇਹਦੇ ਵਿਚ ਪਦਮ ਹੈ। ਇਤਿਹਾਸ ਇਹ ਕਹਿੰਦੈ ਕਿ ਪਦਮ ਗੁਰੂ ਅਮਰਦਾਸ ਜੀ ਦੇ ਚਰਨਾਂ ਵਿਚ ਸੀ, ਪਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਭੱਟ ਬੋਲਦੇ ਹਨ ਕਿ ਪਦਮ ਗੁਰੂ ਅਮਰਦਾਸ ਜੀ ਦੇ ਹੱਥ ਵਿਚ ਸੀ। ਇਤਿਹਾਸ ਤੇ ਬਾਣੀ ਵਿਚ ਇਹ ਅੰਤਰ ਕਿਉਂ ਹੈ? ਇਤਿਹਾਸ ਆਪਣੀ ਥਾਂ 'ਤੇ ਠੀਕ ਹੈ, ਬਾਣੀ ਆਪਣੀ ਥਾਂ 'ਤੇ ਸੱਚ ਨੂੰ ਪੇਸ਼ ਕਰ ਰਹੀ ਹੈ। ਇਤਿਹਾਸ ਵਿਚ ਜਿਸ ਪਦਮ ਦਾ ਜ਼ਿਕਰ ਹੈ, ਉਹ ਚਰਨਾਂ ਵਿਚ ਹੈ। ਜੋਤਿਸ਼ ਵਿਦਿਆ

ਅਨੁਸਾਰ ਜੋ ਪਦਮ ਰੇਖਾ ਪੈਰਾਂ ਵਿਚ ਬਣ ਜਾਂਦੀ ਹੈ, ਇਤਿਹਾਸ ਵਿਚ ਉਸ ਦਾ ਜ਼ਿਕਰ ਹੈ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬਾਣੀ ਵਿਚ ਭੱਟਾਂ ਨੇ ਜਿਸ ਪਦਮ ਦਾ ਜ਼ਿਕਰ ਕੀਤੈ, ਉਹ ਇਹ ਹੈ ਕਿ ਹੱਥਾਂ ਵਿਚ ਬਰਕਤ ਆ ਜਾਂਦੀ ਹੈ, ਹੱਥਾਂ ਵਿਚ ਸੱਤਿਆ ਆ ਜਾਂਦੀ ਹੈ, ਹੱਥਾਂ ਵਿਚ ਤਾਕਤ ਆ ਜਾਂਦੀ ਹੈ। ਹੇ ਗੁਰੂ ਅਮਰਦਾਸ ਜੀ! ਤੁਹਾਡਾ ਜੋ ਦਾਇਆਂ ਹੱਥ ਹੈ, ਇਹਦੇ ਵਿਚ ਬਰਕਤਾਂ ਆ ਗਈਆਂ ਹਨ। ਇਹਦੇ ਵਿਚ ਪਦਮ ਬਣ ਗਿਐ, "ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ"। ਜਿਤਨੀਆਂ ਸਿੱਧੀਆਂ ਨੇ, ਉਹ ਤੁਹਾਡੇ ਮੁਖੜੇ ਨੂੰ ਤਕ ਰਹੀਆਂ ਹਨ ਕਿ ਤੁਹਾਡੀ ਰਸਨਾ ਤੋਂ ਕੋਈ ਬਚਨ ਨਿਕਲੇ ਤੇ ਉਹ ਕੰਮ ਕਰਨ, "ਰਿਧਿ ਬਸੈ ਬਾਂਵਾਂਗਿ ਜੁ ਤੀਨਿ ਲੋਕਾਂਤਰ ਮੋਹੈ"। ਪਰ ਤੁਹਾਡਾ ਜਿਹੜਾ ਬਾਇਆਂ ਹੱਥ ਹੈ, ਉਹ ਭੀ ਖ਼ਾਲੀ ਨਹੀਂ। ਤੁਹਾਡੇ ਬਾਏਂ ਹੱਥ ਵਿਚ ਵੀ ਰਿਧੀਆਂ ਹਨ, ਤੁਹਾਡੇ ਦਾਇਨੇ ਹੱਥ ਵਿਚ ਪਦਮ ਹੈ। ਤੁਹਾਡੇ ਮੁਖੜੇ ਦੇ ਸਾਹਮਣੇ ਸਿੱਧੀਆਂ ਬੈਠੀਆਂ ਹਨ। ਇਤਨੀ ਲੰਬੀ ਚੌੜੀ ਬਰਕਤ ਕਿਸ ਤਰ੍ਹਾਂ ਆ ਗਈ ? ਤਾਂ ਭੱਟ ਕਹਿੰਦੇ ਹਨ :

ਰਿਦੈ ਬਸੈ ਅਕਹੀਉ ਸੋਇ ਰਸੁ ਤਿਨ ਹੀ ਜਾਤਉ ॥
ਮੁਖਹੁ ਭਗਤਿ ਉਚਰੈ ਅਮਰੁ ਗੁਰੁ ਇਤੁ ਰੰਗਿ ਰਾਤਉ ॥

(ਸਵਈਏ ਮਹਲੇ ਤੀਜੇ ਕੇ ੩, ਪੰਨਾ 1394)

ਹੇ ਗੁਰੂ ਅਮਰਦਾਸ ਜੀ! ਤੁਹਾਡੇ ਹਿਰਦੇ ਵਿਚ ਇਕ ਰਸ ਪਰਮਾਤਮਾ ਦਾ ਨਾਮ ਕੀ ਟਿਕਿਐ ਕਿ ਤੁਹਾਡੇ ਹੱਥ ਦੇ ਵਿਚ ਪਦਮ ਬਣ ਗਿਐ। ਤੁਹਾਡੇ ਬਾਏਂ ਹੱਥ ਵਿਚ ਰਿਧੀਆਂ ਆ ਗਈਆਂ ਹਨ ਅਤੇ ਸਿੱਧੀਆਂ ਤੁਹਾਡੀ ਦਾਸੀ ਬਣ ਗਈਆਂ ਹਨ। ਗੁਰੂ ਅਮਰਦਾਸ ਜੀ ਮਹਾਰਾਜ ਦਾ ਆਪਣਾ ਭੀ ਵਾਕ ਹੈ :

ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ
ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥

(ਵਾਰ ਸੋਰਠਿ, ਮ: ੩, ਪੰਨਾ 649)

ਜਿਹਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸ ਜਾਂਦਾ ਹੈ, ਰਿਧੀਆਂ ਸਿਧੀਆਂ ਉਸ ਦੀ ਪਰਿਕਰਮਾ ਕਰਦੀਆਂ ਹਨ, "ਰਿਧਿ ਸਿਧਿ ਤਾ ਕੀ ਦਾਸੀ"। ਸਿਮਰਨ ਕਰਦਿਆਂ ਕਰਦਿਆਂ, ਭਜਨ ਕਰਦਿਆਂ ਕਰਦਿਆਂ ਜਿਉਂ ਹੀ ਮਨੁੱਖ ਪਹੁੰਚਦੈ ਕਰਮ-ਖੰਡ ਵਿਚ, ਉਸ ਦੀ ਬਾਣੀ ਵਿਚ ਤਾਕਤ ਆ ਜਾਂਦੀ ਹੈ। ਉਹਦੇ ਹੱਥਾਂ ਵਿਚ ਬਰਕਤ ਆ ਜਾਂਦੀ ਹੈ। ਉਹਦੇ ਕਦਮਾਂ ਵਿਚ ਕ੍ਰਾਂਤੀ ਆ ਜਾਂਦੀ ਹੈ। ਉਹਦੇ ਬਚਨਾਂ ਵਿਚ ਸੱਤਿਆ ਆ ਜਾਂਦੀ ਹੈ, "ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ॥" ਉਸ ਅਵਸਥਾ ਵਿਚ ਅਭਿਆਸੀ ਦੇ ਮਨ ਦੇ ਵਿਚ ਇਕ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਭੀ ਨਹੀਂ

ਹੁੰਦਾ। ਉਹ ਪਰਮਾਤਮਾ ਵਿਚ ਹੁੰਦੈ, ਪਰਮਾਤਮਾ ਉਸ ਦੇ ਵਿਚ ਹੁੰਦੈ, "ਤਿਥੈ ਜੋਧ ਮਹਾਬਲ ਸੂਰ"। ਪਰ ਕਰਮ-ਖੰਡ ਤਕ ਮਹਾਰਾਜ ਕਹਿੰਦੇ ਹਨ, ਕੋਈ ਜੋਧੇ, ਕੋਈ ਮਹਾਂਬਲੀ, ਕੋਈ ਸੂਰਮੇ ਹੀ ਪਹੁੰਚਦੇ ਹਨ। ਹਰ ਮਨੁੱਖ ਦੀ ਇਥੋਂ ਤਕ ਪਹੁੰਚ ਨਹੀਂ ਹੈ। ਸੰਸਾਰ ਵਿਚ ਅਸੀਂ ਸਿਰਫ਼ ਉਂਗਲੀਆਂ 'ਤੇ ਹੀ ਗਿਣ ਸਕਦੇ ਹਾਂ ਉਨ੍ਹਾਂ ਮਨੁੱਖਾਂ ਨੂੰ ਜੋ ਕਰਮ-ਖੰਡ ਤਕ ਪਹੁੰਚਦੇ ਹਨ, ਇਹ ਬਹੁਤ ਕਠਨ ਸਾਧਨਾ ਹੈ। ਇਸ ਵਾਸਤੇ ਸਾਹਿਬ ਕਹਿੰਦੇ ਹਨ, ਕਮਜ਼ੋਰ ਦਿਲ ਦਿਮਾਗ਼ ਰੱਖਣ ਵਾਲੇ, ਕਮਜ਼ੋਰ ਸਾਧਨਾ ਕਰਨ ਵਾਲੇ, ਆਲਸ, ਨਿੰਦਰਾ-ਤੰਦਰਾ ਵਿਚ ਫਸੇ ਹੋਏ ਮਨੁੱਖ ਲਈ ਕਰਮ-ਖੰਡ ਤਕ ਪਹੁੰਚਣਾ ਤੇ ਬਹੁਤ ਔਖੀ ਗੱਲ ਹੈ, ਉਹ ਤਾਂ ਗਿਆਨ-ਖੰਡ ਤਕ ਭੀ ਨਹੀਂ ਪਹੁੰਚ ਸਕਦੇ। ਕਰਮ-ਖੰਡ ਤਕ ਪਹੁੰਚਣ ਵਾਲੇ ਜਿਹੜੇ ਪੁਰਸ਼ ਹਨ, ਸਾਹਿਬ ਕਹਿੰਦੇ ਹਨ, ਉਹ ਤਾਂ ਕੋਈ ਮਹਾਂਬਲੀ ਸੂਰਮੇ ਤੇ ਜੋਧੇ ਹਨ:

ਤਿਥੈ ਜੋਧ ਮਹਾਬਲ ਸੂਰ ॥
ਤਿਨ ਮਹਿ ਰਾਮੁ ਰਹਿਆ ਭਰਪੂਰ ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥
ਤਾ ਕੇ ਰੂਪ ਨ ਕਥਨੇ ਜਾਹਿ ॥ *(ਜਪੁ ਜੀ, ਪੰਨਾ 8)*

ਜੋ ਕਰਮ-ਖੰਡ ਤਕ ਪਹੁੰਚ ਗਿਐ, ਗੁਰੂ ਨਾਨਕ ਦੇਵ ਜੀ ਮਹਾਰਾਜ ਫ਼ੁਰਮਾਨ ਕਰਦੇ ਹਨ ਕਿ ਉਸ ਮਨੁੱਖ ਦੀ ਮਹਿਮਾ, ਸ੍ਰੀ ਰਾਮ ਤੇ ਉਨ੍ਹਾਂ ਦੀ ਪਤਨੀ ਸੀਤਾ ਭੀ ਗਾਇਨ ਕਰਦੀ ਹੈ। ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਭੀ ਕਥਨ ਹੈ:

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥

(ਗਉੜੀ ਸੁਖਮਨੀ ਮ: ੫, ਪੰਨਾ 273)

ਜੋ ਬ੍ਰਹਮ ਗਿਆਨੀ ਹੈ, ਜਿਹਦੇ ਅੰਦਰ ਬ੍ਰਹਮ ਦਾ ਗਿਆਨ ਪੈਦਾ ਹੋ ਗਿਐ, ਜਿਸ ਦੇ ਅੰਦਰ ਬ੍ਰਹਮ ਦਾ ਰਸ ਪੈਦਾ ਹੋ ਗਿਐ, ਸ਼ਿਵਜੀ ਭੀ ਉਸ ਦੀ ਤਲਾਸ਼ ਵਿਚ ਹੈ, ਮਹਾਂਦੇਵ ਭੀ ਪ੍ਰਾਰਥਨਾ ਕਰਦੇ ਹਨ ਅਕਾਲ ਪੁਰਖ ਦੇ ਅੱਗੇ ਕਿ ਹੇ ਅਕਾਲ ਪੁਰਖ! ਕਿਸੇ ਐਸੇ ਪੁਰਖ ਦੇ ਦਰਸ਼ਨ ਕਰਾ ਜਿਸ ਦੇ ਅੰਦਰ ਤੇਰਾ ਵਾਸਾ ਹੋ ਗਿਆ ਹੈ। ਜਿਥੇ ਤੂੰ ਪ੍ਰਗਟ ਹੋ ਗਿਆ ਹੈਂ, ਉਸ ਬ੍ਰਹਮ ਗਿਆਨੀ ਦੇ ਦਰਸ਼ਨ ਕਰਾ, "ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ"। ਬ੍ਰਹਮ ਗਿਆਨੀ ਦੀ ਤਲਾਸ਼ ਕਰਦੈ ਸ਼ਿਵਜੀ। ਅਸੀਂ ਆਪਣੀ ਅਰਦਾਸ ਵਿਚ ਬਾਕਾਇਦਾ ਇਹ ਸ਼ਬਦ ਜੋੜੇ ਹੋਏ ਹਨ ਕਿ ਸੋਈ ਸੰਤ ਗੁਰਮੁਖਿ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚੇਤੇ ਆਵੇ। ਇਹ ਸਾਡੀ ਮੰਗ ਹੈ:

ਜਿਨ੍ਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥

(ਵਾਰ ਗੂਜਰੀ, ਮ: ੫, ਪੰਨਾ 520)

ਉਹ ਸਾਡੇ ਮਿੱਤਰ ਹਨ ਜਿਨ੍ਹਾਂ ਦੇ ਦੀਦਾਰ ਕਰਨ ਨਾਲ ਦੁਰਮਤ ਨਾਸ ਹੋਵੇ, ਜਿਨ੍ਹਾਂ ਦੇ ਮਿਲਦਿਆਂ ਪਰਮਾਤਮਾ ਚੇਤੇ ਆਵੇ, ਜਿਨ੍ਹਾਂ ਦੇ ਕੋਲ ਬੈਠਿਆਂ ਰੱਬ ਦੀ ਸਿਮਰਤੀ ਜਾਗੇ। ਜਿਵੇਂ ਹਿਮਾਲਿਆ ਪਰਬਤ 'ਤੇ ਚਲੇ ਜਾਈਏ ਤਾਂ ਠੰਢ ਆਪਣੇ ਆਪ ਮਿਲਦੀ ਹੈ। ਫੁੱਲਾਂ ਕੋਲ ਬੈਠੀਏ ਤਾਂ ਮਹਿਕ ਆਪਣੇ ਆਪ ਮਿਲਦੀ ਹੈ। ਜਲਦੇ ਹੋਏ ਦੀਵੇ ਕੋਲ ਬੈਠੀਏ ਤਾਂ ਪ੍ਰਕਾਸ਼ ਆਪਣੇ ਆਪ ਮਿਲਦੈ। ਰੱਬ ਨਾਲ ਜੁੜੇ ਹੋਏ ਮਨੁੱਖ ਕੋਲ ਬੈਠੀਏ ਤਾਂ ਮਨ ਆਪਣੇ ਆਪ ਹੀ ਜੁੜਨ ਨੂੰ ਕਰਦੈ। ਮਨ ਨੂੰ ਆਪੇ ਹੀ ਕੁਝ ਚੈਨ ਮਿਲਦੈ। ਮਨ ਨੂੰ ਆਪੇ ਹੀ ਕੁਝ ਪ੍ਰੇਰਨਾ ਮਿਲਦੀ ਹੈ। ਇਸ ਵਾਸਤੇ ਸਾਹਿਬ ਕਹਿੰਦੇ ਹਨ, ਕਰਮ-ਖੰਡ ਤਕ ਕੋਈ ਵਿਰਲੇ ਹੀ ਪਹੁੰਚਦੇ ਹਨ। ਕੌਣ ?"ਤਿਥੈ ਜੋਧ ਮਹਾਬਲ ਸੂਰ॥ ਤਿਨ ਮਹਿ ਰਾਮੁ ਰਹਿਆ ਭਰਪੂਰ॥" ਕੋਈ ਜੋਧੇ, ਕੋਈ ਮਹਾਂਬਲੀ, ਕੋਈ ਸੂਰਮੇ, ਇਸ ਬਖ਼ਸ਼ਿਸ਼ ਦੇ ਖੰਡ ਤਕ ਪਹੁੰਚਦੇ ਹਨ। ਉਹ ਰਾਮ ਦੇ ਵਿਚ ਸਮਾਅ ਜਾਂਦੇ ਹਨ ਤੇ ਰਾਮ ਉਨ੍ਹਾਂ ਦੇ ਅੰਦਰ ਲੀਨ ਹੋ ਜਾਂਦਾ ਹੈ। ਉਹ ਇਕ-ਮਿਕ ਹੋ ਜਾਂਦੇ ਹਨ। ਸਾਧਨਾ ਅਜੇ ਭੀ ਜਾਰੀ ਹੈ, ਜਾਪ ਅਜੇ ਭੀ ਜਾਰੀ ਹੈ, ਪਰ ਜਾਪ ਕਰਦਿਆਂ ਕਰਦਿਆਂ ਅਚਨਚੇਤ ਅਭਿਆਸੀ ਇੰਜ ਮਹਿਸੂਸ ਕਰਦੈ ਜਿਵੇਂ ਕੋਈ ਸਰਿਤਾ ਸਾਗਰ ਵਿਚ ਲੀਨ ਹੋ ਜਾਏ, ਤਾਂ ਸਰਿਤਾ ਦਾ ਨਾਮ, ਸਰਿਤਾ ਦੀ ਹੋਂਦ ਖੋਅ ਜਾਂਦੀ ਹੈ ਅਤੇ ਉਹ ਸਾਗਰ ਦਾ ਰੂਪ ਹੋ ਜਾਂਦੀ ਹੈ। ਇਸ ਤਰ੍ਹਾਂ ਹੀ ਭਗਤ, ਭਗਵਾਨ ਵਿਚ ਖੋਅ ਕੇ ਭਗਵਾਨ ਦਾ ਰੂਪ ਹੋ ਜਾਂਦਾ ਹੈ। ਸਿੱਖ, ਗੁਰੂ ਵਿਚ ਖੋਅ ਕੇ ਗੁਰੂ ਦਾ ਰੂਪ ਹੋ ਜਾਂਦਾ ਹੈ। ਸਾਦਿਕ ਈਸ਼ਵਰ ਵਿਚ ਖੋਅ ਕੇ ਈਸ਼ਵਰ ਦਾ ਰੂਪ ਹੋ ਜਾਂਦਾ ਹੈ। ਜਿਵੇਂ ਵਾਕ ਹਨ:

ਨਾਮੇ ਨਾਰਾਇਨ ਨਾਹੀ ਭੇਦੁ॥ *(ਭੈਰਉ ਨਾਮਦੇਉ ਜੀਉ, ਪੰਨਾ 1166)*

ਹੁਣ ਨਾਮਦੇਵ ਵਿਚ ਤੇ ਨਾਰਾਇਣ ਵਿਚ ਕੋਈ ਭੇਦ ਨਹੀਂ ਰਿਹਾ।

ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥

(ਰਾਮਕਲੀ ਕਬੀਰ ਜੀ, ਪੰਨਾ 969)

ਹੁਣ ਕਬੀਰ ਵਿਚ ਤੇ ਰਾਮ ਵਿਚ ਕੋਈ ਭੇਦ ਨਹੀਂ ਰਿਹਾ। ਹੁਣ ਸਿੱਖ ਤੇ ਗੁਰੂ ਵਿਚ ਕੋਈ ਭੇਦ ਨਹੀਂ ਰਿਹਾ, ਹੁਣ ਸਾਦਿਕ ਤੇ ਪਰਮਾਤਮਾ ਵਿਚ ਕੋਈ ਭੇਦ ਨਹੀਂ ਰਿਹਾ। ਕਿਉਂ ?

ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥

(ਸੋਰਠਿ ਮਹਲਾ ੯, ਪੰਨਾ 633)

ਜਿਸ ਤਰ੍ਹਾਂ ਪਾਣੀ ਦੇ ਅੰਦਰ ਪਾਣੀ ਲੀਨ ਹੋ ਜਾਂਦਾ ਹੈ, ਇਸੇ ਤਰ੍ਹਾਂ ਆਤਮਾ ਪਰਮਾਤਮਾ ਵਿਚ ਲੀਨ ਹੋ ਗਈ ਹੈ। ਸਾਹਿਬ ਕਹਿੰਦੇ ਹਨ, ਗੋਬਿੰਦ-ਮਿਲਨ ਸਾਨੂੰ ਨਸੀਬ ਹੋ ਗਿਐ। ਕਬੀਰ ਕਹਿੰਦੇ ਹਨ:

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥

(ਰਾਮਕਲੀ ਕਬੀਰ ਜੀ, ਪੰਨਾ 969)

ਹੁਣ ਕਬੀਰ ਰਾਮ ਬਣ ਗਏ ਹਨ ਅਤੇ ਰਾਮ ਕਬੀਰ ਬਣ ਗਏ ਹਨ। ਜੇਕਰ ਕੋਈ ਪਹਿਚਾਨ ਕਰਨਾ ਚਾਹੇਗਾ ਤਾਂ ਪਹਿਚਾਨ ਨਹੀਂ ਹੋ ਸਕੇਗੀ ਕਿ ਕਬੀਰ ਕੌਣ ਹੈ ਤੇ ਰਾਮ ਕੌਣ ਹੈ। ਹੁਣ ਰਾਮ ਤੇ ਕਬੀਰ ਦਾ ਅੰਤਰ ਮਿਟ ਗਿਐ। ਆਪ ਨੇ ਇਕ ਸ਼ਬਦ ਦੇ ਰਾਹੀਂ ਪੂਰਨ ਰੂਪ ਵਿਚ ਸਮਝਾਇਆ ਭੀ ਹੈ:

ਗੰਗਾ ਕੈ ਸੰਗਿ ਸਲਿਤਾ ਬਿਗਰੀ॥
ਸੋ ਸਲਿਤਾ ਗੰਗਾ ਹੋਇ ਨਿਬਰੀ॥
ਬਿਗਰਿਓ ਕਬੀਰਾ ਰਾਮ ਦੁਹਾਈ॥
ਸਾਚੁ ਭਇਓ ਅਨ ਕਤਹਿ ਨ ਜਾਈ॥
ਚੰਦਨ ਕੈ ਸੰਗਿ ਤਰਵਰੁ ਬਿਗਰਿਓ॥
ਸੋ ਤਰਵਰੁ ਚੰਦਨੁ ਹੋਇ ਨਿਬਰਿਓ॥ *(ਭੈਰਉ ਕਬੀਰ ਜੀ, ਪੰਨਾ 1158)*

ਜਿਵੇਂ ਨਦੀ ਨਾਲੇ ਗੰਗਾ ਦਾ ਸੰਗ ਕਰ ਕੇ ਗੰਗਾ ਦਾ ਹੀ ਰੂਪ ਹੋ ਜਾਂਦੇ ਹਨ, ਤਿਵੇਂ ਹੀ ਸਤਿਸੰਗ ਕਰ ਕੇ ਕਬੀਰ ਰਾਮ ਦਾ ਹੀ ਰੂਪ ਹੋ ਗਿਆ ਹੈ, ਈਸ਼ਵਰ ਦਾ ਹੀ ਰੂਪ ਹੋ ਗਿਐ, ਪਰਮਾਤਮਾ ਦਾ ਰੂਪ ਹੋ ਗਿਐ। ਮਨੁੱਖ ਦੀ ਮੰਜ਼ਲ ਹੈ ਸੱਚਖੰਡ। ਉਥੇ ਕੀ ਹੁੰਦਾ ਹੈ:

ਸਚ ਖੰਡਿ ਵਸੈ ਨਿਰੰਕਾਰੁ॥ *(ਜਪੁ ਜੀ, ਪੰਨਾ 8)*

ਉਥੇ ਉਹ ਨਿਰੰਕਾਰ ਵਿਚ ਜਾ ਵਸਦੈ ਅਤੇ ਨਿਰੰਕਾਰ ਉਸ ਦੇ ਵਿਚ ਆ ਕੇ ਲੀਨ ਹੋ ਜਾਂਦੈ। ਇਹ ਪੰਜਵੀਂ ਮੰਜ਼ਲ ਹੈ, ਇਹ ਪੰਜਵਾਂ ਘਰ ਹੈ। ਭੇਦ ਮਿਟ ਜਾਂਦੇ ਹਨ। ਈਸ਼ਵਰ ਤੇ ਮਨੁੱਖ ਵਿਚ ਹੁਣ ਕੋਈ ਭੇਦ ਰਹਿ ਨਹੀਂ ਜਾਂਦਾ। ਧਰਮ-ਖੰਡ ਤੋਂ ਜੋ ਯਾਤਰਾ ਸ਼ੁਰੂ ਹੋਈ ਸੁਰਤ ਦੀ, ਪਹੁੰਚ ਗਈ ਸਚਖੰਡ ਵਿਚ ਅਤੇ ਇਸੇ ਤਰੀਕੇ ਨਾਲ ਸਨਾਤਨ ਮਤਿ ਦੇ ਤਰੀਕੇ ਅਨੁਸਾਰ ਕਰਮ-ਕਾਂਡ ਤੋਂ ਯਾਤਰਾ ਜਿਹੜੀ ਸ਼ੁਰੂ ਹੋਈ, ਪਹੁੰਚ ਗਈ ਗਿਆਨ-ਕਾਂਡ ਤਕ। ਇਸੇ ਤਰੀਕੇ ਨਾਲ ਮੁਹੰਮਦ ਸਾਹਿਬ ਦਾ ਕਥਨ ਹੈ ਕਿ ਸ਼ਰੀਅਤ ਤੋਂ ਜਿਹੜੀ ਯਾਤਰਾ ਸ਼ੁਰੂ ਹੋਈ, ਉਹ ਪਹੁੰਚ ਗਈ ਹਕ਼ੀਕ਼ਤ ਤਕ, ਉਹ ਪਹੁੰਚ ਗਈ ਖ਼ੁਦਾ ਤਕ, ਉਹ ਪਹੁੰਚ ਗਈ ਅੱਲ੍ਹਾ ਤਕ। ਮਨੁੱਖ ਦੀ ਮੰਜ਼ਲ ਹੈ ਅੱਲ੍ਹਾ, ਮਨੁੱਖ ਦੀ ਮੰਜ਼ਲ ਹੈ ਰਾਮ, ਮਨੁੱਖ ਦੀ ਮੰਜ਼ਲ ਹੈ ਅਕਾਲ ਪੁਰਖ। ਜਿਥੇ ਮਨੁੱਖ ਖੜ੍ਹਾ ਹੈ, ਉਥੋਂ

ਯਾਤਰਾ ਅਰੰਭ ਕਰਨੀ ਪਵੇਗੀ। ਜ਼ਿੰਦਗੀ ਨੂੰ ਜਿਸ ਵਕਤ ਵਿਧੀ ਵਿਧਾਨ ਦਿੱਤਾ, ਉਸ ਵਕਤ ਯਾਤਰਾ ਆਰੰਭ ਹੋ ਗਈ ਅਤੇ ਸਹਿਜੇ ਸਹਿਜੇ ਜਿਵੇਂ ਨਦੀ ਚਲਦੀ ਹੈ, ਸੈਂਕੜੇ ਮੀਲ ਦੀ ਵਾਟ ਤਹਿ ਕਰ ਕੇ ਸਾਗਰ ਤਕ ਪਹੁੰਚਦੀ ਹੈ। ਇਸ ਤਰ੍ਹਾਂ ਹੀ ਸਾਦਿਕ ਰੋਜ਼ ਸਾਧਨਾ ਕਰਦਿਆਂ ਕਰਦਿਆਂ ਆਪਣੀ ਸੁਰਤ ਨੂੰ ਗਤੀ ਦਿੰਦੈ ਅਤੇ ਇਕ ਦਿਨ ਸੁਰਤ ਸਚਖੰਡ ਤਕ ਪਹੁੰਚ ਜਾਂਦੀ ਹੈ। ਇਸ ਮਾਰਗ ਵਿਚ ਰੋਕਾਂ ਭੀ ਅਨੇਕਾਂ ਹਨ, ਕਿਉਂਕਿ ਇਹ ਮਾਰਗ ਮੈਦਾਨੀ ਮਾਰਗ ਨਹੀਂ ਹੈ, ਇਹ ਮਾਰਗ ਪਹਾੜੀ ਰਸਤਾ ਹੈ, ਚੜ੍ਹਾਈ ਹੈ। ਪਾਣੀ ਨੀਵਾਣ ਦੀ ਤਰਫ਼ ਆਪਣੇ ਆਪ ਜਾਂਦਾ ਹੈ, ਪਰ ਉਸ ਨੂੰ ਉਪਰ ਚਾੜ੍ਹਨਾ ਹੋਵੇ ਤਾਂ ਦਬਾਉ, ਪ੍ਰੈਸ਼ਰ ਚਾਹੀਦਾ ਹੈ। ਸੁਰਤ ਨੀਵਾਣ ਦੀ ਤਰਫ਼ ਆਪਣੇ ਆਪ ਜਾਂਦੀ ਹੈ, ਪਰ ਸਚਖੰਡ ਦੀ ਤਰਫ਼ ਲੈ ਜਾਣ ਵਾਸਤੇ ਕੁਝ ਆਸਰੇ ਚਾਹੀਦੇ ਹਨ, ਕੁਝ ਵਸੀਲੇ ਚਾਹੀਦੇ ਹਨ, ਕਿਉਂਕ ਸਚਖੰਡ ਟੀਸੀ ਹੈ, ਚੜ੍ਹਾਈ ਹੈ। ਧਰਮ ਦਾ ਮਾਰਗ ਮੈਦਾਨੀ ਰਸਤਾ ਨਹੀਂ, ਇਹ ਪਹਾੜੀ ਰਸਤਾ ਹੈ। ਭਗਤ ਕਬੀਰ ਜੀ ਮਹਾਰਾਜ ਦਾ ਕਥਨ ਹੈ:

> ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ॥
> ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ॥੧੬੫॥
>
> *(ਸਲੋਕ ਕਬੀਰ ਜੀ, ਪੰਨਾ 1373)*

ਮੈਂ ਰਾਮ ਨਾਮ ਦੀ ਬਿਖੜੀ ਘਾਟੀ ਉੱਪਰ ਚੜ੍ਹ ਰਿਹਾ ਹਾਂ, ਆਪਣੀ ਸੁਰਤ ਨੂੰ ਚੜ੍ਹਾ ਰਿਹਾ ਹਾਂ। ਜਿਨ੍ਹਾਂ ਲੋਕਾਂ ਨੂੰ ਪਹਾੜਾਂ ਉੱਪਰ ਚੜ੍ਹਨ ਦਾ ਥੋੜਾ ਬਹੁਤ ਭੀ ਅਨੁਭਵ ਹੈ, ਉਨ੍ਹਾਂ ਨੂੰ ਪਤਾ ਹੋਵੇਗਾ ਕਿ ਚੜ੍ਹਨਾ ਕਿਤਨਾ ਕਠਨ ਹੈ, ਦਮ ਫੁਲ ਜਾਂਦਾ ਹੈ, ਗੋਡੇ ਰਹਿ ਜਾਂਦੇ ਹਨ, ਸਰੀਰ ਰਹਿ ਜਾਂਦਾ ਹੈ। ਸੁਰਤ ਨੂੰ ਚੜ੍ਹਾਣ ਲਗਿਆਂ ਭੀ ਇਸ ਤਰੀਕੇ ਦੀ ਮਿਹਨਤ ਕਰਨੀ ਪੈਂਦੀ ਹੈ। ਜਿਸ ਤਰ੍ਹਾਂ ਨੀਵਾਣ ਦੀ ਤਰਫ਼ ਆਉਣਾ ਹੋਵੇ, ਪਉੜੀਆਂ ਤੋਂ ਥੱਲੇ ਲਹਿਣਾ ਹੋਵੇ, ਇਹ ਜ਼ਰਾ ਆਸਾਨ ਹੈ; ਸੁਰਤ ਨੂੰ ਥੱਲੇ ਉਤਾਰਨਾ ਹੋਵੇ, ਇਹ ਆਮ ਗੱਲ ਹੈ। ਕ੍ਰੋਧੀ ਬਣਨੈ, ਲੋਭੀ ਬਣਨੈ, ਝੂਠਾ ਬਣਨੈ, ਫ਼ਰੇਬੀ ਬਣਨੈ, ਇਹ ਮਨੁੱਖ ਆਪੇ ਹੀ ਬਣ ਜਾਂਦਾ ਹੈ, ਬਿਨਾਂ ਪ੍ਰੇਰਨਾ ਤੋਂ ਬਣ ਜਾਂਦਾ ਹੈ, ਬਿਨਾਂ ਕਿਸੇ ਦੀ ਸੰਗਤ ਤੋਂ ਵੀ ਬਣ ਜਾਂਦਾ ਹੈ। ਪਰ ਸਚਖੰਡ ਤਕ ਪਹੁੰਚਣੈ, ਗਿਆਨ-ਕਾਂਡ ਤਕ ਪਹੁੰਚਣੈ, ਪਰਮਾਤਮਾ ਤਕ ਪਹੁੰਚਣੈ ਤਾਂ ਵਸੀਲੇ ਚਾਹੀਦੇ ਹਨ, ਆਸਰੇ ਚਾਹੀਦੇ ਹਨ। ਬਿਨਾਂ ਸਾਰਿਆਂ ਤੋਂ ਇਹ ਗੱਲ ਨਹੀਂ ਬਣੇਗੀ, ਕਿਉਂਕਿ ਸਚਖੰਡ ਸਿਖਰ ਹੈ, ਬੁਲੰਦੀ ਹੈ, ਟੀਸੀ ਹੈ। ਰਵੀਦਾਸ ਜੀ ਮਹਾਰਾਜ ਇਸ ਪਹਾੜ 'ਤੇ ਚੜ੍ਹਦਿਆਂ ਹੋਇਆਂ, ਆਪਣੀ ਅਸਮਰਥਾ ਇਸ ਢੰਗ ਨਾਲ ਪ੍ਰਗਟ ਕਰਦੇ ਹਨ:

ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥
ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥
(ਗਉੜੀ ਬੈਰਾਗਣਿ ਰਵਿਦਾਸ ਜੀ, ਪੰਨਾ 345)

ਭਗਤ ਰਵਿਦਾਸ ਜੀ ਮਹਾਰਾਜ ਦਾ ਕਹਿਣਾ ਹੈ ਕਿ ਮੇਰਾ ਮਨ ਰੂਪੀ ਬੈਲ ਤਾਂ ਬੜਾ ਕਮਜ਼ੋਰ ਹੈ, ਜਿਸ ਦੇ ਉੱਤੇ ਮੈਂ ਰਾਮ ਨਾਮ ਦੀ ਦੌਲਤ ਲੱਦੀ ਹੋਈ ਹੈ, ਅੱਗੇ ਘਾਟੀਆਂ ਬੜੀਆਂ ਬਿਖੜੀਆਂ ਹਨ, ਮਾਰਗ ਬੜੇ ਬਿਖੜੇ ਹਨ। ਜਿਨ੍ਹਾਂ ਨੇ ਕਦੀ ਅਮਰਨਾਥ, ਹੇਮਕੁੰਟ ਜਾਂ ਬਦਰੀ ਨਾਰਾਇਣ ਦੀ ਪੈਦਲ ਯਾਤਰਾ ਕੀਤੀ ਹੈ, ਉਨ੍ਹਾਂ ਨੂੰ ਪਤਾ ਹੋਵੇਗਾ ਕਿ ਇਹ ਮਾਰਗ ਕਿਤਨਾ ਬਿਖੜਾ ਹੈ ਅਤੇ ਇਹਦੇ ਉਪਰ ਚੱਲਣਾ ਕਿਤਨਾ ਕਠਨ ਹੈ ਅਤੇ ਉਤਨਾ ਹੀ ਕਠਨ ਹੈ ਸੁਰਤ ਨੂੰ ਉਪਰ ਚਾੜ੍ਹਨਾ। ਮਨੁੱਖ ਅੱਠਵੀਂ ਮੰਜ਼ਲ 'ਤੇ ਖੜਾ ਹੋਵੇ, ਉਸ ਨੂੰ ਧੱਕਾ ਮਾਰ ਕੇ ਥੱਲੇ ਗਿਰਾਇਆ ਜਾ ਸਕਦਾ ਹੈ, ਪਰ ਜੋ ਥੱਲੇ ਖੜਾ ਹੈ, ਉਸ ਨੂੰ ਧੱਕਾ ਮਾਰ ਕੇ ਉਪਰ ਨਹੀਂ ਚੜ੍ਹਾਇਆ ਜਾ ਸਕਦਾ। ਇਕ ਧੱਕੇ ਨਾਲ ਥੱਲੇ ਜ਼ਰੂਰ ਗਿਰਾਇਆ ਜਾ ਸਕਦੈ, ਇਕ ਧੱਕੇ ਨਾਲ ਉਪਰ ਨਹੀਂ ਚਾੜ੍ਹਿਆ ਜਾ ਸਕਦਾ। ਮਨੁੱਖ ਸਹਿਜੇ ਸਹਿਜੇ ਮਿਹਨਤ ਕਰੇ ਅਤੇ ਸੁਰਤ ਨੂੰ ਉਪਰ ਚਾੜ੍ਹੇ। ਸਰਮ-ਖੰਡ ਤੋਂ ਬਾਅਦ ਗਿਆਨ-ਖੰਡ ਵਿਚ ਆ ਜਾਏ, ਗਿਆਨ-ਖੰਡ ਤੋਂ ਬਾਅਦ ਇਹ ਸਰਮ-ਖੰਡ ਵਿਚ ਆ ਜਾਏ। ਇਕ ਦਿਨ ਦੀ ਕੁਸੰਗਤ, ਇਕ ਦਿਨ ਦਾ ਭੈੜਾ ਮਾਹੌਲ, ਇਕ ਦਿਨ ਦਾ ਧੱਕਾ ਉਸ ਦੀ ਮਿਹਨਤ ਨੂੰ ਕਈ ਸਾਲਾਂ ਲਈ ਬਰਬਾਦ ਕਰ ਸਕਦਾ ਹੈ। ਉਹ ਥੱਲੇ ਆ ਜਾਏਗਾ ਪਰ ਇਕ ਦਿਨ ਦੇ ਸਤਿਸੰਗ ਨਾਲ ਇਹ ਚੜ੍ਹ ਨਹੀਂ ਸਕਦਾ। ਇਕਦਮ ਸੁਰਤ ਚੜ੍ਹੇਗੀ ਨਹੀਂ, ਕਿਉਂਕਿ ਚੜ੍ਹਨ ਲਗਿਆਂ ਮਿਹਨਤ ਦੀ ਲੋੜ ਹੈ। ਚੜ੍ਹਨ ਲੱਗਿਆਂ ਸਾਧਨਾ ਦੀ ਲੋੜ ਹੈ। ਕਾਦਰ ਕਰੀਮ ਨੇ ਨਿਯਮ ਭੀ ਐਸਾ ਬਣਾ ਛੱਡਿਐ ਕਿ ਇਹ ਰਸ ਮਨੁੱਖ ਨੂੰ ਸਹਿਜੇ ਸਹਿਜੇ ਪ੍ਰਾਪਤ ਹੁੰਦਾ ਹੈ। ਜਿਹੜੀ ਚੀਜ਼ ਛੇਤੀ ਮਿਲ ਜਾਏ, ਬਿਨਾਂ ਮਿਹਨਤ ਦੇ ਮਿਲ ਜਾਏ, ਬਿਨਾਂ ਮੁੱਲ ਦੇ ਮਿਲ ਜਾਏ, ਮਨੁੱਖ ਉਸ ਦੀ ਕਦਰ ਨਹੀਂ ਕਰਦਾ, ਇਸ ਵਾਸਤੇ ਧਰਮ ਬਹੁਤ ਵੱਡੀ ਮਿਹਨਤ ਦੇ ਨਾਲ ਮਿਲਦੈ ਅਤੇ ਬਹੁਤ ਵੱਡਾ ਇਸ ਦਾ ਮੁੱਲ ਚੁਕਾਉਣਾ ਪੈਂਦਾ ਹੈ। ਕਬੀਰ ਦੇ ਕੋਲੋਂ ਮਸਤੀ ਦੇਖ ਕੇ, ਕਬੀਰ ਦੇ ਕੋਲੋਂ ਰਸ ਵੇਖ ਕੇ, ਇਕ ਵਪਾਰੀ ਨੇ ਮੋਹਰਾਂ ਦੀ ਥੈਲੀ ਅੱਗੇ ਰੱਖੀ ਅਤੇ ਆਖਿਆ, ਕਬੀਰ, ਜੋ ਮਸਤੀ ਤੇਰੇ ਕੋਲ ਹੈ, ਉਹ ਸਾਡੀ ਝੋਲੀ ਵਿਚ ਭੀ ਪਾ ਦੇ। ਕਬੀਰ ਕਹਿੰਦੇ ਹਨ:

ਕੰਚਨ ਸਿਉ ਪਾਈਐ ਨਹੀ ਤੋਲਿ ॥
ਮਨੁ ਦੇ ਰਾਮੁ ਲੀਆ ਹੈ ਮੋਲਿ ॥ *(ਗਉੜੀ ਕਬੀਰ ਜੀ, ਪੰਨਾ 327)*

ਮੈਂ ਧਨ ਦੇ ਨਾਲ ਇਹ ਮਸਤੀ ਨਹੀਂ ਖ਼ਰੀਦੀ। ਮੈਂ ਧਨ ਦੇ ਆਸਰੇ ਇਹ

ਸਚਖੰਡ ਦੀ ਟੀਸੀ 'ਤੇ ਨਹੀਂ ਪਹੁੰਚਿਆ। ਮੈਂ ਧਨ ਦਾ ਸਹਾਰਾ ਲੈ ਕੇ ਗਿਆਨ-ਕਾਂਡ ਤਕ ਨਹੀਂ ਪਹੁੰਚਿਆ। ਮੈਂ ਭੇਟ ਕੁਝ ਹੋਰ ਕੀਤਾ ਹੈ। ਸੋ ਸਭ ਤੋਂ ਵੱਡੀ ਜਿਹੜੀ ਭੇਟ ਹੈ ਗੁਰਬਾਣੀ ਦੇ ਕਥਨ ਅਨੁਸਾਰ, ਉਹ ਹੈ ਮਨ, ਜਿਸ ਨੇ ਮਨ ਰੱਖ ਛੱਡਿਆ, ਉਸ ਨੇ ਸਭ ਕੁਝ ਰੱਖ ਛਡਿਆ। ਜਿਸ ਨੇ ਮਨ ਅਰਪਨ ਕੀਤਾ, ਸਹਿਜੇ ਸਹਿਜੇ ਉਸ ਦੀ ਸੁਰਤ ਉਪਰ ਚੜ੍ਹਨਾ ਸ਼ੁਰੂ ਹੋ ਜਾਏਗੀ। ਸਾਹਿਬ ਪ੍ਰੇਰਨਾ ਭੀ ਦਿੰਦੇ ਹਨ:

ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥ *(ਗਾਉੜੀ ਸੁਖਮਨੀ ਮ: ੫, ਪੰਨਾ 286)*

ਕਬੀਰ ਕਹਿੰਦੇ ਹਨ, "ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥" ਸਭ ਤੋਂ ਵੱਡੀ ਭੇਟ ਹੈ ਆਪਣਾ ਮਨ ਅਰਪਨ ਕਰ ਦੇਣਾ। ਆਪਣੇ ਮਨ ਨੂੰ ਭੇਟ ਕਰਦਿਆਂ ਹੀ ਸੁਰਤ ਨੂੰ ਸਮਰੱਥਾ ਮਿਲ ਜਾਂਦੀ ਹੈ। ਸੁਰਤ ਨੂੰ ਤਾਜ਼ਗੀ ਮਿਲ ਜਾਂਦੀ ਹੈ। ਸੁਰਤ ਨੂੰ ਰਵਾਨੀ ਮਿਲ ਜਾਂਦੀ ਹੈ। ਉਹ ਸਹਿਜੇ ਸਹਿਜੇ ਅਗਾਂਹ ਚੱਲਣਾ ਸ਼ੁਰੂ ਹੋ ਜਾਂਦੀ ਹੈ ਅਤੇ ਇਕ ਦਿਨ ਪਰਮਾਤਮਾ ਵਿਚ ਲੀਨ ਹੋ ਜਾਂਦੀ ਹੈ:

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ *(ਬਿਲਾਵਲੁ ਮ: ੫, ਪੰਨਾ 846)*

ਜਿਤਨੇ ਚਿਰ ਤਕ ਨਦੀ ਸਾਗਰ ਵਿਚ ਲੀਨ ਨਾ ਹੋਵੇ, ਉਹ ਸੰਪੂਰਨ ਨਹੀਂ ਹੁੰਦੀ, ਅਧੂਰੀ ਰਹਿ ਜਾਂਦੀ ਹੈ ਅਤੇ ਜਿਤਨੇ ਚਿਰ ਤਕ ਆਤਮਾ ਪਰਮਾਤਮਾ ਵਿਚ ਲੀਨ ਨਾ ਹੋਵੇ, ਅਧੂਰੀ ਰਹਿ ਜਾਂਦੀ ਹੈ। ਮਨੁੱਖ ਵੀ ਉਸੇ ਦਿਨ ਹੀ ਪੂਰਾ ਹੁੰਦੈ। ਇਹ ਗੱਲ ਵੱਖਰੀ ਹੈ ਕਿ ਮਰੇ ਹੋਏ ਮਨੁੱਖ ਨੂੰ ਅਸੀਂ ਕਹਿ ਦਿੰਦੇ ਹਾਂ ਕਿ ਪੂਰਾ ਹੋ ਗਿਐ। ਨਹੀਂ, ਜਿਤਨੇ ਚਿਰ ਤਕ ਮਨੁੱਖ ਪੂਰਨ ਪਰਮਾਤਮਾ ਵਿਚ ਲੀਨ ਨਾ ਹੋਵੇ, ਉਸ ਤੋਂ ਬੇਸ਼ਤਰ ਉਹ ਪੂਰਨ ਨਹੀਂ ਹੋ ਸਕਦਾ। ਸਚਖੰਡ ਤਕ ਸੁਰਤ ਪਹੁੰਚ ਕੇ ਮਨੁੱਖ ਪੂਰਨ ਹੋ ਜਾਂਦਾ ਹੈ, ਮੁਕੰਮਲ ਹੋ ਜਾਂਦਾ ਹੈ, ਪੂਰਨ ਪਰਮਾਤਮਾ ਹੋ ਜਾਂਦਾ ਹੈ। ਮਨੁੱਖ ਭੀ ਮਹਾਨ ਹੋ ਜਾਂਦਾ ਹੈ। ਮਨੁੱਖ ਦੀ ਯਾਤਰਾ ਹੈ ਸਚਖੰਡ, ਪਰਮਾਤਮਾ। ਰਸਤੇ ਦੀਆਂ ਰੋਕਾਂ ਤੋਂ ਭੀ ਜਾਣੂ ਕਰਾਇਐ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪੜਾਵਾਂ ਦਾ ਭੀ ਜ਼ਿਕਰ ਕੀਤਾ ਹੈ। ਸਤਿਗੁਰੂ ਜੀ ਐਸੀ ਸਮਰਥਾ ਬਖ਼ਸ਼ਣ ਕਿ ਇਨ੍ਹਾਂ ਪੜਾਵਾਂ ਤੋਂ ਲੰਘਦਿਆਂ ਹੋਇਆਂ ਅਤੇ ਰੋਕਾਂ ਨੂੰ ਕੱਟਦਿਆਂ ਹੋਇਆਂ ਅਸੀਂ ਸਚਖੰਡ ਤਕ ਪਹੁੰਚ ਸਕੀਏ।

ਵਾਹਿਗੁਰੂ ਸਿਮਰਨ

ਭਾਵੇਂ ਰਸਨਾ 'ਵਾਹਿਗੁਰੂ ਵਾਹਿਗੁਰੂ' ਦਾ ਜਪੁ ਕਰਦੀ ਹੈ, ਪਰ ਵਾਹਿਗੁਰੂ ਬੋਲਣ ਦਾ ਫੁਰਨਾ ਪਹਿਲੇ ਮਨ ਵਿਚ ਹੁੰਦੈ। ਜਦ ਮਨ ਵਿਚ ਹੁੰਦੈ ਤਾਂ ਇਹ ਜੋ ਸਾਡੀ ਨਾਦੀ ਹੈ, ਇਸ ਨੂੰ ਸਾਡੇ ਦੇਸ਼ ਵਿਚ ਕਹਿੰਦੇ ਹਨ ਧੁਨੀ, ਕਿਉਂਕਿ ਧਨ ਇਥੋਂ ਹੀ ਉਠਦੀ ਹੈ, ਆਵਾਜ਼ ਇਥੋਂ ਹੀ ਉਠਦੀ ਹੈ। ਜਿਵੇਂ ਮਨ ਵਿਚ ਬੋਲਣ ਦਾ ਫੁਰਨਾ ਪੈਦਾ ਹੁੰਦੈ, ਪਵਨ ਹਵਾ ਹੈ, ਨਾਦੀ ਨਾਲ ਟਕਰਾਉਂਦੀ ਹੈ। ਨਾਦੀ ਇਕ ਸਾਜ਼ ਦੀ ਤਰ੍ਹਾਂ ਹੈ, ਜਿਵੇਂ ਹਾਰਮੋਨੀਅਮ ਨੂੰ ਹਵਾ ਦੇਈਏ ਤਾਂ ਵੱਜਦੈ, ਉਂਜ ਨਹੀਂ। ਸ਼ਹਿਨਾਈ ਨੂੰ ਫੂਕ ਮਾਰੀਏ ਤਾਂ ਵੱਜਦੀ ਹੈ, ਉਂਜ ਨਹੀਂ। ਮੁਰਲੀ ਹੈ, ਨਰਸੰਗਾ ਹੈ, ਸੰਖ ਹੈ, ਫਨੀਰੀ ਹੈ, ਹਵਾ ਦੇ ਫੂਕਣ ਨਾਲ ਹੀ ਵੱਜਦੇ ਹਨ, ਉਂਜ ਨਹੀਂ। ਨਾਦੀ ਭੀ ਇਕ ਐਸਾ ਸਾਜ਼ ਪਰਮਾਤਮਾ ਨੇ ਸਾਡੇ ਅੰਦਰ ਫਿੱਟ ਕੀਤੈ:

ਦੇਹੀ ਮਾਟੀ ਬੋਲੈ ਪਉਣੁ॥ *(ਗਉੜੀ ਮਹਲਾ ੧, ਪੰਨਾ 152)*

ਪਉਣ ਕਰਕੇ ਬੋਲਦੈ, ਬੋਲਣਾ ਪਵਨ ਕਰਕੇ ਹੈ, ਇਸੇ ਵਾਸਤੇ ਤੱਤਾਂ ਵਿੱਚੋਂ ਗੁਰੂ ਨਾਨਕ ਨੇ ਪਉਣ ਨੂੰ ਗੁਰੂ ਕਹਿ ਦਿੱਤਾ ਹੈ। ਕਿਉਂਕਿ ਬੋਲਣਾ ਤਾਂ ਪਉਣ ਕਰਕੇ ਹੈ ਅਤੇ ਸੰਬੰਧ ਵੀ ਬੋਲਣ ਨਾਲ ਜੁੜਦੇ ਹਨ। ਸੰਬੰਧ ਜੋੜਨ ਵਾਲਾ ਵਿਚੋਲਾ ਹੁੰਦੈ, ਗੁਰੂ ਹੁੰਦੈ। ਪਉਣ ਨੂੰ ਗੁਰੂ ਕਹਿ ਦਿੱਤਾ, ਕਿਉਂਕਿ ਬੋਲਣਾ ਇਸ ਕਰਕੇ ਹੈ। ਸਾਰੇ ਸੰਬੰਧ ਤਾਂ ਬੋਲ ਕੇ ਹੀ ਜੁੜਦੇ ਹਨ। ਸੰਸਾਰ ਵਿਚ ਅਸੀਂ ਪਹਿਲੇ ਵੇਖਦੇ ਹਾਂ, ਫਿਰ ਬੋਲਦੇ ਹਾਂ। ਨਿਰੰਕਾਰ ਦੇ ਵਾਸਤੇ ਤਾਂ ਪਹਿਲੇ ਬੋਲਣਾ ਹੀ ਪਵੇਗਾ। ਇਸ ਤਰ੍ਹਾਂ ਬੋਲਣਾ ਪਵੇਗਾ ਜਿਵੇਂ ਕਬੀਰ ਕਹਿੰਦੇ ਹਨ, "ਕੇਸੋ ਕੇਸੋ ਕੂਕੀਐ"। ਇਹ ਭੀ ਇਕ ਪਰਮਾਤਮਾ ਦਾ ਨਾਮ ਹੈ:

ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥
ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ॥੨੨੩॥

(ਸਲੋਕ ਕਬੀਰ ਜੀ, ਪੰਨਾ 1376)

ਕਬੀਰ ਕਹਿੰਦੇ ਹਨ ਕਿ ਮੈਂ ਤਾਂ ਦਿਨ ਰਾਤ ਬੋਲੀ ਜਾਣੈ—ਕੇਸੋ ਕੇਸੋ ਕੇਸੋ, ਬੋਲੀ ਜਾਣੈ, ਕਿਸੇ ਦਿਨ ਤਾਂ ਖੇਡ ਬਣੇਗੀ। ਜਗਤ ਵਿਚ ਅਸੀਂ ਪਹਿਲੇ ਵੇਖਦੇ ਹਾਂ, ਫਿਰ ਬੋਲਦੇ ਹਾਂ। ਪ੍ਰਭੂ ਨਾਲ ਤਾਂ ਪਹਿਲੇ ਬੋਲਣਾ ਪਵੇਗਾ।

ਬੋਲਦਿਆਂ ਬੋਲਦਿਆਂ ਇਕ ਦਿਨ ਦਿਖਾਈ ਦੇ ਜਾਵੇਗਾ ਕਿ ਪ੍ਰਭੂ ਸਾਹਮਣੇ ਖੜ੍ਹਾ ਹੈ, ਬਿਲਕੁਲ ਨਿਕਟ ਖੜ੍ਹਾ ਹੈ। ਮੈਂ ਫਿਰ ਅਰਜ਼ ਕਰਾਂ, ਜਿਵੇਂ ਹੀ ਬੋਲਣ ਦਾ ਫੁਰਨਾ ਪੈਦਾ ਹੁੰਦੈ, ਪਵਨ ਨਾਦੀ ਨਾਲ ਟਕਰਾਉਂਦੀ ਹੈ, ਉਥੋਂ ਜੋ ਧੁਨ ਉਠਦੀ ਹੈ, ਉਸ ਨੂੰ ਕਹਿੰਦੇ ਹਨ ਪਰਾ। ਉਹ ਧੁਨ ਉਠ ਕੇ ਜਦ ਹਿਰਦੇ ਤਕ ਪਹੁੰਚਦੀ ਹੈ, ਉਸ ਨੂੰ ਕਹਿੰਦੇ ਨੇ ਪਸੰਤੀ। ਇਥੇ ਉਸ ਨੂੰ ਸ਼ਬਦ ਮਿਲਦੇ ਹਨ, ਅਲਫ਼ਾਜ਼ ਮਿਲਦੇ ਹਨ। ਹਿਰਦੇ ਤੋਂ ਉਠ ਕੇ ਉਹ ਬੋਲ, ਉਹ ਵਾਕ ਜਦ ਕੰਠ ਤਕ ਪਹੁੰਚਦੈ ਤਾਂ ਇਸ ਨੂੰ ਮਧਿਮਾ ਕਹਿੰਦੇ ਹਨ ਅਤੇ ਵਾਕ ਪੂਰਾ ਬਣ ਜਾਂਦਾ ਹੈ, ਜੋ ਕਹਿਣਾ ਹੈ। ਜ਼ਬਾਨ ਇਸ ਨੂੰ ਬਿਆਨ ਕਰ ਦਿੰਦੀ ਹੈ ਤਾਂ ਇਸ ਨੂੰ ਬੈਖਰੀ ਕਹਿੰਦੇ ਹਨ। ਪਰਾ, ਪਸੰਤੀ, ਮਧਿਮਾ, ਬੈਖਰੀ—ਇਹ ਚਾਰ ਬਾਣੀਆਂ ਹਨ। ਪਰਾ ਹੀ ਪਸੰਤੀ ਬਣਦੀ ਹੈ, ਪਸੰਤੀ ਮਧਿਮਾ ਬਣਦੀ ਹੈ ਅਤੇ ਮਧਿਮਾ ਹੀ ਬੈਖਰੀ ਬਣਦੀ ਹੈ। ਪਵਨ ਟਕਰਾਈ ਨਾਦੀ ਨਾਲ, ਧੁਨ ਪੈਦਾ ਹੋਈ ਤਾਂ ਪਰਾ। ਪਹੁੰਚੀ ਹਿਰਦੇ ਤਕ, ਸ਼ਬਦ ਮਿਲ ਗਏ, ਇਹ ਬਣ ਗਈ ਪਸੰਤੀ, ਪੂਰੇ ਦਾ ਪੂਰਾ ਵਾਕ ਬਣ ਗਿਆ। ਜੋ ਕਹਿਣੈ, ਅੰਦਰ ਕੰਮ ਬੜੀ ਤੇਜ਼ੀ ਨਾਲ ਹੁੰਦੈ। ਕੰਠ ਤਕ ਪਹੁੰਚੀ, ਇਸ ਨੂੰ ਕਹਿੰਦੇ ਨੇ ਮਧਿਮਾ। ਜ਼ਬਾਨ ਨੇ ਬਿਆਨ ਕਰ ਦਿੱਤਾ, ਇਸ ਨੂੰ ਕਹਿੰਦੇ ਨੇ ਬੈਖਰੀ। ਧੁਨ ਬਾਹਰ ਆ ਗਈ ਜ਼ਬਾਨ ਦੇ ਰਾਹੀਂ। ਜੋ ਨਾਦੀ ਤੋਂ ਉਠੀ ਸੀ, ਹਿਰਦੇ ਤੇ ਕੰਠ ਤਕ ਪਹੁੰਚ ਕੇ ਰਸਨਾ ਦੇ ਰਾਹੀਂ ਬਾਹਰ ਪ੍ਰਗਟ ਹੋਈ। ਹੁਣ ਇਸੇ ਹੀ ਧੁਨ ਨੂੰ ਵਾਪਸ ਲੈ ਜਾਣੈ। ਕਿਥੇ ? ਧੁਨੀ ਤਕ ਲੈ ਜਾਣੈ, ਜਿਥੋਂ ਧੁਨ ਉਠੀ ਸੀ। ਇਸ ਨੂੰ ਕਬੀਰ ਕਹਿੰਦੇ ਹਨ :

ਉਲਟੀ ਗੰਗਾ ਜਮੁਨ ਮਿਲਾਵਉ ॥ *(ਗਉੜੀ ਕਬੀਰ ਜੀ, ਪੰਨਾ 327)*

ਇਹ ਗੰਗਾ ਜਿਥੋਂ ਜਨਮੀ ਹੈ, ਜੰਮੀ ਹੈ, ਪੈਦਾ ਹੋਈ ਹੈ—ਗੰਗੋਤਰੀ, ਗੰਗਾ—ਇਸ ਨੂੰ ਉਲਟਾ ਕੇ ਜਿਥੋਂ ਇਹ ਜਨਮੀ ਹੈ, ਉਥੇ ਮਿਲਾ ਦੇ, ਉਥੇ ਲੈ ਜਾ। ਧੁਨ ਕਿਥੋਂ ਉਠੀ ਹੈ ? ਧੁਨੀ ਤੋਂ, ਨਾਦੀ ਤੋਂ। ਧਰਮ ਦੀ ਸਾਧਨਾ ਕਹਿੰਦੀ ਹੈ ਕਿ ਇਹ ਜੋ ਜ਼ਬਾਨ ਦੇ ਰਾਹੀਂ ਪ੍ਰਗਟ ਹੋਇਆ ਹੈ ਵਾਹਿਗੁਰੂ, ਇਸ ਨੂੰ ਵਾਪਸ ਲੈ ਜਾ ਧੁਨੀ ਤਕ। ਗੁਰੂ ਨਾਨਕ ਦੇਵ ਜੀ ਨੇ ਇਸੇ ਨੂੰ ਹੀ ਕਿਹੈ ਹੈ :

ਆਖਣਿ ਅਉਖਾ ਸਾਚਾ ਨਾਉ ॥ *(ਆਸਾ ਮ: ੧, ਪੰਨਾ 9)*

ਬੜਾ ਔਖੈ, ਬਹੁਤ ਹੀ ਔਖੈ। ਉਂਝ ਵਾਹਿਗੁਰੂ ਵਾਹਿਗੁਰੂ ਆਖਣਾ ਕੀ ਔਖੈ, ਸੌ ਦਫ਼ਾ ਕਹਿ ਲਵੋ, ਪੰਜ ਸੌ ਦਫ਼ਾ ਕਹਿ ਲਵੋ, ਲੋਕ ਕਹਿੰਦੇ ਵੀ ਹਨ। ਹੁਣ ਇਕ ਦਫ਼ਾ ਇਹ ਵਾਹਿਗੁਰੂ ਰਸਨਾ ਆਖੇ ਅਤੇ ਇਸ ਨੂੰ ਪਲਟਾ ਕੇ ਉਥੇ ਲੈ ਜਾਈਏ ਜਿਥੋਂ ਉਤਪੰਨ ਹੋਇਐ, ਜਿਥੋਂ ਧੁਨ ਉਠੀ ਹੈ, ਧੁਨ ਨੂੰ ਧੁਨੀ ਤਕ ਲੈ ਜਾਈਏ। ਧੁਨ ਉਠੀ ਹੈ ਨਾਦੀ ਤੋਂ, ਧੁਨੀ ਤੋਂ ਤਾਂ ਪਰਾ। ਆਈ ਹਿਰਦੇ ਤਕ ਤਾਂ ਪਸੰਤੀ। ਫਿਰ ਪਹੁੰਚੀ ਕੰਠ ਤਕ ਤਾਂ ਬਈ ਮਧਿਮਾ। ਫਿਰ ਜ਼ਬਾਨ

ਨੇ ਬਿਆਨ ਕਰ ਦਿੱਤੀ ਤਾਂ ਬੈਖਰੀ। ਹੁਣ ਬੈਖਰੀ ਨੂੰ ਮਧਿਮਾ ਬਣਾਣੈ, ਮਧਿਮਾ ਨੂੰ ਪਸੰਤੀ ਬਣਾਣੈ ਤੇ ਪਸੰਤੀ ਨੂੰ ਫਿਰ ਪਰਾ ਬਣਾਣੈ, "ਉਲਟੀ ਗੰਗਾ ਜਮੁਨ ਮਿਲਾਵਉ"। ਇਹ ਕਿਸ ਤਰ੍ਹਾਂ ਹੋਵੇਗਾ ? ਅੰਮ੍ਰਿਤ ਵੇਲੇ ਕਦੀ ਧਿਆਨ-ਸਾਧਨਾ ਕਰੋਗੇ, ਤਾਂ ਪਤਾ ਚਲੇਗਾ। ਇਸੇ ਨੂੰ ਗੁਰੂ ਨਾਨਕ ਨੇ ਕਿਹੈ, "ਆਖਣਿ ਅਉਖਾ ਸਾਚਾ ਨਾਉ" ਕਹਿਣਾ ਬੜਾ ਕਠਨ ਹੈ, ਔਖਾ ਹੈ। ਸਾਰਾ ਦਿਨ ਰਾਮ ਰਾਮ ਕਰੀ ਜਾਈਏ। ਹੁਣ ਰਾਮ ਦੀ ਧੁਨ ਜਿਥੋਂ ਉਠੀ, ਉਥੇ ਹੀ ਇਸਨੂੰ ਵਾਪਸ ਲਿਜਾਣਾ ਹੈ। ਵਾਪਸ ਲੈ ਜਾਣ ਨਾਲ ਹੀ ਅੰਦਰ ਕ੍ਰਾਂਤੀ ਆਵੇਗੀ, ਉਂਜ ਨਹੀਂ। ਯਕੀਨ ਜਾਣੋ, ਇਕ ਦਫ਼ਾ ਆਖਿਆ ਵਾਹਿਗੁਰੂ ਜਨਮਾਂ ਜਨਮਾਂਤਰਾਂ ਦਾ ਥਕੇਵਾਂ ਲਾਹ ਦਿੰਦਾ ਹੈ ਅਤੇ ਜਨਮਾਂ ਜਨਮਾਂਤਰਾਂ ਦੇ ਪਾਪ ਧੋ ਦਿੰਦੈ, ਦੁੱਖ ਮਿਟਾ ਦਿੰਦੈ। ਪਰ ਇਕ ਦਫ਼ਾ ਵਾਹਿਗੁਰੂ ਆਖਣ ਵਾਸਤੇ ਕਰੋੜਾਂ ਦਫ਼ਾ ਆਖਣਾ ਪੈਂਦਾ ਹੈ, ਸਾਧਨਾ ਕਰਨੀ ਪੈਂਦੀ ਹੈ। ਬਸ ਉਸ ਤੋਂ ਬੰਦਾ ਥੱਕ ਜਾਂਦੈ। ਪਰ ਜਨਮਾਂ ਜਨਮਾਂਤਰਾਂ ਦਾ ਥਕੇਵਾਂ ਲਹਿ ਜਾਂਦੈ ਇਕ ਦਫ਼ਾ ਆਖਿਆਂ। ਜ਼ਬਾਨ ਜੋ ਹੁਣ ਵਾਹਿਗੁਰੂ ਕਹਿ ਰਹੀ ਹੈ, ਉਠੀ ਤੇ ਇਹ ਨਾਦੀ ਤੋਂ ਪਰਾ ਤਕ ਪਹੁੰਚੀ। ਇਸ ਨੂੰ ਵਾਪਸ ਲੈ ਜਾਣਾ ਹੈ ਤਾਂ ਕਿਵੇਂ ਲੈ ਜਾਈਏ ? ਜ਼ਬਾਨ ਦੇ ਰਾਹੀਂ ਤਾਂ ਧੁਨ ਬਾਹਰ ਪ੍ਰਗਟ ਹੋਈ ਹੈ, ਜ਼ਬਾਨ ਵਾਪਸ ਨਹੀਂ ਲਿਜਾ ਸਕਦੀ। ਇਸ ਨੂੰ ਕੰਨਾਂ ਦੇ ਰਾਹੀਂ ਵਾਪਸ ਲੈ ਕੇ ਜਾਣਾ ਹੈ। ਇਸ ਵਾਸਤੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਕਹਿੰਦੇ ਹਨ:

ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥ *(ਸੋਰਠਿ ਮ: ੯, ਪੰਨਾ 631)*

ਪ੍ਰੀਤ ਕਿਵੇਂ ਕਰੀਏ ? ਮਹਾਰਾਜ ਕਹਿੰਦੇ ਹਨ:

ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥੧॥ਰਹਾਉ॥

(ਸੋਰਠਿ ਮਹਲਾ ੯, ਪੰਨਾ 631)

ਜ਼ਬਾਨ ਨਾਲ ਗਾਈ ਜਾਉ 'ਵਾਹਿਗੁਰੂ, ਵਾਹਿਗੁਰੂ' ਅਤੇ ਕੰਨਾਂ ਨਾਲ ਸੁਣੀ ਜਾਉ, "ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ"। ਗਾਇਆ ਹੋਇਆ ਹਵਾ ਵਿਚ ਨਾ ਉਡ ਜਾਵੇ। ਵਾਹਿਗੁਰੂ ਵਾਹਿਗੁਰੂ ਆਖਿਆ ਹੋਇਆ ਸਿਰਫ਼ ਹਵਾ ਵਿਚ ਨਹੀਂ, ਇਹ ਤੇਰੇ ਅੰਦਰ ਜਾਣਾ ਚਾਹੀਦੈ, ਪਰ ਬਿਨਾਂ ਕੰਨਾਂ ਤੋਂ ਅੰਦਰ ਨਹੀਂ ਜਾਵੇਗਾ। ਸ਼ਬਦ ਤਾਂ ਕੰਨਾਂ ਦੇ ਰਾਹੀਂ ਅੰਦਰ ਜਾਏਗਾ। ਭਜਨ ਕੰਨਾਂ ਦੇ ਰਾਹੀਂ ਅੰਦਰ ਜਾਏਗਾ। ਭੋਜਨ ਮੂੰਹ ਦੇ ਰਾਹੀਂ ਅੰਦਰ ਜਾਏਗਾ। ਭਜਨ ਕੰਨਾਂ ਦੇ ਰਾਹੀਂ ਅੰਦਰ ਜਾ ਕੇ ਖ਼ੂਨ ਦਾ ਹਿੱਸਾ ਬਣੇਗਾ। ਭਜਨ ਅੰਦਰ ਜਾਏਗਾ ਤਾਂ ਤਪ ਬਣੇਗਾ। ਵਾਕਿਆ ਹੀ ਭਜਨ ਅੰਦਰ ਚਲਾ ਗਿਐ। ਔਰ ਭਜਨ ਛਕਣਾ ਹੈ ਕੰਨਾਂ ਦੇ ਰਾਹੀਂ:

ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥

(ਮੁੰਦਾਵਣੀ ਮ: ੫, ਪੰਨਾ 1429)

ਕੋਈ ਖਾਵੇ, ਹਜ਼ਮ ਕਰੇ ਤੇ ਪਚਾਵੇ, ਉਸ ਦਾ ਉੱਧਾਰ ਹੋ ਜਾਏਗਾ। ਉਹ ਜੋ ਜਪਿਆ ਹੋਇਆ ਨਾਮ ਕੰਨਾਂ ਦੇ ਰਾਹੀਂ ਅੰਦਰ ਗਿਐ, ਉਹੀ ਮਹਾਂ ਰਸ ਬਣੇਗਾ; ਮਹਾਂ ਆਨੰਦ, ਮਹਾਂ ਪ੍ਰਕਾਸ਼, ਮਹਾਂ ਸ਼ਕਤੀ ਬਣੇਗਾ। ਇਹੀ ਸਮਾਧੀ ਲੀਨ ਕਰ ਦੇਵੇਗਾ। ਜਿਵੇ ਧੁਨ ਨਾਦੀ ਤੋਂ ਉਠੀ ਤਾਂ ਪਰਾ, ਹਿਰਦੇ ਤਕ ਪਹੁੰਚੀ ਤਾਂ ਪਸੰਤੀ, ਕੰਠ ਤਕ ਆਈ ਤਾਂ ਮਧਿਮਾ, ਜ਼ਬਾਨ ਨੇ ਬਿਆਨ ਕਰ ਦਿੱਤੀ ਤਾਂ ਬੈਖਰੀ। ਵਾਪਸ ਭੀ ਉਨ੍ਹਾਂ ਪੜਾਵਾਂ ਤੋਂ ਜਾਏਗੀ, ਪਰ ਦੁਆਰ ਅਲੱਗ ਅਲੱਗ ਹਨ। ਧੁਨ ਬਾਹਰ ਪ੍ਰਗਟ ਹੋਈ ਸੀ ਰਸਨਾ ਦੇ ਰਾਹੀਂ। ਇਹੀ ਧੁਨ ਅੰਦਰ ਜਾਏਗੀ ਕੰਨਾਂ ਦੇ ਰਾਹੀਂ। ਸਾਰੀ ਜ਼ਿੰਦਗੀ ਦਾ ਵਾਹਿਗੁਰੂ ਵਾਹਿਗੁਰੂ ਆਖਿਆ ਭੀ ਬੇਅਰਥ ਜਾ ਸਕਦੈ ਜੇਕਰ ਸੁਣਿਆ ਨਹੀਂ। ਇਕ ਸੈਕਿੰਡ ਦਾ ਭੀ ਆਖਿਆ ਵਾਹਿਗੁਰੂ ਜਨਮਾਂ ਜਨਮਾਂਤਰਾਂ ਦੇ ਦੁੱਖ ਮਿਟਾ ਦੇਵੇਗਾ ਜੇਕਰ ਸੁਣਿਐ, ਇਤਨੀ ਮਹਿਮਾ ਹੈ:

ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥

(ਆਸਾ ਮ: ੧, ਪੰਨਾ 358)

ਲੱਖ ਮਣ ਲੱਕੜਾਂ ਜਿਵੇਂ ਇਕ ਚੰਗਿਆੜੀ ਨਾਲ ਭਸਮ ਹੋ ਜਾਂਦੀਆਂ ਹਨ, ਇਵੇਂ ਹੀ ਇੱਕੋ ਦਫ਼ਾ ਵਾਹਿਗੁਰੂ ਆਖਦਿਆਂ ਕਰੋੜਾਂ ਜਨਮਾਂ ਦੇ ਪਾਪ, ਦੁੱਖ ਸੰਤਾਪ ਮਿਟ ਜਾਂਦੇ ਹਨ:

ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥੮॥ *(ਜਪੁ ਜੀ, ਪੰਨਾ 2)*

ਜ਼ਬਾਨ ਇਹ ਜੋ ਵਾਹਿਗੁਰੂ ਵਾਹਿਗੁਰੂ ਕਹਿ ਰਹੀ ਹੈ, ਬੈਖਰੀ ਹੈ। ਇਹ ਪਹਿਲੇ ਮਧਿਮਾ ਸੀ, ਕੰਠ ਵਿਚ ਸੀ। ਇਹ ਇਸ ਤੋਂ ਪਹਿਲੇ ਪਸੰਤੀ ਸੀ, ਹਿਰਦੇ ਵਿਚ ਸੀ। ਇਹ ਇਸ ਤੋਂ ਪਹਿਲੇ ਨਾਦੀ ਵਿਚ ਸੀ, ਪਰਾ ਸੀ। ਪਰਾ, ਪਸੰਤੀ, ਮਧਿਮਾ, ਬੈਖਰੀ। ਬੈਖਰੀ ਨੂੰ ਮਧਿਮਾ ਬਣਾਣੈ, ਮਧਿਮਾ ਨੂੰ ਪਸੰਤੀ ਬਣਾਣੈ, ਪਸੰਤੀ ਨੂੰ ਫਿਰ ਪਰਾ ਬਣਾਣੈ। ਇਹ ਫਿਰ ਅੰਦਰ ਜਾਵੇ, ਤਾਂ ਕੰਨਾਂ ਦੇ ਰਾਹੀਂ ਜਾਏਗੀ। ਇਹ ਤਾਂ ਹੀ ਜਾ ਸਕੇਗੀ ਜੇ ਧਿਆਨ ਦੀ ਇਕਾਗਰਤਾ ਹੈ, ਮਨ ਦਾ ਠਹਿਰਾਉ ਹੈ, ਮਨ ਸੁਣ ਰਿਹੈ, ਨਹੀਂ ਤਾਂ ਨਹੀਂ ਜਾਏਗੀ। ਵਾਹਿਗੁਰੂ ਵਾਹਿਗੁਰੂ ਜ਼ਬਾਨ ਉਚਾਰਨ ਕਰ ਰਹੀ ਹੈ ਅਤੇ ਮਨ ਸੁਣ ਰਿਹੈ ਕੰਨਾਂ ਦੇ ਰਾਹੀਂ, ਤਾਂ ਪਹਿਲੇ ਧੁਨ ਕੰਠ ਤਕ ਆਏਗੀ ਮਧਿਮਾ, ਜਿਵੇਂ ਵਾਹਿਗੁਰੂ ਮਧਿਮਾ ਬਣਿਐ, ਇਵੇਂ ਮਨੁੱਖ ਨੂੰ ਵਾਹਿਗੁਰੂ ਆਖਣ ਦਾ ਰਸ ਆਏਗਾ, ਬਾਣੀ ਜਪਣ ਦਾ ਰਸ ਆਉਣ ਲੱਗ ਪਏਗਾ। ਸਾਧਨਾ ਦੀ ਦੁਨੀਆਂ ਇਨ੍ਹਾਂ ਲੋਕਾਂ ਦੀ ਜ਼ਿਆਦਾ ਕਮੀ ਹੈ, ਜਿਨ੍ਹਾਂ ਨੂੰ ਰਸ ਆਉਣ ਲੱਗ ਪਿਐ। ਰਸ ਆਉਣ ਲੱਗ ਪਿਐ, ਜੇਕਰ ਮਧਿਮਾ, ਉਹ ਧੁਨ ਵਾਪਸ ਕੰਠ ਤਕ ਚਲੀ ਗਈ। ਧਿਆਨ

ਦੀ ਇਕਾਗਰਤਾ ਬਣੀ ਰਹੇ, ਧਿਆਨ ਚਲਦਾ ਰਹੇ ਤੇ ਧੁਨ ਹਿਰਦੇ ਤਕ ਪਹੁੰਚ ਜਾਏ ਤਾਂ ਪਸੰਤੀ। ਐਸਾ ਮਨੁੱਖ ਅਨਾਹਦ ਨਾਦ ਸੁਣਨ ਲੱਗ ਪੈਂਦਾ ਹੈ। ਅਨਾਹਦ ਨਾਦ ਜੋ ਸੁਣਨ ਲੱਗ ਪਿਐ, ਸਮਝ ਲਵੋ ਪਰਮਾਤਮਾ ਦੇ ਦਰ ਤਕ ਪਹੁੰਚ ਗਿਐ। ਅੱਜ ਘਰ ਤਕ ਤਾਂ ਨਹੀਂ, ਪਰ ਦਰ ਤਕ ਪਹੁੰਚ ਗਿਐ। ਘਰ ਅਤੇ ਦਰ ਦੀ ਫਿਰ ਮਹਾਰਾਜ ਇੰਜ ਵਿਆਖਿਆ ਕਰਦੇ ਹਨ:

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥

(ਆਸਾ ਮਹਲਾ ੧, ਪੰਨਾ 8)

ਘਰ ਦੇ ਅੰਦਰ ਪ੍ਰਵੇਸ਼ ਕਰਨ ਵਾਸਤੇ ਪਹਿਲੇ ਦਰ 'ਤੇ ਹੀ ਜਾਣਾ ਪਵੇਗਾ, ਦਰਵਾਜ਼ੇ ਉੱਤੇ। ਉਸ ਦੇ ਦਰ 'ਤੇ ਬੜੀ ਰੌਣਕ ਹੈ। ਪ੍ਰਾਚੀਨ ਰਾਜੇ ਮਹਾਰਾਜੇ ਆਪਣੇ ਮਹਿਲਾਂ ਦੇ ਦਰ ਉਪਰ ਨੌਬਤ ਵਜਾਂਦੇ ਸਨ, ਸਵੇਰੇ ਤੇ ਸ਼ਾਮ। ਗੱਲ ਤਾਂ ਭਗਤਾਂ ਤੋਂ ਚਲੀ ਹੈ, ਉਨ੍ਹਾਂ ਨੇ ਕਿਹਾ, ਪਰਮਾਤਮਾ ਦੇ ਦਰ ਉੱਤੇ ਨੌਬਤ ਵੱਜਦੀ ਹੈ। ਇਹ ਜੋ ਨੌਬਤ ਵੱਜਦੀ ਹੈ ਅਨਾਹਦ ਨਾਦ ਦੀ, ਉਸੇ ਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ:

ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ॥
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ॥

(ਆਸਾ ਮਹਲਾ ੧, ਪੰਨਾ 8)

ਪਤਾ ਨਹੀਂ ਕਿਤਨੇ ਰਾਗ ਰਾਗਿਨੀਆਂ ਦੀ ਧੁਨ, ਕਿਤਨੇ ਤਰ੍ਹਾਂ ਦੇ ਸਾਜ਼ਾਂ ਦੀ ਆਵਾਜ਼, ਪ੍ਰਾਚੀਨ ਕਾਲ ਵਿਚ ਸਾਜ਼ਾਂ ਦੇ ਦਾਤੇ ਭਗਤ ਲੋਗ ਹੋਏ ਹਨ। ਉਨ੍ਹਾਂ ਨੇ ਕਿਹਾ ਕਿ ਜੋ ਧੁਨਾਂ ਅਸੀਂ ਅੰਦਰ ਸੁਣਦੇ ਪਏ ਹਾਂ, ਉਨ੍ਹਾਂ ਨੂੰ ਬਾਹਰ ਪ੍ਰਗਟ ਕਰਨ ਦੀ ਅਸੀਂ ਕੋਸ਼ਿਸ਼ ਕੀਤੀ ਹੈ, "ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ॥ ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ॥" ਪਹਿਲਾਂ ਵਾਹਿਗੁਰੂ ਆਖਣ ਦਾ ਸੁਆਦ ਆ ਰਿਹਾ ਸੀ, ਪਰ ਹੁਣ ਅਨਾਹਦ ਨਾਦ ਸੁਣਨ ਲੱਗ ਪਿਐ। ਹੁਣ ਸੰਗੀਤ ਛਿੜ ਪਿਐ, ਰਾਗ ਛਿੜ ਪਿਐ। ਉਸ ਦਾ ਹਿਰਦਾ ਬੜਾ ਅਨੰਦਿਤ ਹੋ ਜਾਂਦਾ ਹੈ ਜਿਸ ਨੂੰ ਅਨਾਹਦ ਨਾਦ ਸੁਣਨ ਲੱਗ ਪਿਐ। ਹੁਣ ਤਾਂ ਇਕ ਕਦਮ ਦੀ ਯਾਤਰਾ ਹੋਰ ਰਹਿ ਗਈ ਹੈ। ਇਹ ਧੁਨ ਵਾਪਸ ਜੋ ਮਧਿਮਾ, ਪਰਾ, ਪਸੰਤੀ ਬਣੀ ਹੈ, ਹੁਣ ਫਿਰ ਨਾਦੀ ਨਾਲ ਟਕਰਾਵੇ, ਧੁਨੀ ਨਾਲ ਟਕਰਾਵੇ, ਜਪ ਜਾਰੀ ਰਹੇ ਤੇ ਧਿਆਨ ਦੀ ਇਕਾਗਰਤਾ ਬਣੀ ਰਹੇ ਅਤੇ ਜਿਵੇਂ ਹੀ ਧੁਨ ਵਾਹਿਗੁਰੂ ਦੀ, ਰਾਮ ਦੀ, ਅੱਲ੍ਹਾ ਦੀ ਨਿਕਲੇ ਤਾਂ ਧੁਨ ਦਾ ਆਪਣਾ ਪ੍ਰਤਾਪ ਹੈ। ਜਿਵੇਂ ਨਾਦੀ ਨਾਲ ਟਕਰਾਂਦੀ ਹੈ, ਪਹਿਲੇ ਪਵਨ ਦੇ ਟਕਰਾਇਆਂ ਖੁਲ੍ਹੀ ਸੀ, ਹੁਣ ਧੁਨ ਦੇ ਟਕਰਾਂਇਆਂ ਨਾਦ ਪੂਰੀ ਖੁਲ੍ਹ ਜਾਏਗੀ। ਧੁਨ ਜੋ ਧੁਨੀ ਤੋਂ ਉਠੀ ਸੀ, ਕੰਨਾਂ ਦੇ ਰਾਹੀਂ ਵਾਪਸ

ਆਈ, ਮਧਿਮਾ, ਪਸੰਤੀ ਬਣ ਕੇ, ਜਿਵੇਂ ਫਿਰ ਧੁਨੀ ਨਾਲ ਟਕਰਾਂਦੀ ਹੈ ਤਾਂ ਪਰਾ ਬਣਦੀ ਹੈ। ਨਾਦ ਪੂਰੀ ਖੁਲ੍ਹ ਜਾਂਦੀ ਹੈ। ਤਨ ਤਾਂ ਜ਼ਿੰਦਾ ਰਹਿੰਦੈ, ਮਨ ਦੀ ਮੌਤ ਹੋ ਜਾਂਦੀ ਹੈ। ਜਿਵੇਂ ਹੀ ਧੁਨ ਧੁਨੀ ਨਾਲ ਟਕਰਾਂਦੀ ਹੈ ਤਾਂ ਮਨ ਦੀ ਮੌਤ ਹੋ ਜਾਂਦੀ ਹੈ ਅਤੇ ਤਨ ਜਿਊਂਦਾ ਰਹਿੰਦੈ। ਐਸਾ ਮਨੁੱਖ ਪਰਮਾਤਮਾ ਦੇ ਤਲ ਦੇ ਉੱਤੇ ਜਿਊਂਦੈ। ਪਰ ਜਿਵੇਂ ਹੀ ਮਨ ਦੀ ਮੌਤ ਹੁੰਦੀ ਹੈ ਤਾਂ ਕਈ ਭਗਤ ਐਲਾਨੀਆ ਕਹਿ ਉਠਦੇ ਹਨ, ਜੈਸੇ ਕਬੀਰ ਕਹਿੰਦੇ ਹਨ :

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥

(ਰਾਮਕਲੀ ਕਬੀਰ ਜੀ, ਪੰਨਾ 969)

ਇਸ ਅਵਸਥਾ ਦੇ ਉੱਤੇ ਪਹੁੰਚਿਆ ਹੋਇਆ ਬ੍ਰਹਮਗਿਆਨੀ ਗੁਰਮੁਖ, ਵਾਹਿਗੁਰੂ ਵਾਹਿਗੁਰੂ ਜਪਦਾ ਨਹੀਂ, ਸਗੋਂ :

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥

(ਬਿਲਾਵਲੁ ਮਹਲਾ ੧, ਪੰਨਾ 795)

ਜਿਵੇਂ ਪ੍ਰਾਣ ਚਲਦੇ ਹਨ, ਵਾਹਿਗੁਰੂ ਦੀ ਧੁਨ ਉਸ ਦੇ ਪ੍ਰਾਣਾਂ ਵਿਚ ਚਲਦੀ ਹੈ। ਉਹ ਵਾਹਿਗੁਰੂ ਦਾ ਰੂਪ ਹੋ ਜਾਂਦਾ ਹੈ, ਈਸ਼ਵਰ ਦਾ ਰੂਪ ਹੋ ਜਾਂਦਾ ਹੈ।

ਸਾਚੇ ਨਾਮ ਕੀ ਲਾਗੈ ਭੂਖ

ਮਾਧਉ ਜਲ ਕੀ ਪਿਆਸ ਨ ਜਾਇ॥
ਜਲ ਮਹਿ ਅਗਨਿ ਉਠੀ ਅਧਿਕਾਇ॥

(ਗਉੜੀ ਕਬੀਰ ਜੀ, ਪੰਨਾ 323)

ਪਰਿਪੂਰਨ ਪਰਮਾਤਮਾ ਨੇ ਇਹ ਜੋ ਸਾਡਾ ਸਰੀਰ ਬਣਾਇਐ, ਜਨਮ ਦੇ ਨਾਲ ਭੁੱਖ ਤੇ ਪਿਆਸ ਦਾ ਭੀ ਜਨਮ ਹੈ। ਸਰੀਰ ਦਾ ਜਨਮ ਹੈ, ਜਨਮ ਦੇ ਨਾਲ ਹੀ ਭੁੱਖ ਤੇ ਪਿਆਸ ਦਾ ਭੀ ਜਨਮ ਹੈ। ਸਹਿਜੇ ਸਹਿਜੇ ਮਨੁੱਖ ਵੱਡਾ ਹੁੰਦੈ, ਇਹ ਪਿਆਸ ਕਈ ਦਿਸ਼ਾਵਾਂ ਦੀ ਤਰਫ਼ ਭੱਜਦੀ ਹੈ, ਦੌੜਦੀ ਹੈ। ਪਦਾਰਥਾਂ ਦੀ ਪਿਆਸ, ਪਰਿਵਾਰ ਦੀ ਪਿਆਸ, ਤਰ੍ਹਾਂ ਤਰ੍ਹਾਂ ਦੇ ਸੰਬੰਧਾਂ, ਮਿੱਤਰਾਂ, ਪੁੱਤਰਾਂ ਦੀ ਚਾਹਤ। ਗ਼ਰਜ਼ੇ ਕਿ ਇਹ ਪਿਆਸ ਵਧਦੀ ਹੀ ਜਾਂਦੀ ਹੈ। ਉਹ ਭੁੱਖ, ਉਹ ਪਿਆਸ ਜਨਮ ਤੋਂ ਹੀ ਪੈਦਾ ਹੋ ਜਾਂਦੀ ਹੈ, ਪਰੰਤੂ ਪਰਮਾਤਮਾ ਦੀ ਭੁੱਖ, ਪਰਮਾਤਮਾ ਦੀ ਚਾਹਤ, ਜਨਮ ਤੋਂ ਪੈਦਾ ਨਹੀਂ ਹੁੰਦੀ, ਇਹ ਤਾਂ ਪੈਦਾ ਕਰਨੀ ਪੈਂਦੀ ਹੈ ਅਤੇ ਇਹ ਸੱਚੇ ਨਾਮ ਦੀ ਭੁੱਖ ਸਤਿਸੰਗ ਕਰ ਕੇ ਹੀ ਪ੍ਰਾਪਤ ਹੁੰਦੀ ਹੈ।

ਸਾਚੇ ਨਾਮ ਕੀ ਲਾਗੈ ਭੂਖ॥ *(ਆਸਾ ਮਹਲਾ ੧, ਪੰਨਾ 9)*

ਇਹ ਭੁੱਖ ਕਿਧਰੇ ਲੱਗ ਜਾਵੇ ਤਾਂ ਲੱਗ ਜਾਵੇ, ਇਹ ਭੁੱਖ ਜਨਮ ਤੋਂ ਨਹੀਂ ਹੁੰਦੀ। ਜਨਮ ਤੋਂ ਭੁੱਖ ਹੈ ਭੋਜਨ ਦੀ, ਜਨਮ ਤੋਂ ਪਿਆਸ ਹੈ ਪਾਣੀ ਦੀ। ਫਿਰ ਸਹਿਜੇ ਸਹਿਜੇ ਮਨੁੱਖ ਵੱਡਾ ਹੋ ਰਿਹੈ, ਪਿਆਸ ਹੈ ਪਦਾਰਥਾਂ ਦੀ, ਪਿਆਸ ਹੈ ਧਨ ਦੀ, ਭੁੱਖ ਹੈ ਤਰ੍ਹਾਂ ਤਰ੍ਹਾਂ ਦੀ ਸੰਪਦਾ ਦੀ, ਪਰਿਵਾਰ ਦੀ। ਕਈ ਦਫ਼ਾ ਤਾਂ ਜ਼ਿੰਦਗੀ ਦਾ ਅੰਤ ਹੋ ਜਾਂਦਾ ਹੈ ਅਤੇ ਪਰਮਾਤਮਾ ਦੀ ਪਿਆਸ ਪੈਦਾ ਹੀ ਨਹੀਂ ਹੁੰਦੀ, ਭੁੱਖ ਪੈਦਾ ਹੀ ਨਹੀਂ ਹੁੰਦੀ।

ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ॥ *(ਵਾਰ ਮਲਾਰ, ਮ: ੧, ਪੰਨਾ 1288)*

ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ ਜੇਕਰ ਭੁੱਖ ਨਹੀਂ ਤਾਂ ਭੋਜਨ ਦਾ ਸੁਆਦ ਨਹੀਂ। ਪਿਆਸ ਨਹੀਂ ਤਾਂ ਪਾਣੀ ਦੇ ਗਲਾਸ ਨੂੰ ਹੱਥ ਲਾਉਣ ਨੂੰ ਜੀਅ ਨਹੀਂ ਕਰਦਾ। ਭੁੱਖ ਭੋਜਨ ਨੂੰ ਸੁਆਦੀ ਬਣਾਉਂਦੀ ਹੈ, ਭੋਜਨ ਆਪਣੇ ਆਪ ਨੂੰ ਸੁਆਦ ਨਹੀਂ ਬਣਾਉਂਦਾ ? ਜਿਤਨੀ ਮਿਕਦਾਰ ਵਿਚ ਭੁੱਖ ਹੁੰਦੀ

ਹੈ, ਸੁਆਦ ਉਤਨਾ ਹੀ ਜ਼ਿਆਦਾ ਹੁੰਦੈ। ਜਿਤਨੀ ਮਿਕਦਾਰ ਵਿਚ ਪਿਆਸ ਹੁੰਦੀ ਹੈ, ਪਾਣੀ ਵਿਚ ਰਸ ਉਤਨਾ ਹੀ ਜ਼ਿਆਦਾ ਹੁੰਦਾ ਹੈ। ਭੁੱਖ ਨਹੀਂ ਤਾਂ ਸਭ ਕੁਝ ਮਿਲਣ ਦਾ ਕੋਈ ਰਸ ਭੀ ਨਹੀਂ ਹੈ। ਪਦਾਰਥਾਂ ਦੀ ਭੁੱਖ, ਪਰਿਵਾਰ ਦੀ ਭੁੱਖ, ਪੁੱਤਰਾਂ ਦੀ ਭੁੱਖ, ਕੋਈ ਵੀ ਭੁੱਖ ਅਗਰ ਮਿਟ ਜਾਂਦੀ ਹੈ ਤਾਂ ਹੋਰ ਪ੍ਰਾਪਤ ਕਰਨ ਦੀ ਚਾਹਤ ਵੀ ਨਹੀਂ ਰਹਿੰਦੀ। ਜਿਵੇਂ ਇਕ ਸੁਲਤਾਨ ਦਾ ਕੋਈ ਪੁੱਤਰ ਨਹੀਂ ਹੈ। ਇਕ ਪੁੱਤਰ ਲਈ ਉਹ ਤੀਰਥਾਂ ਦਾ ਰਟਨ ਕਰ ਰਿਹੈ, ਡੇਰਿਆਂ ਵਿਚ ਜਾ ਰਿਹੈ, ਅਖੰਡ ਪਾਠ ਰਖਾ ਰਿਹੈ, ਥਾਂ ਥਾਂ 'ਤੇ ਅਰਦਾਸ ਕਰਾ ਰਿਹੈ ਕਿ ਇਕ ਬੱਚਾ ਹੋ ਜਾਏ। ਮੁੱਦਤਾਂ ਤੋਂ ਭਟਕਦਿਆਂ ਹੋਇਆਂ ਜੇ ਕਿਧਰੇ ਉਸ ਦੇ ਘਰ ਇੱਕ ਲੜਕਾ ਹੋ ਜਾਂਦੈ ਤਾਂ ਉਸ ਦੇ ਪੈਰ ਜ਼ਮੀਨ ਉੱਪਰ ਨਹੀਂ ਟਿਕਦੇ। ਉਸ ਦੀ ਖ਼ੁਸ਼ੀ ਦੀ ਕੋਈ ਇੰਤਹਾ ਨਹੀਂ ਰਹਿੰਦੀ ਕਿਉਂਕਿ ਭੁੱਖ ਬਹੁਤ ਜ਼ਿਆਦਾ ਸੀ, ਔਲਾਦ ਦੀ ਭੁੱਖ ਬਹੁਤ ਜ਼ਿਆਦਾ ਸੀ। ਪਰ ਜਿਸ ਦੇ ਘਰ ਪੰਜ ਪੁੱਤਰ ਪਹਿਲੇ ਹੀ ਹਨ ਅਤੇ ਛੇਵਾਂ ਹੋਰ ਹੋ ਜਾਏ ਤਾਂ ਉਸ ਨੂੰ ਕੋਈ ਖ਼ੁਸ਼ੀ ਨਹੀਂ ਹੁੰਦੀ, ਕਿਉਂਕਿ ਭੁੱਖ ਹੀ ਕੋਈ ਨਹੀਂ ਹੈ, ਪਿਆਸ ਹੀ ਨਹੀਂ ਹੈ। "ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ"। ਭੁੱਖ ਤੇ ਸੁਆਦ ਦਾ ਆਪਸ ਵਿਚ ਮੇਲ ਹੈ। ਵਾਹਿਗੁਰੂ ਆਖਦਿਆਂ ਜੇ ਰਸ ਆਵੇ, ਤਾਂ ਸਮਝ ਲੈਣਾ ਕਿ ਅੰਦਰ ਭੁੱਖ ਹੈ। ਕੀਰਤਨ ਸੁਣਦਿਆਂ ਜੇ ਰਸ ਮਿਲੇ ਤਾਂ ਸਮਝ ਲੈਣਾ ਕਿ ਅੰਦਰ ਪਿਆਸ ਹੈ। ਬਾਣੀ ਪੜ੍ਹਦਿਆਂ ਸੁਆਦ ਆਵੇ ਤਾਂ ਸਮਝਣਾ ਅੰਦਰ ਭੁੱਖ ਹੈ। ਜੇਕਰ ਅਜਿਹਾ ਨਹੀਂ ਤਾਂ ਸਮਝਣਾ ਕਿ ਭੁੱਖ ਨਹੀਂ ਹੈ। ਆਯੁਰਵੇਦ ਆਚਾਰੀਆ ਹਰ ਉਸ ਮਨੁੱਖ ਨੂੰ ਰੋਗੀ ਮੰਨਦੇ ਹਨ ਜਿਸ ਦੇ ਅੰਦਰ ਭੋਜਨ ਦੀ ਭੁੱਖ ਪੈਦਾ ਨਾ ਹੋਵੇ। ਬੀਮਾਰ ਹੈ, ਭੋਜਨ ਦੀ ਭੁੱਖ ਨਹੀਂ ਪੈਦਾ ਹੁੰਦੀ। ਰੋਗੀ ਦੀ ਪਹਿਚਾਣ ਕੀ ਹੈ ? ਉਸ ਨੂੰ ਭੁੱਖ ਹੀ ਨਹੀਂ ਲੱਗਦੀ। ਇਕ ਸੌ ਚਾਰ ਡਿਗਰੀ ਦਾ ਬੁਖ਼ਾਰ ਚੜ੍ਹਿਆ ਹੋਵੇ ਤੇ ਛੱਤੀ ਪ੍ਰਕਾਰ ਦਾ ਭੋਜਨ ਉਸ ਤਾਪ ਚੜ੍ਹੇ ਮਨੁੱਖ ਦੇ ਅੱਗੇ ਰੱਖ ਦੇਈਏ ਤਾਂ ਉਹ ਕਹਿੰਦਾ ਹੈ, ਮੇਰਾ ਮੂੰਹ ਸੁਆਦੀ ਨਹੀਂ, ਮੈਨੂੰ ਭੁੱਖ ਨਹੀਂ। ਕਿਉਂਕਿ ਭੁੱਖ ਨਹੀਂ ਤਾਂ ਸੁਆਦ ਨਹੀਂ, ਬੁਖ਼ਾਰ ਚੜ੍ਹਿਆ ਹੋਇਐ। ਛੱਤੀ ਪ੍ਰਕਾਰ ਦਾ ਭੋਜਨ ਬੇਕਾਰ ਹੈ ਤੇ ਉਸ ਨੂੰ ਸੁਆਦ ਭੀ ਨਹੀਂ ਆਉਣਾ। ਬੁਖ਼ਾਰ ਜ਼ਬਾਨ ਦਾ ਜ਼ਾਇਕਾ ਭੀ ਖ਼ਰਾਬ ਕਰ ਦਿੰਦਾ ਹੈ। ਭੁੱਖ ਨਹੀਂ ਹੈ ਤਾਂ ਇਹ ਰੋਗੀ ਹੈ। ਭੋਜਨ ਦਾ ਸੁਆਦ ਨਹੀਂ ਹੈ ਤਾਂ ਇਹ ਰੋਗੀ ਹੈ। ਤੰਦਰੁਸਤ ਦੀ ਪਹਿਚਾਣ ਇਹ ਹੈ ਕਿ ਉਸ ਨੂੰ ਭੁੱਖ ਲੱਗਦੀ ਹੈ। ਤੰਦਰੁਸਤ ਦੀ ਪਹਿਚਾਣ—ਵਾਹਿਗੁਰੂ ਆਖਦੈ ਤਾਂ ਰਸ ਨਾਲ ਭਰ ਜਾਂਦਾ ਹੈ। ਬਾਣੀ ਸੁਣਦੈ ਤਾਂ ਅਨੰਦ ਨਾਲ ਭਰ ਜਾਂਦਾ ਹੈ। ਸੰਗਤ ਨੂੰ ਵੇਖਦੈ ਤਾਂ ਚਾਅ ਮਲ੍ਹਾਰ ਨਾਲ ਭਰ ਜਾਂਦਾ ਹੈ, ਕਿਉਂਕਿ ਭੁੱਖ ਹੈ, ਪਿਆਸ ਹੈ। ਮੈਂ ਫਿਰ ਦੁਹਰਾਵਾਂ ਜੇਕਰ ਭੋਜਨ ਦੀ ਭੁੱਖ ਨਹੀਂ ਲੱਗਦੀ ਤਾਂ ਇਹ ਮਨੁੱਖ ਸਰੀਰਕ ਤਲ 'ਤੇ ਰੋਗੀ ਹੈ। ਜੇਕਰ ਭਜਨ ਦੀ ਭੁੱਖ ਨਹੀਂ ਤਾਂ ਇਹ ਮਨੁੱਖ

ਮਾਨਸਿਕ ਤਲ 'ਤੇ ਰੋਗੀ ਹੈ। ਜਿਨ੍ਹਾਂ ਨੂੰ ਭੋਜਨ ਦੀ ਭੁੱਖ ਨਹੀਂ ਲੱਗਦੀ, ਇਸ ਤਰ੍ਹਾਂ ਦੇ ਰੋਗੀ ਬਹੁਤ ਥੋੜ੍ਹੇ ਹਨ। ਜਨਮ ਤੋਂ ਹੀ ਮਨੁੱਖ ਭੁੱਖ ਤੇ ਪਿਆਸ ਨਾਲ ਹੀ ਲੈ ਕੇ ਆਇਐ। ਪਿਆਸ ਭੀ ਲੱਗਦੀ ਹੈ, ਭੁੱਖ ਭੀ ਲੱਗਦੀ ਹੈ। ਜਿਨ੍ਹਾਂ ਨੂੰ ਭੋਜਨ ਦੀ ਭੁੱਖ ਨਹੀਂ ਲੱਗਦੀ, ਬਹੁਤ ਥੋੜੇ ਲੋਗ ਹਨ। ਪਰ ਐਸੇ ਰੋਗੀਆਂ ਨਾਲ ਤਾਂ ਸਾਰਾ ਸੰਸਾਰ ਭਰਿਆ ਪਿਐ, ਜਿਨ੍ਹਾਂ ਦੇ ਅੰਦਰ ਭਜਨ ਦੀ ਭੁੱਖ ਨਹੀਂ ਪੈਦਾ ਹੁੰਦੀ:

ਜੋ ਜੋ ਦੀਸੈ ਸੋ ਸੋ ਰੋਗੀ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥ *(ਭੈਰਉ ਮਹਲਾ ੫, ਪੰਨਾ 1140)*

ਇਵੇਂ ਹੋ ਸਕਦੈ ਕਿ ਮਨੁੱਖ ਗੁਰਦੁਆਰੇ ਆਇਐ ਪਰ ਭੁੱਖ ਨਹੀਂ ਹੈ। ਭੁੱਖ ਨਾ ਭੀ ਹੋਵੇ, ਮਨੁੱਖ ਭੋਜਨ ਤਾਂ ਖਾਂਦਾ ਹੀ ਹੈ। ਭੁੱਖ ਤਾਂ ਨਹੀਂ ਪਰ ਗੁਰਦੁਆਰੇ ਆਇਐ। ਪਿਆਸ ਤਾਂ ਅੰਦਰ ਨਹੀਂ, ਪਰ ਬਾਣੀ ਪੜ੍ਹ ਰਿਹੈ, ਕੀਰਤਨ ਸੁਣ ਰਿਹੈ। ਭੁੱਖ ਨਹੀਂ ਹੈ ਤਾਂ ਹੋਵੇਗਾ ਕੀ? ਇਸ ਨੂੰ ਰਸ ਨਹੀਂ ਆਏਗਾ, ਨਾ ਕੀਰਤਨ ਵਿਚ, ਨਾ ਬਾਣੀ ਦੇ ਪਾਠ ਵਿਚ, ਨਾ ਵਾਹਿਗੁਰੂ ਵਾਹਿਗੁਰੂ ਆਖਣ ਵਿਚ। ਕੋਈ ਰਸ ਨਹੀਂ ਆਏਗਾ, ਕਿਉਂਕਿ ਭੁੱਖ ਨਹੀਂ ਹੈ। ਵੈਦ ਇਕਦਮ ਕਹਿ ਦਿੰਦੈ, ਇਹ ਰੋਗ ਦੀ ਅਲਾਮਤ ਹੈ, ਕਿਉਂਕਿ ਭੋਜਨ ਦੀ ਭੁੱਖ ਨਹੀਂ। ਗੁਰੂ ਭੀ ਕਹਿੰਦੈ, ਇਹ ਮਨੁੱਖ ਰੋਗੀ ਹੈ, ਕਿਉਂਕਿ ਭਜਨ ਦੀ ਭੁੱਖ ਹੀ ਨਹੀਂ ਹੈ, "ਜੋ ਜੋ ਦੀਸੈ ਸੋ ਸੋ ਰੋਗੀ"। ਇਕ ਦਫ਼ਾ ਮੈਂ ਫਿਰ ਦੁਹਰਾਵਾਂ, ਭੁੱਖ ਪੈਦਾ ਹੋ ਗਈ ਹੈ ਤਾਂ ਵਾਹਿਗੁਰੂ ਆਖਦਿਆਂ ਰਸ ਆਏਗਾ। ਭੁੱਖ ਪੈਦਾ ਹੋ ਗਈ ਹੈ ਤਾਂ ਕੀਰਤਨ ਸੁਣਦਿਆਂ ਰਸ ਆਏਗਾ। ਰਸ ਨਹੀਂ ਆ ਰਿਹਾ ਤਾਂ ਭੁੱਖ ਨਹੀਂ ਹੈ। ਹਰ ਮਨੁੱਖ ਨੇ ਆਪਣਾ ਫ਼ੈਸਲਾ ਆਪ ਕਰਨਾ ਹੈ। ਸ਼ੇਖ਼ ਸਾਅਦੀ ਕਹਿੰਦੇ ਹਨ, ਆਪਣਾ ਮੁਨਸਫ਼ ਆਪ ਬਣ, ਆਪਣਾ ਫ਼ੈਸਲਾ ਆਪ ਕਰ ਕਿ ਤੂੰ ਕੀ ਹੈਂ? ਦੂਜਿਆਂ ਕੋਲੋਂ ਨਾ ਪੁੱਛ ਕਿ ਤੂੰ ਕੀ ਹੈਂ? ਦੂਜੇ ਤੇਰਾ ਫ਼ੈਸਲਾ ਸਹੀ ਨਹੀਂ ਕਰ ਸਕਦੇ, ਇਹ ਭੀ ਮੈਂ ਅਰਜ਼ ਕਰ ਦਿਆਂ। ਦੁਨੀਆਂ ਦੀ ਕੋਈ ਅਦਾਲਤ, ਦੁਨੀਆਂ ਦਾ ਕੋਈ ਮੁਨਸਫ਼, ਕਿਸੇ ਬਾਰੇ ਭੀ ਸਹੀ ਫ਼ੈਸਲਾ ਨਹੀਂ ਕਰ ਸਕਦਾ ਕਿ ਇਹ ਮਨੁੱਖ ਕੀ ਹੈ? ਫ਼ੈਸਲੇ ਨੜ੍ਹਿੰਨਵੇਂ ਫ਼ੀਸਦੀ ਗ਼ਲਤ ਹੁੰਦੇ ਹਨ। ਇਸ ਵਾਸਤੇ ਸ਼ੇਖ਼ ਸਾਅਦੀ ਕਹਿੰਦੇ ਹਨ, ਆਪਣਾ ਫ਼ੈਸਲਾ ਆਪ ਕਰ ਕਿ ਤੂੰ ਕੀ ਹੈਂ? ਕੋਈ ਨਹੀਂ ਜਾਣਦਾ ਕਿ ਤੂੰ ਕੀ ਹੈਂ! ਮੈਂ ਕੀ ਸੋਚਦਾ ਹਾਂ? ਮੇਰੇ ਅੰਦਰ ਯਾਦਾਂ ਕੀ ਚਲਦੀਆਂ ਹਨ? ਤੁਸੀਂ ਕਿਸ ਤਰ੍ਹਾਂ ਅੰਦਾਜ਼ਾ ਲਗਾਉਗੇ ਕਿ ਮੇਰੇ ਅੰਦਰ ਕਿਸ ਦੀਆਂ ਯਾਦਾਂ ਚਲਦੀਆਂ ਹਨ? ਮੈਂ ਕਿਵੇਂ ਦੇਖਾਂਗਾ ਕਿ ਤੁਹਾਡੇ ਅੰਦਰ ਕਿਹੜੇ ਵੀਚਾਰ ਚਲਦੇ ਪਏ ਹਨ? ਤੁਸੀਂ ਕਿਸ ਤਰ੍ਹਾਂ ਦੇਖੋਗੇ ਕਿ ਮੈਂ ਕੀ ਸੋਚਦਾ ਪਿਆ ਹਾਂ ਤੇ ਮੈਂ ਕਿਸ ਤਰ੍ਹਾਂ ਦੇਖਾਂ ਕਿ ਤੁਸੀਂ ਕੀ ਸੋਚਦੇ ਪਏ ਹੋ? ਮੇਰਾ ਸੋਚਣਾ ਮੈਂ ਵੇਖ ਸਕਦਾ ਹਾਂ, ਤੁਸੀਂ ਨਹੀਂ। ਤੁਹਾਨੂੰ

ਕੌਣ ਯਾਦ ਆ ਰਿਹੈ, ਤੁਸੀਂ ਵੇਖ ਸਕਦੇ ਹੋ, ਮੈਂ ਨਹੀਂ ਦੇਖ ਸਕਦਾ ਤੇ ਜਦ ਆਪਣੇ ਵੀਚਾਰ, ਆਪਣੀ ਸੋਚਣੀ, ਆਪਣੀ ਸਮਝ, ਆਪਣੀਆਂ ਯਾਦਾਂ ਨੂੰ ਵੇਖ ਹੀ ਮੈਂ ਸਕਦਾ ਹਾਂ ਤਾਂ ਮੇਰੀਆਂ ਯਾਦਾਂ ਬਾਰੇ, ਮੇਰੀ ਸੋਚਣੀ ਬਾਰੇ, ਮੇਰੀਆਂ ਵੀਚਾਰਾਂ ਬਾਰੇ ਕਿਸੇ ਦਾ ਫ਼ੈਸਲਾ ਕਿਵੇਂ ਸਹੀ ਹੋ ਸਕਦੈ। ਦੂਸਰੇ ਨੂੰ ਤਾਂ ਦਿਖਾਈ ਨਹੀਂ ਦਿੰਦਾ। ਇਹ ਭੀ ਮੈਂ ਅਰਜ਼ ਕਰ ਦਿਆਂ ਕਿ ਜ਼ਰੂਰੀ ਨਹੀਂ ਕਿ ਜੋ ਮਨੁੱਖ ਦੀ ਕਿਰਤ ਹੋਵੇ, ਉਹ ਮਨੁੱਖ ਦੇ ਵੀਚਾਰ ਭੀ ਹੋਵਣ। ਕਿਰਤ ਤਾਂ ਇਹ ਹੈ ਕਿ ਮੱਥਾ ਟੇਕ ਰਿਹੈ। ਪਤੈ ਮੱਥਾ ਟੇਕਣ ਦਾ ਮਤਲਬ ਕੀ ਹੁੰਦੈ? ਮਤਲਬ ਇਸਦਾ ਇਹ ਹੁੰਦੈ ਕਿ ਮੈਂ ਸਰੰਡਰ ਕਰਦਾ ਹਾਂ, ਸਮਰਪਣ ਕਰਦਾ ਹਾਂ। ਐ ਗੁਰੂ! ਤੇਰੀ ਹਰ ਗੱਲ ਮੈਨੂੰ ਕਬੂਲ ਹੈ। ਜੇ ਮੱਥਾ ਟੇਕ ਕੇ ਭੀ ਗੱਲ ਕਬੂਲ ਨਹੀਂ ਤਾਂ ਸਾਨੂੰ ਕੀ ਪਤਾ ਕਿ ਇਸ ਨੂੰ ਗੱਲ ਕਬੂਲ ਹੈ ਕਿ ਨਹੀਂ? ਤੁਸੀਂ ਕਿਸ ਤਰ੍ਹਾਂ ਅੰਦਾਜ਼ਾ ਲਗਾਉਗੇ? ਇਸ ਵਾਸਤੇ ਮੈਂ ਦੁਬਾਰਾ ਮੁਆਫ਼ੀ ਮੰਗਦਾਂ ਕਿ ਹਜ਼ਾਰਾਂ ਵਿੱਚੋਂ ਕੋਈ ਇਕ ਅੱਧ ਮਨੁੱਖ ਮੱਥਾ ਟੇਕਦਾ ਹੈ, ਸਾਰੇ ਨਹੀਂ ਟੇਕਦੇ। ਤੁਸੀਂ ਆਖੋਗੇ, ਸਾਰੇ ਟੇਕਦੇ ਹਨ। ਮੈਂ ਭੀ ਟੇਕਦਾ ਹਾਂ, ਤੁਸੀਂ ਭੀ ਟੇਕਦੇ ਹੋ। ਮੱਥਾ ਤਾਂ ਉਸ ਨੇ ਟੇਕਿਐ ਜਿਸ ਨੇ ਕਹਿ ਦਿੱਤਾ, ਗੁਰੂ! ਤੇਰੀ ਹਰ ਗੱਲ ਮੈਨੂੰ ਕਬੂਲ ਹੈ, ਮੈਂ ਸਮਰਪਣ ਕਰਦਾ ਹਾਂ। ਮੈਂ ਆਪਣੇ ਆਪ ਨੂੰ ਤੇਰੇ ਹਵਾਲੇ ਕਰਦਾ ਹਾਂ। ਮੈਂ ਤੇਰੇ ਕਹਿਣੇ ਦੇ ਮੁਤਾਬਕ ਆਪਣਾ ਜੀਵਨ ਜੀਵਾਂਗਾ। ਉਸ ਨੇ ਮੱਥਾ ਟੇਕਿਐ। ਬਾਕੀਆਂ ਨੇ ਕਿਰਤ ਕਰ ਕੇ ਤਾਂ ਮੱਥਾ ਟੇਕਿਐ, ਵੀਚਾਰਾਂ ਵਿਚ ਕੁਝ ਹੋਰ ਹੈ, ਸੋਚਣੀ ਵਿਚ ਕੁਝ ਹੋਰ ਹੈ। ਇੱਕੋ ਮੈਂ ਬੋਲ ਬੋਲ ਦਿਆਂ:

> ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥
> ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥

(ਵਾਰ ਬਿਹਾਗੜਾ, ਮ: ੩, ਪੰਨਾ 554)

ਹੁਣ ਗੁਰੂ ਦਾ ਹੁਕਮ ਹੈ ਕਿ ਜਿਸ ਦੇ ਪੀਂਦਿਆਂ ਮਤ ਨਾਸ ਹੁੰਦੀ ਹੈ, ਜਿਸ ਦੇ ਪੀਤਿਆਂ ਮਨੁੱਖ ਅਚੇਤ ਹੁੰਦੈ, ਉਹ ਸ਼ਰਾਬ ਤੂੰ ਨਾ ਪੀ। "ਬਿਖਲੀ ਪਤਿ ਕਮਲੀ" ਕਰਕੇ ਕਹਿ ਦਿੱਤੈ। ਜਿਹੜਾ ਪੀਂਦੈ, ਸਤਿਗੁਰੂ ਦੀ ਬਾਣੀ ਕਹਿੰਦੀ ਹੈ ਕਿ ਉਹ ਵੇਸਵਾ ਦਾ ਪਤੀ ਹੈ ਅਤੇ ਵੇਸਵਾ ਦੇ ਪਤੀ ਨੂੰ ਤਾਂ ਦਲਾਲ ਕਹਿੰਦੇ ਹਨ। ਇਹ ਪੰਗਤੀ ਨਾ ਹੁੰਦੀ ਤਾਂ ਮੈਂ ਕਦੇ ਨਹੀਂ ਕਹਿ ਸਕਦਾ ਸੀ, ਮੇਰੇ ਵਿਚ ਇਤਨੀ ਹਿੰਮਤ ਕਿੱਥੇ! "ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ"। ਬਿਖਲੀ ਪਤ ਬੇਸਵਾ ਦਾ ਪਤੀ ਦਲਾਲ ਹੈ। ਕੌਣ? ਜੋ ਸ਼ਰਾਬ ਪੀਂਦਾ ਹੈ। ਹੱਦ ਹੋ ਗਈ, ਇਹ ਤਾਂ ਬਹੁਤ ਵੱਡੀ ਗਾਲ੍ਹ ਹੋ ਗਈ। "ਬਿਖਲੀ ਪਤਿ" ਵੇਸਵਾ ਦਾ ਪਤੀ, ਦਲਾਲ ਹੈ। ਸ਼ਾਮ ਨੂੰ ਸ਼ਰਾਬ ਦੀ ਬੋਤਲ ਖੋਲ੍ਹ ਕੇ ਸੰਧਿਆ ਦੇ ਸਮੇਂ, ਰਹਰਾਸਿ ਦੇ ਵਕਤ ਇਹ ਪੀ ਰਿਹੈ ਤੇ ਸਵੇਰੇ ਆ ਕੇ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਰਿਹੈ, ਇਹ ਮੱਥਾ ਟੇਕਣਾ ਪਾਖੰਡ ਹੈ, ਬਿਲਕੁਲ ਪਾਖੰਡ ਹੈ:

ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥

(ਵਾਰ ਆਸਾ, ਮ: ੧, ਪੰਨਾ 470)

ਫਿਰ ਕਿਰਤ ਨੂੰ ਕੀ ਕਹੀਏ, ਕਿਰਤ ਸਾਰਿਆਂ ਨੂੰ ਦਿਖਾਈ ਦਿੰਦੀ ਹੈ। ਮੈਂ ਤੁਹਾਨੂੰ ਕਥਾ ਸੁਣਾ ਰਿਹਾਂ, ਜੇਕਰ ਇਹ ਗੱਲ ਮੇਰਾ ਆਪਣਾ ਹਿਰਦਾ ਕਬੂਲ ਨਹੀਂ ਕਰਦਾ ਕਿ ਮੈਂ ਤੁਹਾਨੂੰ ਕਥਾ ਸੁਣਾ ਰਿਹਾਂ ਤਾਂ ਗੁਰਬਾਣੀ ਇਹ ਕਹਿੰਦੀ ਹੈ ਕਿ ਤੂੰ ਆਪਣੇ ਮੂੰਹ ਵਿੱਚੋਂ ਮਿੱਟੀ ਕੱਢ ਕੇ ਲੋਕਾਂ ਦੇ ਮੂੰਹ ਵਿਚ ਪਾ ਰਿਹੈਂ :

ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ ॥
ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥

(ਸਲੋਕ ਕਬੀਰ ਜੀ, ਪੰਨਾ 1369)

ਦੂਜਿਆਂ ਨੂੰ ਕਥਾ ਸੁਣਾ ਰਿਹੈਂ, ਪਰ ਤੇਰਾ ਆਪਣਾ ਹਿਰਦਾ ਕਬੂਲ ਨਹੀਂ ਕਰਦਾ, ਇਹ ਤਾਂ ਤੂੰ ਰੇਤ ਆਪਣੇ ਮੂੰਹ ਵਿੱਚੋਂ ਕੱਢ ਕੇ ਲੋਕਾਂ ਦੇ ਕੰਨਾਂ ਵਿਚ ਪਾ ਰਿਹੈਂ, ਹੋਰ ਕੀ ਹੈ। ਹੁਣ ਜਿਹੜੀ ਗੱਲ ਮੈਂ ਕਹਿ ਰਿਹਾਂ, ਮੇਰਾ ਹਿਰਦਾ ਮੰਨਦੈ ਕਿ ਨਹੀਂ ਮੰਨਦਾ, ਮੈਂ ਜਾਣਦਾ ਹਾਂ, ਤੁਸੀਂ ਨਹੀਂ ਜਾਣਦੇ। ਮੱਥਾ ਟੇਕਿਐ, ਮੈਨੂੰ ਹਰ ਗੱਲ ਗੁਰੂ ਦੀ ਕਬੂਲ ਹੈ ਕਿ ਨਹੀਂ, ਇਹ ਮੈਂ ਹੀ ਜਾਣਦਾ ਹਾਂ। ਹਰ ਮਨੁੱਖ ਆਪਣੀ ਮੁਨਸਫ਼ੀ ਆਪ ਹੀ ਕਰ ਸਕਦੈ, ਦੂਸਰਾ ਨਹੀਂ। ਦੁਨੀਆਂ ਦੀ ਕੋਈ ਅਦਾਲਤ ਕਿਸੇ ਬਾਰੇ ਸਹੀ ਫ਼ੈਸਲਾ ਨਹੀਂ ਕਰ ਸਕਦੀ। ਔਖੇ ਨਾ ਹੋਣਾ, ਸਭ ਅਦਾਲਤਾਂ ਗ਼ਲਤ ਫ਼ੈਸਲੇ ਕਰਦੀਆਂ ਹਨ। ਕਾਨੂੰਨ ਬਣ ਗਿਐ, ਠੀਕ ਹੈ। ਫ਼ੈਸਲਾ ਤਾਂ ਉਸ ਦਿਨ ਹੁੰਦੈ ਜਿਸ ਦਿਨ ਮਨੁੱਖ ਆਪਣਾ ਫ਼ੈਸਲਾ ਆਪ ਕਰਦੈ ਕਿ ਮੈਂ ਕੀ ਹਾਂ। ਕਿਉਂਕਿ ਮੇਰੀ ਸੋਚਣੀ, ਮੇਰੇ ਵੀਚਾਰ, ਮੇਰੀਆਂ ਯਾਦਾਂ ਨੂੰ ਜਾਂ ਮੈਂ ਵੇਖਦਾ ਹਾਂ ਜਾਂ ਪਰਮਾਤਮਾ ਵੇਖਦਾ ਹੈ, ਦੂਜਾ ਤੀਜਾ ਹੋਰ ਤਾਂ ਕੋਈ ਦੇਖ ਹੀ ਨਹੀਂ ਸਕਦਾ। ਇਸ ਵਾਸਤੇ ਵੀਚਾਰਾਂ ਨੂੰ, ਸੋਚਣੀ ਨੂੰ, ਯਾਦਾਂ ਨੂੰ ਕਹਿੰਦੇ ਹਨ ਚਿੱਤਰ ਗੁਪਤ। ਉਹ ਤਸਵੀਰ ਜੋ ਗੁਪਤ ਹੈ, ਕੋਈ ਨਹੀਂ ਦੇਖ ਸਕਦਾ। ਸਮਾਜ ਨਹੀਂ ਦੇਖ ਸਕਦਾ, ਭਰਾ ਭੀ ਨਹੀਂ ਦੇਖ ਸਕਦਾ ਕਿ ਭਰਾ ਕੀ ਸੋਚ ਰਿਹੈ। ਪਿਤਾ ਭੀ ਨਹੀਂ ਵੇਖ ਸਕਦਾ ਕਿ ਪੁੱਤਰ ਦੇ ਅੰਦਰ ਯਾਦਾਂ ਕੀ ਚਲ ਰਹੀਆਂ ਹਨ। ਪਤੀ ਨੂੰ ਭੀ ਕੁਝ ਨਹੀਂ ਪਤਾ ਕਿ ਪਤਨੀ ਕੀ ਸੋਚ ਰਹੀ ਹੈ। ਪਤਨੀ ਨੂੰ ਭੀ ਕੱਖ ਨਹੀਂ ਪਤਾ ਕਿ ਪਤੀ ਦੇ ਅੰਦਰ ਯਾਦਾਂ ਕਿਸ ਦੀਆਂ ਚਲ ਰਹੀਆਂ ਹਨ। ਕੁਝ ਭੀ ਨਹੀਂ ਪਤਾ। ਚਿੱਤਰ ਗੁਪਤ, ਅੰਤਮ ਸਮੇਂ ਜਦ ਇਹ ਪ੍ਰਗਟ ਚਿੱਤਰ ਨੂੰ ਜਲਾ ਦਿੱਤਾ ਜਾਂਦੈ ਜਾਂ ਦਫ਼ਨ ਕਰ ਦਿੱਤਾ ਜਾਂਦੈ ਤਾਂ ਉਹ ਜਿਹੜਾ ਅੰਦਰ ਦਾ ਚਿੱਤਰ ਗੁਪਤ ਹੈ, ਉਸ ਦੇ ਮੁਤਾਬਕ ਫ਼ੈਸਲਾ ਹੁੰਦਾ ਹੈ :

ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥

(ਸੋਰਠਿ ਮਹਲਾ ੫, ਪੰਨਾ 616)

ਚਿੱਤ੍ਰ ਗੁਪਤ ਬਾਰੇ ਸਮਾਜ 'ਤੇ ਗੁਪਤ ਪੜਦਾ ਪਿਆ ਹੋਇਐ। ਮੈਂ ਕੀ ਸੋਚ ਰਿਹਾਂ, ਪਰਦੇ ਵਿਚ ਹੈ। ਤੁਸੀਂ ਕੀ ਸੋਚ ਰਹੇ ਹੋ, ਪਰਦੇ ਵਿਚ ਹੈ। ਮੈਂ ਕੀ ਯਾਦ ਕਰ ਰਿਹਾ ਹਾਂ, ਪਰਦਾ ਹੈ। ਤੁਹਾਡੇ ਅੰਦਰ ਕਿਸ ਦੀ ਯਾਦ ਚਲਦੀ ਹੈ, ਪਰਦਾ ਹੈ। ਪਰ ਇਹ ਪਰਦਾ ਸਮਾਜ ਤੋਂ ਹੈ, ਸੰਸਾਰ ਤੋਂ ਹੈ, ਪਰਮਾਤਮਾ ਦੇ ਸਾਹਮਣੇ ਪਰਦਾ ਨਹੀਂ, ਉਹ ਤਾਂ ਵੇਖਦਾ ਪਿਆ ਹੈ ਕਿ ਮੈਂ ਕੀ ਸੋਚਦਾ ਹਾਂ, ਮੇਰੇ ਅੰਦਰ ਯਾਦਾਂ ਕੀ ਚਲ ਰਹੀਆਂ ਹਨ। ਇਸ ਵਾਸਤੇ ਸਾਹਿਬ ਕਹਿੰਦੇ ਹਨ, ਪਰਮਾਤਮਾ ਦੇ ਸਾਹਮਣੇ ਕੋਈ ਪਰਦਾ ਨਹੀਂ ਹੈ। ਪਰ ਮੈਂ ਤਾਂ ਪਰਮਾਤਮਾ ਨੂੰ ਮੰਨਦਾ ਨਹੀਂ, ਪਰਮਾਤਮਾ ਦਾ ਮੈਨੂੰ ਭੈਅ ਨਹੀਂ। ਚਿੱਤਰ ਗੁਪਤ ਸਮਾਜ ਦੇਖ ਨਹੀਂ ਸਕਦਾ, ਪ੍ਰਗਟ ਚਿੱਤਰ ਦੇਖਦੈ। ਮੈਂ ਸਰੀਰ ਦੇ ਤਲ 'ਤੇ ਕੀ ਕਰਦਾ ਹਾਂ, ਇਹ ਸਮਾਜ ਨੂੰ ਦਿਖਾਈ ਦਿੰਦੈ। ਇਹ ਪਰਿਵਾਰ ਨੂੰ ਭੀ ਦਿਖਾਈ ਨਹੀਂ ਦਿੰਦਾ। ਇਸ ਵਾਸਤੇ ਸੂਫ਼ੀ ਫ਼ਕੀਰ ਸ਼ੇਖ਼ ਸਾਅਦੀ ਕਹਿੰਦੇ ਹਨ, ਆਪਣਾ ਫ਼ੈਸਲਾ ਤੂੰ ਕਿਸੇ ਹੋਰ ਤੋਂ ਨਾ ਕਰਾ, ਆਪਣਾ ਫ਼ੈਸਲਾ ਆਪ ਕਰ। ਕਿਰਤ ਦੇ ਮੁਤਾਬਕ ਨਹੀਂ, ਆਪਣੀ ਵੀਚਾਰ, ਸੋਚਣੀ, ਯਾਦਾਂ ਦੇ ਮੁਤਾਬਕ ਫ਼ੈਸਲਾ ਕਰ ਕਿ ਤੇਰੇ ਅੰਦਰ ਪ੍ਰਭੂ ਦੀ ਪਿਆਸ ਹੈ ਕਿ ਨਹੀਂ। ਇਕ ਮਨੁੱਖ ਪਾਣੀ ਪੀ ਰਿਹੈ ਤਾਂ ਅਸੀਂ ਸੋਚਾਂਗੇ ਕਿ ਇਸ ਨੂੰ ਪਿਆਸ ਲੱਗੀ ਹੋਈ ਹੈ। ਇਕ ਮਨੁੱਖ ਭੋਜਨ ਖਾ ਰਿਹੈ ਤਾਂ ਅਸੀਂ ਸਮਝਾਂਗੇ ਕਿ ਇਸ ਨੂੰ ਭੁੱਖ ਲੱਗੀ ਹੋਈ ਹੈ। ਇਕ ਮਨੁੱਖ ਵਾਹਿਗੁਰੂ ਵਾਹਿਗੁਰੂ ਜਪ ਰਿਹੈ, ਜ਼ਰੂਰੀ ਨਹੀਂ ਕਿ ਇਸ ਦੇ ਅੰਦਰ ਵਾਹਿਗੁਰੂ ਦੀ ਪਿਆਸ ਹੋਵੇ। ਇਕ ਮਨੁੱਖ ਪਾਣੀ ਪੀ ਰਿਹੈ, ਅਸੀਂ ਸਮਝ ਲੈਂਦੇ ਹਾਂ ਕਿ ਇਸ ਨੂੰ ਪਿਆਸ ਹੈ। ਇਕ ਮਨੁੱਖ ਬਾਣੀ ਪੜ੍ਹ ਰਿਹੈ, ਇਹ ਜ਼ਰੂਰੀ ਨਹੀਂ ਕਿ ਇਸ ਦੇ ਅੰਦਰ ਬਾਣੀ ਪੜ੍ਹਨ ਦੀ ਤੜਪ ਹੋਵੇ, ਪਿਆਸ ਹੋਵੇ, ਇਹ ਭੀ ਮੈਂ ਅਰਜ਼ ਕਰ ਦਿਆਂ। ਇਕ ਮਨੁੱਖ ਰੋਟੀ ਖਾ ਰਿਹੈ, ਅਸੀਂ ਫ਼ੌਰਨ ਫ਼ੈਸਲਾ ਕਰ ਲੈਂਦੇ ਹਾਂ ਕਿ ਇਸ ਨੂੰ ਭੁੱਖ ਲੱਗੀ ਹੋਈ ਹੈ ਤਾਂ ਹੀ ਖਾ ਰਿਹੈ। ਇਕ ਮਨੁੱਖ ਕੀਰਤਨ ਸੁਣ ਰਿਹੈ, ਇਕ ਮਨੁੱਖ ਵਾਹਿਗੁਰੂ ਵਾਹਿਗੁਰੂ ਕਰ ਰਿਹੈ, ਹੋ ਸਕਦੈ ਬਿਨਾਂ ਭੁੱਖ ਤੋਂ ਕਰ ਰਿਹਾ ਹੋਵੇ। ਪਰ ਇਸ ਬਾਰੇ ਦੂਜਾ ਕੋਈ ਵੀ ਫ਼ੈਸਲਾ ਨਹੀਂ ਕਰ ਸਕਦਾ। ਆਪ ਹੀ ਫ਼ੈਸਲਾ ਕਰੇ, ਖ਼ੁਦ ਹੀ ਫ਼ੈਸਲਾ ਕਰਨਾ ਪੈਂਦੈ। ਇਸ ਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਇੰਜ ਕਹਿੰਦੇ ਹਨ:

ਅਪ ਤਨ ਕਾ ਜੋ ਕਰੇ ਬੀਚਾਰੁ ॥
ਤਿਸੁ ਨਹੀ ਜਮਕੰਕਰੁ ਕਰੇ ਖੁਆਰੁ ॥ *(ਬਸੰਤ ਰਵਿਦਾਸ ਜੀ, ਪੰਨਾ 1196)*

ਆਪਣੇ ਵੀਚਾਰ ਜੋ ਆਪ ਕਰਦੈ, ਆਪਣੀ ਸੋਚਣੀ ਨੂੰ ਜੋ ਆਪ ਦੇਖਦੈ, ਆਪਣੀਆਂ ਯਾਦਾਂ ਨੂੰ ਜੋ ਆਪ ਦੇਖਦੈ ਅਤੇ ਸੁਧਾਰਦੈ, ਉਹ ਫਿਰ ਜਮਾਂ ਦੀ ਮਾਰ ਤੋਂ ਬਚ ਜਾਂਦਾ ਹੈ। ਮੈਂ ਕਿਸੇ ਨੂੰ ਕਿਤਨਾ ਭੀ ਆਖਾਂ ਕਿ ਇਹ ਬੜੇ ਗੁਰਮੁਖ ਪਿਆਰੇ ਹਨ, ਇਹ ਦਾਨੀ ਹਨ, ਇਹ ਗਿਆਨੀ ਹਨ, ਪਰ ਦੂਜੇ ਦਾ ਫ਼ੈਸਲਾ

ਮੈਂ ਥੋੜੀ ਕਰਨੈ, ਉਹ ਤਾਂ ਪ੍ਰਭੂ ਨੇ ਕਰਨਾ ਹੈ। ਤੁਸੀਂ ਕਿਤਨਾ ਭੀ ਆਖੋ ਕਿ ਇਹ ਤਾਂ ਗਿਆਨੀ ਹੈ, ਕਥਾ ਕਰਦੈ, ਇਸ ਦੀ ਉੱਚੀ ਸ਼ਖ਼ਸੀਅਤ ਹੈ, ਪਰ ਇਹ ਤਾਂ ਮੈਂ ਹੀ ਜਾਣਦਾ ਹਾਂ ਕਿ ਮੈਂ ਕੀ ਹਾਂ, ਜਾਂ ਪਰਮਾਤਮਾ ਜਾਣਦਾ ਹੈ। ਮੇਰਾ ਫ਼ੈਸਲਾ ਤੁਸੀਂ ਨਹੀਂ ਕਰ ਸਕਦੇ, ਤੁਹਾਡਾ ਫ਼ੈਸਲਾ ਮੈਂ ਨਹੀਂ ਕਰ ਸਕਦਾ। ਪਰ ਇਕ ਰਸਮ ਹੈ, ਕਹਿਣਾ ਪੈਂਦਾ ਹੈ ਕਿ ਬੜੇ ਗੁਰਸਿਖ ਪਿਆਰੇ ਹਨ, ਬੜੇ ਦਾਨੀ ਹਨ, ਬੜੇ ਗਿਆਨੀ ਹਨ। ਦੂਜਾ ਗੁਰਮੁਖ ਪਿਆਰਾ ਹੈ, ਇਹ ਫ਼ੈਸਲਾ ਮੈਂ ਕਰਨੈ। ਬਾਬਾ ਫ਼ਰੀਦ ਕਹਿੰਦੇ ਹਨ, "ਇਕਨਾ ਆਟਾ ਅਗਲਾ"। ਇਕਨਾਂ ਦੇ ਘਰ ਤਾਂ ਆਟਾ ਇਤਨਾ ਹੈ ਕਿ ਸਾੜਿਆਂ ਨਹੀਂ ਮੁੱਕਦਾ ਤੇ ਇਕਨਾਂ ਦੇ ਘਰ ਲੂਣ ਭੀ ਕੋਈ ਨਹੀ:

ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ॥
ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ॥੪੪॥

(ਸਲੋਕ ਫਰੀਦ ਜੀ, ਪੰਨਾ 1380)

ਇਹ ਤਾਂ ਫ਼ੈਸਲਾ ਪ੍ਰਭੂ ਨੇ ਕਰਨਾ ਕਿ ਮਾਰ ਕਿਸ ਨੂੰ ਪੈਣੀ ਹੈ। ਇਕ ਦੇ ਘਰ ਤਾਂ ਧਨ ਸੰਪਦਾ ਇਤਨੀ ਹੈ ਕਿ ਸੰਭਾਲੀ ਨਹੀਂ ਜਾਂਦੀ। ਇਕ ਦੇ ਘਰ ਤਾਂ ਆਟਾ ਇਤਨਾ ਹੈ, ਰੋਟੀਆਂ ਇਤਨੀਆਂ ਹਨ ਕਿ ਉਹ ਸਾਂਭ ਨਹੀਂ ਸਕਦਾ, ਪਰ ਇਕ ਦੇ ਘਰ ਰੰਚਿਕ ਮਾਤਰ ਲੂਣ ਵੀ ਨਹੀਂ। ਕਿਸ ਨੂੰ ਆਖੋਗੇ ਕਿ ਇਹ ਮਹਾਨ ਹੈ ? ਕਿਸ ਨੂੰ ਛੋਟਾ ਤੇ ਵੱਡਾ ਆਖੋਗੇ ? ਅਸੀਂ ਵੱਡੇ ਹੋਣ ਦਾ ਇਹ ਫ਼ੈਸਲਾ ਕਰਦੇ ਹਾਂ ਕਿ ਇਸ ਦੇ ਕੋਲ ਮਕਾਨ ਬੜਾ ਵੱਡਾ ਹੈ। ਇਸਦੇ ਕੋਲ ਬਾਹੂ ਬਲ ਵੱਡੈ, ਇਹਦੇ ਕੋਲ ਪ੍ਰਭੁਤਾ ਵੱਡੀ ਹੈ, ਇਹਦੇ ਕੋਲ ਧਨ ਸੰਪਦਾ ਜ਼ਿਆਦਾ ਹੈ, ਇਸੇ ਢੰਗ ਨਾਲ ਫ਼ੈਸਲਾ ਕਰਦੇ ਹਾਂ, ਪਰ ਪਰਮਾਤਮਾ ਇਸ ਢੰਗ ਨਾਲ ਨਹੀਂ ਕਰਦਾ ਅਤੇ ਵੱਡਿਆਂ ਬਾਰੇ ਗੁਰੂ ਨਾਨਕ ਦੇਵ ਜੀ ਇੰਜ ਕਹਿੰਦੇ ਹਨ:

ਵਡੇ ਵਡੇ ਜੋ ਦੀਸਹਿ ਲੋਗ॥
ਤਿਨ ਕਉ ਬਿਆਪੈ ਚਿੰਤਾ ਰੋਗ॥ *(ਗਉੜੀ ਮਹਲਾ ੫, ਪੰਨਾ 188)*

ਇਹ ਤਾਂ ਮਹਾਂ ਰੋਗੀ ਹਨ, ਇਹ ਭਗਤ ਥੋੜੀ ਹਨ। ਇਹ ਤਾਂ ਵੱਡੇ ਵੱਡੇ ਰੋਗਾਂ ਅਤੇ ਚਿੰਤਾ ਨਾਲ ਗ੍ਰੱਸੇ ਹੋਏ ਹਨ, "ਵਡੇ ਵਡੇ ਜੋ ਦੀਸਹਿ ਲੋਗ॥ ਤਿਨ ਕਉ ਬਿਆਪੈ ਚਿੰਤਾ ਰੋਗ॥" ਹੌਕਿਆਂ ਵਿਚ ਤਾਂ ਇਨ੍ਹਾਂ ਦਾ ਦਿਨ ਕਟਦੈ। ਰੋਂਦਿਆਂ ਇਨ੍ਹਾਂ ਦੀ ਰਾਤ ਕਟਦੀ ਹੈ, ਇਹ ਤਾਂ ਅਸਲੀਅਤ ਹੈ, ਇਹ ਤਾਂ ਹਕ਼ੀਕ਼ਤ ਹੈ। ਨੀਂਦ ਭੀ ਨਹੀਂ ਆਉਂਦੀ। ਕਈ ਨੀਂਦ ਦੀਆਂ ਗੋਲੀਆਂ ਖਾ ਕੇ ਸੌਂਦੇ ਹਨ, "ਵਡੇ ਵਡੇ ਜੋ ਦੀਸਹਿ ਲੋਗ"। ਨੀਂਦ ਤਨ ਦਾ ਵਿਸਰਾਮ ਹੈ, ਸਮਾਧੀ ਮਨ ਦਾ ਵਿਸਰਾਮ ਹੈ:

ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ॥

(ਬਸੰਤੁ ਮ: ੯, ਪੰਨਾ 1186)

ਜਿਸ ਬੰਦੇ ਦਾ ਤਨ ਦਾ ਵਿਸਰਾਮ ਹੀ ਜਾਂਦਾ ਰਿਹਾ, ਮਨ ਦਾ ਵਿਸਰਾਮ ਖ਼ਾਕ ਹੋਵੇਗਾ। ਜਿਸ ਦੇ ਕੋਲ ਨੀਂਦ ਹੀ ਨਹੀਂ ਰਹੀ, ਉਸ ਕੋਲ ਸਮਾਧੀ ਕਿਥੇ! ਨੀਂਦ ਤਨ ਦਾ ਵਿਸਰਾਮ ਹੈ, ਤਨ ਦਾ ਥਕੇਵਾਂ ਉਤਾਰ ਦਿੰਦੀ ਹੈ ਅਤੇ ਸਮਾਧੀ ਮਨ ਦਾ ਵਿਸਰਾਮ ਹੈ—ਜਨਮਾਂ-ਜਨਮਾਂਤਰਾਂ ਦੇ ਪਾਪਾਂ ਦਾ ਬੋਝ ਲਹਿ ਜਾਂਦਾ ਹੈ, ਜਨਮਾਂ ਜਨਮਾਂ ਦੇ ਦੁੱਖ, ਸੰਤਾਪ, ਕਲਪਣਾ, ਸਭ ਮਿਟ ਜਾਂਦੇ ਹਨ, "ਮਨੁ ਮੇਰੋ ਧਾਵਨ ਤੇ ਛੂਟਿਓ" ਗੁਰੂ ਤੇਗ਼ ਬਹਾਦਰ ਸਾਹਿਬ ਜੀ ਮਹਾਰਾਜ ਕਹਿੰਦੇ ਹਨ, ਮਨ ਦੀ ਭਟਕਨਾ ਮਿਟ ਗਈ ਹੈ, "ਕਰਿ ਬੈਠੋ ਬਿਸਰਾਮੁ"—ਮਨ ਬਿਸਰਾਮ ਵਿਚ ਚਲਾ ਗਿਐ। ਮਨ ਦੇ ਵਿਸਰਾਮ ਨੂੰ ਕਹਿੰਦੇ ਹਨ ਸਮਾਧੀ। ਤਨ ਦੇ ਵਿਸਰਾਮ ਨੂੰ ਜੋ ਪੂਰਨ ਤੌਰ 'ਤੇ ਨੀਂਦ ਵਿਚ ਹੋਵੇ, ਉਸ ਨੂੰ ਸਕੋਪਤੀ ਕਹਿੰਦੇ ਹਨ। ਉਸ ਨਿੰਦਰਾ ਨੂੰ, ਉਸ ਨੀਂਦ ਨੂੰ, ਜਦ ਪੂਰਨ ਤੌਰ 'ਤੇ ਮਨੁੱਖ ਬਹੁਤ ਗਹਿਰੀ ਨੀਂਦ ਵਿਚ ਸੁੱਤਾ ਹੈ, ਸੁਪਨਾ ਭੀ ਨਹੀਂ ਚਲ ਰਿਹਾ, ਸਕੋਪਤੀ ਹੈ। ਸਕੋਪਤੀ ਸਮਾਧੀ ਦੇ ਨੇੜੇ ਹੈ ਤੇ ਜਿਥੇ ਤਨ ਦੀ ਸਮਾਧੀ ਹੀ ਕੋਈ ਨਹੀਂ ਤਾਂ ਮਨ ਦੀ ਸਮਾਧੀ ਕਿਥੇ ? ਜਿਥੇ ਤਨ ਦਾ ਹੀ ਵਿਸਰਾਮ ਕੋਈ ਨਹੀਂ, ਮਨ ਦਾ ਵਿਸਰਾਮ ਕਿਥੇ! ਇਹ ਫ਼ੈਸਲਾ ਮੈਂ ਆਪਣਾ ਆਪ ਕਰਨੈ। ਪਰ ਅਕਸਰ ਮਨੁੱਖ ਦੂਜਿਆਂ ਕੋਲੋਂ ਫ਼ੈਸਲਾ ਕਰਾਂਦੈ। ਕਿਸੇ ਨੇ ਉਪਮਾ ਕਰ ਦਿੱਤੀ, ਖ਼ੁਸ਼ੀ ਨਾਲ ਫੁੱਲਿਆ ਨਹੀਂ ਸਮਾਂਦਾ। ਚਾਰ ਬੰਦਿਆਂ ਨੇ ਥੋੜੀ ਜਿਹੀ ਨਿੰਦਾ ਕਰ ਦਿੱਤੀ, ਢੇਰੀ ਢਾਹ ਕੇ ਬੈਠਾ ਹੈ। ਗੁਰੂ ਰਾਮਦਾਸ ਜੀ ਮਹਾਰਾਜ ਕਹਿੰਦੇ ਹਨ :

ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥

(ਦੇਵਗੰਧਾਰੀ ਮਹਲਾ 4, ਪੰਨਾ 528)

ਐ ਗੁਰੂ ਅਮਰਦਾਸ! ਅਸੀਂ ਤਾਂ ਆਪਣੇ ਆਪ ਨੂੰ ਤੇਰੇ ਚਰਨਾਂ ਤੋਂ ਸਦਕੇ ਕਰ ਦਿੱਤੈ, ਹੁਣ ਸਾਰਾ ਸੰਸਾਰ ਭਾਵੇਂ ਭਲਾ ਭਲਾ ਆਖੇ ਤੇ ਭਾਵੇਂ ਬੁਰਾ ਬੁਰਾ ਆਖੇ, ਨਾ ਸਾਨੂੰ ਸੰਸਾਰ ਦੀ ਬੁਰਾਈ ਨਾਲ ਮਤਲਬ ਹੈ ਤੇ ਨਾ ਹੀ ਸੰਸਾਰ ਵੱਲੋਂ ਭਲਾ ਭਲਾ ਆਖਣ ਨਾਲ ਮਤਲਬ ਹੈ। ਜਿੰਨੇ ਚਿਰ ਤਕ ਮਨੁੱਖ ਸੰਸਾਰ ਦਾ ਹਿੱਸਾ ਹੈ, ਕੋਈ ਬੁਰਾ ਬੁਰਾ ਆਖੇਗਾ ਤਾਂ ਤੜਫੇਗਾ, ਕੋਈ ਭਲਾ ਭਲਾ ਆਖੇਗਾ ਤਾਂ ਗ਼ੁਬਾਰੇ ਦੀ ਤਰ੍ਹਾਂ ਫੁੱਲੇਗਾ। ਅਜੇ ਸੰਸਾਰ ਦਾ ਹਿੱਸਾ ਹੈ। ਸੰਸਾਰ ਤੋਂ ਜੋ ਉੱਚਾ ਉਠ ਗਿਆ, ਸਾਰਾ ਸੰਸਾਰ ਪਿਆ ਨਿੰਦਾ ਕਰੇ ਉਸਨੂੰ ਕੋਈ ਫ਼ਰਕ ਨਹੀਂ। ਪਰ ਸੰਸਾਰੀਆਂ ਨੇ ਤਾਂ ਨਿੰਦਾ ਕੀਤੀ ਹੈ, ਹਮੇਸ਼ਾ ਹੀ ਕੀਤੀ ਹੈ। ਸੰਸਾਰੀਆ ਨੇ ਇਸ ਤਰ੍ਹਾਂ ਦੇ ਪੁਰਸ਼ਾਂ ਨੂੰ ਸੂਲੀ 'ਤੇ ਚਾੜ੍ਹ ਦਿੱਤਾ ਹੈ, ਲਟਕਾ ਕੇ ਰੱਖ ਦਿੱਤਾ ਹੈ। ਸੰਸਾਰੀ ਤਾਂ ਕਦੀ ਭੀ ਨਹੀਂ ਸਹਿਮਤ ਹੋਏ :

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥

(ਮਾਝ ਮ: ੧, ਪੰਨਾ 145)

ਭਗਤਾਂ ਤੇ ਸੰਸਾਰੀਆਂ ਦਾ ਜੋੜ ਕਦੀ ਭੀ ਨਹੀਂ ਜੁੜਦਾ, ਤਾਲ-ਮੇਲ

ਭੀ ਨਹੀਂ ਬੈਠਦਾ ਤਾਂ ਸੰਸਾਰ ਉਪਮਾ ਕਿਸ ਤਰ੍ਹਾਂ ਕਰੇਗਾ! ਮਹਾਰਾਜ ਕਹਿੰਦੇ ਹਨ, "ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ"। ਹੁਣ ਮੈਂ ਦੂਸਰਾ ਨੁਕਤਾ, ਇਸ ਦਾ ਦੂਸਰਾ ਪਹਿਲੂ ਬਿਆਨ ਕਰਾਂ। ਜਿਤਨੇ ਚਿਰ ਤਕ ਮਨ ਵਿਚ ਪਦਾਰਥਾਂ ਦੀ ਬੜੀ ਪ੍ਰਬਲ ਪਿਆਸ ਹੋਵੇ, ਪਰਮਾਤਮਾ ਦੀ ਪਿਆਸ ਪੈਦਾ ਹੀ ਨਹੀਂ ਹੁੰਦੀ। ਕਹਿੰਦੇ ਹਨ, ਇਹ ਦੋਵੇਂ ਪਿਆਸਾਂ ਆਪਸ ਵਿਚ ਈਰਖਾ ਰੱਖਦੀਆਂ ਹਨ, ਬਰਦਾਸ਼ਤ ਨਹੀਂ ਕਰਦੀਆਂ। ਜਿਤਨੇ ਚਿਰ ਤਕ ਸੰਸਾਰ ਦੀ ਪਿਆਸ ਹੈ, ਨਿਰੰਕਾਰ ਦੀ ਪਿਆਸ ਪੈਦਾ ਹੀ ਨਹੀਂ ਹੁੰਦੀ। ਜਿਤਨੇ ਚਿਰ ਤਕ ਪਦਾਰਥਾਂ ਦੀ ਪਿਆਸ ਹੈ, ਪਦਾਰਥਾਂ ਦੀ ਪਿਆਸ ਨੂੰ ਕਹਿੰਦੇ ਹਨ—ਲੋਭ, ਤ੍ਰਿਸ਼ਨਾ, ਵਾਸਨਾ। ਪਰਮਾਤਮਾ ਦੀ ਪਿਆਸ ਨੂੰ ਕਹਿੰਦੇ ਹਨ—ਪ੍ਰੇਮ, ਭਗਤੀ। ਪਿਆਸ ਹੀ ਨਹੀਂ ਪੈਦਾ ਹੋਈ ਤਾਂ ਭਗਤੀ ਕਿਹੜੀ ਗੱਲ ਦੀ ਹੈ! ਇਹ ਪ੍ਰੇਮੀ ਕਿਹੜੀ ਗੱਲ ਦਾ ਹੈ! ਨਿਤਨੇਮੀ ਹੋਵੇਗਾ, ਪ੍ਰੇਮੀ ਨਹੀਂ ਹੈ। ਪ੍ਰੇਮ ਬੜੀ ਦੂਰ ਦੀ ਗੱਲ ਹੈ। ਆਤਮ ਅਭਿਆਸੀਆਂ ਦੇ ਇਹ ਅਨਭਉ ਵਿਚ ਗੱਲ ਆ ਚੁੱਕੀ ਹੈ। ਕੀ ? ਕਿ ਜਿਤਨੇ ਚਿਰ ਤਕ ਮਨ ਵਿਚ ਪਦਾਰਥਾਂ ਦੀ ਪਿਆਸ ਚਲਦੀ ਹੈ, ਪਰਮਾਤਮਾ ਦੀ ਪਿਆਸ ਪੈਦਾ ਹੀ ਨਹੀਂ ਹੁੰਦੀ। ਜਿਤਨੇ ਚਿਰ ਤਕ ਧਨ ਦੀ ਪਿਆਸ ਹੈ, ਧਰਮ ਦੀ ਪਿਆਸ ਪੈਦਾ ਹੀ ਨਹੀਂ। ਇਕ ਹੋਰ ਨੁਕਤਾ ਹੈ। ਪਿਆਸ ਲੱਗੀ ਹੈ ਤਾਂ ਇਕ ਇਕ ਘੁੱਟ ਪਾਣੀ ਪੀਵਾਂਗੇ, ਪਿਆਸ ਮਿਟਦੀ ਜਾਏਗੀ, ਪੂਰਾ ਗਲਾਸ ਪੀ ਲਿਐ, ਪਿਆਸ ਖ਼ਤਮ। ਕਬੀਰ ਕਹਿੰਦੇ ਹਨ, ਹੇ ਪ੍ਰਭੂ! ਤੇਰਾ ਨਾਮ ਜਪਦਿਆਂ-ਜਪਦਿਆਂ ਪਿਆਸ ਹੋਰ ਵਧਦੀ ਹੈ, ਫਿਰ ਜਪਦਾ ਹਾਂ, ਹੋਰ ਵਧਦੀ ਹੈ, ਫਿਰ ਜਪਦਾ ਹਾਂ, ਤੇ ਇਵੇਂ ਪਿਆਸ ਵਧਦੀ ਹੀ ਜਾਂਦੀ ਹੈ:

ਮਾਧਉ ਜਲ ਕੀ ਪਿਆਸ ਨ ਜਾਇ ॥
ਜਲ ਮਹਿ ਅਗਨਿ ਉਠੀ ਅਧਿਕਾਇ ॥

(ਗਉੜੀ ਕਬੀਰ ਜੀ, ਪੰਨਾ 323)

ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ, ਹੇ ਪ੍ਰਭੂ! ਤੇਰਾ ਨਾਮ ਜਪਦਾ ਹਾਂ ਤਾਂ ਭੁੱਖ ਹੋਰ ਵਧਦੀ ਹੈ, ਫਿਰ ਹੋਰ ਜਪਦਾ ਹਾਂ, ਪਰ ਇਥੇ ਤਾਂ ਉਲਟੀ ਗੱਲ ਹੈ। ਭੋਜਨ ਦੀ ਪਹਿਲੀ ਬੁਰਕੀ ਵਿਚ ਜੋ ਸੁਆਦ ਹੁੰਦੈ, ਉਹ ਅਖ਼ੀਰਲੀ ਵਿਚ ਨਹੀਂ ਹੁੰਦਾ, ਕਿਉਂ ? ਇਕ-ਇਕ ਬੁਰਕੀ ਅੰਦਰ ਜਾ ਰਹੀ ਹੈ ਤੇ ਭੁੱਖ ਘਟਦੀ ਜਾ ਰਹੀ ਹੈ। ਭੁੱਖ ਘਟਦੀ ਜਾ ਰਹੀ ਹੈ ਤੇ ਸੁਆਦ ਵੀ ਘਟਦਾ ਜਾ ਰਿਹੈ। ਆਪ ਸਾਰੇ ਸਿਆਣੇ ਬੈਠੇ ਹੋ। ਇਸ ਵਾਸਤੇ ਰਸਿਕ ਪੁਰਸ਼ ਵੀ ਕਹਿੰਦੇ ਹਨ, ਭੋਜਨ ਦੇ ਰਸੀਆ ਕਹਿੰਦੇ ਹਨ ਕਿ ਜੋ ਪਹਿਲੀ ਬੁਰਕੀ ਵਿਚ ਸੁਆਦ ਹੁੰਦੈ, ਅਖ਼ੀਰਲੀ ਵਿਚ ਨਹੀਂ। ਇਕ ਇਕ ਬੁਰਕੀ ਨਾਲ ਭੁੱਖ ਘਟਦੀ ਜਾ ਰਹੀ ਹੈ ਤੇ ਨਾਲ ਨਾਲ ਸੁਆਦ ਵੀ ਘਟਦਾ ਜਾ ਰਿਹੈ। ਉਹ ਸੁਆਦ ਨਹੀਂ ਜੋ ਪਹਿਲੀ ਬੁਰਕੀ ਵਿਚ ਸੀ ਤੇ ਹੱਥ ਛੋੜ ਦਿੰਦੇ ਨੇ ਭੋਜਨ ਨੂੰ। ਕਿਉਂ ? ਭੁੱਖ

ਮਿਟ ਗਈ, ਰੱਜ ਗਿਐ, ਪੇਟ ਭਰ ਗਿਐ, ਭੁੱਖ ਖ਼ਤਮ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਪੁੱਛਿਐ, ਕਿੰਨੀ ਕੁ ਭੁੱਖ ਲੱਗੀ ਹੈ ?

ਸਾਚੇ ਨਾਮ ਕੀ ਲਾਗੈ ਭੂਖ॥ *(ਰਾਗੁ ਆਸਾ ਮ: ੧, ਪੰਨਾ 9)*

ਤੁਹਾਨੂੰ ਕਿਤਨੀ ਕੁ ਭੁੱਖ ਲੱਗੀ ਹੈ ? ਜਿਵੇਂ ਕਿਸੇ ਨੂੰ ਭੋਜਨ ਦੀ ਭੁੱਖ ਹੋਵੇ ਤਾਂ ਦੱਸ ਸਕਦੈ ਕਿ ਇਤਨੀਆਂ ਰੋਟੀਆਂ ਹੋਣ। ਇਤਨਾ ਸਾਗ ਸਬਜ਼ੀ ਹੋਵੇ ਤਾਂ ਠੀਕ ਹੈ, ਪੇਟ ਭਰ ਜਾਏਗਾ, ਭੁੱਖ ਮਿਟ ਜਾਏਗੀ। ਇਹ ਸਾਚੇ ਨਾਮ ਕੀ ਲਾਗੈ ਭੂਖ। ਕਿੰਨੀ ਕੁ ਹੈ ? ਇਹ ਭੁੱਖ ਕਿਤਨੀ ਕੁ ਹੈ ? ਗੁਰੂ ਨਾਨਕ ਦੇਵ ਜੀ ਦੱਸਦੇ ਹਨ, ਧਿਆਨ ਨਾਲ ਸੁਣਨਾ। ਇਹ ਪੰਗਤੀਆਂ ਬੜੀਆਂ ਕੀਮਤੀ ਹਨ ਗੁਰੂ ਨਾਨਕ ਸਾਹਿਬ ਜੀ ਦੀਆਂ :

ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ॥
ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ ਕਿਸੁਕ॥
ਨਾਨਕ ਸਚੇ ਨਾਮ ਕੀ ਕੇਤੀ ਪੁਛਾ ਪੁਛ॥ *(ਮਾਝ ਮਹਲਾ ੧, ਪੰਨਾ 148)*

ਮੇਰੇ ਕੋਲੋਂ ਪੁੱਛਦੇ ਹੋ ਕਿ ਕਿੰਨੀ ਕੁ ਭੁੱਖ ਹੈ ? ਮਹਾਰਾਜ ਕਹਿੰਦੇ ਹਨ, ਕਿਸੇ ਮਾਰੂਥਲ ਕੋਲੋਂ ਪੁੱਛ ਲਵੋ ਕਿ ਤੈਨੂੰ ਪਾਣੀ ਦੀ ਕਿਤਨੀ ਕੁ ਪਿਆਸ ਹੈ ? ਕਿਸੇ ਰਾਜੇ ਕੋਲੋਂ ਪੁੱਛ ਲਵੋ ਕਿ ਤੈਨੂੰ ਧਨ ਦੀ ਕਿੰਨੀ ਕੁ ਭੁੱਖ ਹੈ ? ਕਿੰਨੀਆਂ ਲੱਕੜਾਂ ਚਾਹੀਦੀਆਂ ਹਨ ? ਕਿਤਨਾ ਤੇਲ ਚਾਹੀਦੈ ? ਹੇ ਅਗਨੀ, ਤੂੰ ਕਦੋਂ ਰੱਜੇਂਗੀ, "ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ॥ ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ ਕਿਸੁਕ"। ਸਾਹਿਬ ਕਹਿੰਦੇ ਹਨ, ਅਗਨੀ ਕੋਲੋਂ ਪੁੱਛੋ ਤੈਨੂੰ ਕਿਤਨਾ ਕੁ ਈਧਨ ਚਾਹੀਦਾ ਹੈ ? ਰਾਜੇ ਨੂੰ ਪੁੱਛੋ, ਤੈਨੂੰ ਕਿੰਨਾ ਕੁ ਧਨ ਚਾਹੀਦਾ ਹੈ ? ਮਾਰੂਥਲ ਰੇਤ ਦੇ ਟਿੱਬਿਆਂ ਤੋਂ ਪੁੱਛੋ ਕਿ ਤੁਹਾਨੂੰ ਕਿੰਨਾ ਕੁ ਪਾਣੀ ਚਾਹੀਦੈ ? ਉਹ ਜੋ ਜਵਾਬ ਦੇਣਗੇ, ਉਹ ਮੇਰਾ ਜਵਾਬ ਹੈ ਕਿ ਏਨੀ ਕੁ ਭੁੱਖ ਹੈ। ਨਾ ਅੱਗ ਈਧਨ ਤੋਂ ਰੱਜਦੀ ਹੈ, ਨਾ ਨਾਮ ਜਪਣ ਤੋਂ ਨਾਨਕ ਰੱਜਦੈ, ਗੁਰੂ ਨਾਨਕ ਦੇਵ ਜੀ ਮਹਾਰਾਜ ਇੰਝ ਕਹਿੰਦੇ ਹਨ। ਭੁੱਖ ਹੋਰ ਵਧਦੀ ਹੈ ਤਾਂ ਰਸ ਵਧਦੈ। ਇਸ ਵਾਸਤੇ ਆਖ਼ਰੀ ਦਮ ਤਕ ਪਰਮਾਤਮਾ ਦੇ ਨਾਮ ਦਾ ਰਸ ਬਣਿਆ ਰਹਿੰਦੈ, ਕਿਉਂਕਿ ਭੁੱਖ ਬਣੀ ਰਹਿੰਦੀ ਹੈ। ਪਰ ਇਹ ਭੁੱਖ ਉਦੋਂ ਪੈਦਾ ਹੁੰਦੀ ਹੈ, ਜਦੋਂ ਸੰਸਾਰ ਦੀਆਂ ਭੁੱਖਾਂ ਸ਼ਾਂਤ ਹੋ ਜਾਵਣ। ਪਦਾਰਥਾਂ ਦੀ ਭੁੱਖ ਸ਼ਾਂਤ ਹੁੰਦਿਆਂ ਹੀ ਪਰਮਾਤਮਾ ਦੀ ਭੁੱਖ ਪੈਦਾ ਹੁੰਦੀ ਹੈ। ਸੰਸਾਰ ਦੀ ਪਿਆਸ ਸ਼ਾਂਤ ਹੁੰਦਿਆਂ ਹੀ ਨਿਰੰਕਾਰ ਦੀ ਪਿਆਸ ਪੈਦਾ ਹੁੰਦੀ ਹੈ। ਇਸ ਪਿਆਸ ਦਾ ਧੰਨ ਗੁਰੂ ਰਾਮਦਾਸ ਜੀ ਇੰਝ ਬਿਆਨ ਕਰਦੇ ਹਨ :

ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰ ਬਚਨ ਮਨਿ ਤੀਰ ਲਗਈਆ॥
ਮਨ ਕੀ ਬਿਰਥਾ ਮਨ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ ਪਰਈਆ॥
(ਬਿਲਾਵਲੁ ਮਹਲਾ 8, ਪੰਨੇ 835-36)

ਭੁੱਖ ਪੀੜਾ ਤੋਂ ਹੈ। ਭੋਜਨ ਦੀ ਭੁੱਖ ਹੈ ਤਾਂ ਪੀੜਾ ਹੈ। ਭਜਨ ਦੀ ਭੁੱਖ ਤੋਂ ਪੀੜੈ। ਮੈਂ ਅਰਜ਼ ਕਰਾਂ, ਇਸ ਪੀੜਾ ਵਿਚ ਭੀ ਇਤਨਾ ਰਸ ਹੈ ਤੇ ਭਗਤਾਂ ਨੇ ਵੀ ਕਹਿ ਦਿੱਤੈ। ਹੇ ਪ੍ਰਭੂ! ਤੂੰ ਨਹੀਂ ਮਿਲਦਾ ਤੇ ਨਾ ਹੀ ਸਹੀ, ਪਰ ਘੱਟ ਤੋਂ ਘੱਟ ਆਪਣੇ ਮਿਲਣ ਦੀ ਭੁੱਖ ਤਾਂ ਬਣੀ ਰਹਿਣ ਦੇ, ਪਿਆਸ ਤਾਂ ਬਣੀ ਰਹਿਣ ਦੇਹ :

ਯਾ ਰੱਬ ਦੁਆਏ-ਵਸਲ ਨ ਹਰਗਿਜ਼ .ਕ਼ਬੂਲ ਹੋ।
ਫਿਰ ਦਿਲ ਮੇਂ ਕਿਆ ਰਹੇਗਾ ਜੋ ਹਸਰਤ ਨਿਕਲ ਗਈ।

ਕੋਈ ਗੱਲ ਨਹੀਂ, ਤੜਫਣ ਦੇ, ਤੇਰੀ ਯਾਦ ਵਿਚ ਤੜਫਦੇ ਹਾਂ। ਇਸ ਤੜਫਣ ਵਿਚ ਭੀ ਆਨੰਦ ਹੈ। ਹਿਰਦਾ ਬਹੁਤ ਤੜਫਿਆ ਹੋਵੇਗਾ, ਪਰਿਵਾਰ ਦੀ ਯਾਦ ਵਿਚ, ਪਦਾਰਥਾਂ ਦੀ ਯਾਦ ਵਿਚ, ਮਿੱਤਰਾਂ ਦੇ ਵਿਛੋੜੇ ਵਿਚ, ਪੁੱਤਰਾਂ ਦੇ ਵਿਛੋੜੇ ਵਿਚ, ਕੋਈ ਖ਼ੁਸ਼ਕਿਸਮਤ ਮਨੁੱਖ ਹੋਵੇਗਾ ਜੋ ਗੁਰੂ ਦੇ ਵਿਛੋੜੇ ਵਿਚ ਤੜਫਿਆ ਹੋਵੇ, ਪਰਮਾਤਮਾ ਦੇ ਵਿਛੋੜੇ ਵਿਚ ਤੜਫਿਆ ਹੋਵੇ। ਰੋਂਦੀ ਤਾਂ ਸਾਰੀ ਦੁਨੀਆਂ ਹੀ ਹੈ। ਸੁਕਰਾਤ ਤਾਂ ਕਹਿੰਦੈ ਕਿ ਸੱਤਾਂ ਸਮੁੰਦਰਾਂ ਵਿਚ ਭੀ ਇਤਨਾ ਪਾਣੀ ਨਹੀਂ ਜਿਤਨਾ ਪਾਣੀ ਮਨੁੱਖ ਦੀਆਂ ਅੱਖਾਂ ਵਿੱਚੋਂ ਨਿਕਲ ਚੁਕਿਐ। ਰੋਇਐ ਤਾਂ ਮਨੁੱਖ ਇਤਨੈ, ਪਿਤਰਾਂ ਦੀ ਖ਼ਾਤਰ ਰੋਇਐ, ਮਿੱਤਰਾਂ ਦੀ ਖ਼ਾਤਰ ਰੋਇਐ, ਪਦਾਰਥਾਂ ਦੀ ਖ਼ਾਤਰ ਰੋਇਐ, ਪ੍ਰਭੁਤਾ ਦੀ ਖ਼ਾਤਰ ਰੋਇਐ। ਦੁਨੀਆਂ ਵਿਚ ਉਹ ਵਿਰਲੇ ਮਨੁੱਖ ਹਨ ਜੋ ਪਰਮਾਤਮਾ ਦੀ ਖ਼ਾਤਰ ਰੋਏ ਹੋਵਣ :

ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ॥

(ਮਾਝ ਮ: 4, ਪੰਨਾ 94)

ਕਿਸੇ ਤੀਰਥ ਦਾ ਜਲ ਗੁਨਾਹਾਂ ਨੂੰ ਨਹੀਂ ਧੋਂਦਾ, ਧੋਣ ਵਿਚ ਸਮਰੱਥ ਨਹੀਂ ਹੈ। ਪ੍ਰਭੂ-ਵਿਛੋੜੇ ਵਿਚ ਨਿਕਲੇ ਹੋਏ ਦੋ ਹੰਝੂ ਜਨਮਾਂ-ਜਨਮਾਤਰਾਂ ਦੇ ਦਾ.ਗਾਂ ਨੂੰ ਧੋ ਦਿੰਦੇ ਹਨ। ਜਨਮਾਂ-ਜਨਮਾਂਤਰਾਂ ਦੇ ਪਾਪਾਂ ਨੂੰ ਧੋ ਦਿੰਦੇ ਹਨ। ਉਨ੍ਹਾਂ ਦੋ ਹੰਝੂਆਂ ਵਿਚ ਇਤਨੀ ਬਰਕਤ ਹੈ :

ਦੋ ਚਸ਼ਮਿ ਮਨ, ਕਿ: ਦਰਯਾਏ ਅਜ਼ੀਮੁੱਸ਼ਾਨ ਬਵਦ 'ਗੋਇਆ'।
ਜ਼ਿ ਹਰ ਅਸ਼ਕਮ, ਬਵਦ ਸ਼ਾਦਾਬੀਏ ਸਦ ਬਾ.ਗ ਬਾ.ਗ ਈਂ ਜਾ।

(ਭਾਈ ਨੰਦ ਲਾਲ ਜੀ, .ਗਜ਼ਲ 4)

ਬਹੁਤ ਕੁਝ ਲਿਖਿਐ ਇਸ ਵਿਸ਼ੇ ਦੇ ਉੱਤੇ ਭਾਈ ਨੰਦ ਲਾਲ ਨੇ। ਸੰਖੇਪ ਵਿਚ ਮੈਂ ਅਰਜ਼ ਕਰਾਂ। ਸਾਹਿਬ ਕਹਿੰਦੇ ਹਨ, ਪਿਆਸ ਪੈਦਾ ਹੋ ਗਈ ਹੈ ਪਰਮਾਤਮਾ ਦੀ, ਕੁਝ ਹਾਲਤ ਬਣਦੀ ਹੋਵੇਗੀ। ਜੇਕਰ ਬਹੁਤ ਗੂੜ੍ਹੀ ਪਿਆਸ ਹੋਵੇ ਤਾਂ ਅੰਦਰ ਕੁਝ ਹਾਲਤ ਬਣਦੀ ਹੈ। ਬਹੁਤ ਗਹਿਰੀ ਭੁੱਖ ਹੋਵੇ ਤਾਂ ਇਸ ਭੁੱਖ ਦੇ ਨਾਲ ਸਰੀਰ ਦੀ ਕੁਝ ਹਾਲਤ ਬਣਦੀ ਹੈ। ਬੜੀ ਪਿਆਸ ਪੈਦਾ ਹੋਈ

ਹੈ ਪ੍ਰਭੂ ਦੀ ਤਾਂ ਕੁਝ ਨਾ ਕੁਝ ਤਾਂ ਹਾਲਤ ਅੰਦਰ ਬਣੇਗੀ, ਅੰਦਰ ਪਿਆਸ ਦੇ ਨਾਲ ਕੁਝ ਨਾ ਕੁਝ ਤਾਂ ਪਲਟਾ ਆਵੇਗਾ। ਪਾਣੀ ਦੀ ਬਹੁਤ ਗਹਿਰੀ ਪਿਆਸ ਹੈ, ਕੁਝ ਨਾ ਕੁਝ ਤਾਂ ਸਰੀਰ ਦੀ ਹਾਲਤ ਬਣੇਗੀ। ਬਹੁਤ ਗਹਿਰੀ ਭੁੱਖ ਹੈ ਤਾਂ ਇਸ ਭੁੱਖ ਨਾਲ ਕੁਝ ਨਾ ਕੁਝ ਤਾਂ ਸਰੀਰ ਦੀ ਹਾਲਤ ਬਣੇਗੀ। ਪਰਮਾਤਮਾ ਦੀ ਬੜੀ ਪ੍ਰਬਲ ਪਿਆਸ ਪੈਦਾ ਹੋ ਗਈ ਹੈ, ਬੜੀ ਪ੍ਰਬਲ ਭੁੱਖ ਪੈਦਾ ਹੋ ਗਈ ਹੈ। ਦੁੱਖ ਕਹਿੰਦੇ ਨੇ ਭੁੱਖ ਦਾ ਹੀ ਹੁੰਦੈ। ਦੁੱਖ ਤੇ ਭੁੱਖ ਦੋਵੇਂ ਇਕੱਠੇ ਰਹਿੰਦੇ ਹਨ। ਪੁੱਤਰਾਂ ਦੀ ਭੁੱਖ ਹੈ ਤਾਂ ਦੁੱਖ ਹੈ, ਧਨ ਦੀ ਭੁੱਖ ਹੈ ਤਾਂ ਦੁੱਖ ਹੈ, ਪਦਾਰਥਾਂ ਦੀ ਭੁੱਖ ਹੈ ਤਾਂ ਦੁੱਖ ਹੈ, ਭੋਜਨ ਦੀ ਭੁੱਖ ਹੈ ਤਾਂ ਦੁੱਖ ਹੈ, ਦੁੱਖ ਤੇ ਭੁੱਖ ਦੋਵੇਂ ਹੀ ਇਕੱਠੇ ਰਹਿੰਦੇ ਹਨ। ਪਰਮਾਤਮਾ ਦੀ ਭੁੱਖ ਹੈ, ਕੁਝ ਚੋਟ ਤਾਂ ਹੈ, "ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰ ਬਚਨ ਮਨਿ ਤੀਰ ਲਗਈਆ"। ਗੁਰੂ ਰਾਮਦਾਸ ਜੀ ਕਹਿੰਦੇ ਹਨ, ਹੁਣ ਤਾਂ ਗੁਰੂ ਦੀ ਬਾਣੀ ਇੰਝ ਹਿਰਦੇ ਨੂੰ ਛੂੰਹਦੀ ਹੈ ਜਿਵੇਂ ਤੀਰ ਨਿਕਲ ਗਿਆ ਹੋਵੇ ਹਿਰਦੇ ਵਿੱਚੋਂ, ਜ਼ਖ਼ਮੀ ਕਰ ਜਾਂਦੀ ਹੈ। ਤਨ ਜ਼ਖ਼ਮੀ ਹੋਵੇ ਤਾਂ ਖ਼ੂਨ ਨਿਕਲਦੈ। ਬਾਣੀ ਦੇ ਤੀਰ ਨਾਲ ਮਨ ਜ਼ਖ਼ਮੀ ਹੋਵੇ ਤਾਂ ਲੋਭ ਨਿਕਲਦੈ, ਵਾਸਨਾ ਨਿਕਲਦੀ ਹੈ। ਇਹੀ ਖ਼ੂਨ ਹੈ ਮਨ ਦਾ। ਤੀਰ ਤਨ ਨੂੰ ਲੱਗੇ ਤਾਂ ਖ਼ੂਨ ਨਿਕਲੇਗਾ। ਬਾਣੀ ਦਾ ਤੀਰ ਮਨ ਨੂੰ ਲੱਗੇ ਤਾਂ ਲੋਭ ਨਿਕਲੇਗਾ, ਵਾਸ਼ਨਾ ਨਿਕਲੇਗੀ, ਤ੍ਰਿਸ਼ਨਾ ਨਿਕਲੇਗੀ, ਅੰਦਰ ਕੁਝ ਨਾ ਕੁਝ ਤਾਂ ਬਦਲੀ ਹੋਵੇਗੀ, ਤਬਦੀਲੀ ਹੋਵੇਗੀ। ਤੀਰ ਤਨ ਨੂੰ ਲੱਗਿਐ, ਤਨ ਤਾਂ ਤੜਫੇਗਾ, ਪਰ ਬਾਣੀ ਦਾ ਤੀਰ ਮਨ ਨੂੰ ਲੱਗਿਐ, ਮਨ ਭੀ ਤੜਫੇਗਾ। ਇਸ ਤੜਫਦੇ ਹੋਏ ਮਨ ਦੀ ਜੋ ਦਸ਼ਾ ਬਣਦੀ ਹੈ, ਜੋ ਹਾਲਤ ਬਣਦੀ ਹੈ, ਕਬੀਰ ਨੇ ਇੰਝ ਬਿਆਨ ਕੀਤਾ ਹੈ:

> ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ॥
> ਪਾਵਹੁ ਤੇ ਪਿੰਗੁਲ ਭਇਆ ਮਾਰਿਆ ਸਤਿਗੁਰ ਬਾਨ॥

(ਸਲੋਕ ਕਬੀਰ ਜੀ, ਪੰਨਾ 1374)

ਐਸਾ ਬਾਣੀ ਦਾ ਬਾਣ ਲਗਿਐ, ਕਬੀਰ ਕਹਿੰਦੇ ਹਨ ਕਿ ਗੂੰਗਾ ਹੋ ਗਿਆ ਹਾਂ। ਆਪ ਦੀ ਗਿਆਤ ਲਈ ਅਰਜ਼ ਕਰਾਂ ਕਿ ਦਸ ਪਾਪ ਮੰਨੇ ਗਏ ਹਨ ਜੋ ਜੀਵਨ ਭਰ ਰਪੀਟ ਹੁੰਦੇ ਹਨ ਅਤੇ ਕਰੋੜਾਂ ਬਣ ਜਾਂਦੇ ਹਨ। ਮੂਲ ਰੂਪ ਵਿਚ ਇਹ ਦਸ ਹਨ। ਚਾਰ ਪਾਪ ਜ਼ਬਾਨ ਦੇ, ਤਿੰਨ ਪਾਪ ਮਨ ਦੇ, ਤਿੰਨ ਪਾਪ ਤਨ ਦੇ। ਇਸ ਤਰ੍ਹਾਂ ਇਹ ਦੱਸ ਦੋਖ ਮੰਨਦੇ ਹਨ, ਦੱਸ ਪਾਪ ਮੰਨਦੇ ਹਨ। ਇਹ ਜੀਵਨ ਭਰ ਰਪੀਟ ਹੁੰਦੇ ਰਹਿੰਦੇ ਹਨ। ਮਨੁੱਖ ਦੁਹਰਾਂਦਾ ਰਹਿੰਦੈ ਅਤੇ ਇਹ ਹਜ਼ਾਰਾਂ ਲੱਖਾਂ ਕਰੋੜਾਂ ਬਣ ਜਾਂਦੇ ਹਨ। ਜ਼ਬਾਨ ਦੇ ਚਾਰ ਪਾਪ ਕੀ ਹਨ ? ਪ੍ਰਿਥਮ ਮਿਥਿਆ ਬੋਲਣਾ, ਝੂਠ ਬੋਲਣਾ। ਦੂਸਰਾ ਫਿੱਕਾ ਬੋਲਣਾ, ਬੋਲਦਾ ਤਾਂ ਸੱਚ ਪਿਐ, ਪਰ ਫਿੱਕਾ ਬੋਲਦਾ ਪਿਐ। ਤੀਸਰਾ ਕੌੜਾ ਬੋਲਣਾ, ਕਰੋਧ ਵਿਚ

ਬੋਲਣਾ ਅਤੇ ਚੌਥਾ ਬੇਅਰਥ ਬੋਲਣਾ, ਗੱਪ-ਸ਼ੱਪ, ਫ਼ਜ਼ੂਲ, ਐਵੇਂ ਅਨਰਜੀ ਵੇਸਟ ਕਰਨੀ, ਫ਼ਜ਼ੂਲ ਬੋਲੀ ਜਾ ਰਿਹੈ। ਮਿਥਿਆ ਬੋਲਣਾ, ਫਿੱਕਾ ਬੋਲਣਾ, ਕੌੜਾ ਬੋਲਣਾ, ਬੇਅਰਥ ਬੋਲਣਾ, ਇਹ ਚਾਰ ਪਾਪ ਜ਼ਬਾਨ ਦੇ ਹਨ। ਤਿੰਨ ਪਾਪ ਮਨ ਦੇ ਹਨ—ਕਿਸੇ ਦੀ ਜਾਨ ਬਾਰੇ ਬੁਰਾ ਸੋਚਣਾ, ਕਿਸੇ ਦੇ ਮਾਲ ਬਾਰੇ ਬੁਰਾ ਸੋਚਣਾ ਤੇ ਕਿਸੇ ਦੀ ਇੱਜ਼ਤ ਆਬਰੂ ਬਾਰੇ ਬੁਰਾ ਸੋਚਣਾ, ਇਹ ਤਿੰਨ ਪਾਪ ਮਨ ਦੇ ਹਨ। ਤਿੰਨ ਹੀ ਪਾਪ ਤਨ ਦੇ ਹਨ—ਕਿਸੇ ਦੀ ਜਾਨ ਖੋਹ ਲੈਣੀ, ਕਿਸੇ ਦਾ ਮਾਲ ਲੁੱਟ ਲੈਣਾ, ਕਿਸੇ ਦੀ ਇੱਜ਼ਤ ਆਬਰੂ ਲੁੱਟ ਲੈਣੀ। ਤਿੰਨ ਪਾਪ ਤਨ ਦੇ ਹਨ, ਤਿੰਨ ਪਾਪ ਮਨ ਦੇ ਹਨ, ਪਰ ਜ਼ਬਾਨ ਦੇ ਚਾਰ ਪਾਪ ਹਨ। ਇਹ ਮਿਲ ਕੇ ਦਸ ਬਣਦੇ ਹਨ। ਜੀਵਨ ਭਰ ਰਪੀਟ ਹੁੰਦੇ ਹਨ। ਕੋਈ ਮਨੁੱਖ ਇਕ ਦਫ਼ਾ ਫਿੱਕਾ ਬੋਲਦਾ ਹੈ ਤਾਂ ਜ਼ਿੰਦਗੀ ਭਰ ਫਿੱਕਾ ਬੋਲਦਾ ਹੈ। ਕੋਈ ਇਕ ਵਾਰ ਬੇਅਰਥ ਬੋਲਦੈ ਤਾਂ ਜੀਵਨ ਭਰ ਬੇਅਰਥ ਬੋਲਦੈ। ਇਹ ਭੀ ਮੈਂ ਅਰਜ਼ ਕਰ ਦਿਆਂ ਕਿ ਕੋਈ ਮਨ ਵਿਚ ਇਕ ਵਾਰ ਬੁਰਾ ਸੋਚਦੈ ਤਾਂ ਜ਼ਿੰਦਗੀ ਭਰ ਬੁਰਾ ਸੋਚਦਾ ਰਹਿੰਦੈ ਅਤੇ ਗੁਰਬਾਣੀ ਇਹ ਕਹਿੰਦੀ ਹੈ ਕਿ ਜੋ ਦੂਜੇ ਦਾ ਬੁਰਾ ਸੋਚਦੈ, ਹਰ ਵਕਤ ਬੁਰਾ ਸੋਚਦੈ, ਉਸ ਦਾ ਕਦੀ ਭਲਾ ਹੋ ਹੀ ਨਹੀਂ ਸਕਦਾ:

ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ॥

(ਵਾਰ ਗਉੜੀ, ਮ: ੪, ਪੰਨਾ 308)

ਕਬੀਰ ਕਹਿੰਦੇ ਹਨ, ਗੂੰਗਾ ਹੋ ਗਿਆ ਹਾਂ, ਕਿਉਂਕਿ ਮੈਂ ਹੁਣ ਮਿਥਿਆ ਨਹੀਂ ਬੋਲਦਾ; ਮੈਂ ਕੌੜਾ ਨਹੀਂ ਬੋਲਦਾ, ਮੈਂ ਬੇਅਰਥ ਭੀ ਨਹੀਂ ਬੋਲਦਾ, ਮੈਂ ਫਿੱਕਾ ਭੀ ਨਹੀਂ ਬੋਲਦਾ, ਮੈਂ ਗੂੰਗਾ ਹੋ ਗਿਆ ਹਾਂ। ਫਿੱਕਾ ਬੋਲਣ ਵੱਲੋਂ ਗੂੰਗਾ ਹੋ ਗਿਆ ਹਾਂ, ਮਿਥਿਆ ਬੋਲਣ ਵੱਲੋਂ ਗੂੰਗਾ ਹੋ ਗਿਆ ਹਾਂ। ਬੇਅਰਥ ਬੋਲਣ ਵੱਲੋਂ ਗੂੰਗਾ ਹੋ ਗਿਆ ਹਾਂ, ਕੌੜਾ ਬੋਲਣ ਵੱਲੋਂ ਭੀ ਗੂੰਗਾ ਹੋ ਗਿਆ ਹਾਂ। ਨਹੀਂ ਬੋਲਦਾ, ਗੂੰਗਾ ਹੋ ਗਿਐ। ਦੂਸਰਾ ਇਸ ਬਾਣੀ ਦਾ ਜੋ ਰਸ ਆਇਐ, ਬਾਨ ਲੱਗਦਿਆਂ ਜੋ ਰਸ ਆਇਐ, ਮੈਂ ਨਹੀਂ ਕਹਿ ਸਕਦਾ, ਗੂੰਗਾ ਹੋ ਗਿਆ ਹਾਂ:

ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥

(ਗਉੜੀ ਕਬੀਰ ਜੀ, ਪੰਨਾ 334)

ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ॥
ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ॥

(ਕਾਨੜਾ ਮ: ੫, ਪੰਨਾ 1302)

ਗੂੰਗਾ ਹੋ ਗਿਆ ਹਾਂ ਮੈਂ, "ਕਬੀਰ ਗੂੰਗਾ ਹੂਆ ਬਾਵਰਾ" ਬਾਵਰਾ ਭੋਲਾ। ਚਲਾਕ ਬੰਦਾ ਉਸ ਨੂੰ ਕਹਿੰਦੇ ਨੇ ਜੋ ਬਾਹਰੋਂ ਕੁਝ ਹੋਰ ਹੈ, ਅੰਦਰੋਂ ਕੁਝ ਹੋਰ ਹੈ:

ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥

(ਆਸਾ ਸੇਖ ਫਰੀਦ ਜੀ, ਪੰਨਾ 488)

ਚਲਾਕ ਬੰਦਾ ਬਾਹਰੋਂ ਕੁਝ ਹੋਰ ਹੁੰਦੈ, ਅੰਦਰੋਂ ਕੁਝ ਹੋਰ ਹੁੰਦੈ। ਜਿਤਨਾ ਚਲਾਕ ਹੋਵੇਗਾ, ਉਤਨੇ ਹੀ ਉਸ ਦੇ ਦੋ ਰੂਪ ਹੋਵਣਗੇ। ਦਿੱਸੇਗਾ ਕੁਝ ਹੋਰ, ਹੋਵੇਗਾ ਕੁਝ ਹੋਰ। ਕਬੀਰ ਕਹਿੰਦੇ ਨੇ, ਭੋਲਾ ਹੋ ਗਿਆ ਹਾਂ। ਭੋਲੇ ਤੋਂ ਮੁਰਾਦ ਅੰਦਰੋਂ ਬਾਹਰੋਂ ਇਕ ਹੋ ਗਿਆ ਹਾਂ। ਜੋ ਕਿਰਿਆ ਹੈ, ਉਹੀ ਸੋਚਣੀ ਹੈ ਅਤੇ ਜੋ ਸੋਚਣੀ ਹੈ ਉਹੀ ਕਿਰਿਆ ਹੈ। ਚਲਾਕੀਆਂ ਨਾਲ ਮਨੁੱਖ ਧਨ ਹਾਸਲ ਕਰ ਸਕਦੈ, ਪ੍ਰਭੁਤਾ ਹਾਸਲ ਕਰ ਸਕਦੈ, ਪਰ ਚਲਾਕੀਆਂ ਨਾਲ ਪ੍ਰਭੂ ਨਹੀਂ ਹਾਸਲ ਕਰ ਸਕਦਾ:

ਰੇ ਜਨ ਮਨੁ ਮਾਧਉ ਸਿਉ ਲਾਈਐ॥
ਚਤੁਰਾਈ ਨ ਚਤੁਰਭੁਜੁ ਪਾਈਐ॥ *(ਗਉੜੀ ਕਬੀਰ ਜੀ, ਪੰਨਾਂ 324)*

ਕਹੁ ਕਬੀਰ ਭਗਤਿ ਕਰਿ ਪਾਇਆ॥
ਭੋਲੇ ਭਾਇ ਮਿਲੇ ਰਘੁਰਾਇਆ॥ *(ਗਉੜੀ ਕਬੀਰ ਜੀ, ਪੰਨਾ 324)*

ਉਹ ਤਾਂ ਭੋਲੇ ਭਾਅ ਨਾਲ ਮਿਲਦੈ। ਭੋਲਾ, ਭਾਵ ਅੰਦਰੋਂ ਬਾਹਰੋਂ ਇਕ। ਹਾਫ਼ਿਜ਼ ਕਹਿੰਦੇ ਹਨ:

ਸਦ ਜਾਹਿ ਫਿਦਾਏ ਆਹ ਕੇ ਜ਼ਬਾਨਿਸ ਦਿਲੇਕਿਸ਼ ਜਿਹਕੇਸ਼।

ਹਜ਼ਾਰਾਂ ਜਿੰਦੜੀਆ ਉਸ ਬੰਦੇ ਤੋਂ ਨਿਛਾਵਰ ਕੀਤੀਆਂ ਜਾ ਸਕਦੀਆਂ ਹਨ, ਕੁਰਬਾਨ ਕੀਤੀਆਂ ਜਾ ਸਕਦੀਆਂ ਹਨ, ਜਿਸ ਦੀ ਜ਼ਬਾਨ ਤੇ ਦਿਲ ਇਕ ਹੈ। ਜੋ ਅੰਦਰੋਂ ਬਾਹਰੋਂ ਇਕ ਹੈ:

ਨਵਿਸ਼ਤਹ ਰਸੀਦੋ ਬਗੁਫ਼ਤਹ ਜ਼ੁਬਾਂ॥
ਬਿਬਾਯਦ ਕਿ ਈਂ ਕਾਰ ਰਾਹਤ ਰਸਾਂ॥
ਹਮੂੰ ਮਰਦ ਬਾਯਦ ਸ਼ਵਦ ਸੁਖ਼ਨਵਰ॥
ਨ ਸ਼ਿਕਮੇ ਦਿਗਰ ਦਰ ਦਹਾਨਿ ਦਿਗਰ॥ *(ਜ਼ਫ਼ਰਨਾਮਾ, ਪਾ: ੧੦)*

ਅਸੀਂ ਤਾਂ ਮਰਦ ਹੀ ਉਸ ਨੂੰ ਮੰਨਦੇ ਹਾਂ, ਔਰੰਗਜ਼ੇਬ ਨੂੰ ਕਿਹੈ, ਮਨੁੱਖ ਹੀ ਉਸ ਨੂੰ ਮੰਨਦੇ ਹਾਂ, ਜੋ ਉਸ ਦੀ ਜ਼ਬਾਨ 'ਤੇ ਹੈ, ਉਹੀ ਉਸਦੇ ਦਿਲ ਵਿਚ ਹੈ, ਜੋ ਦਿਲ ਵਿਚ ਹੈ, ਉਹੀ ਜ਼ਬਾਨ ਵਿਚ ਹੈ। ਐ ਔਰੰਗਜ਼ੇਬ! ਤੇਰੀ ਜ਼ਬਾਨ 'ਤੇ ਕੁਝ ਹੋਰ ਹੈ, ਤੇਰੇ ਦਿਲ ਵਿਚ ਕੁਝ ਹੋਰ ਹੈ। ਤੂੰ ਚਲਾਕ ਹੈਂ। ਤੂੰ ਭਗਤ ਨਹੀਂ ਹੈ, ਫ਼ਕੀਰ ਨਹੀਂ ਹੈ, ਚਲਾਕ ਹੈਂ। ਤੇਰੇ ਹੱਥ ਵਿਚ ਤਸਬੀ ਹੈ। ਤੂੰ ਪੰਜ ਵਕਤ ਦਾ ਨਮਾਜ਼ੀ ਹੈ। ਤੇਰੀ ਜ਼ਬਾਨ 'ਤੇ ਅੱਲਾ ਹੂ, ਅੱਲਾ ਹੂ ਰਹਿੰਦੈ, ਪਰ ਤੇਰੇ ਦਿਲ ਵਿਚ ਕੁਝ ਹੋਰ ਹੈ। ਇਸ ਵਾਸਤੇ:

ਤੁਰਾ ਮਨ ਨ ਦਾਨਮ ਕਿ ਯਜ਼ਦਾਂ ਸ਼ਨਾਸ॥
ਬਰਾਮਦ ਜ਼ਿ ਤੂ ਕਾਰਹਾ ਦਿਲ-ਖਰਾਸ॥ *(ਜ਼ਫ਼ਰਨਾਮਾ, ਪਾ: ੧੦)*

ਤੂੰ ਯਜ਼ਦਾਂ-ਸ਼ਨਾਸ ਨਹੀਂ ਹੈਂ, ਖ਼ੁਦਾ-ਸ਼ਨਾਸ ਬੰਦਾ ਨਹੀਂ ਹੈ। ਤੂੰ ਉਹ

ਕੰਮ ਕੀਤੇ ਨੇ ਜਿਨ੍ਹਾਂ ਨਾਲ ਲੋਕਾਂ ਦੇ ਦਿਲਾਂ ਨੂੰ ਚੋਟ ਪਹੁੰਚੀ ਹੈ। ਰੱਬ ਨਾਲ ਜੁੜਿਆ ਹੋਇਆ ਮਨੁੱਖ ਕਿਸੇ ਦਾ ਦਿਲ ਨਹੀਂ ਤੋੜਦਾ। ਤੂੰ ਤਾਂ ਆਪਣੇ ਭਰਾਵਾਂ ਨੂੰ ਕਤਲ ਕੀਤੈ। ਆਪਣੇ ਪਿਉ ਨੂੰ ਤੜਪਾ ਤੜਪਾ ਕੇ ਮਾਰਿਐ। ਆਪਣੀ ਭੈਣ ਜਹਾਂਆਰਾ ਨੂੰ ਰੁਲਾਇਐ। ਤੂੰ ਆਪਣਿਆਂ 'ਤੇ ਜ਼ੁਲਮ ਕੀਤੈ। ਤੂੰ ਚਲਾਕ ਹੈਂ:

ਅਗਰ ਸਦ ਕੁਰ ਰਾ ਬਖੁਰਦੀ ਕਸਮ
ਮਰਾ ਇਅਤਬਾਰੇ ਨ ਈਂ ਜ਼ਰਹ ਦਮ॥ *(ਜ਼ਫ਼ਰਨਾਮਾ, ਪਾ: ੧੦)*

ਇਕ ਨਹੀਂ, ਸੌ ਕਸਮਾਂ ਭੀ ਤੂੰ ਕੁਰਾਨ ਦੀਆਂ ਖਾਵੇਂ, ਹੋ ਸਕਦੈ ਕੋਈ ਭਾਰਤਵਾਸੀ ਤੇਰੀ ਕਸਮ ਉੱਤੇ ਇਤਬਾਰ ਕਰ ਲਵੇ, ਪਰ ਮੈਂ ਨਹੀਂ ਕਰ ਸਕਦਾ। ਤੂੰ ਝੂਠਾ, ਤੇਰੀ ਕਸਮ ਝੂਠੀ। ਤੂੰ ਝੂਠਾ, ਤੇਰੀ ਕੁਰਾਨ ਦੀ ਤਲਾਵਤ ਝੂਠੀ। ਤੂੰ ਝੂਠਾ, ਤੇਰੀ ਤਸਬੀ ਝੂਠੀ। ਤੂੰ ਝੂਠੈਂ, ਤੇਰੀ ਨਮਾਜ਼ ਭੀ ਝੂਠੀ। ਚਲਾਕ ਹੈਂ ਤੂੰ। ਬਾਹਰੋਂ ਕੁਝ ਹੋਰ ਹੈਂ, ਤੇਰੀ ਕਿਰਿਆ ਕੁਝ ਹੋਰ ਹੈ, ਤੇਰੀ ਸੋਚਣੀ ਕੁਝ ਹੋਰ ਹੈ, "ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ"। ਕਬੀਰ ਕਹਿੰਦੇ ਹਨ, ਮੈਂ ਭੋਲਾ ਹੋ ਗਿਆ ਹਾਂ, ਅੰਦਰੋਂ ਬਾਹਰੋਂ ਇਕ ਹੋ ਗਿਆ ਹਾਂ, "ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ"। ਕੰਨਾਂ ਤੋਂ ਬਹਿਰਾ ਹੋ ਗਿਆ ਹਾਂ, ਨਿੰਦਾ ਮੈਂ ਸੁਣਦਾ ਨਹੀਂ। ਝੂਠ ਮੈਂ ਸੁਣਦਾ ਨਹੀਂ ਹੁਣ। ਬੇਅਰਥ ਬੋਲ ਮੈਂ ਸੁਣਦਾ ਨਹੀਂ, ਮੈਂ ਬਹਿਰਾ ਹੋ ਗਿਆ ਹਾਂ:

ਕਰਨ ਨ ਸੁਨੈ ਕਾਹੂ ਕੀ ਨਿੰਦਾ॥
ਸਭ ਤੇ ਜਾਨੈ ਆਪਸ ਕਉ ਮੰਦਾ॥ *(ਗਉੜੀ ਸੁਖਮਨੀ ਮ: ੫, ਪੰਨਾ 274)*

ਮੈਂ ਸੁਣਦਾ ਹੀ ਨਹੀਂ, ਗੱਲ ਖ਼ਤਮ ਹੈ। ਮੈਂ ਬੇਅਰਥ ਬੋਲ ਨਹੀਂ ਸੁਣਦਾ। ਮੈਂ ਬਿਖੇ ਨਾਦ ਨਹੀਂ ਸੁਣਦਾ। ਮੈਂ ਨਿੰਦਾ ਨਹੀਂ ਸੁਣਦਾ, ਬਹਿਰਾ ਹੋ ਗਿਆ ਹਾਂ, "ਪਾਵਹੁ ਤੇ ਪਿੰਗਲੁ ਭਇਆ ਮਾਰਿਆ ਸਤਿਗੁਰ ਬਾਨ"। ਪੈਰਾਂ ਤੋਂ ਪਿੰਗਲਾ ਹੋ ਗਿਆ ਹਾਂ। ਇਸ ਦਾ ਜ਼ਿਕਰ ਸਵਾਮੀ ਰਾਮਾਨੰਦ ਨੇ ਭੀ ਕੀਤੈ। ਭਾਵੇਂ ਇੱਕੋ ਹੀ ਸ਼ਬਦ ਹੈ ਬਸੰਤ ਰਾਗ ਵਿਚ ਸਵਾਮੀ ਰਾਮਾਨੰਦ ਦਾ, ਪਰ ਬੜਾ ਕੀਮਤੀ ਹੈ:

ਕਤ ਜਾਈਐ ਰੇ ਘਰ ਲਾਗੋ ਰੰਗੁ॥
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ॥

(ਬਸੰਤ ਰਾਮਾਨੰਦ ਜੀ, ਪੰਨਾ 1195)

ਪਿੰਗਲਾ ਹੋ ਗਿਆ ਹਾਂ, ਭਟਕਣਾ ਮਿਟ ਗਈ ਹੈ। ਚੰਚਲ ਪਤਾ ਹੈ ਕਿਸ ਨੂੰ ਕਹਿੰਦੇ ਹਨ ? ਚਲ ਚਲ, ਜੋ ਚਲ ਰਿਹੈ; ਜੋ ਚਲ ਰਿਹੈ ਸੋ ਚੰਚਲ। ਸਰੀਰ ਬੈਠਾ ਹੈ, ਮਨ ਤਾਂ ਚਲਦਾ ਹੈ, ਮਨ ਤਾਂ ਚੰਚਲ ਹੈ। ਸਵਾਮੀ ਰਾਮਾਨੰਦ ਕਹਿੰਦੇ

ਹਨ, ਮਨ ਦੀ ਚੰਚਲਤਾ ਮਿਟ ਗਈ। ਕਿਉਂ ? ਪੈਰ ਟੁੱਟ ਗਏ ਇਹਦੇ, ਪਿੰਗਲਾ ਹੋ ਗਿਆਂ, ਭਟਕਣਾ ਮਿਟ ਗਈ, ਟਿਕ ਗਿਆ ਹਾਂ। ਕਬੀਰ ਕਹਿੰਦੇ ਹਨ, ਮਨ ਪਿੰਗਲਾ ਹੋ ਗਿਐ, ਭਟਕਣਾ ਮਿਟ ਗਈ ਹੈ। ਇਸ ਨੂੰ ਮਿਰਜ਼ਾ ਗ਼ਾਲਿਬ ਨੇ ਉਰਦੂ ਸ਼ਾਇਰੀ ਵਿਚ ਜਿਸ ਢੰਗ ਨਾਲ ਬਿਆਨ ਕੀਤੈ:

ਮੇਰੇ ਟੂਟੇ ਹੂਏ ਪਾਇ ਤਲਬ ਕਾ ਮੁਝ ਪੇ ਅਹਿਸਾਂ ਹੈ।
ਤੁਮਾਰੇ ਦਰ ਸੇ ਉਠ ਕਰ ਅਬ ਕਹੀਂ ਜਾਇਆ ਨਹੀਂ ਜਾਤਾ।

ਗ਼ਾਲਿਬ ਕਹਿੰਦੈ ਕਿ ਮੇਰੇ ਪੈਰ ਟੁੱਟ ਗਏ ਹਨ, ਇਨ੍ਹਾਂ ਪੈਰਾਂ ਦਾ ਮੇਰੇ ਉੱਪਰ ਬਹੁਤ ਅਹਿਸਾਨ ਹੈ। ਐ ਖ਼ੁਦਾ! ਪੈਰ ਟੁੱਟੇ ਹੋਣ ਕਰਕੇ ਹੁਣ ਮੈਂ ਤੇਰੇ ਬੂਹੇ ਜੋਗਾ ਹੀ ਹੋ ਗਿਆਂ। ਭਟਕਣਾ ਸਾਰੀ ਮਿਟ ਗਈ ਹੈ, ਪਿੰਗਲੇ ਹੋ ਗਏ ਹਾਂ :

ਮੇਰੇ ਟੂਟੇ ਹੂਏ ਪਾਇ ਤਲਬ ਕਾ ਮੁਝ ਪੇ ਅਹਿਸਾਂ ਹੈ।
ਤੁਮਾਰੇ ਦਰ ਸੇ ਉਠ ਕਰ ਅਬ ਕਹੀਂ ਜਾਇਆ ਨਹੀਂ ਜਾਤਾ।
ਮੁਹੱਬਤ ਅਸਲ ਮੇਂ ਮਖ਼ਮੂਰ ਵੋਹ ਰਾਜ਼ੇ-ਹਕ਼ੀਕ਼ਤ ਹੈ।
ਸਮਝ ਮੇਂ ਆ ਗਯਾ ਹੈ ਫਿਰ ਭੀ ਸਮਝਾਇਆ ਨਹੀਂ ਜਾਤਾ।

ਕਹਿੰਦਾ ਹੈ, ਰੱਬ ਜੀ! ਗੱਲ ਤਾਂ ਮੈਂ ਤੇਰੀ ਸਮਝ ਲਈ ਹੈ, ਪਰ ਦੁਨੀਆਂ ਨੂੰ ਕਿਸ ਤਰ੍ਹਾਂ ਸਮਝਾਵਾਂ ? ਕਿਸ ਤਰ੍ਹਾਂ ਕਹਾਂ, ਕਹਿ ਨਹੀਂ ਸਕਦਾ। ਜੋ ਰਸ ਆਇਐ, ਕਹਿ ਨਹੀਂ ਸਕਦਾ। ਜੋ ਤੜਪ ਦੇ ਨਾਲ ਪੀੜਾ ਹੋਈ ਹੈ, ਕਹਿ ਨਹੀਂ ਸਕਦਾ। ਜੋ ਪਵਿੱਤਰਤਾ ਮਿਲੀ ਹੈ, ਕਹਿ ਨਹੀਂ ਸਕਦਾ। ਜੋ ਅਨੰਦ ਮਿਲਿਐ, ਕਹਿ ਨਹੀਂ ਸਕਦਾ। ਗੂੰਗਾ ਹੋ ਗਿਆ ਹਾਂ, ਸਮਝ ਮੇਂ ਆ ਗਯਾ ਹੈ ਫਿਰ ਭੀ ਸਮਝਾਇਆ ਨਹੀਂ ਜਾਤਾ। ਇਹ ਪਿਆਸ ਪੈਦਾ ਹੋ ਜਾਏ ਤਾਂ ਮਨ ਦੀ ਇਹ ਹਾਲਤ ਬਣਦੀ ਹੈ, "ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ ॥ ਪਾਵਹੁ ਤੇ ਪਿੰਗੁਲ ਭਇਆ ਮਾਰਿਆ ਸਤਿਗੁਰ ਬਾਨ ॥" ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਮੇਹਰਾਂ ਕਰਨ, ਬਖ਼ਸ਼ਿਸ਼ਾਂ ਕਰਨ, ਇਹ ਪੰਗਤੀਆਂ ਕਿਸੇ ਦਿਨ ਸਾਰਥਿਕ ਹੋਵਣ, "ਸਾਚੇ ਨਾਮ ਕੀ ਲਾਗੈ ਭੂਖ"। ਭੁੱਖ ਪੈਦਾ ਹੋ ਜਾਵੇ, "ਮਾਧਉ ਜਲ ਕੀ ਪਿਆਸ ਨ ਜਾਇ"। ਹੇ ਮਾਧੋ! ਬੜੀ ਪਿਆਸ ਪੈਦਾ ਹੋ ਗਈ ਹੈ ਤੇਰੇ ਨਾਮ ਦੀ। ਦੁਨੀਆ ਦਾ ਸਭ ਤੋਂ ਵੱਡਾ ਖ਼ੁਸ਼ਕਿਸਮਤ ਮਨੁੱਖ ਹੈ ਉਹ ਜਿਸ ਦੇ ਅੰਦਰ ਇਹ ਪਿਆਸ ਪੈਦਾ ਹੋ ਗਈ ਹੈ, ਇਹ ਭੁੱਖ ਪੈਦਾ ਹੋ ਗਈ ਹੈ। ਜਿਸ ਦੇ ਅੰਦਰ ਭੋਜਨ ਦੀ ਭੁੱਖ ਨਹੀਂ, ਪਾਣੀ ਦੀ ਪਿਆਸ ਨਹੀਂ, ਉਹ ਤਾਂ ਰੋਗੀ ਹੈ, ਬੀਮਾਰ ਹੈ ਔਰ ਜਿਸ ਦੇ ਅੰਦਰ ਭਜਨ ਦੀ ਤੜਪ ਨਹੀਂ, ਬਾਣੀ ਦੀ ਪਿਆਸ ਨਹੀਂ, ਉਹ ਮਾਨਸਿਕ ਰੋਗੀ ਹੈ, ਬਦਕਿਸਮਤ ਹੈ, ਅਭਾਗਾ ਹੈ। ਖ਼ੁਸ਼ਕਿਸਮਤ ਹੈ ਉਹ ਇਨਸਾਨ, ਜਿਸ ਦੇ ਅੰਦਰ ਇਹ ਪਿਆਸ ਪੈਦਾ ਹੋ ਜਾਏ। ਸਾਹਿਬ ਰਹਿਮਤ ਕਰਨ, ਇਹ ਪਿਆਸ ਸਾਡੇ ਅੰਦਰ ਵੀ ਪੈਦਾ ਹੋਵੇ ਤਾਂ ਇਹ

ਸਭ ਕੁਝ ਕੀਤਾ ਹੋਇਆ ਬੇਅਰਥ ਨਹੀਂ ਜਾਏਗਾ। ਸਿੱਖਾਂ ਨੇ ਇਕ ਦਿਨ ਬੇਨਤੀ ਕੀਤੀ ਸੀ ਸ੍ਰੀ ਗੁਰੂ ਹਰਿਰਾਇ ਸਾਹਿਬ ਨੂੰ:

ਪਾਠ ਕਰੇਂ ਹਮ ਨਿਤ ਗੁਰਬਾਣੀ॥
ਅਰਥ ਪ੍ਰਮਾਰਥ ਕਿਛੁ ਨ ਜਾਨੀ॥
ਜੋ ਮਾਰਗ ਗੁਰ ਸਬਦ ਬਤਾਵੈ॥
ਸੋ ਮਨ ਤੇ ਨਹੀ ਜਾਤਿ ਕਮਾਵੈ॥ *(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ)*

ਸਤਿਗੁਰਾਂ ਨੂੰ ਕਹਿਣ ਲੱਗੇ, ਅਰਥ ਬੋਧ ਤਾਂ ਸਾਨੂੰ ਆਉਂਦਾ ਹੀ ਨਹੀਂ, ਬਾਣੀ ਪੜ੍ਹੀ ਜਾਈਏ। ਸਮਝ ਤੇ ਕੁਝ ਭੀ ਨਹੀਂ ਆਉਂਦਾ, ਜਪੀ ਜਾਈਏ। "ਪਾਠ ਕਰੇਂ ਹਮ ਨਿਤ ਗੁਰਬਾਣੀ॥ ਅਰਥ ਪ੍ਰਮਾਰਥ ਕਿਛੁ ਨ ਜਾਨੀ॥ ਜੋ ਮਾਰਗ ਗੁਰ ਸਬਦ ਬਤਾਵੈ॥ ਸੋ ਮਨ ਤੇ ਨਹੀ ਜਾਤਿ ਕਮਾਵੈ॥" ਇਹ ਤਾਂ ਸਭ ਬੇਅਰਥ ਹੋਇਆ। ਚਲਦਿਆਂ ਚਲਦਿਆਂ, ਰਸਤੇ ਵਿਚ ਹੀ ਇਹ ਪ੍ਰਸ਼ਨ ਹੋਇਆ ਸਿੱਖਾਂ ਵੱਲੋਂ। ਰਾਹ ਵਿਚ ਮਿੱਟੀ ਦੀ ਇਕ ਐਸੀ ਠੀਕਰੀ ਪਈ ਸੀ ਜਿਸ ਵਿਚ ਕਿਸੇ ਸਮੇਂ ਉਸ ਭਾਂਡੇ ਵਿਚ ਘਿਉ ਰੱਖਿਆ ਗਿਆ ਹੋਣੈ। ਟੁੱਟੀ ਹੋਈ ਉਹ ਠੀਕਰੀ ਸੀ, ਪਰ ਚੀਕਣੀ ਸੀ। ਮਹਾਰਾਜ ਕਹਿੰਦੇ ਹਨ:

ਰਹੈ ਚੀਕੰਤਾ ਠੀਕਰ ਮਾਹੇ॥
ਤਿਉ ਬਾਣੀ ਰਹੇ ਮਨ ਮਾਹੇ॥ *(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ)*

ਘਿਉ ਇਕ ਵਾਰ ਪਾ ਦੇਈਏ ਭਾਂਡੇ ਵਿਚ ਤੇ ਫਿਰ ਕੱਢ ਦੇਈਏ ਤਾਂ ਭਾਂਡੇ ਵਿਚ ਕੁਝ ਨਾ ਕੁਝ ਚਿਕਨਾਈ ਤਾਂ ਰਹੇਗੀ। ਘਿਉ ਨਹੀਂ ਰਿਹਾ ਨਾ ਸਹੀ, ਚਿਕਨਾਈ ਤਾਂ ਰਹੇਗੀ। ਐ ਗੁਰਸਿੱਖ! ਜੇ ਤੂੰ ਅੰਮ੍ਰਿਤ ਵੇਲੇ ਪਾਠ ਕੀਤੈ, ਭਾਵੇਂ ਤੇਰੇ ਅੰਦਰ ਬਾਣੀ ਟਿਕੀ ਨਹੀਂ, ਪਰ ਬਾਣੀ ਕੁਝ ਨਾ ਕੁਝ ਚਿਕਨਾਈ ਤਾਂ ਛੋੜ ਜਾਏਗੀ, ਕੁਝ ਨਾ ਕੁਝ ਚਿਕਨਾਈ ਤਾਂ ਦੇ ਜਾਏਗੀ। ਗੁਰੂ ਹਰਿਰਾਇ ਸਾਹਿਬ ਕਹਿੰਦੇ ਹਨ, ਬਾਣੀ ਪੜ੍ਹਨੀ ਛੱਡਣੀ ਨਹੀਂ। ਇਹ ਠੀਕ ਹੈ ਕਿ ਘਿਉ ਨਹੀਂ ਟਿਕਿਆ, ਘਿਉ ਨਿਕਲ ਗਿਐ, ਪਰ ਘਿਉ ਦੀ ਚਿਕਨਾਈ ਤਾਂ ਰਹਿ ਗਈ ਹੈ। ਬਾਣੀ ਕੁਝ ਨਾ ਕੁਝ ਆਪਣੀ ਰੇਖਾ ਛੋੜ ਜਾਏਗੀ। ਇਹ ਜਪ ਤਪ ਕੁਝ ਨਾ ਕੁਝ ਆਪਣੀ ਰੇਖਾ ਛੋੜ ਜਾਏਗਾ। ਤੂੰ ਜਪੀ ਜਾ, ਜਪੀ ਜਾ, ਹੋ ਸਕਦੈ ਕਿਸੇ ਦਿਨ ਇਹ ਤੇਰੇ ਹਿਰਦੇ ਦਾ ਘੜਾ ਅੰਮ੍ਰਿਤ ਰੂਪੀ ਘਿਉ ਨਾਲ ਭਰ ਜਾਏ। ਸਾਹਿਬ ਰਹਿਮਤ ਕਰਨ। ਗੁਰੂ ਹਰਿਰਾਇ ਸਾਹਿਬ ਮਹਾਰਾਜ ਦੀ ਬਖ਼ਸ਼ਿਸ਼ ਹੋ ਜਾਵੇ ਤਾਂ ਜੁ ਸਾਰਿਆਂ ਦੇ ਹਿਰਦੇ ਇਸ ਅੰਮ੍ਰਿਤ ਰਸ ਨਾਲ ਭਰ ਜਾਣ।

ਨਾਨਕ ਮੂਰਖੁ ਏਕੁ ਤੂ ਅਵਰੁ ਭਲਾ ਸੈਸਾਰੁ

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਇਕ ਬੋਲ ਹੈ ਤਾਂ ਹੈਰਾਨ ਕਰਨ ਵਾਲਾ, ਪਰ ਇਥੇ ਉਹੀ ਬੋਲ ਸਾਹਮਣੇ ਆਇਐ, ਇਸ ਲਈ ਉਸ ਦੀ ਤਸ਼ਰੀਹ ਮੈਂ ਤੁਹਾਡੇ ਸਾਹਮਣੇ ਚੰਦ ਮਿੰਟ ਰੱਖਣ ਲੱਗਾ ਹਾਂ:

ਨਾਨਕ ਮੂਰਖੁ ਏਕੁ ਤੂ ਅਵਰੁ ਭਲਾ ਸੈਸਾਰੁ ॥

(ਪ੍ਰਭਾਤੀ ਮ: ੧, ਪੰਨਾ 1328)

"ਮੰਦਾ ਜਾਣੈ ਆਪ ਕਉ" ਬਹੁਤ ਹੈਰਾਨਗੀ ਹੈ! ਮੂਰਖ ਦੇ ਅਰਥ ਨੇ ਮੂਰਸ਼ਿਤ, ਬੇਹੋਸ਼, ਅਚੇਤ। ਸੰਸਕ੍ਰਿਤ ਦਾ ਸ਼ਬਦ ਹੈ ਮੂਰਸ਼ਿਤ, ਬੇਹੋਸ਼। ਉਸ ਦਾ ਪੰਜਾਬੀ ਹਿੰਦੀ ਰੂਪ ਹੈ ਮੂਰਖ। ਮਨੁੱਖ ਦੇ ਕੋਲ ਜਿਹੜਾ ਹੋਸ਼ ਹੈ, ਇਹ ਪਦਾਰਥ ਦੇ ਪ੍ਰਤੀ ਤਾਂ ਹੈ, ਪਰ ਪਰਮਾਤਮਾ ਦੇ ਪ੍ਰਤੀ ਬੇਹੋਸ਼ ਹੈ। ਮਨੁੱਖ ਧਨ ਦੇ ਪ੍ਰਤੀ ਤਾਂ ਹੋਸ਼ ਰੱਖਦੈ, ਧਰਮ ਦੇ ਪ੍ਰਤੀ ਬਿਲਕੁਲ ਬੇਹੋਸ਼ ਹੈ। ਇਸ ਨੂੰ ਇੰਜ ਭੀ ਕਹਿੰਦੇ ਹਨ ਕਿ ਮਨੁੱਖ ਦੇ ਹੋਸ਼ ਨੂੰ ਅਧਰੰਗ ਹੋਇਆ ਹੋਇਐ, ਲਕਵਾ ਹੋਇਆ ਹੋਇਐ। ਜਿਵੇਂ ਸਰੀਰ ਨੂੰ ਅਧਰੰਗ ਹੋ ਜਾਏ, ਅਰਧ ਅੰਗ, ਇਕ ਹੱਥ ਕੰਮ ਕਰਦੈ ਦੂਜਾ ਨਹੀਂ। ਇਕ ਅੱਖ ਵਿਚ ਤਾਂ ਵੇਖਣ ਦੀ ਪੂਰੀ ਸ਼ਕਤੀ ਹੈ, ਦੂਸਰੀ ਵਿਚ ਨਹੀਂ। ਕਿਉਂਕਿ ਜ਼ਬਾਨ ਇਕ ਹੈ, ਅੱਧੀ ਕੰਮ ਕਰਦੀ ਹੈ, ਅੱਧੀ ਨਹੀਂ, ਫਿਰ ਲੜਲਖਾਂਦੀ ਹੈ। ਸ਼ੁੱਧ ਬਚਨ ਨਹੀਂ ਨਿਕਲਦੇ। ਸਰੀਰ ਨੂੰ ਅਧਰੰਗ ਹੋ ਜਾਏ, ਸਰੀਰ ਅੱਧਾ ਕੰਮ ਕਰਦੈ, ਅੱਧਾ ਨਹੀਂ। ਮਨੁੱਖ ਦੇ ਹੋਸ਼ ਨੂੰ ਅਧਰੰਗ ਹੈ। ਇਹ ਧਨ ਦੇ ਪ੍ਰਤੀ ਹੋਸ਼ ਵਿਚ ਹੈ, ਧਰਮ ਦੇ ਪ੍ਰਤੀ ਬੇਹੋਸ਼ ਹੈ। ਉੱਕੀ ਸਮਝ ਨਹੀਂ ਬੇਹੋਸ਼ ਬੰਦੇ ਨੂੰ। ਕੁਝ ਨਹੀਂ ਜੇ ਪਤਾ ਹੁੰਦਾ। ਧਰਮ ਦਾ ਕੱਖ ਭੀ ਪਤਾ ਨਹੀਂ। ਕੀ ਹੋਇਆ ਮਨੁੱਖ ਮੰਦਰ, ਮਸਜਿਦ, ਗੁਰਦੁਆਰੇ ਆਉਂਦੈ, ਅਵਤਾਰਾਂ ਦੇ ਦਿਹਾੜੇ ਮਨਾਂਦੈ, ਪਰ ਇਹ ਸਭ ਕੁਝ ਬੇਹੋਸ਼ੀ ਵਿਚ ਹੀ ਚਲਦੈ, ਮੂਰਸ਼ਿਤ ਹੀ ਹੋ ਕੇ ਚਲਦੈ। ਇਹ ਸੰਸਾਰ ਦੇ ਪ੍ਰਤੀ ਤਾਂ ਥੋੜਾ ਹੋਸ਼ ਰੱਖਦੈ, ਨਿਰੰਕਾਰ ਦੇ ਪ੍ਰਤੀ ਬਿਲਕੁਲ ਬੇਹੋਸ਼ ਹੈ। ਇਹ ਪਰਿਵਾਰ ਦੇ ਪ੍ਰਤੀ ਥੋੜਾ ਜਿਹਾ ਹੋਸ਼ ਰੱਖਦੈ, ਕਰਤਾਰ ਦੇ ਪ੍ਰਤੀ ਬਿਲਕੁਲ ਬੇਹੋਸ਼ ਹੈ। ਪਦਾਰਥਾਂ ਦੇ ਪ੍ਰਤੀ ਇਸ ਨੂੰ ਥੋੜਾ ਜਿਹਾ ਹੋਸ਼ ਹੈ ਕਿ ਇਹ ਸੋਨਾ ਹੈ, ਇਹ ਚਾਂਦੀ ਹੈ, ਇਹ ਪਿੱਤਲ ਹੈ, ਇਹ ਤਾਂਬਾ ਹੈ, ਇਹ ਲੋਹਾ ਹੈ, ਇਹ ਫਲਾਣਾ ਫੁੱਲ ਹੈ, ਇਹ ਫਲਾਣਾ ਫਲ ਹੈ, ਇਸ ਨੂੰ ਸਭ ਸਮਝ

ਹੈ। ਫਲਾਂ ਦੀ ਸਮਝ ਹੈ, ਫੁੱਲਾਂ ਦੀ ਸਮਝ ਹੈ, ਸਾਗ ਸਬਜ਼ੀ ਦੀ ਸਮਝ ਹੈ। ਬੇਸ਼ਤਰ ਪਦਾਰਥਾਂ ਦੀ ਇਸ ਨੂੰ ਸਮਝ ਹੈ, ਪਰ ਪਰਮਾਤਮਾ ਦੀ ਨਹੀਂ। ਜੇ ਬੇਹੋਸ਼ ਨੂੰ ਸੁਚੇਤ ਕਰਨਾ ਹੋਵੇ ਤਾਂ ਪੁਰਾਣਾ ਤਰੀਕਾ ਇਹ ਹੁੰਦਾ ਸੀ ਕਿ ਪਾਣੀ ਦੇ ਛਿੱਟੇ ਮਾਰੋ, ਇਸ ਨੂੰ ਪਾਣੀ ਪਿਲਾਓ। ਇਹ ਜਿਹੜਾ ਗੁਰਬਾਣੀ ਦਾ ਕੀਰਤਨ ਹੈ, ਗੁਰਬਾਣੀ ਦੀ ਕਥਾ ਹੈ, ਦਰਅਸਲ ਮਨੁੱਖ ਦੀ ਬੇਹੋਸ਼ੀ ਨੂੰ ਤੋੜਨ ਵਾਸਤੇ ਹੈ, ਹੋਰ ਕੁਝ ਭੀ ਨਹੀਂ:

ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ॥

(ਸੂਹੀ ਅਸਟਪਦੀਆ ਮ: ੪, ਪੰਨਾ 758)

ਬੇਹੋਸ਼ ਹੈ, ਸੁੱਤਾ ਹੋਇਐ, ਇਸ ਨੂੰ ਕੁਝ ਵੀ ਪਤਾ ਨਹੀਂ। ਇਕ ਨਵਾਂ ਜਨਮਿਆ ਬੱਚਾ ਮਾਂ ਦੀ ਗੋਦ ਵਿਚ ਹੁੰਦੈ। ਉਸ ਨੂੰ ਕੁਝ ਭੀ ਨਹੀਂ ਪਤਾ ਕਿ ਇਹ ਮੇਰੀ ਮਾਂ ਹੈ। ਕੁਝ ਭੀ ਨਹੀਂ ਪਤਾ, ਬੇਹੋਸ਼ ਹੈ। ਪਿਉ ਉਸ ਨੂੰ ਖਿਡਾ ਰਿਹੈ, ਪਰ ਉਸ ਨੂੰ ਕੋਈ ਪਤਾ ਨਹੀਂ ਕਿ ਇਹ ਮੇਰਾ ਪਿਤਾ ਹੈ, ਇਹ ਮੇਰੀ ਭੈਣ ਹੈ, ਇਹ ਮੇਰਾ ਭਰਾ ਹੈ, ਕੁਝ ਭੀ ਨਹੀਂ ਪਤਾ, ਬੇਹੋਸ਼ ਹੈ, ਅਚੇਤ ਹੈ। ਇਹ ਅਚੇਤਪੁਣਾ ਸਮੇਂ ਦੇ ਨਾਲ ਇਕ ਦਿਨ ਟੁੱਟ ਜਾਂਦੈ। ਇਸ ਨੂੰ ਸਮਝ ਆ ਜਾਂਦੀ ਹੈ ਕਿ ਇਹ ਮੇਰੀ ਮਾਂ ਹੈ, ਇਹ ਮੇਰਾ ਪਿਤਾ ਹੈ, ਇਹ ਮੇਰੀ ਭੈਣ ਹੈ, ਇਹ ਮੇਰਾ ਭਰਾ ਹੈ। ਪਰ ਪਰਮਾਤਮਾ ਦੇ ਪ੍ਰਤੀ ਜਨਮ ਤੋਂ ਲੈ ਕੇ ਮਰਨ ਤਕ ਮੂਰਖ ਦਾ ਮੂਰਖ ਹੀ ਰਹਿੰਦੈ। ਅਚੇਤ, ਮੂਰਛਿਤ ਰਹਿੰਦੈ, ਕਦੀ ਸੁਚੇਤ ਨਹੀਂ ਹੁੰਦਾ। ਪਰਿਵਾਰ ਦੇ ਪ੍ਰਤੀ ਸੁਚੇਤ ਹੋ ਜਾਂਦਾ ਹੈ, ਪਦਾਰਥਾਂ ਦੇ ਪ੍ਰਤੀ ਸੁਚੇਤ ਹੋ ਜਾਂਦੈ, ਆਪੇ ਹੀ ਹੋ ਜਾਂਦਾ ਹੈ, ਕਥਾ ਕਹਾਣੀਆਂ ਸੁਣਨ ਦੀ ਵੀ ਲੋੜ ਨਹੀਂ। ਕਥਾ ਕਹਾਣੀਆਂ ਤੇ ਬਿਨਾਂ ਕੀਰਤਨ ਦੇ ਪਰਿਵਾਰ ਦੇ ਪ੍ਰਤੀ ਸੁਚੇਤ ਹੋ ਜਾਂਦਾ ਹੈ, ਪਦਾਰਥਾਂ ਦੇ ਪ੍ਰਤੀ ਸੁਚੇਤ ਹੋ ਜਾਂਦਾ ਹੈ, ਸੰਸਾਰ ਦੇ ਪ੍ਰਤੀ ਸੁਚੇਤ ਹੋ ਜਾਂਦਾ ਹੈ। ਨਿਰੰਕਾਰ ਦੇ ਪ੍ਰਤੀ ਸੁਚੇਤ ਹੋਣ ਵਾਸਤੇ ਕਥਾ ਹੈ, ਕੀਰਤਨ ਹੈ; ਗੁਰਪੁਰਬ ਮਨਾਣੇ ਹਨ, ਹੋਰ ਬਹੁਤ ਸਾਰਾ ਆਡੰਬਰ ਹੈ। ਪਰ ਜਨਮ ਤੋਂ ਲੈ ਕੇ ਮਰਨ ਤਕ ਦੇਖਿਆ ਗਿਆ ਹੈ ਕਿ ਇਹ ਅਚੇਤ ਹੈ, ਬੇਹੋਸ਼ ਹੈ, ਮੂਰਛਾ ਟੁੱਟਦੀ ਹੀ ਨਹੀਂ। ਫਿਰ ਵਿਦਵਾਨਾਂ ਨੇ ਮੂਰਛਿਤ ਦੇ ਕੁਝ ਲੱਛਣ ਬਿਆਨ ਕੀਤੇ ਹਨ। ਉਹ ਮੈਂ ਤੁਹਾਡੇ ਸਾਹਮਣੇ ਰੱਖਾਂ, ਉਸ ਤੋਂ ਪਹਿਲੇ ਮੈਨੂੰ ਇਕ ਘਟਨਾ ਯਾਦ ਆ ਗਈ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਕ ਦਿਨ ਕਵੀਆਂ ਨੂੰ ਇਕ ਸਮੱਸਿਆ ਦਿੱਤੀ, ਬਈ ਦੋ ਪੰਗਤੀਆਂ ਵਿਚ ਮੈਨੂੰ ਦੱਸੋ, ਸਿਰਫ਼ ਦੋ ਪੰਗਤੀਆਂ ਅਤੇ ਹੁਣੇ ਹੀ ਬਣਾਓ, ਪੁਰਾਣੀਆਂ ਨਹੀਂ ਹੋਣੀਆਂ ਚਾਹੀਦੀਆਂ। ਸਮੱਸਿਆ ਕੀ ਹੈ ? ਦੋ ਪੰਗਤੀਆਂ ਵਿਚ ਹੀ ਦੱਸੋ ਕਿ ਮੂਰਖ ਕੌਣ ਹੈ ? ਬੜੇ ਬੜੇ ਕਵੀ, ਉਰਦੂ ਦੇ ਕਵੀ, ਫ਼ਾਰਸੀ ਦੇ ਕਵੀ, ਸੰਸਕ੍ਰਿਤ ਦੇ ਕਵੀ, ਬ੍ਰਜ ਅਤੇ

ਪੰਜਾਬੀ ਦੇ ਕਵੀ, ਬਵੰਜਾ ਕਵੀਆਂ ਵਿਚ ਤਰ੍ਹਾਂ ਤਰ੍ਹਾਂ ਦੇ ਕਵੀ ਹਨ, ਇਨ੍ਹਾਂ ਵਿਚ ਪਰਸ਼ੀਅਨ ਦੇ ਕਵੀ ਭਾਈ ਨੰਦ ਲਾਲ ਹਨ। ਦੋ ਪੰਗਤੀਆਂ ਵਿਚ ਦੱਸੋ ਮੂਰਖ ਕੌਣ ਹੈ ? ਕਿਸ ਨੂੰ ਆਖੀਏ ਮੂਰਖ ? ਕਹਿੰਦੇ ਹਨ, ਕਿਸੇ ਨੇ ਕੁਝ ਦੱਸਿਆ, ਕਿਸੇ ਨੇ ਕੁਝ ਦੱਸਿਆ। ਮੈਂ ਮੂਰਖਾਂ ਬਾਰੇ ਬਹੁਤ ਸਾਰੇ ਮਹਾਂਪੁਰਸ਼ਾਂ ਦੇ ਬੋਲ ਪੜ੍ਹੇ ਹਨ। ਉਹ ਆਪਣੀ ਆਪਣੀ ਰਾਇ ਨਾਲ ਦੱਸਦੇ ਹਨ। ਸ਼ੇਖ਼ ਸਾਅਦੀ ਭੀ ਦੱਸਦੈ, ਉਹ ਕਹਿੰਦੈ : ਦੋ ਗੱਲਾਂ ਮੂਰਖਤਾ ਦੀਆਂ ਨਿਸ਼ਾਨੀਆਂ ਹਨ, ਅਕਲ ਦੇ ਹਲਕੇਪਣ ਦੀ ਪਹਿਚਾਣ ਹਨ :

ਦੋ ਚੀਜ਼ ਪੀਰਾ-ਅਕ਼ਲ ਅਸਤ ਦਮ ਫਰੋ ਬਸਤਨ।
ਗੁ.ਫਤ ਬਾ ਵਕ਼ਤਿ ਖ਼ਾਮੋਸ਼ੀ ਵ ਬਾ ਵਕ਼ਤਿ ਖ਼ਾਮੋਸ਼ੀ ਗੁ.ਫਤਨ।

ਬੋਲਣ ਦੇ ਵਕਤ ਚੁੱਪ ਕਰ ਜਾਣਾ ਅਤੇ ਚੁੱਪ ਰਹਿਣ ਦੇ ਵਕਤ ਬੋਲ ਪੈਣਾ। ਸ਼ੇਖ਼ ਸਾਅਦੀ ਕਹਿੰਦੇ ਹਨ, ਇਹ ਦੋਵੇਂ ਗੱਲਾਂ ਮੂਰਖਤਾ ਦੀਆਂ ਨਿਸ਼ਾਨੀਆਂ ਹਨ—ਬਿਨਾਂ ਮਾਹੌਲ ਦੇਖੇ ਬੋਲਣਾ, ਬੇਵਜ੍ਹਾ ਬੋਲਣਾ। ਜਿਥੇ ਚੁੱਪ ਕਰਨਾ ਸੀ ਉਥੇ ਬੋਲ ਪਿਐ ਅਤੇ ਜਿਥੇ ਬੋਲਣਾ ਸੀ ਉਥੇ ਚੁੱਪ ਕਰ ਗਿਐ। ਫਿਰ ਮਾਹੌਲ ਨੂੰ ਭੀ ਨਹੀਂ ਵੇਖਿਆ, ਬੋਲੀ ਜਾ ਰਿਹੈ। ਜਿਵੇਂ ਵਿਆਹ ਸ਼ਾਦੀ ਦਾ ਘਰ ਹੋਵੇ ਅਤੇ ਉੱਥੇ ਮੌਤ ਦੇ ਕਿੱਸੇ ਛੇੜ ਬੈਠੇ, ਅਗਲਾ ਇਸ ਨੂੰ ਅਪਸ਼ਗਨ ਸਮਝਣ ਲੱਗ ਪੈਂਦੇ। ਹੱਦ ਹੋ ਗਈ, ਸਾਡੇ ਘਰ ਵਿਆਹ ਸ਼ਾਦੀ ਹੋ ਰਹੀ ਹੈ, ਇਹ ਮੌਤ ਦੇ ਕਿੱਸੇ ਸੁਣਾਣ ਲੱਗ ਪਿਐ। ਘਰ ਵਿਚ ਅਰਥੀ ਉਠ ਰਹੀ ਹੋਵੇ, ਸਾਰਾ ਘਰ ਗ਼ਮਗ਼ੀਨ ਹੋਵੇ ਤੇ ਬੰਦਾ ਉਥੇ ਵਿਆਹ ਦੇ ਸੋਹਲੇ ਪੜ੍ਹਨ ਲੱਗ ਪਵੇ, ਖ਼ੁਸ਼ੀ ਦੇ ਗੀਤ ਗਾਉਣ ਲੱਗ ਪਵੇ, ਤਾਂ ਲੋਕੀਂ ਉਸ ਨੂੰ ਮੂਰਖ ਕਹਿੰਦੇ ਹਨ। ਇਸ ਨੂੰ ਮੌਕਾ ਵੇਖਣਾ ਨਹੀਂ ਆਉਂਦਾ। ਕਿਥੇ ਕੀ ਬੋਲਣਾ ਚਾਹੀਦਾ ਸੀ, ਕਿਥੇ ਕੀ ਨਹੀਂ ਬੋਲਣਾ ਚਾਹੀਦਾ ਸੀ ? ਕੁਝ ਨਹੀਂ ਪਤਾ। ਦੂਸਰਾ, ਜਿਥੇ ਚੁੱਪ ਰਹਿਣ ਚਾਹੀਦਾ ਸੀ, ਉਥੇ ਬੋਲ ਪਿਐ, ਜਿਥੇ ਬੋਲਣਾ ਚਾਹੀਦਾ ਸੀ, ਚੁੱਪ ਰਹਿ ਗਿਐ। ਸ਼ੇਖ਼ ਸਾਅਦੀ ਨੇ ਕੁਝ ਗੱਲਾਂ ਮੂਰਖਤਾ ਦੀਆਂ ਨਿਸ਼ਾਨੀਆਂ ਦੱਸੀਆਂ ਹਨ। ਇਨ੍ਹਾਂ ਬਵੰਜਾ ਕਵੀਆਂ ਨੇ ਮੂਰਖਤਾ ਦੇ ਲੱਛਣ ਦੱਸੇ ਹਨ। ਕਵੀ ਸੰਤੋਖ ਸਿੰਘ ਜੀ ਨੇ ਭੀ ਲਿਖੇ ਹਨ, ਪਰ ਮੈਂ ਸੰਖੇਪ ਵਿਚ ਹੀ ਅਰਜ਼ ਕਰਦਾ ਹਾਂ। ਸਤਿਗੁਰੂ ਦੀ ਖ਼ੁਸ਼ੀ ਸੀ, ਸਤਿਗੁਰੂ ਦੀ ਮੌਜ ਸੀ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ, ਅੱਜ ਮੈਨੂੰ ਮੂਰਖ ਦੇ ਲੱਛਣ ਦੱਸੋ ਅਤੇ ਦੱਸੋ ਵੀ ਦੋ ਪੰਗਤੀਆਂ ਵਿਚ ਕਿ ਮੂਰਖ ਕਿਸ ਨੂੰ ਕਹਿੰਦੇ ਹਨ ? ਮੈਂ ਫਿਰ ਅਰਜ਼ ਕਰਾਂ, ਸੰਸਕ੍ਰਿਤ ਦਾ ਸ਼ਬਦ ਹੈ ਮੂਰਸ਼ਿਤ, ਬੇਹੋਸ਼। ਉਸ ਦਾ ਹੀ ਪੰਜਾਬੀ ਹਿੰਦੀ ਪਰਾਕਿਰਤਿਕ ਰੂਪ ਹੈ ਮੂਰਖ, ਮੂਰਸ਼ਿਤ, ਬੇਹੋਸ਼, ਅਚੇਤ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਉਨ੍ਹਾਂ ਬਵੰਜਾ ਕਵੀਆਂ ਵਿੱਚੋਂ ਨੰਦ ਲਾਲ ਨੂੰ ਹੀ ਪਸੰਦ

ਕੀਤਾ। ਨੰਦ ਲਾਲ ਨੇ ਜੋ ਮੂਰਖਤਾ ਦੇ ਲੱਛਣ ਦੱਸੇ ਹਨ, ਧਿਆਨ ਨਾਲ ਸੁਣਨਾ, ਭਾਈ ਸਾਹਿਬ ਭਾਈ ਨੰਦ ਲਾਲ ਜੀ *ਜ਼ਿੰਦਗੀਨਾਮਾ* ਵਿਚ ਕਹਿੰਦੇ ਹਨ :

ਹਰ ਕਿਹ ਗ਼ਾਫ਼ਿਲ ਸ਼ੁਦ ਅਜ਼ੂ ਨਾਂਦਾਂ ਬਵਦ
ਗਰ ਗਦਾ ਬਾਸ਼ਦ ਵਗਰ ਸੁਲਤਾਂ ਬਵਦ॥੧੫॥

ਦੋ ਪੰਗਤੀਆਂ ਹਨ, "ਗਰਿ ਗਦਾ ਬਾਸ਼ਦ ਵਗਰ ਸੁਲਤਾਂ ਬਵਦ।" ਗਦਾ ਗਰਿ ਕਹਿੰਦੇ ਹਨ ਭਿਖਾਰੀ ਨੂੰ, ਗ਼ਰੀਬ ਭਿਖਾਰੀ, ਸੁਲਤਾਂ ਬਾਦਸ਼ਾਹ। ਭਾਈ ਸਾਹਿਬ ਕਹਿੰਦੇ ਹਨ, ਭਾਵੇਂ ਗ਼ਰੀਬ ਹੈ, ਭਾਵੇਂ ਅਮੀਰ ਹੈ ਤੇ ਭਾਵੇਂ ਬਾਦਸ਼ਾਹ ਹੈ, ਜਿਹੜਾ ਵੀ ਈਸ਼ਵਰ ਨੂੰ ਯਾਦ ਨਹੀਂ ਕਰਦਾ ਉਹ ਮੂਰਖ ਹੈ। ਪ੍ਰਭੂ ਦਾ ਸਿਮਰਨ ਨਹੀਂ ਕਰਦਾ, ਮੂਰਖ ਹੈ, ਕੀ ਹੋਇਆ ਸੁਲਤਾਨ ਹੈ, ਬਾਦਸ਼ਾਹ ਹੈ ਜਾਂ ਭਿਖਾਰੀ ਹੈ, ਜੇਕਰ ਪ੍ਰਭੂ ਦਾ ਚਿੰਤਨ ਨਹੀਂ ਕਰਦਾ ਤਾਂ ਦੋਵੇਂ ਹੀ ਮੂਰਖ ਹਨ, ਮਹਾਂ ਮੂਰਖ ਹਨ। ਗੁਰੂ ਨਾਨਕ ਦੇਵ ਜੀ ਮਹਾਰਾਜ ਭੀ ਮੂਰਖ ਦੇ ਲੱਛਣ ਦੱਸਦੇ ਹਨ। ਮਹਾਰਾਜ ਕਹਿੰਦੇ ਹਨ, ਇਹ ਮੂਰਖ ਨਹੀਂ, ਮੂਰਖਾਂ ਦਾ ਸਰਦਾਰ ਹੈ :

ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥

(ਮਾਰੂ ਮ: ੧, ਪੰਨਾ 1015)

ਜੇ ਪ੍ਰਭੂ ਨੂੰ ਮੰਨਦਾ ਨਹੀਂ ਤਾਂ ਮਹਾਰਾਜ ਕਹਿੰਦੇ ਹਨ, ਮੂਰਖ ਨਹੀਂ, ਮੂਰਖਾਂ ਦਾ ਚੌਧਰੀ ਹੈ, ਮੂਰਖਾਂ ਦਾ ਸਰਦਾਰ ਹੈ। ਮਨ ਧਨ ਨੂੰ ਮੰਨ ਲੈਂਦੈ, ਮਨ ਪਰਿਵਾਰ ਨੂੰ ਮੰਨ ਲੈਂਦੈ, ਮਨ ਪਦਾਰਥ ਨੂੰ ਮੰਨ ਲੈਂਦੇ, ਮਨ ਰਿਸ਼ਤੇਦਾਰੀ ਨੂੰ ਮੰਨ ਲੈਂਦੈ, ਮਨ ਬਹੁਤ ਸਾਰੇ ਸਾਜ਼ੋ-ਸਾਮਾਨ ਨੂੰ ਮੰਨ ਲੈਂਦੈ, ਪਰ ਮਨ ਕੇਵਲ ਪਰਮਾਤਮਾ ਨੂੰ ਹੀ ਨਹੀਂ ਮੰਨਦਾ। ਜੋ ਖਾਧਾ ਜਾਂਦੈ, ਉਹਦਾ ਜਿਹੜਾ ਭਾਗ ਸਰੀਰ ਵਿਚ ਰਹਿ ਜਾਂਦਾ ਹੈ, ਖ਼ੂਨ ਹੁੰਦਾ ਹੈ। ਜੋ ਮਨ ਮੰਨ ਲੈਂਦਾ ਹੈ, ਉਹ ਮੰਨਿਆ ਹੋਇਆ ਮਨ ਦੇ ਵਿਚ ਹੁੰਦਾ ਹੈ, ਮਨ ਵਿੱਚੋਂ ਬਾਹਰ ਨਹੀਂ ਹੁੰਦਾ। ਜੋ ਮੈਂ ਮੰਨਿਆ ਨਹੀਂ, ਉਹ ਮੇਰੇ ਮਨ ਵਿਚ ਨਹੀਂ ਹੈ। ਜੋ ਮੈਂ ਖਾਧਾ ਨਹੀਂ, ਉਸ ਦਾ ਸੂਖਸ਼ਮ ਭਾਗ ਖ਼ੂਨ ਮੇਰੇ ਤਨ ਵਿਚ ਨਹੀਂ ਹੈ। ਜੋ ਮੈਂ ਮੰਨਿਆ ਨਹੀਂ, ਉਹ ਮੇਰੇ ਮਨ ਵਿਚ ਨਹੀਂ ਹੈ। ਸੋ ਮਨ ਵਿਚ ਪੁੱਤਰ ਹੈ, ਮਨ ਵਿਚ ਇਸਤਰੀ ਹੈ, ਮਨ ਵਿਚ ਪਤੀ ਹੈ, ਮਨ ਵਿਚ ਮਾਂ-ਬਾਪ ਭੀ ਹਨ, ਮਨ ਵਿਚ ਧੰਨ-ਸੰਪਦਾ ਭੀ ਹੈ, ਮਨ ਵਿਚ ਤਰ੍ਹਾਂ ਤਰ੍ਹਾਂ ਦੇ ਪਦਾਰਥ ਭੀ ਹਨ, ਪਰ ਮਨ ਵਿਚ ਪਰਮਾਤਮਾ ਕਿਧਰੇ ਨਹੀਂ। ਕਿਉਂਕਿ ਮਨ ਨੇ ਮੰਨਿਆ ਹੀ ਨਹੀਂ। ਤੁਸੀਂ ਆਖੋਗੇ ਕਿ ਸਾਡੇ ਮਨ ਨੇ ਮੰਨਿਐ ਤਾਂ ਹੀ ਤਾਂ ਗੁਰਦੁਆਰੇ ਆਏ ਹਾਂ। ਨਹੀਂ, ਇਸ ਨੂੰ ਗੁਰੂ ਅਰਜਨ ਦੇਵ ਜੀ ਨਹੀਂ ਮੰਨਦੇ। ਬਈ ਹੱਦ ਹੋ ਗਈ! ਸਮਾਂ ਕੱਢਿਐ, ਵਕਤ ਕੱਢਿਐ ਬਾਕੀ ਕੰਮਾਂ

ਤੋਂ, ਤਾਂ ਹੀ ਗੁਰਦੁਆਰੇ ਆਏ ਹਾਂ, ਪ੍ਰਭੂ ਦੀ ਕਥਾ ਸੁਣਨ ਵਾਸਤੇ, ਕੀਰਤਨ ਸੁਣਨ ਵਾਸਤੇ। ਮਨ ਮੰਨਦੈ, ਤਾਂ ਹੀ ਤਾਂ ਆਏ ਹਾਂ। ਮਹਾਰਾਜ ਕਹਿੰਦੇ ਹਨ ਕਿ ਮਨ ਮੰਨਦਾ ਨਹੀਂ, ਮਨ ਮੰਗਦੈ। ਇਹ ਮੰਗਣ ਦਾ ਸੰਬੰਧ ਹੈ, ਮੰਨਣ ਦਾ ਸੰਬੰਧ ਨਹੀਂ ਹੈ। ਅਖੇ, ਚਲੋ ਗੁਰੂ ਕੋਲ ਜਾਂਦੇ ਹਾਂ, ਸ਼ਾਇਦ ਉਹ ਮੰਗ ਪੂਰੀ ਹੋ ਜਾਏ। ਮਨੁੱਖ ਨੂੰ ਮੰਦਰ, ਮਸਜਿਦ, ਗੁਰਦੁਆਰੇ ਮੰਗ ਲੈ ਜਾਂਦੀ ਹੈ, ਪਰਮਾਤਮਾ ਦੀ ਮਨੌਤ ਨਹੀਂ। ਮਨੁੱਖ ਪਾਠ ਕਰਦੈ, ਪੂਜਾ ਕਰਦੈ, ਇਹ ਸਭ ਕੁਝ ਕਰਾਉਂਦੀ ਹੈ ਆਪਣੀ ਮੰਗ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਕਹਿੰਦੇ ਹਨ:

ਮਮਾ ਮਾਗਨਹਾਰ ਇਆਨਾ ॥

(ਗਉੜੀ ਬਾਵਨ ਅਖਰੀ ਮਹਲਾ ੫, ਪੰਨਾ 258)

ਸਿਆਣੀ ਮਾਂ ਉਹ ਹੁੰਦੀ ਹੈ ਜਿਸ ਨੂੰ ਪਤਾ ਹੁੰਦੈ ਕਿ ਬੱਚੇ ਦੀ ਲੋੜ ਕੀ ਹੈ? ਮੈਂ ਬੱਚੇ ਨੂੰ ਕੀ ਦੇਣੈ? ਮਨੋਚਿੰਤਕ ਭੀ ਕਹਿੰਦੇ ਹਨ ਕਿ ਜਿਸ ਬੱਚੇ ਨੂੰ ਕੁਝ ਲੋੜ ਹੈ ਅਤੇ ਉਹ ਮੰਗ ਰਿਹੈ ਤਾਂ ਮਾਂ ਇਸ ਦੀ ਸਿਆਣੀ ਨਹੀਂ ਹੈ। ਕਿਉਂਕਿ ਬੱਚੇ ਨੂੰ ਮੰਗਣ ਦੀ ਲੋੜ ਹੀ ਨਹੀਂ ਪੈਂਦੀ। ਸੋ, ਸਿਆਣੀ ਮਾਂ ਨੂੰ ਪਤਾ ਹੁੰਦੈ ਕਿ ਬੱਚੇ ਦੀ ਕੀ ਲੋੜ ਹੈ? ਛੋਟੇ ਬੱਚੇ ਦੀ ਕੀ ਲੋੜ ਹੈ? ਵੱਡੇ ਦੀ ਕੀ ਲੋੜ ਹੈ? ਉਸ ਤੋਂ ਵੱਡੇ ਬੱਚੇ ਦੀ ਕੀ ਲੋੜ ਹੈ? ਇਹੀ ਤਾਂ ਸਿਆਣਪ ਹੈ। ਤਾਂ ਕੀ ਇਤਨੀ ਸਿਆਣਪ ਭੀ ਪਰਮਾਤਮਾ ਕੋਲ ਨਹੀਂ ਹੈ ਕਿ ਸਾਡੀ ਲੋੜ ਕੀ ਹੈ? ਕਦੀ ਕਦੀ ਸਾਡੀ ਲੋੜ ਦੁੱਖ ਭੀ ਹੁੰਦੀ ਹੈ। ਉਸ ਨੂੰ ਪਤਾ ਹੁੰਦੈ, ਦੁੱਖ ਤੋਂ ਬਿਨਾਂ ਇਹ ਸੁਚੇਤ ਨਹੀਂ ਹੋਵੇਗਾ। ਧਿਆਨ ਨਾਲ ਸੁਣਨਾ, ਜੋ ਕੁਝ ਮੇਰੀ ਝੋਲੀ ਵਿਚ ਪੈ ਗਿਐ, ਮੇਰੀ ਲੋੜ ਸੀ। ਦੁੱਖ ਪੈ ਗਿਐ, ਇਹ ਮੇਰੀ ਲੋੜ ਸੀ। ਇਸ ਤੋਂ ਬਿਨਾਂ ਮੇਰੀ ਬੇਹੋਸ਼ੀ ਟੁੱਟਣੀ ਨਹੀਂ ਸੀ। ਸੁਖ ਮਿਲਿਐ, ਮੇਰੀ ਲੋੜ ਸੀ, ਪਰ ਦੁੱਖ ਮਿਲਿਐ ਇਹ ਭੀ ਮੇਰੀ ਲੋੜ ਸੀ। ਪ੍ਰਭੂ ਲੋੜ ਦੇ ਮੁਤਾਬਕ ਝੋਲੀ ਵਿਚ ਪਾਉਂਦਾ ਹੈ। ਬਿਨਾਂ ਥਾਪ ਦਿੱਤਿਆਂ ਤਬਲਾ ਨਹੀਂ ਬੋਲਦਾ, ਢੋਲਕ ਨਹੀਂ ਬੋਲਦੀ। ਬਿਨਾਂ ਦੁੱਖ ਦੀ ਚੋਟ ਤੋਂ ਮਨੁੱਖ ਦੀ ਜ਼ਬਾਨ ਵਿੱਚੋਂ ਵਾਹਿਗੁਰੂ ਨਹੀਂ ਨਿਕਲਦਾ। ਇਹ ਭੀ ਮੈਂ ਅਰਜ਼ ਕਰਾਂ ਕਿ ਜ਼ਿੰਦਗੀ ਦਾ ਸਾਜ਼ ਭੀ ਉਦੋਂ ਹੀ ਰੱਬੀ ਗੀਤ ਅਲਾਪਦੈ ਜਦ ਕੋਈ ਚੋਟ ਲੱਗੇ। ਤੰਤੀ ਸਾਜ਼ ਨੂੰ ਜ਼ਰਬ ਨਾ ਪੁਚਾਈਏ ਤਾਂ ਨਹੀਂ ਬੋਲਦਾ। ਸਿਤਾਰ ਭੀ ਨਹੀਂ ਬੋਲਦੀ, ਰਬਾਬ ਭੀ ਨਹੀਂ ਬੋਲਦੀ। ਸਾਰੇ ਤੰਤੀ ਸਾਜ਼ ਚੋਟ ਪੁਚਾਈਏ ਤਾਂ ਬੋਲਦੇ ਹਨ। ਧਿਆਨ ਨਾਲ ਸੁਣਨਾ। ਨੱਬੇ ਫ਼ੀਸਦੀ ਮਨੁੱਖ ਰੱਬ ਦਾ ਨਾਮ ਜਪਦੇ ਹਨ ਦੁੱਖ ਦੀ ਚੋਟ ਕਰਕੇ, ਉਂਜ ਨਹੀਂ। ਦੁੱਖ ਦੀ ਜ਼ਰਬ ਪਹੁੰਚਦੀ ਹੈ, ਚੋਟ ਲੱਗਦੀ ਹੈ ਤਾਂ ਹੀ ਜ਼ਬਾਨ ਵਿੱਚੋਂ 'ਵਾਹਿਗੁਰੂ ਵਾਹਿਗੁਰੂ' ਨਿਕਲਦੈ। ਇਕ ਉਰਦੂ ਦਾ ਸ਼ਾਇਰ ਕਹਿੰਦੈ,

ਰੱਬ ਜਦ ਵੰਡ ਕਰਨ ਲੱਗਾ, ਦੇਣ ਲੱਗਾ ਤਾਂ ਹਰ ਇਕ ਨੂੰ ਕਹਿੰਦਾ ਹੈ। ਨਿਰਾਲੀ ਵੰਡ ਹੈ ਉਸਦੀ। ਅਜ਼ਲ, ਆਦਿ ਕਾਲ ਤੋਂ, ਉਸ ਪ੍ਰਭੂ ਨੇ ਬੜੇ ਸੋਹਣੇ ਢੰਗ ਨਾਲ ਵੰਡ ਕੀਤੀ ਹੈ:

ਕੁਦਰਤ ਨੇ ਦੀਆ ਹਰ ਇਕ ਕੋ ਯਕਸਾਂ ਹੈ ਅਜ਼ਲ ਸੇ।
ਜੋ ਸ਼ਖ਼ਸ ਜਿਸ ਚੀਜ਼ ਕੇ ਕਾਬਿਲ ਨਜ਼ਰ ਆਇਆ।

ਜਿਸ ਦੀ ਜਿਤਨੀ ਕਾਬਲੀਅਤ ਸੀ, ਜਿਸ ਦੀ ਜਿਤਨੀ ਯੋਗਤਾ ਸੀ, ਜਿਸ ਦਾ ਜਿਤਨਾ ਪਾਤਰ ਸੀ, ਭਰਥਰੀ ਨੇ ਇਸ ਦੇ ਉੱਤੇ ਇਕ ਬੜੀ ਗ਼ਜ਼ਬ ਦੀ ਕਹਾਣੀ ਲਿਖੀ ਹੈ। ਦਰਿਆ ਤੋਂ ਚਾਰ ਬੀਬੀਆਂ ਪਾਣੀ ਭਰ ਕੇ ਲਿਆ ਰਹੀਆਂ ਹਨ। ਇਕ ਦੇ ਸਿਰ ਉੱਤੇ ਚਾਰ ਘੜੇ ਹਨ। ਉਸ ਨੇ ਚਾਰ ਘੜੇ ਭਰੇ ਹੋਏ ਹਨ। ਰਾਜਸਥਾਨ ਵਿਚ ਇਹ ਦ੍ਰਿਸ਼ ਵੇਖਣ ਨੂੰ ਅੱਜਕਲ੍ਹ ਭੀ ਮਿਲਦੇ ਹਨ ਪਿੰਡਾਂ ਵਿਚ, ਪਾਣੀ ਦੀ ਕਮੀ ਹੈ। ਕਿਧਰੇ ਇਕ ਅੱਧ ਖ਼ੂਹ ਹੁੰਦੈ, ਜਿਸ ਵਿਚ ਪਾਣੀ ਹੁੰਦੈ। ਚਾਰ ਚਾਰ ਮਟਕੇ ਸਿਰ ਉੱਪਰ ਰੱਖ ਕੇ ਬੀਬੀਆਂ ਘਰ ਲੈ ਜਾਂਦੀਆਂ ਹਨ। ਇਕ ਬੀਬੀ ਦੇ ਸਿਰ ਉੱਤੇ ਚਾਰ ਮਟਕੇ ਹਨ, ਇਕ ਦੇ ਸਿਰ ਉਪਰ ਦੋ, ਇਕ ਦੇ ਸਿਰ ਉੱਤੇ ਇਕ, ਇਕ ਦੇ ਕੋਲ ਛੋਟਾ ਜਿਹਾ ਲੋਟਾ ਹੀ ਸੀ ਜੋ ਉਸ ਨੇ ਭਰਿਆ ਸੀ। ਜਿਹਦੇ ਕੋਲ ਲੋਟਾ ਸੀ, ਉਹ ਭਰਿਆ ਹੋਇਆ ਨਹੀਂ ਸੀ। ਉਹ ਗਿਲਾ ਕਰਨ ਲੱਗ ਪਈ, ਰੱਬਾ! ਕਮਾਲ ਦੀ ਗੱਲ ਹੈ, ਇਤਨਾ ਪਾਣੀ ਹੈ ਤੇਰੇ ਘਰ ਵਿਚ ਪਰ ਮੇਰੇ ਵਾਸਤੇ ਇੰਨਾ ਹੀ ਪਾਣੀ। ਐਨਾ ਦਰਿਆ ਪਿਆ ਵਗਦੈ, ਪਰ ਮੇਰੇ ਕੋਲ ਇੰਨਾ ਹੀ ਪਾਣੀ। ਉਹ ਚਾਰ ਘੜੇ ਭਰ ਕੇ ਲਿਜਾ ਰਹੀ ਹੈ, ਉਹ ਦੋ ਲਿਜਾ ਰਹੀ ਹੈ, ਪਰ ਮੇਰੇ ਕੋਲ ਲੋਟਾ। ਕੀ ਤੇਰੀ ਦਇਆ ਦਾ ਪਾਣੀ ਘਟ ਜਾਣਾ ਸੀ, ਸਾਨੂੰ ਇਤਨਾ ਹੀ ਪਾਣੀ ਦਿੱਤੈ!! ਭਰਥਰੀ ਕਹਿੰਦੇ ਹਨ, ਆਕਾਸ਼ਬਾਣੀ ਹੋਈ, ਐ ਬੀਬੀ, ਮੁੜ! ਤੂੰ ਵਗਦਾ ਹੋਇਆ ਦਰਿਆ ਤਾਂ ਵੇਖਿਐ, ਆਪਣਾ ਪਾਤਰ ਨਹੀਂ ਵੇਖਿਆ। ਆਪਣਾ ਪਾਤਰ ਤਾਂ ਵੇਖ ਲੈ। ਜੋ ਚਾਰ ਘੜੇ ਭਰ ਕੇ ਲਿਜਾ ਰਹੀ ਹੈ, ਉਸ ਕੋਲ ਚਾਰ ਘੜੇ ਹਨ, ਤੂੰ ਭੀ ਲੈ ਕੇ ਆ, ਤੈਨੂੰ ਭੀ ਮਿਲ ਜਾਏਗਾ। ਜੋ ਕੁਝ ਭੀ ਮਨੁੱਖ ਨੂੰ ਮਿਲਿਐ, ਇਹ ਉਸ ਦੀ ਯੋਗਤਾ ਹੈ, ਜੋ ਨਹੀਂ ਮਿਲਿਆ ਉਸ ਦੀ ਯੋਗਤਾ ਨਹੀਂ ਹੈ। ਜੇਕਰ ਅੱਜ ਤਕ ਮਨੁੱਖ ਦੀ ਸਮਾਧੀ ਨਹੀਂ ਲੱਗੀ ਤਾਂ ਇਹ ਸਮਾਧੀ ਦੇ ਲਾਇਕ ਨਹੀਂ ਹੈ। ਇਸ ਦੀ ਯੋਗਤਾ ਨਹੀਂ ਹੈ। ਅੱਜ ਤਕ ਇਸ ਨੂੰ ਰਾਮ ਦਾ ਰਸ ਨਹੀਂ ਮਿਲਿਆ ਤਾਂ ਇਹ ਰਾਮ-ਰਸ ਪਾਤਰ ਨਹੀਂ ਹੈ। ਅੱਜ ਤਕ ਇਸ ਨੂੰ ਬਾਣੀ ਦਾ ਰਸ ਨਹੀਂ ਆਇਆ ਤਾਂ ਇਸ ਦੀ ਯੋਗਤਾ ਨਹੀਂ ਹੈ। ਪਰਮਾਤਮਾ ਸਾਰਿਆਂ ਦੇ ਭਾਂਡੇ ਵਿਚ ਪਾਉਂਦੈ। ਤਾਂ ਭਾਂਡਾ ਕਿਸੇ ਕੋਲ ਵੱਡਾ ਹੈ, ਕਿਸੇ ਕੋਲ ਛੋਟਾ ਹੈ। ਕਿਸੇ ਕੋਲ ਬਹੁਤ ਛੋਟਾ ਹੈ ਤਾਂ ਉਹ ਕੀ ਕਰੇ। ਮੈਂ ਕਿਸੇ ਵਕਤ ਪੰਜਾਬੀ ਦੀ ਰੁਬਾਈ

ਲਿਖੀ ਸੀ, ਚਲੋ ਉਹ ਵੀ ਬਿਆਨ ਕਰਦਾ ਚਲਾਂ। ਹਿਰਦਾ ਮੈਨੂੰ ਪਰਮਾਤਮਾ ਨੇ ਬਚਪਨ ਤੋਂ ਹੀ ਕਵੀ ਦਾ ਦਿੱਤਾ ਹੈ, ਸ਼ਾਇਰੀ ਨਿਕਲਦੀ ਸੀ :

ਮੈਂ ਇਕ ਬੂੰਦ ਲਈ ਤਰਸਾਂ, ਤੂੰ ਸਾਗਰ ਉਮੜਾਏ।
ਮੈਂ ਮੰਗਿਆ ਇਕ ਫੁੱਲ, ਤੂੰ ਗੁਲਸਿਤਾਂ ਸਜਾਏ।
ਮੈਂ ਲੱਭਾਂ ਹਨੇਰੇ 'ਚੋਂ, ਜੀਵਨ ਦੀ ਜੋਤੀ,
ਲੱਖਾਂ ਤੇਰੀ ਰਹਿਮਤ ਨੇ ਦੀਵੇ ਜਗਾਏ।

ਇਸ ਦੇ ਵਿਚ ਮੈਂ ਇਹ ਖ਼ਿਆਲ ਦਿੱਤੈ ਕਿ ਯੋਗਤਾ ਤਾਂ ਕੁਝ ਭੀ ਨਹੀਂ ਸੀ ਪਰ ਤੂੰ ਬਹੁਤ ਕੁਝ ਦੇ ਦਿੱਤੈ। ਜੇਕਰ ਲੋਟਾ ਹੈ ਹੱਥ ਵਿਚ, ਉਹ ਪਾਈ ਜਾ ਰਿਹੈ ਪਾਣੀ, ਪਾਈ ਜਾ ਰਿਹੈ, ਤਾਂ ਡੁਲ੍ਹੇਗਾ ਜ਼ਰੂਰ। ਹੁਣ ਮੈਂ ਫਿਰ ਦੁਹਰਾਵਾਂ, ਜੋ ਕੁਝ ਮੈਨੂੰ ਨਹੀਂ ਮਿਲਿਆ, ਉਹ ਮੇਰੀ ਯੋਗਤਾ ਨਹੀਂ ਸੀ, ਜੋ ਮਿਲਿਐ, ਉਹ ਮੇਰੀ ਪਾਤਰਤਾ ਸੀ। ਜੇ ਮੈਨੂੰ ਦੁੱਖ ਭੀ ਮਿਲਿਐ ਤਾਂ ਇਹੀ ਮੇਰੀ ਪਾਤਰਤਾ ਹੈ :

ਕੁਦਰਤ ਨੇ ਦੀਆ ਹਰ ਇਕ ਕੋ ਯਕਸਾਂ ਹੈ ਅਜ਼ਲ ਸੇ।
ਜੋ ਸ਼ਖ਼ਸ ਜਿਸ ਚੀਜ਼ ਕੇ ਕਾਬਲ ਨਜ਼ਰ ਆਇਆ।
ਬੁਲਬੁਲ ਕੋ ਦੀਆ ਨ਼ਗਮਾ ਤੋ ਪਰਵਾਨੇ ਕੋ ਜਲਨਾ।
ਗ਼ਮ ਹਮ ਕੋ ਦੀਆ ਸਭ ਸੇ ਜੋ ਮੁਸ਼ਕਿਲ ਨਜ਼ਰ ਆਇਆ।

ਸਿਰਫ਼ ਸਾਡੀ ਝੋਲੀ ਵਿਚ ਹੀ ਉਸ ਨੇ ਦੁੱਖ ਪਾ ਦਿੱਤਾ ਹੈ, ਕਿਉਂਕਿ ਇਹੀ ਯੋਗਤਾ ਸੀ। ਜੇਕਰ ਕਿਸੇ ਨੂੰ ਦੁੱਖ ਮਿਲਿਐ, ਇਹੀ ਉਸ ਦੀ ਯੋਗਤਾ ਸੀ। ਦੁੱਖ ਤੋਂ ਬਿਨਾਂ ਇਸ ਦਾ ਸੁਧਾਰ ਨਹੀਂ ਹੋਣਾ ਸੀ। ਦੁੱਖ ਤੋਂ ਬਿਨਾਂ ਇਸਨੇ ਸੁਚੇਤ ਨਹੀਂ ਹੋਣਾ ਸੀ। ਦੁੱਖ ਤੋਂ ਬਿਨਾਂ ਇਸ ਦੀ ਬੇਹੋਸ਼ੀ ਟੁੱਟਣੀ ਨਹੀਂ ਸੀ। ਮੈ ਫਿਰ ਅਰਜ਼ ਕਰਾਂ, ਮਨੁੱਖ ਦਾ ਸੰਸਾਰ ਦੇ ਪ੍ਰਤੀ ਥੋੜਾ ਜਿਹਾ ਹੋਸ਼ ਹੈ, ਨਿਰੰਕਾਰ ਦੇ ਪ੍ਰਤੀ ਬੇਹੋਸ਼ ਹੈ। ਸੋ ਪਦਾਰਥ ਦਾ ਇਸ ਨੂੰ ਪਤਾ ਚਲ ਗਿਐ, ਪਰਮਾਤਮਾ ਦਾ ਨਹੀਂ। ਮੂਰਖ ਹੈ, ਬੇਹੋਸ਼ ਹੈ। ਮੂਰਖਤਾ ਦੇ ਤਿੰਨ ਲੱਛਣ ਵਿਦਵਾਨ ਇੰਝ ਬਿਆਨ ਕਰਦੇ ਹਨ—ਬੇਅਰਥ ਕਰਮ, ਬੇਅਰਥ ਗਿਆਨ, ਬੇਅਰਥ ਆਸ਼ਾ। ਤਿੰਨ ਲੱਛਣ ਹਨ ਮੂਰਖ ਦੇ—ਬੇਅਰਥ ਕਰਮ, ਜਿਹਦਾ ਕੋਈ ਵੀ ਫਲ ਨਹੀਂ, ਪਰ ਫਿਰ ਭੀ ਕਰੀ ਜਾ ਰਿਹੈ। ਇਧਰ ਮੈਂ ਪੰਜਾਬ ਵਿਚ ਜਾਂਦਾ ਹਾਂ, ਪਿੰਡਾਂ ਵਿਚ। ਐਤਕੀਂ ਚਾਲੀ ਦਿਨ ਮੈਂ ਹਾਜ਼ਰੀ ਭਰੀ ਹੈ ਦਰਬਾਰ ਸਾਹਿਬ। ਰੋਜ਼ ਸ਼ਾਮ ਨੂੰ ਪਿੰਡਾਂ ਵਿਚ ਹੀ ਜਾਂਦੇ ਰਹੇ ਹਾਂ। ਕਿਸੇ ਘਰ ਲੰਗਰ ਪਾਣੀ ਭੀ ਹੁੰਦਾ ਸੀ। ਜਿਸ ਘਰ ਵਿਚ ਜਾਈਏ, ਉਹ ਤੇਲ ਲਿਆਉਣ ਅਤੇ ਬੂਹੇ ਅੱਗ ਤੇਲ ਡੋਲ੍ਹ ਦੇਣ। ਮੈਂ ਕਿਹਾ, ਹੱਦ ਹੋ ਗਈ, ਸਰ੍ਹੋਂ ਦਾ ਤੇਲ ਅੱਜਕਲ੍ਹ ਬੜਾ ਮਹਿੰਗੈ, ਇਹ ਡੋਲ੍ਹੀ ਜਾਂਦੇ ਹਨ। ਕੋਈ ਸਿਰ ਦੇ ਉਪਰ ਡੋਲ੍ਹਣ, ਕੋਈ ਹੱਥ 'ਤੇ ਪਾਉਣ, ਇਹ

ਗੱਲ ਵੱਖਰੀ ਹੈ। ਪਰ ਇਸ ਤਰ੍ਹਾਂ ਬੂਹੇ ਅੱਗੇ ਤੇਲ ਡੋਲ੍ਹਣਾ ਬੇਅਰਥ ਕਰਮ ਹੈ। ਕਿਧਰੇ ਮਾਂ ਕਰਦੀ ਹੋਵੇਗੀ, ਧੀ ਭੀ ਕਰਨ ਲੱਗ ਪਈ ਹੈ। ਕਿਧਰੇ ਸੱਸ ਕਰਦੀ ਹੋਵੇਗੀ ਨੂੰਹ ਭੀ ਕਰਨ ਲੱਗ ਪਈ। ਜੇ ਉਨ੍ਹਾਂ ਕੋਲੋਂ ਪੁੱਛ ਲਵੋ ਤਾਂ ਕਹਿੰਦੇ ਨੇ ਤੇਲ ਡੋਲ੍ਹਣਾ ਚੰਗਾ ਹੁੰਦੈ ਤੇ ਜੇ ਚੰਗਾ ਹੁੰਦੈ ਤਾਂ ਫਿਰ ਚਾਰ ਬੂੰਦਾਂ ਹੀ ਕਿਉਂ ਡੋਲ੍ਹੀਆਂ, ਜਿੰਨਾ ਘਰ ਵਿਚ ਪਿਐ, ਸਾਰਾ ਹੀ ਡੋਲ੍ਹ ਦੇਵੋ—ਸਭ ਬੇਅਰਥ ਕਰਮ!

ਅਲਵਰ ਵਿਚ ਸਮਾਗਮ ਸੀ। ਰਾਜਸਥਾਨ ਵਿਚ ਬੀਬੀਆਂ ਔਲੇ ਦੇ ਦਰੱਖ਼ਤ ਦੀ ਪੂਜਾ ਕਰਦੀਆਂ ਹਨ। ਇਕ ਔਲੇ ਦਾ ਦਰੱਖ਼ਤ ਸਾਡੇ ਸਮਾਗਮ ਅਸਥਾਨ ਉੱਤੇ ਵੀ ਹੈ। ਇਧਰ ਕੀਰਤਨ ਚੱਲੇ, ਉਧਰ ਬੀਬੀਆਂ ਔਲੇ ਦੀ ਪਰਿਕਰਮਾ ਕਰਨ ਤੇ ਗੀਤ ਗਾਉਣ ਅਤੇ ਪਰਿਕਰਮਾ ਵੀ ਸੌ ਸੌ, ਯਾਨੀ ਸੌ ਫੇਰੇ ਲੈਣੇ ਹਨ, ਘੁੰਮ ਕੇ। ਬੜਾ ਡਿਸਟਰਬ ਕਰਨ! ਕੀਰਤਨ ਹੋ ਰਿਹੈ, ਕਈ ਰਾਗੀ ਸਿੰਘ ਔਖੇ ਹੋਵਣ। ਮੈਂ ਕਿਹਾ, ਕੋਈ ਗੱਲ ਨਹੀਂ, ਤੁਸੀਂ ਪ੍ਰਭੂ ਦਾ ਕੀਰਤਨ ਕਰੀ ਜਾਓ, ਉਹ ਔਲੇ ਦੇ ਚੱਕਰ ਮਾਰਦੀਆਂ ਰਹਿਣ—ਬੇਅਰਥ ਕਰਮ! ਦੁੱਧ ਡੋਲ੍ਹੀ ਜਾਣਾ ਪੱਥਰ 'ਤੇ—ਬੇਅਰਥ ਕਰਮ! ਚਾਦਰਾਂ ਚੜ੍ਹਾਈ ਜਾਣਾ ਕਬਰਾਂ ਉੱਤੇ। ਤੁਸੀਂ ਕਿਸੇ ਜਿਊਂਦੇ ਜਾਗਦੇ ਮਨੁੱਖ ਨੂੰ ਦੇਵੋ, ਵਿਚਾਰਾ ਤਨ ਢੱਕੇ। ਧਰਮ ਦੇ ਨਾਮ ਉੱਤੇ ਹਜ਼ਾਰਾਂ ਐਸੇ ਕਰਮ ਹੋ ਰਹੇ ਹਨ ਜੋ ਬੇਅਰਥ ਹਨ। ਗੁਰੂ ਨਾਨਕ ਨੇ ਕਿਧਰੇ ਕਿਧਰੇ ਤਾਂ ਸੁਚੇਤ ਵੀ ਕੀਤਾ, ਜੋ ਸੂਰਜ ਨੂੰ ਪਾਣੀ ਦਿੰਦੇ ਸਨ। ਸੂਰਜ ਭੀ ਪਿਆਸਾ ਹੋ ਗਿਐ ਵਿਚਾਰਾ, ਇਹਨੂੰ ਪਾਣੀ ਪਿਲਾਣੈ। ਬਈ, ਸੂਰਜ ਕਰਕੇ ਤਾਂ ਸਾਗਰ ਵਿੱਚੋਂ ਬੱਦਲ ਉਮੜਦੇ ਹਨ। ਇਹ ਸਾਰੀ ਬਾਰਸ਼ ਤਾਂ ਸੂਰਜ ਕਰਕੇ ਹੋ ਰਹੀ ਹੈ। ਏਨੀ ਵਰਖਾ ਤਾਂ ਸੂਰਜ ਪਿਆ ਕਰਦੈ। ਸਾਰੀ ਹਲਚਲ ਤਾਂ ਜ਼ਮੀਨ ਉੱਤੇ ਸੂਰਜ ਕਰਕੇ ਹੈ :

> **ਸੂਰਜੁ ਏਕੋ ਰੁਤਿ ਅਨੇਕ ॥**
> **ਨਾਨਕ ਕਰਤੇ ਕੇ ਕੇਤੇ ਵੇਸ ॥** *(ਆਸਾ ਮਹਲਾ ੧, ਪੰਨਾ 12)*

ਇਹ ਸੂਰਜ ਨੂੰ ਪਾਣੀ ਪਏ ਦਿੰਦੇ ਹਨ। ਗੁਰੂ ਬਾਬੇ ਨੇ ਦੇਖਿਆ ਕਿ ਇੰਝ ਤਾਂ ਸਮਝਣ ਵਾਲੇ ਨਹੀਂ। ਮਹਾਰਾਜ ਲਹਿੰਦੇ ਦੀ ਤਰਫ਼ ਪਾਣੀ ਦੇਣ ਲੱਗ ਪਏ। ਹਰਿਦਵਾਰ ਦੇ ਸਾਰੇ ਬ੍ਰਾਹਮਣ ਹੱਸ ਪਏ। ਇਹ ਕਿਹੋ ਜਿਹਾ ਸੰਤ ਆਇਐ, ਇਸ ਨੂੰ ਏਨੀ ਸਮਝ ਨਹੀਂ ਕਿ ਪਾਣੀ ਤਾਂ ਸੂਰਜ ਨੂੰ ਦੇਈਦਾ ਹੈ, ਇਹ ਤਾਂ ਲਹਿੰਦੇ ਪਾਸੇ, ਜਿਧਰ ਸੂਰਜ ਹੈ ਨਹੀਂ, ਉਧਰ ਪਾਣੀ ਦੇ ਰਿਹੈ। ਪੁੱਛ ਲਿਆ ਹਰਿਦਵਾਰ ਦੇ ਪੰਡਿਆਂ ਨੇ, ਸੰਤ ਜੀ! ਕਿਧਰ ਪਾਣੀ ਦੇ ਰਹੇ ਹੋ ? ਕੀ ਕਰ ਰਹੇ ਹੋ ? ਗੁਰੂ ਜੀ ਕਹਿਣ ਲੱਗੇ ਕਿ ਸਾਡੇ ਖੇਤ ਕਰਤਾਰਪੁਰ ਹਨ, ਉਥੇ ਪਾਣੀ ਦੇ ਰਹੇ ਹਾਂ। ਪੰਡੇ ਕਹਿਣ ਲੱਗੇ ਕਿ ਕਰਤਾਰਪੁਰ ਤਕ ਪਾਣੀ ਕਿਵੇਂ ਪਹੁੰਚੇਗਾ ? ਗੁਰੂ ਜੀ ਨੇ ਕਿਹਾ ਕਿ ਜਿਵੇਂ ਤੁਹਾਡਾ ਦਿੱਤਾ ਸੂਰਜ ਤਕ ਪਹੁੰਚੇਗਾ, ਮੇਰਾ

ਦਿੱਤਾ ਕਰਤਾਰਪੁਰ ਤਕ ਪਹੁੰਚੇਗਾ। ਜੇ ਤੁਹਾਡਾ ਦਿੱਤਾ ਸੂਰਜ ਤਕ ਪਹੁੰਚ ਸਕਦੈ ਤਾਂ ਮੇਰਾ ਦਿੱਤਾ ਕਰਤਾਰਪੁਰ ਤਕ ਕਿਵੇਂ ਨਹੀਂ ਪਹੁੰਚੇਗਾ। ਸਭ ਬੇਅਰਥ ਕਰਮ! ਕਦਮ ਕਦਮ 'ਤੇ ਗੁਰੂ ਨਾਨਕ ਨੇ ਸੁਚੇਤ ਕੀਤੈ। ਮੂਰਖਤਾ ਦਾ ਪਹਿਲਾ ਲੱਛਣ ਹੈ ਬੇਅਰਥ ਕਰਮ, ਜਿਸਦਾ ਕੋਈ ਫਲ ਹੀ ਨਹੀਂ ਹੈ। ਜਿਵੇਂ ਜ਼ਮੀਨ ਦੇ ਵਿਚ ਕੋਈ ਹਲ਼ ਚਲਾਵੇ, ਪਾਣੀ ਦੇਵੇ, ਖਾਦ ਪਾਵੇ ਅਤੇ ਬੀਜ ਦੀ ਥਾਂ 'ਤੇ ਪਾਵੇ ਗੀਟੀਆਂ—ਬੇਅਰਥ ਕਰਮ! ਉਸ ਤੋਂ ਕੀ ਪੈਦਾ ਹੋਣੈ! ਜੀਵਨ ਦੀ ਧਰਤੀ ਵਿਚ ਤਾਂ ਬੰਦਾ ਗੀਟੀਆਂ ਹੀ ਬੀਜਦੈ—ਬੇਅਰਥ ਕਰਮ, ਜਿਸਦਾ ਕੋਈ ਫਲ ਨਹੀਂ। ਫਿਰ ਬੇਅਰਥ ਆਸ਼ਾ, ਮੂਰਖਤਾ ਦਾ ਦੂਸਰਾ ਲੱਛਣ—ਬੇਅਰਥ ਆਸ਼ਾ। ਬੇਅਰਥ ਆਸ਼ਾ ਭਾਵ ਦੂਜੇ ਕੋਲੋਂ ਸੁਖ ਦੀ ਆਸ਼ਾ। ਇਹ ਮੈਨੂੰ ਸੁਖ ਦੇ ਸਕਦੈ। ਵਿਦਵਾਨ ਕਹਿੰਦੇ ਹਨ, ਇਹ ਮੂਰਖਤਾ ਦਾ ਦੂਜਾ ਲੱਛਣ ਹੈ। ਕੋਈ ਕਿਸੇ ਨੂੰ ਸੁਖ ਨਹੀਂ ਦੇ ਸਕਦਾ ਅਤੇ ਕਿਸੇ ਕੋਲ ਸੁਖ ਹੈ ਵੀ ਨਹੀਂ ਜੋ ਦੇਵੇ। ਹਾਂ, ਦੁੱਖ ਦੇ ਸਕਦਾ ਹੈ, ਮਿਲਦੇ ਹਨ ਲੋਕ। ਕਹਿੰਦੇ ਹਨ, ਮੈਂ ਭਰਾ ਕੋਲੋਂ ਬੜਾ ਦੁਖੀ ਹਾਂ, ਕੋਲ ਜਦ ਹੈ ਹੀ ਦੁੱਖ ਤਾਂ ਤੈਨੂੰ ਦੇਵੇ ਕੀ, ਦੁੱਖ ਹੀ ਦੇਵੇਗਾ। ਮਾਂ ਬਾਪ ਭਰਾ ਕੀ ਕਰੇ, ਉਹ ਕਹਿ ਦਿੰਦੇ ਨੇ, ਪੁੱਤਰਾਂ ਕੋਲੋਂ ਬੜੇ ਦੁਖੀ ਹਾਂ। ਹੁਣ ਪੁੱਤਰਾਂ ਕੋਲ ਹੈ ਹੀ ਇਹੀ ਕੁਝ ਤਾਂ ਇਹੀ ਕੁਝ ਦੇਣਗੇ। ਅਸੀਂ ਪੜੋਸੀ ਕੋਲੋਂ ਬੜੇ ਦੁਖੀ ਹਾਂ। ਪੜੋਸੀ ਕੋਲ ਜੋ ਕੁਝ ਹੈ, ਉਹੀ ਕੁਝ ਦੇਵੇਗਾ, ਹੋਰ ਕੀ ਦੇਵੇਗਾ। ਬੰਦੇ ਕੋਲ ਜੋ ਕੁਝ ਹੈ ਉਹੀ ਕੁਝ ਦੇਵੇਗਾ। ਮਨੁੱਖ ਕਿਸੇ ਨੂੰ ਦੁੱਖ ਤਾਂ ਦੇ ਸਕਦੈ, ਸੁਖ ਦੀ ਆਸ਼ਾ ਜੇਕਰ ਕੋਈ ਮਨੁੱਖ ਦੂਜੇ ਮਨੁੱਖ ਦੇ ਨਾਲ ਜੋੜਦੈ ਤਾਂ ਇਸਨੂੰ ਮੂਰਖਤਾ ਦਾ ਦੂਸਰਾ ਲੱਛਣ ਮੰਨਦੇ ਹਨ। ਕੋਈ ਕਿਸੇ ਨੂੰ ਸੁਖ ਨਹੀਂ ਦੇ ਸਕਦਾ। ਮਹਾਂ ਕਵੀ ਤੁਲਸੀ ਕਹਿੰਦੇ ਹਨ:

ਉਹ ਮੋ ਤੇ ਸੁਖ ਚਾਹਤ ਹੈ।
ਹਮ ਉਹ ਤੇ ਸੁਖ਼ ਚਾਹਤ ਹੈ।

ਉਹ ਮੇਰੇ ਕੋਲੋਂ ਸੁਖ ਦੀ ਆਸ਼ਾ ਰੱਖਦੈ, ਮੈਂ ਉਹਦੇ ਕੋਲੋਂ ਸੁਖ ਦੀ ਆਸ਼ਾ ਰੱਖਦਾ ਹਾਂ—ਦੋਵੇਂ ਮੂਰਖ! ਨਾ ਉਹ ਸੁਖ ਦੇ ਸਕਦੈ ਨਾ ਇਹ ਸੁਖ ਦੇ ਸਕਦੈ, "ਉਹ ਮੋ ਤੇ ਸੁਖ ਚਾਹਤ ਹੈ, ਹਮ ਉਹ ਤੇ ਸੁਖ ਚਾਹਤ ਹੈ"। ਬੇਅਰਥ ਆਸ਼ਾ ਹੈ ਕਿਸੇ ਕੋਲੋਂ ਸੁਖ ਦੀ ਆਸ਼ਾ ਰੱਖਣੀ। ਸੁਖ ਦੀ ਆਸ਼ਾ ਉਸੇ ਕੋਲੋਂ ਰੱਖੋ ਜੋ ਸੁਖ ਦੇ ਸਕਦੈ, ਜਿਹਦੇ ਕੋਲ ਦੁੱਖ ਨਹੀਂ ਹੈ, ਸੁਖ ਹੀ ਸੁਖ ਹੈ। ਉਹ ਕਿਹਦੇ ਕੋਲ ਹੈ? ਉਸ ਦੀ ਆਸ ਕਿਸ ਤੋਂ ਕਰੀਏ? ਗੁਰਬਾਣੀ ਫ਼ੁਰਮਾਉਂਦੀ ਹੈ:

ਕਬੀਰ ਆਸਾ ਕਰੀਐ ਰਾਮ ਕੀ ਅਵਰੈ ਆਸ ਨਿਰਾਸ॥

(ਸਲੋਕ ਕਬੀਰ ਜੀ, ਪੰਨਾ 1369)

ਹਰ ਇਕ ਤੋਂ ਸੁਖ ਦੀ ਆਸ਼ਾ ਤੋੜ ਦੇ, ਉਦਾਸ ਹੋ ਜਾ, ਨਿਰਾਸ਼ ਹੋ ਜਾ।

ਪਰ ਜਿਤਨੇ ਚਿਰ ਤਕ ਆਸ਼ਾ ਨਿਰਾਸ਼ਾ ਵਿਚ ਨਾ ਬਦਲੇ, ਉਤਨੇ ਚਿਰ ਤਕ ਬੰਦਾ ਰੱਬ ਦੀ ਆਸ ਕਰਦਾ ਹੀ ਨਹੀਂ। ਦੇਖੋ ਬੰਦਾ ਬੀਮਾਰ ਪੈ ਜਾਏ, ਸਭ ਤੋਂ ਪਹਿਲੇ ਐਲੋਪੈਥੀ ਲਈ ਜਾਣੈ। ਡਾਕਟਰ ਕੋਲੋਂ ਇਲਾਜ ਕਰਾਣੈ। ਦੋ ਚਾਰ ਮਹੀਨੇ ਉਸ ਕੋਲੋਂ ਇਲਾਜ ਕਰਾਇਆ, ਗੱਲ ਕੁਝ ਨਹੀਂ ਬਣੀ। ਫਿਰ ਸੋਚਦਾ ਹੈ, ਚਲੋ ਹੋਮਿਉਪੈਥੀ ਦੇਖ ਲੈਂਦੇ ਹਾਂ। ਹੁਣ ਉਥੇ ਆਸ਼ਾ ਦੀ ਡੋਰੀ ਜੋੜੀ ਹੈ, ਉਥੇ ਭੀ ਦੋ ਚਾਰ ਮਹੀਨੇ ਇਲਾਜ ਕਰਾਇਆ। ਰੋਗ ਤਾਂ ਵਧਦਾ ਗਿਐ। ਖੇਡ ਕੁਝ ਨਾ ਬਣੀ। ਫਿਰ ਸੋਚਦਾ ਹੈ, ਚਲੋ ਆਯੁਰਵੈਦਿਕ ਦੇਸੀ ਇਲਾਜ ਦੇਖ ਲਈਏ। ਇਹਦੇ ਵਿਚ ਭੀ ਚੰਗੇ ਚੰਗੇ ਨੁਸਖ਼ੇ ਹਨ, ਜੜ੍ਹੀਆਂ ਬੂਟੀਆਂ ਹਨ। ਪੰਜ ਛੇ ਮਹੀਨੇ ਉਥੇ ਭੀ ਇਲਾਜ ਕਰਾਇਆ ਪਰ ਰੋਗ ਹੋਰ ਵਧ ਗਿਆ। ਫਿਰ ਬੰਦਾ ਸੋਚਦੈ, ਚਲੋ ਦੇਖ ਲਈਏ ਨੇਚਰਪੈਥੀ ਨੂੰ ਭੀ—ਪ੍ਰਾਕਿਰਤਕ ਢੰਗ ਨਾਲ ਜਿਹੜਾ ਇਲਾਜ ਹੁੰਦੈ। ਐਕਸਰਸਾਈਜ਼, ਹੋਰ ਸੌ ਸਿੜੀ–ਸਿਆਪੇ ਜਿਹੜੇ ਕਰਾਂਦੇ ਹਨ, ਉਹ ਕਰਨ ਦੇ ਨਾਲ ਹੀ ਕਿਧਰੇ ਠੀਕ ਹੋ ਜਾਵੇ। ਫਿਰ ਬੰਦਾ ਗੁਰਦੁਆਰੇ ਜਾਂਦੈ, ਮਸਜਿਦ ਜਾਂਦੈ, ਮੰਦਰ ਜਾਂਦੈ। ਹੇ ਪ੍ਰਭੂ! ਹੁਣ ਤੂੰ ਹੀ ਠੀਕ ਕਰ। ਸਾਰੀਆਂ ਥਾਵਾਂ ਤੋਂ ਨਿਰਾਸ਼ ਹੋ ਕੇ ਫਿਰ ਆਸ਼ਾ ਦੀ ਡੋਰੀ ਪਰਮਾਤਮਾ ਨਾਲ ਜੋੜਦੈ। ਗੁਰਬਾਣੀ ਕਹਿੰਦੀ ਹੈ, ਹੇ ਮਨੁੱਖ! ਤੂੰ ਪਹਿਲਾਂ ਹੀ ਪ੍ਰਭੂ ਦੀ ਆਸ਼ਾ ਨਾਲ ਡੋਰੀ ਜੋੜ ਤਾਂ ਜ਼ਿੰਦਗੀ ਵਿਚ ਕਦੀ ਨਿਰਾਸ਼ ਹੋਏਂਗਾ ਹੀ ਨਹੀਂ, "ਆਸਾ ਕਰੀਐ ਰਾਮ ਕੀ ਅਵਰੈ ਆਸ ਨਿਰਾਸ"। ਮੂਰਖਤਾ ਦਾ ਦੂਸਰਾ ਲੱਛਣ—ਦੂਸਰੇ ਕੋਲੋਂ ਸੁਖ ਦੀ ਆਸ਼ਾ। ਮੂਰਖਤਾ ਦਾ ਤੀਸਰਾ ਲੱਛਣ ਹੈ—ਬੇਅਰਥ ਗਿਆਨ। ਬੇਅਰਥ ਗਿਆਨ ਉਹ ਹੈ, ਜਿਸ ਨੂੰ ਅਮਲ ਵਿਚ ਨਹੀਂ ਲਿਆਂਦਾ ਜਾ ਸਕਦਾ। ਸਿਰ ਦੇ ਉਪਰ ਗਿਆਨ ਦਾ ਬੋਝ ਹੈ। ਇਕਬਾਲ ਇਸ ਨੂੰ ਬੜੇ ਆਲਿਮਾਨਾ ਢੰਗ ਨਾਲ ਬਿਆਨ ਕਰਦੈ। ਉਹ ਕਹਿੰਦੈ:

ਖ਼ੁਦਾ ਤੁਝੇ ਕਿਸੀ ਤੂਫ਼ਾਂ ਸੇ ਆਸ਼ਨਾ ਕਰ ਦੇ,
ਕਿ ਤੇਰੀ ਬਹਿਰ ਕੀ ਮੌਜੋਂ ਮੇਂ ਇਜ਼ਤਰਾਬ ਨਹੀਂ।

ਬਹਿਰ ਕਹਿੰਦੇ ਹਨ ਸਮੁੰਦਰ ਨੂੰ, ਮੌਜ ਕਹਿੰਦੇ ਨੇ ਲਹਿਰ ਨੂੰ, "ਖ਼ੁਦਾ, ਤੁਝੇ ਕਿਸੀ ਤੂਫ਼ਾਂ ਸੇ ਆਸ਼ਨਾ ਕਰ ਦੇ ਕਿ ਤੇਰੀ ਬਹਿਰ ਕੀ ਮੌਜੋਂ ਮੇਂ ਇਜ਼ਤਰਾਬ ਨਹੀਂ"। ਤੇਰੀਆਂ ਲਹਿਰਾਂ ਵਿਚ ਠਹਿਰਾ ਨਹੀਂ, ਤੂਫ਼ਾਨ ਹੈ। ਬੜਾ ਭਾਰੀ ਉਛਾਲ ਹੈ:

ਖ਼ੁਦਾ ਤੁਝੇ ਕਿਸੀ ਤੂਫ਼ਾਂ ਸੇ ਆਸ਼ਨਾ ਕਰ ਦੇ,
ਕਿ ਤੇਰੀ ਬਹਿਰ ਕੀ ਮੌਜੋਂ ਮੇਂ ਇਜ਼ਤਰਾਬ ਨਹੀਂ।
ਤੁਝੇ ਕਿਤਾਬ ਸੇ ਮੁਮਕਿਨ ਨਹੀਂ ਫ਼ਿਰਾਗ਼ ਕਿ ਤੂ,
ਕਿਤਾਬ ਖ਼੍ਵਾਂ ਹੈ ਮਗਰ ਸਾਹਿਬੇ ਕਿਤਾਬ ਨਹੀਂ।

ਪਵਿੱਤਰ ਤੋਂ ਪਵਿੱਤਰ ਗ੍ਰੰਥ ਲਈ ਭੀ ਮੁਸਲਮਾਨਾਂ ਕੋਲ ਜਿਹੜਾ ਸ਼ਬਦ ਹੈ, ਇਸਲਾਮ ਵਿਚ ਕਿਤਾਬ ਹੈ। ਵੱਧ ਤੋਂ ਵੱਧ ਇਤਨਾ ਕਹਿ ਲੈਣਗੇ—ਮੁਕੱਦਸ ਕਿਤਾਬ। ਕੁਰਾਨ ਨੂੰ ਭੀ ਕਿਤਾਬ ਕਹਿੰਦੇ ਹਨ, ਮੁਕੱਦਸ ਕਿਤਾਬ। ਉਨ੍ਹਾਂ ਕੋਲ ਦੂਸਰਾ ਸ਼ਬਦ ਹੀ ਨਹੀਂ। ਸਾਡੇ ਕੋਲ ਬਹੁਤ ਸਾਰੇ ਸ਼ਬਦ ਹਨ। ਛੋਟਾ ਬਾਣੀ ਦਾ ਗੁਟਕਾ ਹੈ ਜਾਂ ਵੱਡਾ, ਅਸੀਂ ਪੋਥੀ ਸਾਹਿਬ ਕਹਿ ਦਿੰਦੇ ਹਾਂ ਜਾਂ ਗੁਟਕਾ ਕਹਿ ਦਿੰਦੇ ਹਾਂ, ਗ੍ਰੰਥ ਕਹਿ ਦਿੰਦੇ ਹਾਂ, ਬਹੁਤ ਸਾਰੇ ਨਾਮ ਹਨ। ਉਨ੍ਹਾਂ ਕੋਲ ਕੇਵਲ ਕਿਤਾਬ ਹੈ ਜਾਂ ਇੰਗਲਿਸ ਵਿਚ ਹੋਲੀ ਬੁਕ, ਪਵਿੱਤਰ ਕਿਤਾਬ, ਹੋਰ ਕੁਝ ਭੀ ਨਹੀਂ ਹੈ। ਇਕਬਾਲ ਇੰਜ ਕਹਿੰਦੇ ਨੇ, "ਤੁਝੇ ਕਿਤਾਬ ਸੇ ਮੁਮਕਿਨ ਨਹੀਂ ਫ਼ਿਰਾਗ਼ ਨਹੀਂ ਕਿ ਤੂ, ਕਿਤਾਬ ਖ਼ਾਂ ਹੈ ਸਾਹਿਬੇ ਕਿਤਾਬ ਨਹੀਂ।" ਤੂੰ ਧਰਮ-ਗ੍ਰੰਥ ਨੂੰ ਪੜ੍ਹਨ ਵਾਲਾ ਹੈਂ, ਧਰਮ ਗ੍ਰੰਥ ਵਿਚ ਜੋ ਕੁਝ ਹੈ, ਉਹ ਤੂੰ ਨਹੀਂ ਹੈ। ਤੂੰ ਬਾਣੀ ਦਾ ਪਾਠ ਕਰਨ ਵਾਲਾ ਹੈਂ। ਬਾਣੀ ਵਿਚ ਜੋ ਕੁਝ ਹੈ, ਉਹ ਤੂੰ ਨਹੀਂ ਹੈਂ। ਤੂੰ ਕੁਰਾਨ ਦੀ ਤਲਾਵਤ ਕਰਨ ਵਾਲਾ ਹੈਂ। ਜੋ ਕੁਝ ਕੁਰਾਨ ਵਿਚ ਹੈ, ਉਹ ਤੂੰ ਨਹੀਂ ਹੈ। ਤੂੰ ਕੇਵਲ ਗੀਤਾ ਦਾ ਪਾਠ ਕਰਨ ਵਾਲਾ ਹੈਂ। ਗੀਤਾ ਵਿਚ ਜੋ ਕੁਝ ਹੈ, ਉਹ ਤੂੰ ਨਹੀਂ ਹੈ, "ਤੁਝੇ ਕਿਤਾਬ ਸੇ ਮੁਮਕਿਨ ਨਹੀਂ ਫ਼ਿਰਾਗ਼ ਕਿ ਤੂ, ਕਿਤਾਬ ਖ਼ਾਂ ਹੈ ਮਗਰ ਸਾਹਿਬੇ ਕਿਤਾਬ ਨਹੀਂ।" ਇਹ ਤਿੰਨ ਲੱਛਣ ਹਨ ਮੂਰਖਤਾ ਦੇ, ਬੇਅਰਥ ਕਰਮ, ਬੇਅਰਥ ਆਸ਼ਾ ਅਤੇ ਬੇਅਰਥ ਗਿਆਨ। ਮੈਂ ਫਿਰ ਦੁਹਰਾਅ ਦਿਆਂ ਕਿ :

ਹਰ ਕਿਹ ਗ਼ਾਫਿਲ ਸ਼ੁਦ ਅਜ਼ੁ ਨਾਂਦਾਂ ਬਵਦ
ਗਰ ਗਦਾ ਬਾਸ਼ਦ ਵਗਰ ਸੁਲਤਾਂ ਬਵਦ॥੧੫॥

ਭਾਵੇਂ ਬਾਦਸ਼ਾਹ ਹੈ, ਭਾਵੇਂ ਭਿਖਾਰੀ ਹੈ, ਭਾਵੇਂ ਚੋਟੀ ਦਾ ਧਨਵਾਨ ਹੈ, ਭਾਵੇਂ ਮੁਫ਼ਲਿਸ ਹੈ, ਜੇਕਰ ਪ੍ਰਭੂ ਨੂੰ ਯਾਦ ਨਹੀਂ ਕਰਦਾ ਤਾਂ ਮਹਾਂ ਮੂਰਖ ਹੈ, ਮਹਾਂ ਮੂਰਖ, ਬੇਹੋਸ਼। ਜੇਕਰ ਪਰਮਾਤਮਾ ਦੀ ਯਾਦ ਉਸ ਦੇ ਅੰਦਰ ਨਹੀਂ ਚਲਦੀ, ਤਾਂ ਮਹਾਂ ਮੂਰਖ ਹੈ। ਕਿਉਂਕਿ ਉਸ ਦੀ ਯਾਦ ਹੀ ਆਨੰਦ ਹੈ, ਉਸ ਦੀ ਯਾਦ ਹੀ ਸੁਖ ਹੈ, ਉਸ ਦੀ ਯਾਦ ਹੀ ਸ਼ਕਤੀ ਹੈ, ਉਸ ਦੀ ਯਾਦ ਹੀ ਮਹਾਂ ਰਸ ਹੈ :

ਤੁਧੁ ਚਿਤਿ ਆਏ ਮਹਾ ਅਨੰਦਾ ਜਿਸੁ ਵਿਸਰਹਿ ਸੋ ਮਰਿ ਜਾਏ॥

(ਸੂਹੀ ਮਹਲਾ ੫, ਪੰਨਾ 749)

ਜਿਸ ਨੂੰ ਉਹ ਪ੍ਰਭੂ ਭੁੱਲ ਜਾਂਦੈ, ਉਸ ਦਾ ਆਨੰਦ ਮਰ ਜਾਂਦਾ ਹੈ, ਉਸ ਦਾ ਰਸ ਮਰ ਜਾਂਦਾ ਹੈ, ਉਸ ਦਾ ਖੇੜਾ ਮਰ ਜਾਂਦਾ ਹੈ, ਉਸ ਦੀ ਖ਼ੁਸ਼ੀ ਮਰ ਜਾਂਦੀ ਹੈ, ਉਸ ਦੀ ਸ਼ਕਤੀ ਮਰ ਜਾਂਦੀ ਹੈ, ਉਸ ਦਾ ਸਭ ਕੁਝ ਮਰ ਜਾਂਦਾ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਬਖ਼ਸ਼ਿਸ਼ ਕਰਨ, ਕਿਉਂਕਿ ਉਹ ਕਹਿੰਦੇ ਨੇ ਜਿਸ ਨੂੰ ਪ੍ਰਭੂ ਦਾ ਨਾਮ ਭੁੱਲ ਜਾਂਦੈ, ਉਹ ਮੂਰਖ ਨਹੀਂ, ਮੂਰਖਾਂ ਦਾ ਸਰਦਾਰ ਹੈ :

ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥

(ਰਾਗੁ ਮਾਰੂ ਮ: ੧, ਪੰਨਾ 1015)

ਅਤੇ ਜਿਹੜਾ ਪਰਮਾਤਮਾ ਨੂੰ ਪਰਮਾਤਮਾ ਕਰਕੇ ਮੰਨ ਲੈਂਦਾ ਹੈ, ਗੁਰੂ ਨਾਨਕ ਫਿਰ ਕਹਿੰਦੇ ਹਨ :

ਮੰਨੇ ਕੀ ਗਤਿ ਕਹੀ ਨ ਜਾਇ ॥
ਜੇ ਕੋ ਕਹੈ ਪਿਛੈ ਪਛੁਤਾਇ ॥ *(ਜਪੁ ਜੀ, ਪੰਨਾ 3)*

ਉਸ ਦੀ ਮਹਿਮਾ ਫਿਰ ਬਿਆਨ ਨਹੀਂ ਕੀਤੀ ਜਾ ਸਕਦੀ। ਜਿਸ ਦੇ ਮਨ ਨੇ ਪਰਮਾਤਮਾ ਨੂੰ ਪਰਮਾਤਮਾ ਕਰਕੇ ਮੰਨ ਲਿਐ, ਉਸ ਦੀ ਮਹਿਮਾ ਬਿਆਨ ਨਹੀਂ ਹੋ ਸਕਦੀ। ਉਸ ਦੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ। ਉਹ ਕਿਤਨਾ ਸ਼ਕਤੀਸ਼ਾਲੀ ਬਣ ਜਾਏਗਾ, ਕਿਤਨਾ ਰਸ, ਕਿਤਨਾ ਆਨੰਦ, ਕਿਤਨਾ ਖੇੜਾ, ਕਿਤਨਾ ਗਿਆਨ ਉਸ ਕੋਲ ਹੋਵੇਗਾ, ਉਹ ਬਿਆਨ ਕਰਨ ਤੋਂ ਪਰੇ ਦੀ ਗੱਲ ਹੈ। ਉਹ ਮਹਾਨ ਹੋ ਜਾਂਦਾ ਹੈ। ਸਤਿਗੁਰ ਇਸ ਤਰ੍ਹਾਂ ਦੀ ਮਹਾਨਤਾ ਸਾਰਿਆਂ ਦੀ ਝੋਲੀ ਵਿਚ ਪਾਉਣ।

ਵੈਦ ਰਾਜ

ਅਵਤਾਰੀ ਪੁਰਸ਼ਾਂ ਨੂੰ ਸੁਤੇ-ਸਿੱਧ ਜਗਤ ਵੱਲੋਂ ਕੁਝ ਉਪਨਾਮ ਮਿਲਦੇ ਹਨ, ਜਿਸ ਨੂੰ ਤਖ਼ੱਲਸ ਕਹਿੰਦੇ ਹਨ। ਕੋਈ ਖ਼ਾਸੀਅਤ ਦੇਖ ਕੇ, ਕੋਈ ਅਹਿਮੀਅਤ ਦੇਖ ਕੇ, ਉਨ੍ਹਾਂ ਨੂੰ ਨਾਮ ਦਿੱਤਾ ਜਾਂਦੈ। ਸੋ ਸਮੁੱਚੀ ਜ਼ਿੰਦਗੀ ਮਰਿਆਦਾ ਵਿਚ ਭਿੱਜੀ ਹੋਈ ਦੇਖ ਕੇ ਜਗਤ ਦੇ ਮੂੰਹੋਂ ਨਿਕਲਿਆ— ਮਰਿਆਦਾ ਪ੍ਰਸ਼ੋਤਮ ਰਾਮ। ਜ਼ਿੰਦਗੀ ਇਕ ਖੇਲ ਹੈ, ਤਮਾਸ਼ਾ ਹੈ। ਜਨਮ ਭੀ ਖੇਲ, ਮਰਨ ਭੀ ਖੇਲ। ਨਫ਼ਾ ਭੀ ਖੇਲ, ਨੁਕਸਾਨ ਭੀ ਖੇਲ। ਜਵਾਨੀ ਭੀ ਖੇਲ, ਬੁਢੇਪਾ ਭੀ ਖੇਲ। ਜਿਸ ਨੇ ਐਸਾ ਸਮਝਿਆ, ਐਸਾ ਜਾਣਿਆ ਅਤੇ ਜੀਵਿਆ, ਦੇਸ਼ਵਾਸੀਆਂ ਨੇ ਉਸ ਨੂੰ ਕਿਹਾ—ਲੀਲਾ ਪ੍ਰਸ਼ੋਤਮ ਸ੍ਰੀ ਕ੍ਰਿਸ਼ਨ। ਪਰ ਜਿਸ ਨੇ ਮਹਿਸੂਸ ਕੀਤਾ ਤੇ ਜੋ ਸਮੱਸਤ ਜਗਤ ਦੀ ਪੀੜਾ ਨਾਲ ਭਰ ਗਿਆ ਅਤੇ ਉੱਚੀ ਆਵਾਜ਼ ਵਿਚ ਕਹਿਣ ਲੱਗਾ ਕਿ ਜਗਤ ਮਿਥਿਆ ਹੈ, ਜਗਤ ਤਾਂ ਵਗਦੇ ਹੋਏ ਹੰਝੂ ਹਨ, ਜਗਤ ਇਕ ਵੇਦਨਾ ਹੈ, ਜਗਤ ਇਕ ਦੁੱਖ ਹੈ, ਇਕ ਰੋਗ ਹੈ ਅਤੇ ਉਸ ਰੋਗ ਦਾ ਸਮਾਧਾਨ ਲੈ ਕੇ, ਉਸ ਰੋਗ ਦੀ ਔਸ਼ਧੀ ਲੈ ਕੇ, ਜਿਸ ਨੇ ਦੇਸ਼ ਦੇ ਸ਼ਹਿਰਾਂ ਦਾ ਰਟਨ ਕੀਤਾ ਅਤੇ ਰੋਗੀਆਂ ਨੂੰ ਸਵੱਸਥ ਕਰਦਾ ਗਿਆ, ਫਿਰ ਤਾਂ ਸਮੱਸਤ ਦੁਨੀਆਂ ਦੀ ਜ਼ਬਾਨ ਤੋਂ ਇਹ ਸ਼ਬਦ ਬੁਲੰਦ ਆਵਾਜ਼ ਵਿਚ ਨਿਕਲੇ—ਬਾਬਾ ਵੈਦ ਰੋਗੀਆਂ ਦਾ, ਬਾਬਾ ਵੈਦ ਰੋਗੀਆਂ ਦਾ—ਇਹ ਤਾਂ ਐਸਾ ਬਾਬਾ ਆਇਐ, ਜੋ ਰੋਗੀਆਂ ਲਈ ਵੈਦ ਹੈ। ਇਸ ਦੇ ਕੋਲ ਔਸ਼ਧੀ ਹੈ। ਪ੍ਰਿਥਮ ਗੁਰੂ, ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਇਸ ਗੱਲ ਨੂੰ ਸਮਝਣਾ ਹੋਵੇਗਾ ਕਿ ਜਗਤ ਇਕ ਪੀੜਾ ਹੈ। ਤਾਂ ਜਗਤ ਤੋਂ ਕੀ ਮੁਰਾਦ ਲਈਏ, ਮਨੁੱਖ ਸਵੈਮ ਇਕ ਪੀੜਾ ਹੈ, ਮਨੁੱਖ ਹੀ ਸਮੱਸਿਆ ਹੈ। ਇਹ ਨਹੀਂ ਕਿ ਮਨੁੱਖ ਦੀਆਂ ਸਮੱਸਿਆਵਾਂ ਹਨ, ਸਗੋਂ ਮਨੁੱਖ ਖ਼ੁਦ ਹੀ ਇਕ ਸਮੱਸਿਆ ਹੈ। ਐਸਾ ਨਹੀਂ ਹੈ ਕਿ ਮਨੁੱਖ ਦੀਆਂ ਵੇਦਨਾਵਾਂ ਹਨ, ਮਨੁੱਖ ਦੇ ਦੁੱਖ ਹਨ, ਐਸਾ ਨਹੀਂ ਹੈ, ਸਗੋਂ ਮਨੁੱਖ ਖ਼ੁਦ ਹੀ ਇਕ ਦੁੱਖ ਹੈ, ਮਨੁੱਖ ਖ਼ੁਦ ਹੀ ਇਕ ਪੀੜਾ ਹੈ, ਮਨੁੱਖ ਖ਼ੁਦ ਹੀ ਇਕ ਵੇਦਨਾ ਹੈ। ਜਦ ਮਨੁੱਖ ਹੈ ਤਾਂ ਪੀੜਾ ਹੈ, ਮਨੁੱਖ ਹੈ ਤਾਂ ਦੁੱਖ ਹੈ। ਗੁਰੂ ਨਾਨਕ ਇਸ ਦੀ ਸ਼ੁਰੂਆਤ ਇੰਝ ਕਰਦੇ ਹਨ—ਜਨਮ ਦੁੱਖ ਹੈ, ਜੀਵਨ ਦੁੱਖ ਹੈ, ਮਰਨ ਦੁੱਖ ਹੈ। ਸੁਖ ਤਾਂ ਕਿਧਰੇ ਭੀ ਨਹੀਂ ਦਿਖਾਈ ਦਿੰਦਾ। ਜਨਮ

ਭੀ ਪੀੜਾ ਹੈ, ਜੀਵਨ ਭੀ ਪੀੜਾ ਹੈ, ਮਰਨ ਭੀ ਪੀੜਾ ਹੈ। ਇਕ ਭਰਾਂਤੀ ਹੈ ਮਨੁੱਖਾਂ ਨੂੰ ਕਿ ਜਨਮ ਸੁੱਖ ਹੈ, ਜੀਵਨ ਸੁੱਖ ਹੈ ਤੇ ਸਿਰਫ਼ ਮੌਤ ਹੀ ਪੀੜਾ ਹੈ। ਸੋ ਜੀਵਨ ਭਰ ਜਨਮ ਦਿਨ ਮਨਾਉਣੈ, ਕਿਉਂਕਿ ਜਨਮ ਸੁੱਖ ਹੈ। ਜੀਵਨ ਦੀ ਲਾਲਸਾ ਰੱਖਣੀ ਹੈ, ਕਿਉਂਕਿ ਜੀਵਨ ਰਸ ਹੈ, ਸਿਰਫ਼ ਮੌਤ ਪੀੜਾ ਹੈ ਤੇ ਇਸ ਨੂੰ ਭੁਲਾਣਾ ਹੈ। ਮੌਤ ਵੇਦਨਾ ਹੈ, ਇਸ ਨੂੰ ਗ਼ਲਤ ਕਰਨੈ। ਮੌਤ ਹੀ ਦੁੱਖ ਹੈ, ਇਹ ਚੇਤੇ ਨਾ ਆਵੇ। ਮਨੁੱਖ ਨੇ ਸ਼ਮਸ਼ਾਨਘਾਟ ਭੀ ਬਸਤੀਆਂ ਤੋਂ ਦੂਰ ਬਣਾਏ, ਕਬਰਿਸਤਾਨ ਭੀ ਸ਼ਹਿਰਾਂ ਤੋਂ ਦੂਰ ਬਣਾਏ ਤਾਕਿ ਜਿਊਂਦੇ ਜਾਗਦੇ ਮਨੁੱਖ ਦਿਖਾਈ ਦੇਣ, ਕਬਰਿਸਤਾਨ ਨਹੀਂ। ਹੱਸਦੇ ਖਿੜਦੇ ਚੇਹਰੇ ਦਿਖਾਈ ਦੇਣ, ਜਲਦੀਆਂ ਹੋਈਆਂ ਲਾਸ਼ਾਂ ਨਾ ਦਿਸਣ। ਕਿਸੇ ਘਰ ਵਿਚ ਕੋਈ ਮ੍ਰਿਤੂ ਹੋ ਗਈ ਹੈ, ਇਸ ਤੋਂ ਪਹਿਲਾਂ ਕਿ ਸਾਰਿਆਂ ਦੇ ਅੰਤਸ਼ਕਰਣ ਵਿਚ ਮੌਤ ਬੈਠ ਜਾਏ, ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਇਸਨੂੰ ਜਲਦੀ ਤੋਂ ਜਲਦੀ ਕੱਢ ਦਿਉ, ਜਲਾ ਕੇ ਖ਼ਾਕ ਕਰ ਦਿਉ। ਜੀਵਨ ਚੇਤੇ ਰਹੇ, ਜਨਮ ਚੇਤੇ ਰਹੇ, ਮਰਨ ਨੂੰ ਭੁਲਾਓ, ਭੁਲਾ ਦਿਉ ਮਰਨ। ਇਹ ਪਹਿਲਾ ਅਵਤਾਰੀ ਪੁਰਸ਼ ਆਇਐ, ਰੂਹੇ-ਜ਼ਮੀਨ 'ਤੇ, ਜਿਸ ਨੇ ਮਨੁੱਖਤਾ ਦੇ ਸਾਹਮਣੇ ਉੱਚੀ ਆਵਾਜ਼ ਵਿਚ ਕਿਹਾ ਕਿ ਜਨਮ ਦੁੱਖ ਹੈ। ਸ਼ਾਇਦ ਤੁਸੀਂ ਸਾਰੇ ਦੁੱਖ ਦਾ ਹੀ ਜਨਮ ਦਿਨ ਮਨਾ ਰਹੇ ਹੋ ਅਤੇ ਦੁੱਖ ਦੇ ਜਨਮ ਦੀਆਂ ਹੀ ਖ਼ੁਸ਼ੀਆਂ ਮਨਾਂਦੇ ਨੱਚ ਰਹੇ ਹੋ, ਗਾ ਰਹੇ ਹੋ। ਐਸਾ ਕਿਉਂ ਹੋ ਰਿਹੈ ? ਦਰਅਸਲ ਬੋਧ ਨਹੀਂ ਹੈ, ਸਮਝ ਨਹੀਂ ਹੈ। ਮਨੁੱਖ ਨੂੰ ਦੁੱਖ ਦੀ ਭੀ ਸਮਝ ਨਹੀਂ। ਜੇਕਰ ਦੁੱਖ ਦੀ ਸਮਝ ਹੁੰਦੀ ਤਾਂ ਸ਼ਾਇਦ ਉਸ ਨੂੰ ਸਮਝ ਆ ਜਾਂਦੀ ਕਿ ਜਨਮ ਦੁੱਖ ਹੈ, ਜਨਮ ਦਾ ਬੋਧ ਨਹੀਂ ਹੈ, ਇਸ ਵਾਸਤੇ ਦੁੱਖ ਦਾ ਬੋਧ ਨਹੀਂ ਹੈ। ਦੁੱਖ ਦਾ ਬੋਧ ਨਹੀਂ ਹੈ, ਇਸ ਵਾਸਤੇ ਜਨਮ ਦਾ ਬੋਧ ਨਹੀਂ ਹੈ। ਜੀਵਨ ਦੀ ਲਾਲਸਾ ਹੈ, ਪਰ ਦੁੱਖ਼ ਦਾ ਗਿਆਨ ਨਹੀਂ ਹੈ, ਇਸ ਵਾਸਤੇ ਕਹਿ ਸਕਦੇ ਹਾਂ ਕਿ ਜੀਵਨ ਦਾ ਭੀ ਗਿਆਨ ਨਹੀਂ ਹੈ।

ਧਾਰਮਿਕ ਦਾਰਸ਼ਨਿਕ ਐਸਾ ਕਹਿੰਦੇ ਹਨ ਕਿ ਜੋ ਮੇਰੀ ਸਮਝ ਵਿਚ ਨਹੀਂ, ਉਹ ਨਹੀਂ ਹੈ, ਘੱਟ ਤੋਂ ਘੱਟ ਮੇਰੀ ਦੁਨੀਆਂ ਵਿਚ ਤਾਂ ਨਹੀਂ ਹੈ। ਹੋਵੇਗਾ ਪਰਮਾਤਮਾ, ਹੋਵੇਗਾ ਕਿਧਰੇ ਸੁੱਖ, ਹੋਵੇਗਾ ਦੁੱਖ, ਹੋਵੇਗਾ ਕਲੇਸ਼, ਪਰ ਮੇਰੀ ਸਮਝ ਵਿਚ ਨਹੀਂ, ਤਾਂ ਨਹੀਂ ਹੈ। ਜਿਵੇਂ ਪੱਥਰ ਦੀ ਦੁਨੀਆਂ ਵਿਚ ਕੋਈ ਕਲੇਸ਼ ਨਹੀਂ ਹੈ, ਕੋਈ ਸੁੱਖ ਨਹੀਂ ਹੈ। ਨਾ ਸੁੱਖ ਦਾ ਬੋਧ, ਨਾ ਦੁੱਖ ਦਾ ਬੋਧ। ਨਾ ਦਿਨ ਦਾ ਗਿਆਨ, ਨਾ ਰਾਤ ਦਾ ਗਿਆਨ। ਨਾ ਸਰਦੀ ਮਹਿਸੂਸ ਹੁੰਦੀ ਹੈ, ਨਾ ਗਰਮੀ ਮਹਿਸੂਸ ਹੁੰਦੀ ਹੈ। ਪੱਥਰ ਹੀ ਸਿਰਫ਼ ਪੱਥਰ ਨਹੀਂ, ਬਹੁਤੇ ਦਿਲ, ਬਹੁਤੇ ਦਿਮਾਗ਼, ਮਨੁੱਖਾਂ ਦੇ ਵੀ ਪੱਥਰ ਹੀ ਹਨ, ਬਿਲਕੁਲ ਪੱਥਰ ਹਨ। ਜੇਕਰ ਦੁੱਖ ਦਾ ਬੋਧ ਨਹੀਂ ਹੈ ਅਤੇ ਵਾਕਿਆ ਹੀ ਨਹੀਂ ਹੈ, ਅਗਰ ਸੁੱਖ ਦਾ ਗਿਆਨ ਨਹੀਂ

ਹੈ ਅਤੇ ਵਾਕਿਆ ਹੀ ਨਹੀਂ ਹੈ, ਤਾਂ ਇਸ ਦਿਲ ਨੂੰ ਕੀ ਕਹੀਏ? ਇਸ ਦਿਮਾਗ਼ ਨੂੰ ਕੀ ਆਖੀਏ ? ਇਹ ਤਾਂ ਪੱਥਰ ਹੈ। ਜੋ ਮੇਰੀ ਸਮਝ ਵਿਚ ਨਹੀਂ, ਉਹ ਨਹੀਂ ਹੈ, ਘੱਟ ਤੋਂ ਘੱਟ ਮੇਰੀ ਦੁਨੀਆਂ ਵਿਚ ਤਾਂ ਨਹੀਂ ਹੈ, ਕਿਉਂਕਿ ਮੈਨੂੰ ਉਸ ਦੀ ਸਮਝ ਨਹੀਂ ਹੈ। ਜਿਸ ਜਿਸ ਚੀਜ਼ ਦੀ ਮੈਨੂੰ ਸਮਝ ਨਹੀਂ ਹੈ, ਉਹ ਨਹੀਂ ਹੈ ਮੇਰੀ ਦੁਨੀਆਂ ਵਿਚ। ਜੇਕਰ ਪਰਮਾਤਮਾ ਭੀ ਮੇਰੀ ਸਮਝ ਵਿਚ ਨਹੀਂ, ਤਾਂ ਘੱਟ ਤੋਂ ਘੱਟ ਮੇਰੀ ਦੁਨੀਆਂ ਵਿਚ ਪਰਮਾਤਮਾ ਨਹੀਂ ਹੈ, ਭਾਵੇਂ ਹੋਵੇ। ਭਾਵੇਂ ਜਗਤ ਵਿਚ ਹੈ, ਪਰ ਮੇਰੀ ਦੁਨੀਆਂ ਵਿਚ ਨਹੀਂ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਐਸਾ ਫ਼ੁਰਮਾਨ ਕਰਦੇ ਹਨ ਕਿ ਬਹੁਤੀ ਮਨੁੱਖਤਾ, ਪਰਮਾਤਮਾ ਦੀ ਸਮਝ ਤੋਂ ਬਿਨਾਂ ਹੀ ਜੀਅ ਰਹੀ ਹੈ। ਕਿਉਂਕਿ ਸਮਝ ਨਹੀਂ ਹੈ, ਇਸ ਲਈ ਪਰਮਾਤਮਾ ਨਹੀਂ ਹੈ ਜਾਂ ਇੰਝ ਕਹਿ ਲਈਏ, ਬਹੁਤੀ ਮਨੁੱਖਤਾ ਪਰਮਾਤਮਾ ਦੇ ਹੁੰਦਿਆਂ ਹੋਇਆਂ ਵੀ ਪਰਮਾਤਮਾ ਤੋਂ ਬਿਨਾਂ ਜੀਅ ਰਹੀ ਹੈ। ਜਿਵੇਂ ਅੰਨ੍ਹਾ ਮਨੁੱਖ, ਸੂਰਜ ਦੇ ਹੁੰਦਿਆਂ ਹੋਇਆਂ ਵੀ ਸੂਰਜ ਤੋਂ ਬਿਨਾਂ ਜਿਊਂਦਾ ਹੈ। ਰੌਸ਼ਨੀ ਤਾਂ ਚਾਰੋਂ ਪਾਸੇ ਫੈਲੀ ਹੋਈ ਹੈ, ਪ੍ਰਕਾਸ਼ ਤਾਂ ਡੁਲ੍ਹ ਡੁਲ੍ਹ ਕੇ ਪੈ ਰਿਹੈ, ਪਰ ਅੰਨ੍ਹਾ ਮਨੁੱਖ ਇਤਨੇ ਪ੍ਰਕਾਸ਼ ਦੇ ਹੁੰਦਿਆਂ ਹੋਇਆਂ ਵੀ ਪ੍ਰਕਾਸ਼ ਤੋਂ ਬਿਨਾਂ ਜੀਅ ਰਿਹੈ। ਸੋ ਪਰਮਾਤਮਾ ਦੇ ਹੁੰਦਿਆਂ ਹੋਇਆਂ ਵੀ ਬਹੁਤੀ ਮਨੁੱਖਤਾ ਪਰਮਾਤਮਾ ਤੋਂ ਬਿਨਾ ਜੀਅ ਰਹੀ ਹੈ, ਇਹ ਇਕ ਸੱਚਾਈ ਹੈ, ਇਕ ਹਕ਼ੀਕ਼ਤ ਹੈ, ਅਤੇ ਇਤਨੀ ਭੀ ਜੇਕਰ ਸਮਝ ਆ ਜਾਏ ਤਾਂ ਸਮਝ ਲੈਣਾ ਚਾਹੀਦੈ ਕਿ ਸਮਝ ਦੀ ਦੁਨੀਆਂ ਆਰੰਭ ਹੋ ਗਈ ਹੈ। ਸਮਝ ਦੇ ਮਾਰਗ 'ਤੇ ਮਨੁੱਖ ਚੱਲ ਪਿਐ। ਜਿਹੜੀ ਸਮਝ ਵਿਚ ਨਹੀਂ, ਉਹ ਨਹੀਂ ਹੈ, ਇਹ ਸਭ ਤੋਂ ਵੱਡੀ ਸਮਝ ਹੈ। ਜੋ ਮੇਰੀ ਸਮਝ ਵਿਚ ਨਹੀਂ, ਜੋ ਮੇਰੇ ਬੋਧ ਵਿਚ ਨਹੀਂ, ਉਹ ਨਹੀਂ ਹੈ, ਇਹ ਸਭ ਤੋਂ ਵੱਡਾ ਗਿਆਨ ਹੈ। ਕਹਿੰਦੇ ਹਨ, ਗਿਆਨ ਦੀ ਯਾਤਰਾ ਅਗਿਆਨ ਦੇ ਬੋਧ ਤੋਂ ਸ਼ੁਰੂ ਹੁੰਦੀ ਹੈ। ਰੌਸ਼ਨੀ ਦੀ ਯਾਤਰਾ ਹਨੇਰੇ ਦੀ ਸਮਝ ਤੋਂ ਸ਼ੁਰੂ ਹੁੰਦੀ ਹੈ। ਇਹ ਭੀ ਠੀਕ ਹੈ ਕਿ ਅੰਨ੍ਹੇ ਮਨੁੱਖ ਨੂੰ ਹਨੇਰੇ ਦਾ ਕੋਈ ਗਿਆਨ ਨਹੀਂ। ਜੋ ਜਨਮ ਤੋਂ ਅੰਨ੍ਹਾ ਹੈ, ਉਸ ਨੂੰ ਹਨੇਰੇ ਦਾ ਕੋਈ ਗਿਆਨ ਨਹੀਂ। ਕਿਉਂਕਿ ਹਨੇਰੇ ਨੂੰ ਵੇਖਣ ਵਾਸਤੇ ਭੀ ਤਾਂ ਅੱਖਾਂ ਵਿਚ ਰੌਸ਼ਨੀ ਚਾਹੀਦੀ ਹੈ, ਅੱਖਾਂ ਵਿਚ ਨੂਰ ਚਾਹੀਦੈ। ਬਹੁਤੀ ਦੁਨੀਆਂ ਮੂਰਖਤਾ ਵਿਚ ਜਿਊਂਦੀ ਹੈ, ਪਰ ਮੂਰਖਤਾ ਦਿਖਾਈ ਨਹੀਂ ਦਿੰਦੀ। ਬਹੁਤੀ ਦੁਨੀਆਂ ਗ਼ਲਤੀਆਂ ਵਿਚ ਜਿਊਂਦੀ ਹੈ ਪਰ ਗ਼ਲਤੀਆਂ ਮਹਿਸੂਸ ਨਹੀਂ ਹੁੰਦੀਆਂ। ਬਹੁਤੀ ਦੁਨੀਆਂ ਪਾਪ ਵਿਚ ਜਿਊਂਦੀ ਹੈ, ਪਰ ਪਾਪ ਦਿਖਾਈ ਨਹੀਂ ਦਿੰਦਾ। ਜਿਵੇਂ ਜਨਮ ਤੋਂ ਜੋ ਅੰਨ੍ਹਾ ਹੈ, ਉਸ ਨੂੰ ਹਨੇਰੇ ਦਾ ਕੋਈ ਗਿਆਨ ਨਹੀਂ। ਪਾਪੀਆਂ ਨੂੰ ਪਾਪ ਦਾ ਕੋਈ ਬੋਧ ਨਹੀਂ। ਮੂਰਖਾਂ ਨੂੰ ਮੂਰਖਤਾ ਦੀ ਕੋਈ ਸਮਝ ਨਹੀਂ। ਗ਼ਲਤੀਆਂ ਵਾਰ ਵਾਰ ਜੋ ਹੋ ਰਹੀਆਂ ਹਨ,

ਗ਼ਲਤੀ ਗ਼ਲਤੀ ਨਹੀਂ ਦਿਖਾਈ ਦੇ ਰਹੀ, ਇਹ ਇਸ ਤਰ੍ਹਾਂ ਹੈ ਜਿਵੇਂ ਜਨਮ ਦੇ ਅੰਨ੍ਹੇ ਨੂੰ ਹਨੇਰਾ ਨਹੀਂ ਦਿਖਾਈ ਦਿੰਦਾ। ਅਗਰ ਗ਼ਲਤੀ ਮਹਿਸੂਸ ਹੋਣ ਲੱਗ ਪਈ ਹੈ, ਭੁੱਲ ਦਿਖਾਈ ਦੇਣ ਲੱਗ ਪਈ ਹੈ, ਮੂਰਖਤਾ ਮਹਿਸੂਸ ਹੋਣ ਲੱਗ ਪਈ ਹੈ, ਤਾਂ ਧਾਰਮਿਕ ਅਨੁਭਵੀ ਪੁਰਸ਼ ਕਹਿੰਦੇ ਹਨ ਕਿ ਹੁਣ ਇਸ ਨੂੰ ਮੂਰਖ ਨਹੀਂ ਕਹਿਣਾ ਚਾਹੀਦਾ, ਹੁਣ ਇਸ ਨੂੰ ਅੰਨ੍ਹਾ ਨਹੀਂ ਕਹਿਣਾ ਚਾਹੀਦਾ, ਕਿਉਂਕਿ ਇਸ ਨੂੰ ਹਨੇਰਾ ਤਾਂ ਦਿਖਾਈ ਦੇਣ ਲੱਗ ਪਿਐ, ਨਹੀਂ ਤਾਂ ਅੰਨ੍ਹੇ ਨੂੰ ਤਾਂ ਹਨੇਰਾ ਭੀ ਨਹੀਂ ਦਿਖਾਈ ਦਿੰਦਾ। ਹੁਣ ਇਸ ਨੂੰ ਮੂਰਖ ਨਹੀਂ ਕਹਿਣਾ ਚਾਹੀਦਾ, ਕਿਉਂਕਿ ਇਸ ਨੂੰ ਮੂਰਖਤਾ, ਗ਼ਲਤੀਆਂ, ਭਟਕਣ, ਪਾਪ ਦਿਖਾਈ ਦੇਣ ਲੱਗ ਪਏ ਹਨ। ਜਿਸ ਦਿਨ ਪਾਪ ਦਿਖਾਈ ਦਿੰਦੇ ਹਨ, ਪੁੰਨ ਦੀ ਤੜਪ ਉਸੇ ਦਿਨ ਪੈਦਾ ਹੁੰਦੀ ਹੈ। ਜਿਸ ਦਿਨ ਗ਼ਲਤੀ ਦਿਖਾਈ ਦਿੰਦੀ ਹੈ, ਸੁਧਾਰ ਦੀ ਤੜਪ ਉਸੇ ਦਿਨ ਪੈਦਾ ਹੁੰਦੀ ਹੈ। ਪੀੜਾ, ਕਲਹ-ਕਲੇਸ਼ ਜਿਸ ਦਿਨ ਦਿਖਾਈ ਦਿੰਦੈ, ਪਰਮਾਤਮਾ ਦੀ ਪਿਆਸ ਉਸੇ ਦਿਨ ਪੈਦਾ ਹੁੰਦੀ ਹੈ, ਉਸ ਤੋਂ ਪਹਿਲਾ ਹੁੰਦੀ ਹੀ ਨਹੀਂ, ਕਿਸੇ ਕੀਮਤ 'ਤੇ ਵੀ ਨਹੀਂ ਹੁੰਦੀ। ਇਸ ਵਾਸਤੇ ਦੇਖਦੇ ਹਾਂ ਕਿ ਅਨੰਤ ਅਵਤਾਰੀ ਪੁਰਸ਼ ਆਏ ਹਨ ਸਮਝਾਣ ਲਈ, ਪਰ ਮਨੁੱਖ ਨਹੀਂ ਸਮਝ ਸਕਿਆ :

ਹਜ਼ਾਰੋਂ ਖ਼ਿਜ਼ਰ ਪੈਦਾ ਕਰ ਚੁਕੀ ਹੈ ਨਸਲ ਆਦਮ ਕੀ।
ਯੇਹ ਸਭ ਤਸਲੀਮ ਲੇਕਿਨ ਆਦਮੀ ਅਬ ਤਕ ਭਟਕਤਾ ਹੈ।

ਇਹ ਠੀਕ ਹੈ ਕਿ ਐਸੇ ਜਮਾਂਦਰੂ ਅੰਨ੍ਹੇ ਬਹੁਤ ਥੋੜ੍ਹੇ ਹਨ, ਜਿਨ੍ਹਾਂ ਨੂੰ ਹਨੇਰਾ ਭੀ ਨਾ ਦਿਖਾਈ ਦਿੰਦਾ ਹੋਵੇ, ਰੌਸ਼ਨੀ ਨਾ ਦਿਖਾਈ ਦਿੰਦੀ ਹੋਵੇ। ਪਰ ਐਸੇ ਅੰਨ੍ਹਿਆਂ ਨਾਲ ਸੰਸਾਰ ਭਰਿਆ ਪਿਐ, ਜਿਨ੍ਹਾਂ ਨੂੰ ਆਪਣੀ ਮੂਰਖਤਾ ਨਹੀਂ ਦਿਖਾਈ ਦਿੰਦੀ, ਆਪਣੇ ਕੀਤੇ ਹੋਏ ਗੁਨਾਹ ਨਹੀਂ ਦਿਖਾਈ ਦਿੰਦੇ, ਭੁੱਲਾਂ ਨਹੀਂ ਦਿਖਾਈ ਦਿੰਦੀਆਂ। ਸਵੇਰ ਤੋਂ ਸ਼ਾਮ ਤਕ ਭੁੱਲਾਂ ਵਿਚ ਹੀ ਜਿਊਣਾ। ਰਾਤ ਦੀ ਆਰੰਭਤਾ ਤੋਂ ਸਮਾਪਤੀ ਤਕ ਗ਼ਲਤੀਆਂ ਵਿਚ ਹੀ ਜਿਊਣਾ। ਸਵੇਰੇ ਉਠਦਿਆਂ ਸਾਰ ਜਾਗਣਾ, ਗ਼ਲਤੀਆਂ ਵਿਚ ਜਾਗਣਾ, ਗ਼ਲਤੀਆਂ ਵਿਚ ਜਿਊਣਾ ਅਤੇ ਰਾਤ ਨੂੰ ਸੌਣ ਲੱਗਿਆਂ, ਇੰਜ ਕਹਿ ਲਵੋ, ਭੁੱਲਾਂ ਵਿਚ ਹੀ ਸੌਂ ਜਾਣਾ। ਨੀਂਦ ਭੀ ਭੁੱਲ ਵਿਚ, ਜਾਗਰਤੀ ਭੀ ਭੁੱਲ ਵਿਚ। ਐਸੇ ਮਨੁੱਖ ਦਾ ਸੌਣਾ ਤੇ ਜਾਗਣਾ ਬੇਅਰਥ ਭਟਕਣਾ ਹੈ। ਐਸੇ ਮਨੁੱਖ ਦੀ ਨੀਂਦ ਵਿਚ ਸੁਪਨੇ ਭੀ ਐਸੇ ਭਿਅੰਕਰ ਆਉਣਗੇ ਕਿ ਇਹ ਸੁੱਤਾ ਹੋਇਆ ਭੀ ਤੜਪਦਾ ਰਹੇਗਾ, ਬੇਚੈਨ ਤੇ ਵਿਆਕੁਲ ਰਹੇਗਾ, ਜਿਵੇਂ ਕਿ ਦਿਨ ਦੇ ਸਮੇਂ। ਸ਼ੇਖ਼ ਸਾਅਦੀ ਸਾਹਿਬ ਕਿਹਾ ਕਰਦੇ ਸਨ ਕਿ ਮੂਰਖ ਮਨੁੱਖ ਦਾ ਸਭ ਤੋਂ ਵੱਡਾ ਗੁਣ ਹੈ ਚੁੱਪ ਰਹਿਣਾ; ਕਿਉਂਕਿ ਬੋਲਦਿਆਂ ਹੀ ਮੂਰਖਤਾ ਪ੍ਰਗਟ ਹੋ ਜਾਂਦੀ ਹੈ। ਹੋਰ ਕੁਝ

ਤਾਂ ਪ੍ਰਗਟ ਕਰਨ ਦਾ ਵਸੀਲਾ ਹੈ ਨਹੀਂ ਅਤੇ ਦੇਖਦਿਆਂ ਮੂਰਖਤਾ ਪ੍ਰਗਟ ਨਹੀਂ ਹੁੰਦੀ। ਸੁਣ ਕੀ ਰਿਹੈ, ਮੂਰਖਤਾ ਪ੍ਰਗਟ ਨਹੀਂ ਹੁੰਦੀ। ਚੱਲ ਕਿਹੜੇ ਪਾਸੇ ਰਿਹੈ, ਮੂਰਖਤਾ ਪ੍ਰਗਟ ਨਹੀਂ ਹੁੰਦੀ। ਮੂਰਖਤਾ ਪ੍ਰਗਟ ਹੁੰਦੀ ਹੈ ਬੋਲ ਕੇ। ਮੂਰਖ ਦਾ ਸਭ ਤੋਂ ਵੱਡਾ ਗੁਣ ਹੈ ਚੁੱਪ ਰਹਿਣਾ। ਪਰ ਜੇ ਕਿਤੇ ਉਸ ਨੂੰ ਇਤਨੀ ਸਮਝ ਆ ਜਾਏ ਕਿ ਚੁੱਪ ਰਹਿਣਾ ਮੇਰਾ ਗੁਣ ਹੈ ਤਾਂ ਸਮਝ ਲਵੋ ਕਿ ਮੂਰਖਤਾ ਉਸ ਦੀ ਸਮਾਪਤ ਹੋ ਗਈ। ਮੂਰਖਤਾ ਉਸ ਦੀ ਖ਼ਤਮ ਹੋ ਗਈ। ਉਸ ਨੂੰ ਕੁਝ ਝਲਕ ਮਿਲ ਗਈ। ਸਤਿਸੰਗ ਦਾ ਇਹੀ ਲਾਭ ਹੈ। ਸਤਿਪੁਰਸ਼ਾਂ ਦੀ ਸੰਗਤ ਦਾ ਇਹੀ ਲਾਭ ਹੈ। ਧਰਮ-ਗ੍ਰੰਥਾਂ ਦੇ ਪਾਠ ਪਠਨ ਦਾ ਇਹੀ ਲਾਭ ਹੈ। ਸ਼ਾਇਦ ਕਿਸੇ ਦਿਨ ਮਨੁੱਖ ਨੂੰ ਆਪਣੀ ਮੂਰਖਤਾ ਦਿਖਾਈ ਦੇ ਜਾਏ। ਇਹ ਜਿਹੜੀ ਕਥਾ-ਕਹਾਣੀਆਂ, ਸਤਿਸੰਗ ਵਿਚ ਗੱਲ ਕੀਤੀ ਜਾਂਦੀ ਹੈ, ਸ਼ਾਇਦ ਪਰਮਾਤਮਾ ਹੀ ਦਿਖਾਈ ਦੇ ਜਾਏ। ਪਰ ਨਹੀਂ, ਇਹ ਨੰਬਰ ਦੋ ਤੇ ਤਿੰਨ ਦੀ ਗੱਲ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਹਨੇਰਾ ਦਿਖਾਈ ਦੇ ਜਾਵੇ, ਮੂਰਖਤਾ ਦਿਖਾਈ ਦੇ ਜਾਵੇ। ਪਰਮਾਤਮਾ ਦੇ ਅੱਖਰੀ ਅਰਥ ਹਨ ਪ੍ਰਕਾਸ਼, ਪਰ ਜਿਸ ਨੂੰ ਹਨੇਰਾ ਨਹੀਂ ਦਿਖਾਈ ਦੇ ਰਿਹਾ, ਉਸ ਨੂੰ ਪ੍ਰਕਾਸ਼ ਕਿੱਥੇ ਦਿਖਾਈ ਦੇਵੇਗਾ। ਦੂਸਰਾ ਹਨੇਰੇ ਵਿਚ ਚੱਲਣਾ—ਚੱਲਣਾ ਨਹੀਂ ਹੁੰਦਾ, ਭਟਕਣਾ ਹੁੰਦਾ ਹੈ। ਰਸਤਾ ਦਿਖਾਈ ਨਹੀਂ ਦੇ ਰਿਹਾ, ਮੈਂ ਚੱਲ ਰਿਹਾਂ। ਠੀਕ ਹੈ ਮੈਂ ਚੱਲ ਰਿਹਾਂ, ਪਰ ਇਸ ਚੱਲਣ ਨੂੰ ਕਹਿੰਦੇ ਹਨ ਭਟਕਣਾ। ਨਾ ਮੰਜ਼ਲ ਦਿਖਾਈ ਦਿੰਦੀ ਹੈ, ਨਾ ਰਸਤਾ ਦਿਖਾਈ ਦੇ ਰਿਹੈ। ਸਾਰੀ ਜ਼ਿੰਦਗੀ ਮਨੁੱਖ ਦੀ ਕਿਰਤ ਵਿਚ ਬਤੀਤ ਹੁੰਦੀ ਹੈ। ਨਾ ਕਿਰਤ ਦਿਖਾਈ ਦਿੰਦੀ ਹੈ, ਨਾ ਕਿਰਤ ਦਾ ਅੰਜਾਮ ਦਿਖਾਈ ਦਿੰਦੈ। ਨਾ ਕਰਮ ਦਿਖਾਈ ਦਿੰਦੈ, ਨਾ ਕਰਮ ਦੀ ਅਖ਼ੀਰ ਦਿਖਾਈ ਦਿੰਦੀ ਹੈ। ਕੀ ਇਸ ਨੂੰ ਕਰਨਾ ਕਹੋਗੇ ? ਨਹੀਂ, ਇਹ ਤਾਂ ਭਟਕਣਾ ਹੈ। ਇਸ ਨੂੰ ਚੱਲਣਾ ਆਖੋਗੇ ? ਇਹ ਤਾਂ ਭਟਕਣਾ ਹੈ। ਹਜ਼ਾਰ ਅੰਨ੍ਹੇ ਇਕ ਪਾਸਿਉਂ ਅਤੇ ਹਜ਼ਾਰ ਅੰਨ੍ਹੇ ਦੂਸਰੇ ਪਾਸਿਉਂ ਆ ਰਹੇ ਹੋਵਣ ਤਾਂ ਟਕਰਾ ਹੀ ਜਾਣਗੇ। ਜਗਤ ਟਕਰਾਉ ਹੈ, ਕੌਮਾਂ ਟਕਰਾ ਰਹੀਆਂ ਹਨ, ਦੇਸ਼ ਟਕਰਾ ਰਿਹੈ, ਵਿਅਕਤੀ ਟਕਰਾ ਰਹੇ ਹਨ, ਕਿਉਂਕਿ ਹਨੇਰਾ ਹੀ ਹਨੇਰਾ ਹੈ। ਭਗਤ ਸਿਰਮੌਰ ਸ੍ਰੀ ਕਬੀਰ ਜੀ ਕਹਿੰਦੇ ਹਨ:

ਮਨ ਰੇ ਸੰਸਾਰੁ ਅੰਧ ਗਹੇਰਾ॥ *(ਸੋਰਠਿ ਕਬੀਰ ਜੀ, ਪੰਨਾ 654)*

ਪੂਰਾ ਸੰਸਾਰ ਹਨੇਰੇ ਵਿਚ ਜੀਅ ਰਿਹੈ, ਅੰਧਕਾਰ ਵਿਚ ਜੀਅ ਰਿਹੈ, ਮੂਰਖਤਾ ਵਿਚ ਜੀਅ ਰਿਹੈ, ਅਚੇਤਪੁਣੇ ਵਿਚ ਜੀਅ ਰਿਹੈ, ਇਸ ਵਾਸਤੇ ਇਸ ਦਾ ਸਾਰੇ ਦਾ ਸਾਰਾ ਕਰਨਾ ਗ਼ਲਤ ਹੈ। ਅੰਨ੍ਹੇ ਦਾ ਚੱਲਣਾ ਭਟਕਣਾ ਹੈ, ਮੂਰਖ ਦਾ ਪੂਜਾ ਪਾਠ ਭੀ ਬੇਅਰਥ ਹੈ। ਮੂਰਖਤਾ ਵਿਚ ਕੀਤਾ ਹੋਇਆ ਦਾਨ ਭੀ ਬੇਅਰਥ ਹੈ। ਮੂਰਖ ਦੇ ਹਰ ਕਰਮ ਵਿੱਚੋਂ ਅਹੰਕਾਰ ਦੀ ਬੂ ਆਵੇਗੀ, ਨਿਰੰਕਾਰ

ਦੀ ਸੁਗੰਧ ਨਹੀਂ। ਮੂਰਖ ਦੀ ਹਰ ਕਿਰਤ ਵਿੱਚੋਂ ਵਾਸਨਾ ਦੀ ਹੀ ਬਦਬੋ ਆਵੇਗੀ, ਪ੍ਰਾਰਥਨਾ ਦੀ ਸੁਗੰਧ ਨਹੀਂ ਹੋਵੇਗੀ, ਪ੍ਰਾਰਥਨਾ ਦੀ ਮਹਿਕ ਨਹੀਂ ਹੋਵੇਗੀ। ਇਸ ਵਾਸਤੇ ਮੇਰੇ ਵਿਚਾਰ ਵਿਚ ਉਨ੍ਹਾਂ ਵਿੱਚੋਂ ਇਕ ਹੀ ਸਿਰਮੌਰ ਪੁੰਨ ਹੈ—ਸੁਚੇਤ ਹੋ ਜਾਣਾ, ਸਾਵਧਾਨ ਹੋ ਜਾਣਾ, ਸਮਝ ਆ ਜਾਣੀ। ਇੱਕੋ ਹੀ ਗੁਨਾਹ ਹੈ ਜੋ ਸਾਰੇ ਗੁਨਾਹਾਂ ਦੀ ਜਨਨੀ ਹੈ, ਇੱਕੋ ਹੀ ਪਾਪ ਹੈ ਜੋ ਸਾਰੇ ਪਾਪਾਂ ਦਾ ਪਿਤਾਮਾ ਹੈ, ਉਹ ਹੈ ਅਗਿਆਨ, ਉਹ ਹੈ ਮੂੜ੍ਹਤਾ। ਬਸ, ਇਸੇ ਤੋਂ ਹੀ ਸਾਰੇ ਗੁਨਾਹ ਜਨਮ ਲੈਂਦੇ ਹਨ। ਇਸੇ ਤੋਂ ਹੀ ਸਾਰੇ ਪਾਪ ਜਨਮ ਲੈਂਦੇ ਹਨ ਅਤੇ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਜੋ ਮੇਰੀ ਸਮਝ ਵਿਚ ਨਹੀਂ, ਉਹ ਨਹੀਂ ਹੈ। ਜਿਵੇਂ ਨਾਨਕੇ, ਦਾਦਕੇ, ਸਹੁਰੇ, ਪਸ਼ੂਆਂ ਦੇ ਭੀ ਹਨ। ਨਾਨੀ ਉਨ੍ਹਾਂ ਦੀ ਭੀ ਹੈ, ਸੱਸ ਉਨ੍ਹਾਂ ਦੀ ਭੀ ਹੈ, ਦਾਦੀ ਉਨ੍ਹਾਂ ਦੀ ਭੀ ਹੈ, ਭੈਣ ਭਰਾ ਉਨ੍ਹਾਂ ਦੇ ਭੀ ਹਨ। ਚਾਚੇ, ਤਾਏ, ਮਾਮੇ, ਮਾਸੀਆਂ ਉਨ੍ਹਾਂ ਦੀਆਂ ਭੀ ਹਨ, ਪਰ ਸਮਝ ਨਹੀਂ ਹੈ। ਕਿਉਂਕਿ ਸਮਝ ਨਹੀਂ ਹੈ, ਤਾਂ ਪਸ਼ੂਆਂ ਦੀ ਦੁਨੀਆਂ ਵਿਚ ਪਰਿਵਾਰ ਨਹੀਂ ਹੈ। ਜੇਕਰ ਸਮਝ ਨਹੀਂ ਹੈ ਤਾਂ ਮਨੁੱਖਾਂ ਦੀ ਦੁਨੀਆਂ ਵਿਚ ਨਿਰੰਕਾਰ ਨਹੀਂ ਹੈ। ਪਰਿਵਾਰ ਦੇ ਹੁੰਦਿਆਂ ਹੋਇਆਂ ਪਸ਼ੂ, ਪਰਿਵਾਰ ਤੋਂ ਬਿਨਾਂ ਜਿਉਂਦੈ; ਨਿਰੰਕਾਰ ਦੇ ਹੁੰਦਿਆਂ ਹੋਇਆਂ ਮਨੁੱਖ ਨਿਰੰਕਾਰ ਤੋਂ ਬਿਨਾਂ ਜੀਉਂਦੈ, ਈਸ਼ਵਰ ਤੋਂ ਬਿਨਾਂ ਜਿਉਂਦੈ। ਜੀਅ ਰਿਹੈ ਪਸ਼ੂ ਈਸ਼ਵਰ ਤੋਂ ਬਿਨਾਂ, ਜਿਵੇਂ ਭੈਣ ਭਰਾ ਦੇ ਸੰਬੰਧਾਂ ਤੋਂ ਬਿਨਾਂ ਜੀਅ ਰਿਹੈ। ਮਾਮੇ, ਚਾਚੇ, ਤਾਏ, ਤਾਈਆਂ ਦੇ ਸੰਬੰਧ ਤੋਂ ਬਿਨਾਂ ਜੀਅ ਰਿਹੈ। ਨਾਨਕੇ, ਦਾਦਕੇ, ਸਹੁਰੇ ਹੁੰਦਿਆਂ ਹੋਇਆਂ ਭੀ ਉਨ੍ਹਾਂ ਦੇ ਬੋਧ ਤੋਂ ਬਿਨਾਂ ਜੀਅ ਰਿਹੈ। ਇਵੇਂ ਹੀ ਪਰਮਾਤਮਾ ਦੇ ਹੁੰਦਿਆਂ ਹੋਇਆਂ ਵੀ ਮਨੁੱਖ ਪਰਮਾਤਮਾ ਦੇ ਬੋਧ ਤੋਂ ਬਿਨਾਂ ਜੀਅ ਰਿਹੈ। ਸ਼ਾਇਦ ਇਸੇ ਹੀ ਵਾਸਤੇ ਧੰਨ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਐਲਾਨੀਆ ਕਹਿ ਦਿੱਤਾ, ਗਿਆਨ ਹੀ ਗੁਰੂ ਹੈ, ਗੁਰੂ ਹੀ ਗਿਆਨ ਹੈ:

ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ॥

(ਸ਼ਬਦ ਹਜ਼ਾਰੇ ਪਾ: ੧੦)

ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ॥

(ਵਾਰ ਮਾਝ, ਮ: ੧, ਪੰਨਾ 143)

ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ, ਪੰਜਾਹ ਜਲਦੇ ਹੋਏ ਚਰਾਗ਼ ਸਾਹਮਣੇ ਹਨ। ਜੇਕਰ ਮਨੁੱਖ ਅੰਨ੍ਹਾ ਹੈ ਤਾਂ ਪੰਜਾਹ ਦੀਵੇ ਸਮਝੋ ਬੇਅਰਥ ਹੋ ਗਏ। ਪਤਾ ਨਹੀਂ ਮਨੁੱਖਤਾ ਦੇ ਸਾਹਮਣੇ ਕਿਤਨੇ ਅਵਤਾਰ ਬੇਅਰਥ ਹੋ ਗਏ ਹਨ! ਕਿਤਨੇ ਜਲਦੇ ਹੋਏ ਦੀਵੇ ਬੇਅਰਥ ਹੋ ਗਏ ਹਨ!! ਜਲਦੇ ਰਹੇ,

ਵੰਡਦੇ ਰਹੇ ਰੌਸ਼ਨੀ ਅਤੇ ਜ਼ਿੰਦਗੀ ਦੇ ਦੀਵੇ ਵਿਚ ਉਹ ਆਪਣਾ ਖ਼ੂਨ ਜਲਾਂਦੇ ਰਹੇ, ਆਪਣਾ ਸਮਾਂ ਜਲਾਂਦੇ ਰਹੇ, ਆਪਣੀ ਸ਼ਕਤੀ ਜਲਾਂਦੇ ਰਹੇ ਅਤੇ ਉਸ ਤੋਂ ਜੋ ਰੌਸ਼ਨੀ ਪੈਦਾ ਹੁੰਦੀ ਰਹੀ, ਕੋਸ਼ਿਸ਼ ਸੀ ਉਨ੍ਹਾਂ ਦੀ ਕਿ ਜਗਤ ਨੂੰ ਮਿਲੇ, ਪਰ ਗੁਰੂ ਨਾਨਕ ਕਹਿੰਦੇ ਹਨ, "ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ"। ਜਲਦੇ ਹੋਏ ਪੰਜਾਹ ਦੀਵੇ ਬੇਅਰਥ ਹਨ ਅੰਨ੍ਹੇ ਦੇ ਸਾਹਮਣੇ। ਪਤਾ ਨਹੀਂ ਮਨੁੱਖਤਾ ਅੱਜ ਤਕ ਕਿਤਨੇ ਅਵਤਾਰਾਂ ਨੂੰ ਨਕਾਰਾ ਕਰ ਚੁੱਕੀ ਹੈ, ਬਿਲਕੁਲ ਨਕਾਰਾ ਕਰ ਚੁੱਕੀ ਹੈ।

ਕਹਿੰਦੇ ਹਨ, ਜਿਸ ਸਕੂਲ ਦੀ ਕਲਾਸ ਵਿਚ ਬੱਚੇ ਬਹੁਤ ਫ਼ੇਲ੍ਹ ਹੋ ਜਾਣ, ਪਾਸ ਨਾ ਹੋ ਸਕਣ, ਸਕੂਲ ਦੇ ਪ੍ਰਬੰਧਕ ਸੋਚਦੇ ਹਨ ਕਿ ਟੀਚਰ ਬਦਲੀਏ, ਉਸਤਾਦ ਬਦਲੀਏ, ਅਧਿਆਪਕ ਬਦਲੀਏ। ਇਤਨੇ ਬੱਚੇ ਫ਼ੇਲ੍ਹ ਹੋ ਜਾਂਦੇ ਹਨ, ਸ਼ਾਇਦ ਇਹ ਠੀਕ ਢੰਗ ਨਾਲ ਪੜ੍ਹਾ ਨਹੀਂ ਰਹੇ। ਪਰ ਠੀਕ ਢੰਗ ਨਾਲ ਕਿਤਨਾ ਭੀ ਪੜ੍ਹਾਇਆ ਜਾਏ, ਜੇਕਰ ਕੋਈ ਠੀਕ ਢੰਗ ਨਾਲ ਪੜ੍ਹਦਾ ਹੀ ਨਹੀਂ ਤਾਂ ਫਿਰ ਕੀ ਹੋਵੇਗਾ ? ਇਵੇਂ ਹੀ ਪਰਕਿਰਤੀ ਅਧਿਆਪਕ ਬਦਲਦੀ ਰਹੀ ਅਤੇ ਇੱਕੋ ਹੀ ਸ਼੍ਰੇਣੀ ਸਨਾਤਨ ਮਤਿ ਵਿਚ ਚਵ੍ਹੀ ਅਵਤਾਰ ਆਏ। ਗੁਰੂ ਨਾਨਕ ਨੇ ਦਸ ਰੂਪ ਧਾਰਨ ਕੀਤੇ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ, ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਰੂਪ ਵਿਚ, ਗੁਰੂ ਅਮਰਦਾਸ ਜੀ ਦੇ ਰੂਪ ਵਿਚ, ਫਿਰ ਗੁਰੂ ਰਾਮਦਾਸ ਜੀ ਦੇ ਰੂਪ ਵਿਚ, ਫਿਰ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਰੂਪ ਵਿਚ, ਫਿਰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਮਹਾਰਾਜ ਦੇ ਰੂਪ ਵਿਚ, ਫਿਰ ਸ਼ਮ੍ਹਾ ਜਲੀ ਗੁਰੂ ਹਰਿਰਾਏ ਜੀ ਮਹਾਰਾਜ ਦੇ ਰੂਪ ਵਿਚ, ਫਿਰ ਬਾਲਕ ਗੁਰੂ ਧੰਨ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਜੀ ਦੀਪਕ ਲੈ ਕੇ ਅੱਗੇ ਆਏ। ਫਿਰ ਸੱਚ ਦੀ ਮਸ਼ਾਲ ਲੈ ਕੇ ਅੱਗੇ ਆਏ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ। ਫਿਰ ਰੌਸ਼ਨ ਜ਼ਮੀਰ ਬਣ ਕੇ, ਰੌਸ਼ਨ ਚਰਾਗ਼ ਬਣ ਕੇ, ਮਹਾਂ ਸੂਰਜ ਬਣ ਕੇ ਪ੍ਰਗਟ ਹੋਏ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਪਰ ਮਨੁੱਖਤਾ ਦੀ ਦੁਨੀਆਂ ਵਿਚ ਫਿਰ ਭੀ ਹਨੇਰਾ ਹੀ ਹਨੇਰਾ ਹੈ। ਜ਼ਰਦੁਸ਼ਤ ਆਏ, ਈਸਾ ਆਏ, ਮੁਹੰਮਦ ਆਏ, ਮੂਸਾ ਆਏ। ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਅਰਬ ਸਾਰਾ ਅੱਜ ਭੀ ਹਨੇਰੇ ਵਿਚ ਹੈ। ਮੱਧ ਪੂਰਬ ਅੱਜ ਭੀ ਸਾਰਾ ਹਨੇਰੇ ਵਿਚ ਹੈ। ਅਵਤਾਰਾਂ ਦੀ ਧਰਤੀ ਕਹਿਲਾਣ ਵਾਲਾ ਇਹ ਹਿੰਦੋਸਤਾਨ, ਇਹ ਭਾਰਤ, ਅੱਜ ਭੀ ਹਨੇਰੇ ਵਿਚ ਹੈ, ਅੱਜ ਭੀ ਭਟਕ ਰਿਹੈ। ਲਾਉਡਸੇ ਜਿਹੇ ਮਹਾਨ ਵਿਚਾਰਕ ਤੇ ਸੰਤ, ਚੀਨ ਦੀ ਧਰਤੀ ਨੇ ਪੈਦਾ ਕੀਤੇ ਹਨ, ਪਰ ਸਮੱਸਤ ਚੀਨ ਅੱਜ ਭੀ ਹਨੇਰੇ ਵਿਚ ਹੈ, ਸੂਫ਼ੀਆਂ ਨੂੰ ਜਨਮ ਦੇਣ ਵਾਲੀ ਈਰਾਨ ਦੀ ਧਰਤੀ, ਸ਼ੇਖ਼ ਸਾਅਦੀ, ਹਾਫ਼ਿਜ਼, ਮੌਲਾਨਾ ਜਲਾਲੁੱਦੀਨ ਰੂਮੀ, ਸ਼ਮਸ ਤਬਰੇਜ਼ ਅਤੇ ਇਸੇ

ਤਰੀਕੇ ਦੇ ਨਾਲ ਉਮਰ ਖ਼ਿਆਮ, ਇਕ ਤੋਂ ਇਕ ਮਹਾਨ ਦੀਵਾ ਜਲਿਆ ਉਸ ਧਰਤੀ 'ਤੇ ਪਰ ਈਰਾਨ ਅੱਜ ਭੀ ਪ੍ਰਬਲ ਅੰਧਕਾਰ ਵਿਚ ਹੈ, ਭਟਕ ਰਿਹੈ। ਹਜ਼ਾਰਾਂ ਚਰਾਗ਼ ਬੇਕਾਰ ਹੋ ਜਾਣਗੇ ਉਨ੍ਹਾਂ ਮਨੁੱਖਾਂ ਦੇ ਸਾਹਮਣੇ ਜੋ ਅੰਨ੍ਹੇ ਹਨ। ਇਹ ਅੰਧਾਪਨ ਕਿਹੜੀ ਗੱਲ ਦਾ ਹੈ ? ਕੀ ਪਰਕਿਰਤੀ ਅੰਨ੍ਹਿਆਂ ਨੂੰ ਜਨਮ ਦਿੰਦੀ ਹੈ ? ਨਹੀਂ, ਕਿਧਰੇ ਹਜ਼ਾਰਾਂ ਬੱਚਿਆਂ ਵਿੱਚੋਂ ਇਕ ਅੱਧ ਬੱਚਾ ਐਸਾ ਅਸੀਂ ਦੇਖ ਸਕਦੇ ਹਾਂ ਜੋ ਜਨਮ ਤੋਂ ਅੰਨ੍ਹਾ ਹੋਵੇ। ਪਰਕਿਰਤੀ ਤਾਂ ਸੁਜਾਖਿਆਂ ਨੂੰ ਪੈਦਾ ਕਰਦੀ ਹੈ। ਪਰਕਿਰਤੀ 'ਤੇ ਦੋਸ਼ ਨਹੀਂ ਲਗਾ ਸਕਦੇ। ਪਰਮਾਤਮਾ ਤਾਂ ਗਿਆਨੀਆਂ ਨੂੰ ਪੈਦਾ ਕਰਦਾ ਹੈ :

ਬੀਜ ਮੰਤ੍ਰੁ ਸਰਬ ਕੋ ਗਿਆਨੁ ॥ *(ਗਉੜੀ ਸੁਖਮਨੀ ਮ: ੫, ਪੰਨਾ 274)*

ਗਊ ਦੇ ਬਛੜੇ ਨੇ ਜਨਮ ਲਿਆ। ਥੋੜੀ ਦੇਰ ਬਾਅਦ ਹੀ ਉਠਦੈ ਅਤੇ ਗਊ ਦੇ ਅਸਥਨਾਂ ਦੀ ਤਰਫ਼ ਲਪਕਦੈ। ਇਸ ਨੂੰ ਇਹ ਗਿਆਨ ਕਿਸ ਨੇ ਦਿੱਤਾ ਹੈ ਕਿ ਇਸ ਦੀ ਖ਼ੁਰਾਕ ਇਨ੍ਹਾਂ ਅਸਥਨਾਂ ਵਿਚ ਹੈ। ਇਸਦਾ ਰਿਜ਼ਕ ਅਸਥਨਾਂ ਵਿਚ ਪਿਐ। ਫਿਰ ਇਸ ਨੂੰ ਚੁੰਘਣ ਦਾ ਬੋਧ ਕਿਸ ਨੇ ਦਿੱਤਾ ? ਇਹ ਤਾਂ ਸਭ ਪਰਕਿਰਤੀ ਦੇ ਰਹੀ ਹੈ। ਰਿਜ਼ਕ ਦੀ ਤਲਾਸ਼ ਦਾ ਬੋਧ ਪਰਮਾਤਮਾ ਦੇ ਰਿਹੈ। ਰਾਜ਼ਿਕ ਰਹੀਮ ਦੀ ਤਲਾਸ਼ ਦਾ ਬੋਧ ਭੀ ਰਾਜ਼ਿਕ ਰਹੀਮ ਦੇ ਰਿਹੈ, ਪਰਮਾਤਮਾ ਦੇ ਰਿਹੈ। ਸਭ ਨੂੰ ਗਿਆਨ ਦੇ ਰਿਹੈ, ਸਭ ਨੂੰ ਸੂਝ ਦੇ ਰਿਹੈ। ਪਰ ਇਹ ਅੰਨ੍ਹਾਪਨ ਕਿਉਂ ਹੈ ? ਇਕ ਤਾਂ ਉਹ ਅੰਨ੍ਹਾ ਹੈ, ਜਿਸ ਨੂੰ ਕਹਿ ਦੇਈਏ ਕਿ ਇਸ ਦੀਆਂ ਅੱਖਾਂ ਵਿਚ ਰੌਸ਼ਨੀ ਹੈ ਹੀ ਨਹੀਂ। ਇਕ ਅੰਨਾ ਉਹ ਹੈ ਜੋ ਅੱਖਾਂ ਖੋਲ੍ਹੇ ਹੀ ਨਾ, ਅਤੇ ਬਸ, ਇਨ੍ਹਾਂ ਹੀ ਅੰਨ੍ਹਿਆਂ ਦੀ ਗਿਣਤੀ ਜ਼ਿਆਦਾ ਹੈ, ਜੋ ਦੀਵੇ ਦੇ ਜਲਦਿਆਂ ਹੋਇਆਂ ਅੱਖਾਂ ਖੋਲ੍ਹਦੇ ਹੀ ਨਹੀਂ ਅਤੇ ਲੰਬੇ ਸਮੇਂ ਤੱਕ ਅੱਖਾਂ ਬੰਦ ਕਰਨ ਕਰਕੇ, ਅੱਖਾਂ ਵਿਚ ਵੇਖਣ ਦੀ ਸ਼ਕਤੀ ਭੀ ਗੁਆ ਬੈਠਦੇ ਹਨ। ਫਿਰ ਜੀਵਨ ਇਸ ਤਰ੍ਹਾਂ ਜਿਊਂਦੇ ਹਨ, ਧੰਨ ਗੁਰੂ ਅਰਜਨ ਦੇਵ ਜੀ ਦੇ ਕਹਿਣ ਅਨੁਸਾਰ, ਜਿਵੇਂ ਉੱਲੂ। ਸੂਰਜ ਚੜ੍ਹਿਆ ਹੋਇਐ, ਚਾਨਣਾ ਹੈ, ਪਰ ਉੱਲੂ ਦੀ ਦੁਨੀਆਂ ਵਿਚ ਤਾਂ ਹਨੇਰਾ ਹੈ। ਜੇ ਉੱਲੂ ਦੀ ਦੁਨੀਆਂ ਵਿਚ ਹਨੇਰਾ ਹੈ, ਤਾਂ ਉਸ ਨੂੰ ਕੀ ਆਖਾਂਗੇ ਜਿਸ ਮਨੁੱਖ ਦੇ ਜੀਵਨ ਵਿਚ ਹਨੇਰਾ ਹੀ ਹਨੇਰਾ ਹੈ। ਕੀ ਐਸਾ ਤਾਂ ਨਹੀਂ, ਕਿਉਂਕਿ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਖਿਐ ਤੇ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਉੱਲੂ ਹਨੇਰੇ ਵਿਚ ਹੀ ਜੀਅ ਰਿਹੈ। ਸੋ, ਬਹੁਤੀ ਮਨੁੱਖਤਾ ਹਨੇਰੇ ਵਿਚ ਹੀ ਜੀਅ ਰਹੀ ਹੈ, ਅਤੇ ਕਿਉਂਕਿ ਹਨੇਰੇ ਵਿਚ ਜੀਅ ਰਹੀ ਹੈ, ਤਾਂ ਇਸ ਨੂੰ ਉੱਲੂ ਕਹਿਣ ਵਿਚ ਕੀ ਸੰਕੋਚ ਹੈ :

ਸੰਪਤ ਦੋਲ ਝੋਲ ਸੰਗਿ ਝੂਲਤ ਮਾਇਆ ਮਗਨ ਭ੍ਰਮਤ ਘੁਘਨਾ ॥

(ਸਵਯੇ ਮਹਲਾ ੫, ਪੰਨਾ 1387)

ਪੰਜਾਬੀ ਵਿਚ ਉੱਲੂ ਨੂੰ ਘੁੱਗੂ ਕਹਿੰਦੇ ਨੇ, ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਵਾਕ ਹੈ, "ਸੰਪਤ ਦੋਲ ਝੋਲ ਸੰਗਿ ਝੂਲਤ ਮਾਇਆ ਮਗਨ ਭ੍ਰਮਤ ਘੁਘਨਾ"। ਕੋਈ ਪਰਮਾਤਮਾ ਦੀ ਸਮਝ ਨਹੀਂ, ਹਨੇਰਾ ਹੀ ਜ਼ਿੰਦਗੀ ਬਣ ਗਈ ਹੈ, ਹਨੇਰਾ ਹੀ ਆਨੰਦ ਬਣ ਗਿਐ, ਹਨੇਰਾ ਹੀ ਸੁੱਖ ਬਣ ਗਿਐ। ਕਿਤਨਾ ਤਰਸ ਆਏਗਾ ਉਸ ਮਨੁੱਖ ਦੀ ਜ਼ਿੰਦਗੀ ਦੇ ਉੱਤੇ, ਭਟਕਣਾ ਹੀ ਜਿਸ ਦੀ ਜ਼ਿੰਦਗੀ ਬਣ ਜਾਏ, ਭਟਕਣਾ ਹੀ ਜਿਸ ਦੀ ਚਾਲ ਬਣ ਜਾਏ, ਟਕਰਾਉ ਹੀ ਜਿਸ ਦੇ ਜੀਵਨ ਦਾ ਆਧਾਰ ਬਣ ਜਾਏ, ਕਲਾ ਕਲੇਸ਼ ਹੀ ਜਿਸ ਦੀ ਜ਼ਿੰਦਗੀ ਦਾ ਲਕਸ਼ ਬਣ ਜਾਏ। ਕਿਤਨਾ ਤਰਸ ਆਏਗਾ, ਕਿਤਨੀ ਦਇਆ ਆਏਗੀ!! ਇਸ ਦਇਆ ਨੂੰ ਹਿਰਦੇ ਵਿਚ ਧਾਰਨ ਕਰ ਕੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਸੁਲਤਾਨਪੁਰ ਦੀ ਧਰਤੀ ਤੋਂ ਚਲ ਪਏ ਹਨ, ਔਸ਼ਧੀਆਂ ਨਾਲ ਭਰਿਆ ਹੋਇਆ ਝੋਲਾ ਲੈ ਕੇ। ਆਪਣੇ ਹਿਰਦੇ ਵਿਚ ਤਰ੍ਹਾਂ ਤਰ੍ਹਾਂ ਦੀ ਔਸ਼ਧੀ ਰੱਖ ਕੇ ਕਿ ਜਗਤ ਇਕ ਰੋਗ ਹੈ, ਮਨੁੱਖ ਖ਼ੁਦ ਇਕ ਸਮੱਸਿਆ ਹੈ। ਸੋ ਸਾਰੀਆਂ ਸਮੱਸਿਆਵਾਂ ਦਾ ਸਮਾਧਾਨ ਲੈ ਕੇ ਨੌਂ ਖੰਡ ਪ੍ਰਿਥਵੀ ਦੇ ਭ੍ਰਮਣ ਲਈ ਚਲ ਪਏ ਨੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ। ਜਿਥੇ ਜਿਥੇ ਔਸ਼ਧੀ ਕਾਰਗਰ ਸਾਬਤ ਹੋਈ, ਮਨੁੱਖਤਾ ਦੀ ਜ਼ਬਾਨ ਵਿੱਚੋਂ ਨਿਕਲਿਆ—ਬਾਬਾ ਵੈਦ ਰੋਗੀਆਂ ਦਾ। ਰੋਗ ਵਿਆਪਕ ਹੈ :

ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥

(ਧਨਾਸਰੀ ਮ: ੧, ਪੰਨਾ 687)

ਸਮੱਸਤ ਸੰਸਾਰ ਰੋਗੀ ਹੈ। ਹੈਰਾਨਗੀ ਹੈ ਕਿ ਰੋਗ ਨੂੰ ਨਵਿਰਤ ਕਰਨ ਦੇ ਸਾਧਨ ਆਦਿ ਕਾਲ ਤੋਂ ਮਨੁੱਖਤਾ ਲੱਭਦੀ ਰਹੀ ਹੈ। ਬਹੁਤ ਕੁਝ ਲੱਭਿਐ। ਆਯੁਰਵੇਦ ਆਚਾਰੀਆ ਅੱਗੇ ਆਏ ਤਰ੍ਹਾਂ ਤਰ੍ਹਾਂ ਦੀਆਂ ਜੜ੍ਹੀਆਂ ਬੂਟੀਆਂ ਲੈ ਕੇ। ਫਿਰ ਅਸੀਂ ਦੇਖਦੇ ਹਾਂ ਹੋਮਿਉਪੈਥੀ ਅੱਗੇ ਆਈ, ਨੇਚਰਪੈਥੀ ਅੱਗੇ ਆਈ, ਐਲੋਪੈਥੀ ਦਾ ਬੋਲ-ਬਾਲਾ ਹੋਇਆ। ਪਰ ਇਸ ਸਭ ਕੁਝ ਦੇ ਹੁੰਦਿਆਂ ਹੋਇਆਂ ਰੋਗਾਂ ਦਾ ਭੀ ਬੋਲ-ਬਾਲਾ ਹੈ। ਉਤਨੀ ਜ਼ੋਰ ਨਾਲ ਇਹ ਔਸ਼ਧੀਆਂ ਨਹੀਂ ਬੋਲ ਰਹੀਆਂ ਜਿਤਨੀ ਜ਼ੋਰ ਨਾਲ ਰੋਗਾਂ ਦੀ ਪੀੜਾ ਪ੍ਰਗਟ ਹੋ ਰਹੀ ਹੈ, ਰੋਗਾਂ ਦਾ ਰੁਦਨ ਪ੍ਰਗਟ ਹੋ ਰਿਹੈ। ਮੈਡੀਕਲ ਸਟੋਰ ਦਵਾਈਆਂ ਨਾਲ ਭਰੇ ਪਏ ਹਨ ਅਤੇ ਮਨੁੱਖ ਦੀ ਕਾਇਆ ਰੋਗਾਂ ਨਾਲ ਭਰੀ ਪਈ ਹੈ! ਐਸਾ ਨਹੀਂ ਹੈ ਕਿ ਰੋਗ ਮਨੁੱਖ ਨੂੰ ਚੰਬੜੇ ਹਨ, ਸਗੋਂ ਮਨੁੱਖ ਹੀ ਇਕ ਰੋਗ ਹੈ, ਮਨੁੱਖ ਹੀ ਇਕ ਸਮੱਸਿਆ ਹੈ। ਜੇਕਰ ਮਨੁੱਖ ਇਕ ਰੋਗ ਹੈ ਤਾਂ ਗੁਰਬਾਣੀ ਇਸ ਦਾ ਵਿਭਾਜਨ ਕਰਦੀ ਹੈ ਦੋ ਹਿੱਸਿਆਂ ਵਿਚ—ਤਨ ਰੋਗ ਹੈ, ਮਨ ਰੋਗ ਹੈ। ਤਨ ਦੇ ਵਿਚ ਜੋ ਰੋਗ ਹੈ, ਅਨੰਤ ਬੀਮਾਰੀਆਂ ਹਨ ਅਤੇ ਮਨ ਦੇ ਵਿਚ ਜੋ ਰੋਗ ਹੈ, ਚਿੰਤਾਵਾਂ ਹਨ, ਅਨੰਤ

ਚਿੰਤਾਵਾਂ ਅਤੇ ਸੋਗ। ਇੰਝ ਕਹਿ ਲਵੋ ਕਿ ਤਨ ਦੇ ਵਿਚ ਰੋਗ, ਮਨ ਦੇ ਵਿਚ ਸੋਗ। ਅਨੰਤ ਚਿੰਤਾਵਾਂ ਦਾ ਜੋ ਸਮੂਹ ਹੈ, ਉਹ ਹੈ ਸੋਗ ਅਤੇ ਅਨੰਤ ਬੀਮਾਰੀਆਂ ਦਾ ਇਹ ਜੋ ਇਕੱਠ ਹੈ, ਉਹ ਹੈ ਰੋਗ। ਇਹ ਚਲਦਾ ਫਿਰਦਾ ਮਨੁੱਖ ਇੰਝ ਅੰਦਾਜ਼ਾ ਲਾ ਲਵੋ ਕਿ ਰੋਗ ਚੱਲ ਰਿਹੈ, ਸੋਗ ਚਲ ਰਿਹੈ। ਦੋ ਮਨੁੱਖ ਕਿਧਰੇ ਮਿਲਣ ਤਾਂ ਰੋਗਾਂ ਦਾ ਮਿਲਾਪ ਹੋਇਐ, ਸੋਗਾਂ ਦਾ ਮਿਲਾਪ ਹੋਇਐ। ਉਨ੍ਹਾਂ ਦੀ ਗੱਲਬਾਤ ਵਿਚ ਰੋਗ ਹੀ ਪ੍ਰਗਟ ਹੋਣਗੇ। ਆਪਣੀਆਂ ਆਪਣੀਆਂ ਸਮੱਸਿਆਵਾਂ ਹੀ ਪ੍ਰਗਟ ਹੋਣਗੀਆਂ। ਇਕ ਨੇ ਆਪਣਾ ਸੋਗ ਦੱਸਣੈ, ਇਕ ਨੇ ਆਪਣਾ ਰੋਗ ਦੱਸਣੈ। ਸੋ ਇਹ ਤਾਂ ਸੱਚਾਈ ਹੋਈ ਕਿ ਰੋਗ ਹੀ ਰੋਗ ਨਾਲ ਮਿਲਿਐ, ਸੋਗ ਹੀ ਸੋਗ ਨਾਲ ਮਿਲਿਐ। ਦੇਖਣ ਨੂੰ ਤਾਂ ਭਾਵੇਂ ਇੰਝ ਦਿਖਾਈ ਦੇਵੇਗਾ ਕਿ ਮਿੱਤਰ ਮਿੱਤਰ ਨਾਲ ਮਿਲਿਐ, ਪਰ ਗੁਰਬਾਣੀ ਦੀ ਰੌਸ਼ਨੀ ਵਿਚ ਦੇਖੋ ਤਾਂ ਰੋਗ ਦਾ ਹੀ ਰੋਗ ਨਾਲ ਮਿਲਣ ਹੋਇਐ। ਦੇਖਣ ਨੂੰ ਤਾਂ ਇੰਝ ਪ੍ਰਤੀਤ ਹੋਵੇਗਾ ਕਿ ਪਤੀ ਤੇ ਪਤਨੀ ਦਾ ਮਿਲਣ ਹੋਇਐ, ਪਰ ਕੌਣ ਦੱਸੇ ਕਿ ਇਕ ਚਿੰਤਾ ਦੂਸਰੀ ਚਿੰਤਾ ਨਾਲ ਜਾ ਮਿਲੀ ਹੈ। ਇਕ ਰੋਗ ਦੂਸਰੇ ਰੋਗ ਨਾਲ ਬਗ਼ਲਗੀਰ ਹੋਇਐ। ਕਹਿੰਦੇ ਨੇ ਹਸਪਤਾਲ ਦੇ ਅੰਦਰ ਦਾਖ਼ਲ ਮਰੀਜ਼ਾਂ ਦੀ ਮਰੀਜ਼ਾਂ ਨਾਲ ਦੋਸਤੀ ਹੋ ਜਾਂਦੀ ਹੈ। ਰੋਗੀਆਂ ਦੀ ਰੋਗੀਆਂ ਨਾਲ ਦੋਸਤੀ ਹੋ ਜਾਂਦੀ ਹੈ। ਜੇਹਲ ਦੇ ਅੰਦਰ ਕੈਦੀਆਂ ਦੀ ਕੈਦੀਆਂ ਨਾਲ ਦੋਸਤੀ ਹੋ ਜਾਂਦੀ ਹੈ। ਸੁਤੰਤਰ ਬੰਦਿਆਂ ਨਾਲ ਦੋਸਤੀ ਕਰ ਸਕਣ, ਐਸਾ ਮਾਹੌਲ ਹੀ ਉਪਲਬਧ ਨਹੀਂ ਹੈ, ਐਸਾ ਮਾਹੌਲ ਹੀ ਉਨ੍ਹਾ ਦੇ ਸਾਹਮਣੇ ਨਹੀਂ ਹੈ। ਸੋ ਕੈਦੀਆਂ ਦੀ ਦੋਸਤੀ ਕੈਦੀਆਂ ਨਾਲ ਹੋ ਜਾਂਦੀ ਹੈ। ਰੋਗੀਆਂ ਦੀ ਦੋਸਤੀ ਰੋਗੀਆਂ ਨਾਲ ਹੋ ਜਾਂਦੀ ਹੈ ਅਤੇ ਜੇ ਮਨੁੱਖ ਦੇ ਅੰਤਸ਼ਕਰਣ ਵਿਚ ਝਾਤ ਮਾਰ ਕੇ ਦੇਖੀਏ ਤਾਂ ਰੋਗਾਂ ਦੇ ਭੰਡਾਰ ਤੋਂ ਬਿਨਾਂ ਹੋਰ ਹੈ ਕੀ ? ਇਕ ਰੋਗ ਹੀ ਦੂਸਰੇ ਰੋਗ ਨੂੰ ਮਿਲ ਰਿਹੈ। ਇਕ ਚਿੰਤਾ ਹੀ ਦੂਸਰੀ ਚਿੰਤਾ ਨੂੰ ਮਿਲ ਰਹੀ ਹੈ। ਕੋਈ ਪੁੱਤਰ ਤੇ ਪਿਤਾ ਦਾ ਮਿਲਾਪ ਨਹੀਂ, ਦੋ ਸਮੱਸਿਆਵਾਂ ਦਾ ਮਿਲਾਪ ਹੋ ਰਿਹੈ। ਪਿਉ ਨੇ ਆਪਣੀਆਂ ਸਮੱਸਿਆਵਾਂ ਰੱਖ ਦਿੱਤੀਆਂ ਹਨ, ਪੁੱਤਰ ਨੇ ਆਪਣੀਆਂ ਸਮੱਸਿਆਵਾਂ ਰੱਖ ਦਿੱਤੀਆਂ ਹਨ। ਕੋਈ ਭੈਣ ਭਰਾ ਦਾ ਮਿਲਣ ਨਹੀਂ, ਭੈਣ ਨੇ ਆਪਣੀਆਂ ਸਮੱਸਿਆਵਾਂ ਰੱਖ ਦਿੱਤੀਆਂ ਹਨ, ਭਰਾ ਨੇ ਆਪਣੀਆਂ ਸਮੱਸਿਆਵਾਂ ਰੱਖ ਦਿੱਤੀਆਂ ਹਨ। ਜੇਕਰ ਗਹਿਰਾਈ ਵਿਚ ਦੇਖੋ ਤਾਂ ਕੋਈ ਪਤੀ ਤੇ ਪਤਨੀ ਦਾ ਮਿਲਣ ਨਹੀਂ, ਇਕ ਦੂਜੇ ਦੇ ਰੋਗਾਂ ਦਾ ਮਿਲਣ ਹੋ ਰਿਹੈ, ਇਕ ਦੂਜੇ ਦੀਆਂ ਸਮੱਸਿਆਵਾਂ ਦਾ ਮਿਲਣ ਹੋ ਰਿਹੈ ਅਤੇ ਕਿਤਨੀ ਬਦਕਿਸਮਤੀ ਹੈ ਦੁਨੀਆਂ ਦੀ, ਜਦ ਦੋ ਰੋਗਾਂ ਦੇ ਮਿਲਾਪ ਦੇ ਉੱਤੇ ਖ਼ੁਸ਼ੀ ਜ਼ਾਹਰ ਕੀਤੀ ਜਾਏ, ਦੋ ਚਿੰਤਾਵਾਂ ਦੇ ਮਿਲਾਪ ਨੂੰ ਮਿਲਣੀ ਆਖਿਆ ਜਾਏ। ਦੋ

ਮੁਸੀਬਤਾਂ ਦੇ, ਦੋ ਕਲੇਸ਼ਾਂ ਦੇ ਮੇਲ ਮਿਲਾਪ ਨੂੰ ਖ਼ੁਸ਼ੀ ਦਾ ਅਖਾੜਾ ਬਣਾਇਆ ਜਾਏ ਅਤੇ ਜਿਥੇ ਰੋਗ ਹੀ ਖ਼ੁਸ਼ੀ ਦਾ ਅਖਾੜਾ ਬਣ ਜਾਏ, ਉਥੇ ਤਾਂ ਤੰਦਰੁਸਤ ਹੋਣ ਦੀ ਸੰਭਾਵਨਾ ਹੀ ਨਹੀਂ ਰਹਿ ਜਾਂਦੀ। ਜਿਥੇ ਕਲਾ ਕਲੇਸ਼ ਜੀਵਨ ਦਾ ਲਕਸ਼ ਬਣ ਜਾਏ, ਉਥੇ ਸੁੱਖ ਸ਼ਾਂਤੀ ਦੀ ਤਮੰਨਾ ਤਾਂ ਸੁਪਨਾ ਹੀ ਹੋ ਜਾਂਦੀ ਹੈ ਔਰ ਵਾਕਿਆ ਹੀ ਸੁਪਨਾ ਹੋ ਗਈ ਹੈ। ਦੇਖਦੇ ਹਾਂ ਕਿ ਬੜੇ ਬੜੇ ਇਤਿਹਾਸਿਕ ਕੀਮਤੀ ਮੰਦਰਾਂ ਦੇ ਦਰਵਾਜ਼ੇ ਭੀ ਬੰਦ ਹੁੰਦੇ ਜਾ ਰਹੇ ਹਨ। ਜਦ ਕੋਈ ਉਥੇ ਦਰਸ਼ਨ ਕਰਨ ਲਈ ਨਹੀਂ ਜਾ ਰਿਹਾ, ਕੋਈ ਕਥਾ-ਕੀਰਤਨ ਸੁਣਨ ਲਈ ਨਹੀਂ ਜਾ ਰਿਹਾ, ਕਿਸੇ ਦੇ ਅੰਦਰ ਭਾਵਨਾ ਹੀ ਨਹੀਂ, ਉਮੰਗ ਹੀ ਨਹੀਂ। ਬੇਸ਼ਤਰ ਮੰਦਰਾਂ ਦੇ ਦਰਵਾਜ਼ੇ ਅੱਜ ਬੰਦ ਹਨ। ਯੌਰਪ ਵਿਚ ਵੱਡੇ ਵੱਡੇ ਚਰਚ ਬੰਦ ਹੋ ਚੁੱਕੇ ਹਨ। ਬੇਸ਼ਤਰ ਵੱਡੀਆਂ ਵੱਡੀਆਂ ਗੁਰਦੁਆਰਿਆਂ ਦੀਆਂ ਬਿਲਡਿੰਗਾਂ, ਸਤਿਸੰਗੀਆਂ ਤੋਂ ਖ਼ਾਲੀ ਹਨ। ਕਾਰਨ ? ਜਦੋਂ ਰੋਗ ਦਾ ਰੋਗ ਨਾਲ ਮਿਲਣਾ ਹੀ ਖ਼ੁਸ਼ੀ ਹੋ ਜਾਏ, ਤਾਂ ਗੁਰਦੁਆਰੇ ਦੀ ਸੁੱਧ ਕਿਸ ਨੇ ਲੈਣੀ ਹੈ ? ਕੌਣ ਮੰਦਰ ਵਿਚ ਜਾਏਗਾ ? ਕਿਸ ਨੇ ਨਮਾਜ਼ ਪੜ੍ਹਨੀ ਹੈ ? ਕੌਣ ਚਰਚ ਵਿਚ ਜਾਏਗਾ ? ਇਸ ਵਾਸਤੇ ਸਮੱਸਤ ਸੰਸਾਰ ਰੋਗੀ ਹੈ, ਖ਼ੁਸ਼ੀ ਦੇ ਅਖਾੜੇ, ਆਨੰਦ ਦੇ ਅਖਾੜੇ, ਖੇੜੇ ਦੇ ਅਖਾੜੇ, ਸੁੰਨੇ ਹੁੰਦੇ ਜਾ ਰਹੇ ਹਨ। ਸਮੱਸਤ ਸੰਸਾਰ ਅੰਨ੍ਹਾ ਹੋ ਗਿਆ ਹੈ। ਮੰਦਰ ਵਿਚ ਜਗਦਾ ਹੋਇਆ ਗੀਤਾਂ ਦਾ ਚਰਾਗ਼, ਮਸਜਿਦ ਵਿਚ ਜਗਦੀ ਹੋਈ ਕੁਰਾਨ੍ ਦੀ ਸ਼ਮ੍ਹਾ, ਚਰਚ ਵਿਚ ਜਗਦੇ ਹੋਏ ਬਾਈਬਲ ਦੇ ਦੀਪ ਅਤੇ ਇਸੇ ਤਰੀਕੇ ਦੇ ਨਾਲ ਗੁਰਦੁਵਾਰਿਆਂ ਵਿਚ ਧੰਨ ਗੁਰੂ ਗ੍ਰੰਥ ਸਾਹਿਬ ਦਾ ਮਹਾਂ ਚਾਨਣ, ਗੁਰੂਆਂ ਦੀ ਬਾਣੀ ਦੇ ਰੂਪ ਵਿਚ, ਭੱਟਾਂ ਦੀ ਬਾਣੀ ਦੇ ਰੂਪ ਵਿਚ, ਭਗਤਾਂ ਦੀ ਬਾਣੀ ਦੇ ਰੂਪ ਵਿਚ, ਅਨੰਤ ਫ਼ੈਲਿਆ ਹੋਇਆ ਇਹ ਪ੍ਰਕਾਸ਼, ਅੰਨ੍ਹਿਆਂ ਦੀ ਦੁਨੀਆਂ ਵਿਚ ਬੇਮ੍ਹਾਅਨੀ ਹੋ ਗਿਆ ਹੈ। ਇਕ ਆਲਮ ਤਾਂ ਇੰਜ ਕਹਿੰਦੈ :

ਬੁਝ ਗਏ ਚਰਾਗ਼ ਦੈਹਰੋ ਹਰਮ ਦਿਲ ਜਲਾਓ ਕਿ ਰੌਸ਼ਨੀ ਕਮ ਹੈ।

ਅਸਲ ਵਿਚ ਦੈਹਰੋ ਹਰਮ ਦੇ ਚਰਾਗ਼ ਬੁਝੇ ਨਹੀਂ, ਪਰ ਅੰਨ੍ਹਿਆਂ ਦੇ ਸਾਹਮਣੇ ਤਾਂ ਬੁਝੇ ਹੋਏ ਹਨ। ਅੰਨ੍ਹੇ ਨੇ ਤਾਂ ਕਹਿ ਦੇਣੈ ਕਿ ਕਿੱਥੇ ਹੈ ਦੀਵਾ ? ਬੁਝਿਆ ਹੋਇਐ। ਜਲਦੇ ਹੋਏ ਦੀਵੇ ਭੀ ਬੁਝੇ ਹੋਏ ਹਨ ਅਗਰ ਅੱਖਾਂ ਦੇ ਦੀਵੇ ਬੰਦ ਹਨ, ਅੱਖਾਂ ਦੇ ਚਰਾਗ਼ ਬੰਦ ਹਨ। ਇਹ ਸ਼ਾਇਰ ਜੋ ਕਹਿ ਰਿਹੈ, ਰਮਜ਼ ਵਿਚ ਕਹਿ ਰਿਹੈ, "ਬੁਝ ਗਏ ਚਰਾਗ਼ ਦੈਹਰੋ ਹਰਮ ਦਿਲ ਜਲਾਓ ਕਿ ਰੌਸ਼ਨੀ ਕਮ ਹੈ।" ਗੁਰੂ ਨਾਨਕ ਦੇਵ ਜੀ ਮਹਾਰਾਜ ਬੜੇ ਸ਼ਾਇਰਾਨਾ ਅੰਦਾਜ਼, ਬੜੇ ਆਲਿਮਾਨਾ ਅੰਦਾਜ਼ ਵਿਚ ਮਨੁੱਖ ਦੀ ਇਸ ਕਮਜ਼ੋਰੀ ਨੂੰ ਉਜਾਗਰ ਕਰ ਕੇ ਮਨੁੱਖਤਾ ਦੇ ਸਾਹਮਣੇ ਰੱਖਦੇ ਹਨ। ਸਾਹਿਬ ਕਹਿੰਦੇ ਹਨ :

ਬਿਨੁ ਤੇਲ ਦੀਵਾ ਕਿਉ ਜਲੈ ॥੧॥ਰਹਾਉ॥ *(ਸਿਰੀਰਾਗੁ ਮ: ੧, ਪੰਨਾ 25)*

ਐ ਮਨੁੱਖ! ਹੈਂ ਤਾਂ ਤੂੰ ਦੀਪਕ, ਪਰ ਕਰੀਏ ਕੀ, ਬੁਝਿਆ ਹੋਇਐਂ। ਨਾਮ ਹੀ ਦੀਪਕ ਹੈ ਪਰ ਬੁਝਿਆ ਹੋਇਐ। ਸਿਰਫ਼ ਨਾਮ ਹੀ ਦੀਪਕ ਰਹਿ ਗਿਐ, ਬਾਕੀ ਤਾਂ ਹਨੇਰਾ ਹੈ, ਅੰਧਕਾਰ ਹੈ। ਬੁਝੇ ਹੋਏ ਦੀਵੇ ਦੇ ਥੱਲੇ ਹੀ ਹਨੇਰਾ ਨਹੀਂ ਹੁੰਦਾ, ਚਾਰੇ ਪਾਸੇ ਹੁੰਦੈ। ਮਨੁੱਖ ਬੁਝਿਆ ਹੋਇਆ ਚਰਾਗ਼ ਹੈ। "ਬਿਨੁ ਤੇਲ ਦੀਵਾ ਕਿਉ ਜਲੈ॥" ਇਸ ਸ਼ਬਦ ਵਿਚ ਮੇਰੇ ਪਾਤਸ਼ਾਹ ਨੇ ਦੋ ਰਹਾਉ ਵਰਨਣ ਕੀਤੇ ਹਨ। ਜਿਸ ਤੋਂ ਮੁਰਾਦ ਹੈ ਠਹਿਰਾਓ, ਵਿਸਰਾਮ। ਰਹਾਉ ਦੀ ਪੰਗਤੀ ਗੁਰਬਾਣੀ ਵਿਚ ਸ਼ਬਦ ਦਾ ਸਿਰਲੇਖ ਹੁੰਦੀ ਹੈ, ਅਨੁਵਾਨ ਹੁੰਦੀ ਹੈ। ਪਰ ਇਹ ਐਸਾ ਸ਼ਬਦ ਹੈ ਜਿਸ ਦੇ ਦੋ ਅਨੁਵਾਨ ਹਨ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਦੋ ਦਰਜਨ ਤੋਂ ਜ਼ਿਆਦਾ ਸ਼ਬਦ ਹਨ, ਜਿਨ੍ਹਾਂ ਵਿਚ ਦੋ ਦੋ ਅਨੁਵਾਨ ਹਨ, ਦੋ ਦੋ ਰਹਾਉ ਹਨ। ਇਸ ਸ਼ਬਦ ਵਿਚ ਭੀ ਦੋ ਰਹਾਉ ਹਨ, "ਬਿਨੁ ਤੇਲੁ ਦੀਵਾ ਕਿਉ ਜਲੈ॥੧॥ਰਹਾਉ॥" ਹੈ ਤਾਂ ਮਨੁੱਖ ਦੀਪਕ, ਪਰ ਤੇਲ ਤੋਂ ਬਿਨਾਂ ਹੈ, ਵੱਟੀ ਤੋਂ ਬਿਨਾਂ ਹੈ। ਇਹ ਦੀਵਾ ਵੱਟੀ ਤੋਂ ਬਿਨਾਂ ਹੈ, ਤੇਲ ਤੋਂ ਬਿਨਾਂ ਹੈ, ਬੁਝਿਆ ਹੋਇਐ। ਦੂਸਰਾ ਰਹਾਉ ਹੈ:

ਇਹੁ ਤੇਲੁ ਦੀਵਾ ਇਉ ਜਲੈ ॥
ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ਰਹਾਉ॥ *(ਸਿਰੀਰਾਗੁ ਮ: ੧, ਪੰਨਾ 25)*

ਇਹ ਤੇਲ ਹੈ, ਇਹ ਵੱਟੀ ਹੈ ਅਤੇ ਤੂੰ ਇਸ ਤਰ੍ਹਾਂ ਚਾਨਣ ਕਰ ਕਿ ਦੀਵਾ ਜਲ ਪਵੇ। ਹਜ਼ਾਰਾਂ ਪਦਾਰਥ ਜੋ ਪਏ ਹਨ ਘਰ ਵਿਚ, ਬੇਸ਼ੁਮਾਰ ਚੀਜ਼ਾਂ ਜੋ ਪਈਆਂ ਨੇ, ਸਭ ਦਿਖਾਈ ਦੇਣ ਲੱਗ ਪੈਂਦੀਆਂ ਹਨ ਅਗਰ ਦੀਵਾ ਜਲ ਪਵੇ। ਅਗਰ ਦੀਵਾ ਬੁਝਿਆ ਹੋਇਐ, ਹਜ਼ਾਰਾਂ ਚੀਜ਼ਾਂ ਵਿੱਚੋਂ ਇਕ ਭੀ ਨਹੀਂ ਦਿਖਾਈ ਦਿੰਦੀ। ਇਸ ਵਾਸਤੇ ਇਹ ਇਕ ਸੱਚਾਈ ਹੈ ਕਿ ਹਨੇਰੇ ਤੋਂ ਵੱਡਾ ਕੋਈ ਪਰਦਾ ਨਹੀਂ ਹੈ, ਹਨੇਰਾ ਬਹੁਤ ਵੱਡਾ ਪਰਦਾ ਹੈ। ਉੱਚੇ ਉੱਚੇ ਪਹਾੜਾਂ ਨੂੰ ਹਨੇਰਾ ਢੱਕ ਦਿੰਦੈ, ਨਹੀਂ ਦਿਖਾਈ ਦਿੰਦੇ। ਬਨਸਪਤੀ, ਬੜੇ ਬੜੇ ਜੰਗਲ, ਬਾਗ਼ ਬਗ਼ੀਚੇ, ਸਭ ਨੂੰ ਹਨੇਰਾ ਢੱਕ ਦਿੰਦੈ। ਉੱਚੀਆਂ ਉੱਚੀਆਂ ਬਿਲਡਿੰਗਾਂ, ਇਹ ਮਹਿਲ, ਇਹ ਮੁਨਾਰੇ, ਹਨੇਰਾ ਸਭ ਨੂੰ ਢੱਕ ਦਿੰਦੈ। ਹਨੇਰੇ ਤੋਂ ਵੱਡਾ ਹੋਰ ਕੋਈ ਪਰਦਾ ਨਹੀਂ ਅਤੇ ਰੌਸ਼ਨੀ ਤੋਂ ਵੱਡੀ ਕੋਈ ਬੇਪਰਦਗੀ ਨਹੀਂ ਹੈ। ਪ੍ਰਕਾਸ਼ ਸਭ ਕੁਝ ਨੂੰ ਪ੍ਰਗਟ ਕਰ ਦਿੰਦੈ, ਇਹ ਪਹਾੜ ਨੇ, ਇਹ ਸ਼ਹਿਰ ਨੇ, ਇਹ ਬਨਸਪਤੀ ਹੈ, ਇਹ ਬਾਗ਼ ਹੈ, ਇਹ ਜੰਗਲ ਨੇ, ਇਹ ਮਨੁੱਖ ਨੇ। ਹਨੇਰਾ ਹੋ ਜਾਏ ਅਤੇ ਇਕ ਘਰ ਵਿਚ ਕੋਈ ਪੰਜਾਹ ਸੱਠ ਸ਼ਖ਼ਸ ਬੈਠੇ ਹੋਵਣ ਤਾਂ ਹਨੇਰੇ ਵਿਚ ਕੋਈ ਦਿਖਾਈ ਨਹੀਂ ਦੇਵੇਗਾ ਕਿ ਭੈਣ ਕੌਣ ਹੈ, ਪਤਨੀ ਕੌਣ ਹੈ, ਮਾਂ ਕੌਣ ਹੈ ਤੇ ਪਿਤਾ ਕੌਣ ਹੈ ? ਹਨੇਰਾ ਐਸਾ ਹੈ ਕਿ ਦੂਸਰੇ ਨੂੰ ਬਰਦਾਸ਼ਤ ਹੀ ਨਹੀਂ ਕਰਦਾ, ਹਨੇਰੇ

ਵਿਚ ਹਨੇਰਾ ਹੀ ਦਿਖਾਈ ਦਿੰਦੈ, ਹੋਰ ਕੁਝ ਭੀ ਨਹੀਂ। ਜਦ ਹਨੇਰਾ ਹੁੰਦੈ, ਅੰਧਕਾਰ ਦੂਸਰੇ ਦੀ ਹੋਂਦ ਨੂੰ ਬਰਦਾਸ਼ਤ ਹੀ ਨਹੀਂ ਕਰਦਾ। ਹਨੇਰਾ ਕਹਿੰਦੈ ਕਿ ਬਸ ਮੈਂ ਹੀ ਹਾਂ। ਸਭ ਤੋਂ ਭਿਆਨਕ ਰੋਗ ਹੈ ਅੰਧਕਾਰ। ਅਹੰਕਾਰ ਦੇ ਸਾਹਮਣੇ ਤਾਂ ਨਿਰੰਕਾਰ ਭੀ ਉਹਲੇ ਹੋ ਜਾਂਦਾ ਹੈ, ਨਹੀਂ ਦਿਖਾਈ ਦਿੰਦਾ। ਅਹੰਕਾਰ ਬੜਾ ਪ੍ਰਬਲ ਅੰਧਕਾਰ ਹੈ।

ਭਾਰਤ ਵਿਚ ਪ੍ਰਾਚੀਨ ਕਾਲ ਤੋਂ ਇਹੋ ਹੀ ਮਹਿਸੂਸ ਕੀਤਾ ਗਿਐ ਕਿ ਮਨੁੱਖ ਦੀ ਜ਼ਿੰਦਗੀ ਵਿਚ ਇੱਕੋ ਹੀ ਤਿਉਹਾਰ ਹੋ ਸਕਦੈ, ਹੋਰ ਨਹੀਂ, ਬਾਕੀ ਸਭ ਵਕਤੀ ਹਨ। ਇੱਕੋ ਹੀ ਤਿਉਹਾਰ ਮਹਾਨ ਹੈ—ਦੀਵਾਲੀ, ਚਾਨਣਾ, ਰੌਸ਼ਨੀ। ਅਤੇ ਮਨੁੱਖ ਦੀ ਜ਼ਿੰਦਗੀ ਵਿਚ ਇੱਕੋ ਹੀ ਬਦਕਿਸਮਤੀ ਹੈ—ਅਮਾਵਸ, ਮੱਸਿਆ, ਹਨੇਰਾ। ਦੀਵਾਲੀ ਮੱਸਿਆ ਦੀ ਰਾਤ ਨੂੰ ਆਉਂਦੀ ਹੈ। ਪੂਰਨਮਾਸ਼ੀ ਦਾ ਚੰਦਰਮਾ ਖਿੜਿਆ ਹੋਇਐ, ਦੀਵੇ ਜਲਾਣ ਦੀ ਲੋੜ ਹੀ ਕੀ ਹੈ! ਪਰ ਦੀਵਿਆਂ ਦੀ ਮਹਾਨਤਾ, ਅਮਾਵਸ ਦੀ ਰਾਤ ਨਾਲ ਹੀ ਬਣਦੀ ਹੈ। ਮਨੁੱਖ ਵੀ ਅਮਾਵਸ ਹੈ। ਅਮਾਵਸ ਸੱਜ ਸਕਦੀ ਹੈ, ਅਮਾਵਸ ਭੀ ਸ਼ਿੰਗਾਰਮਈ ਹੋ ਸਕਦੀ ਹੈ, ਅਮਾਵਸ ਭੀ ਦੁਲਹਨ ਬਣ ਸਕਦੀ ਹੈ, ਬਸ਼ਰਤੇ ਕਿ ਪ੍ਰਕਾਸ਼ ਦਾ ਰਾਜਾ ਆ ਜਾਏ, ਪ੍ਰਕਾਸ਼ ਦਾ ਦੂਹਲਾ ਆ ਜਾਏ। ਇਹ ਅਮਾਵਸ ਭੀ ਸ਼ਿੰਗਾਰਮਈ ਹੋ ਸਕਦੀ ਹੈ, ਪ੍ਰਕਾਸ਼ਮਈ ਹੋ ਸਕਦੀ ਹੈ, ਸਜੀ ਹੋਈ ਦੁਲਹਨ ਹੋ ਸਕਦੀ ਹੈ। ਬਾਹਰ ਤਾਂ ਮਨੁੱਖ ਨੇ ਐਸਾ ਜਤਨ ਕੀਤੈ ਕਿ ਹਜ਼ਾਰਾਂ ਦੀਵੇ ਜਲਾ ਕੇ ਅਮਾਵਸ ਨੂੰ ਰੌਸ਼ਨੀ 'ਚ ਤਬਦੀਲ ਕਰਨ ਵਿਚ ਸਫ਼ਲ ਹੋ ਗਿਐ। ਸੋ ਸਭ ਤੋਂ ਵੱਡਾ ਤਿਉਹਾਰ ਹੋ ਗਿਆ ਦੀਵਾਲੀ। ਪਰ ਜੀਵਨ ਤਾਂ ਸ੍ਰੈਮ ਮੱਸਿਆ ਵਿਚ ਹੈ। ਜੰਮਿਆ ਮੱਸਿਆ ਵਿਚ, ਜੀਵਿਆ ਮੱਸਿਆ ਵਿਚ, ਮਰਿਆ ਭੀ ਮੱਸਿਆ ਵਿਚ। ਪਤਾ ਨਹੀਂ ਕਿਤਨੀਆਂ ਦੀਵਾਲੀਆਂ ਮਨੁੱਖ ਬੇਅਰਥ ਕਰ ਚੁੱਕਿਐ, ਕੁਝ ਵੀ ਪ੍ਰੇਰਨਾ ਨਹੀਂ ਲਈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ, ਐ ਮਨੁੱਖ! ਹੈ ਤਾਂ ਤੂੰ ਦੀਵਾ, ਪਰ ਕਰੀਏ ਕੀ, ਬੁਝਿਆ ਹੋਇਐਂ ਤੇ ਬੁਝਿਆ ਹੋਇਆ ਕਿਉਂ ਹੈ ? ਇਤਨੇ ਜਲਦੇ ਹੋਏ ਦੀਵੇ ਹਨ—ਕ੍ਰਿਸ਼ਨ ਦੀਪਕ, ਇਕ ਦੀਪਕ ਦਾ ਨਾਮ ਹੈ—ਕ੍ਰਿਸ਼ਨ। ਇਕ ਦੀਪਕ ਦਾ ਨਾਮ ਹੈ—ਰਾਮ। ਇਕ ਦੀਪਕ ਦਾ ਨਾਮ ਹੈ—ਗੁਰੂ ਨਾਨਕ। ਇਕ ਦੀਪਕ ਦਾ ਨਾਮ ਹੈ—ਮੁਹੰਮਦ ਸਾਹਿਬ। ਇਕ ਦੀਪਕ ਦਾ ਨਾਮ ਹੈ—ਈਸਾ। ਇਕ ਦੀਪਕ ਹਨ—ਮਹਾਤਮਾ ਬੁੱਧ। ਇਕ ਦੀਪਕ ਹਨ—ਸਵਾਮੀ ਮਹਾਂਵੀਰ। ਪਤਾ ਨਹੀਂ ਕਿਤਨੇ ਦੀਪਕ ਹਨ ਅਤੇ ਇਹ ਤਾਂ ਆਮ ਕਹਾਵਤ ਹੈ ਕਿ ਦੀਵੇ ਨਾਲ ਦੀਵਾ ਜਲਾਇਆ ਜਾ ਸਕਦੈ। ਜਲਦਾ ਹੋਇਆ ਦੀਪਕ ਹੀ ਬੁਝੇ ਹੋਏ ਦੀਪਕ ਨੂੰ ਜਲਾਉਂਦੈ। ਪਰ ਬਲਦੇ ਹੋਏ ਦੀਵੇ ਸਾਰੇ ਨਾਕਾਮ ਸਾਬਤ ਹੋ ਜਾਂਦੇ ਹਨ, ਜਦ

ਦੀਵੇ ਵਿਚ ਤੇਲ ਹੀ ਨਾ ਹੋਵੇ, ਵੱਟੀ ਹੀ ਨਾ ਹੋਵੇ ਤਾਂ ਕੀ ਕਰਨਗੇ! ਜਲਾਂਦੇ ਰਹੇ ਨੇ ਇਨ੍ਹਾਂ ਬੁਝੇ ਹੋਏ ਦੀਵਿਆਂ ਨੂੰ ਇਹ ਅਵਤਾਰੀ ਪੁਰਸ਼, ਪਰ ਉਨ੍ਹਾਂ ਦੀ ਰੌਸ਼ਨੀ ਇਨ੍ਹਾਂ ਨੂੰ ਰੌਸ਼ਨ ਨਹੀਂ ਕਰ ਸਕੀ, ਕਿਉਂਕਿ ਦੀਵਿਆਂ ਵਿਚ ਤੇਲ ਨਹੀਂ ਸੀ, ਵੱਟੀ ਨਹੀਂ ਸੀ। ਹਰ ਅਵਤਾਰ ਕਿਸੇ ਹੱਦ ਤਕ ਨਾਕਾਮ ਹੋ ਕੇ ਜਗਤ ਤੋਂ ਗਿਐ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਨੇ:

ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਨ॥ *(ਧਿਆਇ ਛੇਵਾਂ, ਬਚਿੱਤ੍ਰ ਨਾਟਕ)*

ਮਨੁੱਖ ਦੇ ਅੰਦਰ ਜਿਹੜੀਆਂ ਦੁਸ਼ਟਪੁਣੇ ਦੀਆਂ ਬਿਰਤੀਆਂ ਹਨ, ਇਨ੍ਹਾਂ ਸਾਰਿਆਂ ਦੀਆਂ ਮੈਂ ਜੜ੍ਹਾਂ ਪੁੱਟਣੀਆਂ ਨੇ, ਸਾਰਾ ਅੰਧਕਾਰ ਨਾਸ਼ ਕਰਨੈ। ਕਵੀ ਤੁਲਸੀ ਭੀ ਕਹਿੰਦੇ ਹਨ:

ਜਬ ਜਬ ਹੋਏ ਧਰਮ ਕੀ ਹਾਨੀ।
ਬਾੜ੍ਹੇ ਅਸਵ ਅਵਦ ਅਭਿਮਾਨੀ।
ਤਬ ਤਬ ਬਿਵਧ ਪ੍ਰਭੂ ਸਰੀਰਾ।
ਹਰਿ ਕਿਰਪਾ ਬਿਨ ਸਜਨ ਪੀਰਾ।

ਜਦੋਂ ਜਦੋਂ ਵੀ ਧਰਮ ਦੀ ਹਾਨੀ ਹੁੰਦੀ ਹੈ, ਧਰਮ ਦਾ ਕੋਈ ਮਹਾਨ ਦੀਪਕ ਆ ਜਾਂਦੈ, ਇਨ੍ਹਾਂ ਬੁਝਿਆਂ ਹੋਇਆਂ ਦੀਵਿਆਂ ਨੂੰ ਜਲਾਣ ਵਾਸਤੇ, ਪਰ ਧਰਮ ਦੀ ਹਾਨੀ ਤਾਂ ਹੋ ਰਹੀ ਹੈ ਅਤੇ ਰੋਜ਼ ਰੋਜ਼ ਇਹ ਹਾਨੀ ਵਧਦੀ ਜਾ ਰਹੀ ਹੈ, ਲਾਭ ਤਾਂ ਕੋਈ ਨਹੀਂ ਹੋ ਰਿਹਾ। ਤੁਲਸੀ ਜੀ ਦੀ ਸ਼ਰਧਾ ਬਿਲਕੁਲ ਠੀਕ ਹੈ। ਐਸਾ ਦਸਮ ਗ੍ਰੰਥ ਵਿਚ ਭੀ ਲਿਖਿਆ ਹੈ:

ਜਬ ਜਬ ਹੋਤ ਅਰਿਸਟ ਅਪਾਰਾ॥
ਤਬ ਤਬ ਦੇਹ ਧਰਤ ਅਵਤਾਰਾ॥ *(ਚਉਬੀਸ ਅਉਤਾਰ)*

ਜਦ ਘੋਰ ਮੱਸਿਆ ਦੀ ਰਾਤ ਹੋ ਜਾਏ, ਆਉਂਦੇ ਨੇ ਅਵਤਾਰ, ਪੂਰਨਮਾਸ਼ੀ ਦਾ ਚੰਦਰਮਾ ਬਣ ਕੇ ਆਉਂਦੇ ਨੇ। ਪਰ ਕੀਤਾ ਕੀ ਜਾਏ, ਜ਼ਿੰਦਗੀ ਦੀ ਅਮਾਵਸ ਜਿਸ ਨਾਲ ਮਨੁੱਖ ਸਹਿਮਤ ਹੋ ਗਿਐ, ਹਨੇਰੇ ਵਿਚ ਜੀਵਣਾ ਜਿਸ ਲਈ ਜਨਮ ਦਿਨ ਬਣ ਗਿਐ, ਹਨੇਰੇ ਵਿਚ ਜ਼ੀਵਣਾ ਜਿਸ ਲਈ ਨੱਚਣਾ ਤੇ ਟੱਪਣਾ ਬਣ ਗਿਐ, ਐਸਾ ਬੁਝਿਆ ਹੋਇਆ ਦੀਵਾ ਫਿਰ ਫ਼ਿਕਰ ਨਹੀਂ ਕਰ ਸਕਦਾ ਕਿ ਉਸ ਵਿਚ ਤੇਲ ਹੈ ਕਿ ਨਹੀਂ, ਵੱਟੀ ਹੈ ਕਿ ਨਹੀਂ। ਐਸੇ ਦੀਵਿਆਂ ਨੇ ਕਈ ਦਫ਼ਾ ਇਨ੍ਹਾਂ ਜਲਦੇ ਹੋਏ ਦੀਵਿਆਂ 'ਤੇ ਇਲਜ਼ਾਮ ਵੀ ਲਾਇਐ। ਮੈਂ ਦੇਖ ਕੇ ਹੈਰਾਨ ਹਾਂ ਕਿ ਇਕ ਦੀਵੇ ਨੂੰ ਤਾਂ ਕਹਿ ਦਿੱਤਾ ਕਿ ਇਹ ਘਰ ਵਿਚ ਕਿਉਂ ਜਲ ਰਿਹੈ ? ਇਹ ਚੌਦਾਂ ਸਾਲ ਵਾਸਤੇ ਬਨਵਾਸ ਵੱਟੇ ਜੰਗਲ ਵਿਚ। ਇਕ ਦੀਵਾ ਤਾਂ ਜੇਹਲ ਦੀ ਤੰਗ ਤੇ ਹਨੇਰੀ ਕੋਠੜੀ ਵਿਚ

ਜਲਿਆ ਸੀ। ਸ੍ਰੀ ਕ੍ਰਿਸ਼ਨ ਦਾ ਜਨਮ ਜੇਹਲ ਦੀ ਹਨੇਰੀ ਕੋਠੜੀ ਵਿਚ ਹੋਇਆ ਸੀ। ਇਕ ਜਲਦੇ ਹੋਏ ਚਰਾਗ਼ ਨੂੰ ਬਾਬਰ ਨੇ ਆਪਣੀ ਜੇਹਲ ਵਿਚ ਪਾ ਦਿੱਤਾ। ਇਕ ਜਲਦੇ ਹੋਏ ਦੀਵੇ ਨੂੰ, ਪ੍ਰਕਾਸ਼ਮਈ ਦੀਪਕ ਨੂੰ, ਵਕਤ ਦੀ ਹਕੂਮਤ ਨੇ ਤੱਤੀ ਤਵੀ ਉੱਤੇ ਬਿਠਾ ਦਿੱਤਾ। ਇਕ ਜਲਦੇ ਹੋਏ ਚਰਾਗ਼ ਨੂੰ ਚਾਂਦਨੀ ਚੌਕ ਵਿਚ ਫੂਕਾਂ ਮਾਰ ਕੇ ਬੁਝਾਣ ਦੀ ਕੋਸ਼ਿਸ਼ ਕੀਤੀ ਗਈ, ਬੁਝਾਓ, ਬੁਝਾਓ। ਪਰ ਕੌਣ ਦੱਸੇ ਕਿ ਇਹ ਦੀਵੇ ਉਹ ਨੇ ਜਿਨ੍ਹਾਂ ਵਿਚ ਤੇਲ ਸ੍ਵੈਮ ਪਰਮਾਤਮਾ ਬਣਿਆ ਹੋਇਐ, ਜਿਨ੍ਹਾਂ ਵਿਚ ਵੱਟੀ ਸ੍ਵੈਮ ਈਸ਼ਵਰ ਬਣਿਆ ਹੋਇਐ :

ਫ਼ਾਨੂਸ ਬਨ ਕਰ ਜਿਸ ਕੀ ਹਿਫ਼ਾਜ਼ਤ ਹਵਾ ਕਰੇ।
ਵੁਹ ਸ਼ਮ੍ਹਾ ਕਯਾ ਬੁਝੇ ਜਿਸੇ ਰੌਸ਼ਨ ਖ਼ੁਦਾ ਕਰੇ।

ਉਹ ਸ਼ਮ੍ਹਾ ਕਿਸ ਤਰ੍ਹਾਂ ਬੁਝੇਗੀ, ਉਹ ਦੀਪਕ ਕਿਵੇਂ ਬੁਝੇਗਾ!! ਪਰ ਇਤਨਾ ਤਾਂ ਕਿਹੈ ਜਾ ਸਕਦੈ ਕਿ ਉਹ ਦੀਵਾ ਕਿਵੇਂ ਜਲ ਸਕੇਗਾ, ਜਿਸ ਵਿਚ ਤੇਲ ਹੀ ਨਹੀਂ ਹੈ, ਵੱਟੀ ਹੀ ਨਹੀਂ ਹੈ। ਜਲਦਾ ਹੋਇਆ ਦੀਪਕ ਤਾਂ ਨਹੀਂ ਬੁਝੇਗਾ, ਪਰ ਬੁਝਿਆ ਹੋਇਆ ਦੀਪਕ ਨਹੀਂ ਜਲ ਸਕੇਗਾ। ਉਹ ਤੇਲ ਕੀ ਹੋ ਸਕਦੈ ? ਉਹ ਵੱਟੀ ਕੀ ਹੈ ? ਬਾਤੀ ਕੀ ਹੈ ? ਤਾਂ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਪਾਵਨ ਪਵਿੱਤਰ ਵਾਕ ਵਿਚ ਇੰਜ ਫ਼ੁਰਮਾਨ ਕਰਦੇ ਹਨ :

ਪੋਥੀ ਪੁਰਾਣ ਕਮਾਈਐ ॥
ਭਉ ਵਟੀ ਇਤੁ ਤਨਿ ਪਾਈਐ ॥
ਸਚੁ ਬੂਝਣੁ ਆਣਿ ਜਲਾਈਐ ॥੨॥
ਇਹੁ ਤੇਲੁ ਦੀਵਾ ਇਉ ਜਲੈ ॥
ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ਰਹਾਉ॥

(ਸਿਰੀਰਾਗ ਮਹਲਾ ੧, ਪੰਨਾ 25)

ਐ ਮਨੁੱਖ! ਜਗਤ ਦੇ ਜਿਤਨੇ ਧਾਰਮਿਕ ਗ੍ਰੰਥ ਨੇ ਇਨ੍ਹਾਂ ਦੀ ਹੀ ਗੱਲ ਮੰਨ ਲੈ। ਐ ਮੁਸਲਮਾਨ! ਕੁਰਾਨ ਦੀ ਗੱਲ ਮੰਨ ਲੈ। ਘਰ ਦੇ ਵਿਚ ਕੁਰਾਨ ਹੈ, ਪਰ ਮੁਸਲਮਾਨ ਕੁਰਾਨ ਤੋਂ ਬਿਨਾਂ ਜੀਅ ਰਿਹੈ। ਘਰ ਘਰ ਵਿਚ ਗੀਤਾ ਦੀਆਂ ਪੋਥੀਆਂ ਹੋ ਸਕਦੀਆਂ ਹਨ, ਗੀਤਾ ਦਾ ਪਾਠ ਹੋ ਸਕਦੈ, ਪਰ ਹਿੰਦੂ ਗੀਤਾ ਤੋਂ ਬਿਨਾਂ ਜੀਅ ਰਿਹੈ। ਗੁਰਬਾਣੀ ਦੇ ਇਤਨੇ ਮਹਾਨ ਚਾਨਣ ਦੇ ਹੁੰਦਿਆਂ ਹੋਇਆਂ, ਸਿੱਖ ਗੁਰਬਾਣੀ ਤੋਂ ਬਿਨਾਂ ਜੀਅ ਰਿਹੈ, ਇਸ ਦਾ ਵਿਵਹਾਰ ਦੱਸਦੈ, ਇਸ ਦਾ ਆਚਾਰ ਦੱਸਦੈ। ਇਸ ਦੇ ਵਿਵਹਾਰ ਉੱਤੇ ਗੁਰਬਾਣੀ ਦੀ ਮੋਹਰ ਨਹੀਂ ਹੈ। ਇਸ ਦੇ ਆਚਾਰ ਨੂੰ ਗੁਰਬਾਣੀ ਤਸਦੀਕ ਨਹੀਂ ਕਰਦੀ। ਇਤਨਾ ਵੱਡਾ ਈਸਾਈ ਜਗਤ ਹੈ, ਪਰ ਬਾਈਬਲ ਤੋਂ ਬਿਨਾਂ ਜੀਅ ਰਿਹੈ। ਇਤਨਾ ਮਹਾਨ ਬੌਧ ਜਗਤ ਹੈ, ਪਰ ਧਮਪਦ ਤੋਂ ਬਿਨਾਂ ਜੀਅ ਰਿਹੈ। ਇਤਨੇ

ਚਰਾਗ਼ ਹਨ, ਇਹ ਰੌਸ਼ਨੀ ਤੋਂ ਬਿਨਾਂ ਕਿਉਂ ਜੀਅ ਰਹੇ ਨੇ ? ਵੱਟੀ ਹੀ ਨਹੀਂ ਹੈ, ਤੇਲ ਹੀ ਨਹੀਂ ਹੈ।

ਸੋ, ਧਰਮ ਗ੍ਰੰਥ ਜੋ ਕਹਿੰਦੇ ਨੇ, ਇਨ੍ਹਾਂ ਨੂੰ ਮੰਨੋ ਅਤੇ ਇਨ੍ਹਾਂ 'ਤੇ ਅਮਲ ਕਰੋ। ਇਕ ਇਕ ਅੱਖਰ ਨੂੰ ਖਿੜੇ ਮੱਥੇ ਮੰਨਣਾ ਚਾਹੀਦਾ ਹੈ। ਮਨੁੱਖ ਤਾਂ ਹੀ ਮੰਨੇਗਾ ਜੇ ਘੱਟ ਤੋਂ ਘੱਟ ਉਹ ਇਤਨਾ ਸਮਝੇ ਕਿ ਮੈਥੋਂ ਇਹ ਅੱਗੇ ਹੈ, ਫਲਾਣਾ ਮੈਥੋਂ ਅੱਗੇ ਹੈ। ਜੇਕਰ ਕ੍ਰਿਸ਼ਨ ਮੇਰੇ ਤੋਂ ਪਿੱਛੇ ਖੜੇ ਹਨ ਤਾਂ ਮੈਨੂੰ ਉਨ੍ਹਾਂ ਦੀ ਕੋਈ ਗੱਲ ਸੁਣਨ ਦੀ ਲੋੜ ਨਹੀਂ। ਉਨ੍ਹਾਂ ਤੋਂ ਤਾਂ ਮੈਂ ਹੀ ਅੱਗੇ ਖੜਾ ਹਾਂ। ਜੇ ਗੁਰੂ ਨਾਨਕ ਮੈਥੋਂ ਪਿੱਛੇ ਹਨ, ਮੇਰੇ ਅੱਗੇ ਨਹੀਂ ਹਨ, ਤੇ ਮੈਂ ਕਿਉਂ ਉਨ੍ਹਾਂ ਦੀ ਗੱਲ ਮੰਨਾਂ ? ਮੈਂ ਦੇਖਦਾ ਹਾਂ, ਮਨੁੱਖ ਨੇ ਰਾਜਨੀਤਕਾਂ ਨੂੰ ਭੀ ਅੱਗੇ ਰੱਖਿਐ। ਉਨ੍ਹਾਂ ਦੀ ਗੱਲ ਭੀ ਮੰਨ ਲੈਂਦੇ ਨੇ। ਮਨੁੱਖ ਨੇ ਪਰਿਵਾਰ ਨੂੰ ਭੀ ਅੱਗੇ ਰੱਖਿਐ, ਪਤੀ, ਪਤਨੀ ਇਕ ਦੂਜੇ ਦੀ ਗੱਲ ਭੀ ਮੰਨ ਲੈਂਦੇ ਨੇ। ਭਰਾ ਭਰਾ ਦੀ ਗੱਲ ਮੰਨ ਲੈਂਦੈ। ਇੰਜ ਕਹਿ ਲਵੋ, ਮਨੁੱਖ ਨੇ ਪਰਿਵਾਰ ਅੱਗੇ ਰੱਖਿਆ ਹੋਇਐ, ਰਾਜਨੀਤਕ ਲੋਕਾਂ ਨੂੰ ਭੀ ਅੱਗੇ ਰੱਖਿਆ ਹੋਇਐ। ਮਨੁੱਖ ਦੀ ਇਹੀ ਚੇਸ਼ਟਾ ਰਹਿੰਦੀ ਹੈ ਕਿ ਹਰ ਅਵਤਾਰ ਨੂੰ ਆਪਣੇ ਪਿੱਛੇ ਹੀ ਖੜਾ ਕਰੋ, ਜਿਸ ਪਾਸੇ ਅਸੀਂ ਚੱਲ ਰਹੇ ਹਾਂ, ਉਸ ਪਾਸੇ ਹੀ ਉਹ ਚੱਲਣ। ਜਦ ਕਿ ਅਵਤਾਰ ਕਹਿੰਦੇ ਨੇ, ਜਿਸ ਪਾਸੇ ਅਸੀਂ ਚੱਲ ਰਹੇ ਹਾਂ, ਤੁਸੀਂ ਉਧਰ ਚੱਲੋ :

> **ਗੁਰਸਿਖ ਮੀਤ ਚਲਹੁ ਗੁਰ ਚਾਲੀ॥**
> **ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥**

(ਧਨਾਸਰੀ ਮਹਲਾ 4, ਪੰਨਾ 667)

ਜੇਕਰ ਅਵਤਾਰ ਮਨੁੱਖ ਦੇ ਪਿੱਛੇ ਚੱਲਣ ਲੱਗ ਪਵੇ, ਤਾਂ ਫਿਰ ਅਵਤਾਰ ਅਵਤਾਰ ਨਹੀਂ ਹੈ। ਜੇਕਰ ਮਨੁੱਖ, ਮਨੁੱਖ ਦੇ ਪਿੱਛੇ ਚਲਣ ਲੱਗ ਪਵੇ ਤਾਂ ਮਨੁੱਖ, ਮਨੁੱਖ ਨਹੀਂ ਹੈ, ਇਹ ਤਾਂ ਦੇਵਤਾ ਹੈ, ਇਹ ਤਾ ਫ਼ਰਿਸ਼ਤੈ, ਇਹ ਤਾਂ ਮਹਾਨ ਹੋ ਗਿਐ। ਪ੍ਰੰਤੂ ਦੇਖਣ ਵਿਚ ਆਇਐ ਕਿ ਪਤੀ, ਪਤਨੀ ਦੇ ਪਿੱਛੇ ਚਲ ਸਕਦੈ, ਸੰਸਾਰ ਰਾਜਨੀਤਕ ਦੇ ਪਿੱਛੇ ਚਲ ਸਕਦੈ, ਪਰ ਮਨੁੱਖ ਅਵਤਾਰ ਦੇ ਪਿੱਛੇ ਨਹੀਂ ਚਲ ਸਕਦਾ, ਜਦ ਕਿ ਅਵਤਾਰਾਂ ਦੀ ਕੋਸ਼ਿਸ਼ ਹੈ ਕਿ ਸਾਡੀ ਆਵਾਜ਼ ਦੀ ਸੇਧ ਵਿਚ ਚਲੇ ਆਓ, ਪਹੁੰਚ ਜਾਉਗੇ ਘਰ ਤਕ। ਸਾਹਿਬ ਕਹਿੰਦੇ ਨੇ, ਧਰਮ ਗ੍ਰੰਥ ਨੂੰ ਮੰਨ ਲੈਣਾ ਅਤੇ ਮੰਨ ਕੇ ਉਨ੍ਹਾਂ ਨੂੰ ਹਿਰਦੇ ਵਿਚ ਧਾਰਨ ਕਰ ਕੇ ਉਨ੍ਹਾਂ ਦਾ ਰੋਜ਼ਾਨਾ ਪਾਠ ਪਠਨ ਕਰਨਾ, ਇਹ ਦੀਵੇ ਵਿਚ ਤੇਲ ਪਾਉਣ ਵਾਂਗ ਹੈ—"ਭਉ ਵਟੀ ਇਤੁ ਤਨਿ ਪਾਈਐ"। ਭਾਵਨਾ ਦੀ ਵੱਟੀ, ਪਿਆਰ ਦੀ ਬੱਤੀ ਲਾਉ। ਜਿਸ ਨੂੰ ਰੋਜ਼ ਰੋਜ਼ ਯਾਦ ਕਰੀਏ—ਪਾਠ ਦੇ ਰਾਹੀਂ, ਬਾਣੀ ਦੇ ਰਾਹੀਂ, ਆਖ਼ਰ ਯਾਦ ਇਕ ਦਿਨ ਤਾਂ ਪਿਆਰ ਬਣੇਗੀ ਹੀ ਬਣੇਗੀ। ਯਾਦ

ਹੀ ਪਿਆਰ ਬਣਦੀ ਹੈ। ਇਸ ਬਾਰੇ ਮੈਂ ਇਕ ਉਦਾਹਰਣ ਦਿੰਦਾ ਹੁੰਦਾ ਹਾਂ। ਜਿਵੇਂ ਖ਼ਾਧਾ ਹੋਇਆ ਭੋਜਨ ਇਕ ਦਿਨ ਖ਼ੂਨ ਬਣਦੈ, ਵਾਰ ਵਾਰ ਕੀਤੀ ਹੋਈ ਯਾਦ ਇਕ ਦਿਨ ਪਿਆਰ ਬਣ ਜਾਂਦੀ ਹੈ। ਰੋਜ਼ ਰੋਜ਼ ਦਾ ਪਾਠ, ਰੋਜ਼ ਰੋਜ਼ ਦੀ ਇਹ ਧਰਮ-ਗ੍ਰੰਥਾਂ ਦੀ ਕਮਾਈ ਇਕ ਦਿਨ ਪਿਆਰ ਬਣ ਜਾਂਦੀ ਹੈ। ਸੋ ਪਾਠ ਕਰਨਾ, ਧਰਮ-ਗ੍ਰੰਥਾਂ ਦੀ ਇਸ ਰਚਨਾ ਨੂੰ, ਇਸ ਬਾਣੀ ਨੂੰ ਮੰਨਣਾ ਤੇ ਜਪ ਕਰਨਾ, ਇਹ ਤੇਲ ਪਾਣਾ ਹੈ। ਪੜ੍ਹਨ ਤੇ ਜਪਣ ਵਿਚ ਥੋੜ੍ਹਾ ਜਿਹਾ ਅੰਤਰ ਹੈ। ਮੈਂ ਪੜ੍ਹਨੈ ਇਸ ਵਾਸਤੇ ਕਿ ਮੈਨੂੰ ਯਾਦ ਹੋਵੇ। ਮੈਂ ਪੜ੍ਹਨੈ ਇਸ ਵਾਸਤੇ ਕਿ ਮੈਨੂੰ ਇਸ ਦੇ ਅਰਥ ਬੋਧ ਆ ਜਾਣ। ਮੈਂ ਪੜ੍ਹਨੈ ਇਸ ਵਾਸਤੇ ਕਿ ਮੈਨੂੰ ਪਤਾ ਚਲ ਜਾਏ ਕਿ ਕਿਸ ਭਗਤ ਦਾ, ਕਿਸ ਅਵਤਾਰ ਦਾ ਇਹ ਬੋਲ ਹੈ। ਪਰ ਮੈਂ ਜਪਣੈ ਇਸ ਵਾਸਤੇ ਕਿ ਮੈਂ ਸ਼ਬਦ ਦਾ ਹੀ ਰੂਪ ਹੋ ਜਾਵਾਂ, ਇਸ ਬਾਣੀ ਦਾ ਹੀ ਰੂਪ ਹੋ ਜਾਵਾਂ। ਜਪਣ ਲੱਗਿਆਂ ਬਾਣੀ ਦਾ, ਵਾਕ ਦਾ ਕੰਠ ਹੋਣਾ ਬੜਾ ਲਾਜ਼ਮੀ ਹੈ, ਕਿਉਂਕਿ ਜਪਣਾ ਉਸ ਨੂੰ ਕਹਿੰਦੇ ਹਨ, ਜਿਥੇ ਜ਼ਬਾਨ ਉਚਾਰਣ ਕਰੇ ਤੇ ਮਨ ਸੁਣੇ। ਪੜ੍ਹਨਾ ਉਸ ਨੂੰ ਕਹਿੰਦੇ ਹਨ, ਕਿ ਦੇਖ ਤਾਂ ਮੈਂ ਸਾਹਮਣੇ ਰਿਹਾਂ ਲਿਖੇ ਹੋਏ ਉੱਤੇ, ਲੇਕਿਨ ਧਿਆਨ ਬਾਹਰ ਹੈ। ਪਰੰਤੂ ਜਪਣਾ ਉਸ ਨੂੰ ਕਹਿੰਦੇ ਹਨ, ਜਿਥੇ ਧਿਆਨ ਅੰਤਰਮੁਖੀ ਹੈ, ਹੁਣ ਸੁਣਨਾ ਆਰੰਭ ਹੋ ਗਿਐ। ਮੈਂ ਪੜ੍ਹਨੈ ਇਸ ਵਾਸਤੇ ਕਿ ਬਾਣੀ ਦੀ ਸਮਝ ਪੈ ਜਾਏ। ਮੈਂ ਜਪਣੈ ਇਸ ਵਾਸਤੇ ਕਿ ਮੈਂ ਬਾਣੀ ਦਾ ਰੂਪ ਹੋ ਜਾਵਾਂ, ਪ੍ਰਕਾਸ਼ਮਈ ਹੋ ਜਾਵਾਂ:

ਪੋਥੀ ਪੁਰਾਣ ਕਮਾਈਐ॥
ਭਉ ਵਟੀ ਇਤੁ ਤਨਿ ਪਾਈਐ॥
ਸਚੁ ਬੂਝਣੁ ਆਣਿ ਜਲਾਈਐ॥
ਇਹੁ ਤੇਲੁ ਦੀਵਾ ਇਉ ਜਲੈ॥
ਕਰਿ ਚਾਨਣੁ ਸਾਹਿਬ ਤਉ ਮਿਲੈ॥

ਜਿਵੇਂ ਤੂੰ ਭਾਵਨਾ ਦੀ ਵੱਟੀ ਪਾਏਂਗਾ, ਪਿਆਰ ਦੀ ਵੱਟੀ ਪਾਏਂਗਾ, ਧਰਮ-ਗ੍ਰੰਥਾਂ ਦੇ ਪਾਠ ਪਠਨ ਦਾ ਤੇਲ ਪਾਏਂਗਾ ਤਾਂ ਯਕੀਨ ਜਾਣੀ, ਜਿਸ ਭੀ ਅਵਤਾਰ ਦੀ ਸ਼ਮ੍ਹਾ ਤੇਰੇ ਨਾਲ ਛੂਹ ਗਈ, ਤੂੰ ਰੌਸ਼ਨ ਹੋ ਜਾਏਂਗਾ, ਪ੍ਰਕਾਸ਼ਮਈ ਹੋ ਜਾਏਂਗਾ। ਸਾਰੇ ਰੋਗ ਭੱਜ ਜਾਣਗੇ। ਕਿਉਂਕਿ ਹਨੇਰਾ ਹੀ ਰੋਗ ਹੈ, ਹਨੇਰੇ ਦੇ ਨਾਸ ਹੁੰਦਿਆਂ ਹੀ ਸਾਰਾ ਸੁਹੱਪਣ ਉਜਾਗਰ ਹੋ ਜਾਏਗਾ, ਸਾਰੀ ਦੌਲਤ ਤੇਰੇ ਸਾਹਮਣੇ ਆ ਜਾਏਗੀ। ਪਰ ਹਨੇਰੇ ਦੇ ਹੁੰਦਿਆਂ ਹੋਇਆਂ ਸਾਰਾ ਸੁਹੱਪਣ ਢੱਕਿਆ ਜਾਏਗਾ, ਸਾਰੀ ਦੌਲਤ 'ਤੇ ਪੜਦਾ ਪੈ ਜਾਏਗਾ, ਸਾਰੇ ਸੁੱਖਾਂ 'ਤੇ ਪੜਦਾ ਪੈ ਜਾਏਗਾ, ਸਾਰੇ ਆਨੰਦ 'ਤੇ ਪੜਦਾ ਪੈ ਜਾਏਗਾ ਅਤੇ ਹਨੇਰਾ ਰੋਗ ਦੀ ਤਰ੍ਹਾਂ, ਭਿਆਨਕ ਭਟਕਣਾ ਦੀ ਤਰ੍ਹਾਂ, ਠੋਕਰਾਂ ਦੀ ਤਰ੍ਹਾਂ ਤੇਰੇ ਸਾਹਮਣੇ ਆ ਜਾਏਗਾ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਇਸੇ ਹੀ ਚਾਨਣੇ ਦੀ

ਔਸ਼ਧੀ ਸਮੱਸਤ ਸੰਸਾਰ ਵਿਚ ਵੰਡਦੇ ਰਹੇ ਅਤੇ ਕਹਿੰਦੇ ਰਹੇ ਕਿ ਹਨੇਰਾ ਰੋਗ ਹੈ, ਅੰਧਕਾਰ ਰੋਗ ਹੈ; ਰੌਸ਼ਨੀ ਔਸ਼ਧੀ ਹੈ, ਗਿਆਨ ਔਸ਼ਧੀ ਹੈ। ਇਸ ਵਾਸਤੇ ਹਰ ਮਨੁੱਖ ਦੀ ਰਸਨਾ ਤੋਂ ਨਿਕਲਿਆ—ਬਾਬਾ ਵੈਦ ਰੋਗੀਆਂ ਦਾ, ਬਾਬਾ ਵੈਦ ਰੋਗੀਆਂ ਦਾ। ਸਾਹਿਬ ਕਹਿੰਦੇ ਹਨ :

ਦਰਦੁ ਹੋਵੈ ਦੁਖੁ ਰਹੈ ਸਰੀਰ ॥
ਐਸਾ ਦਾਰੂ ਲਗੈ ਨ ਬੀਰ ॥੧॥ਰਹਾਉ॥

(ਮਲਾਰ ਮਹਲਾ ੧, ਪੰਨਾ 1256)

ਸੰਸਾਰ ਵਿਚ ਇਤਨੀਆਂ ਔਸ਼ਧੀਆਂ ਮੌਜੂਦ ਨੇ, ਪਰ ਨਾਲ ਹੀ ਦੁੱਖ ਵੀ ਮੌਜੂਦ ਨੇ, ਰੋਗ ਵੀ ਮੌਜੂਦ ਨੇ। ਕਾਰਨ ? ਔਸ਼ਧੀ ਇਕ ਰੋਗ ਨੂੰ ਦਬਾਂਦੀ ਹੈ, ਦੂਸਰੇ ਨੂੰ ਪੈਦਾ ਕਰਦੀ ਹੈ। ਦੂਸਰੇ ਨੂੰ ਦਬਾਂਦੀ ਹੈ, ਤੀਸਰੇ ਨੂੰ ਪੈਦਾ ਕਰਦੀ ਹੈ। ਇਸ ਸੱਚਾਈ ਨੂੰ ਡਾਕਟਰ ਵੈਦ ਕਬੂਲ ਕਰਨ ਲੱਗ ਪਏ ਹਨ। ਠੀਕ ਹੈ, ਜਿਸ ਰੋਗ ਦੀ ਪੀੜਾ ਹੋ ਰਹੀ ਹੈ, ਉਸ ਰੋਗ ਨੂੰ ਦਬਾ ਦਿੱਤਾ ਅਤੇ ਜਿਤਨੀ ਮਿਕਦਾਰ ਵਿਚ ਪੀੜਾ ਨੂੰ, ਰੋਗ ਨੂੰ ਮਨੁੱਖ ਦਬਾਂਦੈ, ਉਤਨੀ ਮਿਕਦਾਰ ਵਿਚ ਦੂਸਰਾ ਰੋਗ ਪੈਦਾ ਹੋ ਜਾਂਦੈ। ਇਸ ਤਰ੍ਹਾਂ ਅੱਗੇ ਅੱਗੇ ਰੋਗਾਂ ਦੀ ਪੈਦਾਇਸ਼ ਹੁੰਦੀ ਹੈ ਅਤੇ ਸਾਰਾ ਜੀਵਨ ਰੋਗ ਵਿਚ ਬਤੀਤ ਹੋ ਜਾਂਦਾ ਹੈ। ਧੰਨ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਇਕ ਐਸਾ ਦਾਰੂ ਭੀ ਹੈ :

ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥

(ਵਾਰ ਮਲਾਰ, ਮ: ੨, ਪੰਨਾ 1279)

ਜਿਸ ਨਾਲ ਸਾਰੇ ਰੋਗਾਂ ਦਾ ਘਾਣ ਹੋ ਜਾਂਦਾ ਹੈ। ਜਨਮ, ਜੀਵਣ ਤੇ ਮਰਨ ਤਿੰਨੇ ਹੀ ਮਿਟ ਜਾਂਦੇ ਹਨ। ਇਹੀ ਰੋਗਾਂ ਦੀ ਖਾਣ ਹੈ, ਇਹੀ ਰੋਗਾਂ ਦਾ ਇਕੱਠ ਹੈ ਅਤੇ ਇਹ ਸਾਰੇ ਦੇ ਸਾਰੇ ਨਾਸ ਹੋ ਸਕਦੇ ਹਨ—ਆਤਮ ਪ੍ਰਕਾਸ਼ ਨਾਲ, ਆਤਮ ਚਿੰਤਨ ਦੇ ਨਾਲ। ਅੰਧਕਾਰ ਦਾ ਰੋਗ ਖ਼ਤਮ ਹੋ ਸਕਦੈ ਅਤੇ ਜ਼ਿੰਦਗੀ ਇਕ ਮਹਾਨ ਦੀਵਾਲੀ ਬਣ ਸਕਦੀ ਹੈ, ਪ੍ਰਕਾਸ਼ਮਈ ਹੋ ਸਕਦੀ ਹੈ। ਗੁਰੂ ਅਰਜਨ ਸਾਹਿਬ ਵੀ ਇਸ ਸਬੰਧੀ ਫ਼ੁਰਮਾਉਂਦੇ ਹਨ :

ਹਉਮੈ ਰੋਗੁ ਮਾਨੁਖ ਕਉ ਦੀਨਾ ॥
ਕਾਮ ਰੋਗਿ ਮੈਗਲੁ ਬਸਿ ਲੀਨਾ ॥
ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥
ਨਾਦ ਰੋਗਿ ਖਪਿ ਗਏ ਕੁਰੰਗਾ ॥੧॥
ਜੋ ਜੋ ਦੀਸੈ ਸੋ ਸੋ ਰੋਗੀ ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥੧॥ਰਹਾਉ॥

(ਭੈਰਉ ਮ: ੫, ਪੰਨਾ 1140)

"ਜੋ ਜੋ ਦੀਸੈ ਸੋ ਸੋ ਰੋਗੀ"—ਜੋ ਭੀ ਦਿਖਾਈ ਦੇ ਰਿਹੈ, ਰੋਗ ਹੀ ਦਿਖਾਈ ਦੇ ਰਿਹੈ, ਰੋਗ ਦੇ ਹੀ ਦਰਸ਼ਨ ਹੁੰਦੇ ਹਨ। ਚੱਲਦੇ ਫਿਰਦੇ ਮਨੁੱਖਾਂ ਦੇ ਦਰਸ਼ਨ ਨਹੀਂ, ਰੋਗ ਦੇ ਦਰਸ਼ਨ ਨੇ, ਰੋਗੀਆਂ ਦੇ ਦਰਸ਼ਨ ਨੇ। ਇਕ ਇਕ ਮਨੁੱਖ ਇਕ ਐਸੀ ਤਖ਼ਤੀ ਹੈ, ਜਿਸ ਦੇ ਉੱਤੇ ਹਜ਼ਾਰਾਂ ਰੋਗ ਲਿਖੇ ਹੋਏ ਹਨ। ਪੜ੍ਹਨ ਦੀ ਸਮਰਥਾ ਹੋਵੇ, ਮਨੁੱਖ ਖ਼ੁਦ ਪੜ੍ਹ ਸਕਦੈ, ਨਹੀਂ ਤਾਂ ਇਹ ਤਖ਼ਤੀ ਖ਼ੁਦ ਭੀ ਬੋਲਣ ਲੱਗ ਪੈਂਦੀ ਹੈ ਅਤੇ ਖ਼ੁਦ ਭੀ ਬਿਆਨ ਕਰਨ ਲੱਗ ਪੈਂਦੀ ਹੈ। ਰੂਹੇ-ਜ਼ਮੀਨ 'ਤੇ ਇਕ ਮਨੁੱਖ ਹੀ ਐਸੀ ਤਖ਼ਤੀ ਹੈ ਜੋ ਆਪਣੇ ਲਿਖੇ ਹੋਏ ਅੱਖਰਾਂ ਨੂੰ ਖ਼ੁਦ ਪੜ੍ਹ ਕੇ ਸੁਣਾਂਦੀ ਹੈ ਕਿ ਮੈਂ ਦੁਖੀ ਹਾਂ, ਮੈਂ ਦੁਖੀ ਹਾਂ। ਇਹ ਰੋਗ ਹੈ, ਇਹ ਰੋਗ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ, ਹਰ ਮਨੁੱਖ ਰੋਗਾਂ ਦੀ ਪੰਡ ਹੈ, ਦੁੱਖਾਂ ਦੀ ਪੰਡ ਹੈ, ਸਿਰਫ਼ ਖੋਲ੍ਹਣ ਦੀ ਦੇਰ ਹੈ, ਜ਼ਰਾ ਜਿਹਾ ਖੋਲ੍ਹੀਏ ਤਾਂ ਸਿਵਾਏ ਦੁੱਖਾਂ ਦੇ ਹੋਰ ਕੁਝ ਵੀ ਨਹੀਂ ਨਿਕਲਦਾ:

ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ॥

(ਵਾਰ ਸਾਰੰਗ, ਮ: ੧, ਪੰਨਾ 1240)

ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ, ਹਰ ਮਨੁੱਖ ਦੁੱਖਾਂ ਦੀ ਪੰਡ ਹੈ, ਜ਼ਰਾ ਖੋਲ੍ਹੀਏ ਤਾਂ ਰੰਚਕ ਮਾਤ੍ਰ ਭੀ ਸੁੱਖ ਨਹੀਂ ਲੱਭਦਾ, ਦੁੱਖ ਹੀ ਦੁੱਖ ਹੈ। ਇਸੇ ਹੀ ਤਰੀਕੇ ਦੇ ਨਾਲ ਇਕ ਮਹਾਨ ਦਾਰਸ਼ਨਿਕ ਸੰਤ ਜੋ ਢਾਈ ਹਜ਼ਾਰ ਸਾਲ ਪਹਿਲੇ ਭਾਰਤ ਦੀ ਭੂਮੀ ਉੱਤੇ ਹੋਇਆ, ਵੈਸੇ ਤਾਂ ਨਾਮ ਸਿੱਧਾਰਥ ਸੀ, ਬਾਅਦ ਵਿਚ ਗੌਤਮ ਬੁੱਧ ਕਹਿਲਾਇਆ। ਉੱਤਮ ਬੁੱਧ ਵਾਲਾ, ਉੱਤਮ ਸੋਚਣੀ ਵਾਲਾ। ਦੁਨੀਆਂ ਵਿਚ ਕੁਝ ਮਹਾਂਪੁਰਸ਼ ਐਸੇ ਹੁੰਦੇ ਹਨ, ਉਹ ਪਿਟੀ ਹੋਈ ਲਕੀਰ ਦਾ ਹਿੱਸਾ ਨਹੀਂ ਹੁੰਦੇ। ਉਨ੍ਹਾਂ ਦੇ ਚਲਦਿਆਂ ਹੀ ਲਕੀਰਾਂ ਬਣਦੀਆਂ ਹਨ। ਪਿਟੀ ਹੋਈ ਲਕੀਰ ਤੋਂ ਮੁਰਾਦ ਹੈ, ਅੱਜ ਤੱਕ ਜਿਨ੍ਹਾਂ ਜਿਨ੍ਹਾਂ ਰਸਤਿਆਂ ਤੋਂ ਜੋ ਸਤਿ ਪੁਰਸ਼ ਸਤਿ ਤਕ ਪਹੁੰਚੇ ਹਨ, ਉਨ੍ਹਾਂ ਰਸਤਿਆਂ ਦੇ ਉੱਤੇ ਹੀ ਜਿਹੜਾ ਚੱਲਣ੍ਹ ਦੀ ਕੋਸ਼ਿਸ਼ ਕਰੇ, ਉਸ ਦੀ ਆਪਣੀ ਮੇਹਨਤ ਕੁਝ ਨਹੀਂ, ਸਿਰਫ਼ ਪਿੱਛੇ ਹੀ ਚੱਲਿਐ, ਪਰ ਦੋ ਮਹਾਂ ਪੁਰਸ਼ ਜਗਤ ਵਿਚ ਐਸੇ ਹੋਏ ਹਨ—ਇਕ ਮਹਾਤਮਾ ਬੁੱਧ, ਇਕ ਗੁਰੂ ਨਾਨਕ—ਇਹ ਖ਼ੁਦ ਚੱਲਦੇ ਹਨ। ਇਨ੍ਹਾਂ ਦੀ ਜੀਵਨ-ਚੇਤਨਾ ਖ਼ੁਦ ਰਸਤਾ ਲੱਭਦੀ ਹੈ ਅਤੇ ਇਨ੍ਹਾਂ ਦੇ ਚੱਲਣ ਦੇ ਨਾਲ ਰਸਤਾ ਬਣਿਆ। ਇਕ ਰਸਤੇ ਦਾ ਨਾਮ ਬੋਧ ਧਰਮ ਪੈ ਗਿਆ। ਇਕ ਰਸਤੇ ਦਾ ਨਾਮ ਸਿੱਖ ਧਰਮ ਪੈ ਗਿਆ। ਇਹ ਦੋਵੇਂ ਪਿਟੀ ਪਿਟਾਈ ਲਕੀਰ 'ਤੇ ਨਹੀਂ ਚਲੇ। ਦੋਹਾਂ ਨੇ ਖੁਲ੍ਹੇਆਮ ਇਕ ਗੱਲ ਕਹੀ ਹੈ—ਜਨਮ ਦੁੱਖ ਹੈ, ਜੀਵਨ ਦੁੱਖ ਹੈ, ਮਰਨ ਦੁੱਖ ਹੈ। ਜੇਕਰ ਜਨਮ ਦੁੱਖ ਹੈ, ਮਰਨ ਦੁੱਖ ਹੈ ਤਾਂ ਜਨਮ ਤੇ ਮਰਨ ਦੇ ਵਿਚਕਾਰ ਜੋ ਹੋ ਸਕਦੈ, ਉਹ ਸੁਖ ਕਿਵੇਂ ਹੋ ਸਕਦੈ! ਜਿਵੇਂ ਕਣਕ ਦੇ ਬੀਜ ਤੋਂ ਕਣਕ

ਪੈਦਾ ਹੁੰਦੀ ਹੈ, ਚਣਿਆਂ ਦੇ ਬੀਜ ਤੋਂ ਚਣੇ ਹੀ ਪੈਦਾ ਹੁੰਦੇ ਹਨ। ਜੇਕਰ ਜਨਮ ਦੁੱਖ ਹੈ ਤਾਂ ਇਸ ਦੁੱਖ ਵਿਚ ਸਾਰਾ ਜੀਵਨ ਦੁਖੀ ਹੋਵੇਗਾ, ਹੋਰ ਕੁਝ ਨਹੀਂ ਅਤੇ, ਅੰਤਮ ਇਕ ਦੁੱਖ ਦੀ ਬਹੁਤ ਵੱਡੀ ਮੋਹਰ ਲੱਗੇਗੀ, ਉਹ ਹੈ ਮਰਨ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਬਾਣੀ ਦਾ ਫ਼ੁਰਮਾਨ ਹੈ:

ਪ੍ਰਭ ਜਨਮ ਮਰਨ ਨਿਵਾਰਿ ॥
ਹਾਰਿ ਪਰਿਓ ਦੁਆਰਿ ॥ *(ਬਿਲਾਵਲੁ ਮਹਲਾ ੫, ਪੰਨਾ 837)*

ਕਈ ਦਫ਼ਾ ਦਾਰਸ਼ਨਿਕ, ਚਿੰਤਕ, ਗੁਰਮਤਿ ਨੂੰ ਸਮਝਣ ਵਾਲੇ, ਮਹਾਤਮਾ ਬੁੱਧ ਨੂੰ ਪੜ੍ਹਨ ਵਾਲੇ ਹੈਰਾਨ ਹਨ ਕਿ ਇਤਨਾ ਦੁੱਖ ਹੈ ਅਤੇ ਇਤਨੇ ਰੋਗ ਹਨ ਕਿ ਮਨੁੱਖ ਜੀਅ ਕਿਸ ਤਰ੍ਹਾਂ ਲੈਂਦੈ ? ਕਿਵੇਂ ਜੀਅ ਲੈਂਦੈ ? ਇੱਕੋ ਹੀ ਜਵਾਬ ਹੈ, ਆਸ਼ਾ ਕਰਕੇ ਜੀਅ ਲੈਂਦੈ—ਅੱਜ ਦੁੱਖ ਹੈ, ਸ਼ਾਇਦ ਕੱਲ ਨਾ ਹੋਵੇ। ਸਭ ਭਰਮ ਵਿਚ ਹੀ ਜੀਅ ਰਹੇ ਹਨ। ਅੱਜ ਦੁੱਖ ਹੈ, ਕੱਲ ਭੀ ਦੁੱਖ ਹੈ, ਪਰਸੋਂ ਭੀ ਦੁੱਖ ਹੈ। ਅੰਤਮ ਸਮੇਂ ਤਕ ਦੁੱਖ ਹੈ, ਪਰ ਮਨੁੱਖ ਜੀਅ ਲੈਂਦੈ ਸੁਖ ਦੀ ਆਸ਼ਾ ਵਿਚ। ਦੁੱਖ ਵਿਚ ਜੀਅ ਲੈਂਦੈ ਸਿਰਫ਼ ਸੁਖ ਦੀ ਆਸ਼ਾ ਵਿਚ। ਜਿਊਂਦਾ ਤਾਂ ਦੁਖੀ ਹੈ, ਆਸ਼ਾ ਸਿਰਫ਼ ਸੁੱਖ ਦੀ ਹੁੰਦੀ ਹੈ। ਇਸ ਵਾਸਤੇ ਬਾਣੀ ਦਾ ਇਹ ਮਹਾਂਵਾਕ ਹੈ—ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਫ਼ੁਰਮਾਉਂਦੇ ਹਨ:

ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥
(ਸੋਰਠਿ ਮਹਲਾ ੧, ਪੰਨਾ 635)

ਆਸ਼ਾ ਤਾਂ ਇਕ ਬਹੁਤ ਵੱਡਾ ਬੰਧਨ ਹੈ। ਇਸ ਤੋਂ ਛੁਟਕਾਰਾ ਹੋਣਾ ਕਠਨ ਹੈ। ਆਸ਼ਾ ਕਰਕੇ ਜਿਹੜੇ ਧਾਰਮਿਕ ਕਰਮ ਕੀਤੇ, ਉਹ ਭੀ ਬੰਧਨ ਬਣਨਗੇ। ਸ਼ਾਇਦ ਇਹ ਸੁੱਖ ਦੇਣ, ਔਹ ਸੁੱਖ ਦੇਣ। ਪਰ ਕੌਣ ਦੱਸੇ ਕਿ ਆਸ਼ਾ ਹੀ ਦੁੱਖ ਹੈ, ਆਸ਼ਾ ਕਰਕੇ ਜੋ ਕੁਝ ਕੀਤੈ, ਉਸ ਵਿਚ ਕਿਸ ਤਰ੍ਹਾਂ ਸੁਖ ਹੋਵੇਗਾ ? ਕਿਵੇਂ ਸੁਖ ਮਿਲ ਸਕਦੈ ? ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ:

ਆਸਾ ਵਿਚਿ ਅਤਿ ਦੁਖੁ ਘਣਾ ਮਨਮੁਖਿ ਚਿਤੁ ਲਾਇਆ ॥
(ਵਾਰ ਸਾਰੰਗ, ਮ: ੪, ਪੰਨਾ 1249)

ਜਿਸ ਨੇ ਆਪਣੇ ਮਨ ਨੂੰ ਸਾਹਮਣੇ ਰਖਿਐ, ਆਪਣੀ ਸੋਚ ਨੂੰ ਸਾਹਮਣੇ ਰਖਿਐ, ਕਿ ਉਹ ਸਾਰਾ ਜੀਵਨ ਸਿਰਫ਼ ਆਸ਼ਾ ਵਿਚ ਬਤੀਤ ਕਰਦੈ ? ਨਹੀਂ, ਉਹ ਸਾਰਾ ਜੀਵਨ ਦੁੱਖ ਵਿਚ ਬਤੀਤ ਕਰਦੈ। ਕਿਉਂਕਿ ਸੁਖ ਦੀ ਤਾਂ ਸਿਰਫ਼ ਆਸ਼ਾ ਹੈ, ਕੋਲ ਤਾਂ ਉਸ ਦੇ ਦੁੱਖ ਹੈ। ਇਕ ਵਿਦਵਾਨ ਦਾ ਐਸਾ ਕਹਿਣਾ ਹੈ ਕਿ ਇਕ ਰਿਸ਼ਟ-ਪੁਸ਼ਟ ਸਰੀਰ ਗ਼ਾਲਿਬਨ ਚਾਲ਼ੀ ਦਿਨ ਰੋਟੀ ਤੋਂ ਬਿਨਾ ਜੀਅ ਸਕਦੈ, ਉਹਦੇ ਸਰੀਰ ਦੇ ਅੰਦਰ ਇਤਨੀ ਚਰਬੀ ਹੈ। ਉਸ ਦੇ ਸਰੀਰ ਦੇ ਅੰਦਰ

ਰਿਜ਼ਰਵ ਭੋਜਨ ਇਤਨਾ ਪਿਐ ਕਿ ਇਸ ਨੂੰ ਚਾਲ਼ੀ ਦਿਨ ਜ਼ਿੰਦਾ ਰੱਖ ਸਕਦੈ। ਇਕ ਦਰਮਿਆਨਾ ਸਰੀਰ ਰੱਖਣ ਵਾਲਾ ਮਨੁੱਖ ਚਾਲ਼ੀ ਦਿਨ ਰੋਟੀ ਤੋਂ ਬਿਨਾਂ ਜੀਅ ਸਕਦੈ, ਗ਼ਾਲਿਬਨ ਤਿੰਨ ਦਿਨ ਪਾਣੀ ਤੋਂ ਬਿਨਾਂ ਭੀ ਜੀਅ ਸਕਦੈ। ਪਰਾਣਾਯਾਮ ਦੀ ਸਾਧਨਾ ਕਰਨ ਵਾਲੇ ਕਹਿੰਦੇ ਹਨ ਕਿ ਮਨੁੱਖ ਅੱਠ ਮਿੰਟ ਸੁਆਸਾਂ ਤੋਂ ਬਿਨਾਂ ਭੀ ਜੀਅ ਸਕਦੈ। ਸੁਆਸ ਬੜੇ ਕੀਮਤੀ ਹਨ, ਪਾਣੀ ਬੜਾ ਕੀਮਤੀ ਹੈ, ਰੋਟੀ ਬੜੀ ਕੀਮਤੀ ਹੈ, ਪਰ ਰੋਟੀ ਦਾ ਚਾਲ਼ੀ ਦਿਨ ਤਿਆਗ ਕੀਤਾ ਜਾ ਸਕਦੈ, ਪਾਣੀ ਦਾ ਤਿੰਨ ਦਿਨ ਤਿਆਗ ਕੀਤਾ ਜਾ ਸਕਦੈ, ਸੁਆਸਾਂ ਦਾ ਭੀ ਅੱਠ ਮਿੰਟ ਤਿਆਗ ਕੀਤਾ ਜਾ ਸਕਦੈ। ਸੋ ਇਕ ਗੱਲ ਸਪੱਸ਼ਟ ਹੋ ਗਈ ਕਿ ਮਨੁੱਖ ਚਾਲ਼ੀ ਦਿਨ ਰੋਟੀ ਤੋਂ ਬਿਨਾਂ ਜੀਅ ਸਕਦੈ। ਤਿੰਨ ਦਿਨ ਪਾਣੀ ਤੋਂ ਬਿਨਾਂ ਜੀਅ ਸਕਦੈ, ਅੱਠ ਮਿੰਟ ਸੁਆਸਾਂ ਤੋਂ ਬਿਨਾਂ ਭੀ ਜੀਅ ਸਕਦੈ, ਪਰ ਆਸ਼ਾ ਤੋਂ ਬਿਨਾਂ ਤਾਂ ਇਕ ਸੈਕਿੰਡ ਭੀ ਨਹੀਂ ਜੀਅ ਸਕਦਾ। ਪਰਾਣਾਯਾਮ ਦੀ ਸਾਧਨਾ ਭੀ ਆਸ਼ਾ ਕਰਵਾਏਗੀ। ਸਭ ਕੁਝ ਆਸ਼ਾ ਦੇ ਬੰਧਨ, ਦੁੱਖਾਂ ਦੇ ਬੰਧਨ ਬਣ ਜਾਂਦੇ ਹਨ। ਕਿਉਂਕਿ ਜੇ ਇਹ ਆਸ ਹੀ ਛੱਡ ਦੇਈਏ ਕਿ ਸੁਖ ਹੈ ਹੀ ਨਹੀਂ ਤਾਂ ਸ਼ਾਇਦ ਕੋਈ ਨਵੀਂ ਦੁਨੀਆਂ ਦੇ ਦੁਆਰ ਖੁਲ੍ਹਣ, ਸ਼ਾਇਦ ਕੋਈ ਐਸਾ ਜਗਤ ਹੋਵੇ, ਜਿਥੇ ਸੁਖ ਹੋਵੇ। ਪਰ ਜਿਸ ਤਰ੍ਹਾਂ ਦਾ ਜੀਵਨ ਹੈ, ਜਿਸ ਤਰ੍ਹਾਂ ਦਾ ਜਗਤ ਹੈ, ਜਿਸ ਤਰ੍ਹਾਂ ਦੀ ਜੀਵਨ-ਸ਼ੈਲੀ ਹੈ, ਇਹਦੇ ਵਿਚ ਸੁਖ ਦੀ ਆਸ ਨੂੰ ਸੰਜੋਅ ਕੇ ਰੱਖਣਾ ਤਾਂ ਹੱਥਕੜੀਆਂ ਨੂੰ ਕੰਗਨ ਸਮਝਣਾ ਹੈ, ਇਹ ਤਾਂ ਬੇੜੀਆਂ ਨੂੰ ਝਾਂਜਰ ਸਮਝਣਾ ਹੈ, ਇਹ ਤਾਂ ਜੇਹਲ ਨੂੰ ਆਪਣਾ ਘਰ ਸਮਝਣਾ ਹੈ। ਕਈ ਆਲਮ ਐਸਾ ਕਹਿੰਦੇ ਨੇ ਕਿ ਲੰਬੀ ਕੈਦ ਦੀ ਸਜ਼ਾ ਭੋਗਣ ਵਾਲੇ ਉਮਰ ਕੈਦੀ ਕਈ ਵਾਰ ਜੇਹਲ ਦੀਆਂ ਤੰਗ ਕੋਠੜੀਆਂ ਨੂੰ ਆਪਣਾ ਘਰ ਹੀ ਸਮਝ ਲੈਂਦੇ ਹਨ। ਬੇੜੀਆਂ ਤੇ ਹੱਥਕੜੀਆਂ ਨੂੰ ਭੂਸ਼ਨ ਸਮਝ ਲੈਂਦੇ ਹਨ। ਜੇਕਰ ਬੇੜੀਆਂ ਤੇ ਹੱਥਕੜੀਆਂ ਭੂਸ਼ਨ ਦਿਖਾਈ ਦੇ ਰਹੀਆਂ ਨੇ, ਗਹਿਣੇ ਦਿਖਾਈ ਦੇ ਰਹੀਆਂ ਨੇ ਤਾਂ ਇਨ੍ਹਾਂ ਬੇੜੀਆਂ ਨੂੰ ਤੋੜਨਾ ਔਖਾ ਹੈ। ਬੇੜੀਆਂ ਤੋੜੀਆਂ ਜਾ ਸਕਦੀਆਂ ਹਨ, ਜੇਕਰ ਬੇੜੀਆਂ, ਬੇੜੀਆਂ ਹੀ ਦਿਖਾਈ ਦੇਵਣ। ਹੱਥਕੜੀ ਕੱਟੀ ਜਾ ਸਕਦੀ ਹੈ ਜੇਕਰ ਹੱਥਕੜੀ, ਹੱਥਕੜੀ ਹੀ ਦਿਖਾਈ ਦੇਵੇ। ਪਰ ਜੇ ਹੱਥਕੜੀ ਕੰਗਨ ਦਿਖਾਈ ਦੇ ਰਹੀ ਹੈ, ਜੇਹਲ ਦੀ ਤੰਗ ਤੇ ਹਨੇਰੀ ਕੋਠੜੀ ਆਪਣਾ ਘਰ ਦਿਖਾਈ ਦੇ ਰਹੀ ਹੈ ਤਾਂ ਕੌਣ ਆਜ਼ਾਦ ਕਰਾਏਗਾ ? ਤੇ ਆਜ਼ਾਦੀ ਦੀ ਤਮੰਨਾ ਭੀ ਕਿਸ ਤਰ੍ਹਾਂ ਪੈਦਾ ਹੋਵੇਗੀ ? ਮਨੁੱਖ ਦੇ ਅੰਦਰ ਜਿਹੜੀ ਧਰਮ ਦੀ ਪਿਆਸ ਨਹੀਂ ਪੈਦਾ ਹੋ ਰਹੀ, ਧਰਮ ਦੀ ਤਮੰਨਾ ਨਹੀਂ ਪੈਦਾ ਹੋ ਰਹੀ, ਅਧਰਮ ਹੀ ਘਰ ਬਣ ਗਿਐ ਤਾਂ ਹੁਣ ਧਰਮ ਦੀ ਲੋੜ ਕਿੱਥੇ ? ਅਵਗੁਣ ਹੀ ਭੂਸ਼ਨ ਬਣ ਗਏ ਤਾਂ ਹੁਣ ਗੁਣਾਂ ਦੀ ਲੋੜ ਕਿਥੇ ਰਹਿ

ਗਈ ? ਹਨੇਰੇ ਦਾ ਜੀਵਨ ਹੋ ਗਿਐ ਤਾਂ ਹੁਣ ਰੌਸ਼ਨੀ ਨੂੰ ਕੀ ਕਰਨੈ ? ਮਨੁੱਖ ਜਗਤ ਦੀ ਇਹ ਸਭ ਤੋਂ ਵੱਡੀ ਬਦਕਿਸਮਤੀ ਹੈ। ਪਸ਼ੂਆਂ ਦਾ ਵਿਕਾਸ ਪ੍ਰਾਕਿਰਤਕ ਰੂਪ ਵਿਚ ਹੋ ਰਿਹੈ। ਪੱਥਰ ਹਜ਼ਾਰਾਂ ਸਾਲਾਂ ਦੀ ਯਾਤਰਾ ਤੋਂ ਬਾਅਦ ਖ਼ਾਕ ਬਣ ਜਾਂਦੇ ਹਨ। ਖ਼ਾਕ ਹਜ਼ਾਰਾਂ ਸਾਲਾਂ ਦੀ ਯਾਤਰਾ ਤੋਂ ਬਾਅਦ ਬਨਸਪਤੀ ਬਣ ਜਾਂਦੀ ਹੈ ਅਤੇ ਬਨਸਪਤੀ ਹਜ਼ਾਰਾਂ ਸਾਲਾਂ ਦੀ ਯਾਤਰਾ ਤੋਂ ਬਾਅਦ ਕੀੜੇ-ਮਕੌੜੇ, ਪਸ਼ੂ-ਪੰਛੀ ਬਣ ਜਾਂਦੀ ਹੈ ਅਤੇ ਪਸ਼ੂ-ਪੰਛੀ ਹਜ਼ਾਰਾਂ ਸਾਲਾਂ ਦੀ ਯਾਤਰਾ ਤੋਂ ਬਾਅਦ ਇਕ ਦਿਨ ਮਨੁੱਖ ਬਣ ਜਾਂਦੇ ਹਨ। ਯਾਤਰਾ ਬੜੀ ਲੰਬੀ ਹੈ। ਮਨੁੱਖ ਭੀ ਰਸਤੇ ਵਿਚ ਹੈ, ਪਸ਼ੂ ਭੀ ਰਸਤੇ ਵਿਚ ਹਨ, ਬਨਸਪਤੀ ਭੀ ਰਸਤੇ ਵਿਚ ਹੈ, ਪੱਥਰ ਭੀ ਰਸਤੇ ਵਿਚ ਹਨ :

ਕਈ ਜਨਮ ਸੈਲ ਗਿਰਿ ਕਰਿਆ॥ *(ਗਉੜੀ ਮ: ੫, ਪੰਨਾ 176)*

ਜਿਸ ਰਾਜ-ਪਥ 'ਤੇ ਅਸੀਂ ਚਲ ਰਹੇ ਹੋਈਏ, ਸ਼ਾਹਰਾਹ 'ਤੇ ਜਾ ਰਹੇ ਹੋਈਏ, ਕੋਈ ਸਾਥੋਂ ਅੱਗੇ ਹੈ, ਕੋਈ ਪਿੱਛੇ ਹੈ, ਕੋਈ ਬਹੁਤ ਪਿੱਛੇ ਹੈ, ਕੋਈ ਬਹੁਤ ਅੱਗੇ ਹੈ। ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਪੱਥਰ ਤਾਂ ਸਭ ਤੋਂ ਪਿੱਛੇ ਹੈ। ਪਸ਼ੂ ਦੇ ਭੀ ਅੱਖਰੀ ਅਰਥ ਹਨ ਜੋ ਪਾਸ ਵਿਚ ਹੈ, ਜੋ ਪਿੱਛੇ ਹੈ। ਮਨੁੱਖ ਪਸ਼ੂਆਂ ਨੂੰ ਤਾਂ ਪਿੱਛੇ ਛੋੜ ਆਇਐ, ਪਰ ਪਰਮਾਤਮਾ ਹੋਣਾ ਅਜੇ ਬਾਕੀ ਹੈ। ਛੋੜ ਆਇਐ ਪਸ਼ੂਆਂ ਨੂੰ ਪਿੱਛੇ, ਪਰ ਪਿੱਛੇ ਦੀ ਖਿੱਚ ਬੜੀ ਹੈ, ਪਿੱਛੇ ਦੀ ਤਲਬ ਬੜੀ ਹੈ। ਪਿਛਲਾ ਜੀਵਨ ਅਚੇਤ ਜੀਵਨ ਸੀ ਅਤੇ ਅਚੇਤ ਜੀਵਨ ਵਿਚ ਦੁੱਖ ਨਹੀਂ ਹੁੰਦਾ। ਜਿਵੇਂ ਬੇਹੋਸ਼ ਮਨੁੱਖ ਦਰਦ ਤੇ ਪੀੜਾ ਤੋਂ ਬੇਖ਼ਬਰ ਹੋ ਜਾਂਦਾ ਹੈ। ਪੀੜਾ ਤਾਂ ਚਲ ਰਹੀ ਹੈ, ਵੇਦਨਾ ਤਾਂ ਚਲ ਰਹੀ ਹੈ, ਪਰ ਪੀੜਾ ਮਹਿਸੂਸ ਹੋ ਸਕੇ, ਉਹ ਮਹਿਸੂਸ ਕਰਨ ਦਾ ਮਾਦਾ ਹੀ ਸੁੱਤਾ ਹੋਇਐ। ਜੇਕਰ ਪੀੜਾ ਨੂੰ ਮਹਿਸੂਸ ਹੀ ਨਹੀਂ ਕਰ ਸਕਦਾ, ਤਾਂ ਫਿਰ ਪੀੜਾ ਤੋਂ ਛੁਟਕਾਰੇ ਦਾ ਯਤਨ ਜੁਟਾਨਾ ਤਾਂ ਬਹੁਤ ਹੀ ਕਠਨ ਹੈ। ਕਦੀ ਕਦੀ ਮਨੁੱਖ ਥੋੜਾ ਸੁਚੇਤ ਹੁੰਦੈ, ਤਾਂ ਪੀੜਾ ਮਹਿਸੂਸ ਹੁੰਦੀ ਹੈ। ਮਨੁੱਖ ਫਿਰ ਅਚੇਤ ਹੁੰਦੈ, ਅਫ਼ੀਮ ਖਾ ਕੇ, ਗਾਂਜਾ ਖਾ ਕੇ, ਸੁਲਫ਼ਾ ਪੀ ਕੇ, ਸ਼ਰਾਬ ਪੀ ਕੇ, ਭੰਗ ਪੀ ਕੇ ਤਾਂ ਜੁ ਪੀੜਾ ਮਹਿਸੂਸ ਨਾ ਹੋਵੇ। ਜਾਂ ਇੰਝ ਕਹਿ ਲਵੋ ਕਿ ਸਿਆਣਾ ਮਨੁੱਖ ਜੋ ਥੋੜਾ ਜਿਹਾ ਸੁਚੇਤ ਹੋ ਗਿਐ ਤਾਂ ਫਿਰ ਬਿਲਕੁਲ ਇਸ ਜੀਵਨ ਤੋਂ ਛਾਲ ਮਾਰ ਕੇ ਅੱਗੇ ਲੰਘ ਜਾਏ, ਜਾਂ ਪੂਰਨ ਅਚੇਤ ਹੋਵੇ, ਨਹੀਂ ਤਾਂ ਪੀੜਾ ਤੋਂ ਬਿਨਾਂ ਜੀਅ ਨਹੀਂ ਸਕੇਗਾ। ਪਸ਼ੂ ਵੀ ਅਚੇਤ ਹੈ, ਉਹ ਦੁੱਖ ਨਹੀਂ ਮਹਿਸੂਸ ਕਰਦਾ। ਪਸ਼ੂ 'ਤੇ ਪਰਿਵਾਰਕ ਜ਼ਿੰਮੇਂਵਾਰੀ ਭੀ ਨਹੀਂ ਹੈ। ਕਿਉਂਕਿ ਪਰਿਵਾਰ ਦੀ ਸਮਝ ਹੀ ਕੋਈ ਨਹੀਂ। ਭੈਣ ਸਾਹਮਣੇ ਖੜੀ ਹੈ, ਪਸ਼ੂ ਨੂੰ ਕੋਈ ਸਮਝ ਨਹੀਂ। ਭਰਾ ਸਾਹਮਣੇ ਖੜੈ, ਪਸ਼ੂ ਨੂੰ ਕੋਈ ਸਮਝ ਨਹੀਂ। ਨਾਨਕੇ, ਦਾਦਕੇ, ਸਹੁਰੇ ਸਾਰੇ ਸੰਬੰਧ ਮੌਜੂਦ

ਹਨ, ਪਰ ਸਮਝ ਨਹੀਂ। ਸੋ ਪਰਿਵਾਰਿਕ ਜ਼ਿੰਮੇਂਵਾਰੀ ਦਾ ਬੋਝ ਪਸ਼ੂ ਚੁੱਕਦੇ ਹੀ ਨਹੀਂ ਕਿਉਂਕਿ ਸਮਝ ਨਹੀਂ। ਸਮਾਜਿਕ ਜ਼ਿੰਮੇਂਵਾਰੀ ਦਾ ਬੋਝ ਪਸ਼ੂ ਚੁੱਕਦੇ ਹੀ ਨਹੀਂ, ਕਿਉਂਕਿ ਸਮਝ ਨਹੀਂ। ਰਾਜਨੀਤਕ ਜ਼ਿੰਮੇਂਵਾਰੀ ਦਾ ਬੋਝ ਪਸ਼ੂ ਨਹੀਂ ਚੁੱਕਦੇ, ਕਿਉਂਕਿ ਸਮਝ ਨਹੀਂ। ਧਾਰਮਿਕ ਜ਼ਿੰਮੇਂਵਾਰੀ ਨੂੰ ਪਸ਼ੂ ਨਿਭਾਂਦੇ ਨਹੀਂ, ਕਿਉਂਕਿ ਸਮਝ ਨਹੀਂ। ਇਸ ਵਾਸਤੇ ਪਸ਼ੂ ਸੁਖੀ ਹੈ। ਕਈ ਦਫ਼ਾ ਮਨੁੱਖ ਅਚੇਤ ਇਸ ਵਾਸਤੇ ਹੋਣਾ ਚਾਹੁੰਦੈ ਕਿ ਮੈਂ ਭੁੱਲ ਜਾਵਾਂ ਸਮਾਜਿਕ ਜ਼ਿੰਮੇਂਵਾਰੀਆਂ ਨੂੰ, ਮੈਂ ਭੁੱਲ ਜਾਵਾਂ ਧਾਰਮਿਕ ਜ਼ਿੰਮੇਂਵਾਰੀਆਂ ਨੂੰ, ਮੈਂ ਭੁੱਲ ਜਾਵਾਂ ਰਾਜਨੀਤਕ ਜ਼ਿੰਮੇਂਵਾਰੀਆਂ ਨੂੰ ਅਤੇ ਮੈਂ ਫਿਰ ਪਸ਼ੂ ਹੋ ਜਾਵਾਂ। ਸੁਖ ਜਾਂ ਤਾਂ ਅਚੇਤ ਹੋਣ ਵਿਚ ਹੈ ਜਾਂ ਪਰਮ ਸੁਚੇਤ, ਪੂਰਨ ਸੁਚੇਤ ਹੋਣ ਵਿਚ ਹੈ, ਅਰਧ-ਚੇਤਨ ਵਿਚ ਨਹੀਂ। ਅਰਧ-ਚੇਤਨ ਤਾਂ ਅਧਰੰਗ ਹੈ। ਇਕ ਲੱਤ ਕੰਮ ਕਰਦੀ ਹੈ, ਦੂਸਰੀ ਨਹੀਂ। ਇਕ ਬਾਂਹ ਕੰਮ ਕਰਦੀ ਹੈ, ਦੂਸਰੀ ਨਹੀਂ। ਦੁੱਖ ਦਾ ਤਾਂ ਬੋਧ ਹੋ ਗਿਐ, ਪਰ ਇਸ ਤੋਂ ਛੁਟਕਾਰਾ ਕਿਵੇਂ ਹੋਵੇ, ਇਸ ਦਾ ਬੋਧ ਕੋਈ ਨਹੀਂ, ਇਸ ਦਾ ਪਤਾ ਨਹੀਂ। ਇਸ ਨੂੰ ਕਹਿੰਦੇ ਨੇ ਅਰਧ-ਚੇਤਨ। ਪੂਰਨ-ਚੇਤਨ ਜਗਤ ਦੁੱਖ ਹੈ, ਜਨਮ ਦੁੱਖ ਹੈ, ਜੀਵਨ ਦੁੱਖ ਹੈ, ਮਰਨ ਦੁੱਖ ਹੈ, ਇਸ ਦਾ ਬੋਧ ਹੈ, ਤਾਂ ਇਸ ਤੋਂ ਛੁਟਕਾਰਾ ਕਿਵੇਂ ਹੋਵੇਗਾ ? ਇਸ ਦਾ ਭੀ ਬੋਧ ਹੈ, ਇਹ ਪੂਰਨ ਚੇਤਨ ਹੈ। ਬੜੇ ਬੜੇ ਦਾਰਸ਼ਨਿਕ, ਚਿੰਤਕ, ਫ਼ਿਲਾਸਫ਼ਰ, ਮਹਾਨ ਗਿਆਤਾ, ਚੋਟੀ ਦੇ ਸਾਇੰਟਿਸਟ ਇਹ ਸਾਰੇ ਦੇ ਸਾਰੇ ਅਰਧ-ਚੇਤਨ ਹਨ, ਪੂਰੇ ਦੇ ਪੂਰੇ ਚੇਤਨ ਨਹੀਂ ਹਨ। ਇਹੀ ਕਾਰਨ ਹੈ ਕਿ ਇਨ੍ਹਾਂ ਦੀ ਜ਼ਿੰਦਗੀ ਭੀ ਦੁੱਖ ਵਿਚ ਬਤੀਤ ਹੁੰਦੀ ਹੈ, ਪਰੇਸ਼ਾਨੀਆਂ ਵਿਚ ਬਤੀਤ ਹੁੰਦੀ ਹੈ। ਹੈਰਾਨ ਹਾਂ ਕਿ ਕਵੀਆਂ ਵਿੱਚੋਂ ਸਿਰਮੌਰ ਕਵੀ, ਚਾਹੇ ਉਹ ਹਿੰਦੀ ਦੇ ਹਨ, ਪੰਜਾਬੀ ਦੇ ਹਨ, ਉਰਦੂ ਦੇ ਹਨ ਜਾਂ ਇੰਗਲਿਸ਼ ਦੇ ਹਨ, ਕਿਸੇ ਭੀ ਭਾਸ਼ਾ ਦੇ ਚਿੰਤਕ ਕਵੀ, ਦਾਰਸ਼ਨਿਕ ਕਵੀ, ਇਹ ਕੋਈ ਸਮਾਧੀ-ਲੀਨ ਨਹੀਂ ਮਿਲਣਗੇ, ਸ਼ਰਾਬਖ਼ਾਨਿਆਂ ਵਿਚ ਮਿਲਣਗੇ, ਪਬ ਵਿਚ ਬੈਠੇ ਮਿਲਣਗੇ, ਝੂੰਮਦੇ ਮਿਲਣਗੇ, ਡਗਮਗਾਂਦੇ ਮਿਲਣਗੇ। ਇਨ੍ਹਾਂ ਦੀ ਕਵਿਤਾ ਪੜ੍ਹ ਕੇ ਜ਼ਿੰਦਗੀ ਨੂੰ ਸੰਭਾਲਣ ਦੀ ਪ੍ਰੇਰਨਾ ਮਿਲਦੀ ਹੈ, ਪਰ ਜਿਨ੍ਹਾਂ ਦੀ ਕਵਿਤਾ ਜ਼ਿੰਦਗੀ ਨੂੰ ਸੰਭਾਲਣ ਦੀ ਪ੍ਰੇਰਨਾ ਦੇ ਰਹੀ ਹੈ, ਉਹ ਖ਼ੁਦ ਡਗਮਗਾ ਕੇ ਗਿਰੇ ਹੋਏ ਹਨ। ਕਿਉਂ ? ਅਰਧ-ਚੇਤਨ ਹਨ। ਪਸ਼ੂ ਅਗਰ ਪੂਰਾ ਅਚੇਤ ਹੈ ਤਾਂ ਸੁਖੀ ਹੋਵੇਗਾ। ਬ੍ਰਹਮ-ਗਿਆਨੀ ਜਾਂ ਸੰਤ ਅਗਰ ਪੂਰਨ ਸੁਚੇਤ ਹੈ, ਤਾਂ ਆਨੰਦਿਤ ਹੋਵੇਗਾ। ਅਰਧ-ਚੇਤਨ ਤਾਂ ਦੁਖੀ ਹੋਵੇਗਾ। ਅਰਧ-ਚੇਤਨ ਨੂੰ ਜ਼ਿੰਮੇਂਵਾਰੀ ਨਿਭਾਣੀ ਪੈਂਦੀ ਹੈ ਸਮਾਜ ਦੀ। ਅਰਧ-ਚੇਤਨ ਨੂੰ ਜ਼ਿੰਮੇਂਵਾਰੀ ਨਿਭਾਣੀ ਪੈਂਦੀ ਹੈ ਪਰਿਵਾਰ ਦੀ। ਅਰਧ-ਚੇਤਨ ਦੇ ਸਾਹਮਣੇ ਧਾਰਮਿਕ ਜ਼ਿੰਮੇਂਵਾਰੀਆਂ ਭੀ ਹਨ। ਜਦ ਇਹ ਬੋਝ ਦੀ ਤਰ੍ਹਾਂ ਮਹਿਸੂਸ ਕਰਦੈ, ਤਾਂ ਫਿਰ

ਪਸ਼ੂ ਹੋ ਜਾਣਾ ਚਾਹੁੰਦੈ। ਭਾਵੇਂ ਪ੍ਰਕਿਰਤੀ ਨੇ ਇਸ ਨੂੰ ਮਨੁੱਖ ਬਣਾਇਐ ਪਰ ਇਹ ਫਿਰ ਪਸ਼ੂ ਹੋ ਜਾਣਾ ਚਾਹੁੰਦੈ। ਕਾਰਨ ? ਸੁਖ ਜਾਂ ਪਸ਼ੂ ਹੋਣ ਵਿਚ ਹੈ ਜਾਂ ਪਰਮ ਸੁਚੇਤ ਹੋਣ ਵਿਚ ਹੈ। ਮਨੁੱਖ ਤਾਂ ਦੁਖੀ ਹੀ ਰਹੇਗਾ, ਕਿਉਂਕਿ ਮਨੁੱਖ ਅਰਧ-ਚੇਤਨ ਹੈ। ਮਨੁੱਖ ਚਾਹੇ ਦਾਰਸ਼ਨਿਕ ਹੈ, ਚਾਹੇ ਫ਼ਿਲਾਸਫ਼ਰ ਹੈ, ਚਾਹੇ ਸਾਇੰਟਿਸਟ ਹੈ, ਚਾਹੇ ਚੋਟੀ ਦਾ ਹੁਕਮਰਾਨ ਹੈ, ਚੋਟੀ ਦਾ ਸਿਆਣੈ, ਚਾਹੇ ਪਰਜਾ ਵਿੱਚੋਂ ਹੈ, ਚਾਹੇ ਹੁਕਮਰਾਨਾਂ ਵਿੱਚੋਂ ਹੈ, ਸਭ ਦੁਖੀ ਹਨ। ਫ਼ਰਕ ਸਿਰਫ਼ ਇਤਨੈ ਕਿ ਕੁਝ ਕਬੂਲ ਕਰ ਲੈਂਦੇ ਹਨ, ਕੁਝ ਕਬੂਲ ਨਹੀਂ ਕਰਦੇ। ਮੇਰੇ ਦੇਖਣ ਵਿਚ ਮਹਾਨ ਸਿਆਣੇ ਕਬੂਲ ਕਰ ਲੈਂਦੇ ਹਨ, ਮਹਾਂ ਮੂਰਖ ਕਬੂਲ ਨਹੀਂ ਕਰਦੇ ਅਤੇ ਫਿਰ ਜੀਵਨ ਦੁੱਖ ਵਿਚ ਬਤੀਤ ਹੁੰਦੈ। ਜਦ ਮੈਂ ਬੇੜੀਆਂ ਨੂੰ ਬੇੜੀਆਂ ਹੀ ਨਹੀਂ ਮੰਨਦਾ, ਜਦ ਮੈਂ ਜੇਹਲ ਨੂੰ ਜੇਹਲ ਹੀ ਨਹੀਂ ਮੰਨਦਾ, ਜਦ ਮੈਂ ਹੱਥਕੜੀਆਂ ਨੂੰ ਹੱਥਕੜੀਆਂ ਹੀ ਨਹੀਂ ਮੰਨਦਾ, ਤਾਂ ਇਨ੍ਹਾਂ ਨੂੰ ਤੋੜ ਕੇ ਆਜ਼ਾਦ ਹੋਣ ਦਾ ਖ਼ਿਆਲ ਭੀ ਨਹੀਂ ਪੈਦਾ ਹੋ ਸਕਦਾ। ਫਿਰ ਤਾਂ ਯਤਨ ਤੇ ਕੋਸ਼ਿਸ਼ ਭੀ ਨਹੀਂ ਹੋ ਸਕਦੀ। ਸੋ ਮਨੁੱਖਤਾ ਐਸਾ ਯਤਨ ਕਰ ਰਹੀ ਹੋਵੇ, ਦਿਖਾਈ ਨਹੀਂ ਦੇ ਰਿਹਾ। ਜਗਤ ਤਾਂ ਦੁੱਖ ਹੈ। ਬਾਬਾ ਫ਼ਰੀਦ ਕਹਿੰਦੇ ਨੇ, ਆਮ ਲੋਕਾਂ ਦੀ ਤਰ੍ਹਾਂ ਮੈਨੂੰ ਭੀ ਇਕ ਭੁਲੇਖਾ ਸੀ ਕਿ ਮੈਂ ਹੀ ਦੁਖੀ ਹਾਂ, ਬਾਕੀ ਤਾਂ ਮੌਜਾਂ ਹੀ ਕਰਦੇ ਪਏ ਨੇ। ਜਿਸ ਤੋਂ ਵੀ ਹਾਲ-ਚਾਲ ਪੁੱਛਦੇ ਹਾਂ, ਜਵਾਬ ਮਿਲਦਾ ਹੈ ਕਿ ਮੌਜਾਂ ਵਿਚ ਹਾਂ। ਬੜੇ ਆਨੰਦਿਤ ਹਾਂ। ਹੁਣ ਫ਼ਰੀਦ ਜੈਸਾ ਪੁਰਸ਼ ਗ਼ਲਤ ਬਿਆਨੀ ਤਾਂ ਕਰ ਨਹੀਂ ਸਕਦਾ। ਸੋ ਫ਼ਰੀਦ ਕਹਿੰਦੈ, ਫਿਰ ਮੈਂ ਇਹ ਧਾਰਨਾ ਬਣਾਈ, ਦੁਖੀ ਤਾਂ ਮੈਂ ਹੀ ਹਾਂ, ਬਾਕੀ ਸਾਰੇ ਤਾਂ ਮੌਜਾਂ ਪਏ ਕਰਦੇ ਹਨ, ਪਰ ਇਹ ਭ੍ਰਾਂਤੀ ਅੱਜ ਮਿਟ ਗਈ :

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥੮੧॥

(ਸਲੋਕ ਫਰੀਦ ਜੀ, ਪੰਨਾ 1382)

ਮੈਂ ਨੀਵਾਣ ਵਿਚ ਖੜਾ ਸੀ, ਲੋਕਾਂ ਦੇ ਘਰ ਨਹੀਂ ਦਿਖਾਈ ਦਿੰਦੇ ਸਨ। ਦਰਅਸਲ ਉੱਚੇ ਚੜ੍ਹੇ ਲੋਕਾਂ ਨੂੰ ਸਮਝਣਾ ਬੜਾ ਔਖਾ ਹੈ। ਜਿਤਨੇ ਚਿਰ ਤਕ ਕੋਈ ਮਨੁੱਖ, ਮਨੁੱਖਤਾ ਤੋਂ ਉੱਚਾ ਨਾ ਉਠੇ ਤੇ ਮਨੁੱਖਤਾ ਤੋਂ ਭੀ ਕਈ ਉੱਚੇ ਹਨ—ਦੇਵਤੇ ਉੱਚੇ ਹਨ, ਸੰਤ ਉੱਚੇ ਹਨ। ਜਦ ਕੋਈ ਮਨੁੱਖ ਦੀ ਸਮਝ ਤੋਂ ਵੀ ਉੱਚਾ ਕਰਦੈ ਆਪਣੇ ਆਪ ਨੂੰ ਤਾਂ ਫਿਰ, "ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ"। ਜਿਵੇਂ ਉੱਚੀ ਇਮਾਰਤ 'ਤੇ ਖੜੇ ਹੋ ਜਾਈਏ ਤਾਂ ਸਾਰਾ ਸ਼ਹਿਰ ਦਿਖਾਈ ਦਿੰਦੈ। ਕਿਸ ਕਿਸ ਘਰ ਵਿੱਚੋਂ ਧੂੰਆਂ ਨਿਕਲ ਰਿਹੈ, ਇਹ ਭੀ ਦਿਖਾਈ ਦਿੰਦੈ। ਸਾਰੇ ਘਰਾਂ ਵਿੱਚੋਂ ਧੂੰਆਂ ਨਿਕਲ ਰਿਹਾ ਹੋਵੇ, ਇਹ

ਭੀ ਦਿਖਾਈ ਦਿੰਦੈ। ਬਾਬਾ ਫ਼ਰੀਦ ਕਹਿੰਦੇ ਹਨ ਕਿ ਜਿਉਂ ਹੀ ਮੈਂ ਉੱਚਾ ਚੜ੍ਹਿਆ, ਹਰ ਘਰ ਵਿਚ ਭਾਂਬੜ ਬਲਦੇ ਹੋਏ ਦਿਖਾਈ ਦਿੱਤੇ। ਹਰ ਮਨੁੱਖ ਦੁੱਖਾਂ ਦੀ ਭੱਠੀ ਵਿਚ ਜਲ ਰਿਹੈ, ਸੜ ਰਿਹੈ, ਪੀੜਿਤ ਹੈ। ਇਹ ਪੀੜਾ ਰਾਜ-ਸੱਤਾ ਨਾਲ ਭੀ ਨਹੀਂ ਮਿਟਣੀ। ਜੇਕਰ ਮਿਟ ਜਾਂਦੀ ਤਾਂ ਸਿੰਘਾਸਨ ਛੋੜਨ ਦੀ ਲੋੜ ਨਹੀਂ ਸੀ ਗੌਤਮ ਬੁੱਧ ਨੂੰ, ਭਰਧਰੀ ਨੂੰ, ਗੋਪੀ ਚੰਦ ਨੂੰ। ਇਹ ਪੀੜਾ ਪਰਿਵਾਰਕ ਸੰਬੰਧਾਂ ਨਾਲ ਭੀ ਨਹੀਂ ਮਿਟੇਗੀ, ਨਹੀਂ ਤਾਂ ਸਾਰੇ ਗ੍ਰਿਹਸਤੀ ਸੁਖੀ ਹੋਣੇ ਚਾਹੀਦੇ ਸਨ। ਇਹ ਗੱਲ ਵੱਖਰੀ ਹੈ ਕਿ ਪਰਿਵਾਰ ਦੇ ਸੰਬੰਧ ਮਨੁੱਖ ਨੇ ਇਸੇ ਕਲਪਨਾ ਕਰਕੇ ਜੋੜੇ ਹਨ ਕਿ ਸੁੱਖਾਂ ਦੇ ਸੰਬੰਧ ਹਨ ਅਤੇ ਇਹ ਹਕੀਕਤ ਹੈ ਕਿ ਮਨੁੱਖ ਨੂੰ ਪੁੱਤਰ ਦੀ ਲੋੜ ਨਹੀਂ, ਬਿਲਕੁਲ ਲੋੜ ਨਹੀਂ ਹੈ, ਸੁੱਖ ਦੀ ਲੋੜ ਹੈ। ਉਸੇ ਹੀ ਪੁੱਤਰ ਤੋਂ ਪੀੜਾ ਮਿਲਣ ਲੱਗ ਪਵੇ, ਦੁੱਖ ਮਿਲਣ ਲੱਗ ਪਵੇ, ਸੰਬੰਧ ਦੁਸ਼ਮਣੀ ਵਿਚ ਬਦਲ ਜਾਂਦੇ ਹਨ, ਰਿਸ਼ਤਿਆਂ ਵਿਚ ਦਰਾੜ ਪੈ ਜਾਂਦੀ ਹੈ। ਮਨੁੱਖ ਨੂੰ ਭਰਾ ਨਹੀਂ ਚਾਹੀਦਾ, ਸੁੱਖ ਚਾਹੀਦੈ। ਜੇਕਰ ਭਰਾ ਤੋਂ ਦੁੱਖ ਮਿਲ ਰਿਹੈ ਤਾਂ ਭਾਈਚਾਰਾ ਖ਼ਤਮ ਹੋ ਗਿਆ, ਸਾਹਮਣੇ ਤਾਂ ਦੁਸ਼ਮਣ ਖੜਾ ਹੈ। ਮਨੁੱਖ ਨੂੰ ਮਾਂ ਬਾਪ ਭੀ ਨਹੀਂ ਚਾਹੀਦੇ, ਸੁੱਖ ਚਾਹੀਦੈ। ਮਾਂ ਤੋਂ ਪੀੜਾ ਮਿਲ ਰਹੀ ਹੈ, ਪਿਤਾ ਤੋਂ ਦੁੱਖ ਮਿਲ ਰਿਹੈ, ਸੰਬੰਧਾਂ ਵਿਚ ਦਰਾੜ ਪੈਂਦਿਆਂ ਦੇਰ ਨਹੀਂ ਲੱਗੇਗੀ। ਜਦ ਕੋਈ ਮਾਂ-ਪੁੱਤਰ ਦੇ ਸਮਾਜਿਕ ਜੀਵਨ ਵਿਚ ਬਹੁਤ ਮੁਦਾਖ਼ਲਤ ਕਰਨ ਲੱਗ ਪਵੇ ਤਾਂ ਇਹ ਮੁਦਾਖ਼ਲਤ ਉਸ ਨੂੰ ਦੀਵਾਰ ਦੀ ਤਰ੍ਹਾਂ ਖਟਕਦੀ ਹੈ, ਤਾਂ ਪੁੱਤਰ ਭੀ ਸਮਝ ਲੈਂਦਾ ਹੈ ਕਿ ਇਹ ਮਾਂ ਮੇਰੇ ਲਈ ਬਾਧਾ ਹੈ। ਇਹ ਨਾ ਹੋਵੇ ਤਾਂ ਠੀਕ ਹੈ, ਇਹ ਇਕ ਪਾਸੇ ਹੋ ਜਾਏ ਤਾਂ ਠੀਕ ਹੈ। ਇਵੇਂ ਹੀ ਮਨੁੱਖ ਨੂੰ ਪਿਤਾ ਵੀ ਨਹੀਂ ਚਾਹੀਦਾ, ਸੁੱਖ ਚਾਹੀਦੈ। ਮਨੁੱਖ ਨੂੰ ਮਿੱਤਰ ਨਹੀਂ ਚਾਹੀਦਾ, ਸੁੱਖ ਚਾਹੀਦੈ। ਮਨੁੱਖ ਨੂੰ ਪਤਨੀ ਭੀ ਨਹੀਂ ਚਾਹੀਦੀ, ਸੁੱਖ ਚਾਹੀਦੈ। ਯੂਰਪ ਵਿਚ ਗ਼ਾਲਿਬਨ ਪੰਜਤਾਲੀ ਫ਼ੀਸਦੀ ਸ਼ਾਦੀਆਂ ਦਾ ਤਲਾਕ ਹੋ ਜਾਂਦਾ ਹੈ। ਅਮਰੀਕਾ ਦੇ ਕੈਲੀਫ਼ੋਰਨੀਆ ਸੂਬੇ ਦੇ ਵਿਚ ਤਰਿਆਸੀ ਫ਼ੀਸਦੀ ਸ਼ਾਦੀਆਂ ਦਾ ਤਲਾਕ ਹੋ ਜਾਂਦਾ ਹੈ, ਟੁੱਟ ਜਾਂਦੀਆਂ ਹਨ। ਕਾਰਨ ? ਮਨੁੱਖ ਨੂੰ ਪਤੀ ਨਹੀਂ ਚਾਹੀਦਾ, ਪਤਨੀ ਨਹੀਂ ਚਾਹੀਦੀ। ਇਹ ਹਕੀਕਤ ਹੈ। ਚਾਹੇ ਕੋਈ ਕਿਤਨਾ ਆਖੇ ਕਿ ਮੈਨੂੰ ਪਤਨੀ ਨਾਲ ਬਹੁਤ ਪਿਆਰ ਹੈ, ਪਤੀ ਨਾਲ ਬੜੀ ਗਹਿਰੀ ਸਾਂਝ ਹੈ, ਪਰ ਮਨੁੱਖ ਨੂੰ ਪਤਨੀ ਨਹੀਂ ਚਾਹੀਦੀ, ਸੁੱਖ ਚਾਹੀਦੈ। ਪਤਨੀ ਤੋਂ ਦੁੱਖ ਮਿਲ ਰਿਹੈ, ਪਤੀ ਤੋਂ ਕਲੇਸ਼ ਮਿਲ ਰਿਹੈ, ਰਿਸ਼ਤਿਆਂ ਵਿਚ ਦਰਾੜ ਪੈਂਦਿਆਂ ਅਤੇ ਤਲਾਕ ਤਕ ਨੌਬਤ ਪਹੁੰਚਦਿਆਂ ਦੇਰ ਨਹੀਂ ਲੱਗੇਗੀ। ਮਨੁੱਖ ਨੂੰ ਧਨ ਭੀ ਨਹੀਂ ਚਾਹੀਦਾ, ਸੁੱਖ ਚਾਹੀਦੈ। ਕਿਸੇ ਡਾਕੂ ਨੇ ਸੀਨੇ ਦੇ ਉਪਰ ਆ ਕੇ ਪਿਸਤੌਲ ਰੱਖਿਆ ਅਤੇ ਆਖਿਆ, ਜੇਬ ਵਿਚ ਜਿਤਨਾ ਧਨ

ਹੈ, ਰੱਖ ਦੇ। ਅਗਲਾ ਕਹਿੰਦੈ, ਐਹ ਲੈ ਧਨ ਤੇ ਛੱਡ ਮੈਨੂੰ। ਮਨੁੱਖ ਨੂੰ ਧਨ ਭੀ ਨਹੀਂ ਚਾਹੀਦਾ, ਸੁਖ ਚਾਹੀਦੈ। ਮਨੁੱਖ ਨੂੰ ਜੀਵਨ ਨਹੀਂ ਚਾਹੀਦਾ, ਜ਼ਿੰਦਗੀ ਨਹੀਂ ਚਾਹੀਦੀ, ਸੁਖ ਚਾਹੀਦੈ। ਜਿਸ ਦਿਨ ਪਤਾ ਚਲ ਜਾਏ ਕਿ ਜ਼ਿੰਦਗੀ ਹੀ ਪੀੜਾ ਹੈ, ਜ਼ਿੰਦਗੀ ਹੀ ਦੁੱਖ ਹੈ ਤਾਂ ਖ਼ੁਦਕਸ਼ੀ ਕਰਦਿਆਂ ਦੇਰ ਨਹੀਂ ਲੱਗਦੀ, ਆਤਮ-ਹੱਤਿਆ ਕਰਦਿਆਂ ਦੇਰ ਨਹੀਂ ਲੱਗੇਗੀ। ਜ਼ਿੰਦਗੀ ਨੂੰ ਛੋੜਦਿਆਂ ਭੀ ਦੇਰ ਨਹੀਂ ਲੱਗਦੀ। ਇਸ ਤਰ੍ਹਾਂ ਦੇ ਕਈ ਬੰਦੇ ਮਿਲਣਗੇ ਦੁਨੀਆਂ ਵਿਚ, ਕਿਸੇ ਨੇ ਮਾਂ ਬਾਪ ਨੂੰ ਛੋੜਿਐ, ਕਿਸੇ ਨੇ ਭਰਾ ਨੂੰ ਛੋੜਿਐ, ਕਿਸੇ ਨੇ ਮਿੱਤਰਾਂ ਨੂੰ ਛੋੜਿਐ, ਕਿਸੇ ਨੇ ਪੁੱਤਰਾਂ ਨੂੰ ਛੋੜਿਐ, ਕਿਸੇ ਨੇ ਪਤਨੀ ਨੂੰ ਛੋੜਿਐ, ਕਿਸੇ ਨੇ ਪਤੀ ਨੂੰ ਛੋੜਿਐ, ਕਿਸੇ ਨੇ ਧਨ-ਸੰਪਦਾ ਨੂੰ ਛੋੜਿਐ, ਪਰ ਕਿਸੇ ਨੇ ਤਾਂ ਆਪਣੀ ਜ਼ਿੰਦਗੀ ਨੂੰ ਹੀ ਛੋੜ ਦਿੱਤੈ। ਉਹਦਾ ਹੀ ਤਿਆਗ ਕਰ ਦਿੱਤੈ। ਨਹੀਂ ਚਾਹੀਦੀ ਇਹ ਜ਼ਿੰਦਗੀ। ਪ੍ਰਾਣਾਂ ਵਿਚ ਪਿਆਸ ਤਾਂ ਹੈ ਸੁਖ ਦੀ, ਤਲਾਸ਼ ਤਾਂ ਹੈ ਸੁਖ ਦੀ, ਪਰ ਝੋਲੀ ਵਿਚ ਦੁੱਖਾਂ ਤੋਂ ਸਿਵਾਏ ਹੋਰ ਹੈ ਹੀ ਕੁਝ ਨਹੀਂ। ਕਹਿੰਦੇ ਹਨ, ਤਲਾਸ਼ ਹੀ ਲਾਜ਼ਮੀ ਨਹੀਂ, ਤਲਾਸ਼ ਸਹੀ ਥਾਂ 'ਤੇ ਕੀਤੀ ਜਾਏ, ਇਹ ਭੀ ਬੜਾ ਲਾਜ਼ਮੀ ਹੈ। ਜਿਵੇਂ ਕੋਈ ਰੇਤ ਨੂੰ ਕੋਹਲੂ ਵਿਚ ਪਾ ਕੇ ਤੇਲ ਕੱਢਣ ਦੀ ਕੋਸ਼ਿਸ਼ ਕਰੇ, ਚਾਹੀਦਾ ਤਾਂ ਤੇਲ ਹੈ, ਪਰ ਰੇਤ ਨੂੰ ਪੀੜਨ ਨਾਲ ਤੇਲ ਨਹੀਂ ਮਿਲਦਾ। ਤਿਲਾਂ ਨੂੰ ਪੀੜਨ ਨਾਲ ਤੇਲ ਮਿਲਦਾ ਹੈ। ਤਲਾਸ਼ ਤਾਂ ਠੀਕ ਹੈ, ਚਾਹਤ ਤਾਂ ਠੀਕ ਹੈ, ਪਰ ਚਾਹਤ ਦਾ ਠੀਕ ਹੋਣਾ ਹੀ ਕਾਫ਼ੀ ਨਹੀਂ, ਚਾਹਤ ਦੀ ਜਿਥੋਂ ਸਹੀ ਢੰਗ ਨਾਲ ਪੂਰਤੀ ਹੋ ਸਕਦੀ ਹੈ, ਇਸ ਦਾ ਬੋਧ ਹੋਣਾ ਭੀ ਬੜਾ ਲਾਜ਼ਮੀ ਹੈ, ਬਹੁਤ ਲਾਜ਼ਮੀ ਹੈ। ਇਸ ਵਾਸਤੇ ਕਹਿੰਦੇ ਹਨ ਕਿ ਇੱਕੋ ਹੀ ਦੁੱਖ ਹੈ ਅਗਿਆਨ, ਇੱਕੋ ਹੀ ਪੀੜਾ ਹੈ ਅਗਿਆਨ, ਇੱਕੋ ਹੀ ਅਉਗੁਣ ਹੈ ਅਗਿਆਨ, ਇੱਕੋ ਹੀ ਪਾਪ ਹੈ ਅਗਿਆਨ ਅਤੇ ਇੱਕੋ ਹੀ ਜ਼ਿੰਦਗੀ ਦੀ ਮੁਸੀਬਤ ਹੈ ਅਗਿਆਨ, ਇੱਕੋ ਹੀ ਮੂਰਖਤਾ ਹੈ ਅਗਿਅਨ ਅਤੇ ਇੱਕੋ ਹੀ ਆਨੰਦ ਹੈ ਗਿਆਨ। ਗਿਆਨ ਹੀ ਭਗਵਾਨ ਹੈ, ਵੇਦ ਹੀ ਭਗਵਾਨ ਹੈ। ਭਾਰਤ ਦੇ ਰਿਸ਼ੀ ਬਹੁਤ ਸਮੇਂ ਤੋਂ ਕਹਿ ਰਹੇ ਹਨ, ਗਿਆਨ ਹੀ ਭਗਵਾਨ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਹਨ:

ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ॥

(ਸ਼ਬਦ ਹਜ਼ਾਰੇ ਪਾ: ੧੦)

ਗਿਆਨ ਪਰਮਾਤਮਾ ਹੈ, ਗਿਆਨ ਗੁਰੂ ਹੈ, ਗਿਆਨ ਭਗਵਾਨ ਹੈ, ਪਰੰਤੂ ਅਗਿਆਨ ਸ਼ੈਤਾਨ ਹੈ। ਅਗਿਆਨ ਵਿਚ ਜੀਣਾ ਸ਼ੈਤਾਨੀਅਤ ਵਿਚ ਜੀਣੈ। ਗਿਆਨ ਵਿਚ ਜੀਣਾ ਭਗਵਾਨ ਵਿਚ ਜੀਣੈ। ਸ਼ੈਤਾਨੀਅਤ ਦੁੱਖ ਹੈ। ਸ਼ੈਤਾਨੀਅਤ ਪੀੜਾ ਹੈ। ਸ਼ੈਤਾਨੀਅਤ ਕਲੇਸ਼ ਹੈ। ਇਸ ਨੂੰ ਮਿਟਾਏ ਬਿਨਾਂ ਜੀਵਨ ਦਾ ਸੁਖੀ ਹੋਣਾ, ਆਨੰਦਿਤ ਹੋਣਾ ਕਠਨ ਹੈ, ਬੜਾ ਕਠਨ ਹੈ:

ਜੋ ਜੋ ਦੀਸੈ ਸੋ ਸੋ ਰੋਗੀ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥੧॥ਰਹਾਉ॥

(ਭੈਰਉ ਮਹਲਾ ੫, ਪੰਨਾ 1140)

ਮਨੁੱਖ ਰੋਗ ਹੈ ਅਤੇ ਇਹ ਰੋਗ ਦੋ ਹਿੱਸਿਆਂ ਵਿਚ ਪ੍ਰਗਟ ਹੁੰਦੇ ਹਨ। ਤਨ ਦੇ ਤਲ 'ਤੇ ਰੋਗ ਬਣ ਕੇ, ਮਨ ਦੇ ਤਲ 'ਤੇ ਸੋਗ ਬਣ ਕੇ। ਕੀ ਜੀਵਨ ਭਰ ਰੋਗ ਤੇ ਸੋਗ ਵਿਚ ਜਿਊਣਾ ਹੀ ਮਨੁੱਖ ਦੀ ਪ੍ਰਾਲਬੱਧ ਹੈ ? ਮਨੁੱਖ ਦਾ ਭਵਿੱਸ਼ ਹੈ ? ਇਹੀ ਮਨੁੱਖ ਹੈ ਜੋ ਰੋਗ ਵਿਚ ਜੀਵੇ, ਸੋਗ ਵਿਚ ਜੀਵੇ ? ਚਿੰਤਾਵਾਂ ਤੇ ਪੀੜਾਂ ਇਤਨੀਆਂ ਨੇ, ਇਤਨਾ ਬੋਝ ਹੈ, ਕੀ ਇਹੀ ਮਨੁੱਖ ਦੇ ਹਿੱਸੇ ਆਇਆ ਹੈ ? ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਕ ਬੜਾ ਸੁੰਦਰ ਉਦਾਹਰਣ ਦਿੱਤੈ :

ਗਿਰੰਤ ਗਿਰਿ ਪਤਿਤ ਪਾਤਾਲੰ ਜਲੰਤ ਦੇਦੀਪ੍ ਬੈਸ੍ਵਾਂਤਰਹ॥

(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ 1355)

ਕੋਈ ਮਨੁੱਖ ਪਹਾੜ ਦੀ ਉੱਚੀ ਚੋਟੀ ਤੋਂ ਡਿੱਗ ਰਿਹਾ ਹੋਵੇ, ਹਜ਼ਾਰਾਂ ਫੁੱਟ ਦੀ ਬੁਲੰਦੀ ਤੋਂ ਥੱਲੇ ਡਿੱਗ ਰਿਹਾ ਹੋਵੇ, "ਗਿਰੰਤ ਗਿਰਿ ਪਤਿਤ ਪਾਤਾਲੰ ਜਲੰਤ ਦੇਦੀਪ੍ ਬੈਸ੍ਵਾਂਤਰਹ"। ਜਵਾਲਾਮੁਖੀ ਦੀ ਅੱਗ ਵਿਚ ਡਿਗ ਜਾਏ ਅਤੇ ਕੋਈ ਜ਼ਿੰਦਾ ਜਲ ਰਿਹਾ ਹੋਵੇ, "ਬਹੰਤਿ ਅਗਾਹ ਤੋਯੰ ਤਰੰਗੰ"। ਅਥਾਹ ਸਾਗਰ ਦੀਆਂ ਲਹਿਰਾਂ ਵਿਚ ਗੋਤੇ ਖਾ ਰਿਹਾ ਹੋਵੇ, ਡੁੱਬ ਰਿਹਾ ਹੋਵੇ, ਬੜੀ ਬੁਲੰਦੀ ਤੋਂ ਗਿਰ ਰਿਹਾ ਹੋਵੇ, ਜਵਾਲਾਮੁਖੀ ਅੱਗ ਵਿਚ ਜਲ ਰਿਹਾ ਹੋਵੇ, ਅਥਾਹ ਸਾਗਰ ਦੀਆਂ ਲਹਿਰਾਂ ਵਿਚ ਡੁੱਬ ਰਿਹਾ ਹੋਵੇ, ਇਸ ਨਾਲ ਸਰੀਰਕ ਤੇ ਮਾਨਸਿਕ ਪੀੜਾ ਬਹੁਤ ਹੁੰਦੀ ਹੈ :

ਬਹੰਤਿ ਅਗਾਹ ਤੋਯੰ ਤਰੰਗੰ ਦੁਖੰਤ ਗ੍ਰਹ ਚਿੰਤਾ ਜਨਮੰ ਤ ਮਰਣਹ॥

(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ 1355)

ਘਰੇਲੂ ਚਿੰਤਾ, ਜਗਤ ਦੀ ਚਿੰਤਾ, ਪਰਿਵਾਰ ਦੀ ਚਿੰਤਾ, ਆਰਥਿਕ ਚਿੰਤਾ, ਇਹ ਐਸੀ ਚਿੰਤਾ ਹੈ, ਮਹਾਰਾਜ ਕਹਿੰਦੇ ਹਨ, ਜਿਵੇਂ ਕੋਈ ਪਹਾੜ ਦੀ ਬੁਲੰਦੀ ਤੋਂ ਡਿੱਗ ਰਿਹਾ ਹੋਵੇ, ਜਵਾਲਾਮੁਖੀ ਦੀ ਅੱਗ ਵਿਚ ਜਲ ਰਿਹਾ ਹੋਵੇ ਜਾਂ ਫਿਰ ਅਥਾਹ ਸਾਗਰ ਦੀਆਂ ਲਹਿਰਾਂ ਵਿਚ ਡੁੱਬ ਰਿਹਾ ਹੋਵੇ। ਇੰਜ ਕਹਿ ਲਵੋ ਕਿ ਮਨੁੱਖ ਦਾ ਪਤਨ ਹਰ ਵਕਤ ਹੋ ਰਿਹੈ, ਹਰ ਵਕਤ ਗਿਰ ਰਿਹੈ। ਕਹਿੰਦੇ ਹਨ, ਯਾਤਰਾ ਤਾਂ ਚੜ੍ਹਾਈਆਂ ਵਿਚ ਹੁੰਦੀ ਹੈ, ਨੀਵਾਣ ਵਿਚ ਤਾਂ ਪਤਨ ਹੈ, ਗਿਰਾਵਟ ਹੈ, ਪਾਣੀ ਨੀਵਾਣ ਵਿਚ ਜਾ ਰਿਹੈ। ਕਹਿੰਦੇ ਹਾਂ ਕਿ ਗਿਰ ਰਿਹੈ, ਪਰ ਅਸਲ ਵਿਚ ਨੀਵਾਣ ਵੱਲ ਜਾ ਰਿਹੈ। ਜ਼ਿੰਦਗੀ ਵੀ ਨੀਵਾਣ ਦੀ ਤਰਫ਼ ਜਾ ਰਹੀ ਹੈ, ਗਿਰਾਵਟ ਹੈ। ਯਾਤਰਾ ਤਾਂ ਉਹ ਹੁੰਦੀ ਹੈ ਜੋ ਚੜ੍ਹਾਈਆਂ ਦੀ ਹੋਵੇ :

ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ ॥੧੬੫॥

(ਸਲੋਕ ਕਬੀਰ ਜੀ, ਪੰਨਾ 1373)

ਕਿਸੇ ਹੱਦ ਤਕ ਮਨੁੱਖ ਦੀ ਜੀਵਨ-ਸ਼ਕਤੀ ਨੀਵਾਣ ਦੀ ਤਰਫ਼ ਜਾਵੇ ਤਾਂ ਕਾਮ ਬਣਦੀ ਹੈ। ਜੀਵਨ-ਸ਼ਕਤੀ ਉਚਾਈਆਂ ਦੀ ਤਰਫ਼ ਜਾਵੇ ਤਾਂ ਰਾਮ ਬਣਦੀ ਹੈ। ਰਾਮ ਰਸ ਤੇ ਕਾਮ ਰਸ, ਇੰਞ ਕਹਿ ਲਵੋ ਬੁਲੰਦੀ 'ਤੇ ਨੀਵਾਣ ਹਨ। ਇਸ ਲਈ ਥੋੜੀ ਜਿਹੀ ਹੁਸ਼ਿਆਰੀ ਦੀ ਲੋੜ ਹੈ, ਤਾਂ ਕਿ ਖ਼ਿਆਲ ਆ ਜਾਏ ਕਿ ਚੜ੍ਹਾਈਆਂ 'ਤੇ ਚੜ੍ਹਨੈ। ਜਦ ਸ਼ਕਤੀ ਨੀਵਾਣ ਦੀ ਤਰਫ਼ ਜਾਂਦੀ ਹੈ, ਜਾਣੀ ਚਾਹੀਦੀ ਹੈ ਕੁਝ ਦੇਰ ਲਈ, ਤਾਂ ਸੰਤਾਨ ਨੂੰ ਜਨਮ ਦਿੰਦੀ ਹੈ। ਜਦ ਇਹੀ ਸ਼ਕਤੀ ਚੜ੍ਹਾਈਆਂ ਦੀ ਤਰਫ਼ ਜਾਂਦੀ ਹੈ ਤਾਂ ਭਗਵਾਨ ਨੂੰ ਜਨਮ ਦਿੰਦੀ ਹੈ। ਮਨੁੱਖ ਹੈ ਜੋ ਸੰਤਾਨ ਨੂੰ ਭੀ ਜਨਮ ਦਿੰਦੈ, ਭਗਵਾਨ ਨੂੰ ਭੀ ਜਨਮ ਦੇ ਸਕਦੈ। ਸੰਤਾਨ ਨੂੰ ਜਨਮ ਦੇਣ ਵਿਚ ਤਾਂ ਪਸ਼ੂ ਭੀ ਸਮਰੱਥ ਹੋਏ ਹਨ, ਕੀੜੇ ਮਕੌੜੇ ਭੀ ਸਮਰੱਥ ਹੋਏ ਹਨ। ਜੀਵਨ ਤਾਂ ਉਸ ਦਿਨ ਸਫਲ ਹੁੰਦੈ ਜਦ ਕੋਈ ਭਗਵਾਨ ਨੂੰ ਜਨਮ ਦਿੰਦੈ, ਤਾਂ ਉਹ ਮਨੁੱਖ ਸ੍ਵੈਮ ਭਗਵਾਨ ਦਾ ਰੂਪ ਹੋ ਜਾਂਦਾ ਹੈ:

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥

(ਰਾਮਕਲੀ ਕਬੀਰ ਜੀ, ਪੰਨਾ 969)

ਹੁਣ ਇਥੇ ਪ੍ਰਸ਼ਨ ਖੜਾ ਹੁੰਦੈ ਕਿ ਜੇਕਰ ਜੀਵਨ ਰੋਗ ਤੇ ਮਨ ਸੋਗ ਹੈ, ਤਨ ਵੀ ਰੋਗ ਹੈ ਤਾਂ ਫਿਰ ਕੀ ਕਰੀਏ ? ਰੋਗ ਵਿਚ ਜੀਵੀਏ ਕਿ ਸੋਗ ਵਿਚ ਜੀਵੀਏ ? ਇਸ ਤੋਂ ਛੁਟਕਾਰਾ ਹੋ ਸਕਦੈ, ਬਸ ਧਾਰਮਿਕ ਗਿਆਨ ਤੇ ਜਗਤ ਦੇ ਗਿਆਨ ਵਿਚ ਇਹੀ ਅੰਤਰ ਹੈ। ਫ਼ਰਾਇਡ ਜੈਸਾ ਦਾਰਸ਼ਨਿਕ ਕਹਿੰਦੈ, ਕਾਮ ਵਿਚ ਤਾਂ ਜਿਊਣਾ ਹੀ ਪਵੇਗਾ, ਅਹੰਕਾਰ ਵਿਚ ਤਾਂ ਜਿਊਣਾ ਹੀ ਪਵੇਗਾ, ਲੋਭ ਵਿਚ ਤਾਂ ਜਿਊਣਾ ਹੀ ਪਵੇਂਗਾ। ਇਹ ਮਨੁੱਖ ਦੀ ਸ਼ਕਤੀ ਹੈ, ਆਪਣੀ ਸ਼ਕਤੀ ਨਾਲ ਲੜ ਕੇ ਮਨੁੱਖ ਬਚ ਨਹੀਂ ਸਕਦਾ। ਇਹ ਤਾਂ ਇਕ ਮਹਾਨ ਤਾਕਤ ਹੈ। ਲੋਭ ਇਸ ਕੋਲੋਂ ਕੁਝ ਕਰਵਾਉਣਾ ਚਾਹੁੰਦੈ, ਅਹੰਕਾਰ ਇਸ ਕੋਲੋਂ ਬਹੁਤ ਕੁਝ ਕਰਵਾਏਗਾ। ਕਾਮ ਭੀ ਇਸ ਕੋਲੋਂ ਬਹੁਤ ਕੁਝ ਕਰਵਾਏਗਾ। ਇਸ ਵਿਚ ਤਾਂ ਜਿਊਣਾ ਪਵੇਗਾ। ਬਸ ਭਾਰਤ ਦਾ ਮੁਨੀਸ਼ ਕਹਿੰਦਾ ਹੈ ਕਿ ਨਹੀਂ, ਇਸ ਤੋਂ ਬਚਿਆ ਜਾ ਸਕਦੈ, ਇਸ ਤੋਂ ਉੱਚਾ ਉਠਿਆ ਜਾ ਸਕਦੈ। ਲਗਪਗ ਪੱਛਮੀ ਵਿਦਵਾਨ ਐਸਾ ਕਹਿੰਦੇ ਹਨ ਕਿ ਭਾਰਤ ਦੇ ਮੁਨੀਸ਼ ਬਹੁਤੇ ਕਲਪਨਾਵਾਂ ਵਿਚ ਹਨ ਤੇ ਭਾਰਤ ਦੇ ਮੁਨੀਸ਼ ਦੀ ਭਾਸ਼ਾ ਜੇ ਬੋਲੀਏ ਤੇ ਕਹਿ ਸਕਦੇ ਹਾਂ ਕਿ ਪੱਛਮੀ ਵਿਦਵਾਨ ਕਿਸੇ ਹੱਦ ਤਕ ਭੁਲੇਖੇ ਵਿਚ ਹਨ, ਅਗਿਆਨ ਵਿਚ ਹਨ, ਨਾਸਮਝੀ ਵਿਚ ਹਨ, ਦਾਨਿਸ਼ਮੰਦੀ ਨਹੀਂ ਹੈ, ਦੂਰ-

ਦ੍ਰਿਸ਼ਟੀ ਨਹੀਂ ਹੈ। ਉਹ ਤਾਂ ਕਹਿ ਰਹੇ ਹਨ ਕਿ ਇਹ ਭਾਰਤ ਦੇ ਮੁਨੀਸ਼ ਕਲਪਨਾ ਦੀ ਦੁਨੀਆਂ ਵਿਚ ਜੀਅ ਰਹੇ ਹਨ। ਕਹਿੰਦੇ ਹਨ ਕਿ ਉਸ ਦੀ ਤਾਂ ਕਲਪਨਾ ਭੀ ਨਹੀਂ ਕੀਤੀ ਜਾ ਸਕਦੀ, ਜੋ ਹੈ ਹੀ ਨਹੀਂ। ਪਰੰਤੂ ਜੇਕਰ ਪਿਆਸ ਹੈ, ਤਾਂ ਪਾਣੀ ਜ਼ਰੂਰ ਹੈ, ਜੀਵਨ ਵਿਚ ਜੇ ਪਰਮ ਸੁਖ ਦੀ ਪਿਆਸ ਹੈ ਤਾਂ ਪਰਮ ਸੁਖ ਹੈ। ਪਰਮ ਆਨੰਦ ਦੀ ਜੇ ਤੜਪ ਹੈ ਤਾਂ ਫਿਰ ਪਰਮ ਆਨੰਦ ਭੀ ਹੈ। ਉਹ ਕਹਿੰਦੇ ਹਨ ਕਿ ਟੋਲ੍ਹ ਟੋਲ੍ਹ ਕੇ, ਖੋਜ ਖੋਜ ਕੇ ਅਸਾਂ ਦੇਖਿਐ, ਧਨ ਮਿਲਿਐ, ਸੰਪਦਾ ਮਿਲੀ ਹੈ, ਹੋਰ ਕਈ ਤਰ੍ਹਾਂ ਦੇ ਪਦਾਰਥ ਲੱਭੇ ਹਨ ਪਰ ਸੁਖ ਤਾਂ ਕਿਧਰੇ ਨਹੀਂ ਮਿਲਿਆ। ਅਧੂਰੀ ਸੱਚਾਈ ਤਾਂ ਉਨ੍ਹਾਂ ਨੇ ਭੀ ਕਬੂਲ ਕਰ ਲਈ ਹੈ। ਹੁਣ ਤਾਂ ਮੈਡੀਕਲ ਸਾਇੰਸ ਭੀ ਕਹਿ ਰਹੀ ਹੈ ਕਿ ਸੱਠ ਫ਼ੀਸਦੀ ਬੀਮਾਰੀਆਂ ਸਾਡੇ ਕਾਬੂ ਵਿਚ ਨਹੀਂ ਹਨ। ਹੁਣ ਤਾਂ ਮਨੋਚਿੰਤਕ ਭੀ ਕਹਿ ਰਹੇ ਹਨ ਕਿ ਮਾਨਸਿਕ ਰੋਗ ਵਿਚ ਜੀਵਣਾ ਬਸ ਇਹੀ ਮਨੁੱਖ ਦੀ ਜ਼ਿੰਦਗੀ ਹੈ, ਹੋਰ ਕੁਝ ਭੀ ਨਹੀਂ ਹੈ। ਪਰ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ ਕਿ ਨਹੀਂ, ਇਕ ਪਰਮ ਜੀਵਨ ਵੀ ਹੈ, ਐਸਾ ਜੀਵਨ ਜਿਸ ਦੇ ਜਨਮ ਦਾ ਦੁੱਖ ਨਹੀਂ ਹੈ। ਜਿਸਦੇ ਵਿਚ ਮਰਨ ਦਾ ਦੁੱਖ ਨਹੀਂ ਹੈ, ਜਿਸ ਦੇ ਵਿਚ ਤੀਜਾ ਦੁੱਖ ਬੁਢੇਪੇ ਦਾ ਰੋਗ ਭੀ ਨਹੀਂ ਹੈ। ਕੁਝ ਨਾਸਮਝ ਐਸਾ ਕਹਿੰਦੇ ਹਨ ਕਿ ਕਿਉਂ ਮੰਨੀਏ ਕਿ ਜੀਵਨ ਦੁੱਖ ਹੈ, ਸਰੀਰ ਇਕ ਰੋਗ ਹੈ। ਕਈ ਸਰੀਰ ਚੰਗੇ ਭਲੇ ਸੁਅਸਥ ਦਿਖਾਈ ਦਿੰਦੇ ਹਨ, ਪਰ ਗੁਰਬਾਣੀ ਨਹੀਂ ਮੰਨਦੀ, ਜੇਕਰ ਸੁਅਸਥ ਦਿਖਾਈ ਦਿੰਦੇ ਹਨ ਤਾਂ ਇਕ ਦਿਨ ਬੁੱਢੇ ਕਿਸ ਤਰ੍ਹਾਂ ਹੋ ਜਾਂਦੇ ਹਨ ? ਆਖ਼ਰ ਬੁੱਢੇ ਹੋਣ ਦਾ ਬੀਜ ਤਾਂ ਇਸ ਦੇ ਅੰਦਰ ਹੀ ਪਿਐ ਅਤੇ ਜਿਹੜਾ ਬੀਜ ਇਸ ਨੂੰ ਬੁੱਢਾ ਕਰ ਸਕਦੈ, ਉਸ ਨੂੰ ਰੋਗ ਹੀ ਕਿਹਾ ਜਾਏਗਾ, ਹੋਰ ਕੀ ਆਖਿਆ ਜਾਏਗਾ! ਜਿਹੜੇ ਸੁਅਸਥ ਦਿਖਾਈ ਦਿੰਦੇ ਹਨ, ਵਾਸਤਵਿਕ ਵਿਚ ਉਨ੍ਹਾਂ ਦੀਆਂ ਥੋੜ੍ਹੀਆਂ ਜਿਹੀਆਂ ਬੀਮਾਰੀਆਂ ਸੀਮਾ ਵਿਚ ਹਨ ਜਾਂ ਔਸ਼ਧੀਆਂ ਖਾ ਖਾ ਕੇ ਰੋਗ ਨੂੰ ਉਹ ਸੀਮਾ ਵਿਚ ਕਰ ਲੈਂਦਾ ਹੈ ਤਾਕਿ ਪੀੜਾ ਮਹਿਸੂਸ ਨਾ ਹੋਵੇ, ਪਰ ਰੋਗ ਤਾਂ ਖ਼ਤਮ ਨਹੀਂ ਹੁੰਦੇ। ਜੇਕਰ ਰੋਗ ਖ਼ਤਮ ਹੋ ਗਏ ਹਨ ਤਾਂ ਫਿਰ ਮਨੁੱਖ ਬੁੱਢਾ ਕਿਸ ਤਰ੍ਹਾਂ ਹੋ ਸਕਦੈ ? ਬੁਢੇਪਾ ਤਾਂ ਐਸਾ ਰੋਗ ਹੈ, ਜਿਸ ਨੂੰ ਸੀਮਤ ਕਰਨਾ ਭੀ ਬੜਾ ਔਖਾ ਹੈ, ਕਠਨ ਹੈ। ਇਹ ਤਾਂ ਵਧਦਾ ਜਾਏਗਾ, ਵਧਦਾ ਜਾਏਗਾ। ਭਾਰਤ ਦੇ ਸਾਰੇ ਸੰਤ ਕਹਿੰਦੇ ਹਨ ਕਿ ਬੁਢੇਪਾ ਸ੍ਵੈਮ ਆਪਣੇ ਆਪ ਵਿਚ ਇਕ ਰੋਗ ਹੈ :

ਜਬ ਲਗੁ ਜਰਾ ਰੋਗੁ ਨਹੀ ਆਇਆ ॥
ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥
ਜਬ ਲਗੁ ਬਿਕਲ ਭਈ ਨਹੀ ਬਾਨੀ ॥
ਭਜਿ ਲੇਹਿ ਰੇ ਮਨ ਸਾਰਿਗਪਾਨੀ ॥੨॥

(ਭੈਰਉ ਕਬੀਰ ਜੀ, ਪੰਨਾ 1159)

ਬੁਢੇਪਾ ਖ਼ੁਦ ਇਕ ਰੋਗ ਹੈ। ਮਨ ਵਿਚ ਵਾਸਨਾ ਬੜੀ ਪ੍ਰਬਲ ਹੈ ਕਿ ਚੱਲੀਏ, ਪਰ ਚੱਲਣ ਦੀ ਸਮਰੱਥਾ ਪੈਰਾਂ ਵਿਚ ਨਹੀਂ ਹੈ। ਮਨ ਵਿਚ ਬੜੀ ਪ੍ਰਬਲ ਵਾਸਨਾ ਹੈ ਪਦਾਰਥਾਂ ਨੂੰ ਭੋਗਣ ਦੀ, ਪਰ ਸਰੀਰ ਵਿਚ ਸੱਤਿਆ ਨਹੀਂ ਹੈ। ਕਹਿੰਦੇ ਹਨ, ਇਕ ਜੁਆਨ ਦੀ ਪੀੜਾ ਨਾਲੋਂ ਹਜ਼ਾਰਾਂ ਗੁਣਾਂ ਵੱਧ ਪੀੜਾ ਹੁੰਦੀ ਹੈ ਬੁੱਢੇ ਕੋਲ। ਕਿਉਂਕਿ ਜੁਆਨ ਨਾਲੋਂ ਹਜ਼ਾਰਾਂ ਗੁਣਾਂ ਵਾਸਨਾ ਉਸ ਦੀ ਵਧ ਗਈ ਹੈ। ਉਮਰ ਦੇ ਨਾਲ ਨਾਲ ਵਾਸਨਾ ਵਧਦੀ ਹੈ ਅਤੇ ਉਨ੍ਹਾਂ ਵਾਸ਼ਨਾਵਾਂ ਦੀ ਪੂਰਤੀ ਕਰ ਸਕੇ, ਸਰੀਰ ਸਾਥ ਨਹੀਂ ਦਿੰਦਾ। ਇਸ ਵਾਸਤੇ ਬੁੱਢਾ ਬਹੁਤ ਪੀੜ੍ਹਾ ਵਿਚ ਜਿਉਂਦੈ। ਬੜੀ ਮਾਨਸਿਕ ਪੀੜਾ ਹੁੰਦੀ ਹੈ। ਬੁਢੇਪਾ ਖ਼ੁਦ ਇਕ ਰੋਗ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ :

ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥

(ਸਿਰੀਰਾਗੁ ਮਹਲਾ ੫, ਪੰਨਾ 44)

ਅਸੀਂ ਹੁਣ ਆਪਣਾ ਘਰ ਉਥੇ ਬਣਾਇਐ ਜਿਥੇ ਜੰਮਣਾ ਕੋਈ ਨਹੀਂ, ਮਰਨਾ ਕੋਈ ਨਹੀਂ, ਬੁਢੇਪਾ ਕੋਈ ਨਹੀਂ। ਜਨਮ ਹੈ ਤਾਂ ਦੁੱਖ ਹੈ, ਜੀਵਨ ਹੈ ਤਾਂ ਦੁੱਖ ਹੈ, ਮਰਨ ਹੈ ਤਾਂ ਦੁੱਖ ਹੈ। ਸੋ ਪ੍ਰਸ਼ਨ ਖੜਾ ਹੁੰਦੈ ਕਿ ਜੀਵਨ ਦੇ ਹੁੰਦਿਆਂ ਹੋਇਆਂ ਜੀਵਨ ਤੋਂ ਛੁਟਕਾਰਾ ਕਿਵੇਂ ਮਿਲੇ ? ਮੌਤ ਦੇ ਹੁੰਦਿਆਂ ਹੋਇਆਂ ਮੌਤ ਤੋਂ ਕਿਵੇਂ ਬਚੀਏ ? ਫਿਰ ਜਨਮ ਹੋ ਗਿਐ, ਇਸ ਨੂੰ ਭੁਲਾਈਏ ਕਿਸ ਤਰ੍ਹਾਂ ? ਕਿਵੇਂ ਭੁਲੀਈਏ ? ਇਨ੍ਹਾਂ ਰੋਗਾਂ ਤੋਂ ਅਤੇ ਇਨ੍ਹਾਂ ਚਿੰਤਾਵਾਂ ਤੋਂ ਕਿਵੇਂ ਛੁਟਕਾਰਾ ਹੋਵੇ ? ਪ੍ਰਿਥਮ ਚਿੰਤਾ ਤੋਂ ਕਿਵੇਂ ਬਚੀਏ ? ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਇਕ ਬੜਾ ਕੀਮਤੀ ਸਲੋਕ ਹੈ। ਇਸ ਨੂੰ ਅਖੰਡਪਾਠ ਸਾਹਿਬ ਦਾ, ਜਾਂ ਖੁਲ੍ਹੇ ਪਾਠ ਦਾ ਜਦੋਂ ਭੋਗ ਪੈਂਦੈ ਤਾਂ ਸਲੋਕਾਂ ਦੀ ਬਾਣੀ ਚਲਦੀ ਹੈ। ਇਸ ਸਲੋਕ ਦੇ ਆਉਂਦਿਆਂ ਹੀ ਇਸਨੂੰ ਬੜੇ ਉਤਸ਼ਾਹ ਨਾਲ, ਉਮੰਗ ਨਾਲ ਪੜ੍ਹਦੇ ਹਨ :

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥

(ਸਲੋਕ ਮਹਲਾ ੯, ਪੰਨਾ 1429)

ਪਰ ਜਿਨ੍ਹਾਂ ਅਰਥਾਂ ਵਿਚ ਜਗਤ ਇਸ ਨੂੰ ਪੜ੍ਹਦੈ, ਇਹ ਅਰਥ ਨਹੀਂ ਹਨ। ਮਨੁੱਖ ਇਸ ਦੇ ਅਰਥ ਕਰਦੈ ਕਿ ਅਨਹੋਣੀ ਘਟਨਾ ਘਟੇ ਤਾਂ ਚਿੰਤਾ ਕਰ, ਭਾਵ ਮੌਤ ਹੋ ਗਈ ਹੈ, ਅਨਹੋਣੀ ਹੋ ਗਈ ਹੈ। ਕੋਈ ਜੁਆਨ ਜਦ ਬੁੱਢਾ ਹੋ ਜਾਂਦਾ ਹੈ, ਤਾਂ ਕਹਿੰਦੈ, ਮੇਰੇ ਨਾਲ ਅਨਹੋਣੀ ਹੋ ਗਈ ਹੈ। ਬੀਮਾਰੀ ਚਰਮ ਸੀਮਾ 'ਤੇ ਜਦ ਪਹੁੰਚਦੀ ਹੈ ਤਾਂ ਕਹਿੰਦੈ, ਮੇਰੇ ਨਾਲ ਅਨਹੋਣੀ ਹੋ ਗਈ ਹੈ। ਘਾਟਾ ਪੈ ਗਿਐ, ਦੀਵਾਲੀਆ ਹੋ ਗਿਐ, ਕਹਿੰਦੈ, ਮੇਰੇ ਨਾਲ ਅਨਹੋਣੀ ਹੋ ਗਈ ਹੈ। ਚਿੰਤਾ ਉਸ ਦੀ ਕਰ ਜੋ ਅਨਹੋਣੀ ਹੁੰਦੀ ਹੈ। ਸਲੋਕ ਦੇ ਇਹ ਅਰਥ

ਕੀਤੇ ਜਾਂਦੇ ਹਨ ਪਰ ਇਹ ਅਰਥ ਹੈ ਨਹੀਂ, "ਚਿੰਤਾ ਤਾ ਕੀ ਕੀਜੀਐ ਜੋ ਅਨਹੋਣੀ ਹੋਇ"। ਬਿਸਰਾਮ ਨਾਲ ਪੜ੍ਹਨਾ ਪਵੇਗਾ। ਪ੍ਰਿਥਮ ਇਹ ਦੇਖਣਾ ਪਵੇਗਾ ਕਿ ਚਿੰਤਾ ਕਿਸ ਗੱਲ ਦੀ ਹੈ। ਚਿੰਤਾ ਦੇ ਕਾਰਨ ਦੋ ਹਨ, ਘੱਟ ਤੋਂ ਘੱਟ ਮੇਰੇ ਨਾਲ ਐਸਾ ਨਹੀਂ ਹੋਣਾ ਚਾਹੀਦਾ, ਇਹ ਮਨੁੱਖ ਦੀ ਚਾਹਤ ਹੈ। ਘੱਟ ਤੋਂ ਘੱਟ ਮੇਰੇ ਨਾਲ ਐਸਾ ਨਹੀਂ ਹੋਣਾ ਚਾਹੀਦਾ, ਪੜੋਸੀ ਨਾਲ ਹੋਇਐ, ਹੋਵੇ ਪਿਆ, ਮੇਰੇ ਨਾਲ ਐਸਾ ਨਹੀਂ ਹੋਣਾ ਚਾਹੀਦਾ। ਪਰ ਅੰਦਰ ਚਿੰਤਾ ਬਣੀ ਹੋਈ ਹੈ ਕਿ ਕਿਧਰੇ ਹੋ ਨਾ ਜਾਏ। ਦੂਸਰਾ, ਐਸਾ ਹੋਣਾ ਹੀ ਚਾਹੀਦੈ, ਕਿਉਂਕਿ ਮੈਂ ਚਾਹੁੰਦਾ ਹਾਂ, ਮੇਰੀ ਇੱਛਾ ਹੈ, ਮੇਰੀ ਤਲਬ ਹੈ, ਮੇਰੀ ਚਾਹਤ ਹੈ, ਮੇਰੀ ਖ਼ਾਹਿਸ਼ ਹੈ, ਐਸਾ ਹੋਣਾ ਹੀ ਚਾਹੀਦੈ, ਪਰ ਅੰਦਰ ਚਿੰਤਾ ਬਣੀ ਹੋਈ ਹੈ ਕਿ ਮਤਾਂ ਨਾ ਹੋਵੇ, ਚਿੰਤਾ ਦੇ ਇਹ ਦੋ ਕਾਰਨ ਹਨ—ਐਸਾ ਨਹੀਂ ਹੋਣਾ ਚਾਹੀਦਾ, ਕਿਉਂਕਿ ਮੈਂ ਨਹੀਂ ਚਾਹੁੰਦਾ ਅਤੇ ਐਸਾ ਹੋਣਾ ਹੀ ਚਾਹੀਦੈ ਕਿਉਂਕਿ ਮੈਂ ਚਾਹੁੰਦਾ ਹਾਂ। ਪਹਿਲੇ ਇਸ ਗੱਲ ਦੀ ਚਿੰਤਾ ਹੈ ਕਿ ਜੋ ਮੈਂ ਨਹੀਂ ਚਾਹੁੰਦਾ, ਕਿਧਰੇ ਹੋ ਨਾ ਜਾਵੇ ਅਤੇ ਜੋ ਮੈਂ ਚਾਹੁੰਦਾ ਹਾਂ, ਐਸਾ ਨਾ ਹੋਵੇ ਕਿ ਕਿਧਰੇ ਨਾ ਹੋਵੇ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਕਹਿੰਦੇ ਹਨ, ਚਿੰਤਾ ਨੂੰ ਇਕ ਪਾਸੇ ਰੱਖ। ਜੋ ਹੋਣਾ ਹੁੰਦੈ, ਉਹੀ ਹੁੰਦੈ ਅਤੇ ਜੋ ਨਹੀਂ ਹੋਣਾ ਹੁੰਦਾ, ਉਹ ਨਹੀਂ ਹੁੰਦਾ। ਚਿੰਤਾ ਨੂੰ ਪਰੇ ਸੁੱਟ। ਜੇਕਰ ਇਕ ਬੁੱਢਾ ਆਖੇ ਕਿ ਮੈਂ ਮਾਸੂਮ ਬੱਚੇ ਦੀ ਤਰ੍ਹਾਂ ਹੋ ਜਾਵਾਂ, ਇਹ ਨਹੀਂ ਹੋ ਸਕਦਾ ਅਤੇ ਇਕ ਜਵਾਨ ਇਹ ਆਖੇ ਕਿ ਮੈਂ ਕਦੀ ਬੁੱਢਾ ਨਾ ਹੋਵਾਂ, ਇਹ ਵੀ ਨਹੀਂ ਹੁੰਦਾ। ਇਕ ਬੁੱਢਾ ਇਹ ਆਖੇ ਕਿ ਮੈਂ ਕਦੀ ਨਾ ਮਰਾਂ, ਇਹ ਨਹੀਂ ਹੁੰਦਾ। ਜੋ ਹੋਣਾ ਹੁੰਦੈ, ਉਹੀ ਹੁੰਦੈ। ਜੋ ਨਹੀਂ ਹੋਣਾ ਹੁੰਦਾ, ਨਹੀਂ ਹੁੰਦਾ। ਜਨਮ ਹੋ ਗਿਐ, ਹੋਣਾ ਸੀ; ਮਰਨ ਹੋ ਗਿਐ, ਹੋਣਾ ਸੀ। ਨਫ਼ਾ ਹੋ ਗਿਐ, ਹੋਣਾ ਸੀ; ਨੁਕਸਾਨ ਹੋ ਗਿਐ, ਹੋਣਾ ਸੀ। ਕਬੂਲ ਕਰਦਿਆਂ ਹੀ ਮਨੁੱਖ, ਜਨਮ-ਮਰਨ ਦੀ ਪੀੜਾ ਤੋਂ ਉਪਰ ਹੋ ਜਾਂਦਾ ਹੈ। ਪਰ ਕਿਵੇਂ ਹੋਵੇ ? ਇਸ ਦੀ ਸਾਧਨਾ ਕੀ ਕੀਤੀ ਜਾਏ ? ਕਿਸ ਤਰ੍ਹਾਂ ਕੀਤੀ ਜਾਏ ? ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਬਿਸ਼ੰਭਰ ਨੇ ਜਿਸ ਆਵਾਜ਼ ਨਾਲ ਪੁਕਾਰਿਆ ਸੀ—ਬਾਬਾ ਵੈਦ ਰੋਗੀਆਂ ਦਾ, ਬਾਬਾ ਵੈਦ ਰੋਗੀਆਂ ਦਾ। ਤਾਂ ਰੋਗ ਜਨਮ ਹੈ, ਰੋਗ ਜੀਵਨ ਹੈ, ਰੋਗ ਮਰਨ ਹੈ, ਕਿਵੇਂ ਛੁਟਕਾਰਾ ਹੋਵੇ ? ਗੁਰੂ ਨਾਨਕ ਕਿਸ ਢੰਗ ਨਾਲ ਇਲਾਜ ਕਰਦੇ ਸਨ ? ਕਿਵੇ ਇਲਾਜ ਕਰਦੇ ਸਨ ? ਪ੍ਰਿਥਮ ਦੇਖਣਾ ਪਵੇਗਾ ਕਿ ਮਨੁੱਖ ਜਿਥੇ ਭੀ ਬੈਠੇ, ਪਰਿਵਾਰ ਵਿਚ ਬੈਠੇ, ਬਾਜ਼ਾਰ ਵਿਚ ਬੈਠੇ ਜਾਂ ਮੰਦਰ, ਮਸਜਿਦ, ਗੁਰਦੁਆਰੇ ਵਿਚ ਬੈਠੇ, ਕਾਰੋਬਾਰ ਵਿਚ ਬੈਠੇ ਜਾਂ ਵਿਹਲਾ ਬੈਠੇ। ਭਾਵੇਂ ਬੈਠੇ ਭੂਤਕਾਲ ਦੀਆਂ ਯਾਦਾਂ ਵਿਚ, ਭਾਵੇਂ ਭਵਿੱਸ਼ ਦੀ ਚਿੰਤਾ ਵਿਚ। ਇਹ ਦੋ ਬੋਝ ਇਸ ਦੇ ਦਿਮਾਗ਼ ਉੱਤੇ ਪਏ ਹੋਏ ਹਨ। ਮਨੁੱਖ ਹਮੇਸ਼ਾ ਭਵਿੱਸ਼ ਵਿਚ ਅਤੇ ਭੂਤ ਕਾਲ ਵਿਚ ਜਿਊਂਦੈ। ਕਹਿੰਦੇ ਹਨ, ਤਨ ਨੂੰ

ਭੱਜਣ ਦੌੜਨ ਲਈ ਅਸਥਾਨ ਚਾਹੀਦੇ, ਖੁਲ੍ਹੀ ਜਗ੍ਹਾ ਹੀ ਨਾ ਹੋਵੇ ਤਾਂ ਤਨ ਭੱਜ ਦੌੜ ਨਹੀਂ ਸਕਦਾ ਤੇ ਮਨ ਨੂੰ ਭੱਜਣ ਦੌੜਨ ਵਾਸਤੇ ਸਮਾਂ ਚਾਹੀਦੈ। ਮਨ ਦੀ ਭੱਜ ਦੌੜ ਸਮੇਂ ਵਿਚ ਹੁੰਦੀ ਹੈ, ਅਸਥਾਨ ਵਿਚ ਨਹੀਂ ਹੁੰਦੀ। ਅਸਥਾਨ ਵਿਚ ਦੌੜਦੈ ਤਨ, ਸਮੇਂ ਵਿਚ ਦੌੜਦੈ ਮਨ। ਜੇਕਰ ਜਗ੍ਹਾ ਹੀ ਨਹੀਂ, ਅਸਥਾਨ ਹੀ ਨਹੀਂ, ਤਾਂ ਤਨ ਇਕ ਜਗ੍ਹਾ ਬੈਠ ਜਾਏਗਾ ਅਤੇ ਫਿਰ ਸਮਾਂ ਖੁੱਸ ਜਾਏ ਤਾਂ ਮਨ ਮਿਟ ਜਾਏਗਾ, ਮਨ ਟਿਕ ਜਾਏਗਾ। ਸਾਰੀ ਦੁਨੀਆਂ ਵਿਚ ਇਕ ਗੱਲ ਤਾਂ ਪਕੜ ਵਿਚ ਆ ਗਈ ਹੈ ਕਿ ਸੁੱਖ ਉਦੋਂ ਬਣਦੈ, ਆਨੰਦ ਉਦੋਂ ਬਣਦੈ, ਜਿਥੇ ਮਨ ਟਿਕ ਜਾਏ, ਇਕਾਗਰ ਹੋ ਜਾਏ। ਕਿਸੇ ਸੰਗੀਤ ਦੀ ਧੁਨ ਵਿਚ, ਕਿਸੇ ਨ੍ਰਿਤਕਾਰ ਦੀ ਕਲਾ ਵਿਚ, ਕਿਸੇ ਸਾਜ਼ ਦੇ ਵਾਦਨ ਵਿਚ, ਆਵਾਜ਼ ਵਿਚ, ਮਧੁਰ ਧੁਨੀ ਵਿਚ, ਭਾਵੇਂ ਵਕਤੀ ਤੌਰ 'ਤੇ ਮਨ ਟਿਕ ਜਾਏ, ਰਸ ਤਾਂ ਬਣ ਜਾਂਦਾ ਹੈ, ਆਨੰਦ ਤਾਂ ਬਣ ਜਾਂਦਾ ਹੈ, ਪਰ ਸਦੀਵੀ ਟਿਕਾਉ ਨਹੀਂ ਹੁੰਦਾ, ਕਿਉਂਕਿ ਮਨ ਭਟਕਦੈ ਸਮੇਂ ਵਿਚ ਤੇ ਸਮਾਂ ਬਹੁਤ ਵੱਡਾ ਹੈ— ਭਵਿੱਸ਼। ਸਮਾਂ ਬਹੁਤ ਵੱਡਾ ਹੈ ਭੂਤਕਾਲ। ਪਤਾ ਨਹੀਂ ਕਦੋਂ ਅਸੀਂ ਚੱਲੇ ਸੀ, ਲੰਬੀ ਯਾਤਰਾ ਹੈ, ਬੜਾ ਲੰਬਾ ਸਮਾਂ ਹੈ। ਭੂਤਕਾਲ ਸਾਡਾ ਬਹੁਤ ਲੰਬਾ ਹੈ, ਮਾਜ਼ੀ ਸਾਡਾ ਬਹੁਤ ਲੰਬਾ ਹੈ ਅਤੇ ਭਵਿੱਸ਼ ਵੀ ਸਾਡਾ ਬੜਾ ਲੰਬੈ। ਪਤਾ ਨਹੀਂ ਕਦੋਂ ਤਕ ਅਸੀਂ ਹੋਵਾਂਗੇ, ਅਸੀਂ ਅੱਜ ਦੇ ਨਹੀਂ ਹਾਂ, ਹਿਮਾਲੀਆ ਪਰਬਤ ਤੋਂ ਪਹਿਲੇ ਦੇ ਹਾਂ। ਸੂਰਜ ਚੰਦ ਤਾਰਿਆਂ ਤੋਂ ਭੀ ਪਹਿਲੇ ਦੇ ਹਾਂ:

ਨ-ਬੂਦ ਹੇਚ ਨਿਸ਼ਾਂਹਾ, ਜ਼ਿ ਆਸਮਾਨੋ ਜ਼ਮੀਂ॥
ਕਿ: ਸ਼ੌਕਿ ਰੂਏ ਤੋ, ਆਵੁਰਦ ਦਰ ਸਜੂਦ ਮਰਾ॥

(ਭਾਈ ਨੰਦ ਲਾਲ ਜੀ, ਗ਼ਜ਼ਲ 1)

ਅਜੇ ਜ਼ਮੀਨ ਤੇ ਆਸਮਾਨ ਦਾ ਨਾਮੋ-ਨਿਸ਼ਾਨ ਨਹੀਂ ਸੀ, ਮੈਂ ਤਾਂ ਉਦੋਂ ਦਾ ਭਟਕ ਰਿਹਾਂ, ਕੋਈ ਅੱਜ ਦਾ ਨਹੀਂ। ਐਸਾ ਇਕ ਸੂਫ਼ੀ ਸੰਤ ਨੇ ਭੀ ਆਖਿਐ:

ਆਦਮ ਨ ਬੂਦੋ ਮਨ ਬੂਦਮ।
ਹਊਆ ਨ ਬੂਦੋ ਮਨ ਬੂਦਮ।
ਈ ਕਸ ਨ ਬੂਦੋ ਮਨ ਬੂਦਮ।
ਮਨ ਆਸ਼ਕੇ ਦੇਰੀਮ।

ਮੈਂ ਕੋਈ ਅੱਜ ਦਾ ਆਸ਼ਕ ਨਹੀਂ ਹਾਂ, ਅੱਜ ਤੋਂ ਤੇਰੀ ਤਲਾਸ਼ ਨਹੀਂ ਕਰ ਰਿਹਾ। ਅਚੇਤਪੁਣੇ ਵਿਚ, ਸੁਚੇਤਪੁਣੇ ਵਿਚ, ਓਦੋਂ ਦਾ ਮੈਂ ਤੇਰੇ ਰਸਤੇ ਉੱਤੇ ਹਾਂ, ਜਦੋਂ ਤੂੰ ਮਨੁੱਖ ਭੀ ਨਹੀਂ ਬਣਾਏ ਸਨ, "ਆਦਮ ਨ ਬੂਦੋ ਮਨ ਬੂਦਮ। ਹਊਆ ਨ ਬੂਦੋ ਮਨ ਬੂਦਮ।" ਅਜੇ ਮਾਇਆ ਰੂਪੀ ਸੰਸਾਰ ਤੂੰ ਨਹੀਂ ਬਣਾਇਆ ਸੀ, ਉਦੋਂ ਵੀ ਮੈਂ ਹੈ ਸੀ, "ਈ ਕਸ ਨ ਬੂਦੋ ਮਨ ਬੂਦਮ। ਮਨ

ਆਸ਼ਕੇ ਦੇਰੀਮ"। ਇਹ ਆਕਾਰ ਨਹੀਂ ਸੀ। ਹੇ ਨਿਰੰਕਾਰ! ਮੈਂ ਨਿਰਾਕਾਰ ਹੋ ਕੇ ਵਿਚਰਦਾ ਪਿਆ ਸੀ, ਭਟਕਦਾ ਪਿਆ ਸੀ। ਮੈਂ ਤਾਂ ਕਦੋਂ ਦਾ ਹਾਂ, ਅੱਜ ਦਾ ਥੋੜ੍ਹੀ ਹਾਂ। ਮਨ ਨੂੰ ਭਟਕਣ ਲਈ ਸਮਾਂ ਚਾਹੀਦੈ, ਭੂਤਕਾਲ, ਭਵਿੱਸ਼। ਧਰਮ ਕਹਿੰਦੈ, ਭੂਤਕਾਲ ਤੇ ਭਵਿੱਸ਼ ਦੀਆਂ ਚਿੰਤਾਵਾਂ ਤੋਂ ਇਕ ਪਾਸੇ ਹੋ ਜਾ, ਮਨ ਨੂੰ ਲਿਆ ਵਰਤਮਾਨ ਵਿਚ। ਭਗਵਾਨ ਦੀ ਥੋੜ੍ਹੀ ਬਹੁਤ ਝਲਕ ਜਦ ਭੀ ਮਿਲੇਗੀ, ਵਰਤਮਾਨ ਵਿਚ ਹੀ ਮਿਲੇਗੀ ਅਤੇ ਉਹੀ ਭਗਵਾਨ ਦੀ ਝਲਕ ਵਰਤਮਾਨ ਨੂੰ ਭੀ ਮਿਟਾ ਕੇ ਸੰਪੂਰਨ ਭਗਵਾਨ ਹੋ ਜਾਏਗੀ, ਸੰਪੂਰਨ ਪਰਮਾਤਮਾ ਹੋ ਜਾਏਗੀ, ਸੰਪੂਰਨ ਈਸ਼੍ਵਰ ਹੋ ਜਾਏਗੀ। ਪਰ ਸਵਾਲ ਇਹ ਪੈਦਾ ਹੁੰਦੈ ਕਿ ਭਵਿੱਸ਼ ਨੂੰ ਅਤੇ ਭੂਤਕਾਲ ਨੂੰ ਕਿਵੇਂ ਮਿਟਾਈਏ, ਇਹ ਤਾਂ ਹਰ ਥਾਂ 'ਤੇ ਪਿੱਛਾ ਕਰਦੇ। ਮਨੁੱਖ ਜਿਥੇ ਭੀ ਬੈਠੇ, ਚਾਹੇ ਉਹ ਦਾਰਸ਼ਨਿਕ ਹੈ, ਚਿੰਤਕ ਹੈ, ਧਨਵਾਨ ਹੈ, ਗੁਣਵਾਨ ਹੈ, ਮੂਰਖ ਹੈ, ਸਿਆਣਾ ਹੈ, ਭੂਤਕਾਲ ਦੀਆਂ ਯਾਦਾਂ ਵਿਚ ਬੈਠੇ ਜਾਂ ਭਵਿੱਸ਼ ਦੀ ਚਿੰਤਾ ਵਿਚ ਬੈਠੇ, ਚਾਹੇ ਕੋਈ ਭੀ ਹੈ—ਰਾਜਾ ਹੈ, ਭੀਖਾਰੀ ਹੈ—ਭੂਤਕਾਲ ਦੀਆਂ ਯਾਦਾਂ ਵਿਚ ਬੈਠੇ, ਕਿਉਂਕਿ ਮਨ ਨੂੰ ਦੌੜਨ ਭੱਜਣ ਲਈ ਸਮਾਂ ਚਾਹੀਦੈ, ਭੂਤਕਾਲ ਬਹੁਤ ਲੰਬਾ ਹੈ, ਭਵਿੱਸ਼ ਬਹੁਤ ਲੰਬੈ, ਪਰ ਵਰਤਮਾਨ ਛੋਟੈ। ਤਾਂ ਪਹਿਲੇ ਸਮਝੀਏ ਕਿ ਵਰਤਮਾਨ ਕਿੰਨਾ ਕੁ ਹੈ ? ਵਰਤਮਾਨ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ :

ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ॥

(ਧਨਾਸਰੀ ਮਹਲਾ ੧, ਪੰਨਾ 660)

ਵਰਤਮਾਨ ਇਕ ਦਮ ਹੈ। ਵਰਤਮਾਨ ਅੱਜ ਦਾ ਦਿਨ ਨਹੀਂ ਹੈ, ਵਰਤਮਾਨ ਅੱਜ ਦੀ ਰਾਤ ਵੀ ਨਹੀਂ ਹੈ, ਵਰਤਮਾਨ ਇਕ ਦਮ ਹੈ, ਜੋ ਮੇਰੇ ਮੂੰਹ ਵਿਚ ਹੈ, ਸਾਰਿਆਂ ਦੇ ਮੂੰਹ ਵਿਚ ਹੈ। ਜਿਹੜਾ ਦਮ ਅਜੇ ਆਇਆ ਨਹੀਂ, ਉਹ ਤਾਂ ਮੇਰਾ ਭਵਿੱਸ਼ ਹੈ ਅਤੇ ਜਿਹੜਾ ਦਮ ਚਲਾ ਗਿਐ ਮੇਰੇ ਮੂੰਹ ਵਿੱਚੋਂ, ਉਹ ਭੂਤਕਾਲ ਹੋ ਗਿਐ। ਜੋ ਦਮ ਚਲਾ ਗਿਐ, ਉਸ ਨੂੰ ਮੈਂ ਖ਼ਰਚ ਨਹੀਂ ਕਰ ਸਕਦਾ ਅਤੇ ਜੋ ਦਮ ਅਜੇ ਆਇਆ ਹੀ ਨਹੀਂ, ਮੈਂ ਉਸ ਨੂੰ ਵਰਤ ਨਹੀਂ ਸਕਦਾ। ਇਕ ਦਮ, ਸਿਰਫ਼ ਇਕ ਦਮ। ਤਾਂ ਇਥੇ ਪ੍ਰਸ਼ਨ ਖੜਾ ਹੁੰਦੈ ਕਿ ਇਕ ਦਮ ਵਿਚ ਕੀ ਕਰ ਸਕਦੇ ਹਾਂ ? ਇਕ ਦਮ ਵਿਚ ਕੋਈ ਲੰਬੀ ਯਾਤਰਾ ਨਹੀਂ ਹੋ ਸਕਦੀ। ਇਕ ਦਮ ਵਿਚ ਕੋਈ ਲੰਬਾ ਕਾਰੋਬਾਰ ਨਹੀਂ ਖੋਲ੍ਹਿਆ ਜਾ ਸਕਦਾ। ਇਕ ਦਮ ਵਿਚ ਕੋਈ ਉੱਚਾ ਵੱਡਾ ਮਹਿਲ ਨਹੀਂ ਖੜਾ ਕੀਤਾ ਜਾ ਸਕਦਾ। ਇਕ ਦਮ ਵਿਚ ਕੋਈ ਲੰਬੀ ਚੌੜੀ ਵਿਦਿਆ ਨਹੀਂ ਹਾਸਲ ਕੀਤੀ ਜਾ ਸਕਦੀ, ਪਰ ਗੁਰੂ ਨਾਨਕ ਕਹਿੰਦੇ ਹਨ ਕਿ ਇਕ ਦਮ ਵਿਚ ਪਰਮਾਤਮਾ ਪ੍ਰਾਪਤ ਕੀਤਾ ਜਾ ਸਕਦੈ। ਜਦ ਭੀ ਉਹ ਮਿਲੇਗਾ, ਇਕ ਦਮ ਵਿਚ ਅਤੇ ਇਕ ਦਮ ਨਕਦ

ਹੈ, ਧਰਮ ਦਾ ਸੌਦਾ, ਪਰਮਾਤਮਾ ਦਾ ਸੌਦਾ ਹਮੇਸ਼ਾ ਨਕਦੀ ਨਾਲ ਹੁੰਦੈ। ਦੁਨੀਆਂ ਦੇ ਸਾਰੇ ਮਹਾਂ ਮੰਤ੍ਰ ਇਕ ਦਮ ਵਿਚ ਪੂਰੇ ਹੋ ਜਾਂਦੇ ਹਨ। 'ਰਾਮ' ਇਕ ਦਮ ਵਿਚ ਪੂਰਾ ਹੋ ਗਿਐ, 'ਓਮ' ਇਕ ਦਮ ਵਿਚ ਪੂਰਾ ਹੋ ਗਿਐ। 'ਅੱਲਾਹ' ਹੂ ਇਕ ਦਮ ਵਿਚ ਪੂਰਾ ਹੋ ਗਿਆ, 'ਵਾਹਿਗੁਰੂ' ਇਕ ਦਮ ਵਿਚ ਪੂਰਾ ਹੋ ਗਿਆ। ਕਰੋੜ ਦਫ਼ਾ ਵਾਹਿਗੁਰੂ ਵਾਹਿਗੁਰੂ ਆਖਣ ਨਾਲ ਇਕ ਪਾਪ ਭੀ ਨਹੀਂ ਮਿਟੇਗਾ, ਕਰੋੜ ਦਫ਼ਾ ਵਾਹਿਗੁਰੂ ਵਾਹਿਗੁਰੂ ਆਖਣ ਨਾਲ ਇਕ ਦੁੱਖ ਭੀ ਨਹੀਂ ਮਿਟੇਗਾ ਪਰ ਇਕ ਦਫ਼ਾ ਵਾਹਿਗੁਰੂ ਆਖਦਿਆਂ ਕ੍ਰੋੜਾਂ ਪਾਪ ਮਿਟ ਜਾਣਗੇ। ਇਹ ਤਾਂ ਫਿਰ ਪਹੇਲੀ ਹੋ ਗਈ। ਨਹੀਂ, ਪਹੇਲੀ ਨਹੀਂ। ਸਾਰੇ ਮਹਾਂ ਮੰਤ੍ਰ ਇਕ ਦਮ ਵਿਚ ਪੂਰੇ ਹੋ ਜਾਂਦੇ ਹਨ। ਵਾਹਿਗੁਰੂ ਕਹਿਣ ਲਈ ਇੱਕੋ ਹੀ ਦਮ ਦੀ ਲੋੜ ਹੈ। ਹੁਣ ਮੇਰਾ ਸਾਰਾ ਧਿਆਨ ਇਸੇ ਹੀ ਮੰਤ੍ਰ ਦੇ ਸੁਣਨ ਵਿਚ ਆ ਜਾਏ—ਵਾਹਿਗੁਰੂ, ਤਾਂ ਮੈਂ ਇਕ ਦਮ ਵਿਚ ਆਵਾਂਗਾ, ਇਸੇ ਨੂੰ ਧਿਆਨ-ਸਾਧਨਾ ਕਹਿੰਦੇ ਹਨ। ਫਿਰ ਭੂਤਕਾਲ ਖੋਅ ਜਾਏਗਾ, ਭਵਿੱਸ਼ ਖੋਅ ਜਾਏਗਾ, ਵਰਤਮਾਨ ਨੇ ਭਗਵਾਨ ਨੂੰ ਪ੍ਰਗਟ ਕਰ ਦੇਣੈ। ਸ੍ਰੀ ਕਬੀਰ ਕਹਿੰਦੇ ਹਨ :

ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ ॥
ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ ॥੧॥

(ਤਿਲੰਗ ਕਬੀਰ ਜੀ, ਪੰਨਾ 727)

ਇਕ ਦਮ ਵਿਚ ਟਿਕ ਜਾਉ, ਖ਼ੁਦਾ ਹਾਜ਼ਰ ਨਾਜ਼ਰ ਹੈ, ਪਰਮਾਤਮਾ ਹਾਜ਼ਰ ਨਾਜ਼ਰ ਹੈ। ਧਰਮ ਦੀ ਸਾਰੀ ਸਾਧਨਾ ਹੈ ਕਿ ਕਿਸੇ ਤਰੀਕੇ ਨਾਲ ਵਰਤਮਾਨ ਵਿਚ ਆਈਏ। ਬੜੇ ਬੜੇ ਦਾਰਸ਼ਨਿਕ ਵਰਤਮਾਨ ਵਿਚ ਨਹੀਂ ਜਿਊਂਦੇ, ਭਵਿੱਸ਼ ਦੀਆਂ ਚਿੰਤਾਵਾਂ ਵਿਚ ਜਿਊਂਦੇ ਹਨ। ਬੜੇ ਬੜੇ ਸਿਆਣੇ ਮਨੁੱਖ ਵਰਤਮਾਨ ਵਿਚ ਨਹੀਂ ਹੁੰਦੇ, ਭੂਤਕਾਲ ਦੀਆਂ ਯਾਦਾਂ ਵਿਚ ਬੈਠੇ ਹੁੰਦੇ ਹਨ ਅਤੇ ਇਕ ਦਫ਼ਾ ਮਨੁੱਖ ਵਰਤਮਾਨ ਵਿਚ ਆ ਜਾਏ ਤਾਂ ਵਰਤਮਾਨ ਸਿਰਫ਼ ਇਕ ਦਮ ਹੈ। ਉਸ ਵਿਚ ਆਉਂਦਿਆਂ ਹੀ ਮਨੁੱਖ ਤਨ ਤੇ ਮਨ ਤੋਂ ਉੱਚਾ ਉਠ ਜਾਂਦਾ ਹੈ। ਤਨ ਰੋਗ ਹੈ, ਮਨ ਸੋਗ ਹੈ, ਰੋਗ ਸੋਗ ਤੋਂ ਉੱਚਾ ਉਠ ਜਾਂਦਾ ਹੈ :

ਰੋਗ ਸੋਗ ਦੂਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ ॥

(ਟੋਡੀ ਮਹਲਾ ੫, ਪੰਨਾ 711)

ਰੋਗ, ਜਨਮ ਮਰਨ ਸਭ ਮਿਟ ਜਾਂਦਾ ਹੈ, "ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ"। ਇਕ ਵਰਤਮਾਨ ਵਿਚ ਆਉਂਦਿਆਂ ਅਗਲਾ ਜਨਮ ਨਹੀਂ ਹੋਵੇਗਾ, ਮਰਨ ਨਹੀਂ ਹੋਵੇਗਾ। ਇਹ ਜੋ ਜਿਹੜਾ ਜੀਵਨ ਕੋਲ ਹੈ, ਇਸ ਤੋਂ ਮਨੁੱਖ ਉੱਚਾ ਉਠ ਜਾਏਗਾ ਅਤੇ ਭਗਵਾਨ ਪ੍ਰਗਟ ਹੋ ਜਾਏਗਾ। ਇਹੀ ਇਕ ਸਾਧਨਾ ਹੈ ਅਤੇ ਇਹੀ ਔਸ਼ਧੀ ਹੈ। ਇਹੀ ਔਸ਼ਧੀ ਦੇਸ਼ਾਂ ਪ੍ਰਦੇਸ਼ਾਂ

ਵਿਚ ਭ੍ਰਮਣ ਕਰਕੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਵੰਡਦੇ ਰਹੇ, ਵੰਡਦੇ ਰਹੇ। ਬਾਬਾ ਫ਼ਰੀਦ ਭੀ ਕਹਿੰਦੇ ਹਨ:

ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ॥

(ਆਸਾ ਸੇਖ ਫਰੀਦ ਜੀ, ਪੰਨਾ 488)

"ਆਜੁ ਮਿਲਾਵਾ" ਅੱਜ ਤੋਂ ਮੁਰਾਦ ਕੀ ਹੈ ? ਸਾਰਾ ਦਿਨ ਕਤਈ ਨਹੀਂ, ਅੱਜ ਤੋਂ ਮੁਰਾਦ ਹੈ ਵਰਤਮਾਨ। ਵਰਤਮਾਨ ਤੋਂ ਮੁਰਾਦ ਹੈ ਇਕ ਦਮ, ਸਿਰਫ਼ ਇਕ ਦਮ। ਭਾਈ ਨੰਦ ਲਾਲ ਭੀ ਐਸਾ ਕਹਿੰਦੇ ਹਨ:

ਯੱਕ ਦਮ ਬ-ਖ਼ੇਸ਼, ਰਾਹ ਨ ਬੁਰਦਮ ਕਿ: ਕੀਸਤਮ।
ਐ ਵਾਏ, ਨਕਦਿ ਜ਼ਿੰਦਗੀਅਮ, ਰਾਇਗਾਂ ਗੁਜ਼ੱਸ਼॥

(ਭਾਈ ਨੰਦ ਲਾਲ ਜੀ, ਗ਼ਜ਼ਲ 7)

ਮੈਂ ਨਕਦ ਜ਼ਿੰਦਗੀ ਬਰਬਾਦ ਕਰ ਲਈ। ਇਹ ਨਕਦ ਜ਼ਿੰਦਗੀ ਕੀ ਸੀ ? ਜਿਹੜਾ ਮੇਰੇ ਮੂੰਹ ਵਿਚ ਦਮ ਸੀ, ਨਕਦ ਸੀ। ਜਿਹੜਾ ਦਮ ਆਇਆ ਨਹੀਂ, ਉਹ ਉਧਾਰੀ ਸੀ। ਜਿਹੜਾ ਦਮ ਚਲਾ ਗਿਐ, ਉਹ ਖ਼ਰਚ ਹੋ ਗਿਐ। ਮੇਰੀ ਜ਼ਿੰਦਗੀ ਦੀ ਜੇਬ ਵਿਚ ਸਿਰਫ਼ ਇੱਕੋ ਹੀ ਦਮ ਹੈ। ਨਕਦੀ ਮੇਰੇ ਕੋਲ ਇੱਕੋ ਹੀ ਦਮ ਹੈ। ਹਰ ਇਕ ਕੋਲ ਇੱਕੋ ਹੀ ਦਮ ਹੈ। ਪਰ ਬੰਦਾ ਕਹਿ ਦਿੰਦੈ ਇਕ ਦਮ ਦੀ ਕੀ ਜ਼ਿੰਦਗੀ ਹੈ। ਨਹੀਂ, ਇਕ ਦਮ ਵਿਚ ਪਰਮਾਤਮਾ ਮਿਲ ਸਕਦੈ। ਇਕ ਦਮ ਵਿਚ ਸਾਰਾ ਜਹਾਨ ਮਿਲ ਸਕਦੈ। ਇਕ ਦਮ ਵਿਚ ਸਾਰੀ ਲੁਕਾਈ ਦੀ ਪ੍ਰਾਪਤੀ ਹੋ ਸਕਦੀ ਹੈ। ਇਕ ਦਮ ਵਿਚ ਪਰਮ ਰਸ ਮਿਲ ਸਕਦੈ। ਪਰ ਮਨੁੱਖ ਇਸ ਇਕ ਦਮ ਨੂੰ ਕਿਵੇਂ ਬਤੀਤ ਕਰਦੈ ? ਇਕ ਦਮ ਨੂੰ ਬਤੀਤ ਕਰ ਛੱਡਦੈ ਗੁਜ਼ਰੇ ਹੋਏ ਦਮਾਂ ਦੀ ਯਾਦ ਵਿਚ। ਇਸੇ ਹੀ ਇਕ ਦਮ ਨੂੰ ਬਤੀਤ ਕਰ ਛੱਡਦੈ ਆਉਣ ਵਾਲੇ ਦਮਾਂ ਦੀ ਚਿੰਤਾ ਵਿਚ ਅਤੇ ਦਮ ਦਮ ਕਰਕੇ ਸਾਰੀ ਜ਼ਿੰਦਗੀ ਰਾਇਗਾਂ ਚਲੀ ਜਾਂਦੀ ਹੈ, ਬੇਅਰਥ ਚਲੀ ਜਾਂਦੀ ਹੈ, "ਐ ਵਾਏ ਨਕਦਿ ਜ਼ਿੰਦਗੀਅਮ ਰਾਇਗਾਂ ਗੁਜ਼ੱਸ਼"। ਭਾਈ ਸਾਹਿਬ ਭਾਈ ਗੁਰਦਾਸ ਜੀ ਕਹਿੰਦੇ ਹਨ:

ਵਰਤਮਾਨ ਵਿਚਿ ਵਰਤਦਾ ਹੋਵਣਹਾਰ ਸੋਈ ਪਰਵਾਣਾ॥

(ਵਾਰ 18, ਪਉੜੀ 21)

ਸੰਸਾਰੀ ਤੇ ਭਗਤ ਦੀ ਪਹਿਚਾਣ ਕੀ ਹੈ ? ਬਸ ਦੋ ਸ਼ਬਦਾਂ ਵਿਚ ਪਹਿਚਾਣ ਹੋ ਸਕਦੀ ਹੈ। ਲਿਬਾਸ ਤੋਂ ਇਸ ਦੀ ਪਹਿਚਾਣ ਨਹੀਂ ਹੋਵੇਗੀ ਕਿ ਇਹ ਭਗਤ ਹੈ, ਇਹ ਸੰਤ ਹੈ। ਸਾਰੀ ਦੁਨੀਆਂ ਵਿਚ ਧਾਰਮਿਕ ਲਿਬਾਸ ਅਲੱਗ ਅਲੱਗ ਹਨ। ਧਾਰਮਿਕ ਦਿਖਾਈ ਦੇ ਜਾਣਾ ਇਕ ਸ਼ਿੰਗਾਰ ਹੈ। ਧਾਰਮਿਕ ਹੋ ਜਾਣਾ ਇਕ ਤਪੱਸਿਆ ਹੈ, ਇਕ ਮਿਹਨਤ ਹੈ, ਇਕ ਸਾਧਨਾ ਹੈ। ਕਿਸ ਤਰ੍ਹਾਂ

ਅੰਦਾਜ਼ਾ ਲਗਾਵਾਂਗੇ ਕਿ ਇਹ ਸੰਸਾਰੀ ਹੈ, ਇਹ ਭਗਤ ਹੈ ? ਜੋ ਭੂਤਕਾਲ ਦੀਆਂ ਯਾਦਾਂ ਵਿਚ ਜੀਅ ਰਿਹੈ, ਜੋ ਭਵਿੱਸ਼ ਦੀਆਂ ਚਿੰਤਾਵਾਂ ਵਿਚ ਜੀਅ ਰਿਹੈ, ਉਹ ਸੰਸਾਰੀ ਹੈ, ਪਰ ਜੋ ਵਰਤਮਾਨ ਵਿਚ ਟਿਕ ਗਿਐ, ਉਹ ਭਗਤ ਹੈ, ਭਗਵਾਨ ਦਾ ਰੂਪ ਹੈ, ਉਹ ਤਾਂ ਈਸ਼ਵਰ ਦਾ ਰੂਪ ਹੈ। ਵਰਤਮਾਨ ਵਿਚ ਟਿਕਦਿਆਂ, "ਹੋਵਣਹਾਰ ਸੋਈ ਪਰਵਾਣਾ"। ਜੋ ਹੋ ਗਿਐ, ਇਹ ਹੋਣਾ ਹੀ ਸੀ, ਹੋਣੀ ਹੈ, ਅਨਹੋਣੀ ਨਹੀਂ ਹੈ। ਠੀਕ ਹੈ, ਜੁਆਨ ਜਿਵੇਂ ਬੁੱਢਾ ਹੋਣ ਲੱਗਦੈ, ਇਕ ਦਮ ਖ਼ਿਆਲ ਕਰਦੈ ਕਿ ਅਨਹੋਣੀ ਹੋ ਗਈ। ਇਹੀ ਕਾਰਨ ਹੈ ਕਿ ਸਾਰੇ ਜਗਤ ਵਿਚ ਲੋਕੀਂ ਆਪਣੀ ਉਮਰ ਘਟਾ ਕੇ ਦੱਸਦੇ ਹਨ। ਜੇਕਰ ਸੱਠ ਸਾਲ ਹੈ, ਪੰਜਾਹ ਦੱਸਦੇ ਹਨ। ਪੰਜਾਹ ਹੈ, ਚਾਲ਼ੀ ਦੱਸਦੇ ਹਨ। ਚਾਲ਼ੀ ਹੈ, ਤੀਹ ਦੱਸਦੇ ਹਨ ਅਤੇ ਅਕਸਰ ਇਸਤਰੀਆਂ ਤੀਹ ਤੋਂ ਅੱਗੇ ਜਾਂਦੀਆਂ ਹੀ ਨਹੀਂ, ਉਥੇ ਹੀ ਰੁਕ ਜਾਂਦੀਆਂ ਹਨ। ਕਾਰਨ ? ਬੁਢੇਪਾ ਅਨਹੋਣੀ ਹੈ। ਕੌਣ ਦੱਸੇ ਕਿ ਬੁਢੇਪਾ ਤਾਂ ਹੋਣੈ, ਅਨਹੋਣੀ ਨਹੀਂ ਹੈ। ਮੌਤ ਤਾਂ ਹੋਣੀ ਹੈ, ਅਨਹੋਣੀ ਨਹੀਂ। ਭਗਤ ਕਬੀਰ ਕਹਿੰਦੇ ਹਨ :

ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ ॥੧੬੭॥

(ਸਲੋਕ ਕਬੀਰ ਜੀ, ਪੰਨਾ 1373)

ਗੁਆਂਢੀ ਦੇ ਘਰ ਅਰਥੀ ਉਠੀ ਹੈ, ਸਮਝ ਲੈ ਮੇਰੀ ਅਰਥੀ ਉਠੀ ਹੈ। ਮੈਂ ਗੁਆਂਢੀ ਦੀ ਅਰਥੀ ਨੂੰ ਮੋਢਿਆਂ 'ਤੇ ਨਹੀਂ ਚੁੱਕਿਆ, ਸ਼ਾਇਦ ਗੁਆਂਢੀ ਨੇ ਆਪਣੇ ਮੋਢਿਆਂ 'ਤੇ ਮੈਨੂੰ ਚੁੱਕਿਆ ਹੋਇਐ, ਇਸ ਤਰ੍ਹਾਂ ਸਮਝ, "ਤੂ ਅਪਨੇ ਭੀ ਜਾਨੁ"। ਐਸਾ ਉਹੀ ਜਾਣ ਸਕਦੈ, ਜੋ ਵਰਤਮਾਨ ਵਿਚ ਆ ਗਿਐ। ਤਾਂ ਵਰਤਮਾਨ ਵਿਚ ਟਿਕਦਿਆਂ, "ਹੋਵਣਹਾਰ ਸੋਈ ਪਰਵਾਣਾ"। ਜਨਮ ਹੋ ਗਿਐ, ਕਬੂਲ; ਜੀਵਨ ਕੋਲ਼ ਹੈ, ਕਬੂਲ; ਮਰਨ ਸਾਨੂੰ ਕਬੂਲ; ਪਰ ਮਰਦੇ ਦਮ ਤਕ ਮਨੁੱਖ ਨੂੰ ਜਨਮ ਕਬੂਲ ਹੈ, ਮਰਨ ਕਬੂਲ ਨਹੀਂ। ਇਸ ਵਾਸਤੇ ਮਰਦੇ ਦਮ ਤਕ ਮਨੁੱਖ ਜਨਮ ਦਿਨ ਮਨਾਂਦੈ, ਮਰਨ ਦਿਨ ਨੂੰ ਭੁਲਾਣ ਦੀ ਕੋਸ਼ਿਸ਼ ਕਰਦੈ ਅਤੇ ਇਹੀ ਕਾਰਨ ਹੈ ਕਿ ਪਰਮ ਆਨੰਦ ਦੀ ਪ੍ਰਾਪਤੀ ਤੋਂ ਵਾਂਝਾ ਰਹਿ ਜਾਂਦਾ ਹੈ। ਰੋਗ ਵਿਚ ਜਿਊਂਦੈ, ਸੋਗ ਵਿਚ ਜਿਊਂਦੈ। ਜਦ ਕਿ ਵਰਤਮਾਨ ਵਿਚ ਜੀਣ ਵਾਲਾ, "ਰੋਗ ਸੋਗ ਦੁਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ"। ਧਰਮ ਦੀ ਇਹ ਮਹਾਨ ਸਾਧਨਾ, ਸਾਰੀ ਦੁਨੀਆਂ ਵਿਚ ਧੰਨ ਗੁਰੂ ਨਾਨਕ ਦੇਵ ਜੀ ਕਰਾਉਂਦੇ ਰਹੇ, ਦੱਸਦੇ ਰਹੇ ਅਤੇ ਲੋਕਾਂ ਨੂੰ ਰੋਗ ਤੇ ਸੋਗ ਤੋਂ ਕੱਢਦੇ ਰਹੇ। ਇਸ ਵਾਸਤੇ ਜਿਹੜੇ ਮਨੁੱਖ ਸਾਧਨਾ ਕਰਕੇ, ਵਰਤਮਾਨ ਵਿਚ ਜੀਵੇ ਤੇ ਵਰਤਮਾਨ ਨੂੰ ਜ਼ਿੰਦਗੀ ਵਿਚ ਪ੍ਰਗਟ ਕੀਤਾ, ਉਨ੍ਹਾਂ ਸਾਰਿਆਂ ਦੀ ਜ਼ਬਾਨ ਤੋਂ ਇਕ ਬੋਲ ਨਿਕਲਿਆ—ਬਾਬਾ ਵੈਦ ਰੋਗੀਆਂ ਦਾ, ਬਾਬਾ ਵੈਦ ਰੋਗੀਆਂ ਦਾ, ਬਾਬਾ ਵੈਦ ਰੋਗੀਆਂ ਦਾ।

ਸਤਿ ਅਤੇ ਮਿਥ

ਧਾਰਮਿਕ ਜਗਤ ਵਿਚ ਦੋ ਅਵਸਥਾਵਾਂ ਬਾਰੇ ਦੋ ਸ਼ਬਦ ਚਲਦੇ ਹਨ—ਇਕ ਸਤਿ, ਇਕ ਮਿਥ। ਇਸੇ ਦਾ ਹੀ ਜ਼ਿਕਰ ਹੈ। ਕਿਹਾ ਜਾਂਦਾ ਹੈ ਕਿ ਇਹ ਸਤਿ ਹੈ, ਇਹ ਮਿਥ ਹੈ। ਇਹ ਸੱਤਯ ਹੈ, ਇਹ ਮਿਥਿਆ ਹੈ। ਸਤਿ ਕੀ ਹੈ ? ਮਿਥ ਕੀ ਹੈ ? ਕਹਿੰਦੇ ਹਨ, ਧਾਰਮਿਕ ਜਗਤ ਵਿਚ ਸਮਝਣਾ ਤੇ ਸਿਖਣਾ ਭੀ ਇਹੀ ਹੈ, ਤਾਕਿ ਮਨੁੱਖ ਮਿੱਥ ਤੋਂ ਉੱਚਾ ਉੱਠ ਕੇ ਸਤਿ ਨਾਲ ਜੁੜੇ। ਸਮਝਣਾ ਹੀ ਹੈ, ਸਮਝਦਿਆਂ ਹੀ ਮਨੁੱਖ ਮਿਥ ਨਾਲੋਂ ਟੁੱਟ ਜਾਂਦਾ ਹੈ, ਸਮਝਦਿਆਂ ਹੀ ਸਤਿ ਨਾਲ ਜੁੜ ਜਾਂਦਾ ਹੈ ਤੇ ਸਤਿ ਨਾਲ ਜੁੜਨਾ ਕੀ ਹੈ ? ਸਤਿ ਨੂੰ ਜਾਨਣਾ। ਮਿਥ ਨਾਲੋਂ ਟੁੱਟਣਾ ਕੀ ਹੈ ? ਮਿਥ ਨੂੰ ਸਮਝਣਾ। ਧੰਨ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਐਸੀ ਵੀਚਾਰ ਹੈ ਅਤੇ ਪਾਤਸ਼ਾਹ ਨੇ ਸ਼ਰਤ ਭੀ ਲਾ ਦਿੱਤੀ ਹੈ। ਵਿਵੇਕ ਬੁੱਧ ਤੋਂ ਬਿਨਾਂ, ਬਾਰੀਕ ਬੁੱਧ ਤੋਂ ਬਿਨਾਂ, ਇਸ ਨੂੰ ਕੋਈ ਸਮਝ ਭੀ ਨਹੀਂ ਸਕੇਗਾ ਅਤੇ ਸਮਝਣਾ ਹੀ ਅਸਲ ਪ੍ਰਾਪਤੀ ਹੈ। ਸਾਡੇ ਦੇਸ਼ ਦੇ ਇਕ ਮਹਾਨ ਸੰਤ, ਵਕਤ ਦੇ ਇਕ ਅਵਤਾਰੀ ਪੁਰਸ਼ ਮਹਾਤਮਾ ਬੁੱਧ ਨੇ ਤਾਂ ਕਹਿ ਦਿੱਤਾ ਸੀ ਕਿ ਭਗਵਾਨ ਦੀ ਚਿੰਤਾ ਨਾ ਕਰੋ, ਗਿਆਨ ਦੀ ਚਿੰਤਾ ਕਰੋ, ਕਿਉਂਕਿ ਗਿਆਨ ਹੀ ਭਗਵਾਨ ਹੈ। ਪਤਾ ਚਲ ਜਾਏ ਕਿ ਇਹ ਜ਼ਹਿਰ ਹੈ, ਤਿਆਗਦਿਆਂ ਦੇਰ ਨਹੀਂ ਲੱਗੇਗੀ। ਪਤਾ ਚਲ ਜਾਏ ਕਿ ਇਹ ਅੰਮ੍ਰਿਤ ਹੈ, ਕਬੂਲ ਕਰਦਿਆਂ ਦੇਰ ਨਹੀਂ ਲੱਗੇਗੀ। ਮਨੁੱਖ ਨੂੰ ਪਤਾ ਨਹੀਂ ਹੈ ਅਤੇ ਉਹ ਪੁਰਸ਼ ਤਾਂ ਐਸਾ ਕਹਿੰਦੇ ਸਨ ਕਿ ਐਸਾ ਨਹੀਂ ਕਿ ਮਨੁੱਖ ਨੂੰ ਅੰਮ੍ਰਿਤ ਦਾ ਪਤਾ ਨਹੀਂ, ਮਨੁੱਖ ਨੂੰ ਜ਼ਹਿਰ ਦਾ ਭੀ ਗਿਆਨ ਨਹੀਂ। ਇਹੀ ਕਾਰਨ ਹੈ ਕਿ ਖ਼ੁਸ਼ੀ ਨਾਲ ਜ਼ਹਿਰ ਪੀ ਲੈਂਦਾ ਹੈ, ਭੁਲੇਖੇ ਨਾਲ ਕਦੀ ਅੰਮ੍ਰਿਤ ਛਕ ਲੈਂਦਾ ਹੈ। ਅੰਮ੍ਰਿਤ ਜਦ ਭੀ ਇਸ ਨੇ ਕਦੀ ਛਕਿਆ ਹੈ, ਗਾਹੇ ਬਗਾਹੇ ਕੋਈ ਭਰਮ ਭੁਲੇਖੇ ਨਾਲ। ਜ਼ਹਿਰ ਜਦ ਭੀ ਇਸ ਨੇ ਪੀਤੀ ਹੈ, ਫ਼ੈਸਲਾ ਕਰ ਕੇ ਪੀਤੀ ਹੈ, ਆਪਣੀ ਪੂਰੀ ਅਕਲ ਦੁੜਾ ਕੇ ਪੀਤੀ ਹੈ। ਅਸੀਂ ਵੇਖਦੇ ਹਾਂ ਕਿ ਮਨੁੱਖ ਨੇ ਝੂਠ ਬੋਲਣਾ ਹੈ, ਇਸ ਦਾ ਸੁਭਾਉ ਹੈ। ਸੱਚ ਬੋਲਣਾ ਇਸ ਦੀ ਮਜਬੂਰੀ ਹੈ, ਸੁਭਾਉ ਨਹੀਂ ਹੈ। ਅਧਰਮ ਇਸ ਦਾ ਸੁਭਾਉ ਹੈ, ਧਰਮ ਤਾਂ ਇਸ ਦੀ ਮਜਬੂਰੀ ਹੈ। ਇਹ ਸਿਰਫ਼ ਇਸ ਵਾਸਤੇ ਹੈ ਕਿ ਨਾਸਮਝੀ ਹੈ। ਨਾਸਮਝੀ ਨੂੰ ਅਸੀਂ ਕਹਿ ਦਿੰਦੇ ਹਾਂ

ਅਗਿਆਨ। ਗਿਆਨ ਕਿਸ ਦਾ ਲੈਣਾ ਹੈ ? ਸਤਿ ਦਾ, ਮਿਥ ਦਾ। ਮਿਥ ਦਾ ਗਿਆਨ ਕਿਉਂ ? ਤਾਕਿ ਮਿਥ ਨਾਲੋਂ ਟੁੱਟ ਸਕੀਏ। ਸਤਿ ਦਾ ਗਿਆਨ ਕਿਉਂ ? ਤਾਕਿ ਸਤਿ ਨਾਲ ਜੁੜ ਸਕੀਏ। ਗਿਆਨ ਜੁੜਨਾ ਹੈ ਤਾਂ ਗਿਆਨ ਟੁੱਟਣਾ ਭੀ ਹੈ। ਮੈਂ ਹੁਣ ਥੋੜ੍ਹਾ ਜਿਹਾ ਮਿਥ ਬਾਰੇ ਵੀਚਾਰ ਕਰਾਂ। ਸਤਿ ਨੂੰ ਪਰਮਾਤਮਾ ਕਹਿੰਦੇ ਹਨ। ਮਿਥ ਨੂੰ ਮਾਇਆ ਕਹਿੰਦੇ ਹਨ। ਜੇਕਰ ਇਥੇ ਕਥਾ ਭੀ ਚਲੇ, ਚਾਹੇ ਕਥਾਵਾਚਕ ਕੁਝ ਭੀ ਬੋਲਣ, ਸਾਰੇ ਬੋਲਣ ਵਾਲਿਆਂ ਦੇ ਬੋਲ ਜਾਂ ਸਤਿ ਦੇ ਹੋਣਗੇ ਜਾਂ ਮਿਥ ਦੇ ਹੋਣਗੇ। ਬਾਜ਼ਾਰ ਵਿਚ, ਪਰਿਵਾਰ ਵਿਚ, ਮਨੁੱਖ ਜਿੱਥੇ ਕਿਧਰੇ ਭੀ ਗੁਫ਼ਤਗੂ ਕਰਦੈ ਜਾਂ ਤਾਂ ਇਸ ਦੇ ਬੋਲਾਂ ਵਿਚ ਸਤਿ ਹੁੰਦਾ ਹੈ ਜਾਂ ਇਸ ਦੇ ਬੋਲਾਂ ਵਿਚ ਮਿਥ ਹੁੰਦਾ ਹੈ। ਇਸ ਦੇ ਬੋਲ ਮਾਇਆ ਦੀ ਪਰਿਕਰਮਾ ਕਰਦੇ ਹਨ ਜਾਂ ਇਸ ਦੇ ਬੋਲ ਪਰਮਾਤਮਾ ਦੀ ਪਰਿਕਰਮਾ ਕਰਦੇ ਹਨ। ਸੋ ਪ੍ਰਿਥਮ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੋਂ ਸਮਝੀਏ ਕਿ ਮਾਇਆ ਕੀ ਹੈ ?

ਮਹਾ ਮਾਇਆ ਤਾ ਕੀ ਹੈ ਛਾਇਆ॥ *(ਗੋਂਡ ਮ: ੫, ਪੰਨਾ 868)*

ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਇਹ ਕੋਸ਼ਿਸ਼ ਹੈ ਕਿ ਸਤਿ ਨੂੰ ਸਮਝਦਿਆਂ ਮਿਥ ਦੀ ਸੂਝ ਪੈ ਜਾਂਦੀ ਹੈ। ਰੌਸ਼ਨੀ ਦੇ ਪ੍ਰਾਪਤ ਹੁੰਦਿਆਂ ਮਨੁੱਖ ਨੂੰ ਅੰਧੇਰਾ ਭਜਾਉਣ ਦੀ ਲੋੜ ਨਹੀਂ ਪੈਂਦੀ। ਸਿਰਫ਼ ਦੀਪਕ ਜਲਾਣੈ, ਇਕ ਕੰਮ ਕਰਨੈ, ਰੌਸ਼ਨੀ ਨੂੰ ਲਿਆਉਣੈ, ਅੰਧੇਰਾ ਆਪੇ ਚਲਾ ਜਾਏਗਾ। ਉਸ ਨੂੰ ਭਜਾਉਣ ਦੀ ਲੋੜ ਨਹੀਂ ਪੈਣੀ। ਉਸ ਲਈ ਮਿਹਨਤ ਨਹੀਂ ਕਰਨੀ ਪੈਂਦੀ। ਮਿਥ, ਮਾਇਆ ਹੈ; ਸਤਿ, ਪਰਮਾਤਮਾ ਹੈ। ਮਾਇਆ ਕੀ ਹੈ ? ਮਹਾਂ ਮਾਇਆ। ਤਾਂ ਛਾਇਆ ਕੀ ਹੈ ? ਉਹ ਜੋ ਮਹਾਤਮਾ ਹੈ, ਪਰਮਾਤਮਾ ਹੈ, ਉਹ ਮਹਾਨ ਹੈ, ਉਸ ਦੀ ਛਾਇਆ ਹੈ ਮਾਇਆ। ਜਿਤਨਾ ਵੱਡਾ ਉਹ ਆਪ ਹੈ, ਉਸ ਦੀ ਮਾਇਆ ਭੀ ਅਸੀਮ ਹੈ। ਉਸ ਦੇ ਪ੍ਰਭਾਵ ਹੇਠ ਹੀ ਸਭ ਜੀ ਰਹੇ ਹਨ। ਅਧਿਕ ਪ੍ਰਭਾਵ ਮਾਇਆ ਦਾ ਹੈ। ਛਾਇਆ ਦਿਖਾਈ ਦਿੰਦੀ ਹੈ, ਛਾਇਆ ਮਹਿਸੂਸ ਹੁੰਦੀ ਹੈ, ਛਾਇਆ ਪ੍ਰਭਾਵਤ ਭੀ ਕਰਦੀ ਹੈ, ਪਰ ਛਾਇਆ ਵੇਖਦਿਆਂ ਵੇਖਦਿਆਂ ਵਲੀਨ ਹੋ ਜਾਂਦੀ ਹੈ। ਛਾਇਆ ਨੂੰ ਪਕੜਨਾ ਚਾਹੀਏ ਤਾਂ ਛਾਇਆ ਹੱਥ ਵਿਚ ਨਹੀਂ ਆਉਂਦੀ, ਪ੍ਰੰਤੂ ਹੈ ਤਾਂ ਸਹੀ। ਇਸ ਵਾਸਤੇ ਪਰਮਾਤਮਾ ਨੂੰ ਤਾਂ ਕਹਿ ਦਿੱਤਾ ਸਤਿ ਅਤੇ ਮਾਇਆ ਨੂੰ ਕਹਿ ਦਿੱਤਾ ਅਨਿਰਬਚਨੀ। ਇਕ ਬਚਨ, ਇਕ ਗੱਲ, ਇਕ ਹੋਂਦ—ਮਾਇਆ ਨਾਲ ਨਹੀਂ ਜੋੜ ਸਕਦੇ। ਇਕ ਹੋਂਦ ਉਸ ਇਕ ਨਾਲ ਜੋੜ ਸਕਦੇ ਹਾਂ, ਜੋ ਪਰਮਾਤਮਾ ਹੈ, ਉਹ ਜੋ ਪਰਮਾਤਮਾ ਹੈ ਅਤੇ ਉਹ ਸਤਿ ਹੈ। ਇਹ ਜੋ ਮਿਥ ਹੈ, ਇਹ ਜੋ ਮਾਇਆ ਹੈ, ਇਸ ਬਾਰੇ ਇਕ ਸ਼ਬਦ ਹੈ ਕਿ ਸ਼ਾਇਦ ਹੈ, ਸ਼ਾਇਦ ਨਹੀਂ ਹੈ। ਬਸ, ਇਸ 'ਤੇ ਹੀ ਜ਼ਿਆਦਾ

ਜ਼ੋਰ ਦੇਈਏ, ਗੱਲ ਪਕੜ ਵਿਚ ਆ ਜਾਏਗੀ, ਗੱਲ ਸਮਝ ਵਿਚ ਆ ਜਾਏਗੀ। ਸ਼ਾਇਦ ਹੈ, ਸ਼ਾਇਦ ਨਹੀਂ ਹੈ। ਪ੍ਰਭਾਵ ਪੈ ਰਿਹੈ ਹੈ ਛਾਇਆ ਦਾ। ਧੁੱਪ ਦਾ ਸਤਾਇਆ ਹੋਇਆ ਮਨੁੱਖ ਛਾਂ ਵਿਚ ਬੈਠ ਗਿਆ। ਕੁਝ ਸੁਖ ਮਿਲ ਰਿਹੈ, ਛਾਇਆ ਦਿਖਾਈ ਭੀ ਦੇ ਰਹੀ ਹੈ, ਛਾਇਆ ਪ੍ਰਭਾਵਿਤ ਭੀ ਕਰ ਰਹੀ ਹੈ, ਪਰ ਵੇਖਦਿਆਂ ਵੇਖਦਿਆਂ ਛਾਇਆ ਬਦਲ ਜਾਂਦੀ ਹੈ, ਪਕੜ ਵਿਚ ਨਹੀਂ ਆਉਂਦੀ, ਪਰ ਮੌਜੂਦ ਹੈ। ਨਹੀਂ ਹੈ, ਇਹ ਨਹੀਂ ਕਹਿ ਸਕਦੇ। ਇਹ ਭੀ ਨਹੀਂ ਕਹਿ ਸਕਦੇ ਕਿ ਹੈ, ਕਿਉਂਕਿ ਹੋਣਾ ਨਾ ਹੋਣਾ ਹੋ ਜਾਂਦਾ ਹੈ। ਅਨਿਰਬਚਨੀ— ਹੁਣੇ ਸੀ, ਹੁਣੇ ਨਹੀਂ ਹੈ। ਹੁਣੇ ਨਹੀਂ ਸੀ, ਹੁਣੇ ਹੋ ਗਈ ਹੈ। ਕਹਿੰਦੇ ਹਨ ਕਿ ਸਾਡੇ ਦੇਸ਼ ਦੇ ਮਹਾਨ ਪ੍ਰਭਾਵਸ਼ਾਲੀ ਮਨੁੱਖ, ਵਕਤ ਦੇ ਦਾਰਸ਼ਨਿਕ ਪੁਰਸ਼, ਜਗਤ ਗੁਰੂ ਸ਼ੰਕਰਾਚਾਰੀਆ ਜੀ ਨੇ ਐਲਾਨੀਆ ਕਹਿ ਦਿੱਤਾ ਕਿ ਜਗਤ ਨਹੀਂ ਹੈ, ਸਭ ਮਾਇਆ ਹੈ। ਪਰ ਮਾਇਆ ਭੀ ਨਹੀਂ ਹੈ, ਸਿਰਫ਼ ਭਾਸਦੀ ਹੈ। ਇਸ ਵੀਚਾਰ ਨੂੰ ਇਤਨਾ ਜ਼ੋਰ ਨਾਲ ਪ੍ਰਚਾਰਿਆ ਕਿ ਜਿਹੜੇ ਤਰਕਸ਼ੀਲ ਨਹੀਂ ਸਨ, ਉਹ ਤਕਰੀਬਨ ਤਕਰੀਬਨ ਸ਼ੰਕਰਾਚਾਰੀਆ ਦੇ ਨਾਲ ਚਲ ਪਏ। ਉਨ੍ਹਾਂ ਦੀ ਗੱਲ ਸਮਝ ਵਿਚ ਆ ਗਈ। ਇਕ ਦਿਨ ਅੰਮ੍ਰਿਤ ਵੇਲੇ, ਬਨਾਰਸ ਦੀ ਗੱਲ ਹੈ, ਗੰਗਾ ਤੋਂ ਇਸ਼ਨਾਨ ਕਰ ਕੇ ਆ ਰਹੇ ਸਨ। ਰਸਤੇ ਵਿਚ ਇਕ ਸਫ਼ਾਈ ਕਰਨ ਵਾਲਾ, ਜੋ ਰਸਤਾ ਸਾਫ਼ ਕਰ ਰਿਹਾ ਸੀ, ਆਪਣੇ ਝਾੜੂ ਨਾਲ। ਕੁਦਰਤੀ ਗੱਲ ਹੈ, ਜ਼ਮੀਨ ਸਾਫ਼ ਕਰਨੀ ਹੈ ਤਾਂ ਨਿਗਾਹਾਂ ਜ਼ਮੀਨ ਦੇ ਉੱਤੇ ਰੱਖਣੀਆਂ ਪੈਂਦੀਆਂ ਹਨ। ਉਹ ਰਸਤਾ ਸਾਫ਼ ਕਰ ਰਿਹਾ ਸੀ ਵਿਚਾਰਾ। ਉਸ ਦੀ ਝਾੜੂ ਛੂਹ ਗਈ ਸ਼ੰਕਰਾਚਾਰੀਆ ਨਾਲ, ਉਹ ਤੜਫ਼ ਉਠੇ। ਐ ਸ਼ੂਦਰ! ਮੈਂ ਤਾਂ ਹੁਣੇ ਹੀ ਇਸ਼ਨਾਨ ਕਰ ਕੇ ਆਇਆ ਹਾਂ, ਤੇਰੀ ਝਾੜੂ ਮੈਨੂੰ ਛੂਹ ਗਈ ਹੈ, ਤੂੰ ਮੈਨੂੰ ਭਰੱਸ਼ਟ ਕਰ ਦਿੱਤਾ ਹੈ। ਸ਼ੂਦਰ ਕੁਝ ਸੁਲਝਿਆ ਹੋਇਆ ਸੀ। ਹੱਥ ਜੋੜ ਕੇ ਸ਼ੂਦਰ ਕਹਿੰਦਾ ਹੈ, ਸਵਾਮੀ ਜੀ, ਸੰਸਾਰ ਤਾਂ ਹੈ ਨਹੀਂ, ਸਭ ਮਾਇਆ ਹੈ। ਸ਼ੂਦਰ ਦੀ ਛਾਇਆ ਹੈ, ਪਰ ਮਾਇਆ ਨਹੀਂ ਹੈ। ਤੁਸੀਂ ਕਹਿੰਦੇ ਹੋ ਕਿ ਸੰਸਾਰ ਨਹੀਂ ਹੈ, ਇਸ ਦੀ ਕੋਈ ਛਾਇਆ ਵੀ ਨਹੀਂ। ਹੁਣ ਜੇਕਰ ਸੰਸਾਰ ਨਹੀਂ ਹੈ, ਤਾਂ ਫਿਰ ਸ਼ੂਦਰ ਭੀ ਨਹੀਂ ਹੈ, ਸਿਰਫ਼ ਭਾਸਦੈ ਕਿ ਹੈ। ਕਿਉਂਕਿ ਤੁਸੀਂ ਖ਼ੁਦ ਕਿਹੈ ਕਿ ਤੇਰੀ ਛਾਇਆ ਨੇ ਮੈਨੂੰ ਭਰੱਸ਼ਟ ਕਰ ਦਿੱਤੈ ਅਤੇ ਛਾਇਆ ਉਸੇ ਦੀ ਹੁੰਦੀ ਹੈ ਜੋ ਹੈ। ਫਿਰ ਤਾਂ ਸ਼ੂਦਰ ਸੰਸਾਰ ਨਾਲੋਂ ਭੀ ਵੱਡਾ ਹੋ ਗਿਐ, ਨਿਰੰਕਾਰ ਨਾਲੋਂ ਭੀ ਵੱਡਾ ਹੋ ਗਿਐ, ਕਿਉਂਕਿ ਹੈ। ਇਹ ਸ਼ਬਦ ਤਾਂ ਈਸ਼ਵਰ ਵਾਸਤੇ ਆਖਿਆ ਜਾ ਸਕਦੈ, ਸੰਸਾਰ ਲਈ ਤਾਂ ਕਹਿਣਾ ਪੈਂਦੈ ਕਿ ਸ਼ਾਇਦ ਹੈ, ਸ਼ਾਇਦ ਨਹੀਂ ਹੈ। ਤੁਸੀਂ ਧੰਨ ਹੋ ਜੁ ਮੈਨੂੰ ਅਮਰ ਕਰ ਦਿੱਤਾ ਕਿ ਸ਼ੂਦਰ ਹੈ। ਆਮ ਬੰਦਾ ਹੁੰਦਾ ਜਾਂ ਮੋਟੀ ਅਕਲ ਦਾ ਹੁੰਦਾ, ਸ਼ਾਇਦ ਸ਼ੂਦਰ ਨਾਲ ਝਗੜਦਾ, ਪਰ ਸੁਆਮੀ

ਜੀ ਦੇ ਹੱਥ ਜੁੜ ਗਏ, ਸੰਤ ਗੁਰੂ ਸ਼ੰਕਰਾਚਾਰੀਆ ਜੀ ਦੇ। ਕਹਿਣ ਲੱਗੇ ਕਿ ਮਿੱਤਰਾ ਮੁਆਫ਼ ਕਰੀਂ, ਭੁੱਲ ਹੋ ਗਈ। ਚੱਲੀ ਆ ਰਹੀ ਸੰਸਾਰਕ ਪਰੰਪਰਾ ਕਰਕੇ ਮੈਂ ਐਸਾ ਕਹਿ ਬੈਠਾ ਹਾਂ। ਸੱਚ ਤਾਂ ਇਹ ਹੈ ਕਿ ਇਹ ਛਾਇਆ ਭੀ ਮਾਇਆ ਹੈ, ਤੂੰ ਭੀ ਮਾਇਆ ਹੈਂ, ਤੂੰ ਮੈਨੂੰ ਭਰੱਸ਼ਟ ਕੀਤਾ, ਮੈਂ ਭੀ ਮਾਇਆ, ਮੇਰਾ ਭਰੱਸ਼ਟ ਹੋਣਾ ਭੀ ਮਾਇਆ ਹੈ, ਸਭ ਕੁਝ ਮਾਇਆ ਹੈ। ਗਿਆਨ ਮੇਰੇ ਕੋਲ ਜ਼ਰੂਰ ਹੈ ਪਰ ਇਸ ਨੂੰ ਵਰਤਣ ਵਿਚ ਨਹੀਂ ਲਿਆ ਸਕਿਆ। ਕਹਿਣ ਤੋਂ ਭਾਵ ਕਿ ਉਹ ਗਿਆਨ ਬੇਅਰਥ ਹੈ, ਜਿਸ ਨੂੰ ਅਸੀਂ ਅਮਲ ਵਿਚ ਨਹੀਂ ਲਿਆ ਸਕਦੇ। ਉਹ ਆਸ਼ਾ ਭੀ ਫ਼ਜ਼ੂਲ ਹੈ, ਉਸ ਦਾ ਬੋਝ ਚੁੱਕਣਾ ਭੀ ਬੇਅਰਥ ਹੈ, ਜਿਹੜੀ ਕਦੀ ਜੀਵਨ ਵਿਚ ਪੂਰੀ ਨਹੀਂ ਹੋ ਸਕਦੀ। ਉਹ ਕਰਮ ਭੀ ਬੇਅਰਥ ਹਨ, ਜਿਨ੍ਹਾਂ ਦਾ ਕੁਝ ਭੀ ਫਲ ਨਹੀਂ ਹੈ। ਜੇ ਮੈਂ ਇਕ ਮਣ ਦੁੱਧ ਲਿਆਵਾਂ ਅਤੇ ਪੱਥਰ 'ਤੇ ਪਾ ਦੇਵਾਂ ਤੇ ਫਿਰ ਆਖਾਂ ਮੈਂ ਧਾਰਮਿਕ ਕਰਮ ਕਰ ਰਿਹਾ ਹਾਂ। ਇਹਦੇ ਨਾਲ ਪੱਥਰ ਦੀ ਭੀ ਕੋਈ ਤ੍ਰਿਪਤੀ ਹੋਵੇ, ਉਸ ਦੀ ਕੋਈ ਪੂਰਤੀ ਹੋਵੇ, ਨਹੀਂ ਹੁੰਦੀ। ਇਹ ਸੱਚਾਈ ਹੁੰਦਿਆਂ ਹੋਇਆਂ ਵੀ ਜੇਕਰ ਮੈਂ ਜਾਣ-ਬੁੱਝ ਕੇ ਕਰਾਂ ਤਾਂ ਇਹ ਧਾਰਮਿਕ ਕਰਮ ਬੇਅਰਥ ਕਰਮ ਹੈ, ਫ਼ਜ਼ੂਲ ਕਰਮ ਹੈ। ਹੱਜ ਕਰਨ ਜਾਂਦੇ ਹਨ ਮੁਸਲਮਾਨ ਹਾਜੀ ਤੇ ਹਜ਼ਾਰਾਂ ਜਾਨਵਰਾਂ ਦੀ ਕੁਰਬਾਨੀ ਦੇ ਦਿੰਦੇ ਹਨ। ਕਹਿੰਦੇ ਹਨ ਕਿ ਖ਼ੁਦਾ ਕੁਰਬਾਨੀ ਮੰਗਦਾ ਹੈ। ਅਜਿਹੇ ਖ਼ੁਦਾ ਨੂੰ ਰਹੀਮ ਤੇ ਰਹਿਮਾਨ ਆਖਣ ਦੀ ਲੋੜ ਨਹੀਂ ਜੋ ਇਤਨੀ ਕੁਰਬਾਨੀ ਮੰਗਦਾ ਹੈ। ਉਸ ਨੂੰ ਮਹਾਨ ਦਾਨੀ ਆਖਣ ਦੀ ਭੀ ਲੋੜ ਨਹੀਂ ਜੋ ਜਾਨ ਮੰਗਦਾ ਹੈ। ਬੇਅਰਥ ਕਰਮ! ਬੇਅਰਥ ਆਸ਼ਾ!! ਬੇਅਰਥ ਗਿਆਨ!!! ਕਦੀ ਆਪਣੀਆਂ ਇੱਛਾਵਾਂ ਨੂੰ ਪੜ੍ਹਨ ਦੀ ਕੋਸ਼ਿਸ਼ ਕਰਨਾ, ਜੋ ਮਨੁੱਖ ਚੁੱਕੀ ਫਿਰਦਾ ਹੈ, ਇਸ ਜ਼ਿੰਦਗੀ ਵਿਚ ਤਾਂ ਪੂਰੀਆਂ ਨਹੀਂ ਹੋਣ ਲੱਗੀਆਂ, ਐਵੇਂ ਮਨੁੱਖ ਢੋਂਦਾ ਫਿਰਦੈ। ਅੱਜ ਭੀ ਥੋੜਾ ਪੜ੍ਹੋਗੇ ਉਨ੍ਹਾਂ ਖ਼ਾਹਸ਼ਾਂ ਨੂੰ ਜੋ ਅਸੀਂ ਚੁੱਕੀ ਫਿਰਦੇ ਹਾਂ, ਉਹ ਨਹੀਂ ਪੂਰੀਆਂ ਹੋਣ ਲੱਗੀਆਂ। ਜਦ ਪੂਰੀਆਂ ਹੀ ਨਹੀਂ ਹੋਣੀਆਂ, ਫਿਰ ਕਿਉਂ ਚੁੱਕੀ ਫਿਰਦੇ ਹੋ ? ਬੇਅਰਥ ਆਸ਼ਾ! ਬੇਅਰਥ ਗਿਆਨ!! ਭਾਵੇਂ ਬਹੁਤ ਗਿਆਨ ਹੈ, ਅਗਰ ਵਿਹਾਰ ਵਿਚ ਨਹੀਂ ਲਿਆ ਸਕਦੇ, ਅਮਲ ਵਿਚ ਨਹੀਂ ਲਿਆ ਸਕਦੇ ਤਾਂ ਬੇਅਰਥ ਹੈ ਇਹ ਗਿਆਨ। ਬੇਅਰਥ ਹਨ ਉਹ ਕਰਮ ਜਿਨ੍ਹਾਂ ਦਾ ਕੁਝ ਭੀ ਫਲ ਨਹੀਂ ਹੈ ਪਰ ਫਿਰ ਭੀ ਕੀਤੇ ਜਾਂਦੇ ਹਨ। ਉਨ੍ਹਾਂ ਕਰਮਾਂ ਨੂੰ ਕਰ ਕਰ ਕੇ ਥੱਕਣਾ ਹੁੰਦਾ ਹੈ, ਟੁੱਟਣਾ ਹੁੰਦਾ ਹੈ, ਫਲ ਕੁਝ ਭੀ ਨਹੀਂ ਅਤੇ ਮਨੁੱਖ ਕਰੀ ਜਾ ਰਿਹਾ ਹੈ। ਖ਼ੈਰ, ਜਗਤ ਗੁਰੂ ਸ਼ੰਕਰਾਚਾਰੀਆ ਉੱਤੇ ਤਾਂ ਉਮੀਦ ਨਹੀਂ ਕੀਤੀ ਜਾ ਸਕਦੀ ਸੀ ਕਿ ਉਨ੍ਹਾਂ ਦਾ ਗਿਆਨ ਬੇਅਮਲ ਹੈ। ਅਮਲ ਵਾਲਾ ਗਿਆਨ ਸੀ, ਹੱਥ ਉਨ੍ਹਾਂ ਦੇ ਜੁੜ ਗਏ, ਕਹਿੰਦੇ ਹਨ, ਮੈਥੋਂ ਭੁੱਲ ਹੋਈ ਹੈ। ਸਭ ਕੁਝ

ਮਾਇਆ ਹੈ, ਮੈਂ ਭੀ ਮਾਇਆ ਹਾਂ, ਸ਼ੂਦਰ ਭੀ ਮਾਇਆ ਹੈ, ਉਸ ਦੀ ਛਾਇਆ ਭੀ ਮਾਇਆ ਹੈ। ਇਹ ਭੀ ਅਨਿਰਵਚਨੀ ਹੈ। ਸਤਿ ਜੋ ਸਦਾ ਹੈ; ਮਿਥ ਜੋ ਸ਼ਾਇਦ ਹੈ, ਸ਼ਾਇਦ ਨਹੀਂ ਹੈ। ਦਾਅਵੇ ਨਾਲ ਨਹੀਂ ਕਹਿ ਸਕਦੇ ਕਿ ਹੈ, ਕਿਉਂਕਿ ਉਸ ਦਾ ਹੋਣਾ ਨਾ ਹੋਣਾ ਹੋ ਜਾਂਦਾ ਹੈ। ਪਰ ਦਾਅਵੇ ਨਾਲ ਇਹ ਭੀ ਨਹੀਂ ਕਹਿ ਸਕਦੇ ਕਿ ਨਹੀਂ ਹੈ, ਕਿਉਂਕਿ ਉਸ ਦਾ ਹੋਣਾ ਨਾ ਹੋਣਾ ਹੋ ਜਾਂਦਾ ਹੈ। ਇਸ ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ, ਗੁਰੂ ਨਾਨਕ ਦੇਵ ਜੀ ਮਹਾਰਾਜ ਨੇ, ਭਗਤ ਰਵੀਦਾਸ, ਕਬੀਰ ਨੇ, ਬੜੇ ਸੋਹਣੇ ਢੰਗ ਨਾਲ ਸੁਪਨੇ ਨਾਲ ਤਸ਼ਬੀਹ ਦਿੱਤੀ ਹੈ। ਸੁਪਨਾ ਹੈ, ਨਹੀਂ ਹੈ। ਬੜਾ ਸੁੰਦਰ ਉਦਾਹਰਣ ਦਿੱਤਾ ਹੈ ਭਾਈ ਰਵੀਦਾਸ ਜੀ ਨੇ :

ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥

(ਸੋਰਠਿ ਰਵਿਦਾਸ ਜੀ, ਪੰਨਾ 657)

ਰਾਜਾ ਰਾਤ ਨੂੰ ਸੁੱਤਾ ਹੈ। ਕਹਿੰਦੇ ਨੇ ਕਿ ਨੀਂਦ ਇਕੱਲੀ ਨਹੀਂ ਆਉਂਦੀ, ਆਪਣੇ ਨਾਲ ਸੁਪਨਿਆਂ ਨੂੰ ਵੀ ਲੈ ਕੇ ਆਉਂਦੀ ਹੈ। ਰਾਜੇ ਨੂੰ ਵੀ ਰਾਤ ਸੁਪਨਾ ਆਇਆ ਕਿ ਉਹ ਭਿਖਾਰੀ ਹੋ ਗਿਆ ਹੈ, ਸੁਪਨੇ ਵਿਚ ਭੀ ਭਿਖਾਰੀ ਹੋ ਗਿਐ :

ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥

(ਸੋਰਠਿ ਰਵਿਦਾਸ ਜੀ, ਪੰਨਾ 657)

ਸੁਪਨੇ ਦੇਖ ਕੇ ਰਾਜਾ ਬੜਾ ਦੁਖੀ ਹੋਇਆ। ਸੁਪਨੇ ਦਾ ਮਨ ਦੇ ਤਲ ਉੱਤੇ ਉਤਨਾ ਹੀ ਪ੍ਰਭਾਵ ਹੁੰਦਾ ਹੈ, ਜਿਤਨਾ ਜਾਗਰਿਤ ਅਵਸਥਾ ਵਿਚ ਕੀਤੇ ਕੰਮਾਂ ਦਾ। ਜਾਗਰਿਤ ਅਵਸਥਾ ਵਿਚ ਮਨੁੱਖ ਕ੍ਰੋਧ ਕਰੇ ਤਾਂ ਸਰੀਰ ਦੀ ਜੋ ਹਾਲਤ ਬਣਦੀ ਹੈ, ਉਹੀ ਹਾਲਤ ਨੀਂਦ ਵਿਚ ਕ੍ਰੋਧ ਵਾਲੇ ਸੁਪਨੇ ਨਾਲ ਹੁੰਦੀ ਹੈ। ਸੁਪਨੇ ਵਿਚ ਦੁਰਾਚਾਰ ਕੀਤੈ, ਸਰੀਰ ਦੀ ਉਹੀ ਹਾਲਤ ਬਣਦੀ ਹੈ, ਜੋ ਜਾਗਰਿਤ ਅਵਸਥਾ ਵਿਚ ਬਣਦੀ ਹੈ। ਤਨ ਤੇ ਮਨ ਦੀ ਇੱਕੋ ਜਿਹੀ ਹਾਲਤ ਬਣਦੀ ਹੈ। ਜੇਕਰ ਕਹਿ ਦੇਈਏ ਕਿ ਸੁਪਨੇ ਵਿਚ ਜੋ ਕੁਝ ਹੈ—ਉਹ ਨਹੀਂ ਹੈ, ਪਰ ਜੋ ਉਸ ਦਾ ਪ੍ਰਭਾਵ ਹੈ—ਦੁੱਖ ਭੋਗ ਰਹੇ ਹਾਂ, ਸੁੱਖ ਭੋਗ ਰਹੇ ਹਾਂ, ਉਹ ਤਾਂ ਹੈ। ਰਾਤ ਨੂੰ ਸੁਪਨੇ ਚਲਦੇ ਹਨ—ਕੁਝ ਸੁੱਖ ਭਰੇ, ਕੁਝ ਦੁੱਖ ਭਰੇ। ਗੁਰਬਾਣੀ ਵੀ ਕਹਿੰਦੀ ਹੈ ਕਿ ਰਾਤ ਨੂੰ ਜੋ ਤੂੰ ਵੇਖਦੈਂ—ਸੁੱਖ ਭਰੇ ਸੁਪਨੇ, ਦੁੱਖ ਭਰੇ ਸੁਪਨੇ, ਇਥੇ ਵੀ ਕਦੇ ਸੁਖੀ ਹੋ ਸਕਦੈਂ, ਕਦੇ ਦੁਖੀ ਹੋ ਸਕਦੈਂ। ਆਲਮ ਵਿਦਵਾਨ ਕਹਿੰਦੇ ਨੇ ਕਿ ਸੁਪਨੇ ਦਾ ਸਮਾਂ ਵੱਧ ਤੋਂ ਵੱਧ ਵੀਹ ਮਿੰਟ ਦਾ ਹੁੰਦਾ ਹੈ। ਇਸ ਤੋਂ ਬਾਅਦ ਦੂਸਰਾ ਸੁਪਨਾ ਚਲ ਪੈਂਦਾ ਹੈ, ਫਿਰ ਤੀਸਰਾ ਚਲ ਪੈਂਦਾ ਹੈ, ਚੌਥਾ ਚਲ ਪੈਂਦਾ ਹੈ। ਉਸ ਵੀਹ ਮਿੰਟ ਵਿਚ ਸੁਪਨਾ ਸੁੱਖ ਭਰਿਆ ਵੀ ਹੋ ਸਕਦਾ ਹੈ, ਦੁੱਖ ਭਰਿਆ ਵੀ ਹੋ ਸਕਦਾ ਹੈ। ਮਨੁੱਖ ਸੁਖੀ ਹੋਵੇਗਾ ਤਾਂ ਦੁਖੀ ਵੀ ਹੋ

ਸਕਦੈ। ਸੁਪਨੇ ਵਿਚ ਲੋਕੀਂ ਰੋਂਦੇ ਹਨ, ਸੁਪਨੇ ਵਿਚ ਲੋਕੀਂ ਬੋਲਦੇ ਹਨ, ਸੁਪਨੇ ਵਿਚ ਕ੍ਰੋਧਿਤ ਵੀ ਹੁੰਦੇ ਹਨ।

ਇਕ ਰਾਗੀ ਸਿੰਘ ਜੋ ਮੇਰੇ ਨਾਲ ਹੀ ਰਹਿੰਦਾ ਹੈ। ਛੋਟਾ ਜਿਹਾ ਬੱਚਾ ਸੀ ਇਹ ਛੇ-ਸੱਤ ਸਾਲ ਦਾ, ਜਦ ਤੋਂ ਮੇਰੇ ਨਾਲ ਹੈ। ਹੁਣ ਤਾਂ ਵੱਡਾ ਹੋ ਗਿਐ ਇਹ ਰਾਗੀ ਸਿੰਘ। ਦਾਸ ਦੇ ਨਾਲ ਹੀ ਚਲਦਾ ਹੈ। ਕੀਰਤਨ ਬੜਾ ਸੋਹਣਾ ਕਰਦਾ ਹੈ। ਲੁਧਿਆਣੇ ਦੀ ਗੱਲ ਹੈ ਇਕ ਰਾਤ ਨੂੰ ਸੁੱਤਾ ਹੋਇਆ ਨੀਂਦ ਵਿਚ ਗਾਲ੍ਹਾਂ ਕੱਢਣ ਲੱਗ ਪਿਆ। ਗਰਮੀਆਂ ਦੇ ਦਿਨ ਸਨ। ਅਸੀਂ ਛੱਤ ਦੇ ਉਪਰ ਕਿਧਰੇ ਸੁੱਤੇ ਪਏ ਸੀ। ਮੈਂ ਇਸ ਨੂੰ ਜਗਾਇਆ ਤੇ ਕਿਹਾ, ਗਾਲ੍ਹਾਂ ਕਿਉਂ ਕੱਢ ਰਿਹਾ ਹੈਂ ਤੇ ਕਿਸ ਨੂੰ ਕੱਢ ਰਿਹੈਂ ? ਉਹ ਵੀ ਨੀਂਦ ਵਿਚ! ਉਸ ਨੇ ਨਾਮ ਦੱਸ ਦਿੱਤਾ। ਕਹਿਣ ਲੱਗਾ ਕਿ ਸੁਪਨੇ ਵਿਚ ਹੀ ਕੱਢ ਰਿਹਾ ਸਾਂ, ਪਰ ਕੀ ਕਰਾਂ, ਕੱਢਣਾ ਤਾਂ ਮੈਂ ਦਿਨ ਨੂੰ ਭੀ ਚਾਹੁੰਦਾ ਹਾਂ ਪਰ ਦਿਨ ਨੂੰ ਤੁਹਾਥੋਂ ਡਰ ਲੱਗਦਾ ਹੈ। ਰਾਤ ਨੂੰ ਸੁਪਨੇ ਵਿਚ ਨਿਕਲ ਗਈਆਂ, ਮੈਂ ਕੀ ਕਰਾਂ! ਰਾਤ ਨੂੰ ਮੈਂ ਆਪਣਾ ਆਪ ਸੰਭਾਲ ਨਹੀਂ ਸਕਿਆ। ਸੋ ਕਹਿੰਦੇ ਹਨ ਕਿ ਦਿਨ ਵੇਲੇ ਮਨੁੱਖ ਨੇ ਜੋ ਕੁਝ ਛੁਪਾਇਆ ਹੁੰਦੈ, ਰਾਤ ਨੂੰ ਉਹ ਸੁਪਨੇ ਵਿਚ ਪ੍ਰਗਟ ਹੋ ਜਾਂਦਾ ਹੈ। ਪਰ ਰਾਤ ਨੂੰ ਜੋ ਸੁਪਨੇ ਵਿਚ ਪ੍ਰਗਟ ਹੋਇਆ ਹੁੰਦੈ, ਉਹ ਦੂਜਾ ਤੀਜਾ ਨਹੀਂ ਦੇਖ ਸਕਦਾ, ਉਹ ਖ਼ੁਦ ਹੀ ਦੇਖ ਸਕਦਾ ਹੈ, ਫਿਰ ਭੀ ਗੁਪਤ ਹੈ। ਦਿਨ ਨੂੰ ਜੋ ਛੁਪਾਇਐ, ਰਾਤ ਨੂੰ ਜੋ ਸੁਪਨੇ ਦੀ ਅਵਸਥਾ ਸੀ ਉਂਜ ਛੁਪੀ ਰਹਿ ਗਈ। ਪਰ ਮਨੁੱਖ ਨੇ ਕਰੋਧ ਤਾਂ ਕੀਤਾ ਹੈ। ਕੁਝ ਸੁਖ ਭਰੇ ਸੁਪਨੇ ਆਉਂਦੇ ਹਨ, ਕੁਝ ਦੁੱਖ ਭਰੇ, ਕੁਝ ਆਨੰਦ ਭਰੇ ਸੁਪਨੇ ਭੀ ਆਉਂਦੇ ਹਨ। ਸੁਪਨੇ ਵਿਚ ਕਿਧਰੇ ਰੱਬ ਦੀ ਝਲਕ ਮਿਲ ਗਈ, ਕਿਸੇ ਫ਼ਕੀਰ ਦੀ ਝਲਕ ਮਿਲ ਗਈ। ਕਿਸੇ ਗੁਰੂ ਪੀਰ ਪੈਗ਼ੰਬਰ ਦਾ ਉਪਦੇਸ਼ ਸੁਣਨ ਨੂੰ ਮਿਲ ਗਿਆ। ਸੁਪਨੇ ਬਾਰੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਫ਼ੁਰਮਾਨ ਕਰਦੇ ਹਨ:

ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥

(ਵਡਹੰਸੁ ਮਹਲਾ ੧, ਪੰਨਾ 558)

ਤਾਂ ਤੂੰ ਜ਼ਰੂਰ ਆਇਆ ਸੁਪਨੇ ਵਿਚ ਪਰ ਜਿਵੇਂ, ਅੱਖ ਖੁਲ੍ਹੀ, ਸਭ ਕੁਝ ਕਾਫ਼ੂਰ ਹੋ ਗਿਆ। ਹੁਣ ਅੱਖਾਂ ਭਰ ਆਈਆਂ ਹਨ, ਜੋ ਸੁਪਨੇ ਵਿਚ ਸੀ ਸਭ ਵਿੱਛੜ ਗਿਆ। ਜੋ ਸੁਪਨੇ ਵਿਚ ਸੰਬੰਧ ਬਣੇ ਸਨ, ਜਾਗਦਿਆਂ ਹੀ ਟੁੱਟ ਗਏ। ਜੋ ਜਾਗਰਿਤ ਅਵਸਥਾ ਵਿਚ ਸੰਬੰਧ ਹਨ, ਮਿੱਤਰਾਂ ਦੇ, ਪੁੱਤਰਾਂ ਦੇ, ਪਤਨੀ ਦੇ, ਪਤੀ ਦੇ, ਧਨ-ਸੰਪਦਾ ਦੇ, ਮਹਿਲ ਮਾੜੀਆਂ ਦੇ। ਜੈਸੇ ਹੀ ਰਾਤ ਨੂੰ ਸੌਂਦੇ ਹਾਂ, ਜਾਗਰਿਤ ਅਵਸਥਾ ਦੇ ਇਹ ਸੰਬੰਧ ਟੁੱਟ ਜਾਂਦੇ ਹਨ। ਨਵੇਂ ਸੰਬੰਧ ਅਸਥਾਪਤ ਹੋ ਜਾਂਦੇ ਹਨ ਸੁਪਨਿਆਂ ਵਿਚ। ਪਰ ਜਿਵੇਂ ਹੀ ਜਾਗੇ ਤਾਂ ਰਾਤ

ਨੂੰ ਜੋ ਸੰਬੰਧ ਬਣੇ ਸਨ, ਉਹ ਟੁੱਟ ਜਾਂਦੇ ਹਨ, ਤੇ ਫਿਰ ਦਿਨ ਵਾਲੇ ਸੰਬੰਧ ਬਣ ਜਾਂਦੇ ਹਨ। ਇਸ ਬਾਰੇ ਗੁਰਬਾਣੀ ਇਸ ਤਰ੍ਹਾਂ ਬਿਆਨ ਹੈ ਕਿ ਕਿਧਰੇ ਐਸਾ ਤਾਂ ਨਹੀਂ ਕਿ ਜੋ ਦਿਨ ਨੂੰ ਸੰਬੰਧ ਜੁੜੇ ਹਨ, ਉਹ ਭੀ ਸੁਪਨਾ ਹੀ ਹੋਵਣ। ਜੋ ਰਾਤ ਨੂੰ ਸੁੱਖ ਮਿਲਿਆ ਸੀ, ਦੁੱਖ ਮਿਲਿਆ ਸੀ, ਜਾਗ ਕੇ ਸਭ ਕੁਝ ਸੁਪਨਾ ਹੋ ਗਿਐ ਤੇ ਜੋ ਦਿਨ ਨੂੰ ਸੁੱਖ ਮਿਲੇ ਸਨ, ਦੁੱਖ ਮਿਲੇ ਸਨ, ਸੌਂ ਕੇ ਸਭ ਸੁਪਨਾ ਹੋ ਗਏ, ਟੁੱਟ ਗਏ। ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਕਹਿੰਦੀ ਹੈ :

ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ ॥

(ਆਸਾ ਕਬੀਰ ਜੀ, ਪੰਨਾ 482)

ਮੈਂ ਇਸੇ ਵਾਸਤੇ ਅਰਜ਼ ਕਰ ਰਿਹਾ ਹਾਂ ਕਿ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਜਿਹਾ ਕਹਿੰਦੀ ਹੈ ਕਿ ਜਿਸ ਨੂੰ ਮਿਥ ਦੀ ਸਮਝ ਪੈ ਗਈ, ਜਾਣੋ ਉਸ ਨੂੰ ਸਤਿ ਦੀ ਸਮਝ ਪੈ ਗਈ। ਜਿਸ ਨੂੰ ਸੁਪਨੇ ਦੀ ਸਮਝ ਪੈ ਗਈ, ਉਸ ਨੂੰ ਵਾਸਤਵਿਕਤਾ ਦੀ ਸਮਝ ਆ ਗਈ। ਜਿਸ ਨੂੰ ਸੰਸਾਰ ਦੀ ਸਮਝ ਹੈ, ਉਸ ਨੂੰ ਨਿਰੰਕਾਰ ਦੀ ਵੀ ਸਮਝ ਹੈ। ਖੇਡ ਸਾਰੀ ਸਮਝ ਦੀ ਹੈ। ਸੰਸਾਰ ਕੀ ਹੈ ?—ਮਿਥ। ਨਿਰੰਕਾਰ ਕੀ ਹੈ ?—ਸਤਿ। ਸੰਸਾਰ ਕੀ ਹੈ ?—ਮਾਇਆ। ਨਿਰੰਕਾਰ ਕੀ ਹੈ ?—ਪਰਮਾਤਮਾ, ਪ੍ਰਕਾਸ਼, ਸਤਿ-ਚਿਤ-ਆਨੰਦ। ਸੰਸਾਰ ਕੀ ਹੈ ?—ਉਸ ਦੀ ਛਾਇਆ ਹੈ। ਕਿਸ ਦੀ ਛਾਇਆ ਹੈ ?—ਜੋ ਸਤਿ ਹੈ। ਸਤਿ ਦੀ ਹੀ ਛਾਇਆ ਹੈ ਇਹ ਮਿਥ। ਦਿਨ ਨੂੰ ਜੋ ਸੰਬੰਧ ਜੁੜੇ, ਰਾਤ ਨੂੰ ਸੌਂ ਕੇ ਟੁੱਟ ਗਏ ਅਤੇ ਰਾਤ ਨੂੰ ਜੋ ਸੌਂ ਕੇ ਸੰਬੰਧ ਜੁੜੇ, ਦਿਨ ਨੂੰ ਜਾਗ ਕੇ ਟੁੱਟ ਗਏ। ਦਿਨ ਨੂੰ ਕਦੀ ਸੁੱਖ ਮਿਲਦੈ, ਕਦੀ ਦੁੱਖ ਮਿਲਦੈ, ਸੌਂ ਕੇ ਇਸ ਦੁੱਖ ਸੁੱਖ ਨਾਲੋਂ ਸੰਬੰਧ ਟੁੱਟ ਜਾਂਦਾ ਹੈ। ਰਾਤ ਨੂੰ ਕੁਝ ਸੁੱਖ ਭਰੇ ਸੁਪਨੇ ਆਏ, ਕੁਝ ਦੁੱਖ ਭਰੇ ਸੁਪਨੇ ਆਏ। ਸਵੇਰੇ ਜਾਗੇ, ਸੰਬੰਧ ਟੁੱਟ ਗਿਆ। ਗੁਰਬਾਣੀ ਇਹ ਕਹਿ ਰਹੀ ਹੈ ਕਿ ਜੋ ਰਾਤ ਨੂੰ ਸੰਬੰਧ ਜੁੜੇ ਸਨ, ਸੁਪਨਾ ਸਨ, ਮਿਥ ਸਨ। ਜੋ ਦਿਨੇ ਸੰਬੰਧ ਜੁੜੇ ਨੇ, ਕਿਧਰੇ ਇਹ ਤਾਂ ਨਹੀਂ ਕਿ ਇਹ ਭੀ ਸੁਪਨਾ ਹੀ ਹੋਵਣ, ਇਹ ਭੀ ਮਿਥ ਹੀ ਹੋਵਣ। ਧੰਨ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾਅਵੇ ਨਾਲ ਕਹਿੰਦੇ ਹਨ :

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥

(ਸਲੋਕ ਮਹਲਾ ੯, ਪੰਨਾ 1427)

ਇਕ ਦਿਨ ਲੜੀਵਾਰ ਕਥਾ ਹੋ ਰਹੀ ਸੀ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ। ਇਸ ਤਰ੍ਹਾਂ ਦਾ ਇਕ ਵਾਕ ਆ ਗਿਆ ਸੀ, ਥੋੜੇ ਦਿਨ ਹੀ ਹੋਏ ਹਨ। ਘੰਟਾ ਕੁ ਮੈਂ ਉਸ ਦੀ ਵਿਆਖਿਆ ਕਰਦਾ ਰਿਹਾ। ਬਾਹਰ ਆ ਕੇ ਕੁਝ ਸੱਜਣ ਕਹਿਣ ਲੱਗੇ, ਗਿਆਨੀ ਜੀ! ਤੁਸੀਂ ਬੜੀ ਡਰਾਉਣੀ ਕਥਾ ਕੀਤੀ ਹੈ। ਅਸੀਂ ਤਾਂ ਆਏ ਸੀ ਕੋਈ ਰੱਬ ਦੀ ਗੱਲ ਸੁਣਨ ਵਾਸਤੇ, ਪਰ ਸਾਡਾ ਮਨ ਬੜਾ ਭੈ-

ਭੀਤ ਹੋ ਗਿਆ ਹੈ। ਮੈਂ ਅੱਗੋਂ ਕਿਹਾ, ਤਾਂ ਫਿਰ ਤੁਸੀਂ ਕਥਾ ਸਮਝ ਹੀ ਨਹੀਂ ਸਕੇ। ਤੁਸੀਂ ਸੁਣੀ ਭੀ ਨਹੀਂ, ਸਮਝੀ ਭੀ ਨਹੀਂ, ਤੇ ਗੁਰਬਾਣੀ ਦਾ ਦਾਅਵਾ ਹੈ ਕਿ ਜੋ ਸਤਿ ਨੂੰ ਸਮਝਣਾ ਚਾਹੁੰਦੈ, ਪਹਿਲੇ ਮਿਥ ਨੂੰ ਸਮਝੇ, ਪਹਿਲੇ ਮਿਥ ਦਾ ਗਿਆਨ ਲਵੇ। ਮਿਥ ਕੀ ਹੈ ? —ਸੁਪਨਾ। ਸਤਿ ਕੀ ਹੈ ? —ਸੱਚ ਹੈ, ਸੁਪਨਾ ਨਹੀਂ। ਜੋ ਮਿਥ ਹੁੰਦੈ, ਉਸੇ ਨੂੰ ਅਸੀਂ ਕਹਿੰਦੇ ਹਾਂ ਕਿ ਇਹ ਸੱਚ ਨਹੀਂ। ਸੁਪਨੇ ਨੂੰ ਅਸੀਂ ਕਹਿ ਦਿੰਦੇ ਹਾਂ ਇਹ ਸੁਪਨੈ, ਕਹਿ ਦਿੰਦੇ ਹਾਂ ਕਿ ਇਹ ਸੱਚ ਨਹੀਂ। ਤਾਂ ਸੁਪਨਾ ਹੈ ਕੀ ? ਗੁਰੂ ਤੇਗ਼ ਬਹਾਦਰ ਸਾਹਿਬ ਜੀ ਮਹਾਰਾਜ, ਤਿਆਗ ਤੇ ਬੈਰਾਗ ਦੀ ਮੂਰਤੀ, ਆਪ ਫ਼ੁਰਮਾਨ ਕਰਦੇ ਹਨ, "ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ"। ਜਿਥੋਂ ਤਕ ਦਿਖਾਈ ਦਿੰਦੈ, ਔਰ ਜੋ ਕੁਝ ਦਿਖਾਈ ਦਿੰਦੈ, ਬੜੇ ਬੜੇ ਗੁਰੂ ਪੀਰ ਪੈਗ਼ੰਬਰ ਹੋਏ ਹਨ, ਉਨ੍ਹਾਂ ਦਾ ਭੀ ਇਤਿਹਾਸ ਹੈ, ਉਹ ਭੀ ਸੁਪਨਾ ਹੀ ਹਨ :

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥੫੦॥

(ਸਲੋਕ ਮਹਲਾ ੯, ਪੰਨਾ 1429)

ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਇਹ ਕੋਸ਼ਿਸ਼ ਸੀ ਕਿ ਜੇਕਰ ਗੁਰੂ ਅਵਤਾਰ ਪਰਮਾਤਮਾ ਦੇ ਵਿਚਕਾਰ ਦੀਵਾਰ ਬਣ ਗਿਆ, ਤਾਂ ਉਹ ਗੁਰੂ ਭੀ ਮਾਇਆ ਹੈ, ਉਹ ਅਵਤਾਰ ਭੀ ਮਾਇਆ ਹੈ, ਕੁਝ ਭੀ ਨਹੀਂ। ਬੜਾ ਸੁੰਦਰ ਕੀਮਤੀ ਸ਼ਬਦ ਹੈ :

ਮਾਯਾ ਚਿਤ ਭਰਮੇਣ ਇਸਟ ਮਿਤ੍ਰੇਖੁ ਬਾਂਧਵਹ ॥

(ਮ: ੫, ਗਾਥਾ, ਪੰਨਾ 1360)

ਮਨੁੱਖ ਦੇ ਮਨ ਨੂੰ ਭਰਮਾ ਛੱਡਦੀ ਹੈ ਇਹ ਮਾਇਆ, ਇਹ ਮਿੱਥ, "ਇਸਟ ਮਿਤ੍ਰੇਖੁ ਬਾਂਧਵਹ"। ਪਰਿਵਾਰ ਤਾਂ ਮਾਇਆ ਹੈ, ਸੰਸਾਰ ਤਾਂ ਮਾਇਆ ਹੈ, ਇਸਟ ਭੀ ਮਾਇਆ ਹੈ। ਗੁਰੂ ਭੀ ਮਾਇਆ ਹੈ, ਜੋ ਪਰਮਾਤਮਾ ਵਿਚ ਦੀਵਾਰ ਬਣ ਗਿਆ ਹੈ। ਉਹ ਅਵਤਾਰ ਭੀ ਮਾਇਆ ਹੈ ਜੋ ਪਰਮਾਤਮਾ ਵਿਚਕਾਰ ਦੀਵਾਰ ਬਣ ਗਿਆ ਹੈ। ਅਤੇ ਆਪ ਦੀ ਗਿਆਤ ਲਈ ਅਰਜ਼ ਕਰਾਂ ਕਿ ਇਕ ਐਸਾ ਭੀ ਅਵਤਾਰ ਪੁਰਸ਼ ਹੋਇਐ, ਜਿਸ ਨੇ ਇਸ ਦੀਵਾਰ ਨੂੰ ਖ਼ੁਦ ਗਿਰਾਇਐ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਫ਼ੁਰਮਾਨ ਹੈ :

ਜੋ ਹਮ ਕੋ ਪਰਮੇਸਰ ਉਚਰਿਹੈਂ॥
ਤੇ ਸਭ ਨਰਕ ਕੁੰਡ ਮਹਿ ਪਰਿਹੈਂ॥ *(ਧਿਆਇ ਛੇਵਾਂ, ਬਚਿੱਤ੍ਰ ਨਾਟਕ)*

ਉਹ ਕੁੰਭੀ ਨਰਕਾਂ ਵਿਚ ਜਾਣਗੇ ਜੋ ਮੈਨੂੰ ਪਰਮਾਤਮਾ ਮੰਨਣਗੇ। ਮੈਂ ਅੱਜ ਹਾਂ, ਕੱਲ ਨਹੀਂ। ਇਹ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਬੋਲ ਹਨ,

"ਮਾਯਾ ਚਿਤ ਭਰਮੇਣ"। ਮਨੁੱਖ ਸਤਿ ਨਾਲ ਕਿਉਂ ਨਹੀਂ ਜੁੜਿਆ?—ਕਿਉਂਕਿ ਮਾਇਆ ਭਰਮਾਉਂਦੀ ਹੈ। ਮਾਇਆ ਕੀ ਹੈ?—ਇਸ਼ਟ, ਮਨੁੱਖ ਜੀਹਦੀ ਪੂਜਾ ਪਿਆ ਕਰਦੈ। ਇਥੇ ਹੀ ਰੁਕ ਕੇ ਰਹਿ ਗਿਆ ਹੈ। ਬਚਪਨ ਤੋਂ ਪੂਜਾ ਸ਼ੁਰੂ ਕੀਤੀ ਤੇ ਅਖ਼ੀਰ ਤੱਕ ਉੱਥੇ ਹੀ ਰੁਕਿਆ ਹੋਇਐ, ਇਹ ਤਾਂ ਦੀਵਾਰ ਬਣ ਗਈ। ਲਗਭਗ ਦੁਨੀਆਂ ਦੇ ਪੈਗ਼ੰਬਰੀ ਪੁਰਸ਼, ਗੁਰੂ, ਅਵਤਾਰ ਦੀਵਾਰ ਬਣੇ ਹੋਏ ਹਨ। ਇਸ ਵਾਸਤੇ ਬੜਾ ਸੋਹਣਾ ਨਾਮ ਰੱਖਿਆ ਗਿਐ। ਗੁਰੂ–ਦੁਆਰਾ। ਗੁਰੂ ਦੁਆਰ ਹੈ, ਦੀਵਾਰ ਨਹੀਂ। ਗੁਰੂ ਘਰ ਭੀ ਨਹੀਂ ਹੈ। ਕੁਝ ਲੋਕ ਗੁਰੂ–ਦੁਆਰੇ ਨੂੰ ਗੁਰੂ–ਘਰ ਕਹਿਣ ਲੱਗ ਪਏ ਹਨ। ਨਹੀਂ, ਇਹ ਗੁਰੂ–ਦੁਆਰਾ ਹੈ, ਗੁਰੂ ਦਾ ਦੁਆਰ ਹੈ। ਪਰਮਾਤਮਾ ਦਾ ਘਰ ਹੈ। ਇਹ ਪਰਮਾਤਮਾ ਦੇ ਘਰ ਦਾ ਦਰਵਾਜ਼ਾ ਹੈ। ਲੰਘ ਜਾਉ, ਦਰਵਾਜ਼ਾ ਬੈਠਣ ਲਈ ਨਹੀਂ ਹੈ, ਦਰਵਾਜ਼ਾ ਖੜੇ ਹੋਣ ਲਈ ਭੀ ਨਹੀਂ ਹੈ। ਦਰਵਾਜ਼ੇ ਉੱਤੇ ਬਿਸਤਰਾ ਵਿਛਾਉਣਾ ਚਾਹੀਦਾ ਹੈ, ਇਸ ਵਾਸਤੇ ਭੀ ਨਹੀਂ ਹੈ। ਦਰਵਾਜ਼ਾ ਲੰਘਣ ਵਾਸਤੇ ਹੈ, ਲੰਘ ਜਾਉ। ਲੰਘ ਜਾਉ ਗੁਰੂ ਤੋਂ, ਲੰਘ ਜਾਉ ਅਵਤਾਰ ਤੋਂ। ਉਹ ਪਰਮਾਤਮਾ ਇਤਨਾ ਬੇਅੰਤ ਹੈ ਕਿ ਅਵਤਾਰ ਭੀ ਉਸ ਦਾ ਅੰਤ ਨਹੀਂ ਪਾ ਸਕਦਾ। ਇਤਨੇ ਵੱਡੇ ਨਿਰੰਕਾਰ ਦੇ ਘਰ ਦਾ ਸਿਰਫ਼ ਇਕ ਨਿੱਕਾ ਜਿਹਾ ਦੁਆਰਾ ਹੈ—ਅਵਤਾਰ, ਗੁਰੂ, ਪੀਰ, ਪੈਗ਼ੰਬਰ:

> **ਅਵਤਾਰ ਨ ਜਾਨਹਿ ਅੰਤੁ ॥**
> **ਪਰਮੇਸਰੁ ਪਾਰਬ੍ਰਹਮ ਬੇਅੰਤੁ ॥** *(ਰਾਮਕਲੀ ਮ: ੫, ਪੰਨਾ 894)*

ਇਥੇ ਥੋੜੀ ਜਿਹੀ ਜੋ ਗੁਰਮਤਿ ਹੈ, ਉਹ ਅੱਡਰੀ ਹੋ ਜਾਂਦੀ ਹੈ ਕਿ ਅਵਤਾਰ ਨੂੰ ਭੀ ਮਾਇਆ ਕਹਿ ਦਿੱਤਾ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਖ਼ੁਦ ਆਪਣੇ ਹੱਥੀਂ ਇਸ ਦੀਵਾਰ ਨੂੰ ਗਿਰਾਂਦੇ ਹਨ, ਕਿਧਰੇ ਉਹਦੇ ਸਿੱਖ ਟੱਕਰਾਂ ਹੀ ਨਾ ਮਾਰਦੇ ਰਹਿਣ ਦੀਵਾਰ ਨਾਲ। ਗੁਰੂ ਨਾਨਕ ਦੇਵ ਜੀ ਮਹਾਰਾਜ 'ਤੇ ਭੀ ਇਕ ਪ੍ਰਸ਼ਨ ਹੋਇਐ। ਸੂਫ਼ੀ ਸੰਤ ਸ਼ੇਖ਼ ਫ਼ਰੀਦ ਦਾ ਪੋਤਰਾ ਪੁੱਛਦਾ ਹੈ ਕਿ ਤੁਸੀਂ ਕੌਣ ਹੋ? ਮਹਾਰਾਜ ਕਹਿੰਦੇ ਹਨ:

> **ਮਾਣਸ ਮੂਰਤਿ ਨਾਨਕੁ ਨਾਮੁ ॥**
> **ਕਰਣੀ ਕੁਤਾ ਦਰਿ ਫੁਰਮਾਨੁ ॥** *(ਆਸਾ ਮਹਲਾ ੧, ਪੰਨਾ 350)*

ਮੈਂ ਮਨੁੱਖ ਦੀ ਮੂਰਤੀ ਹਾਂ ਅਤੇ ਇਸ ਮੂਰਤੀ ਨੂੰ ਮਾਂ ਬਾਪ ਨੇ ਨਾਮ ਦਿੱਤਾ ਹੈ ਨਾਨਕ, "ਮਾਣਸ ਮੂਰਤਿ ਨਾਨਕੁ ਨਾਮੁ॥ ਕਰਣੀ ਕੁਤਾ ਦਰਿ ਫੁਰਮਾਨ॥" ਮੇਰੀ ਕਰਨੀ ਕੀ ਹੈ, ਅਰਥ ਕਰਨ ਲੱਗਿਆਂ ਮਨੁੱਖ ਦੀ ਜ਼ਬਾਨ ਕੰਬਦੀ ਹੈ, ਗੁਰੂ ਨਾਨਕ ਦੇਵ ਜੀ ਮਹਾਰਾਜ ਥਾਂ ਥਾਂ 'ਤੇ ਮੰਗ ਭੀ ਇਹੀ ਕਰਦੇ ਹਨ:

> **ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ ॥**
> *(ਤਿਲੰਗ ਮ: ੧, ਪੰਨਾ 721)*

ਖ਼ੈਰ, ਸੰਖੇਪ ਜਿਹਾ ਮੈਂ ਅਰਜ਼ ਕਰਾਂ—ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਭੀ ਕਹਿੰਦੇ ਹਨ ਕਿ ਅਵਤਾਰ ਭੀ ਜੇਕਰ ਦੀਵਾਰ ਬਣ ਗਿਐ ਤਾਂ ਉਹ ਭੀ ਸੁਪਨਾ ਹੀ ਹੈ। ਇਸ਼ਟ ਭੀ ਸੁਪਨਾ ਹੈ। ਪੁੱਤਰ ਭੀ ਦੀਵਾਰ ਹੈ, ਜੇਕਰ ਉਹ ਨਿਰੰਕਾਰ ਦੇ ਵਿਚ ਖੜਾ ਹੋ ਗਿਐ। ਪਤਨੀ ਭੀ ਦੀਵਾਰ ਹੈ, ਕਿਸੇ ਲਈ ਪਤੀ ਭੀ ਦੀਵਾਰ ਹੋ ਸਕਦਾ ਹੈ। ਇਹ ਸਭ ਝੂਠ ਦੀ ਦੀਵਾਰ ਹਨ:

ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥

(ਵਾਰ ਆਸਾ, ਮ: ੧, ਪੰਨਾ 468)

ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ ਕਿ ਸਭ ਮਿਥ ਹੈ। ਰਾਤ ਨੂੰ ਸੌਂ ਗਏ, ਪਤਨੀ ਦਾ ਸੰਬੰਧ ਭੀ ਟੁੱਟ ਗਿਆ, ਪੁੱਤਰਾਂ ਦਾ ਸੰਬੰਧ ਭੀ ਟੁੱਟ ਗਿਆ, ਮਹਿਲ ਮਾੜੀਆਂ ਦੇ ਸੰਬੰਧ ਟੁੱਟ ਗਏ। ਸੁਪਨੇ ਬਣ ਗਏ। ਨਵਾਂ ਮੋਹ ਦਾ ਪਸਾਰਾ ਸ਼ੁਰੂ ਹੋ ਗਿਆ। ਸਵੇਰੇ ਜਾਗੇ ਤਾਂ ਰਾਤ ਦੇ ਬਣੇ ਹੋਏ ਸੰਬੰਧ ਟੁੱਟ ਗਏ। ਇਵੇਂ ਹੀ ਜੋ ਦਿਨ ਨੂੰ ਰਿਸ਼ਤੇ ਜੁੜਦੇ ਹਨ, ਉਹ ਰਾਤ ਨੂੰ ਟੁੱਟ ਜਾਂਦੇ ਹਨ। ਗੁਰਬਾਣੀ ਕਹਿੰਦੀ ਹੈ, ਕਿਤੇ ਐਸਾ ਤਾਂ ਨਹੀਂ ਕਿ ਇਕ ਰਾਤ ਦਾ ਸੁਪਨਾ ਹੋਵੇ ਅਤੇ ਇਕ ਦਿਨ ਦਾ ਸੁਪਨਾ ਹੋਵੇ। ਇਕ ਬੰਦ ਅੱਖ ਦਾ ਸੁਪਨਾ ਹੋਵੇ ਤੇ ਇਕ ਖੁਲ੍ਹੀ ਅੱਖ ਦਾ ਸੁਪਨਾ ਹੋਵੇ, ਕਿਤੇ ਐਸਾ ਤਾਂ ਨਹੀਂ। ਇਸ ਸੰਬੰਧ ਵਿਚ ਮੈਂ ਇਕ ਮਹਾਨ ਚੀਨੀ ਸੰਤ ਲਾਉਡਸੇ ਦੀ ਆਪ-ਬੀਤੀ ਪੜ੍ਹ ਰਿਹਾ ਸੀ। ਸਤਾਰਾਂ ਅਠਾਰਾਂ ਸਫ਼ਿਆਂ ਦੀ ਛੋਟੀ ਜਿਹੀ ਕਿਤਾਬ ਹੈ। ਚੀਨੀ ਭਾਸ਼ਾ ਤੋਂ ਅਨੁਵਾਦ ਕੀਤੀ ਗਈ ਹੈ। ਅਨੁਵਾਦ ਹਿੰਦੀ ਵਿਚ ਹੈ। ਛੋਟੇ ਛੋਟੇ ਸੁਪਨੇ ਹਨ, ਮੈਨੂੰ ਬਹੁਤ ਪਿਆਰੇ ਲੱਗੇ। ਕਿਤਾਬ ਵਿਚ ਜ਼ਿਕਰ ਹੈ ਕਿ ਇਕ ਦਿਨ ਲਾਉਡਸੇ ਸਵੇਰੇ ਉਠਿਆ, ਬੜਾ ਗ਼ਮਗ਼ੀਨ, ਬੜਾ ਦੁਖੀ ਜਾਪ ਰਿਹਾ ਸੀ। ਤਾਂ ਸ਼ਾਗਿਰਦ ਕਹਿੰਦੇ ਹਨ, ਚੇਲੇ ਕਹਿੰਦੇ ਹਨ ਕਿ ਗੁਰਦੇਵ! ਇਤਨਾ ਤਾਂ ਬੇਚੈਨ ਤੁਹਾਨੂੰ ਕਦੀ ਨਹੀਂ ਵੇਖਿਆ। ਤੁਹਾਡੇ ਮਸਤਕ 'ਤੇ ਇਤਨੀ ਪ੍ਰੇਸ਼ਾਨੀ ਕਦੀ ਨਹੀਂ ਵੇਖੀ, ਐਸਾ ਕਿਉਂ ? ਤੁਸੀਂ ਤਾਂ ਖ਼ੁਦ ਪ੍ਰੇਸ਼ਾਨੀ ਤੇ ਚਿੰਤਾ ਤੋਂ ਬਚਣ ਦਾ ਉਪਦੇਸ਼ ਕਰਦੇ ਹੋ। ਇਹ ਫ਼ਕੀਰ ਬੋਲਿਆ, ਐ ਮੇਰੇ ਬੱਚਿਓ! ਗੱਲ ਇਹ ਹੈ ਕਿ ਰਾਤ ਨੂੰ ਜਦ ਮੈਂ ਨਹਾ ਕੇ ਸੁੱਤਾ, ਤਾਂ ਸੁਪਨੇ ਵਿਚ ਮੈਂ ਤਿਤਲੀ ਬਣ ਗਿਆ ਅਤੇ ਫੁੱਲਾਂ ਉੱਤੇ ਉੱਡ ਰਿਹਾ ਸੀ। ਇਹ ਸੁਣ ਕੇ ਸਾਰੇ ਸ਼ਾਗਿਰਦ ਹੱਸ ਪਏ। ਸੁਪਨੇ ਵਿਚ ਤੁਸੀਂ ਤਿਤਲੀ ਬਣ ਗਏ ਤਾਂ ਗ਼ਮਗ਼ੀਨ ਹੋਣ ਦੀ ਕੀ ਲੋੜ ਹੈ ? ਪ੍ਰੇਸ਼ਾਨ ਹੋਣ ਦੀ ਕੀ ਲੋੜ ਹੈ ? ਇਤਨੇ ਦੁਖੀ ਕਿਉਂ ਹੋ ਰਹੇ ਹੋ ? ਸੁਪਨਾ ਤਾਂ ਸੁਪਨਾ ਹੀ ਹੈ। ਲਾਉਡਸੇ ਕਹਿੰਦਾ ਹੈ, ਐ ਮੇਰੇ ਬੱਚਿਓ! ਤੁਸੀਂ ਮੇਰੀ ਗੱਲ ਅਜੇ ਪੂਰੀ ਨਹੀਂ ਸੁਣੀ, ਪੂਰੀ ਸੁਣੋ। ਰਾਤ ਨੂੰ ਮੈਂ ਜਦੋਂ ਸੁੱਤਾ ਤਾਂ ਮੈਨੂੰ ਸੁਪਨਾ ਆਇਆ ਤੇ ਮੈਂ ਸੁਪਨੇ ਵਿਚ ਤਿਤਲੀ ਬਣ ਗਿਆ। ਜਦੋਂ ਮੈਂ ਸਵੇਰੇ ਜਾਗਿਆ

ਤਾਂ ਉਹ ਤਿਤਲੀ ਨਹੀਂ ਹੈ, ਲਾਉਡਸੇ ਹੈ। ਹੁਣ ਮੈਂ ਇਸ ਦੁਬਿਧਾ ਵਿਚ ਪਿਆ ਹੋਇਆ ਹਾਂ ਕਿ ਲਾਉਡਸੇ ਨੂੰ ਸੁਪਨਾ ਆਇਆ ਤੇ ਉਹ ਤਿਤਲੀ ਬਣ ਗਿਆ, ਕਿਤੇ ਤਿਤਲੀ ਨੂੰ ਵੀ ਸੁਪਨਾ ਨਾ ਆਇਆ ਹੋਵੇ ਕਿ ਉਹ ਲਾਉਡਸੇ ਬਣ ਗਈ ਹੈ। ਜੇ ਮੇਰਾ ਸੁਪਨਾ ਤਿਤਲੀ ਹੋ ਸਕਦੀ ਹੈ ਤਾਂ ਕਿਧਰੇ ਐਸਾ ਤਾਂ ਨਹੀਂ ਕਿ ਤਿਤਲੀ ਦਾ ਸੁਪਨਾ ਮੈਂ ਹੋਵਾਂ। ਹੁਣ ਇਹ ਕੌਣ ਫ਼ੈਸਲਾ ਕਰੇ। ਹੁਣ ਮੈਂ ਜਾਗ ਕੇ ਤਿਤਲੀ ਨਹੀਂ ਹਾਂ, ਮੈਂ ਮਨੁੱਖ ਹਾਂ। ਰਾਤ ਨੂੰ ਜਿਹੜਾ ਮੇਰਾ ਹੋਣਾ ਸੀ, ਨਾ ਹੋਣਾ ਹੋ ਗਿਐ ਅਤੇ ਦਿਨ ਨੂੰ ਜਿਹੜਾ ਮੇਰਾ ਹੋਣਾ ਹੈ, ਰਾਤ ਨੂੰ ਨਾ ਹੋਣਾ ਹੋ ਜਾਂਦਾ ਹੈ। ਹੋਣਾ ਨਾ ਹੋਣੇ ਵਿਚ ਬਦਲ ਜਾਂਦਾ ਹੈ। ਹੈ; ਨਹੀਂ ਹੈ। ਨਹੀਂ ਹੈ, ਪਰ ਹੈ। ਇਹ ਦੋ ਵਾਕ ਜਿਸ 'ਤੇ ਪੂਰੇ ਉਤਰਨ, ਉਸ ਨੂੰ ਕਹਿੰਦੇ ਹਨ ਸੁਪਨਾ। ਸੁਪਨੇ ਦੇ ਵਿਚ ਜੋ ਕੁਝ ਹੈ, ਉਹ ਤਾਂ ਨਹੀਂ ਹੈ, ਪਰ ਜੋ ਉਸ ਦਾ ਪ੍ਰਭਾਵ ਪੈ ਰਿਹੈ, ਬੰਦਾ ਦੁਖੀ ਹੋ ਰਿਹੈ, ਉਹ ਤਾਂ ਹੈ। ਕਹਿੰਦੇ ਨੇ, ਜਿਵੇਂ ਇਸ ਮਿਥ ਦੀ ਸਮਝ ਪੈ ਜਾਏ ਕਿ ਸੰਸਾਰ ਹੈ, ਨਹੀਂ ਹੈ, ਸੁਪਨਾ ਹੈ, ਗੁਰਬਾਣੀ ਦਾ ਕਥਨ ਹੈ--"ਜਿਉ ਸਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ"। ਸੋ ਜਗ ਵਿਚ ਕੀ ਹੈ:

ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ॥

(ਜੈਜਾਵੰਤੀ ਮ: ੯, ਪੰਨਾ 1352)

ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਆਪਣੀ ਬਾਣੀ ਵਿਚ ਇਸ ਉੱਤੇ ਬਹੁਤ ਜ਼ੋਰ ਦਿੰਦੇ ਹਨ। ਰਾਤ ਦੇ ਸੁਪਨਿਆਂ ਨੂੰ ਕੁਝ ਲੋਕ ਸਹੀ ਮੰਨ ਲੈਂਦੇ ਹਨ। ਉਨ੍ਹਾਂ ਦੀ ਜ਼ਬਾਨ ਦੀ ਚਲ ਪੈਂਦੀ ਹੈ, ਬੋਲਣ ਭੀ ਲੱਗ ਪੈਂਦੇ ਹਨ। ਕਈ ਦਫ਼ਾ ਅੱਖਾਂ ਭੀ ਖੁਲ੍ਹ ਜਾਂਦੀਆਂ ਹਨ। ਇਹਨ੍ਹਾਂ ਸੁਪਨਿਆਂ ਨੇ ਪ੍ਰਭਾਵਤ ਕੀਤਾ ਹੈ। ਕਈ ਜਾਗਰਿਤ ਅਵਸਥਾ ਵਿਚ ਭੀ ਪ੍ਰਭਾਵਤ ਹਨ ਸੰਸਾਰ ਤੋਂ। ਇਤਨੇ ਪ੍ਰਭਾਵਤ ਹਨ ਕਿ ਨਿਰੰਕਾਰ ਚੇਤੇ ਨਹੀਂ ਆਉਂਦਾ। ਮਿਥ ਨੇ ਇਤਨਾ ਪ੍ਰਭਾਵਿਤ ਕੀਤੈ ਕਿ ਸਤਿ ਦਾ ਚਿੰਤਨ ਨਹੀਂ। ਮਹਾਂਪੁਰਸ਼ਾਂ ਨੂੰ ਜਿਵੇਂ ਹੀ ਇਹ ਪ੍ਰਤੀਤ ਹੁੰਦੀ ਹੈ ਕਿ ਸਭ ਕੁਝ ਮਿਥ ਹੈ, ਬਸ ਉਸੇ ਨਾਲ ਸਤਿ ਪ੍ਰਗਟ ਹੋ ਜਾਂਦਾ ਹੈ। ਸੋ ਸਤਿ ਕੀ, ਸੰਸਾਰ ਦਾ ਵੀ ਰੂਪ ਕੁਝ ਹੋਰ ਬਣ ਜਾਂਦਾ ਹੈ। ਇਹ ਦਰੱਖ਼ਤ, ਦਰੱਖ਼ਤ ਨਹੀਂ ਰਹਿੰਦੇ; ਇਹ ਮਨੁੱਖ, ਮਨੁੱਖ ਨਹੀਂ ਰਹਿੰਦੇ। ਇਹ ਸਾਰੇ ਦਾ ਸਾਰਾ ਸੰਸਾਰ ਨਿਰੰਕਾਰ ਦੀ ਝਲਕ ਪ੍ਰਤੀਤ ਹੋਣ ਲੱਗ ਪੈਂਦਾ ਹੈ:

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ॥

(ਰਾਮਕਲੀ ਮ: ੩, ਅਨੰਦੁ, ਪੰਨਾ 922)

ਜਿਵੇਂ ਹੀ ਪਤਾ ਚੱਲਿਆ ਕਿ ਇਹ ਮਿਥ ਹੈ, ਬਸ ਗਿਆਨ ਹੋ ਗਿਆ

ਤਾਂ ਸਤਿ ਪ੍ਰਗਟ ਹੋ ਜਾਂਦਾ ਹੈ। ਮੈਂ ਇਕ ਦਫ਼ਾ ਫਿਰ ਅਰਜ਼ ਕਰਾਂ, ਜਾਗਰਿਤ ਅਵਸਥਾ ਵਿਚ ਕਦੀ ਦੁੱਖ, ਕਦੀ ਸੁੱਖ ਭੋਗਦੇ ਹਾਂ; ਸੁਪਨੇ ਵਿਚ ਭੀ ਕਦੀ ਦੁੱਖ, ਕਦੀ ਸੁੱਭ ਭੋਗਦੇ ਹਾਂ। ਜਾਗਦੀ ਅਵਸਥਾ ਵਿਚ ਕਦੀ ਕਦਾਈਂ ਸਾਡੀਆਂ ਖ਼ਾਹਿਸ਼ਾਂ ਪੂਰੀਆਂ ਹੋ ਜਾਂਦੀਆਂ ਹਨ, ਸੁਪਨੇ ਵਿਚ ਭੀ ਕੁਝ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ, ਪਰ ਸੁਪਨੇ ਦੀ ਪੂਰੀ ਹੋਈ ਇੱਛਾ ਜਾਗ ਕੇ ਪਤਾ ਚਲਦਾ ਹੈ ਕਿ ਕੁਝ ਭੀ ਨਹੀਂ ਹੈ। ਇਵੇਂ ਹੀ ਮਨੁੱਖ ਕਿਧਰੇ ਦਿਨ ਦੇ ਭੀ ਸੰਬੰਧ ਭੀ ਐਸੇ ਹੀ ਸਮਝਣ ਲੱਗ ਪਵੇ, ਤਾਂ ਕਹਿੰਦੇ ਹਨ ਕਿ ਇਸ ਨੂੰ ਗਿਆਨ ਮਿਲ ਗਿਐ। ਸੋ ਜਿਸ ਨੂੰ ਗਿਆਨ ਮਿਲ ਗਿਆ, ਸਮਝੋ ਭਗਵਾਨ ਮਿਲ ਗਿਆ। ਗੁਰੂ ਗ੍ਰੰਥ ਸਾਹਿਬ ਜੀ ਸਾਰੀ ਸਾਧਨਾ ਜੋ ਸਾਡੇ ਸਾਹਮਣੇ ਰੱਖਦੇ ਹਨ, ਇਹ ਗਿਆਨ ਦੀ ਸਾਧਨਾ ਹੈ, ਇਸ ਨੂੰ ਸਮਝੋ ਅਤੇ ਵੀਚਾਰ ਕਰੋ। ਵੀਚਾਰ ਉੱਤੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਬਹੁਤ ਜ਼ੋਰ ਦਿੰਦੇ ਹਨ। ਪਰ ਕੀਤਾ ਕੀ ਜਾਏ, ਸੁਪਨਿਆਂ ਦਾ ਤਾਂ ਆਪਣਾ ਪ੍ਰਭਾਵ ਹੈ—ਮਨ ਦੁਖੀ ਹੋ ਜਾਂਦਾ ਹੈ, ਮਨ ਸੁਖੀ ਭੀ ਹੋ ਜਾਂਦਾ ਹੈ।

ਹਾਫ਼ਿਜ਼ ਈਰਾਨੀ ਸੰਤ ਨੂੰ ਭੀ ਇਕ ਸੁਪਨਾ ਆਇਆ। ਸੁਪਨੇ ਵਿਚ ਖ਼ੁਦਾ ਦਾ ਮੇਲ ਹੋ ਗਿਆ। ਉਹ ਇਸ ਨੂੰ ਇਵੇਂ ਲਿਖਦਾ ਹੈ, ਕਹਿੰਦਾ ਹੈ ਕਿ ਹੱਦ ਹੋ ਗਈ, ਸਤਿ ਭੀ ਮੇਰੇ ਉੱਤੇ ਪ੍ਰਗਟ ਹੋਇਐ ਉਹ ਭੀ ਮਿਥ ਦੇ ਦੁਆਰਾ। ਇਸ ਫ਼ਕੀਰ ਦੇ ਆਪਣੇ ਕਹਿਣ ਦਾ ਢੰਗ ਹੈ। ਬਹੁਤ ਸਾਰੇ ਬਾਰੀਕ ਅਲਫ਼ਾਜ਼ ਤਾਂ ਮੈਨੂੰ ਲੱਭਦੇ ਨਹੀਂ ਪਏ ਕਿ ਇਨ੍ਹਾਂ ਨੂੰ ਬਹੁਤਾ ਸਪੱਸ਼ਟ ਕਰ ਸਕਾਂ। ਕਹਿੰਦਾ ਹੈ, ਸਤਿ ਭੀ ਪ੍ਰਗਟ ਹੋਇਆ, ਮਿਥ ਦੇ ਰਾਹੀਂ; ਪਰਮਾਤਮਾ ਦੀ ਝਲਕ ਮਿਲੀ, ਉਹ ਭੀ ਮਾਇਆ ਦੇ ਰਾਹੀਂ। ਨਿਰੰਕਾਰ ਦਾ ਬੋਧ ਭੀ ਮੈਨੂੰ ਸੰਸਾਰ ਦੇ ਰਾਹੀਂ ਹੋ ਹੋਇਆ ਅਤੇ ਜਿਵੇਂ ਹੀ ਬੋਧ ਹੋਇਆ, ਸੰਸਾਰ ਮਿਟ ਗਿਆਂ, ਪਰ ਬੋਧ ਮੈਨੂੰ ਸੰਸਾਰ ਦੇ ਰਾਹੀਂ ਹੀ ਹੋਇਐ। ਇਸ ਵਾਸਤੇ ਸਿਰਫ਼ ਇਹ ਨਹੀਂ ਕਹਿ ਸਕਦਾ ਕਿ ਸੰਸਾਰ ਨਹੀਂ ਹੈ, ਪਰ ਇਹ ਭੀ ਨਹੀਂ ਕਹਿ ਸਕਦਾ ਕਿ ਨਹੀਂ ਹੈ। ਜਿਵੇਂ ਹਰ ਮਨੁੱਖ ਪਹਿਲਾਂ ਬੱਚਾ ਸੀ, ਅੱਜ ਬਚਪਨਾ ਨਹੀਂ ਹੈ। ਇਕ ਜੁਆਨ ਕੋਲੋਂ ਪੁੱਛੀਏ, ਬਚਪਨਾ ਕਿਥੇ ਹੈ ? ਕਹਿੰਦੈ, ਨਹੀਂ ਹੈ, ਪਰ ਕਿਸੇ ਵਕਤ ਤਾਂ ਸੀ। ਕਿਸੇ ਬੁੱਢੇ ਕੋਲੋਂ ਪੁੱਛੀਏ, ਕਿਥੇ ਗਈ ਜੁਆਨੀ ? ਕਹਿੰਦੈ, ਨਹੀਂ ਹੈ, ਪਰ ਕਿਸੇ ਵਕਤ ਜ਼ਰੂਰ ਸੀ। ਜੁਆਨੀ ਹੈ ਸੀ, ਪਰ ਹੁਣ 'ਨਹੀਂ' ਹੋ ਗਈ, ਬਚਪਨਾ ਹੈ ਸੀ, 'ਨਹੀਂ' ਹੋ ਗਿਆ। ਇਵੇਂ ਹੀ ਬੁਢੇਪਾ ਭੀ ਹੈ, ਕੱਲ੍ਹ 'ਨਹੀਂ' ਹੋ ਜਾਏਗਾ। ਇਸ ਨੂੰ ਭੀ ਸੁਪਨਾ ਸਮਝੋ। ਜੋ ਹੈ ਸੀ, 'ਨਹੀਂ' ਹੋ ਗਿਆ, ਅਨਿਰਬਚਨੀ। ਇਹ ਫ਼ਕੀਰ ਕਹਿੰਦਾ ਹੈ ਕਿ ਰਾਤ ਨੂੰ ਸੁਪਨੇ ਵਿਚ ਖ਼ੁਦਾ ਆਇਆ ਤੇ ਮੈਨੂੰ ਕਹਿਣ ਲੱਗਾ, ਫ਼ਕੀਰ, ਕੁਝ ਮੰਗ ਅਤੇ ਅੱਗੋਂ ਫ਼ਕੀਰ ਕਹਿੰਦੈ ਕਿ ਮੇਰਾ ਸੁਪਨਾ

ਸੱਚ ਦੇ ਇਤਨਾ ਨੇੜੇ ਸੀ ਕਿ ਮੈਂ ਖ਼ੁਦਾ ਨੂੰ ਹੀ ਕਹਿ ਬੈਠਾ ਕਿ ਜਾਗਰਿਤ ਅਵਸਥਾ ਵਿਚ ਤਾਂ ਤੂੰ ਕਦੀ ਨਹੀਂ ਆਖਿਆ ਕਿ ਮੰਗ। ਸੁਪਨੇ ਵਿਚ ਹੀ ਕਹਿ ਰਿਹੈਂ। ਤਾਂ ਖ਼ੁਦਾ ਕਹਿੰਦਾ ਹੈ ਕਿ ਜਾਗਰਿਤ ਅਵਸਥਾ ਵਿਚ ਭੀ ਮੈਂ ਤੈਨੂੰ ਕਈ ਵਾਰ ਕਿਹੈ—ਕਦੀ ਮਾਂ ਬਣ ਕੇ ਆਖਿਐ, ਬੱਚੇ ਤੈਨੂੰ ਕੀ ਚਾਹੀਦੈ ? ਕਦੀ ਪਿਉ ਬਣ ਕੇ ਆਖਿਐ, ਐ ਪੁੱਤਰ! ਤੈਨੂੰ ਕੀ ਚਾਹੀਦੈ ? ਕਦੀ ਵੱਡਾ ਭਰਾ ਹੋ ਕੇ ਤੈਨੂੰ ਗਲਵਕੜੀ ਨਾਲ ਲਾਇਐ। ਕਦੀ ਭੈਣ ਬਣ ਕੇ ਤੇਰੇ ਹੰਝੂ ਪੂੰਜੇ ਹਨ। ਐਸਾ ਨਹੀਂ ਕਿ ਮੈਂ ਜਾਗਰਿਤ ਅਵਸਥਾ ਵਿਚ ਤੇਰੀਆਂ ਲੋੜਾਂ ਨਹੀਂ ਪੂਰੀਆਂ ਕੀਤੀਆਂ। ਤੂੰ ਜੋ ਮੰਗਦਾ ਰਿਹੈਂ, ਮੈਂ ਦਿੰਦਾ ਰਿਹਾਂ। ਹੁਣ ਭੀ ਮੰਗ! ਫਿਰ ਇਹ ਫ਼ਕੀਰ ਸੁਪਨੇ ਵਿਚ ਖ਼ੁਦਾ ਤੋਂ ਮੰਗਦੇ:

ਮਕੁਨ ਬੇਦਾਰ ਜ਼ੀਂ ਖ਼੍ਵਾਬ ਖ਼ੁਦਾਰਾ ਕਿ ਦਾਇਮ ਇਸ਼ਰਤੇ ਖ਼ੁਸ਼ ਬਖ਼ਿਆਲਤ।

ਐ ਮੇਰੇ ਖ਼ੁਦਾ! ਜੇ ਦੇਣਾ ਹੀ ਹੈ ਤਾਂ ਮੇਰੀ ਝੋਲੀ ਵਿਚ ਇਹ ਸੁਗਾਤ ਪਾ ਕਿ ਮੈਨੂੰ ਜਗਾਵੀਂ ਨਾ; ਇਹ ਸੁਪਨਾ ਚਲਦਾ ਹੀ ਰਹੇ, ਨਾ ਜਗਾਵੀਂ। ਨੀਂਦ ਚਲਦੀ ਹੀ ਰਹੇ, ਮੈਂ ਨਹੀਂ ਜਾਗਣਾ ਚਾਹੁੰਦਾ। ਇਤਨਾ ਸੁੰਦਰ ਸੁਪਨਾ! ਤੂੰ ਮੇਰੇ ਸੁਪਨਿਆਂ ਵਿਚ ਹੈਂ। ਤੇ ਜੇ ਤੂੰ ਮੇਰੀ ਜਾਗਰਿਤ ਅਵਸਥਾ ਵਿਚ ਨਹੀਂ ਹੈਂ, ਤਾਂ ਮੈਂ ਜਾਗਣ ਨੂੰ ਕੀ ਕਰਾਂ। ਤੂੰ ਮੇਰੀ ਸੁਪਨ ਅਵਸਥਾ ਵਿਚ ਹੈਂ ਤਾਂ ਮੈਂ ਜਾਗਣ ਨੂੰ ਕੀ ਕਰਾਂ। ਜੋ ਤੂੰ ਮੇਰੀ ਸੁਪਨ ਅਵਸਥਾ ਵਿਚ ਹੈਂ ਤਾਂ ਮੇਰੇ ਲਈ ਸੁਪਨਾ ਹੀ ਠੀਕ ਹੈ। ਇਹ ਫ਼ਕੀਰ ਕਹਿੰਦੈ, ਸਤਿ ਭੀ ਪ੍ਰਗਟ ਹੋਇਆ ਮੇਰੇ ਉੱਤੇ ਮਿਥ ਦੇ ਰਾਹੀਂ। ਇਸ ਵਾਸਤੇ ਮਿਥ ਨੂੰ ਮੈਂ ਕਿਸ ਤਰ੍ਹਾਂ ਕਹਿ ਦਿਆਂ ਕਿ ਨਹੀਂ ਹੈ। ਵੇਦਾਂਤੀਕੁਨ ਕਹਿੰਦੇ ਨੇ ਕਿ ਸੰਸਾਰ ਨਹੀਂ ਹੈ। ਪਰ ਮੈਂ ਸਿਰਫ਼ ਐਸਾ ਭੀ ਨਹੀਂ ਕਹਿ ਸਕਦਾ ਹੈ। ਬਸ ਇਥੋਂ ਭੁਲੇਖਾ ਪੈ ਜਾਂਦਾ ਹੈ ਕਿ ਨਹੀਂ ਹੈ। ਉਹ ਫ਼ਕੀਰ ਜਾਗ ਕੇ ਭੀ ਕਹਿੰਦਾ ਹੈ ਕਿ ਟੁੱਟ ਗਿਆ ਮੇਰਾ ਸੁਪਨਾ, ਗਈ ਮੇਰੀ ਨੀਂਦ। ਉਹ ਝਲਕ ਭੀ ਚਲੀ ਗਈ, ਅੱਖਾਂ ਭਰ ਆਈਆਂ ਹਨ। ਗੁਰੂ ਨਾਨਕ ਦੇਵ ਜੀ ਭੀ ਕਹਿੰਦੇ ਹਨ, ਮੇਰੀਆਂ ਅੱਖਾਂ ਭਰ ਆਈਆਂ ਹਨ, "ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ"। ਜਾਗਰਿਤ ਅਵਸਥਾ ਵਿਚ ਭੀ ਕੁਝ ਵਿਛੜਦੈ ਤਾਂ ਅੱਖਾਂ ਭਰ ਆਉਂਦੀਆਂ ਹਨ। ਸੁਪਨ ਅਵਸਥਾ ਵਿਚ ਭੀ ਕੁਝ ਵਿਛੜਦੈ ਤਾਂ ਅੱਖਾਂ ਭਰ ਆਉਂਦੀਆਂ ਹਨ। ਗੁਰਬਾਣੀ ਦਾ ਇਹ ਤੱਤ ਸਾਰ ਹੈ। ਜਿਸ ਦਿਨ ਮਨੁੱਖ ਨੂੰ ਇਹ ਸਾਰਾ ਸੰਸਾਰ ਮਿਥ ਪ੍ਰਤੀਤ ਹੋਣ ਲੱਗ ਪਏ ਤਾਂ ਉਸ 'ਤੇ ਸੱਚ ਪ੍ਰਗਟ ਹੋ ਜਾਂਦਾ ਹੈ। ਉਹ ਫਿਰ ਸੰਸਾਰ ਨਾਲ ਘ੍ਰਿਣਾ ਨਹੀਂ ਕਰਦਾ। ਕਿਉਂਕਿ ਉਸ ਦੀ ਛਾਇਆ ਹੈ। ਠੀਕ ਹੈ ਕਿ ਪਕੜ ਵਿਚ ਨਹੀਂ ਆਉਂਦੀ, ਪਰ ਪ੍ਰਭਾਵ ਤਾਂ ਪਾਉਂਦੀ ਹੈ। ਇਸ ਨੂੰ ਹੀ ਇਸਲਾਮ ਨੇ ਕਿਹੈ—ਹਊਆ। ਦਿਖਾਈ ਦਿੰਦੈ, ਪ੍ਰਭਾਵਤ ਕਰਦੈ, ਪਰ ਪਕੜ ਵਿਚ ਨਹੀਂ

ਆਉਂਦਾ। ਜੇਕਰ ਇਹ ਮਿਥ ਮਿਥ ਪ੍ਰਤੀਤ ਹੋ ਜਾਏ ਤਾਂ ਕਹਿੰਦੇ ਹਨ ਕਿ ਮਨੁੱਖ ਦਾ ਲੋਭ ਖ਼ਤਮ ਹੋ ਜਾਂਦਾ ਹੈ, ਮਨੁੱਖ ਦਾ ਅਹੰਕਾਰ ਖ਼ਤਮ ਹੋ ਜਾਂਦਾ ਹੈ:

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ *(ਜਪੁ ਜੀ, ਪੰਨਾ 1)*

ਫਿਰ ਵਾਸਨਾ ਭੀ ਖ਼ਤਮ ਹੋ ਜਾਂਦੀ ਹੈ। ਤੇ ਜਦੋਂ ਵਾਸਨਾ ਮਿਟ ਗਈ ਤਾਂ ਫਿਰ ਕਰੋਧ ਕਿਸ 'ਤੇ। ਫਿਰ ਗਹਿਰੀ ਮਮਤਾ ਦੀ ਪਕੜ ਭੀ ਮਿਟ ਜਾਂਦੀ ਹੈ। ਫਿਰ ਇਹ ਸਾਰਾ ਸੰਸਾਰ ਜੋ ਮਿਥ ਹੈ, ਸੱਚ ਦਾ, ਸਤਿ ਦਾ ਰੂਪ ਬਣ ਕੇ ਪ੍ਰਗਟ ਹੋ ਜਾਂਦਾ ਹੈ।

ਚਾਰ ਪਹਿਰ

ਸੰਸਾਰ ਵਿਚ ਦੋ ਕਥਾਵਾਂ ਹੀ ਮਹਾਨ ਹਨ—ਇਕ ਪਰਮਾਤਮਾ ਅਕਾਲ ਪੁਰਖ ਦੀ ਕਥਾ, ਇਕ ਮਨੁੱਖ ਦੀ ਕਥਾ। ਕਿਉਂਕਿ ਅਕਾਲ ਪੁਰਖ ਆਪਣੀ ਥਾਂ 'ਤੇ ਮਹਾਨ ਹੈ ਤਾਂ ਉਸ ਤਕ ਪਹੁੰਚਣ ਵਾਲਾ ਭੀ ਤੁੱਛ ਨਹੀਂ ਹੋ ਸਕਦਾ, ਉਹ ਭੀ ਆਪਣੀ ਥਾਂ 'ਤੇ ਮਹਾਨ ਹੈ। ਉਹਦੀ ਭੀ ਖ਼ਾਸ ਅਹਿਮੀਅਤ ਹੈ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਅੰਦਰ ਜਾਂ ਪਰਮਾਤਮਾ ਦੀ ਕਥਾ ਹੈ ਜਾਂ ਫਿਰ ਮਨੁੱਖ ਦੀ ਕਥਾ ਹੈ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਇਤਿਹਾਸਕ ਗ੍ਰੰਥ ਨਹੀਂ ਹੈ। ਉਹਦੇ ਵਿਚ ਕੋਈ ਇਤਿਹਾਸ ਨਹੀਂ ਚਲਦਾ। ਅਸੀਂ ਇਹ ਲੱਭਣਾ ਚਾਹੀਏ ਕਿ ਗੁਰੂ ਨਾਨਕ ਦਾ ਜਨਮ ਕਦੋਂ ਹੋਇਆ, ਕਿਥੇ ਹੋਇਆ, ਉਹਨਾਂ ਦੀ ਪਤਨੀ ਕੌਣ ਸੀ, ਉਹਨਾਂ ਦੇ ਬੱਚੇ ਕਿੰਨੇ ਸਨ, ਉਹਨਾਂ ਦੇ ਮਾਤਾ ਪਿਤਾ ਦਾ ਕੀ ਨਾਮ ਸੀ, ਇਸ ਤਰ੍ਹਾਂ ਦਾ ਇਤਿਹਾਸ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ। ਨਿਰੋਲ ਬ੍ਰਹਮ ਦੀ ਵੀਚਾਰ ਹੈ, ਬ੍ਰਹਮ ਦੀ ਕਥਾ ਹੈ, ਜਾਂ ਬ੍ਰਹਮ ਨੂੰ ਸਮਝਣ ਵਾਲੇ, ਬ੍ਰਹਮ ਤਕ ਪਹੁੰਚਣ ਵਾਲਿਆਂ ਦੀ ਕਥਾ ਹੈ; ਭਗਤਾਂ ਦੀ ਗੱਲ ਹੈ ਜਾਂ ਭਗਵਾਨ ਦੀ ਗੱਲ ਹੈ; ਸਿੱਖ ਦੀ ਗੱਲ ਹੈ ਜਾਂ ਗੁਰੂ ਦੀ ਗੱਲ ਹੈ; ਸੰਤ ਦੀ ਗੱਲ ਹੈ ਜਾਂ ਪਰਮਾਤਮਾ ਦੀ ਗੱਲ ਹੈ, ਹੋਰ ਕੋਈ ਗੱਲ ਨਹੀਂ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਕੋਸ਼ਿਸ਼ ਕੀਤੀ ਹੈ ਕਿ ਪਰਮਾਤਮਾ ਨੂੰ ਸਮਝਣ ਤੋਂ ਪਹਿਲੇ ਮਨੁੱਖ ਆਪਣੇ ਆਪ ਨੂੰ ਸਮਝੇ। ਪਰਮਾਤਮਾ ਦੀ ਮਹਾਨਤਾ ਨੂੰ ਸਮਝਣ ਤੋਂ ਪਹਿਲੇ ਇਹ ਆਪਣੀ ਮਹਾਨਤਾ ਨੂੰ ਸਮਝੇ। ਕਿਉਂਕਿ ਮਨੁੱਖ ਕਿਰਤ ਹੈ ਤੇ ਇਸ ਕਿਰਤ ਦੇ ਵਿਚ ਕੁਝ ਮਹਾਨਤਾ ਦੀ ਝਲਕ ਦਿਸੀ, ਤਾਂ ਕੁਦਰਤੀ ਗੱਲ ਹੈ ਕਿ ਇਸ ਨੇ ਕਰਤੇ ਦੀ ਤਾਰੀਫ਼ ਕਰਨੀ ਹੈ, ਕਰਤੇ ਦੀ ਉਪਮਾ ਕਰਨੀ ਹੈ। ਇਸ ਵਾਸਤੇ ਮੇਰੇ ਪਾਤਸ਼ਾਹ ਨੇ ਮਨੁੱਖ ਦੀ ਜੀਵਨ-ਕਥਾ ਬੜੇ ਵਿਸਥਾਰ ਨਾਲ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਅੰਦਰ ਲਿਖੀ ਹੈ ਅਤੇ ਇਹ ਸਿਰੀ ਰਾਗੁ ਦੇ ਅੰਦਰ ਦਰਜ ਹੈ। ਇਸ ਤਰ੍ਹਾਂ ਦੀ ਕਥਾ ਗੁਰੂ ਨਾਨਕ ਦੇਵ ਜੀ ਮਹਾਰਾਜ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ "ਪਹਰਿਆ ਕੈ ਘਰਿ ਗਾਵਣਾ" ਨਾਮ ਦੀ ਬਾਣੀ ਵਿਚ ਬਾਕਾਇਦਾ ਅੰਕਿਤ ਕੀਤੀ ਹੈ। ਰਾਤ ਦੇ ਚਾਰ ਪਹਿਰ ਹੁੰਦੇ ਹਨ। ਜ਼ਿੰਦਗੀ ਨੂੰ ਭੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਚਾਰ ਹਿੱਸਿਆਂ

ਵਿਚ ਤਕਸੀਮ ਕੀਤਾ ਹੈ। ਸੂਰਜ ਦੇ ਅਸਤ ਹੋਣ ਦੇ ਨਾਲ ਰਾਤ ਦੀ ਸ਼ੁਰੂਆਤ ਹੈ ਅਤੇ ਸੂਰਜ ਦੇ ਉਦੈ ਹੁੰਦਿਆਂ ਰਾਤ ਦਾ ਅੰਤ ਹੋ ਜਾਂਦਾ ਹੈ। ਜੀਵਨ ਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਰਾਤ ਨਾਲ ਤਸ਼ਬੀਹ ਦਿੱਤੀ ਹੈ। ਸ਼ੇਖ਼ ਸਾਅਦੀ ਸਾਹਿਬ ਤਾਂ ਇਕ ਥਾਂ 'ਤੇ ਕਹਿੰਦੇ ਹਨ ਕਿ ਅਗਿਆਨ ਭਰੀ ਜ਼ਿੰਦਗੀ ਐਸੀ ਰਾਤ ਹੈ ਜਿਸ ਵਿਚ ਤਾਰੇ ਭੀ ਨਹੀਂ ਹਨ। ਚੰਦਰਮਾ ਦਾ ਹੋਣਾ ਤਾਂ ਦਰ ਕਿਨਾਰ, ਤਾਰੇ ਭੀ ਨਹੀਂ ਹਨ। ਜੀਵਨ ਨੂੰ ਰਾਤ ਨਾਲ ਤਸ਼ਬੀਹ ਦਿੱਤੀ ਹੈ, ਇਸ ਵਾਸਤੇ ਸਾਹਿਬ ਕਹਿੰਦੇ ਹਨ:

ਸਗਲੀ ਰੈਣਿ ਗੁਦਰੀ ਅੰਧਿਆਰੀ ਸੇਵਿ ਸਤਿਗੁਰੁ ਚਾਨਣੁ ਹੋਇ॥

(ਸਿਰੀਰਾਗੁ ਮ: ੧, ਪੰਨਾ 78)

ਤੂੰ ਸਤਿਗੁਰ ਦੀ ਸੇਵਾ ਕਰ, ਸਿਮਰਨ ਕਰ, ਤਾਂ ਕਿ ਜੀਵਨ ਰੂਪੀ ਰਾਤ ਵਿਚ ਪ੍ਰਕਾਸ਼ ਪੈਦਾ ਹੋਵੇ, ਚਾਨਣ ਪੈਦਾ ਹੋਵੇ। ਜੀਵਨ ਦੀ ਇਹ ਰਾਤ ਕਿਥੋਂ ਸ਼ੁਰੂ ਹੋਈ ਅਤੇ ਇਸ ਰਾਤ ਦਾ ਕਿਵੇਂ ਅੰਤ ਹੁੰਦੈ, ਗੁਰੂ ਨਾਨਕ ਜੀ ਮਹਾਰਾਜ ਇਸ ਬਾਣੀ ਵਿਚ ਇਸ ਢੰਗ ਨਾਲ ਫ਼ੁਰਮਾਨ ਕਰਦੇ ਹਨ:

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥

(ਸਿਰੀਰਾਗੁ ਮਹਲਾ ੧, ਪੰਨਾ 74)

ਵਣਜਾਰਾ ਮਿੱਤਰ ਇਸ ਵਾਸਤੇ ਕਿਹੈ ਕਿ ਮਨੁੱਖ ਸੁਆਸਾਂ ਦੀ ਪੂੰਜੀ ਲੈ ਕੇ ਆਇਐ ਅਤੇ ਇਥੇ ਕੁਝ ਖੱਟਣਾ ਹੈ, ਕੁਝ ਵਿਹਾਜਣਾ ਹੈ। ਵਾਸਤਵਿਕ ਧਨ, ਜੀਵਨ ਧਨ ਹੈ, ਵਾਸਤਵਿਕ ਪੂੰਜੀ ਸੁਆਸਾਂ ਦੀ ਪੂੰਜੀ ਹੈ। ਜੇਕਰ ਸੁਆਸਾਂ ਦੀ ਪੂੰਜੀ ਹੀ ਨਹੀਂ ਤਾਂ ਫਿਰ ਮਨੁੱਖ ਕੁਝ ਭੀ ਨਹੀਂ ਕਰ ਸਕਦਾ। ਇਹੀ ਪਰਮ ਧਨ ਹੈ। ਭਗਤ ਕਬੀਰ ਕਹਿੰਦੇ ਹਨ:

ਮੋਹਿ ਐਸੇ ਬਨਜ ਸਿਉ ਨਹੀਨ ਕਾਜੁ॥
ਜਿਹ ਘਟੈ ਮੂਲੁ ਨਿਤ ਬਢੈ ਬਿਆਜੁ॥

(ਬਸੰਤ ਕਬੀਰ ਜੀ, ਪੰਨਾ 1195)

ਮੈਂ ਐਸਾ ਕੋਈ ਵਿਉਪਾਰ ਕਰ ਕੇ ਰਾਜ਼ੀ ਨਹੀਂ, ਜਿਸ ਦੇ ਨਾਲ ਸੁਆਸਾਂ ਦੀ ਪੂੰਜੀ ਘਟਦੀ ਹੋਵੇ ਤਾ ਪਾਪਾਂ ਦਾ ਵਿਆਜ ਵਧਦਾ ਹੋਵੇ। ਆਪ ਕਹਿੰਦੇ ਹਨ, "ਸਾਬਤੁ ਪੂੰਜੀ ਸਤਿਗੁਰ ਸੰਗਿ"। ਹੇ ਪਰਿਪੂਰਨ ਪਰਮਾਤਮਾ! ਮੈਂ ਜਿਤਨੀ ਪੂੰਜੀ ਤੇਰੇ ਕੋਲੋਂ ਲੈ ਕੇ ਗਿਆ ਸੀ, ਸਾਬਤ ਲੈ ਕੇ ਆਇਆ ਹਾਂ। ਗੁਣ ਭੀ ਨਾਲੇ ਵਿਹਾਜ ਕੇ ਆਇਆਂ। ਹਰ ਬਸ਼ਰ ਵਣਜਾਰਾ ਹੈ, ਹਰ ਮਨੁੱਖ ਵਪਾਰੀ ਹੈ, ਸੰਸਾਰ ਵਿਚ ਆਇਐ ਕੁਝ ਖੱਟਣ ਵਾਸਤੇ:

ਕਿਆ ਤੈ ਖਟਿਆ ਕਹਾ ਗਵਾਇਆ॥
ਚਲਹੁ ਸਿਤਾਬ ਦੀਬਾਨਿ ਬੁਲਾਇਆ॥ *(ਸੂਹੀ ਕਬੀਰ ਜੀਉ, ਪੰਨਾ 792)*

ਆਖ਼ਰ ਪਰਮਾਤਮਾ ਇਹੀ ਪੁੱਛ ਕਰਦੈ ਕਿ ਤੂੰ ਕੀ ਵਿਹਾਜਿਐ ? ਤੂੰ ਕੀ ਕੀਤੈ ? ਤੈਨੂੰ ਸੁਆਸਾਂ ਦੀ ਪੂੰਜੀ ਦਿੱਤੀ ਸੀ, ਤੂੰ ਉਹ ਕਿਥੇ ਕਿਥੇ ਖ਼ਰਚ ਕੀਤੀ ਹੈ ? ਉਸ ਦੇ ਨਾਲ ਤੂੰ ਕੀ ਖੱਟਿਐ ? ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ, "ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਭਇਆ ਗਰਭਾਸਿ"। ਐ ਵਣਜਾਰਿਆ ਮਿੱਤ੍ਰਾ! ਜ਼ਿੰਦਗੀ ਦੀ ਰਾਤ ਦਾ ਪਹਿਲਾ ਪਹਿਰ ਸ਼ੁਰੂ ਹੋਇਆ ਮਾਤਾ ਦੇ ਗਰਭ ਤੋਂ। ਸਾਡੇ ਦੇਸ ਦੇ ਤਮਾਮ ਰਿਸ਼ੀ ਮੁਨੀਆਂ ਨੇ ਗਰਭਕਾਲ ਦੇ ਬੱਚੇ ਨੂੰ ਬ੍ਰਹਮ ਗਿਆਨੀ ਮੰਨਿਆ ਹੈ। ਉਸ ਦਾ ਮਨ ਟਿਕਿਆ ਹੋਇਐ। ਕਿਉਂਕਿ ਮਨ ਨੂੰ ਖਿੰਡਾਉਣ ਦੇ ਕੋਈ ਸਾਧਨ ਭੀ ਉਪਲਬਧ ਨਹੀਂ ਹਨ। ਨਾ ਬੱਚਾ ਵੇਖ ਸਕਦੈ, ਨਾ ਸੁਣ ਸਕਦੈ, ਨਾ ਚੱਖ ਸਕਦੈ, ਨਾ ਸਪਰਸ਼ ਕਰ ਸਕਦੈ, ਲਿਹਾਜ਼ਾ ਮਨ ਦੀ ਇਕਾਗਰਤਾ ਬਣੀ ਹੋਈ ਹੈ। ਭਜਨ ਕਰਕੇ, ਤਪ ਕਰਕੇ, ਆਖ਼ਰ ਮਨੁੱਖ ਕੀ ਲੱਭਦੈ, ਇਕਾਗਰਤਾ ਲੱਭਦੈ ਅਤੇ ਸਾਰਾ ਰਸ ਭੀ ਇਕਾਗਰਤਾ ਵਿਚ ਹੀ ਹੈ। ਸਾਰਾ ਅਨੰਦ ਭੀ ਇਕਾਗਰਤਾ ਵਿਚ ਹੀ ਹੈ। ਕੀਰਤਨ ਵਿਚ ਉਦੋਂ ਹੀ ਆਨੰਦ ਬਣਦੈ ਜਦ ਮਨ ਇਕਾਗਰ ਹੋ ਜਾਏ। ਨਿਤਨੇਮ ਵਿਚ ਉਦੋਂ ਹੀ ਰਸ ਬਣਦੈ ਜਦ ਮਨ ਟਿਕ ਜਾਏ। ਭੋਜਨ ਦੀ ਥਾਲੀ ਅੱਗੇ ਹੋਵੇ ਅਤੇ ਮਨੁੱਖ ਨੇ ਉਸੇ ਵਕਤ ਟਰੇਨ 'ਤੇ ਜਾਣਾ ਹੋਵੇ, ਸਮਾਂ ਬਹੁਤ ਥੋੜ੍ਹਾ ਹੋਵੇ, ਮਨ ਉਸ ਦਾ ਟਰੇਨ ਵਿਚ ਹੋਵੇ ਤਾਂ ਭੋਜਨ ਵਿਚ ਸੁਆਦ ਨਹੀਂ ਆਵੇਗਾ, ਰਸ ਨਹੀਂ ਆਵੇਗਾ। ਇਕਾਗਰਤਾ ਵਿਚ ਹੀ ਰਸ ਹੈ। ਰਸਤੇ ਵਿਚ ਨ੍ਰਿਤ ਹੋ ਰਿਹੈ, ਸੁੰਦਰ ਗਾਇਨ ਵਾਦਨ ਹੋ ਰਿਹੈ। ਇਕ ਮਨੁੱਖ ਵੇਖ ਰਿਹੈ, ਰਸ ਵਿਚ ਲੀਨ ਹੈ। ਦਰਅਸਲ ਇਹ ਰਸ ਗਾਣੇ ਦਾ ਨਹੀਂ, ਨ੍ਰਿਤ ਦਾ ਨਹੀਂ, ਮਨ ਦੀ ਇਕਾਗਰਤਾ ਦਾ ਹੈ। ਮਨ ਟਿਕ ਗਿਐ, ਮਨ ਉਸ ਦਾ ਇਕਾਗਰ ਹੋ ਗਿਐ। ਆ ਕੇ ਦੂਜੇ ਮਿੱਤਰ ਨੇ ਕਿਹੈ—ਬਈ ਘਰ ਨੂੰ ਅੱਗ ਲੱਗ ਗਈ ਹੈ, ਚੱਲ। ਉਹ ਇਕਦਮ ਭੱਜ ਪੈਂਦਾ ਹੈ। ਦੂਸਰਾ ਮਿੱਤਰ ਉਸ ਦੀ ਬਾਂਹ ਪਕੜਦਾ ਹੈ ਕਿ ਇਤਨਾ ਸੁੰਦਰ ਨ੍ਰਿਤ ਹੋ ਰਿਹੈ, ਗਾਣਾ ਹੋ ਰਿਹੈ, ਛੱਡ ਕੇ ਕਿਥੇ ਜਾ ਰਹੇ ਹੋ ? ਕਹਿੰਦਾ ਹੈ, ਮੇਰੇ ਘਰ ਨੂੰ ਅੱਗ ਲੱਗ ਗਈ ਹੈ ਅਤੇ ਤੁਹਾਨੂੰ ਨ੍ਰਿਤ ਦੀ ਪਈ ਹੋਈ ਹੈ। ਨ੍ਰਿਤ ਦਾ ਰਸ ਮਾਨਣ ਵਾਲਾ ਜੋ ਮਨ ਸੀ, ਉਹ ਘਰ ਚਲਾ ਗਿਐ। ਹੁਣ ਨ੍ਰਿਤ ਵਿਚ ਕੋਈ ਰਸ ਨਹੀਂ ਹੈ। ਹੁਣ ਸੰਗੀਤ ਵਿਚ ਕੋਈ ਰਸ ਨਹੀਂ ਹੈ। ਸੋ ਮਨ ਦੀ ਇਕਾਗਰਤਾ ਬੰਦਾ ਜਪ ਤਪ ਕਰ ਕੇ ਲੋੜਦੈ ਅਤੇ ਇਹ ਇਕਾਗਰਤਾ ਬੱਚੇ ਨੂੰ ਕੁਦਰਤੀ ਮਿਲੀ ਹੋਈ ਹੈ, ਜੋ ਮਾਤਾ ਦੇ ਗਰਭ ਵਿਚ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਫ਼ੁਰਮਾਨ ਕਰਦੇ ਹਨ ਕਿ ਤੂੰ ਉਥੇ ਕੀ ਕਰਦਾ ਸੀ :

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥
ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥

(ਸਿਰੀਰਾਗੁ ਮਹਲਾ ੧, ਪੰਨਾ 74)

ਤੂੰ ਖਸਮ ਦੇ ਨਾਲ ਜੁੜਿਆ ਹੋਇਆ ਸੀ, ਤੂੰ ਅੱਠੇ ਪਹਿਰ ਪ੍ਰਾਰਥਨਾ ਵਿਚ ਸੀ, ਤੂੰ ਅੱਠੇ ਪਹਿਰ ਜੋਗੀ ਦੀ ਤਰ੍ਹਾਂ ਪਰਮਾਤਮਾ ਨਾਲ ਜੁੜਿਆ ਹੋਇਆ ਸੀ :

ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ ॥

(ਸਿਰੀਰਾਗੁ ਮਹਲਾ ੧, ਪੰਨਾ 74)

ਭਾਵੇਂ ਇਹ ਮਾਤਾ ਦੇ ਗਰਭ ਵਿਚ ਉਲਟਾ ਲਟਕਿਆ ਹੋਇਐ, ਪਰ ਧਿਆਨ ਇਸ ਦਾ ਸਿੱਧਾ ਸੀ, ਸੁਰਤ ਇਸ ਦੀ ਸਿੱਧੀ ਸੀ, "ਉਰਧ ਧਿਆਨਿ ਲਿਵ ਲਾਗਾ" :

ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ ॥
ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ ॥

(ਸਿਰੀਰਾਗੁ ਮ: ੧, ਪੰਨੇ 74-75)

ਰਾਤ ਦੇ ਪਹਿਲੇ ਪਹਿਰ ਵਿਚ ਮਨੁੱਖ ਨੂੰ ਨੀਂਦ ਨਹੀਂ ਆਉਂਦੀ। ਨੀਂਦ ਦੀ ਸ਼ੁਰੂਆਤ ਦੂਜੇ ਪਹਿਰ ਤੋਂ ਹੁੰਦੀ ਹੈ। ਤੀਜੇ ਪਹਿਰ ਵਿਚ ਨੀਂਦ ਬਹੁਤ ਗੂੜ੍ਹੀ ਹੋ ਜਾਂਦੀ ਹੈ, ਬਹੁਤ ਗੂੜ੍ਹੀ। ਅਕਸਰ ਚੋਰ ਚਕਾਰ ਡਾਕੂ ਜਦ ਕੋਈ ਡਾਕਾ ਜਾਂ ਸੰਨ੍ਹ ਮਾਰਦੇ ਹਨ, ਤਾਂ ਤੀਸਰੇ ਪਹਿਰ ਵਿਚ ਮਾਰਦੇ ਹਨ। ਬਹੁਤ ਗੂੜ੍ਹੀ ਨਿੰਦਰਾ ਉਸ ਵਕਤ ਹੋ ਜਾਂਦੀ ਹੈ। ਸੋ ਪਹਿਲੇ ਪਹਿਰ ਵਿਚ ਮਨੁੱਖ ਦੀ ਚੇਤਨਾ ਪੂਰਨ ਰੂਪ ਵਿਚ ਜਾਗੀ ਹੋਈ ਸੀ। ਇਕਾਗਰਤਾ ਮਨ ਦੀ ਬਣੀ ਹੋਈ ਸੀ। ਮਨ ਵਿਚ ਕੋਈ ਖਿੰਡਾਉ ਨਹੀਂ ਸੀ। ਜੀਵਨ ਰੂਪੀ ਰਾਤ ਦਾ ਪਹਿਲਾ ਪਹਿਰ ਮਾਤਾ ਦੇ ਗਰਭ ਵਿਚ ਬਤੀਤ ਹੋਇਆ। ਜ਼ਿੰਦਗੀ ਦੀ ਰਾਤ ਦਾ ਦੂਜਾ ਪਹਿਰ ਗੁਰੂ ਨਾਨਕ ਦੇਵ ਜੀ ਮਹਾਰਾਜ ਇਹਨਾਂ ਸ਼ਬਦਾਂ ਵਿਚ ਵਰਨਣ ਕਰਦੇ ਹਨ :

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ॥
ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ ॥
ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ ॥
ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ ॥
ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ ॥
ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ ॥

(ਸਿਰੀਰਾਗੁ ਮ: ੧, ਪੰਨਾ 75)

ਜਨਮ ਹੋਇਆ ਤਾਂ ਜੰਮਦਿਆਂ ਸਾਰ ਧਿਆਨ ਟੁੱਟ ਗਿਆ, ਇਕਾਗਰਤਾ ਭੰਗ ਹੋਈ, ਸਰੀਰ ਨੇ ਕੁਝ ਸਪਰਸ਼ ਕੀਤਾ, ਅੱਖਾਂ ਨੇ ਕੁਝ ਵੇਖਿਆ, ਕੰਨਾਂ ਵਿਚ ਕੁਝ ਆਵਾਜ਼ਾਂ ਦੀਆਂ ਧੁਨਾਂ ਪਈਆਂ, ਕੁਝ ਸੰਸਾਰ ਦੀਆਂ ਲਹਿਰਾਂ ਟਕਰਾਈਆਂ ਤਾਂ ਇਕਾਗਰਤਾ ਭੰਗ ਹੋ ਗਈ ਅਤੇ ਇਹ ਧਾਹਾਂ ਮਾਰ ਕੇ ਰੋ ਉਠਿਆ। ਪੰਛੀਆਂ ਦੇ ਬੱਚੇ ਜਨਮ ਲੈਂਦਿਆਂ ਹੀ ਚਹਿਚਹਾਂਦੇ ਹਨ। ਪਸ਼ੂਆਂ

ਦੇ ਬੱਚੇ ਸੰਸਾਰ ਵਿਚ ਆਉਂਦੇ ਹਨ ਖ਼ਾਮੋਸ਼ੀ ਦੇ ਨਾਲ, ਇੱਕੋ ਮਨੁੱਖ ਦਾ ਹੀ ਬੱਚਾ ਹੈ ਜੋ ਜਗਤ ਦੇ ਉੱਤੇ ਰੋਂਦਿਆਂ ਹੋਇਆਂ ਹੀ ਆਉਂਦਾ ਹੈ। ਇਸ ਸੰਬੰਧ ਵਿਚ ਭਗਤਾਂ ਨੇ ਮੁਤਾਲਿਆ ਕੀਤਾ ਹੈ। ਅੰਡਿਆਂ ਵਿੱਚੋਂ ਜਿਉਂ ਹੀ ਪੰਛੀਆਂ ਦੇ ਬੱਚੇ ਨਿਕਲਦੇ ਹਨ ਤਾਂ ਗੀਤ ਗਾਉਂਦਿਆਂ ਹੋਇਆਂ ਹੀ ਸੰਸਾਰ ਵਿਚ ਆਉਂਦੇ ਹਨ, ਚਹਿ-ਚਹਾਂਦੇ ਹੋਏ ਆਉਂਦੇ ਹਨ। ਪੂਰਨ ਖ਼ਾਮੋਸ਼ੀ ਦੇ ਨਾਲ ਪਸ਼ੂਆਂ ਦੇ ਬੱਚੇ ਜਗਤ ਵਿਚ ਜਨਮ ਲੈਂਦੇ ਹਨ। ਇਕ ਮਨੁੱਖੀ ਬੱਚਾ ਹੈ ਜੋ ਸਭ ਤੋਂ ਅਕਲਮੰਦ ਕਹਿਲਾਉਂਦੈ, ਰੋਂਦਾ ਹੋਇਆ ਹੀ ਸੰਸਾਰ ਵਿਚ ਆਉਂਦੈ, ਧਾਹਾਂ ਮਾਰ ਕੇ ਰੋਂਦੈ, ਚੀਖ਼ ਨਿਕਲ ਜਾਂਦੀ ਹੈ। ਇਸ ਸੰਬੰਧ ਵਿਚ ਪ੍ਰਕਿਰਤਕ ਢੰਗ ਨਾਲ ਅਤੇ ਅਧਿਆਤਮਿਕ ਢੰਗ ਨਾਲ ਆਪਣੀ ਆਪਣੀ ਖੋਜ ਹੋਈ ਹੈ। ਵੈਦ ਤੇ ਹਕੀਮ ਇਕ ਦਫ਼ਾ ਗੁਰੂ-ਦੁਆਰ ਦੇ ਮਹਾਨ ਦਾਰਸ਼ਨਿਕ ਸੰਤ ਭਾਈ ਗੁਰਦਾਸ ਜੀ ਪਾਸ ਇਕੱਠੇ ਹੋਏ। ਕਹਿਣ ਲੱਗੇ, ਅਸੀਂ ਵੇਖ ਕੇ ਹੈਰਾਨ ਹਾਂ ਕਿ ਜੰਮਦੇ ਹੋਏ ਬੱਚੇ ਨੂੰ ਕੋਈ ਭੁੱਖ ਨਹੀਂ, ਕੋਈ ਰੋਗ ਭੀ ਨਹੀਂ, ਦੁੱਖ ਵੀ ਨਹੀਂ ਤਾਂ ਫਿਰ ਇਸ ਦੇ ਰੋਵਣ ਦਾ ਕਾਰਨ ਕੀ ਹੈ ? ਇਹ ਰੋਂਦਾ ਕਿਉਂ ਹੈ ? ਇਤਨੀ ਗੱਲ ਸਪੱਸ਼ਟ ਹੈ ਕਿ ਰੋਣਾ ਦੁੱਖ ਦਾ ਪ੍ਰਗਟਾਵਾ ਹੈ। ਇਹ ਗੱਲ ਵੱਖਰੀ ਹੈ ਕਿ ਜਗਤ ਵਿਚ ਐਸਾ ਆਖਿਆ ਜਾਂਦਾ ਹੈ ਕਿ ਹੰਝੂ ਕੁਝ ਖ਼ੁਸ਼ੀ ਦੇ ਭੀ ਹੁੰਦੇ ਹਨ, ਕਤੱਈ ਨਹੀਂ ਹੁੰਦੇ। ਹੰਝੂਆਂ ਦਾ ਖ਼ੁਸ਼ੀ ਨਾਲ ਕੋਈ ਸੰਬੰਧ ਨਹੀਂ। ਹਾਂ, ਐਸਾ ਹੁੰਦੈ ਕਿ ਜਦ ਖ਼ੁਸ਼ੀ ਆਵੇ ਤਾਂ ਅੰਦਰ ਪਿਆ ਹੋਇਆ ਜਿਹੜਾ ਗ਼ਮ ਹੈ, ਉਸ ਨੂੰ ਧੱਕਾ ਮਾਰਦੀ ਹੈ ਖ਼ੁਸ਼ੀ, ਗ਼ਮ ਜਾਂਦੈ ਹੰਝੂਆਂ ਤੇ ਅਸਵਾਰ ਹੋ ਕੇ, ਗ਼ਮ ਆਉਂਦੈ ਹੰਝੂਆਂ 'ਤੇ ਅਸਵਾਰ ਹੋ ਕੇ। ਖ਼ੁਸ਼ੀ ਦੇ ਕੋਈ ਹੰਝੂ ਨਹੀਂ ਹੁੰਦੇ। ਆਂਸੂਆਂ ਦਾ ਖ਼ੁਸ਼ੀ ਨਾਲ ਕੋਈ ਸੰਬੰਧ ਨਹੀਂ ਹੈ। ਸੋ ਰੋਣਾ ਲਾਜ਼ਮੀ ਕਿਸੇ ਦੁੱਖ ਦੀ ਬੁਨਿਆਦ 'ਤੇ ਖੜਾ ਹੈ। ਭਾਈ ਸਾਹਿਬ ਕੋਲੋਂ ਪੁੱਛਿਆ ਗਿਆ ਕਿ ਜੰਮਦੇ ਹੋਏ ਬੱਚੇ ਦੇ ਸਰੀਰ ਦਾ ਅਸੀਂ ਅਧਿਐਨ ਕੀਤੈ, ਨਾ ਭੁੱਖ ਹੈ, ਨਾ ਰੋਗ ਹੈ, ਫਿਰ ਇਹ ਕਿਉਂ ਰੋਂਦਾ ਹੈ ? ਤਾਂ ਭਾਈ ਸਾਹਿਬ ਦੱਸਦੇ ਹਨ :

ਰੋਵੈ ਰਤਨੁ ਗਵਾਇਕੈ ਮਾਇਆ ਮੋਹੁ ਅਨ੍ਹੇਰੁ ਗੁਬਾਰਾ॥
ਓਹੁ ਰੋਵੈ ਦੁਖੁ ਆਪਣਾ ਹਸਿ ਹਸਿ ਗਾਵੈ ਸਭ ਪਰਵਾਰਾ॥

(ਵਾਰ 37, ਪਉੜੀ 7)

ਇਹ ਇਕ ਰਤਨ ਗੁਆ ਚੁਕਿਐ, ਜਿਸ ਕਾਰਨ ਰੋ ਰਿਹੈ। ਇਸ ਦੇ ਕੋਲ ਇਕ ਰਤਨ ਸੀ। ਕੀ ? ਮਨ ਦੀ ਇਕਾਗਰਤਾ, ਮਨ ਦਾ ਟਿਕਾਉ, ਟਿਕੀ ਹੋਈ ਸੁਰਤ, ਉਹ ਰਤਨ ਇਹ ਗੁਆ ਬੈਠਾ ਹੈ, ਇਕਾਗਰਤਾ ਇਸ ਦੀ ਭੰਗ ਹੋ ਗਈ ਹੈ। ਜਨਮ ਲੈਂਦਿਆਂ ਹੀ ਸੰਸਾਰ ਦੀਆਂ ਲਹਿਰਾਂ ਨੇ ਕੁਝ ਸਪਰਸ਼ ਕੀਤਾ ਹੈ, ਕੁਝ ਅੱਖਾਂ ਨੇ ਵੇਖ ਲਿਆ ਹੈ, ਕੁਝ ਕੰਨਾਂ ਨੇ ਸੁਣ ਲਿਐ, ਇਸ ਵਾਸਤੇ ਧਿਆਨ ਭੰਗ ਹੋ ਗਿਐ, ਇਕਾਗਰਤਾ ਟੁੱਟ ਗਈ, ਇਹ ਚੀਖ਼ ਕੇ ਰੋ ਉਠਿਐ :

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥
(ਰਾਮਕਲੀ ਮ: ੩, ਅਨੰਦੁ, ਪੰਨਾ 921)

ਜੰਮਦਿਆਂ ਸਾਰ ਲਿਵ ਟੁੱਟ ਗਈ, ਸੁਰਤ ਟੁੱਟ ਗਈ ਅਤੇ ਸੰਸਾਰ ਵਿਚ ਮਨ ਖਿੰਡ ਗਿਆ, ਧਾਹਾਂ ਮਾਰ ਕੇ ਰੋ ਉਠਿਆ ਕਿਉਂਕਿ ਇਕਾਗਰਤਾ ਦਾ ਸੁੱਖ ਇਹ ਮਾਣ ਚੁੱਕਿਆ ਸੀ। ਸਾਰੀ ਜ਼ਿੰਦਗੀ ਮਨੁੱਖ ਇਕਾਗਰਤਾ ਹੀ ਲੱਭਦੈ। ਜਪ ਕਰ ਕੇ, ਤਪ ਕਰ ਕੇ, ਬੰਦਗੀ ਕਰ ਕੇ ਅਤੇ ਇਕਾਗਰਤਾ ਦੀ ਇਹ ਜਿਹੜੀ ਤਲਾਸ਼ ਹੈ, ਇਸ ਤੋਂ ਇਕ ਗੱਲ ਸਪੱਸ਼ਟ ਹੈ ਕਿ ਮਨੁੱਖ ਦੀ ਚੇਤਨਾ ਦੇ ਅੰਦਰ ਇਕਾਗਰਤਾ ਦਾ ਕੋਈ ਰਸ ਮੌਜੂਦ ਹੈ, ਉਸ ਦਾ ਅਨੁਭਵ ਮੌਜੂਦ ਹੈ। ਜਦ ਸੰਸਾਰ ਵਿਚ ਕੋਈ ਧਾਰਮਿਕ ਮੰਦਰ ਨਹੀਂ ਸੀ, ਕੋਈ ਧਾਰਮਿਕ ਉਪਦੇਸ਼ਕ ਨਹੀਂ ਸੀ, ਕੋਈ ਧਾਰਮਿਕ ਗ੍ਰੰਥ ਨਹੀਂ ਸੀ ਤੇ ਸਭ ਤੋਂ ਪਹਿਲੇ ਜਿਸ ਮਨੁੱਖ ਦੇ ਅੰਦਰ ਪ੍ਰਭੂ ਮਿਲਣ ਦੀ ਪਿਆਸ ਪੈਦਾ ਹੋਈ ਹੋਵੇਗੀ, ਉਹ ਕਿਸ ਤਰ੍ਹਾਂ ਹੋਈ ਹੋਵੇਗੀ। ਦਰਅਸਲ ਇਕਾਗਰਤਾ ਦਾ ਰਸ, ਉਸ ਦਾ ਅਨੁਭਵ ਜਿਹੜਾ ਮਨੁੱਖ ਦੇ ਅੰਦਰ ਹੈ, ਉਸੇ ਹੀ ਅਨੁਭਵ ਤੋਂ ਪ੍ਰੇਰਨਾ ਲੈ ਕੇ ਮਨੁੱਖ ਨੇ ਜਪ ਤਪ ਆਰੰਭ ਕੀਤਾ ਹੋਣੈ। ਸੋ ਇਕਾਗਰਤਾ ਦਾ ਬੋਧ ਮਨੁੱਖ ਦੀ ਚੇਤਨਾ ਦੇ ਅੰਦਰ ਪਿਐ, ਕਿਉਂਕਿ ਇਕਾਗਰਤਾ ਮਾਤਾ ਦੇ ਗਰਭ ਵਿਚ ਇਸ ਦੇ ਕੋਲ ਸੀ। ਉਸ ਦਾ ਇਹ ਰਸ ਮਾਣ ਚੁਕਿਐ। ਭਾਈ ਸਾਹਿਬ ਕਹਿੰਦੇ ਹਨ, ਜਨਮ ਲੈਂਦਿਆਂ ਹੀ ਲਿਵ ਟੁੱਟ ਗਈ, ਇਕਾਗਰਤਾ ਭੰਗ ਹੋ ਗਈ, "ਰੋਵੈ ਰਤਨੁ ਗਵਾਇ ਕੈ ਮਾਇਆ ਮੋਹੁ ਅਨ੍ਹੇਰੁ ਗੁਬਾਰਾ॥ ਓਹੁ ਰੋਵੈ ਦੁਖੁ ਆਪਣਾ ਹਸਿ ਹਸਿ ਗਾਵੈ ਸਭ ਪਰਵਾਰਾ"। ਉਹ ਬੱਚਾ ਆਪਣਾ ਦੁੱਖ ਰੋ ਰਿਹੈ ਅਤੇ ਪਰਿਵਾਰ ਵਿਚ ਵਧਾਈਆਂ ਚਲਦੀਆਂ ਹਨ, ਲੱਡੂ ਵੰਡੇ ਜਾ ਰਹੇ ਹਨ, ਮੁੰਡੇ ਦਾ ਜਨਮ ਹੋਇਐ। ਪਰ ਭਾਈ ਸਾਹਿਬ ਇੰਝ ਕਹਿੰਦੇ ਹਨ ਕਿ ਉਸ ਰੋਂਦੇ ਹੋਏ ਬੱਚੇ ਨੂੰ ਤਾਂ ਪੁੱਛੋ, ਉਹਦੇ ਦੁੱਖ ਦਾ ਮੂਲ ਕੀ ਹੈ ? ਲਿਵ ਟੁੱਟ ਗਈ ਹੈ, ਧਿਆਨ ਭੰਗ ਹੋ ਗਿਆ ਹੈ, ਇਕਾਗਰਤਾ ਨਸ਼ਟ ਹੋ ਗਈ ਹੈ। ਸਹਿਜੇ ਸਹਿਜੇ ਹੋਰ ਰੋਣੇ ਪੈਦਾ ਹੋ ਜਾਂਦੇ ਹਨ :

ਪਹਿਲੈ ਪਿਆਰਿ ਲਗਾ ਥਣ ਦੁਧਿ॥
ਦੂਜੈ ਮਾਇ ਬਾਪ ਕੀ ਸੁਧਿ॥

(ਵਾਰ ਮਾਝ, ਮ: ੧, ਪੰਨਾ 137)

ਸਭ ਤੋਂ ਪਹਿਲੀ ਦਫ਼ਾ ਤਾਂ ਰੋਇਆ ਸੀ, ਜਦ ਇਕਾਗਰਤਾ ਭੰਗ ਹੋ ਗਈ। ਇਕਾਗਰਤਾ ਚਾਹੁੰਦੈ, ਟਿਕਾਉ ਚਾਹੁੰਦੈ, ਉਸ ਰਤਨ ਨੂੰ ਚਾਹੁੰਦੈ। ਪਰ ਹੁਣ ਰੋਇਐ ਦੁੱਧ ਵਾਸਤੇ, ਮਾਂ ਵਾਸਤੇ। ਫਿਰ ਖਿਡਾਉਣਿਆਂ ਵਾਸਤੇ ਰੋਇਐ, ਖੇਡਾਂ ਵਾਸਤੇ ਰੋਇਐ। ਹੋਰ ਵੱਡਾ ਹੋਇਐ ਤਾਂ ਕੰਮ ਧੰਦਿਆਂ ਵਾਸਤੇ ਰੋਇਐ, ਤਾਲੀਮ ਵਾਸਤੇ ਰੋਇਐ, ਵਿਆਹ ਵਾਸਤੇ ਰੋਇਐ। ਫਿਰ ਇਸ ਦੇ ਬੱਚੇ ਹੋਏ ਹਨ। ਬੱਚਿਆਂ ਦੇ ਰੋਣੇ ਵਧ ਗਏ। ਇਤਨੇ ਰੋਣੇ ਇਕੱਠੇ ਹੋ ਗਏ ਕਿ ਸਭ

ਤੋਂ ਪਹਿਲੀ ਦਫ਼ਾ ਜਿਹੜਾ ਇਹ ਰੋਇਆ ਸੀ, ਉਹ ਰੋਣਾ ਦਬ ਕੇ ਹੀ ਰਹਿ ਗਿਐ। ਮਨੁੱਖ ਇਸ ਵਾਸਤੇ ਹੀ ਸਤਿਸੰਗਿ ਵਿਚ ਆਉਂਦੈ ਕਿ ਸੰਸਾਰ ਦੇ ਇਹ ਸਾਰੇ ਰੋਣੇ ਇਕ ਪਾਸੇ ਕਰ ਕੇ ਉਸ ਰੋਣੇ ਨੂੰ ਨਵੇਂ ਸਿਰਿਓਂ ਸੁਰਜੀਤ ਕਰੇ ਜੋ ਜ਼ਿੰਦਗੀ ਵਿਚ ਜਨਮ ਲੈਂਦਿਆਂ ਪਹਿਲੀ ਦਫ਼ਾ ਰੋਇਆ ਸੀ। ਉਹ ਰੋਣਾ ਬੜਾ ਅਜ਼ੀਮ ਹੈ, ਬੜਾ ਮਹਾਨ ਹੈ, ਕਦੀ ਕਦਾਈਂ ਕਿਸੇ ਦੀ ਝੋਲੀ ਵਿਚ ਪੈਂਦਾ ਹੈ:

ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ॥

(ਮਾਝ ਮ: ੪, ਪੰਨਾ 94)

ਭਗਤ ਭੀ ਰੋ ਉਠਦੇ ਹਨ, ਪਰ ਉਦੋਂ ਰੋਂਦੇ ਹਨ ਜਦ ਸੰਸਾਰ ਦੇ ਸਾਰੇ ਰੋਣਿਆਂ ਨੂੰ ਇਕ ਪਾਸੇ ਕਰਦੇ ਹਨ। ਉਹ ਅਜ਼ੀਮ ਤੇ ਮਹਾਨ ਰੋਣਾ ਉਨ੍ਹਾਂ ਦੇ ਅੰਦਰੋਂ ਜਨਮ ਲੈ ਲੈਂਦਾ ਹੈ। ਸਾਹਿਬ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਫ਼ੁਰਮਾਨ ਹੈ ਕਿ ਜੀਵਨ ਰੂਪੀ ਰਾਤ ਦਾ ਦੂਜਾ ਪਹਿਰ ਖੇਡਦਿਆਂ ਹੀ ਬਤੀਤ ਹੋ ਗਿਐ। ਮਾਂ ਦੀ ਮਮਤਾ ਵਿਚ ਬਤੀਤ ਹੋ ਗਿਆ। ਦੁੱਧ ਤੇ ਖਿਡਾਉਣਿਆਂ ਦੀ ਖੇਡ ਨੇ ਹੀ ਰਾਤ ਦਾ ਦੂਜਾ ਪਹਿਰ ਲੰਘਾ ਛੱਡਿਆ। ਜੀਵਨ ਰੂਪੀ ਰਾਤ ਦਾ ਤੀਜਾ ਪਹਿਰ ਆਇਆ ਤੇ ਤੀਜੇ ਪਹਿਰ ਵਿਚ ਬੜੀ ਗੂੜ੍ਹੀ ਨਿੰਦਰਾ ਆ ਜਾਂਦੀ ਹੈ। ਡਾਕੇ ਵੀ ਰਾਤ ਦੇ ਤੀਸਰੇ ਪਹਿਰ ਨੂੰ ਹੀ ਪੈਂਦੇ ਹਨ। ਮਹਾਰਾਜ ਦਾ ਫ਼ੁਰਮਾਨ ਹੈ:

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ॥
ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ॥

(ਸਿਰੀਰਾਗੁ ਮ: ੧, ਪੰਨਾ 75)

ਜੁਆਨ ਹੋ ਗਿਐ। ਜੀਵਨ ਰੂਪੀ ਰਾਤ ਦਾ ਇਹ ਤੀਜਾ ਪਹਿਰ ਹੈ। ਸਾਰੀ ਚੇਤਨਾ ਧਨ ਤੇ ਜੋਬਨ ਦੇ ਆਲੇ-ਦੁਆਲੇ ਹੀ ਪਰਿਕਰਮਾ ਕਰ ਰਹੀ ਹੈ। ਜ਼ਿੰਦਗੀ ਦਾ ਮਨੋਰਥ ਧਨ ਤੇ ਜੋਬਨ ਹੈ, ਹੋਰ ਕੁਝ ਨਹੀਂ। ਧਨ ਤੇ ਜੋਬਨ ਦੀ ਸੇਜਾ ਦੇ ਉੱਤੇ ਗੂੜ੍ਹਾ ਸੁੱਤਾ ਹੋਇਐ, ਕੁਝ ਭੀ ਖ਼ਬਰ ਨਹੀਂ, ਕੁਝ ਭੀ ਬੋਧ ਨਹੀਂ ਅਤੇ ਇਥੇ ਹੀ ਆ ਕੇ ਕਹਿੰਦੇ ਹਨ ਕਿ ਕਿਸੇ ਨੌਜਵਾਨ ਮਨੁੱਖ ਨੂੰ ਕਰਮ ਧਰਮ ਦੀ ਦੀਖਸ਼ਾ ਦੇਣੀ ਬੜੀ ਔਖੀ ਗੱਲ ਹੈ, ਬਹੁਤ ਹੀ ਔਖੀ ਗੱਲ ਹੈ। ਜਵਾਨੀ, ਇਸ ਤਰ੍ਹਾਂ ਸਮਝ ਲਵੋ ਜਿਵੇਂ ਦਰਿਆ ਹੜ੍ਹ 'ਤੇ ਆਇਆ ਹੋਵੇ, ਤੇ ਜਦ ਦਰਿਆ ਹੜ੍ਹ 'ਤੇ ਆਇਆ ਹੋਵੇ ਤਾਂ ਬੇੜੀ ਠੇਲ੍ਹਣੀ ਬੜੀ ਔਖੀ ਹੈ, ਨਾਉਕਾ ਪਾਰ ਕਰਨੀ ਬੜੀ ਔਖੀ ਹੈ। ਇਰਾਨ ਦਾ ਪ੍ਰਸਿੱਧ ਸੰਤ ਕਹਿੰਦੈ:

ਦਰ ਜੁਆਨੀ ਤੌਬਾ ਕਰਦਨ ਸ਼ੇਵਾ-ਏ-ਪੈਗ਼ੰਬਰੀ ਸਤ।

ਕੋਈ ਮਨੁੱਖ ਜੁਆਨੀ ਵਿਚ ਗੁਨਾਹਾਂ ਤੋਂ ਤੌਬਾ ਕਰੇ, ਉਹਦੀ ਸੀਰਤ ਪੈਗ਼ੰਬਰਾਂ ਵਾਲੀ ਹੈ, ਉਹ ਤਾਂ ਪੈਗ਼ੰਬਰ ਹੈ, ਉਹ ਤਾਂ ਪੂਰਨ ਅਵਤਾਰੀ ਪੁਰਸ਼ ਹੈ। ਉਹ ਤਾਂ ਪੂਰਨ ਸੰਤ ਹੈ, ਜੋ ਜੁਆਨੀ ਵਿਚ ਗੁਨਾਹਾਂ ਤੋਂ ਤੌਬਾ ਕਰ ਜਾਵੇ।

ਪਰ ਜੋ ਬੁਢੇਪੇ ਵਿਚ ਗੁਨਾਹਾਂ ਤੋਂ ਤੌਬਾ ਕਰੇ, ਉਸ ਨੂੰ ਸ਼ੇਖ਼ ਸਾਅਦੀ ਸਾਹਿਬ ਨਹੀਂ ਮੰਨਦੇ:

ਵਕ਼ਤੇ ਪੀਰੀ ਗੁਰਗ ਜ਼ਾਲਮ ਮੇ ਸ਼ਵਦ ਪਰਹੇਜ਼ਗਾਰ।

ਜੇਕਰ ਕੋਈ ਪੀਰੀ ਵਿਚ, ਬੁਢੇਪੇ ਵਿਚ ਪਰਹੇਜ਼ਗਾਰ ਬਣ ਜਾਏ, ਗੁਨਾਹਾਂ ਤੋਂ ਤੌਬਾ ਕਰੇ, ਤਾਂ ਦਲੀਲ ਦਿੱਤੀ ਹੈ ਆਪ ਨੇ ਕਿ ਜਿਵੇਂ ਕੋਈ ਬੁੱਢਾ ਬਘਿਆੜ ਇਹ ਆਖੇ, ਐ ਭੇਡੋ! ਐ ਬੱਕਰੀਓ! ਤੁਸੀਂ ਮੈਥੋਂ ਡਰੋ ਨਾ, ਮੈਂ ਤੁਹਾਨੂੰ ਪਕੜਨਾ ਛੱਡ ਦਿੱਤੈ। ਉਸ ਨੇ ਪਕੜਨਾ ਨਹੀਂ ਛੱਡਿਆ ਬਲਕਿ ਉਸ ਕੋਲੋਂ ਹੁਣ ਪਕੜੀਆਂ ਹੀ ਨਹੀਂ ਜਾਂਦੀਆਂ। ਗੁਨਾਹ ਹੁੰਦੇ ਹੀ ਨਹੀਂ ਪਰ ਬੁੱਢਾ ਮਨੁੱਖ ਕਹਿ ਦਿੰਦੈ ਕਿ ਮੈਂ ਗੁਨਾਹਾਂ ਦਾ ਤਿਆਗ ਕੀਤੈ। ਗੁਨਾਹਾਂ ਦਾ ਉਸ ਨੇ ਤਿਆਗ ਨਹੀਂ ਕੀਤਾ, ਗੁਨਾਹ ਹੀ ਉਸ ਨੂੰ ਤਿਆਗ ਕੇ ਚਲੇ ਗਏ ਹਨ। ਗੁਨਾਹਾਂ ਨੇ ਬੈਠਣਾ ਸੀ ਹੱਥਾਂ ਵਿਚ, ਰਸਨਾ ਵਿਚ, ਕੰਨਾਂ ਵਿਚ, ਦਿਮਾਗ਼ ਵਿਚ, ਨਾਸਕਾ ਵਿਚ, ਅੱਖਾਂ ਵਿਚ ਪਰ ਇਹ ਤਾਂ ਹੁਣ ਸਾਰੀਆਂ ਹੀ ਕੁਰਸੀਆਂ ਟੁੱਟੀਆਂ ਪਈਆਂ ਹਨ। ਗੁਨਾਹ ਬੈਠਣ ਤਾਂ ਕਿਥੇ ਬੈਠਣ। ਬੁਢੇਪੇ ਵਿਚ ਤਾਂ ਸਭ ਕੁਝ ਟੁੱਟ ਭੱਜਾ ਹੈ, ਗੁਨਾਹਾਂ ਨੂੰ ਬੈਠਣ ਦੀ ਥਾਂ ਨਹੀਂ ਮਿਲਦੀ ਤੇ ਬੁੱਢਾ ਮਨੁੱਖ ਕਹਿ ਦਿੰਦੈ ਕਿ ਮੈਂ ਗੁਨਾਹਾਂ ਦਾ ਤਿਆਗੀ ਹੋ ਗਿਆ ਹਾਂ। ਨਹੀਂ, ਗੁਨਾਹ ਹੀ ਉਸ ਦਾ ਤਿਆਗ ਕਰ ਕੇ ਚਲੇ ਗਏ ਹਨ, ਕਿਉਂਕਿ ਉਨ੍ਹਾਂ ਨੂੰ ਬੈਠਣ ਨੂੰ ਥਾਂ ਨਹੀਂ ਮਿਲ ਰਹੀ। ਬੜਾ ਸੁੰਦਰ ਸਲੋਕ ਹੈ ਗੁਰਬਾਣੀ ਵਿਚ:

ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥
ਵਿਰਲੇ ਕੇਈ ਪਾਈਅਨਿ੍ ਜਿਨ੍ਾ ਪਿਆਰੇ ਨੇਹ ॥

(ਵਾਰ ਰਾਮਕਲੀ, ਮ: ੫, ਪੰਨਾ 966)

ਨੌਜਵਾਨ ਉਮਰ ਹੋਵੇ, ਸੋਨੇ ਵਰਗੀ ਕਾਇਆ ਹੋਵੇ, ਸੁੰਦਰਤਾ ਹੋਵੇ ਤਾਂ ਕਿਸੇ ਵਿਰਲੇ ਦੀ ਰਸਨਾ ਤੋਂ ਪ੍ਰਭੂ ਦੇ ਗੀਤ ਨਿਕਲਦੇ ਹਨ, ਪਰਮਾਤਮਾ ਦੀ ਬੰਦਗੀ ਨਿਕਲਦੀ ਹੈ, "ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ ॥ ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ ॥"

ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ ॥
ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ ॥
ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ ॥
ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ॥

(ਸਿਰੀਰਾਗੁ ਮਹਲਾ ੧, ਪੰਨਾ 75)

ਜ਼ਿੰਦਗੀ ਦੀ ਰਾਤ ਦਾ ਤੀਜਾ ਪਹਿਰ, ਧਨ ਤੇ ਜੋਬਨ ਦੀ ਚਿਤਵਨੀ ਵਿਚ, ਘੁੱਪ ਨਿੰਦਰਾ ਵਿਚ ਲੰਘ ਗਿਆ। ਜੀਵਨ ਰੂਪੀ ਰਾਤ ਦਾ ਚੌਥਾ ਪਹਿਰ

ਆਇਐ। ਚੌਥੇ ਪਹਿਰ ਵਿਚ ਪਹੁ ਫੁੱਟਦੀ ਹੈ। ਕੇਸਾਂ ਦੀ ਸਫ਼ੇਦੀ, ਵਾਲਾਂ ਦਾ ਚਿੱਟਾ ਹੋਣਾ, ਇਹ ਪਹੁ ਦਾ ਫੁੱਟਣੈ। ਇਹ ਰਾਤ ਦੀ ਸਫ਼ੇਦੀ, ਇਸ ਗੱਲ ਦਾ ਸਬੂਤ ਹੈ ਕਿ ਰਾਤ ਦਾ ਅੰਤ ਹੋਣ ਲੱਗਾ ਹੈ, ਰਾਤ ਜਾਣ ਲੱਗੀ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਫ਼ੁਰਮਾਨ ਹੈ:

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ॥
ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ॥
ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ॥
ਝੂਠਾ ਰੁਦਨੁ ਹੋਆ ਦੁੋਆਲੈ ਖਿਨ ਮਹਿ ਭਇਆ ਪਰਾਇਆ ॥

(ਸਿਰੀਰਾਗੁ ਮਹਲਾ ੧, ਪੰਨਾ 75)

ਜ਼ਿੰਦਗੀ ਦੀ ਖੇਤੀ ਪੱਕ ਗਈ। ਵੱਢਣ ਵਾਸਤੇ ਲਾਵੀ ਆ ਗਿਐ। ਜੀਵਨ ਦੀ ਰਾਤ ਦਾ ਅੰਤ ਹੋਣ ਲੱਗੈ, ਕਿਉਂਕ ਮੌਤ ਰੂਪੀ ਸੂਰਜ ਚੜ੍ਹਨ ਲੱਗਾ ਹੈ, ਪਹੁ ਫੁੱਟਣ ਲੱਗੀ ਹੈ। ਪਰ ਸਵਾਲ ਹੁਣ ਇਹ ਪੈਦਾ ਹੁੰਦੈ ਕਿ ਅੱਗੇ ਕੀ ਹੋਇਆ? ਕਿਉਂਕਿ ਘਰ ਵਿਚ ਤਾਂ ਝੂਠਾ ਰੁਦਨ ਸ਼ੁਰੂ ਹੋ ਗਿਐ, ਰੋਣਾ ਪਿੱਟਣਾ ਸ਼ੁਰੂ ਹੋ ਗਿਐ, ਪਰ ਉਹ ਅੱਗੇ ਕਿਥੇ ਚਲਾ ਗਿਐ, ਇਹ ਕਿਸੇ ਨੂੰ ਖ਼ਬਰ ਨਹੀਂ, "ਝੂਠਾ ਰੁਦਨੁ ਹੋਆ ਦੁੋਆਲੈ ਖਿਨ ਮਹਿ ਭਇਆ ਪਰਾਇਆ"। ਅੱਗੇ ਕੀ ਹੋਇਆ? ਪਾਤਸ਼ਾਹ ਫ਼ੁਰਮਾਨ ਕਰਦੇ ਹਨ:

ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ ॥
ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ ॥੪॥੧॥

(ਸਿਰੀਰਾਗੁ ਮਹਲਾ ੧, ਪੰਨਾ 75)

ਉਹੀ ਚੀਜ਼ ਇਸ ਨੂੰ ਅੱਗੇ ਮਿਲੀ ਜਿਸ ਦੀ ਚਿਤਵਨੀ ਇਹ ਜ਼ਿੰਦਗੀ ਭਰ ਕਰਦਾ ਰਿਹੈ, ਜਿਸ ਦੀ ਯਾਦ ਵਿਚ ਇਹ ਹਮੇਸ਼ਾ ਰਿਹੈ। ਦਿਨ ਭਰ ਅਸੀਂ ਜਿਸ ਚੀਜ਼ ਦੀ ਚਾਹਤ ਕਰੀਏ ਅਤੇ ਉਸ ਦੀ ਪ੍ਰਾਪਤੀ ਨਾ ਹੋਵੇ, ਤਾਂ ਰਾਤ ਨੂੰ ਸੁਪਨੇ ਵਿਚ ਪ੍ਰਾਪਤ ਹੁੰਦੀ ਹੈ, ਕੁਦਰਤ ਨੇ ਐਸਾ ਇੰਤਜ਼ਾਮ ਕਰ ਰੱਖਿਐ। ਦਿਨ ਨੂੰ ਕਿਸੇ ਦਾ ਕਤਲ ਕਰਨਾ ਚਾਹਿਆ ਸੀ, ਨਹੀਂ ਕਰ ਸਕਿਆ, ਕਾਨੂੰਨ ਤੋਂ ਡਰਿਆ ਸੀ, ਸਮਾਜ ਤੋਂ ਡਰਿਐ ਸੀ, ਉਹੀ ਕਤਲ ਮਨੁੱਖ ਰਾਤ ਨੂੰ ਸੁਪਨੇ ਵਿਚ ਕਰੇਗਾ। ਦਿਨ ਭਰ ਚੋਰੀ ਦੀ ਚਿਤਵਨੀ ਕਰਦਾ ਰਿਹੈ, ਨਹੀਂ ਕਰ ਸਕਿਆ, ਰਾਤ ਨੂੰ ਸੁਪਨੇ ਵਿਚ ਕਰੇਗਾ। ਦੁਰਾਚਾਰ ਦਾ ਚਿੰਤਨ ਕਰਦਾ ਰਿਹੈ ਦਿਨ ਭਰ, ਨਹੀਂ ਕਰਿ ਸਕਿਆ, ਰਾਤ ਨੂੰ ਸੁਪਨੇ ਵਿਚ ਕਰੇਗਾ ਅਤੇ ਇਸੇ ਤਰੀਕੇ ਨਾਲ ਜੇਕਰ ਦਿਨ ਭਰ ਉਸ ਦੀ ਇਸ ਢੰਗ ਦੀ ਯਾਦ ਰਹੀ ਹੈ ਕਿ ਪਰਮਾਤਮਾ ਦਾ ਮਿਲਾਪ ਹੋਵੇ, ਗੁਰੂ ਦਾ ਮਿਲਾਪ ਹੋਵੇ, ਪਰ ਨਹੀਂ ਹੋ ਸਕਿਆ, ਨਹੀਂ ਰਸ ਬਣ ਸਕਿਆ ਤਾਂ ਰਾਤ ਨੂੰ ਸੁਪਨੇ ਵਿਚ ਬਣੇਗਾ। ਚੰਗੇ ਤੇ ਮਾੜੇ ਬੀਜ ਹੁੰਦੇ ਹਨ। ਸੁਪਨੇ ਆਪਣੇ ਆਪ ਨਹੀਂ ਪੈਦਾ ਹੁੰਦੇ, ਇਨ੍ਹਾਂ ਦਾ ਭੀ ਬੀਜ

ਹੈ। ਦਿਨ ਭਰ ਦਾ ਚਿੰਤਨ ਰਾਤ ਨੂੰ ਸੁਪਨਿਆਂ ਨੂੰ ਜਨਮ ਦਿੰਦੈ। ਜਿਸ ਤਰ੍ਹਾਂ ਦਿਨ ਭਰ ਦੀ ਚਿਤਵਨੀ ਸੁਪਨਿਆਂ ਵਿਚ ਰਾਤ ਨੂੰ ਪ੍ਰਗਟ ਹੁੰਦੀ ਹੈ, ਇਸ ਤਰ੍ਹਾਂ ਜ਼ਿੰਦਗੀ ਭਰ ਦੀ ਜਿਹੜੀ ਚਾਹਤ ਹੈ, ਮੌਤ ਦੇ ਸਮੇਂ ਆ ਕੇ ਪ੍ਰਗਟ ਹੁੰਦੀ ਹੈ। ਉਹ ਚਿਤਵਨੀ ਮੌਤ ਦੇ ਵਕਤ ਮਰਨ ਲੱਗਿਆਂ ਸਾਹਮਣੇ ਆ ਕੇ ਖੜੀ ਹੁੰਦੀ ਹੈ। ਸਾਰਾ ਜੀਵਨ ਜੇਕਰ ਧਨ ਦੇ ਚਿੰਤਨ ਵਿਚ ਬਤੀਤ ਕੀਤੈ, ਤਾਂ ਮਰਦਿਆਂ ਹੋਇਆਂ ਧਨ ਚੇਤੇ ਆਏਗਾ। ਇਹ ਗੱਲ ਵੱਖਰੀ ਹੈ ਕਿ ਆਲੇ ਦੁਆਲੇ ਰਿਸ਼ਤੇਦਾਰ ਖੜੇ ਹੋਵਣ ਤੇ ਉਹ ਆਖਣ ਕਿ ਰਾਮ ਰਾਮ ਆਖੋ, ਵਾਹਿਗੁਰੂ ਵਾਹਿਗੁਰੂ ਆਖੋ, ਪਰ ਉਹ ਵਾਹਿਗੁਰੂ ਨਹੀਂ ਕਹਿ ਸਕੇਗਾ, ਰਾਮ ਨਹੀਂ ਕਹਿ ਸਕੇਗਾ, ਕਿਉਂਕਿ ਜੀਵਨ ਭਰ ਜਿਸ ਦੇ ਚਿੰਤਨ ਵਿਚ ਰਿਹੈ, ਮਰਨ ਲੱਗਿਆਂ ਉਸ ਦਾ ਹੀ ਚਿੰਤਨ ਚਲੇਗਾ, ਉਸ ਦੀ ਯਾਦ ਚਲੇਗੀ ਤੇ ਜੇ ਮਰਨ ਲੱਗਿਆਂ ਧਨ ਦਾ ਚਿੰਤਨ ਚਲਿਐ, ਤਾਂ ਇਹ ਮਨੁੱਖ ਕਿਥੇ ਜਾਏਗਾ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਫ਼ੈਸਲਾ ਹੈ:

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥

(ਗੂਜਰੀ ਤ੍ਰਿਲੋਚਨ ਜੀ, ਪੰਨਾ 526)

ਅੰਤਮ ਸਮੇਂ ਮਰਦਿਆਂ ਹੋਇਆਂ ਜਿਸ ਨੂੰ ਵਾਰ ਵਾਰ ਧਨ ਚੇਤੇ ਆ ਰਿਹੈ, ਜਿਹੜਾ ਛੋੜ ਕੇ ਜਾ ਰਿਹੈ, ਐਸਾ ਮਨੁੱਖ ਅਗਲਾ ਜਨਮ ਸਰਪ ਦਾ ਪ੍ਰਾਪਤ ਕਰੇਗਾ:

ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸੂਕਰ ਜੋਨਿ ਵਲਿ ਵਲਿ ਅਉਤਰੈ ॥

(ਗੂਜਰੀ ਤ੍ਰਿਲੋਚਨ ਜੀ, ਪੰਨਾ 526)

ਮਰਦਿਆਂ ਹੋਇਆਂ ਪੁੱਤਰ ਚੇਤੇ ਆ ਰਹੇ ਹਨ ਤਾਂ ਕਹਿੰਦੈ ਕਿ ਫਲਾਣੇ ਨੂੰ ਬੁਲਾਉ, ਫਲਾਣੇ ਬੇਟੇ ਨੂੰ ਬੁਲਾਉ, ਫਲਾਣੇ ਪੁੱਤਰ ਨੂੰ ਬਲਾਉ। ਅੰਤਮ ਸਮੇਂ ਪੁੱਤਰਾਂ ਦੀ ਯਾਦ ਵਿਚ ਜੋ ਮਰ ਗਿਐ, ਗੁਰੂ ਗ੍ਰੰਥ ਸਾਹਿਬ ਦਾ ਫ਼ੈਸਲਾ ਹੈ, ਇਸ ਦਾ ਅਗਲਾ ਜਨਮ ਸੂਰ ਦਾ ਹੋਵੇਗਾ। ਸੂਰਨੀ ਦੇ ਅਠਾਰਾਂ ਅਠਾਰਾਂ, ਵੀਹ ਵੀਹ ਬੱਚੇ ਹੋ ਜਾਂਦੇ ਹਨ। ਕੁਦਰਤ ਕਹਿੰਦੀ ਹੈ, ਲੈ ਜਿਤਨੀ ਮਮਤਾ ਕਰਨੀ ਹੈ ਕਰ ਲੈ:

ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬੇਸਵਾ ਜੋਨਿ ਵਲਿ ਵਲਿ ਅਉਤਰੈ ॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸੂਕਰ ਜੋਨਿ ਵਲਿ ਵਲਿ ਅਉਤਰੈ ॥

ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥

(ਗੂਜਰੀ ਤ੍ਰਿਲੋਚਨ ਜੀ, ਪੰਨਾ 526)

ਮਕਾਨ ਬਣਾਇਆ ਸੀ ਬੜੀ ਮੇਹਨਤ ਨਾਲ, ਬੜਾ ਖ਼ਰਚਾ ਕਰ ਕੇ ਅਤੇ ਮਰਨ ਲਗਿਆਂ ਜੇ ਮਕਾਨ ਯਾਦ ਆ ਰਿਹੈ ਤਾਂ ਮਰਨ ਲੱਗਿਆਂ ਮਕਾਨ ਕਿਸ ਨੂੰ ਯਾਦ ਆਵੇਗਾ, ਜੋ ਜੀਵਨ ਭਰ ਆਪਣੇ ਮਕਾਨ ਦੇ ਸ਼ੌਕ ਵਿਚ ਹੀ ਰਿਹੈ। ਮਕਾਨ ਨੂੰ ਹੀ ਵੇਖਦਾ ਰਿਹੈ। ਮਕਾਨ ਰਹਿਣ ਵਾਸਤੇ ਹੈ, ਵੇਖਣ ਤੇ ਵਿਖਾਣ ਵਾਸਤੇ ਨਹੀਂ। ਕਈ ਮਨੁੱਖ ਵੇਖਦੇ ਰਹਿੰਦੇ ਹਨ ਅਤੇ ਵਿਖਾਂਦੇ ਰਹਿੰਦੇ ਹਨ। ਇਹ ਸਿਰਫ਼ ਰਹਿਣ ਵਾਸਤੇ ਹੈ। ਪਰ ਜੇ ਜੀਵਨ ਮਕਾਨ ਦੀ ਚਿਤਵਨੀ ਵਿਚ ਹੀ ਬਤੀਤ ਹੋਇਐ, ਤਾਂ ਮਰਨ ਲੱਗਿਆਂ ਮਕਾਨ ਚੇਤੇ ਆਏਗਾ ਤੇ ਜੇ ਮਰਨ ਲੱਗਿਆਂ ਮਕਾਨ ਚੇਤੇ ਆਇਆ ਤਾਂ ਸਾਹਿਬ ਕਹਿੰਦੇ ਹਨ, ਇਸ ਦਾ ਅੰਤ ਕੀ ਹੋਵੇਗਾ ? ਇਹ ਪ੍ਰੇਤ ਬਣੇਗਾ, "ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥ ਪ੍ਰੇਤ ਜੋਨਿ ਵਲਿ ਵਲਿ ਅਉਤਰੈ॥"

ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥

(ਗੂਜਰੀ ਤ੍ਰਿਲੋਚਨ ਜੀ, ਪੰਨਾ 526)

ਅੰਤਮ ਸਮੇਂ ਜੇਕਰ ਨਾਰਾਇਣ ਚੇਤੇ ਆਵੇ ਤਾਂ ਕਿਸ ਨੂੰ ਨਾਰਾਇਣ ਚੇਤੇ ਆਵੇਗਾ, ਜਿਸ ਨੂੰ ਜੀਵਨ ਭਰ ਨਾਰਾਇਣ ਚੇਤੇ ਆਇਐ, ਜਿਸ ਨੇ ਸਮੁੱਚੀ ਜ਼ਿੰਦਗੀ ਨਾਰਾਇਣ ਦਾ ਚਿੰਤਨ ਕੀਤੈ, ਅੰਤਮ ਸਮੇਂ ਨਾਰਾਇਣ ਦੀ ਯਾਦ ਆਵੇਗੀ, ਰਸਨਾ 'ਤੇ ਨਾਰਾਇਣ ਦੇ ਬੋਲ ਆਉਣਗੇ ਅਤੇ ਜਿਉਂ ਹੀ ਰਸਨਾ ਦੇ ਉੱਤੇ ਨਾਰਾਇਣ ਦੇ ਬੋਲ ਆਏ, ਐਸਾ ਮਨੁੱਖ ਨਾਰਾਇਣ ਵਿਚ ਇਸ ਤਰ੍ਹਾਂ ਸਮਾ ਜਾਏਗਾ, ਜਿਸ ਤਰ੍ਹਾਂ ਬੂੰਦ ਸਾਗਰ ਵਿਚ ਸਮਾਅ ਜਾਂਦੀ ਹੈ। ਜਿਸ ਤਰ੍ਹਾਂ ਕਿਰਨ ਸੂਰਜ ਵਿਚ ਲੀਨ ਹੋ ਜਾਂਦੀ ਹੈ:

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥

(ਬਿਲਾਵਲੁ ਮ: ੫, ਪੰਨਾ 846)

ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਨ੍ਹਾਂ ਚਾਰਾਂ ਪਹਿਰਾਂ ਵਿਚ ਬਾਕਾਇਦਾ ਅੰਕਿਤ ਕੀਤਾ ਹੈ ਕਿ ਮਨੁੱਖ ਪਰਮਾਤਮਾ ਤਕ ਪਹੁੰਚ ਸਕੇ, ਈਸ਼ਵਰ ਤਕ ਪਹੁੰਚ ਸਕੇ। ਮਨੁੱਖ ਨੂੰ ਬੋਧ ਕਰਾਇਐ ਕਿ ਤੂੰ ਕੀ ਹੈਂ ਅਤੇ ਆਇਆ ਕਿੱਥੋਂ ਹੈਂ ? ਹੁਣ ਕਿੱਥੇ ਖੜਾ ਹੈਂ ? ਤੂੰ ਜਾਣਾ ਕਿੱਥੇ ਹੈ ਅਤੇ ਜਾ ਕਿੱਥੇ ਰਿਹੈਂ ? ਇਹ ਸਭ ਕੁਝ ਦੀ ਚੇਤਾਵਨੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੇ ਮਨੁੱਖ ਦੇ ਸਾਹਮਣੇ ਰੱਖੀ ਹੈ ਤਾਂ ਕਿ ਮਨੁੱਖ ਭਟਕੇ ਨਾ।

ਸੁਭ ਦ੍ਰਿਸਟਿ ਦੋਖ ਦ੍ਰਿਸਟਿ

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥
ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥

(ਸੂਹੀ ਮ: ੧, ਪੰਨੇ 765-66)

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਕੁਝ ਪੰਗਤੀਆਂ ਵਿਚ, ਇੰਜ ਸਮਝ ਲਵੋ ਜਿਵੇਂ ਸਾਗਰ ਨੂੰ ਗਾਗਰ ਵਿਚ ਬੰਦ ਕੀਤਾ ਹੋਵੇ। ਪ੍ਰਕਿਰਤੀ ਨੂੰ ਧਿਆਨ ਨਾਲ ਵੇਖੀਏ ਤਾਂ ਉਸ ਦੀ ਸਾਜਨਾ ਵਿਚ ਐਸਾ ਕੁਝ ਭੀ ਨਹੀਂ ਹੈ ਜਿਸ ਦੇ ਵਿਚ ਕੋਈ ਗੁਣ ਨਾ ਹੋਵੇ, ਪਰ ਐਸਾ ਕੋਈ ਭੀ ਨਹੀਂ ਹੈ ਜਿਸ ਵਿਚ ਔਗੁਣ ਨਾ ਹੋਵਣ। ਜਿਸ ਨੂੰ ਅਸੀਂ ਕਹਿੰਦੇ ਹਾਂ ਦੋਖ-ਦ੍ਰਿਸ਼ਟੀ। ਦੋਖ-ਦ੍ਰਿਸ਼ਟੀ ਤੋਂ ਮੁਰਾਦ ਹੈ, ਹਰ ਇਕ ਵਿਚ ਦੋਖ ਦੇਖਣਾ। ਜੋ ਕੁਝ ਭੀ ਹੈ ਉਸ ਵਿਚ ਦੋਖ ਕਿਹੜਾ ਹੈ, ਉਹ ਦੇਖਣੈ। ਇਸ ਨੂੰ ਕਹਿੰਦੇ ਹਨ ਦੋਖ-ਦ੍ਰਿਸ਼ਟੀ। ਦੂਸਰਾ ਹੈ ਸ਼ੁਭ ਦ੍ਰਿਸ਼ਟੀ। ਇਹਦੇ ਵਿਚ ਸ਼ੁਭ ਕੀ ਹੈ, ਉਹ ਵੇਖਣਾ। ਧਾਰਮਿਕ ਗਿਆਨੀ ਤਾਂ ਐਸਾ ਕਹਿੰਦੇ ਹਨ ਕਿ ਮਨੁੱਖਤਾ ਨੂੰ ਇਨ੍ਹਾਂ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦੈ। ਕੁਝ ਸ਼ੁਭ ਦ੍ਰਿਸ਼ਟੀ ਵਾਲੇ ਹਨ, ਕੁਝ ਦੋਖ-ਦ੍ਰਿਸ਼ਟੀ ਵਾਲੇ ਹਨ। ਪਰ ਦੋਖ-ਦ੍ਰਿਸ਼ਟੀ ਵਾਲਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਦੋਖ-ਦ੍ਰਿਸ਼ਟੀ ਨਾਲ ਦੇਖਣ ਦਾ ਆਪਣਾ ਢੰਗ ਹੈ। ਸ਼ੁਭ ਦ੍ਰਿਸ਼ਟੀ ਨਾਲ ਭੀ ਦੇਖਣ ਦਾ ਆਪਣਾ ਤੌਰ ਤਰੀਕਾ ਹੈ। ਤੁਸੀਂ ਆਖੋਗੇ ਕਿ ਦੇਖਣਾ ਹੀ ਤਾਂ ਹੈ, ਤੌਰ ਤਰੀਕਾ ਅਲੱਗ ਕੀ ਹੈ ? ਦੋਖ-ਦ੍ਰਿਸ਼ਟੀ ਵਾਲਾ ਬੜਾ ਗਹਿਰਾ ਦੇਖਦੈ ਦੂਜੇ ਨੂੰ। ਬੜੀ ਗਹਿਰਾਈ ਨਾਲ ਵੇਖਦਾ ਹੈ। ਅਗਲੇ ਦੇ ਕੱਪੜੇ ਹੀ ਨਹੀਂ ਲਾਹੁੰਦਾ, ਅਗਲੇ ਦੀ ਖਲੜੀ ਉਧੇੜਦਾ ਹੈ ਤੇ ਹੱਡੀਆਂ ਦੇ ਥੱਲੇ ਤਾਂ ਮਿੱਝ ਹੈ, ਮਾਸ ਹੈ, ਦੁਰਗੰਧ ਹੀ ਦੁਰਗੰਧ ਹੈ—ਦੋਖ-ਦ੍ਰਿਸ਼ਟੀ ਹੈ। ਸ਼ੁਭ ਦ੍ਰਿਸ਼ਟੀ—ਸਿਰਫ਼ ਦੂਸਰੇ ਨੂੰ ਉਪਰੋਂ ਉਪਰੋਂ ਦੇਖਦਾ ਹੈ। ਕੱਪੜਿਆਂ ਨੂੰ ਦੇਖਦੈ, ਖਲੜੀ ਨੂੰ ਦੇਖਦੈ। ਇਹਦਾ ਮਤਲਬ ਹੈ ਕਿ ਸ਼ੁਭ

ਦ੍ਰਿਸ਼ਟੀ ਵਾਲੇ ਕੋਲ ਓਪਰੀ ਦ੍ਰਿਸ਼ਟੀ ਹੁੰਦੀ ਹੈ, ਸਿਰਫ਼ ਉਪਰ ਉਪਰ ਦੇਖਣ ਦੀ। ਨਹੀਂ, ਉਸ ਦੇ ਕੋਲ ਭੀ ਗਹਿਰੀ ਦ੍ਰਿਸ਼ਟੀ ਹੁੰਦੀ ਹੈ, ਪਰ ਉਹ ਗਹਿਰੀ ਦ੍ਰਿਸ਼ਟੀ ਆਪਣੇ ਉੱਤੇ ਰੱਖਦਾ ਹੈ ਤੇ ਓਪਰੀ ਦ੍ਰਿਸ਼ਟੀ ਦੂਜੇ 'ਤੇ ਰੱਖਦੈ। ਆਪਣੇ ਆਪ ਨੂੰ ਗਹਿਰਾਈ ਵਿਚ ਵੇਖਦੈ ਤੇ ਫਿਰ ਐਲਾਨੀਆ ਕਹਿ ਉਠਦੈ:

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥

(ਸਲੋਕ ਕਬੀਰ ਜੀ, ਪੰਨਾ 1364)

ਮੈਂ ਐਲਾਨੀਆ ਕਹਿੰਦਾ ਹਾਂ ਕਿ ਜਗਤ ਵਿਚ ਮੇਰੇ ਜਿਹਾ ਕੋਈ ਬੁਰਾ ਨਹੀਂ ਹੈ। ਬਹੁਤ ਗਹਿਰੀ ਦ੍ਰਿਸ਼ਟੀ ਹੈ, ਆਪਣੇ ਆਪ ਨੂੰ ਵੇਖਦਾ ਹੈ। ਸ਼ੁਭ ਦ੍ਰਿਸ਼ਟੀ ਵਾਲਾ ਦੂਸਰੇ ਨੂੰ ਉਪਰੋਂ ਉਪਰੋਂ ਦੇਖਦਾ ਹੈ। ਉਪਰੋਂ ਤਾਂ ਹਰ ਮਨੁੱਖ ਨੇ ਸ਼ੁਭ ਹੀ ਰੱਖਿਆ ਹੋਇਆ ਹੈ। ਕੱਪੜੇ ਚੰਗੇ ਰੱਖੇ ਹੋਏ ਹਨ, ਮੂੰਹ ਮੱਥਾ ਧੋਤਾ ਹੋਇਐ, ਉਪਰ ਉਪਰ ਇਸ ਨੇ ਬੜਾ ਗਿਆਨ ਦਾਨ, ਬੜੀ ਸ਼ਰਾਫ਼ਤ, ਭਲਮਾਨਸੀ, ਸਭ ਉਪਰ ਉਪਰ ਰੱਖੀ ਹੋਈ ਹੈ। ਉਤਲੀ ਦ੍ਰਿਸ਼ਟੀ, ਜੋ ਮਨੁੱਖ ਦੂਜਿਆਂ ਨੂੰ ਉਪਰੋਂ ਉਪਰੋਂ ਵੇਖਦਾ ਹੈ ਤਾਂ ਸਾਰਿਆਂ ਵਿਚ ਸ਼ੁਭ ਹੀ ਸ਼ੁਭ ਦਿਖਾਈ ਦਿੰਦਾ ਹੈ ਪਰ ਮੈਂ ਫਿਰ ਦੁਹਰਾਵਾਂ, ਇਹਦਾ ਇਹ ਮਤਲਬ ਨਹੀਂ ਕਿ ਉਹਦੇ ਕੋਲ ਗਹਿਰੀ ਦ੍ਰਿਸ਼ਟੀ ਨਹੀਂ ਹੈ। ਗਹਿਰੀ ਦ੍ਰਿਸ਼ਟੀ ਦੋਖ-ਦ੍ਰਿਸ਼ਟੀ ਹੁੰਦੀ ਹੈ, ਗੁਸਤਾਖ਼ੀ ਮਾਫ਼। ਬਸ ਆਪਣੇ ਨੂੰ ਗਹਿਰਾ ਵੇਖਦਾ ਹੈ। ਸੋ ਗਹਿਰਾਈ ਵਿਚ ਤਾਂ ਦੁਰਗੰਧ ਹੈ, ਮਾਸ ਹੈ, ਚਰਬੀ ਹੈ, ਹੱਡੀਆਂ ਹਨ। ਦੋਖ-ਦ੍ਰਿਸ਼ਟੀ ਮਤਲਬ ਦੂਜੇ ਨੂੰ ਬੜਾ ਗਹਿਰਾ ਵੇਖਣਾ। ਸੋ ਦੂਜੇ ਵਿਚ ਦੁਰਗੰਧ ਦਿਖਾਈ ਦਿੰਦੀ ਹੈ। ਓਪਰੀ ਦ੍ਰਿਸ਼ਟੀ ਉਹ ਆਪਣੇ ਉੱਤੇ ਰੱਖਦਾ ਹੈ, ਉਪਰ ਉਪਰ ਉਹ ਸਿਰਫ਼ ਆਪਣੇ ਆਪ ਨੂੰ ਵੇਖਦਾ ਹੈ ਅਤੇ ਖ਼ੁਦ ਨੂੰ ਸ਼ੁਭ ਮੰਨ ਬੈਠਦੈ ਅਤੇ ਦੂਜਿਆਂ ਨੂੰ ਦੋਖੀ ਮੰਨ ਬੈਠਦੈ। ਜਦ ਦੂਜੇ ਦੋਖੀ ਹਨ ਤਾਂ ਦੂਜਿਆਂ ਦੀ ਨਿੰਦਾ ਹੀ ਚਲੇਗੀ। ਜਗਤ ਵਿਚ ਵਿਆਪਕ ਨਿੰਦਾ ਹੈ, ਕਿਉਂਕਿ ਜਗਤ ਵਿਚ ਵਿਆਪਕ ਦੋਖ-ਦ੍ਰਿਸ਼ਟੀ ਹੈ। ਹੁਣ ਮੈਂ ਅਰਜ਼ ਕਰਾਂ, ਸ਼ੁਭ ਦੇਖਣਾ ਹੋਵੇ ਤਾਂ ਪਸ਼ੂਆਂ ਵਿਚ ਭੀ ਮਿਲ ਜਾਣਗੇ। ਕੁਝ ਗੁਣ ਪਸ਼ੂਆਂ ਵਿਚ ਭੀ ਮਿਲ ਜਾਣਗੇ। ਜੇ ਦੋਖ-ਦ੍ਰਿਸ਼ਟੀ ਰੱਖਣੀ ਹੈ, ਤਾਂ ਬੜੇ ਬੜੇ ਅਵਤਾਰਾਂ ਦੇਵਤਿਆਂ ਵਿਚ ਭੀ ਕੁਝ ਦੋਖ ਦਿਖਾਈ ਦੇ ਜਾਵੇਗਾ। ਮੈਂ ਫਿਰ ਦੁਹਰਾਵਾਂ, ਸ਼ੁਭ ਦ੍ਰਿਸ਼ਟੀ ਹੈ ਤਾਂ ਐਸੇ ਮਨੁੱਖ ਨੂੰ ਪਸ਼ੂਆਂ ਵਿਚ ਭੀ ਕੁਝ ਗੁਣ ਦਿਖਾਈ ਦੇ ਜਾਣਗੇ। ਦੋਖ-ਦ੍ਰਿਸ਼ਟੀ ਹੈ ਤਾਂ ਇਹਨੂੰ ਦੇਵਤਿਆਂ ਵਿਚ ਭੀ ਕੱਖ ਨਹੀਂ ਦਿਖਾਈ ਦੇਵੇਗਾ। ਉਹਦੇ ਵਿਚ ਭੀ ਅਸ਼ੁੱਭ ਦਿਖਾਈ ਦੇਵੇਗਾ। ਇਸ ਵਾਸਤੇ ਅਜ਼ੀਮ ਗੁਨਾਹ ਹੈ ਦੋਖ-ਦ੍ਰਿਸ਼ਟੀ ਅਤੇ ਸਭ ਤੋਂ ਵੱਡਾ ਪੁੰਨ ਹੈ ਸ਼ੁਭ ਦ੍ਰਿਸ਼ਟੀ। ਦ੍ਰਿਸ਼ਟੀ ਦੀ ਪਵਿੱਤਰਤਾ, ਨਿਰਮਲਤਾ। ਹੱਥਾਂ ਪੈਰਾਂ ਦਾ ਨਿਰਮਲ ਹੋ ਜਾਣਾ ਬੜੀ ਸੌਖੀ ਖੇਡ ਹੈ। ਦ੍ਰਿਸ਼ਟੀ ਸ਼ੁਭ ਉਤਨੇ ਚਿਰ ਤਕ ਨਹੀਂ ਹੁੰਦੀ,

ਜਿੰਨੇ ਚਿਰ ਤਕ ਮਨ ਸ਼ੁਭ ਨਾ ਹੋਵੇ। ਲੋਕੀਂ ਆਪਣੇ ਮਿੱਤਰਾਂ ਨੂੰ, ਦੋਸਤਾਂ ਨੂੰ, ਹਮਦਰਦਾਂ ਨੂੰ ਚਿੱਠੀਆਂ ਲਿਖਦੇ ਹਨ ਤਾਂ ਅੰਤ ਵਿਚ ਲਿਖ ਦਿੰਦੇ ਹਨ—ਆਪ ਦਾ ਸ਼ੁਭਚਿੰਤਕ। ਇਹ ਸਭ ਝੂਠ ਲਿਖਿਆ ਹੁੰਦੈ। ਜੋ ਸ਼ੁਭ ਨਹੀਂ ਹੈ, ਉਹ ਸ਼ੁਭਚਿੰਤਕ ਨਹੀਂ ਹੈ। ਹੋ ਹੀ ਨਹੀਂ ਸਕਦਾ। ਸ਼ੁਭਚਿੰਤਕ ਹੋਣ ਵਾਸਤੇ ਪਹਿਲੇ ਸ਼ੁਭ ਹੋਣਾ ਪਵੇਗਾ ਅਤੇ ਜਿੰਨੇ ਚਿਰ ਤਕ ਮਨ ਅਸ਼ੁੱਧ ਹੈ, ਮੈਲਾ ਹੈ ਤਾਂ ਪਤੈ ਸਤਿਗੁਰ ਕੀ ਕਹਿੰਦੇ ਹਨ, "ਮਨਿ ਮੈਲੈ ਸਭੁ ਕਿਛੁ ਮੈਲਾ" ਜਿਸ ਦਾ ਮਨ ਮੈਲਾ ਹੈ, ਉਸ ਦਾ ਦਾਨ ਭੀ ਮੈਲਾ, ਉਹਦਾ ਗਿਆਨ ਭੀ ਮੈਲਾ, ਉਹਦਾ ਪੁੰਨ ਭੀ ਮੈਲਾ, ਉਹਦਾ ਮਸਜਿਦ, ਮੰਦਰ, ਗੁਰਦੁਆਰੇ ਵਿਚ ਬੈਠਣਾ ਭੀ ਮੈਲਾ, ਕੋਈ ਪੁੰਨ ਨਹੀਂ ਹੈ, "ਮਨਿ ਮੈਲੈ ਸਭੁ ਕਿਛੁ ਮੈਲਾ"। ਉਸ ਦੇ ਕੋਲੋਂ ਜਿਹੜੀ ਭੀ ਕਿਰਿਆ ਪ੍ਰਗਟ ਹੋਵੇਗੀ, ਸਭ ਮੈਲੀ ਹੋਵੇਗੀ :

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥

(ਵਡਹੰਸੁ ਮਹਲਾ ੩, ਪੰਨਾ 558)

ਇਸ ਮੈਲ ਨੂੰ ਕਿਵੇਂ ਧੋਣਾ ਹੈ ? ਗੁਰੂ ਨਾਨਕ ਦੇਵ ਜੀ ਮਹਾਰਾਜ ਇਕ ਢੰਗ ਦੱਸਦੇ ਹਨ, ਮੈਂ ਫਿਰ ਅਰਜ਼ ਕਰ ਦੇਵਾਂ। ਸ਼ੁਭ ਦੇਖਣਾ ਹੈ ਤਾਂ ਕੁਝ ਪਸ਼ੂਆਂ ਵਿਚ ਭੀ ਦਿਖਾਈ ਦੇ ਜਾਵੇਗਾ। ਦੋਖ-ਦ੍ਰਿਸ਼ਟੀ, ਅਸ਼ੁੱਭ ਦ੍ਰਿਸ਼ਟੀ ਜੇਕਰ ਐਸਾ ਹੀ ਦੇਖਣਾ ਹੈ ਤਾਂ ਦੇਵਤਿਆਂ ਵਿਚ ਭੀ ਕੁਝ ਨਾ ਕੁਝ ਔਗੁਣ ਦਿਖਾਈ ਦੇਣਗੇ। ਛਾਣ-ਬੀਣ ਕਰਨ ਵਾਲਿਆਂ ਨੇ ਬੜੇ ਬੜੇ ਅਵਤਾਰਾਂ ਵਿਚ ਭੀ ਨੁਕਸ ਕੱਢੇ ਹਨ। ਇਸ ਤਰ੍ਹਾਂ ਦੀ ਗਹਿਰੀ ਦੋਖ-ਦ੍ਰਿਸ਼ਟੀ ਰੱਖਣ ਵਾਲਿਆਂ ਦੇ ਸਾਹਮਣੇ ਕੋਈ ਦੇਵਤਾ ਭੀ ਮਹਾਨ ਨਹੀਂ ਹੈ। ਦੋਖ-ਦ੍ਰਿਸ਼ਟੀ ਦਾ ਇਕ ਬਹੁਤ ਭਾਰੀ ਨੁਕਸਾਨ ਹੈ। ਕੀ ? ਹਰ ਇਕ ਦੇ ਵਿਚ ਔਗੁਣ ਵੇਖਦੇ ਜਾਣਾ, ਹਰ ਇਕ ਨੂੰ ਗਹਿਰਾਈ ਨਾਲ ਵੇਖਣਾ। ਸਹਿਜੇ ਸਹਿਜੇ ਇਕ ਦਿਨ ਉਨ੍ਹਾਂ ਔਗੁਣਾਂ ਨਾਲ ਹੀ ਸੰਬੰਧ ਜੁੜ ਜਾਂਦਾ ਹੈ। ਜਾਂ ਮੈਂ ਇੰਝ ਕਹਾਂ, ਔਗੁਣ ਵੇਖਣਾ ਸਭ ਤੋਂ ਵੱਡਾ ਔਗੁਣ ਹੈ, ਦੋਖ ਵੇਖਣਾ ਸਭ ਤੋਂ ਵੱਡਾ ਦੋਖ ਹੈ। ਦੋਖ ਦੇਖਣ ਵਾਸਤੇ ਅਗਲੇ ਦੇ ਪੜਦੇ ਚੁੱਕਣੇ ਪੈਣਗੇ ਅਤੇ ਆਪ ਦੀ ਗਿਆਤ ਲਈ ਅਰਜ਼ ਕਰਾਂ ਕਿ ਪਰਮਾਤਮਾ ਐਸਾ ਰਹੀਮ ਕਰੀਮ ਹੈ ਕਿ ਸਭ ਦੇ ਪੜਦੇ ਢੱਕਦੈ :

ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ॥

(ਤੁਖਾਰੀ ਮਹਲਾ ੫, ਪੰਨਾ 1117)

ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਮਹਾਰਾਜ ਤਾਂ ਇਥੋਂ ਤਕ ਕਹਿੰਦੇ ਹਨ :

ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ॥

(ਗਉੜੀ ਸੁਖਮਨੀ ਮ: ੫, ਪੰਨਾ 270)

ਲੋਕਾਂ ਨੂੰ ਕੁਝ ਵੀ ਪਤਾ ਨਹੀਂ ਕਿ ਉਨ੍ਹਾਂ ਦੇ ਬਹੁਤ ਸਾਰੇ ਛਿਦਰ, ਬਹੁਤ ਸਾਰੇ ਅਵਗੁਣ ਢੱਕੇ ਪਏ ਹਨ। ਹੋਰ ਕਿਸੇ ਨੇ ਨਹੀਂ ਢੱਕੇ, ਪਰਮਾਤਮਾ ਨੇ ਢੱਕੇ ਹਨ, ਈਸ਼ਵਰ ਨੇ ਢੱਕੇ ਹਨ, ਪ੍ਰਭੂ ਨੇ ਢੱਕੇ ਹਨ, "ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ" ਕਿਤਨੀ ਬੇਈਮਾਨੀ, ਕਿਤਨੀ ਠੱਗੀ, ਅਹੰਕਾਰ-ਆਸ਼੍ਰਿਤ ਕੀਤੇ ਗਏ ਕਰਮ, ਲੋਭ-ਆਸ਼੍ਰਿਤ ਕੀਤੇ ਗਏ ਕਰਮ ਸਭ ਢੱਕੇ ਪਏ ਹਨ, ਕਿਸੇ ਨੂੰ ਕੁਝ ਵੀ ਨਹੀਂ ਪਤਾ। ਪਰਮਾਤਮਾ ਨੂੰ ਪਤਾ ਹੈ ਅਤੇ ਪਰਮਾਤਮਾ ਦੇਖਦਾ ਹੈ ਤੇ ਪੜਦਾ ਪਾਈ ਜਾ ਰਿਹੈ। ਮਨੁੱਖ ਦੇਖਦਾ ਭੀ ਨਹੀਂ ਤੇ ਪੜਦੇ ਚੁੱਕੀ ਜਾਂਦਾ ਹੈ, ਮਨੁੱਖ ਪੜਦੇ ਚੁੱਕਦੈ—ਦੋਖ-ਦ੍ਰਿਸ਼ਟੀ ਹੈ। ਸ਼ੁਭ ਦ੍ਰਿਸ਼ਟੀ—ਆਪ ਦੀ ਗਿਆਤ ਲਈ ਅਰਜ਼ ਕਰਾਂ, ਸ਼ੁਭ ਦ੍ਰਿਸ਼ਟੀ ਵਾਲਾ ਮਨੁੱਖ ਹਰ ਇਕ ਵਿਚ ਗੁਣ ਵੇਖਦਿਆਂ ਵੇਖਦਿਆਂ, ਇਕ ਦਿਨ ਆਪ ਗੁਣਾਂ ਦਾ ਸਾਗਰ ਬਣ ਜਾਂਦਾ ਹੈ। ਇਸ ਵਾਸਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਸਾਨੂੰ ਸਮਝਾ ਰਹੇ ਹਨ, "ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ"। ਹਰ ਮਨੁੱਖ ਗੁਣਾਂ ਦਾ ਵਾਸੁਲਾ ਹੈ, ਗੁਣਾਂ ਦਾ ਡੱਬਾ ਹੈ, ਕੁਝ ਨਾ ਕੁਝ ਗੁਣ ਤਾਂ ਹਰ ਇਕ ਦੇ ਕੋਲ ਹਨ :

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥
ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥

ਹੁਣ ਮੈਂ ਫਿਰ ਅਰਜ਼ ਕਰਾਂ। ਦੋਖ-ਦ੍ਰਿਸ਼ਟੀ ਦੂਜੇ ਨੂੰ ਬੜਾ ਗਹਿਰਾ ਵੇਖਦੀ ਹੈ ਅਤੇ ਆਪਣਿਆਂ ਨੂੰ ਓਪਰਾ ਓਪਰਾ ਦੇਖਦੀ ਹੈ। ਸ਼ੁਭ ਦ੍ਰਿਸ਼ਟੀ ਆਪਣੇ-ਆਪ ਨੂੰ ਬੜਾ ਗਹਿਰਾ ਵੇਖਦੀ ਹੈ ਅਤੇ ਦੂਜੇ ਨੂੰ ਓਪਰਾ ਓਪਰਾ ਵੇਖਦੀ ਹੈ। ਜਿਸ ਦੀ ਦ੍ਰਿਸ਼ਟੀ ਸ਼ੁਭ ਹੋ ਗਈ ਹੈ, ਉਹਦਾ ਮਨ ਸ਼ੁਭ ਹੈ ਤੇ ਜਿਸ ਦਾ ਮਨ ਸ਼ੁਭ ਹੈ, ਉਹੀ ਭਗਤ ਹੈ, ਉਹ ਸਤਿਸੰਗੀ ਹੈ, ਉਹ ਗੁਰਮੁਖ ਹੈ, ਉਹੀ ਪਰਮਾਤਮਾ ਦੇ ਮਾਰਗ ਉੱਤੇ ਚਲਿਐ। ਜਿਸ ਦੀ ਖਲੜੀ ਦੇ ਥੱਲੇ ਮਾਸ, ਹੱਡੀਆਂ ਦੀ ਦੁਰਗੰਧ ਨਹੀਂ ਹੈ। ਪਰ ਕੋਈ ਵੀ ਐਸਾ ਨਹੀਂ ਹੈ ਜਿਸ ਦੇ ਅੰਦਰ ਪਰਮਾਤਮਾ ਦੀ ਜਗਦੀ ਜੋਤਿ ਨਹੀਂ ਹੈ। ਈਸ਼ਵਰੀ ਨੂਰ ਨਹੀਂ ਹੈ, "ਸਭ ਮਹਿ ਜੋਤਿ ਜੋਤਿ ਹੈ ਸੋਇ"। ਉਹ ਜਗਮਗਾਂਦੀ ਜੋਤਿ ਸਾਰਿਆਂ ਵਿਚ ਹੈ। ਭਿਅੰਕਰ ਦੁਰਗੰਧ ਵੀ ਸਾਰਿਆਂ ਵਿਚ ਹੈ। ਹੱਡੀਆਂ ਤੇ ਮਾਸ ਸਾਰਿਆਂ ਵਿਚ ਹੈ। ਦੇਖਣਾ ਕੀ ਹੈ ? ਸ਼ੁਭ ਦ੍ਰਿਸ਼ਟੀ ਤੇ ਦੋਖ-ਦ੍ਰਿਸ਼ਟੀ। ਮੈਂ ਫਿਰ ਅਰਜ਼ ਕਰਾਂ, ਸ਼ੁਭ ਦ੍ਰਿਸ਼ਟੀ ਹੈ ਤਾਂ ਕੁਝ ਪਸ਼ੂਆਂ ਵਿਚ ਭੀ ਸ਼ੁਭ ਦਿਖਾਈ ਦੇਵੇਗਾ। ਜਿਵੇਂ ਸਿੱਖ ਜਗਤ ਦੇ ਮਹਾਨ ਦਾਰਸ਼ਨਿਕ ਆਚਾਰੀਆ, ਭਾਈ ਸਾਹਿਬ ਭਾਈ ਗੁਰਦਾਸ ਜੀ ਹਨ।

ਉਹ ਕੁਝ ਪਸ਼ੂਆਂ ਦੇ ਗੁਣ ਸਾਡੇ ਸਾਹਮਣੇ ਰੱਖਦੇ ਹਨ। ਉਨ੍ਹਾਂ ਨੂੰ ਪਸ਼ੂਆਂ ਵਿਚ ਭੀ ਕੁਝ ਗੁਣ ਦਿਖਾਈ ਦਿੱਤੇ ਹਨ ਅਤੇ ਉਹ ਪਸ਼ੂ ਸਾਡੇ ਸਾਹਮਣੇ ਕੀਤੇ ਹਨ। ਦੋਖ-ਦ੍ਰਿਸ਼ਟੀ ਵਾਲਿਆਂ ਅਤੇ ਮਨੁੱਖ ਦੇ ਦੇਵਤਿਆਂ ਨੂੰ ਅੱਗੇ ਕਰਕੇ ਨੰਗਾ ਕਰਦੈ। ਐਸੇ ਦੇਵਤੇ ਵਿਚ ਐਹ ਔਗੁਣ ਹੈ, ਇਸ ਅਵਤਾਰ ਵਿਚ ਇਹ ਕਮੀ ਹੈ। ਇਸ ਪੈਗ਼ੰਬਰ ਵਿਚ ਇਹ ਕਮਜ਼ੋਰੀ ਹੈ। ਮਿਲਦੇ ਹਨ ਇਸ ਤਰ੍ਹਾਂ ਦੇ ਲੋਕ ਭੀ ਦਾਸ ਨੂੰ, ਭ੍ਰਮਣ ਕਰਦਿਆਂ ਮਿਲਦੇ ਹਨ, ਜੋ ਅਵਤਾਰਾਂ ਦੀਆਂ ਖ਼ਾਮੀਆਂ ਦੱਸਦੇ ਹਨ, ਹੈਰਾਨਗੀ ਹੈ। ਹਰ ਅਵਤਾਰ ਨੇ ਆਪਣੇ ਸਮੇਂ ਦੇ ਮੁਤਾਬਕ ਫ਼ੈਸਲਾ ਕੀਤਾ ਹੁੰਦੈ। ਹਰ ਅਵਤਾਰੀ ਪੁਰਸ਼ ਨੇ ਆਪਣੇ ਯੁੱਗ ਦੇ ਮੁਤਾਬਕ ਪ੍ਰੰਪਰਾ ਬਣਾਈ ਹੁੰਦੀ ਹੈ, ਯੁੱਗ ਦੀ ਲੋੜ, ਸਮੇਂ ਦੀ ਲੋੜ। ਸਮਾਂ ਬਦਲਦੈ, ਤੌਰ ਤਰੀਕੇ ਵੀ ਬਦਲਦੇ ਹਨ। ਸਮੇਂ ਨਾਲ ਜੋ ਤੌਰ ਤਰੀਕੇ ਬਦਲ ਗਏ ਹਨ ਤਾਂ ਪਿਛਲੇ ਤੌਰ ਤਰੀਕਿਆਂ ਨੂੰ ਭੰਡਣਾ ਇਹ ਕੋਈ ਅਕਲਮੰਦੀ ਨਹੀਂ ਹੈ। ਪੁਰਾਣੇ ਅਵਤਾਰ ਨੇ ਜੋ ਵੀ ਕੀਤਾ, ਉਸ ਵਕਤ ਉਹੀ ਲੋੜ ਸੀ। ਸਾਰੇ ਅਵਤਾਰ ਆਪਣੇ ਸਮੇਂ ਦੇ ਮੁਤਾਬਕ, ਆਪਣੇ ਯੁੱਗ ਦੇ ਮੁਤਾਬਕ ਠੀਕ ਹਨ। ਜਿਵੇਂ ਸਰਦੀਆਂ ਵਿਚ ਬੰਦੇ ਨੇ ਗਰਮ ਕੱਪੜੇ ਪਾਏ ਹੁੰਦੇ ਹਨ, ਦੋ ਦੋ ਸਵੈਟਰਾਂ। ਫਿਰ ਗਰਮੀ ਆ ਜਾਂਦੀ ਹੈ ਤਾਂ ਮਨੁੱਖ ਉਹ ਸਾਰੇ ਕੱਪੜੇ ਲਾਹ ਦਿੰਦਾ ਹੈ ਅਤੇ ਹਲਕੇ ਸੂਤੀ ਕੱਪੜੇ, ਠੰਢੇ ਕੱਪੜੇ ਪਾਉਂਦਾ ਹੈ। ਤਾਂ ਕੀ ਉਸ ਨੂੰ ਆਖੀਏ ਕਿ ਹੱਦ ਹੋ ਗਈ, ਤੂੰ ਤਾਂ ਪ੍ਰੰਪਰਾ ਹੀ ਤੋੜ ਕੇ ਰੱਖ ਦਿੱਤੀ। ਪ੍ਰੰਪਰਾ ਤਾਂ ਮੋਟੇ ਕੱਪੜੇ, ਗਰਮ ਕੱਪੜੇ ਪਾਉਣ ਦੀ ਸੀ, ਪਰ ਇਹ ਤੂੰ ਕੀ ਕੀਤੈ! ਉਹ ਕਹਿ ਸਕਦੈ ਕਿ ਪ੍ਰੰਪਰਾ ਸੀ, ਪਰ ਸਰਦੀ ਵਿਚ ਪਾਉਣ ਦੀ, ਗਰਮੀ ਵਿਚ ਪਾਉਣ ਦੀ ਇਹ ਪ੍ਰੰਪਰਾ ਨਹੀਂ ਹੈ। ਜਿਹੜੀ ਪ੍ਰੰਪਰਾ ਇਕ ਮਹਾਂ ਪੁਰਸ਼ ਨੇ, ਅਵਤਾਰ ਨੇ ਮਨੁੱਖਤਾ ਦੀ ਝੋਲੀ ਵਿਚ ਪਾਈ ਹੈ, ਉਸ ਯੁਗ ਦੀ ਉਹੀ ਲੋੜ ਸੀ। ਉਸ ਸਮੇਂ ਦੀ ਉਹੀ ਲੋੜ ਸੀ। ਇਸ ਵਾਸਤੇ ਕੋਈ ਅਵਤਾਰ ਗ਼ਲਤ ਨਹੀਂ, ਕੋਈ ਸੰਤ ਗ਼ਲਤ ਨਹੀਂ। ਇਹ ਤਾਂ ਮਨੁੱਖ ਦੀ ਦੋਖ-ਦ੍ਰਿਸ਼ਟੀ ਹੁੰਦੀ ਹੈ, ਅਖੇ ਨਹੀਂ ਜੀ, ਹੱਦ ਹੋ ਗਈ, ਉਹਨੇ ਤਾਂ ਕੱਪੜੇ ਹੀ ਬਦਲ ਲਏ ਤੇ ਕੌਣ ਦੱਸੇ ਉਸ ਨੂੰ ਕਿ ਰੁੱਤ ਹੀ ਬਦਲ ਗਈ ਹੈ। ਅੱਗੇ ਹੋਰ ਭੀ ਹੈ, ਸ਼ੁਭ ਦ੍ਰਿਸ਼ਟੀ ਅਤੇ ਦੋਖ-ਦ੍ਰਿਸ਼ਟੀ। ਇਕ ਮਾਸੂਮ ਬੱਚਾ ਹੈ। ਮਾਂ ਬਾਪ ਨੇ ਨਵਾਂ ਸੂਟ ਬਜ਼ਾਰੋਂ ਲਿਆ ਕੇ ਦਿੱਤਾ ਹੈ। ਪੰਜ ਛੇ ਸਾਲ ਦਾ ਬੱਚਾ ਹੈ, ਉਸ ਨੂੰ ਪਹਿਨਾਇਐ। ਬੱਚਾ ਬੜਾ ਖ਼ੁਸ਼ ਹੈ। ਦੋ ਵਾਰ ਪੁਆ ਕੇ ਮਾਂ ਬਾਪ ਨੇ ਧੋ ਕੇ ਰੱਖ ਦਿੱਤੇ। ਫਿਰ ਬੱਚਾ ਬਾਈ ਤੇਈ ਸਾਲ ਦਾ ਜੁਆਨ ਹੋ ਗਿਆ ਉਸ ਦਾ ਜਨਮ ਦਿਨ ਮਨਾਇਆ ਜਾ ਰਿਹੈ। ਉਹੀ ਸੂਟ ਜਿਹੜਾ ਸਾਂਭ ਕੇ ਰੱਖਿਆ ਸੀ, ਆਖਿਆ, ਬੇਟੇ, ਪਾ ਲੈ। ਉਹ ਬੱਚਾ ਕਹਿੰਦੈ, ਹੁਣ ਤਾਂ ਮੈਨੂੰ ਨਹੀਂ ਆ ਸਕਦਾ। ਹੱਦ ਹੋ ਗਈ, ਤੂੰ ਪਾਉਂਦਾ ਰਿਹੈਂ, ਤੈਨੂੰ ਪਵਾਉਂਦੇ

ਰਹੇ ਹਾਂ, ਤੂੰ ਬੜਾ ਖ਼ੁਸ਼ ਹੁੰਦਾ ਰਿਹੈਂ ਤੇ ਅਸੀਂ ਭੀ ਖ਼ੁਸ਼ ਹੁੰਦੇ ਰਹੇ ਹਾਂ, ਸਾਡੀ ਖ਼ੁਸ਼ੀ ਲਈ ਪਾ ਲੈ। ਹਾਂ, ਮੈਂ ਪਾਉਂਦਾ ਰਿਹਾਂ ਪਰ ਉਦੋਂ ਮੈਂ ਬੱਚਾ ਸੀ, ਹੁਣ ਮੈਂ ਜੁਆਨ ਹਾਂ। ਸੋ ਯੁਗ ਭੀ ਬੱਚੇ ਹੁੰਦੇ ਹਨ, ਯੁਗ ਭੀ ਜੁਆਨ ਹੁੰਦੇ ਹਨ। ਸਮਾਂ ਭੀ ਬੱਚਾ ਹੁੰਦੈ, ਸਮਾਂ ਭੀ ਜੁਆਨ ਹੁੰਦੈ ਅਤੇ ਸਮਾਂ ਬੁੱਢਾ ਭੀ ਹੁੰਦੈ। ਬੱਚੇ ਦੀਆਂ ਆਪਣੀਆਂ ਲੋੜਾਂ ਹਨ, ਜਵਾਨ ਦੀਆਂ ਆਪਣੀਆਂ ਲੋੜਾਂ ਹਨ, ਬੁੱਢੇ ਦੀਆਂ ਆਪਣੀਆਂ ਲੋੜਾਂ ਹਨ। ਵੱਡੀ ਬੇਵਕੂਫ਼ੀ ਹੋਵੇਗੀ ਕਿ ਬੱਚੇ ਦੀਆਂ ਲੋੜਾਂ ਕੋਈ ਜਵਾਨ ਦੇ ਉੱਤੇ ਥੋਪੇ। ਜਵਾਨ ਦੀਆਂ ਲੋੜਾਂ ਦੀ ਪੰਡ ਕੋਈ ਬੁੱਢੇ ਦੇ ਸਿਰ ਦੇ ਉੱਤੇ ਰੱਖ ਦੇਵੇ ਅਤੇ ਬੁੱਢੇ ਦੀਆਂ ਲੋੜਾਂ ਚਾਰ ਪੰਜ ਸਾਲ ਦੇ ਮਾਸੂਮ ਬੱਚੇ ਦੇ ਸਿਰ ਦੇ ਉੱਤੇ ਰੱਖ ਦੇਵੇ, ਇਹ ਕੋਈ ਅਕਲਮੰਦੀ ਨਹੀਂ। ਪ੍ਰੰਪਰਾਵਾਂ ਬਦਲਦੀਆਂ ਹਨ, ਯੁਗ ਬਦਲਦੇ ਹਨ। ਸਰੀਰ ਦੇ ਕੱਪੜੇ ਬਦਲਦੇ ਹਨ, ਸਰੀਰ ਵੀ ਬਦਲਦੈ। ਬਦਲਦੇ ਨੇ ਤੌਰ ਤਰੀਕੇ, ਯੁਗ ਵੀ ਬਦਲਦੇ ਹਨ। ਸਰੀਰ ਦੇ ਮੁਕਾਬਕ ਜੋ ਕੱਪੜੇ ਪਵਾਏ ਗਏ ਸਨ, ਉਸ ਵਕਤ ਠੀਕ ਸਨ। ਜਿਹੜੀ ਮਰਯਾਦਾ, ਜਿਹੜੀ ਪ੍ਰੰਪਰਾ, ਜਿਸ ਸਮੇਂ ਜਿਸ ਅਵਤਾਰੀ ਪੁਰਸ਼ ਨੇ ਮਨੁੱਖਤਾ ਦੀ ਝੋਲੀ ਵਿਚ ਪਾਈ ਸੀ, ਉਹੀ ਠੀਕ ਸੀ। ਬੜੀ ਚੋਟ ਪਹੁੰਚਦੀ ਹੈ ਉਦੋਂ ਦਿਲ ਨੂੰ ਜਦ ਕੋਈ ਅਵਤਾਰੀ ਪੁਰਸ਼ਾਂ ਨੂੰ ਭੰਡਣ ਲੱਗ ਪੈਂਦਾ ਹੈ। ਐਹ ਨਹੀਂ ਕੀਤਾ, ਐਹ ਇੰਝ ਕੀਤੈ, ਪਰ ਕੌਣ ਦੱਸੇ ਕਿ ਯੁਗ ਦੀ ਆਪਣੀ ਲੋੜ ਹੁੰਦੀ ਹੈ, ਸਰਦੀ ਦੇ ਆਪਣੇ ਕੱਪੜੇ ਹੁੰਦੇ ਹਨ, ਗਰਮੀ ਦੇ ਆਪਣੇ ਕੱਪੜੇ ਹੁੰਦੇ ਹਨ। ਮਾਸੂਮ ਬੱਚੇ ਦੇ ਆਪਣੇ ਕੱਪੜੇ ਹੁੰਦੇ ਹਨ, ਜਵਾਨ ਦੇ ਆਪਣੇ ਕੱਪੜੇ ਹੁੰਦੇ ਹਨ। ਮਾਸੂਮ ਬੱਚੇ ਦਾ ਆਪਣਾ ਭੋਜਨ ਹੁੰਦਾ ਹੈ, ਜਵਾਨ ਦਾ ਆਪਣਾ ਭੋਜਨ ਹੁੰਦੈ, ਪਰ ਦੋਖ-ਦ੍ਰਿਸ਼ਟੀ—ਦੋਖ ਦੇਖਣਾ ਹੀ ਦੇਖਣੈ, ਸ਼ੁਭ ਕੁਝ ਭੀ ਨਹੀਂ ਹੈ। ਬੜਾ ਭਾਰੀ ਨੁਕਸਾਨ ਹੈ ਦੋਖ-ਦ੍ਰਿਸ਼ਟੀ ਰੱਖਣ ਵਾਲੇ ਨੂੰ, ਇਕ ਦਿਨ ਖ਼ੁਦ ਵੱਡਾ ਦੋਖੀ ਹੋ ਕੇ ਰਹਿ ਜਾਂਦਾ ਹੈ, ਸ੍ਵੈਮ ਦੁਸ਼ਟ ਬਣ ਜਾਂਦਾ ਹੈ। ਸ਼ੁਭ ਦ੍ਰਿਸ਼ਟਿ—ਹਰ ਇਕ ਵਿਚ ਹੀ ਸ਼ੁਭ ਦੇਖਦਿਆਂ ਇਕ ਦਿਨ ਸ੍ਵੈਮ ਸ਼ੁਭ ਹੋ ਜਾਂਦਾ ਹੈ ਅਤੇ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ। ਬੜੀ ਧਾਰਮਿਕ ਸਾਧਨਾ ਕਰਦਾ ਹੋਵੇ, ਪਰ ਦ੍ਰਿਸ਼ਟੀ ਵਿਚ ਦੋਖ ਹੈ ਤਾਂ ਕੁਝ ਭੀ ਨਹੀਂ ਹੈ। ਦੋਖ-ਦ੍ਰਿਸ਼ਟੀ ਵਾਲਾ ਹਰ ਇਕ ਨੂੰ ਭੰਡੇਗਾ। ਰਵਿਦਾਸ ਕਹਿੰਦੇ ਹਨ :

ਜੇ ਓਹੁ ਅਠਸਠਿ ਤੀਰਥ ਨ੍ਹਾਵੈ ॥
ਜੇ ਓਹੁ ਦੁਆਦਸ ਸਿਲਾ ਪੂਜਾਵੈ ॥
ਜੇ ਓਹੁ ਕੂਪ ਤਟਾ ਦੇਵਾਵੈ ॥
ਕਰੈ ਨਿੰਦ ਸਭ ਬਿਰਥਾ ਜਾਵੈ ॥ *(ਗੋਂਡ ਰਵਿਦਾਸ ਜੀਉ, ਪੰਨਾ 875)*

ਅਠਾਹਠ ਤੀਰਥਾਂ ਦਾ ਇਸ਼ਨਾਨ ਕਰੇ, ਬੜੇ ਬੜੇ ਵ੍ਰਤ ਰੱਖੇ, ਬੜੀ ਭਾਰੀ ਧਿਆਨ ਸਾਧਨਾ ਕਰੇ, ਫਿਰ ਵੀ ਜੇ ਹਰ ਇਕ ਨੂੰ ਭੰਡੀ ਜਾ ਰਿਹੈ, ਤਾਂ

ਕੁੰਭੀ ਨਰਕ ਵਿਚ ਜਾਏਗਾ। ਕੀ ਹੋਇਐ ਜੇ ਦਾਨ ਪੁੰਨ ਕਰਦੈ! ਕੀ ਹੋਇਐ ਜੇ ਤੀਰਥਾਂ 'ਤੇ ਜਾਂਦਾ ਪਿਐ! ਦ੍ਰਿਸ਼ਟੀ ਵਿਚ ਦੋਖਪੁਣਾ ਹੈ। ਮੈਂ ਫਿਰ ਅਰਜ਼ ਕਰਾਂ, ਸ਼ੁਭ ਦ੍ਰਿਸ਼ਟੀ ਵਾਲਾ ਮਨੁੱਖ ਪਸ਼ੂਆਂ ਵਿਚ ਭੀ ਕੋਈ ਗੁਣ ਵੇਖ ਲੈਂਦਾ ਹੈ। ਦੋਖ-ਦ੍ਰਿਸ਼ਟੀ ਵਾਲੇ ਨੂੰ ਤਾਂ ਰੱਬ ਵਿਚ ਭੀ ਅਉਗੁਣ ਦਿਖਾਈ ਦਿੰਦੇ ਹਨ। ਥੋੜੇ ਦਿਨ ਹੋਏ ਇਕ ਨੌਜਵਾਨ ਨੇ ਮੈਨੂੰ ਕਿਹਾ, ਇਸ ਰੱਬ ਨੂੰ ਮਹਾਨ ਕਹਿਣ ਦੀ ਲੋੜ ਕੀ ਹੈ, ਜਿਸ ਨੇ ਇਤਨਾ ਦੁੱਖ ਬਣਾਇਐ! ਕਿਧਰੇ ਖ਼ੁਦ ਦੁਖੀ ਹੋਣੈ। ਪਰ ਉਸ ਨੇ ਇਹ ਕਾਰਨ ਦੇਖਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਮੈਂ ਕਿਉਂ ਦੁਖੀ ਹਾਂ। ਆਪ ਸ਼ਾਇਦ ਇਸ ਨੂੰ ਕਬੂਲ ਕਰੋਗੇ ਕਿ ਨਹੀਂ, ਮਨੁੱਖ ਆਪਣੇ ਦੁੱਖਾਂ ਦੇ ਬੀਜ ਆਪ ਹੀ ਬੋਂਦਾ ਹੈ, ਦੁੱਖ ਪਰਮਾਤਮਾ ਨਹੀਂ ਦਿੰਦਾ। ਪਰਮਾਤਮਾ ਦੁੱਖ ਦੇ ਹੀ ਨਹੀਂ ਸਕਦਾ। ਦੁੱਖ ਦੇਣਾ ਉਸ ਦਾ ਧਰਮ ਹੀ ਨਹੀਂ ਹੈ। ਦੁੱਖ ਦੇਣਾ ਉਸ ਦਾ ਸੁਭਾਉ ਹੀ ਨਹੀਂ ਹੈ। ਦੁੱਖ ਦੇਣਾ ਉਸ ਦੀ ਫ਼ਿਤਰਤ ਹੀ ਨਹੀਂ ਹੈ। ਜੋ ਆਪ ਆਨੰਦ ਸਰੂਪ ਹੈ, ਉਹ ਆਨੰਦ ਹੀ ਵੰਡਦਾ ਹੈ। ਜੋ ਮਹਾਂ ਰਸ ਹੈ, ਉਹ ਰਸ ਹੀ ਵੰਡਦੈ। ਜੋ ਮਹਾਂ ਚਾਨਣ ਹੈ, ਉਹ ਚਾਨਣ ਹੀ ਵੰਡਦੈ, ਅੰਧੇਰਾ ਨਹੀਂ ਵੰਡਦਾ ਤੇ ਮੈਂ ਫਿਰ ਕਿਉਂ ਭਟਕਦਾ ਪਿਆ ਹਾਂ ਅੰਧੇਰੇ ਵਿਚ? ਮੈਂ ਆਪਣੀਆਂ ਅੱਖਾਂ ਬੰਦ ਕਰ ਲਈਆਂ ਹੋਣਗੀਆਂ, ਸੂਰਜ ਤਾਂ ਚਮਕਦਾ ਪਿਐ ਤੇ ਹੁਣ ਜੇ ਮੈਂ ਅੱਖਾਂ ਬੰਦ ਕਰ ਕੇ ਠੋਕਰਾਂ ਖਾ ਰਿਹਾ ਹਾਂ ਤਾਂ ਇਹ ਮੈਂ ਆਪਣੇ ਲਈ ਆਪ ਦੁੱਖ ਬੋਇਐ। ਹਰ ਦੁੱਖ ਮਨੁੱਖ ਦੀ ਕਮਜ਼ੋਰੀ ਹੈ, ਮਨੁੱਖ ਦੀ ਭੁੱਲ ਹੈ। ਹਰ ਸੁਖ ਪ੍ਰਭੂ ਦੀ ਬਖ਼ਸ਼ਿਸ਼ ਹੈ, ਉਸ ਦੀ ਰਹਿਮਤ ਹੈ। ਮੈਂ ਫਿਰ ਦੁਹਰਾਵਾਂ, ਹਰ ਦੁੱਖ ਮਨੁੱਖ ਦੀ ਆਪਣੀ ਗ਼ਲਤੀ ਹੈ, ਮਨੁੱਖ ਦੀ ਆਪਣੀ ਭੁੱਲ ਹੈ, ਮਨੁੱਖ ਦੀ ਹੀ ਜ਼ਿੰਮੇਵਾਰੀ ਹੈ। ਹਰ ਅਨੰਦ, ਹਰ ਰਸ, ਹਰ ਸੁਖ ਪ੍ਰਭੂ ਦੀ ਬਖ਼ਸ਼ਿਸ਼ ਹੈ। ਉਸ ਦੀ ਬਖ਼ਸ਼ਿਸ਼ ਨਾਲੋਂ ਮਨੁੱਖ ਸੰਬੰਧ ਤੋੜ ਸਕਦੈ, ਪਰ ਰੱਬ ਨਾਲੋਂ ਸੰਬੰਧ ਤੋੜਨਾ, ਉਸ ਦੀ ਬਖ਼ਸ਼ਿਸ਼ ਨਾਲੋਂ ਸੰਬੰਧ ਤੋੜਨਾ ਹੁੰਦੈ। ਸੂਰਜ ਬਖ਼ਸ਼ਿਸ਼ ਕਰ ਰਿਹੈ, ਇਤਨਾ ਚਾਨਣਾ ਦੇ ਰਿਹੈ ਤੇ ਮੈਂ ਅੱਖਾਂ ਬੰਦ ਕਰ ਲੈਂਦਾ ਹਾਂ, ਸਮਝੋ ਕਿ ਉਸ ਦੀ ਬਖ਼ਸ਼ਿਸ਼ ਨਾਲੋਂ ਸੰਬੰਧ ਤੋੜ ਲੈਂਦਾ ਹਾਂ। ਜੇ ਮਨੁੱਖ ਸੂਰਜ ਦੀ ਬਖ਼ਸ਼ਿਸ਼ ਨਾਲੋਂ ਸੰਬੰਧ ਤੋੜ ਸਕਦਾ ਹੈ ਤਾਂ ਪ੍ਰਭੂ ਦੀ ਬਖ਼ਸ਼ਿਸ਼ ਨਾਲੋਂ ਭੀ ਮਨੁੱਖ ਸੰਬੰਧ ਤੋੜ ਸਕਦੈ। ਬਹੁਤੇ ਮਨੁੱਖ ਸੰਬੰਧ ਤੋੜ ਕੇ ਬੈਠੇ ਹਨ। ਪਰਮਾਤਮਾ ਨਾਲੋਂ ਸੰਬੰਧ ਤੋੜਨਾ ਸੁਖਾਂ ਨਾਲੋਂ ਸੰਬੰਧ ਤੋੜਨਾ ਹੈ। ਇਹ ਠੀਕ ਹੈ ਕਿ ਸੂਰਜ ਤੋਂ ਬਿਨਾਂ ਅਸੀਂ ਜੀਅ ਨਹੀਂ ਸਕਾਂਗੇ। ਜੇਕਰ ਉਹ ਠੰਢਾ ਪੈ ਗਿਆ ਤਾਂ ਅਸੀਂ ਠੰਢੇ ਹੋ ਜਾਵਾਂਗੇ। ਉਸ ਦੀ ਰੌਸ਼ਨੀ ਨਾਲੋਂ ਸੰਬੰਧ ਤੋੜ ਸਕਦੇ ਹਾਂ ਪਰ ਪਰਮਾਤਮਾ ਤੋਂ ਬਿਨਾਂ ਅਸੀਂ ਹੋ ਹੀ ਨਹੀਂ ਸਕਦੇ। ਅਸੀਂ ਹਾਂ ਤਾਂ ਉਸੇ ਦੀ ਸ਼ਕਤੀ ਕਰਕੇ, ਪਰ ਉਸ ਦੀ ਬਖ਼ਸ਼ਿਸ਼ ਨਾਲੋਂ ਸੰਬੰਧ ਤੋੜ ਸਕਦੇ ਹਾਂ। ਉਮੀਦ ਹੈ ਇਹ ਗੱਲ ਆਪ ਦੀ ਪਕੜ ਵਿਚ ਜ਼ਰੂਰ ਆਈ ਹੋਵੇਗੀ। ਕਿਸੇ ਤਰ੍ਹਾਂ ਉਸ ਨੂੰ ਭੁੱਲ

ਜਾਈਏ, ਗੱਲ ਖ਼ਤਮ। ਪਰਮਾਤਮਾ ਨੂੰ ਭੁੱਲਦਿਆਂ ਹੀ ਸਾਰੀਆਂ ਬਖ਼ਸ਼ਿਸ਼ਾਂ ਨਾਲੋਂ ਸੰਬੰਧ ਟੁੱਟ ਜਾਂਦਾ ਹੈ ਅਤੇ ਯਾਦ ਕਰਦਿਆਂ ਹੀ ਸਾਰੀਆਂ ਰਹਿਮਤਾਂ ਨਾਲ ਸੰਬੰਧ ਜੁੜ ਜਾਂਦਾ ਹੈ। ਭੁੱਲਦਿਆਂ ਹੀ ਮਹਾਂ ਰਸ ਨਾਲੋਂ ਸੰਬੰਧ ਟੁੱਟ ਕੇ ਜ਼ਿੰਦਗੀ ਬੇਰਸ ਹੋ ਜਾਂਦੀ ਹੈ। ਭੁੱਲਦਿਆਂ ਹੀ ਗੁਣਾਂ ਨਾਲੋਂ ਸੰਬੰਧ ਟੁੱਟ ਕੇ ਮਨੁੱਖ ਅਵਗੁਣਾਂ ਦੇ ਮੁਜੱਸਮੇ ਬਣ ਜਾਂਦੇ ਹਨ। ਭੁੱਲਦਿਆਂ ਹੀ ਸੁੱਖਾਂ ਨਾਲੋਂ ਸੰਬੰਧ ਟੁੱਟ ਕੇ ਮਨੁੱਖ ਵੱਡੇ ਦੁੱਖਾਂ ਦੀ ਖੱਡ ਵਿਚ ਗ਼ਰਕ ਹੋ ਜਾਂਦਾ ਹੈ। ਸੰਬੰਧ ਮਨੁੱਖ ਤੋੜ ਸਕਦੈ ਉਸ ਦੀ ਬਖ਼ਸ਼ਿਸ਼ ਨਾਲੋਂ, ਸੰਬੰਧ ਤੋੜ ਸਕਦੈ ਮਨੁੱਖ ਸੂਰਜ ਦੀ ਰੌਸ਼ਨੀ ਨਾਲੋਂ ਪਰ ਸੂਰਜ ਨਾਲੋਂ ਤਾਂ ਸੰਬੰਧ ਨਹੀਂ ਤੋੜ ਸਕਦਾ; ਪਰਮਾਤਮਾ ਨਾਲੋਂ ਤਾਂ ਅਸੀਂ ਸੰਬੰਧ ਤੋੜ ਨਹੀਂ ਸਕਦੇ, ਸਾਡੇ ਵਿਚ ਕੋਈ ਤਾਕਤ ਹੀ ਨਹੀਂ ਪਰ ਉਸ ਦੀ ਬਖ਼ਸ਼ਿਸ਼ ਨਾਲੋਂ ਸੰਬੰਧ ਤੋੜ ਸਕਦੇ ਹਾਂ। ਉਸ ਦੀ ਬਖ਼ਸ਼ਿਸ਼ ਤੋਂ ਅਸੀਂ ਵਾਂਝੇ ਹੋ ਸਕਦੇ ਹਾਂ। ਇਸ ਵਾਸਤੇ ਗੁਰਬਾਣੀ ਕਹਿੰਦੀ ਹੈ, "ਆਪੇ ਬੀਜਿ ਆਪਿ ਹੀ ਖਾਹੁ"। ਜੇਕਰ ਤੇਰੇ ਕੋਲ ਦੁੱਖ ਹਨ ਤਾਂ ਤੂੰ ਆਪ ਹੀ ਬੋਏ ਹਨ ਇਸਦੇ ਬੀਜ, ਤੇਰੇ ਦੁੱਖ ਲਈ ਪਰਮਾਤਮਾ ਜ਼ਿੰਮੇਂਵਾਰ ਨਹੀਂ। ਪਰਮਾਤਮਾ ਤਾਂ ਚਾਨਣਾ ਹੈ ਅਤੇ ਜੇ ਤੂੰ ਅੰਧੇਰੇ ਵਿਚ ਭਟਕਦਾ ਪਿਆ ਹੈਂ, ਤਾਂ ਜ਼ਰੂਰ ਤੂੰ ਅੱਖਾਂ ਬੰਦ ਕੀਤੀਆਂ ਹੋਣੀਆਂ ਹਨ। ਉਹ ਤਾਂ ਸੁੱਖਾਂ ਦਾ ਸਾਗਰ ਹੈ। ਜੇ ਤੂੰ ਦੁਖੀ ਹੈਂ ਤਾਂ ਤੂੰ ਸੰਬੰਧ ਤੋੜੇ ਹੋਣੇ ਹਨ। ਉਹ ਤਾਂ ਮਹਾਂ ਰਸ ਹੈ। ਜੇ ਤੂੰ ਬੇਰਸੀ ਵਿਚ ਜ਼ਿੰਦਗੀ ਬਤੀਤ ਕਰ ਰਿਹੈਂ, ਤਾਂ ਤੂੰ ਸੰਬੰਧ ਤੋੜਿਆ ਹੋਵੇਗਾ। ਉਹ ਤਾਂ ਮਹਾਂ ਚਾਨਣ ਹੈ, ਮਹਾਂ ਰਸੁ ਹੈ, ਮਹਾਂ ਆਨੰਦ ਹੈ। ਗ਼ਜ਼ਬ ਦੀ ਗੱਲ ਹੈ ਕਿ ਸੂਰਜ ਤੋਂ ਜਦੋਂ ਧਰਤੀ ਇਕ-ਪਾਸੇ ਹੋ ਜਾਂਦੀ ਹੈ ਤਾਂ ਰਾਤ ਹੋ ਜਾਂਦੀ ਹੈ, ਅੰਧੇਰਾ ਹੋ ਜਾਂਦਾ ਹੈ। ਸੂਰਜ ਦੇ ਹੁੰਦਿਆਂ ਹੋਇਆਂ ਭੀ ਪ੍ਰਿਥਵੀ 'ਤੇ ਅੰਧੇਰਾ ਹੋ ਜਾਂਦਾ ਹੈ, ਪਰ ਪਰਮਾਤਮਾ ਦੀ ਬਖ਼ਸ਼ਿਸ਼ ਤਾਂ ਦਿਨ ਰਾਤ ਹਰ ਵਕਤ ਹੋ ਰਹੀ ਹੈ, ਉਸ ਦੀ ਬਖ਼ਸ਼ਿਸ਼ ਕਦੀ ਨਹੀਂ ਰੁਕਦੀ। ਉਹ ਹਰ ਵਕਤ ਦੇ ਰਿਹੈ, ਹਰ ਵਕਤ ਬਖ਼ਸ਼ਿਸ਼ ਕਰ ਰਿਹੈ, ਪਰ ਮਨੁੱਖ ਉਸ ਦੀ ਬਖ਼ਸ਼ਿਸ਼ ਨਾਲੋਂ ਸੰਬੰਧ ਤੋੜ ਸਕਦੈ। ਕਥਾ ਕੀਰਤਨ ਕੇਵਲ ਇਸ ਵਾਸਤੇ ਹਨ ਕਿ ਉਹਦੀ ਜਿਹੜੀ ਰਹਿਮਤ ਹੋ ਰਹੀ ਹੈ, ਬਖ਼ਸ਼ਿਸ਼ ਹੋ ਰਹੀ ਹੈ, ਮਹਾਂ ਰਸ ਦੀ, ਮਹਾਂ ਅਨੰਦ ਦੀ, ਮਹਾਂ ਗੁਣਾਂ ਦੀ, ਮਨੁੱਖ ਆਪਣੀ ਪਾਤਰਤਾ ਜੁਟਾ ਲਵੇ। ਬਸ ਇਤਨੀ ਗੱਲ ਹੈ, ਹੋਰ ਕੁਝ ਭੀ ਨਹੀਂ। ਹੁਣ ਮੈਂ ਫਿਰ ਅਰਜ਼ ਕਰਾਂ, ਦੋਖ-ਦ੍ਰਿਸ਼ਟੀ ਵਾਲਾ ਮਨੁੱਖ ਸਾਰਿਆਂ ਵਿਚ ਦੋਖ ਦੇਖਦਿਆਂ ਦੇਖਦਿਆਂ ਫਿਰ ਰੱਬ ਵਿਚ ਭੀ ਦੋਖ ਦੇਖਣ ਲਗ ਪੈਂਦੈ। ਹੋਏ ਹਨ ਐਸੇ ਨਾਸਤਿਕ ਮਨੁੱਖ, ਜਿਹਨਾਂ ਨੇ ਈਸ਼ਵਰ ਤੋਂ ਇਨਕਾਰ ਕੀਤੈ। ਉਹਨਾਂ ਨੇ ਈਸ਼ਵਰ ਵਿਚ ਭੀ ਕੁਝ ਦੋਖ ਦੇਖੇ, ਭਗਵਾਨ ਵਿਚ ਭੀ ਦੋਖ ਦਿਖਾਈ ਦਿੱਤਾ। ਯਕੀਨ ਜਾਣੋ, ਜੇਕਰ ਸ਼ੁਭ ਦ੍ਰਿਸ਼ਟੀ ਹੈ, ਤਾਂ ਸ਼ੈਤਾਨ ਵਿਚ ਭੀ ਕੁਝ

ਗੁਣ ਦਿਖਾਈ ਦੇਣਗੇ। ਉਹਦੇ ਵਿਚ ਭੀ ਕੁਝ ਖ਼ੂਬੀਆਂ ਦਿਖਾਈ ਦੇਣਗੀਆਂ। ਕਿਤਨੀ ਸੋਹਣੀ ਸ਼ੁਭ ਦ੍ਰਿਸ਼ਟੀ ਹੈ ਭਾਈ ਸਾਹਿਬ ਭਾਈ ਗੁਰਦਾਸ ਜੀ ਕੋਲ। ਉਹ ਕੁਝ ਪਸ਼ੂਆਂ ਵਿਚ ਭੀ ਗੁਣ ਪਏ ਵੇਖਦੇ ਹਨ। ਉਨ੍ਹਾਂ ਦਾ ਇਕ ਸਵੱਯਾ ਹੈ, ਇਕ ਪਉੜੀ ਹੈ ਵਾਰਾਂ ਵਿਚ। ਦੋਵੇਂ ਤੁਹਾਡੇ ਸਾਹਮਣੇ ਰੱਖਾਂ:

ਜੈਸੇ ਏਕ ਚੀਟੀ ਪਾਛੈ ਕੋਟਿ ਚੀਟੀ ਚਲੀ ਜਾਤਿ,
ਇਕ ਟਕ ਪਗ ਡਗਮਗਿ ਸਾਵਧਾਨ ਹੈ॥

ਕਹਿੰਦੇ ਹਨ ਇਕ ਕੀੜੀ ਦੇ ਪਿੱਛੇ ਕਰੋੜਾਂ ਕੀੜੀਆਂ ਚਲ ਪੈਂਦੀਆਂ ਹਨ। ਇਕ ਉਨ੍ਹਾਂ ਦੀ ਰਹਿਬਰ ਹੁੰਦੀ ਹੈ। ਉਹ ਇਕ ਜਿਹੜੀ ਰਹਿਬਰ ਹੈ, ਪੂਰੀ ਜ਼ਿੰਮੇਵਾਰੀ ਨਾਲ ਚਲਦੀ ਹੈ ਕਿ ਜੇ ਮੈਂ ਭਟਕ ਗਈ ਤਾਂ ਕਰੋੜਾਂ ਨੇ ਭਟਕ ਜਾਣਾ ਹੈ ਅਤੇ ਜਿਹੜੀਆਂ ਕਰੋੜਾਂ ਪਿੱਛੇ ਚਲ ਰਹੀਆਂ ਹਨ, ਇਸ ਭਰੋਸੇ ਨਾਲ ਚਲ ਰਹੀਆਂ ਹਨ ਕਿ ਇਹ ਸਾਡੀ ਰਹਿਬਰ ਹੈ। ਰਹਿਬਰ ਦੇ ਪਿੱਛੇ ਚਲ ਰਹੀਆਂ ਹਨ। ਕਰੋੜਾਂ ਰਹਿਬਰ 'ਤੇ ਭਰੋਸਾ ਕਰ ਕੇ ਚਲ ਰਹੀਆਂ ਹਨ। ਰਹਿਬਰ ਦੀ ਇਕ ਗ਼ਲਤੀ ਕਰੋੜਾਂ ਗ਼ਲਤੀਆਂ ਵਰਗੀ ਹੈ। ਰਹਿਬਰ ਦਾ ਇਕ ਗੁਨਾਹ ਕਰੋੜਾਂ ਗੁਨਾਹਾਂ ਵਰਗੈ। ਚਾਹੇ ਉਹ ਰਹਿਬਰ ਸਮਾਜ ਦਾ ਹੋਵੇ, ਚਾਹੇ ਉਹ ਰਹਿਬਰ ਧਰਮ ਦਾ, ਚਾਹੇ ਉਹ ਰਹਿਬਰ ਦੇਸ ਦਾ ਹੋਵੇ। ਉਹਦਾ ਇਕ ਗੁਨਾਹ ਇਕ ਗੁਨਾਹ ਨਹੀਂ, ਉਹਦਾ ਗੁਨਾਹ ਕਰੋੜਾਂ ਗੁਨਾਹਾਂ ਵਰਗੈ। ਉਸ ਦੇ ਇਕ ਗੁਨਾਹ ਤੋਂ ਕਰੋੜਾਂ ਨੂੰ ਦੁੱਖ ਭੋਗਣਾ ਪਵੇਗਾ। ਇਕ ਕੀੜੀ ਭਟਕ ਗਈ ਤਾਂ ਕਰੋੜਾਂ ਭਟਕਣਗੀਆਂ। ਦੇਸ਼ ਦੇ ਮੁਖੀ ਭਟਕ ਜਾਣ, ਪਰਜਾ ਆਪੇ ਹੀ ਭਟਕ ਜਾਂਦੀ ਹੈ। ਦੇਸ਼ ਦੇ ਮੁਖੀ ਨੇਤਾ ਭ੍ਰਸ਼ਟ ਹੋ ਜਾਣ, ਬੇਈਮਾਨ ਹੋ ਜਾਣ, ਪਰਜਾ ਉਸੇ ਦੇ ਨਕਸ਼ੇ-ਕਦਮਾਂ ਉੱਪਰ ਚੱਲ ਪੈਂਦੀ ਹੈ। ਇਹ ਤਾਂ ਕੁਦਰਤੀ ਨਿਯਮ ਹੈ—ਯਥਾ ਰਾਜਾ ਤਥਾ ਪਰਜਾ। ਰਹਿਬਰ ਦਾ ਇਕ ਗੁਨਾਹ ਇਕ ਗੁਨਾਹ ਨਹੀਂ, ਕਰੋੜਾਂ ਗੁਨਾਹਾਂ ਵਰਗੈ। ਰਹਿਬਰ ਦੀ ਇਕ ਭੁੱਲ ਇਕ ਭੁੱਲ ਨਹੀਂ, ਕਰੋੜਾਂ ਭੁੱਲਾਂ ਵਰਗੀ ਹੈ। ਗ਼ਾਲਿਬ ਤੇ ਕਹਿੰਦੈ:

ਕਾਰਵਾਂ ਕੇ ਲੁਟ ਜਾਨੇ ਕਾ ਗ਼ਮ ਨਹੀਂ ਗ਼ਾਲਿਬ...

ਮੈਂ ਲੁਟਿਆ ਗਿਆ, ਮੈਂ ਬਰਬਾਦ ਹੋ ਗਿਆ, ਕਹਿੰਦਾ ਹੈ ਇਸ ਦੀ ਮੈਨੂੰ ਚਿੰਤਾ ਨਹੀਂ:

ਕਾਰਵਾਂ ਕੇ ਲੁਟ ਜਾਨੇ ਕਾ ਗ਼ਮ ਨਹੀਂ ਗ਼ਾਲਿਬ,
ਸਵਾਲ ਤੋ ਥਾ ਤੇਰੀ ਰਹਿਬਰੀ ਕਾ।

ਤੂੰ ਰਹਿਬਰ ਕਿਹੜੀ ਗੱਲ ਦਾ ਸੀ! ਤੇਰੇ ਹੁੰਦਿਆਂ ਅਸੀਂ ਤਬਾਹ ਹੋ ਗਏ, ਬਰਬਾਦ ਹੋ ਗਏ। ਤੂੰ ਦੇਸ਼ ਦਾ ਮੁਖੀ ਹੋਵੇਂ ਤੇ ਦੇਸ਼ ਭ੍ਰਸ਼ਟ ਹੋ ਜਾਏ। ਤੂੰ ਦੇਸ਼ ਦਾ ਮੁਖੀ ਹੋਵੇਂ ਤੇ ਦੇਸ਼ ਬੇਈਮਾਨ ਹੋ ਜਾਏ। ਤੂੰ ਦੇਸ਼ ਦਾ ਮੁਖੀ ਹੋਵੇਂ ਤੇ ਸਾਰਾ

ਦੇਸ਼ ਗ਼ਲਤ ਹੋ ਜਾਏ ਤਾਂ ਇਸ ਤੋਂ ਇਹ ਗੱਲ ਸਪੱਸ਼ਟ ਹੋ ਗਈ ਕਿ ਤੂੰ ਹੀ ਗ਼ਲਤ ਹੈਂ। ਰਹਿਬਰ ਦਾ ਇਕ ਗੁਨਾਹ ਇਕ ਗੁਨਾਹ ਨਹੀਂ ਹੁੰਦਾ। ਸਾਰੀ ਕੌਮ ਭਟਕ ਗਈ ਹੈ ਤਾਂ ਇਕ ਰਹਿਬਰ ਦਾ ਗੁਨਾਹ ਕਰੋੜਾਂ ਗੁਨਾਹਾਂ ਵਰਗਾ ਹੈ, ਚਾਹੇ ਉਹ ਕੌਮ ਦਾ ਮੁਖੀ ਹੈ, ਦੇਸ਼ ਦਾ ਮੁਖੀ ਹੈ, ਸਮਾਜ ਦਾ ਮੁਖੀ ਹੈ, ਧਰਮ ਦਾ ਮੁਖੀ ਹੈ। ਭਾਈ ਸਾਹਿਬ ਕਹਿੰਦੇ ਹਨ, ਇਕ ਕੀੜੀ ਪਿੱਛੇ ਕਰੋੜਾਂ ਕੀੜੀਆਂ ਚਲ ਪੈਂਦੀਆਂ ਹਨ। ਉਹ ਜਿਹੜੀ ਅੱਗੇ ਜਾ ਰਹੀ ਹੈ, ਪੂਰੀ ਜ਼ਿੰਮੇਵਾਰੀ ਨਾਲ ਜਾ ਰਹੀ ਹੈ ਕਿ ਜੇ ਮੈਂ ਭਟਕ ਗਈ ਤਾਂ ਕਰੋੜਾਂ ਨੇ ਭਟਕ ਜਾਣਾ ਹੈ ਅਤੇ ਜੋ ਪਿੱਛੇ ਪਿੱਛੇ ਜਾ ਰਹੀਆਂ ਹਨ, ਉਹ ਇਸ ਭਰੋਸੇ ਨਾਲ ਜਾ ਰਹੀਆਂ ਹਨ ਕਿ ਸਾਡਾ ਰਹਿਬਰ ਹੈ। ਕਰੋੜਾਂ ਨੇ ਇਕ 'ਤੇ ਭਰੋਸਾ ਕੀਤੈ ਅਤੇ ਇਕ ਨੇ ਕਰੋੜਾਂ ਦੀ ਜ਼ਿੰਮੇਵਾਰੀ ਚੁੱਕ ਲਈ ਹੈ। ਉਹ ਪੂਰੀ ਜ਼ਿੰਮੇਵਾਰੀ ਨਾਲ ਚਲ ਰਹੀ ਹੈ, ਸੁਚੇਤ ਹੋ ਕੇ ਚਲ ਰਹੀ ਹੈ :

> ਜੈਸੇ ਏਕ ਚੀਟੀ ਪਾਛੈ ਕੋਟਿ ਚੀਟੀ ਚਲੀ ਜਾਤਿ,
> ਇਕ ਟਕ ਪਗ ਡਗਮਗਿ ਸਾਵਧਾਨ ਹੈ॥
> ਜੈਸੇ ਕੂੰਜ ਪਾਂਤਿ ਭਲੀ ਭਾਂਤਿ ਸਾਂਤਿ ਸਹਜ ਮੈ,
> ਉਡਤ ਅਕਾਸ-ਚਾਰੀ ਆਗੈ ਅਗਵਾਨ ਹੈ॥ *(ਕਬਿੱਤ ਸਵੱਯੇ)*

ਕੂੰਜਾਂ ਦੀ ਡਾਰ, ਇਨ੍ਹਾਂ ਵਿਚ ਭੀ ਇਕ ਕੂੰਜ ਰਹਿਬਰ ਹੁੰਦੀ ਹੈ। ਉਹ ਅੱਗੇ ਹੁੰਦੀ ਹੈ ਅਤੇ ਬਾਕੀ ਕੂੰਜਾਂ ਉਸ ਦੇ ਪਿੱਛੇ ਚਲਦੀਆਂ ਹਨ। ਉਹ ਜਿਹੜੀ ਇਕ ਹੈ, ਉਹੀ ਰਸਤੇ ਦਾ ਚੁਣਾਉ ਕਰਦੀ ਹੈ। ਜਿਹੜੇ ਪਾਸੇ ਉਹ ਮੁੜਦੀ ਹੈ, ਬਾਕੀ ਸਾਰੀਆਂ ਉਸੇ ਪਾਸੇ ਮੁੜ ਜਾਂਦੀਆਂ ਹਨ। ਉਹ ਜਿਹੜੀ ਅੱਗੇ ਹੈ, ਜਿਸ ਦਰੱਖ਼ਤ 'ਤੇ ਉਹ ਬੈਠਣਾ ਚਾਹੁੰਦੀ ਹੈ, ਸਾਰੀਆਂ ਉਥੇ ਹੀ ਬੈਠ ਜਾਂਦੀਆਂ ਹਨ। ਉਹ ਜਿਹੜੇ ਪਾਸੇ, ਸੱਜੇ ਜਾਂ ਖੱਬੇ ਮੁੜਦੀ ਹੈ, ਬਾਕੀ ਸਾਰੀਆਂ ਉਸੇ ਪਾਸੇ ਮੁੜਦੀਆਂ ਹਨ। ਉਹ ਜਿਹੜੀ ਅੱਗੇ ਚਲ ਰਹੀ ਹੈ, ਪੂਰੀ ਜ਼ਿੰਮੇਵਾਰੀ ਨਾਲ, ਪੂਰੀ ਸੁਚੇਤ ਹੋ ਕੇ ਚਲ ਰਹੀ ਹੈ ਕਿ ਮੈਂ ਭਟਕ ਗਈ ਤਾਂ ਸੈਂਕੜੇ ਕੂੰਜਾਂ ਨੇ ਭਟਕ ਜਾਣੈ ਅਤੇ ਜੋ ਸੈਂਕੜੇ ਪਿੱਛੇ ਚਲ ਰਹੀਆਂ ਹਨ, ਇਸ਼ ਭਰੋਸੇ ਨਾਲ ਚਲ ਰਹੀਆਂ ਹਨ ਕਿ ਇਹ ਸਾਡੀ ਰਹਿਬਰ ਹੈ :

> ਜੈਸੇ ਮ੍ਰਿਗ-ਮਾਲ ਚਾਲ ਚਲਤ ਟਲਤ ਨਾਹਿ,
> ਜੜ੍ਹ ਤੜ੍ਹ ਅਗ੍ਰਭਾਗੀ ਰਮਤ ਤਤ ਧਿਆਨ ਹੈ॥ *(ਕਬਿੱਤ ਸਵੱਯੇ)*

ਹਿਰਨਾਂ ਦੇ ਟੋਲੇ ਵਿਚ ਇਕ ਬਾਰਾਸਿੰਗਾਂ ਹੁੰਦਾ ਹੈ, ਜੋ ਮੁਖੀ ਹੁੰਦਾ ਹੈ। ਉਨ੍ਹਾਂ ਸਾਰੀਆਂ ਹਿਰਨੀਆਂ ਤੇ ਹਿਰਨਾਂ ਦਾ ਰਸਤਾ ਉਹ ਬਾਰਾਸਿੰਗਾਂ ਚੁਣਦੈ। ਜਿਹੜੇ ਪਾਸੇ ਉਹ ਮੁੜਦੈ, ਸੱਜੇ ਖੱਬੇ, ਸਾਰੀਆਂ ਉਸੇ ਪਾਸੇ ਦੌੜਦੀਆਂ ਹਨ ਤੇ ਉਹ ਇਕ ਪੂਰੀ ਜ਼ਿੰਮੇਂਵਾਰੀ ਨਾਲ ਚਲਦੈ। ਕਹਿੰਦੇ ਤਾਂ ਹਨ ਜਗਤ ਦੀ

ਭੇਡਾ ਚਾਲ, ਪਰ ਬੜੇ ਧਿਆਨ ਨਾਲ ਸੁਣਨਾ। ਠੀਕ ਹੈ, ਸਾਰੀਆਂ ਭੇਡਾਂ ਇਕ ਭੇਡ ਦੇ ਪਿੱਛੇ ਚਲਦੀਆਂ ਹਨ, ਪਰ ਉਹ ਇਕ ਭੇਡ ਤਾਂ ਕਿਸੇ ਦੇ ਪਿੱਛੇ ਨਹੀਂ ਚਲਦੀ। ਉਹ ਤਾਂ ਆਪਣਾ ਰਸਤਾ ਆਪ ਚੁਣਦੀ ਹੈ। ਇਸ ਦਾ ਮਤਲਬ ਹੈ ਕਿ ਭੇਡਾਂ ਵਿਚ ਭੀ ਕੋਈ ਸਿਆਣੀ ਭੇਡ ਹੈ ਜੋ ਕਿਸੇ ਦੇ ਪਿੱਛੇ ਨਹੀਂ ਚਲਦੀ, ਸ੍ਵੈਮ ਰਸਤਾ ਬਣਾਂਦੀ ਹੈ, ਸ੍ਵੈਮ ਰਸਤੇ ਨੂੰ ਚੁਣਦੀ ਹੈ। ਜਗਤ ਦੀ ਭੇਡਾ ਚਾਲ, ਪਰ ਫਿਰ ਭੀ ਇਕ ਭੇਡ ਤਾਂ ਹੈ ਜੋ ਆਪਣੀ ਚਾਲ ਆਪ ਚਲਦੀ ਹੈ, ਜੋ ਆਪਣਾ ਰਸਤਾ ਆਪ ਲੱਭਦੀ ਹੈ, ਪਰ ਪੂਰੀ ਜ਼ਿੰਮੇਵਾਰੀ ਨਾਲ ਚਲਦੀ ਹੈ। ਪਸ਼ੂ ਜਗਤ ਵਿਚ ਭੀ ਇਸ ਤਰ੍ਹਾਂ ਦੇ ਹੁੰਦੇ ਹਨ। ਹਿਰਨਾਂ ਵਿਚ ਬਾਰਾਸਿੰਗਾਂ, ਸਾਰੀਆਂ ਹਿਰਨੀਆਂ ਦਾ ਰਸਤਾ ਚੁਣਦੈ। ਪੂਰੀ ਜ਼ਿੰਮੇਵਾਰੀ ਨਾਲ ਚਲਦੈ ਤੇ ਸਾਰਿਆਂ ਨੂੰ ਖ਼ਤਰੇ ਤੋਂ ਸਾਵਧਾਨ ਕਰਾਂਦੈ। ਪਿੱਛੇ ਚੱਲਣ ਵਾਲੇ ਹਿਰਨ ਤੇ ਹਿਰਨੀਆਂ ਉਹ ਇਸ ਭਰੋਸੇ ਨਾਲ ਚਲਦੇ ਹਨ ਕਿ ਸਾਡਾ ਰਹਿਬਰ ਹੈ। ਤੁਸੀਂ ਆਖੋਗੇ ਕਿ ਭਾਈ ਸਾਹਿਬ ਕਹਿਣਾ ਕੀ ਚਾਹੁੰਦੇ ਹਨ ? ਇਹ ਤਿੰਨ ਜਿਹੜੇ ਉਦਾਹਰਣ ਦਿੱਤੇ ਹਨ, ਕੀੜੇ ਦੇ, ਕੂੰਜ ਦੇ ਤੇ ਹਿਰਨਾਂ ਦੇ, ਸਾਨੂੰ ਸਮਝਾਣਾ ਕੀ ਚਾਹੁੰਦੇ ਹਨ ? ਚੌਥੀ ਪੰਗਤੀ ਧਿਆਨ ਨਾਲ ਸੁਣਨਾ :

ਚੀਟੀ ਖਗ ਮ੍ਰਿਗ ਸਨਮੁਖ ਪਾਛੇ ਲਾਗੇ ਜਾਹਿ,
ਪ੍ਰਾਨੀ ਗੁਰ ਪੰਥ ਛਾਡਿ ਚਲਿਤ ਅਗਿਆਨ ਹੈ॥੪੧੩॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

ਕੀੜੀ, ਕੂੰਜ ਤੇ ਹਿਰਨ ਆਪਣੇ ਮੁਖੀ ਦੇ ਪਿੱਛੇ ਚਲਦੇ ਹਨ, ਭਰੋਸੇ ਨਾਲ ਚਲਦੇ ਹਨ ਪਰ ਇਕ ਮਨੁੱਖ ਹੈ ਜਿਹੜਾ ਕਹਿ ਦਿੰਦੈ, ਗੁਰੂ ਨਾਨਕ, ਤੇਰਾ ਇਹ ਰਸਤਾ ਤੇ ਸਾਡਾ ਇਹ ਰਸਤਾ। ਅਸੀਂ ਨਹੀਂ ਚੱਲਣਾ ਤੇਰੇ ਪਿੱਛੇ, ਨਹੀਂ ਚੱਲਣਾ। ਐ ਕਲਗੀਧਰ! ਤੇਰਾ ਇਹ ਰਸਤਾ, ਸਾਡਾ ਇਹ ਰਸਤਾ। ਕੋਈ ਰਹਿਬਰਾਂ ਦੇ ਪਿੱਛੇ ਨਹੀਂ ਚਲਦਾ। ਹਾਂ, ਰਹਿਬਰ ਪੂਜੇ ਜਾਂਦੇ ਹਨ, ਪਰ ਉਨ੍ਹਾਂ ਦੇ ਨਕਸ਼ੇ-ਕਦਮ 'ਤੇ ਕੋਈ ਨਹੀਂ ਚਲਦਾ। ਰਾਮ ਨੂੰ ਪੂਜਿਆ ਜਾ ਰਿਹੈ, ਪਰ ਰਾਮ ਦੀ ਮਰਯਾਦਾ ਜ਼ਿੰਦਗੀ ਵਿਚ ਕੋਈ ਨਹੀਂ ਹੈ। ਇਹ ਹਕ਼ੀਕ਼ਤ ਹੈ। ਕ੍ਰਿਸ਼ਨ ਨੂੰ ਪੂਜਿਆ ਜਾ ਰਿਹਾ ਹੈ, ਕ੍ਰਿਸ਼ਨ ਦਾ ਖੇੜਾ, ਅਨੰਦ-ਰਸ, ਭਗਵਤ ਦਾ ਗਿਆਨ, ਮਨੁੱਖ ਦੇ ਕੋਲ ਕੋਈ ਨਹੀਂ; ਵਿਵਹਾਰ ਤੋਂ ਪਤਾ ਚਲਦਾ ਪਿਐ। ਵਿਵਹਾਰ ਤੋਂ ਪਤਾ ਚਲਦਾ ਪਿਐ ਮੁਸਲਮਾਨ ਦੇ ਕਿ ਇਹਦੇ ਵਿਵਹਾਰ ਦੇ ਵਿਚ ਕੁਰਾਨ ਦੀ ਛਾਪ ਨਹੀਂ ਹੈ। ਪੂਜ ਲੈਣਾ, ਪਾਠ ਕਰ ਲੈਣਾ, ਮੁਹੰਮਦ ਸਾਹਿਬ ਦਾ ਸਤਿਕਾਰ ਕਰ ਲੈਣਾ ਗੱਲ ਵੱਖਰੀ ਹੈ। ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣਾ, ਗੁਰੂ ਨਾਨਕ ਦੀ ਮਹਿਮਾ ਗਾਇਨ ਕਰਨੀ, ਕਲ਼ਗੀਧਰ ਦੀ ਮਹਿਮਾ ਗਾਇਨ ਕਰਨੀ, ਅਵਤਾਰਾਂ ਨੂੰ ਪੂਜਣਾ ਬੜਾ ਸੌਖਾ ਹੈ, ਪਰ ਅਵਤਾਰਾਂ ਦੇ ਨਕਸ਼ੇ-

ਕਦਮ 'ਤੇ ਚੱਲਣਾ ਬੜਾ ਔਖਾ ਹੈ। ਭਾਈ ਸਾਹਿਬ ਕਹਿੰਦੇ ਹਨ, "ਚੀਟੀ ਖਗ ਮ੍ਰਿਗ ਸਨਮੁਖ ਪਾਛੇ ਲਾਗੇ ਜਾਹਿ, ਪ੍ਰਾਨੀ ਗੁਰ ਪੰਥ ਛਾਡਿ ਚਲਿਤ ਅਗਿਆਨ ਹੈ॥" ਇਕ ਹੋਰ ਪਉੜੀ ਵਿਚ ਉਹ ਕਹਿੰਦੇ ਹਨ:

ਨੀਚਹੁ ਨੀਚ ਸਦਾਵਣਾ ਕੀੜੀ ਹੋਇ ਨ ਆਪੁ ਗਣਾਏ॥

ਇਤਨੀ ਛੋਟੀ ਹੈ ਕਿ ਇਹਦੀ ਹੋਂਦ ਦਾ ਪਤਾ ਹੀ ਨਹੀਂ ਚਲਦਾ। ਵਿਚਾਰੀ ਪੈਰਾਂ ਦੇ ਥੱਲੇ ਆ ਜਾਂਦੀ ਹੈ। ਕਿਸੇ ਦੇ ਪੈਰਾਂ ਦੇ ਥੱਲੇ ਕਿਹੜੀ ਆ ਗਈ, ਕਈ ਦਫ਼ਾ ਇਸ ਦਾ ਭੀ ਪਤਾ ਨਹੀਂ ਲੱਗਦਾ ਕਿ ਮੇਰੇ ਪੈਰਾਂ ਦੇ ਥੱਲੇ ਕੌਣ ਆਇਆ ? ਸ਼ੇਖ਼ ਸਾਅਦੀ ਸਾਹਿਬ ਕਹਿੰਦੇ ਹਨ, ਐ ਬੰਦੇ! ਹਾਥੀ ਦੇ ਪੈਰ ਥੱਲੇ ਜੋ ਤੇਰਾ ਹਾਲ ਹੁੰਦਾ ਹੈ, ਇਸੇ ਤਰ੍ਹਾਂ ਤੇਰੇ ਪੈਰ ਦੇ ਥੱਲੇ ਕੀੜੀ ਦਾ ਉਹੀ ਹਾਲ ਹੁੰਦੈ। ਉਸ ਨੇ ਇਕ ਨਜ਼ਮ ਲਿਖੀ ਹੈ ਇਸ ਦੇ ਉੱਪਰ। ਭਾਈ ਸਾਹਿਬ ਕਹਿੰਦੇ ਹਨ, "ਨੀਚਹੁ ਨੀਚ ਸਦਾਵਣਾ ਕੀੜੀ ਹੋਇ ਨ ਆਪੁ ਗਣਾਏ"। ਮਨੁੱਖ ਨੂੰ ਆਪਣਾ ਆਪ ਜਣਾਣਾ, ਆਪਣਾ ਗਿਣਾਣਾ, ਇਹ ਉਸ ਦੀ ਫ਼ਿਤਰਤ ਹੈ। 'ਮੈਂ ਕੁਝ ਹਾਂ', ਇਹ ਜਣਾਣਾ, ਇਹ ਗਿਣਾਣਾ, ਹੈਰਾਨਗੀ ਦੀ ਗੱਲ ਹੈ। ਸੇਵਕ ਹੋਣਾ ਤੇ ਸੇਵਾ ਕਰਨੀ, ਐਸੀ ਨਿਰਮਾਣਤਾ ਦੀ ਮੂਰਤੀ ਵਿੱਚੋਂ ਹੀ ਸੇਵਾ ਨਿਕਲਦੀ ਹੈ, ਪਰ ਮੈਂ ਦੇਖ ਕੇ ਹੈਰਾਨ ਹੁੰਦਾ ਹਾਂ, ਅਸੀਂ ਸੇਵਾਦਾਰ ਹਾਂ, ਸਾਥੋਂ ਵੱਡਾ ਸੇਵਾਦਾਰ ਕੋਈ ਨਹੀਂ। ਹੁਣ ਸੇਵਾਦਾਰੀ ਵਿਚ ਭੀ ਵੱਡਪੁਣਾ ਲਿਆਉਣਾ। ਮੈਂ ਇਤਨਾ ਹੀ ਕਹਿ ਸਕਦਾ ਹਾਂ ਇਸ ਵਕਤ, ਸੇਵਾਦਾਰੀ ਵਿਚ ਭੀ ਵੱਡਪੁਣਾ ਲੱਭਣਾ। ਇਸ ਵਾਸਤੇ ਮੈਂ ਦੇਖਦਾ ਹਾਂ ਕਿ ਜੋੜੇ ਝਾੜਨ ਵਾਲੇ ਜੋੜੇ ਮਾਰਨ ਲੱਗ ਪੈਂਦੇ ਹਨ, ਭਾਂਡੇ ਮਾਂਜਣ ਵਾਲੇ ਬੰਦਿਆਂ ਨੂੰ ਮਾਂਜਣ ਲੱਗ ਪੈਂਦੇ ਹਨ। ਉਲਟਾ ਹੀ ਕੰਮ ਕਰਨ ਲੱਗ ਪੈਂਦੇ ਹਨ। ਪੁੱਠੇ ਪੈ ਜਾਂਦੇ ਹਨ:

ਨੀਚਹੁ ਨੀਚ ਸਦਾਵਣਾ ਕੀੜੀ ਹੋਇ ਨ ਆਪੁ ਗਣਾਏ॥
ਗੁਰਮੁਖਿ ਮਾਰਗਿ ਚਲਣਾ ਇਕਤੁ ਖਡੁ ਸਹੰਸ ਸਮਾਏ॥

(ਵਾਰ 25, ਪਉੜੀ 8)

ਇਕ ਕੀੜੀ ਆਪਣੇ ਗੁਰੂ ਦੇ ਪਿੱਛੇ, ਮੁਖੀ ਦੇ ਪਿੱਛੇ ਚਲਦੀ ਹੈ। ਫਿਰ ਨਿੱਕੀ ਜਿਹੀ ਖੁੱਡ ਵਿਚ ਹਜ਼ਾਰਾਂ ਆ ਜਾਂਦੀਆਂ ਹਨ। ਪਿਆਰ ਨਾਲ ਰਹਿੰਦੀਆਂ ਹਨ। ਸੋਲਾਂ ਕਮਰਿਆਂ ਦਾ ਮਕਾਨ ਹੈ, ਦੋ ਭਰਾ ਨਹੀਂ ਰਹਿ ਸਕਦੇ, ਪਿਉ ਪੁੱਤਰ ਨਹੀਂ ਰਹਿ ਸਕਦੇ, ਸੱਸ ਤੇ ਨੂੰਹ ਨਹੀਂ ਰਹਿ ਸਕਦੀਆਂ। ਦੀਵਾਰ ਪਾਉ, ਵੰਡੀਆਂ ਕਰੋ। ਨਹੀਂ ਰਹਿ ਸਕਦੇ। ਪਰ ਨਿੱਕੀ ਜਿਹੀ ਖੁੱਡ ਵਿਚ ਹਜ਼ਾਰਾਂ ਕੀੜੀਆਂ ਰਹਿ ਸਕਦੀਆਂ ਹਨ। ਪਿਆਰ ਨਾਲ ਰਹਿੰਦੀਆਂ ਹਨ, ਭਾਈਚਾਰਾ ਹੈ। ਮਹਿਲ ਦੀ ਤਰ੍ਹਾਂ ਮਕਾਨ ਹੈ, ਦੋ ਭਰਾ ਨਹੀਂ ਰਹਿ ਸਕਦੇ। ਪਿਉ ਪੁੱਤਰ ਨਹੀਂ ਰਹਿ ਸਕਦੇ। ਮੈਂ ਰੁਲਦੇ ਦੇਖੇ ਹਨ ਬੁੱਢੇ ਮਾਂ ਬਾਪ। ਕਿਧਰੇ ਭਰਾ ਧੱਕੇ

ਖਾਂਦੇ ਹੋਏ ਦੇਖੇ ਹਨ ਮੈਂ। ਬੜਾ ਛੋਟਾ ਸਰੀਰ ਹੈ ਕੀੜੀ ਦਾ, ਪਰ ਜਿਗਰਾ ਬਹੁਤ ਵੱਡਾ ਹੈ। ਬੜਾ ਭਾਰੀ ਭਰਕਮ ਸਰੀਰ ਹੈ ਮਨੁੱਖ ਦਾ, ਪਰ ਕੀੜੀ ਵਰਗਾ ਜਿਗਰਾ ਮਨੁੱਖ ਕੋਲ ਨਹੀਂ ਹੈ। ਏਨਾ ਛੋਟਾ ਜਿਗਰਾ ਹੈ ਕਿ ਮਾਂ ਵਾਸਤੇ ਭੀ ਜਗ੍ਹਾ ਕੋਈ ਨਹੀਂ, ਪਿਉ ਵਾਸਤੇ ਭੀ ਜਗ੍ਹਾ ਕੋਈ ਨਹੀਂ, ਭਰਾ ਵਾਸਤੇ ਭੀ ਜਗ੍ਹਾ ਕੋਈ ਨਹੀਂ। ਫਿਰ ਅੱਗੇ ਜੋ ਭਾਈ ਸਾਹਿਬ ਕਹਿੰਦੇ ਹਨ:

ਘਿਅ ਸਕਰ ਦੀ ਵਾਸ ਲੈ ਜਿਥੈ ਧਰੀ ਤਿਥੈ ਚਲਿ ਜਾਏ॥

ਵਾਸਨਾ ਆ ਗਈ ਹੈ ਕਿ ਇਥੇ ਘਿਉ ਡੁਲ੍ਹਿਆ ਹੋਇਐ, ਇਥੇ ਸ਼ੱਕਰ ਪਈ ਹੈ। ਇਕੱਲੀ ਨਹੀਂ ਜਾਂਦੀ, ਹਜ਼ਾਰਾਂ ਕੀੜੀਆਂ ਨੂੰ ਨਾਲ ਲੈ ਕੇ ਜਾਂਦੀ ਹੈ, ਪਰ ਗ਼ਜ਼ਬ ਦੀ ਗੱਲ ਹੈ ਕਿ ਬੰਦੇ ਨੂੰ ਕਿਸੇ ਕੰਮ ਧੰਦੇ ਵਿਚ, ਬਿਜ਼ਨਿਸ ਵਿਚ ਪਤਾ ਚਲ ਜਾਏ ਤਾਂ ਉਹ ਛੁਪਾ ਕੇ ਰਖਦੈ ਕਿ ਪੜੋਸੀ ਨੂੰ ਨਾ ਪਤਾ ਚਲੇ, ਭਰਾ ਨੂੰ ਭੀ ਨਾ ਪਤਾ ਚੱਲੇ। ਭਰਾ ਭਰਾਵਾਂ ਕੋਲੋਂ ਛੁਪਾਂਦੇ ਹਨ। ਮੈਂ ਹੀ ਸਾਰਾ ਕਮਾ ਲਵਾਂ, ਮੈਂ ਹੀ ਆਪਣਾ ਸਾਰਾ ਘਰ ਭਰ ਲਵਾਂ। ਬਾਕੀਆਂ ਦਾ ਕੀ ਹੈ, ਭੁੱਖੇ ਪਿਆਸੇ ਰਹਿਣ। ਇਹ ਬਹੁਤ ਵੱਡੀ ਕਮਜ਼ੋਰੀ ਮਨੁੱਖ ਵਿਚ ਹੈ। ਮੈਂ ਦੋ ਵਾਰ ਕਾਰਖ਼ਾਨੇ ਫੈਕਟਰੀਆਂ ਦੇਖਣ ਗਿਆ, ਇਕ ਸਿੰਘ ਲੈ ਗਿਆ ਸੀ। ਕੁਝ ਪੁਰਸ਼ ਐਸੇ ਸਨ ਜਿਨ੍ਹਾਂ ਨੇ ਮੈਨੂੰ ਸਾਫ਼ ਕਹਿ ਦਿੱਤਾ, ਗਿਆਨੀ ਜੀ! ਇਹ ਸਾਰਾ ਸੀਕਰਿਟ ਹੈ, ਉਥੇ ਸਾਰੇ ਨਹੀਂ ਜਾਂਦੇ ਹੁੰਦੇ। ਮੈਨੂੰ ਤਾਂ ਕੱਖ ਭੀ ਸਮਝ ਨਹੀਂ, ਜਿਹੜੀ ਚੀਜ਼ ਤੁਸੀਂ ਮੈਨੂੰ ਦਿਖਾ ਰਹੇ ਹੋ, ਫਿਰ ਸੀਕਰਿਟ ਕਿਹੜੀ ਗੱਲ ਦਾ ? ਸਭ 'ਤੇ ਪੜਦਾ ਹੀ ਪਾਉਣਾ ਸੀ ਤਾਂ ਲਿਆਏ ਹੀ ਕਿਉਂ ? ਜਦ ਮੈਂ ਉਧਰ ਜਾਣ ਲੱਗਾ ਤਾਂ ਕਹਿਣ ਲੱਗੇ ਕਿ ਇਹ ਸੀਕਰਿਟ ਹੈ। ਕੁਝ ਛੁਪਾ ਕੇ ਰਖਿਐ। ਇਹ ਰਾਜ਼ ਵਿਚ ਹੈ। ਕਿਤੇ ਇਸ ਫ਼ੈਕਟਰੀ ਦਾ ਰਾਜ਼ ਦੂਜੇ ਨੂੰ ਪਤਾ ਨਾ ਚਲ ਜਾਏ। ਦੂਜਾ ਨਾ ਇਹ ਕੁਝ ਬਣਾਣ ਲੱਗ ਪਏ। ਦੂਜੇ ਦੇ ਮੂੰਹ ਵਿਚ ਬੁਰਕੀ ਨਹੀਂ ਪੈਣੀ ਚਾਹੀਦੀ, ਇਹ ਕਮਜ਼ੋਰੀ ਮਨੁੱਖ ਦੇ ਵਿਚ ਬਹੁਤ ਪ੍ਰਬਲ ਹੈ। ਕੀੜੀ ਨੂੰ ਪਤਾ ਚਲ ਜਾਏ ਕਿ ਏਥੇ ਹਜ਼ਾਰਾਂ ਦਾਣੇ ਖੰਡ ਦੇ ਪਏ ਹਨ ਤਾਂ ਉਹ ਇਕੱਲੀ ਨਹੀਂ ਜਾਂਦੀ, ਹਜ਼ਾਰਾਂ ਨੂੰ ਨਾਲ ਲੈ ਕੇ ਜਾਂਦੀ ਹੈ। ਜਗਾਧਰੀ ਦੀ ਗੱਲ ਹੈ, ਜਦ ਕਦੀ ਇਸ ਤਰ੍ਹਾਂ ਦੀ ਕਥਾ ਚੱਲੇ ਤਾਂ ਮੈਨੂੰ ਯਾਦ ਆ ਜਾਂਦੀ ਹੈ। ਜਮਨਾ ਦੀ ਨਹਿਰ 'ਤੇ ਸ਼ਾਮ ਨੂੰ ਟਹਿਲਣ ਲਈ ਨਿਕਲ ਜਾਂਦੇ ਸੀ। ਕਿਨਾਰੇ 'ਤੇ ਇਕ ਸੁਆਂਖ ਉੱਗੀ ਪਈ ਸੀ, ਬਾਜਰੇ ਤੋਂ ਭੀ ਛੋਟੇ ਛੋਟੇ ਦਾਣੇ ਹੁੰਦੇ ਹਨ ਇਸਦੇ। ਵਰਤ ਰੱਖਦੀਆਂ ਹਨ ਸਨਾਤਨ ਬੀਬੀਆਂ, ਵਰਤ ਵਾਲੇ ਦਿਨ ਇਹੀ ਖਾਂਦੀਆਂ ਹਨ, ਉਸ ਨੂੰ ਸੁਆਂਖ ਕਹਿੰਦੇ ਹਨ। ਸੁਆਂਖ ਪੱਕ ਕੇ ਡਿੱਗੀ ਪਈ ਸੀ। ਕੀੜੀਆਂ ਦੀ ਮੈਂ ਡਾਰ ਵੇਖੀ, ਇਕ ਆਂਦੀ ਹੋਈ, ਇਕ ਜਾਂਦੀ ਹੋਈ। ਇਕ ਜਾ ਰਹੀ ਹੈ ਸੁਆਂਖ ਦੀ ਤਰਫ਼ ਤੇ ਦੂਜੀ ਦਾਣੇ ਮੂੰਹ ਵਿਚ ਪਾ ਕੇ ਆਪਣੀ ਖੁੱਡ ਦੀ

ਤਰਫ਼ ਲਿਜਾ ਰਹੀ ਹੈ। ਖੁੱਡ ਮੈਂ ਕਦਮਾਂ ਨਾਲ ਨਾਪੀ ਸੀ, ਕੋਈ ਸੌ ਕੁ ਕਦਮਾਂ ਦੀ ਦੂਰੀ 'ਤੇ ਸੀ। ਇਤਨੀ ਦੂਰ ਲਿਜਾ ਰਹੀ ਸੀ। ਸੁਆਂਖ ਦੇ ਦਾਣੇ ਮੂੰਹ ਵਿਚ। ਮੈਂ ਉਸ ਤਰਫ਼ ਹੀ ਚਲ ਪਿਆ ਇਹ ਵੇਖਣ ਲਈ ਕਿ ਕਿਸ ਤਰਫ਼ ਜਾਂਦੀ ਹੈ। ਮੇਰੇ ਨਾਲ ਜਿਹੜੇ ਸੈਰ ਕਰਨ ਵਾਲੇ ਸਨ, ਉਹ ਕਹਿਣ ਲੱਗੇ, ਗਿਆਨੀਆਂ ਦੇ ਤਾਂ ਦਿਮਾਗ਼ ਖ਼ਰਾਬ ਹੀ ਹੁੰਦੇ ਹਨ। ਨਿੱਕੀਆਂ ਨਿੱਕੀਆਂ ਗੱਲਾਂ ਵਿਚ ਪਿੱਛੇ ਪੈ ਜਾਂਦੇ ਹਨ। ਮੇਰੇ ਹਮਉਮਰ ਸਨ। ਖੁਲ੍ਹ ਕੇ ਗੱਲ ਕਰਦੇ ਸਨ। ਮੈਂ ਕਿਹਾ, ਇੰਝ ਹੀ ਸਹੀ। ਮੈਨੂੰ ਕੁਝ ਨੁਕਤਾ ਲੱਭਦਾ ਪਿਐ, ਇੱਥੋਂ ਕੁਝ ਗੱਲ ਲੱਭਦੀ ਪਈ ਹੈ, ਖੁੱਡ ਦੇ ਵਿਚ ਦਾਣਾ ਰੱਖਿਆ ਤੇ ਵਾਪਸ। ਮੈਂ ਕਿਹਾ, ਇਸ ਨੂੰ ਪਤਾ ਹੈ ਕਿ ਜਿਹੜਾ ਦਾਣਾ ਮੈਂ ਰੱਖ ਕੇ ਜਾ ਰਹੀ ਹਾਂ, ਮੈਨੂੰ ਮਿਲੇਗਾ। ਮਨੁੱਖ ਦਾ ਤਾਂ ਬਾਹਰ ਜੋੜਾ ਰਹਿ ਜਾਏ, ਨਹੀਂ ਲੱਭਦਾ, ਅਗਲਾ ਲੈ ਜਾਂਦਾ ਹੈ। ਉਹ ਜੋ ਦਾਣਾ ਰੱਖ ਕੇ ਜਾ ਰਹੀ ਹੈ ਖੁੱਡ ਦੇ ਵਿਚ, ਉਸ ਨੂੰ ਪਤਾ ਹੈ ਕਿ ਮੈਨੂੰ ਮਿਲਣੈ। ਕਹਿਣ ਤੋਂ ਮੁਰਾਦ ਹੈ ਮਨੁੱਖ ਦੀ ਦੁਨੀਆਂ ਦਾ ਕੋਈ ਭਰੋਸਾ ਨਹੀਂ। ਪਰ ਕੀੜੀ ਇਕ ਦਾਣਾ ਰੱਖ ਕੇ ਜਾ ਰਹੀ ਹੈ। ਉਸ ਨੂੰ ਪਤਾ ਹੈ ਕਿ ਮੈਂ ਜਦ ਵਾਪਸ ਆਉਣਾ ਹੈ ਤਾਂ ਮੇਰਾ ਹੱਕ ਕਿਸੇ ਨੇ ਨਹੀਂ ਖੋਹਣਾ, ਮੇਰਾ ਹੱਕ ਮੈਨੂੰ ਮਿਲਣੈ :

ਘਿਅ ਸਕਰ ਦੀ ਵਾਸ ਲੈ ਜਿਥੈ ਧਰੀ ਤਿਥੈ ਚਲਿ ਜਾਏ॥
ਡੁਲੈ ਖੰਡੁ ਜੁ ਰੇਤੁ ਵਿਚਿ ਖੰਡੂ ਦਾਣਾ ਚੁਣਿ ਚੁਣਿ ਖਾਏ॥

ਇਕ ਦਾਣਾ ਖੰਡ ਦਾ ਇਧਰ ਪਿਐ, ਇਕ ਦਾਣਾ ਉਧਰ ਪਿਐ, ਉਹ ਰੇਤ ਵਿੱਚੋਂ ਭੀ ਸ਼ੱਕਰ ਦਾ ਦਾਣਾ ਕੱਢ ਲੈਂਦੀ ਹੈ। ਭਾਈ ਸਾਹਿਬ ਭਾਈ ਗੁਰਦਾਸ ਨੇ ਇਹ ਜੋ ਗੱਲ ਰਮਜ਼ ਵਿਚ ਕਹੀ ਹੈ, ਭਗਤ ਕਬੀਰ ਜੀ ਇਸ ਰਮਜ਼ ਨੂੰ ਖੋਲ੍ਹਦੇ ਹਨ :

ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ॥

(ਸਲੋਕ ਕਬੀਰ ਜੀ, ਪੰਨਾ 1377)

ਰੇਤ ਵਿਚ ਖੰਡ ਡੁਲ੍ਹੀ ਪਈ ਹੈ। ਕੋਈ ਦਾਣਾ ਕਿਧਰੇ, ਕੋਈ ਦਾਣਾ ਕਿਧਰੇ। ਰੱਬ ਦੀ ਝਲਕ ਕਿੱਥੋਂ ਲਵੋਗੇ ? ਕਿਹੜੀ ਜਗ੍ਹਾ ਤੋਂ ਲਵੋਗੇ ? ਗੁਣਾਂ ਤੋਂ ਮਿਲੇਗੀ ਤੇ ਗੁਣਾਂ ਦੀ ਝਲਕ ਕਿਥੇ ਵੇਖੋਗੇ ? ਕਿਸੇ ਮਨੁੱਖ ਵਿਚ, ਹੋਰ ਕਿਥੋਂ ਵੇਖੋਗੇ ! ਪਰ ਗੁਣਾਂ ਦੀ ਇਹ ਪੰਡ ਬੜੇ ਬੜੇ ਰੇਤ ਦੇ ਢੇਰ ਵਿਚ ਬਿਖਰੀ ਪਈ ਹੈ, ਕਿਉਂਕਿ ਕੋਈ ਐਸਾ ਮਨੁੱਖ ਨਹੀਂ ਜਿਸ ਵਿਚ ਰੇਤ ਨਹੀਂ ਹੈ, ਮਿੱਟੀ ਦਾ ਪੁਤਲਾ ਹੈ। ਮਹਾਰਾਜ ਗੁਰੂ ਨਾਨਕ ਤਾਂ ਮਨੁੱਖ ਦੀ ਇਤਨੀ ਵਕਾਲਤ ਕਰਦੇ ਹਨ :

ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ॥

(ਰਾਮਕਲੀ ਮਹਲਾ ੫, ਪੰਨਾ 882)

ਸਾਬਣ ਤੇ ਪਾਣੀ ਲੈ ਕੇ ਭੀ ਜੇ ਮੈਂ ਮਿੱਟੀ ਨੂੰ ਧੋਣਾ ਚਾਹਵਾਂ, ਤਾਂ ਹੇ ਪ੍ਰਭੂ! ਮਿੱਟੀ ਨੂੰ ਮੈਂ ਕਿਵੇਂ ਸਾਫ਼ ਕਰਾਂ ? ਮਿੱਟੀ ਵਿੱਚੋਂ ਹੁਣ ਮੈਂ ਮੈਲ ਕਿਵੇਂ ਕੱਢਾਂ ? ਇਹ ਮਿੱਟੀ ਦਾ ਪੁਤਲਾ ਹੈ, ਇਹਦੇ ਵਿਚ ਮੈਲ ਰਹੇਗੀ ਹੀ ਰਹੇਗੀ। ਇਤਨੀ ਵਕਾਲਤ ਕਰਦੇ ਹਨ ਧੰਨ ਗੁਰੂ ਨਾਨਕ ਮਨੁੱਖ ਦੀ, "ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ"। ਚੱਲਦਾ ਹੋਇਆ ਮਨੁੱਖ ਸੜਕ ਦੇ ਉੱਤੇ ਠੋਕਰ ਖਾ ਕੇ ਗਿਰ ਜਾਵੇ ਤਾਂ ਸਿਆਣੇ ਮਨੁੱਖ ਨੂੰ ਤਰਸ ਆ ਜਾਂਦਾ ਹੈ ਤਾਂ ਉਹ ਉਸਨੂੰ ਚੁਕਦੈ। ਗਿਰ ਗਿਐ ਵੀਚਾਰਾ, ਠੋਕਰ ਖਾ ਗਿਐ, ਚੋਟ ਲੱਗ ਗਈ ਹੈ। ਸੋ ਕੋਈ ਭੀ ਅਵਗੁਣ, ਕੋਈ ਭੀ ਪਾਪ, ਮਨ ਦਾ ਗਿਰ ਜਾਣਾ ਹੈ। ਤਨ ਠੋਕਰ ਖਾ ਕੇ ਗਿਰ ਜਾਏ, ਸਾਰੇ ਹੀ ਤਰਸ ਕਰਦੇ ਹਨ, ਪਰ ਮਨ ਠੋਕਰ ਖਾ ਕੇ ਗਿਰ ਜਾਏ ਤਾਂ ਸਾਰੇ ਹੀ ਘਿਰਣਾ ਕਰਦੇ ਹਨ। ਸਾਰੇ ਹੀ ਨਫ਼ਰਤ ਕਰਦੇ ਹਨ। ਧਾਰਮਿਕ ਮਨੁੱਖ ਦੀ ਇਹ ਪਹਿਚਾਨ ਹੈ ਕਿ ਅਗਰ ਕਿਸੇ ਦਾ ਮਨ ਗਿਰ ਗਿਐ, ਅਵਗੁਣਾਂ ਕਰਕੇ ਗਿਰ ਪਿਐ ਜਾਂ ਪਾਪ ਕਰ ਕੇ ਗਿਰ ਗਿਐ, ਉਹ ਉਸ ਉੱਤੇ ਭੀ ਤਰਸ ਕਰ ਰਿਹੈ। ਕੋਹੜੀ 'ਤੇ ਭੀ ਤਰਸ ਆਇਐ। ਸੱਜਣ ਠੱਗ 'ਤੇ ਭੀ ਗੁਰੂ ਨਾਨਕ ਨੂੰ ਤਰਸ ਆਇਐ ਤੇ ਤਰਸ ਆਇਐ ਉਸ ਰਾਖਸ਼ਸ 'ਤੇ ਜੋ ਜਬਲਪੁਰ ਦੇ ਨੇੜੇ ਰਹਿਣ ਵਾਲਾ ਸੀ—ਕੌਡਾ। ਗੁਰੂ ਨਾਨਕ ਨੂੰ ਰਾਖਸ਼ਸ 'ਤੇ ਭੀ ਤਰਸ ਆਇਐ, ਮਨੁੱਖ ਤਾਂ ਦੇਵੀ ਦੇਵਤਿਆਂ ਨੂੰ ਭੀ ਭੰਡਣ ਲੱਗ ਪੈਂਦਾ ਹੈ। ਰਾਖਸ਼ਸ ਹੋਣਾ, ਠੱਗ ਹੋਣਾ ਮਾਨਸਿਕ ਗਿਰਾਵਟ ਹੈ ਤੇ ਜੇ ਹੁਣ ਮਨ ਕਰਕੇ ਗਿਰਿਐ ਤਾਂ ਇਸ 'ਤੇ ਭੀ ਤਰਸ ਖਾਉ। ਚਲੋ, ਜੇ ਉਠਾ ਨਹੀਂ ਸਕਦੇ ਤਾਂ ਹੋਰ ਧੱਕਾ ਤਾਂ ਨਾ ਦੇਵੋ। ਸਾਰੇ ਜਦ ਇਕ ਗੁਨਾਹਗਾਰ ਨੂੰ ਗੁਨਾਹਗਾਰ ਕਹਿੰਦੇ ਹਨ ਤਾਂ ਉਹਦੇ ਸਾਰੇ ਰਸਤੇ ਹੀ ਬੰਦ ਕਰ ਕੇ ਰੱਖ ਦਿੰਦੇ ਹਨ। ਉਸ ਨੂੰ ਸ਼ੁਭ ਹੋਣ ਦਾ ਰਸਤਾ ਹੀ ਨਹੀਂ ਮਿਲਦਾ, ਕਿਉਂਕਿ ਸਾਰੇ ਜੋ ਭੰਡਦੇ ਹਨ, "ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ॥ ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ॥" ਜਾਤ ਦਾ ਮਾਣ, ਧਨ ਦਾ ਮਾਣ, ਕੁਲ ਦਾ ਮਾਣ, ਜੋਬਨ ਦਾ ਮਾਣ, ਇਹ ਸਭ ਮਨੁੱਖ ਨੂੰ ਹਾਥੀ ਬਣਾ ਦਿੰਦੇ ਹਨ ਤੇ ਹੁਣ ਹਾਥੀ ਨੂੰ ਆਖੋ ਕਿ ਤੂੰ ਇਹ ਦਾਣੇ ਚੁਣ। ਇਕ ਇਧਰ ਬਿਖਰਿਆ ਪਿਐ, ਇਕ ਉਧਰ ਬਿਖਰਿਆ ਪਿਐ। ਕਬੀਰ ਕਹਿੰਦੈ ਹਨ, "ਹਾਥੀ ਚੁਨੀ ਨ ਜਾਇ" ਤੇ ਹਾਥੀ ਕੌਣ ਹੈ ? ਜਿਸ ਨੂੰ ਜਾਤਿ ਦਾ ਅਹੰਕਾਰ ਹੈ, ਧਨ ਦਾ ਅਹੰਕਾਰ ਹੈ, ਜੋਬਨ ਦਾ ਅਹੰਕਾਰ ਹੈ, ਪ੍ਰਭੁਤਾ ਦਾ ਅਹੰਕਾਰ ਹੈ। ਕਬੀਰ ਕਹਿੰਦੇ ਹਨ, ਇਹ ਹਾਥੀ ਹੈ, ਇਹ ਨਹੀਂ ਚੁਣ ਸਕੇਗਾ। ਜੇਕਰ ਇਸ ਨੇ ਸੁੰਡ ਮਾਰੀ ਭੀ ਇਕ ਦਾਣਾ ਚੁਣਨ ਲਈ ਤਾਂ ਇਕ ਦਾਣੇ ਦੇ ਨਾਲ ਉਸ ਦੇ ਮੂੰਹ ਵਿਚ ਰੇਤ ਇਤਨੀ ਪੈ ਜਾਏਗੀ ਕਿ ਫਿੱਕਾ ਹੀ ਆਏਗਾ। ਸੰਗਤ ਵਿੱਚੋਂ ਫਿੱਕਾ

ਹੀ ਚਲਾ ਜਾਏਗਾ। ਬੜੇ ਫਿੱਕੇ ਢੰਗ ਨਾਲ ਬਾਣੀ ਪੜ੍ਹੇਗਾ, ਫਿੱਕੇ ਢੰਗ ਨਾਲ ਹੀ ਗੁਟਕਾ ਬੰਦ ਕਰ ਦੇਵੇਗਾ। ਕਾਰਨ ਹਾਥੀ ਹੈ। ਇਹ ਖੰਡ ਦੇ ਡੁੱਲ੍ਹੇ ਦਾਣੇ ਨਹੀਂ ਚੁਣ ਸਕਦਾ। ਫਿਰ ਕਿਵੇਂ ਚੁਣੇ ਜਾਣ ? ਕਿਵੇਂ ਚੁਣੀਏ ? ਕਬੀਰ ਸਾਨੂੰ ਢੰਗ ਦੱਸਦੇ ਹਨ :

ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ ਚੀਟੀ ਹੋਇ ਚੁਨਿ ਖਾਈ॥

(ਰਾਮਕਲੀ ਕਬੀਰ ਜੀ, ਪੰਨਾ 972)

ਕੀੜੀ ਬਣ ਜਾ ਤੂੰ। ਕੀੜੀ ਕੌਣ ਹੈ, ਕੋਈ ਕੁਲ ਦਾ ਮਾਣ ਨਹੀਂ, ਕੋਈ ਜਾਤ ਦਾ ਮਾਣ ਨਹੀਂ, ਕੋਈ ਧਨ ਦਾ ਮਾਣ ਨਹੀਂ, ਕੋਈ ਜੋਬਨ ਦਾ ਮਾਣ ਨਹੀਂ। ਇਸ ਸਾਰੀ ਰੀਤ ਨੂੰ ਇਕ ਪਾਸੇ ਕਰ ਕੇ ਇਕ ਦਾਣਾ ਖੰਡ ਦਾ ਮੂੰਹ ਵਿਚ ਪਾ ਲਈਏ ਅਤੇ ਆਪਣੇ ਮੂੰਹ ਨੂੰ ਮਿਠਾਸ ਨਾਲ ਭਰ ਲਈਏ, ਰਸ ਨਾਲ ਭਰ ਲਈਏ :

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥
ਜੇ ਗੁਣ ਹੋਵਨਿ੍ ਸਾਜਨਾ ਮਿਲਿ ਸਾਝ ਕਰੀਜੈ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥੩॥

(ਸੂਹੀ ਮਹਲਾ ੧, ਪੰਨੇ 765-66)

"ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ"। ਜਿਵੇਂ ਸੂਰਜ ਆਪਣਾ ਚਾਨਣਾ ਵੰਡਦੈ ਕਿਰਨਾਂ ਦੇ ਰਾਹੀਂ, ਇਵੇਂ ਹੀ ਪਰਮਾਤਮਾ ਆਪਣੀ ਬਖ਼ਸ਼ਿਸ਼ ਵੰਡਦੈ ਗੁਣਾਂ ਦੇ ਰਾਹੀਂ। ਹਰ ਗੁਣ ਪਰਮਾਤਮਾ ਰੂਪੀ ਸੂਰਜ ਦੀ ਕਿਰਨ ਹੈ। ਗੁਣ ਤੇ ਪਰਮਾਤਮਾ ਅਲੱਗ ਅਲੱਗ ਨਹੀਂ ਹਨ। ਸੂਰਜ ਤੇ ਕਿਰਨ ਅਲੱਗ ਅਲੱਗ ਨਹੀਂ ਹਨ। ਸੂਰਜ ਦੀ ਹੀ ਕਿਰਨ ਹੈ ਤੇ ਕਿਰਨਾਂ ਦਾ ਹੀ ਸੂਰਜ ਹੈ। ਜੋ ਪਰਮਾਤਮਾ ਹੈ, ਗੁਣਾਂ ਦਾ ਸਾਗਰ ਹੈ ਔਰ ਜੋ ਗੁਣਾਂ ਦਾ ਸਾਗਰ ਹੈ, ਉਹੀ ਪਰਮਾਤਮਾ ਹੈ। ਇਥੇ ਚਾਨਣਾ ਹੋ ਰਿਹੈ, ਪਰ ਕੋਈ ਮਨੁੱਖ ਇਹ ਦਾਅਵਾ ਨਹੀਂ ਕਰ ਸਕਦਾ ਕਿ ਇਹ ਚਾਨਣਾ ਮੇਰਾ ਹੈ। ਚਾਨਣੇ ਵਿਚ ਜੀਅ ਰਹੇ ਹਾਂ, ਚਾਨਣੇ ਦੀ ਲੋੜ ਹੈ, ਪਰ ਚਾਨਣਾ ਮੇਰਾ ਨਹੀਂ ਹੈ। ਗੁਣ ਮਨੁੱਖ ਦੀ ਲੋੜ ਹਨ। ਗੁਣਾਂ ਤੋਂ ਬਿਨਾਂ ਜ਼ਿੰਦਗੀ ਹੈ ਹੀ ਨਹੀਂ, ਪਰ ਗੁਣ ਮਨੁੱਖ ਦੇ ਨਹੀਂ ਹਨ। ਫਿਰ ਕਿਸ ਦੇ ਹਨ :

ਸਭਿ ਗੁਣ ਤੇਰੇ ਮੈ ਨਾਹੀ ਕੋਇ॥
ਵਿਣੁ ਗੁਣ ਕੀਤੇ ਭਗਤਿ ਨ ਹੋਇ॥ *(ਜਪੁ ਜੀ, ਪੰਨਾ 4)*

ਇਕ ਇਕ ਗੁਣ ਰਸਾਂ ਦੀ ਖਾਣ ਹੈ। ਫਿਰ ਇਸ ਤਰ੍ਹਾਂ ਤੁਲਨਾ ਕਰੀਏ ਕਿ ਗੁਣ ਰਸਾਂ ਦੀ ਖਾਣ ਹੈ ਅਤੇ ਅਵਗੁਣ ਬੇਰਸ ਹਨ। ਗੁਣ ਇਕ ਸ਼ਕਤੀ ਹੈ, ਅਵਗੁਣ ਕਮਜ਼ੋਰੀ ਹੈ। ਗੁਣ ਚਾਨਣਾ ਹੈ, ਅਵਗੁਣ ਅੰਧਕਾਰ ਹੈ। ਗੁਣ ਮਹਾਂ ਆਨੰਦ ਹੈ, ਅਵਗੁਣ ਮਹਾਂ ਕਲੇਸ਼ ਹੈ, ਮਾਨਸਿਕ ਸੰਤਾਪ ਹੈ, ਮਹਾਨ ਦੁੱਖ ਹੈ। ਪ੍ਰਾਰਥਨਾ ਜੋ ਪ੍ਰਾਚੀਨ ਰਿਸ਼ੀ ਕਰਦੇ ਸਨ, ਉਹ ਇਹੀ ਕਹਿੰਦੇ ਸਨ, ਹੇ ਪ੍ਰਭੂ! ਸਾਨੂੰ ਅੰਧੇਰੇ ਤੋਂ ਪ੍ਰਕਾਸ਼ ਵਿਚ ਲੈ ਜਾ, ਅਵਗੁਣਾਂ ਤੋਂ ਗੁਣਾਂ ਵਿਚ ਲੈ ਜਾ। ਰੌਸ਼ਨੀ ਦਾ ਮਿਲ ਜਾਣਾ, ਸੂਰਜ ਦਾ ਮਿਲ ਜਾਣੈ, ਸੂਰਜ ਦਾ ਮਿਲ ਜਾਣਾ, ਚਾਨਣੇ ਦਾ ਮਿਲ ਜਾਣੈ। ਗੁਣਾਂ ਦਾ ਮਿਲ ਜਾਣਾ, ਪਰਮਾਤਮਾ ਦਾ ਮਿਲ ਜਾਣੈ ਅਤੇ ਪਰਮਾਤਮਾ ਦਾ ਮਿਲ ਜਾਣਾ, ਗੁਣਾਂ ਦਾ ਮਿਲ ਜਾਣੈ, ਕੋਈ ਅਲੱਗ ਗੱਲ ਨਹੀਂ ਹੈ। ਠੀਕ ਹੈ, ਕਿਧਰੇ ਸੂਰਜ ਦੀ ਰੌਸ਼ਨੀ ਪੂਰੀ ਨਹੀਂ ਪੈ ਰਹੀ ਹੋਵੇਗੀ, ਦਰਵਾਜ਼ੇ ਬੰਦ ਹੋਵਣਗੇ, ਪੜਦੇ ਲੱਗੇ ਹੋਵਣਗੇ, ਬਾਰੀਆਂ ਬੰਦ ਹੋਣਗੀਆਂ, ਰੌਸ਼ਨਦਾਨ ਭੀ ਬੰਦ ਹੋਵਣਗੇ। ਸ਼ਾਇਦ ਦਰਵਾਜ਼ਿਆਂ ਦੀ ਝੀਤ ਰਾਹੀਂ ਕੋਈ ਕਿਰਨ, ਕੋਈ ਥੋੜਾ ਜਿਹਾ ਚਾਨਣਾ, ਅੰਦਰ ਆਉਂਦਾ ਹੋਵੇਗਾ। ਕੋਈ ਮਨੁੱਖ ਕਿਤਨਾ ਹੀ ਕਿਉਂ ਨਾ ਬੰਦ ਹੋਵੇ, ਕੁਝ ਨਾ ਕੁਝ ਉਸ ਦੇ ਅੰਦਰ ਗੁਣਾਂ ਦੀ ਰੌਸ਼ਨੀ ਹੋਵੇਗੀ, ਅਵੱਸ਼ ਹੋਵੇਗੀ। ਇਸ ਵਾਸਤੇ ਸਾਹਿਬ ਕਹਿੰਦੇ ਹਨ, ਹਰ ਮਨੁੱਖ ਦੇ ਵਿਚ ਗੁਣ ਵੇਖਣ ਦੀ ਕੋਸ਼ਿਸ਼ ਕਰੀਂ। ਗੁਣਾਂ ਨੂੰ ਵੇਖਦਿਆਂ ਵੇਖਦਿਆਂ ਇਕ ਦਿਨ ਭਗਵਾਨ ਦੇ ਦਰਸ਼ਨ ਹੋ ਜਾਂਦੇ ਹਨ, ਭਗਵਾਨ ਦਾ ਮਿਲਾਪ ਹੋ ਜਾਂਦਾ ਹੈ। ਪਰ ਇਸ ਤੋਂ ਉਲਟ ਹਰ ਇਕ ਵਿਚ ਅਵਗੁਣ ਵੇਖਦਿਆਂ ਵੇਖਦਿਆਂ, ਇਕ ਦਿਨ ਸ਼ੈਤਾਨ ਦੇ ਦਰਸ਼ਨ ਹੋ ਜਾਂਦੇ ਹਨ। ਮਨੁੱਖ ਸ਼ੈਤਾਨ ਦਾ ਹੀ ਰੂਪ ਹੋ ਜਾਂਦਾ ਹੈ। ਪਰ ਜਿਸ ਕੋਲ ਦੋਖ-ਦ੍ਰਿਸ਼ਟੀ ਹੈ, ਉਹ ਹਰ ਇਕ ਦੇ ਵਿਚ ਬੁਰਾ ਹੀ ਵੇਖਦੈ। ਹਰ ਇਕ ਦੇ ਵਿਚ ਦੋਖ ਦੇਖਣਾ, ਦੋਖ ਦੇਖਣ ਵਾਸਤੇ ਅਗਲੇ ਨੂੰ ਨੰਗਾ ਕਰਨਾ ਪਵੇਗਾ, ਅਗਲੇ ਦੇ ਕੱਪੜੇ ਹਟਾਣੇ ਪੈਣਗੇ, ਕਿਉਂਕਿ ਦੋਖ ਤਾਂ ਹਰ ਇਕ ਨੇ ਛੁਪਾਏ ਹੋਏ ਹਨ। ਅਵਗੁਣ ਤਾਂ ਹਰ ਮਨੁੱਖ ਨੇ ਛੁਪਾਏ ਹੋਏ ਹਨ। ਅਵਗੁਣਾਂ 'ਤੇ ਹਰ ਮਨੁੱਖ ਪੜਦਾ ਪਾਉਂਦਾ ਹੈ। ਦੁਸ਼ਟ ਤੋਂ ਦੁਸ਼ਟ ਬੰਦਾ ਭੀ ਨਹੀਂ ਚਾਹੁੰਦਾ ਕਿ ਜਗਤ ਮੈਨੂੰ ਦੁਸ਼ਟ ਆਖੇ, ਅਵਗੁਣਹਾਰਾ ਆਖੇ। ਅਵਗੁਣਾਂ ਨੂੰ ਮਨੁੱਖ ਛੁਪਾਉਂਦੈ, ਗੁਣਾਂ ਨੂੰ ਹਥੇਲੀ ਉੱਪਰ ਰੱਖਦੈ, ਤਾਂ ਕਿ ਜਗਤ ਮੇਰੇ ਨਾਲ ਸੰਬੰਧ ਜੋੜੇ, ਮੇਰੇ ਗੁਣਾਂ ਕਰਕੇ। ਗੁਣਾਂ ਨੂੰ ਤੇ ਹਥੇਲੀ ਉੱਪਰ ਰੱਖਦੈ, ਦਿਖਾਂਦੈ ਅਤੇ ਬੋਲਦਾ ਭੀ ਹੈ ਕਿ ਮੇਰੇ ਕੋਲ ਇਹ ਹੈ। ਕਈ ਦਫ਼ਾ ਦੀਵਾਰ ਦੇ ਉੱਤੇ ਭੀ ਲਿਖਿਆ ਮਿਲਦੈ, 'ਇਹ ਧਰਮਸਾਲਾ ਫਲਾਣੇ ਨੇ ਬਣਾਈ ਹੈ'। ਐਹ ਗੁਰਦੁਆਰਾ ਫਲਾਣੇ ਨੇ ਬਣਾਇਐ। ਇਹ ਖੂਹ ਫਲਾਣੇ ਨੇ ਬਣਾਇਐ। ਜਿਸ ਤੋਂ ਪਤਾ ਚਲੇ ਕਿ ਮੈਂ ਦਾਨੀ ਹਾਂ। ਗੁਣਾਂ ਨੂੰ ਤਾਂ ਮਨੁੱਖ ਉਪਰ ਹੀ ਉਪਰ ਰੱਖਦੈ, ਅਵਗੁਣਾਂ ਨੂੰ ਛੁਪਾਂਦੈ। ਦ੍ਰਿਸ਼ਟੀ ਜੈਸੀ

ਭੀ ਹੋਵੇਗੀ, ਦੇਖਦੀ ਤਾਂ ਹੈ। ਅੱਖਾਂ ਦੇ ਸਾਹਮਣੇ ਕੁਝ ਹੋਵੇਗਾ, ਦੇਖਣਾ ਤਾਂ ਪਵੇਗਾ, ਦਿਖਾਈ ਤਾਂ ਦੇਵੇਗਾ। ਦੋਖ-ਦ੍ਰਿਸ਼ਟੀ, ਜੋ ਉਪਰ ਦਿਖਾਈ ਦਿੰਦੈ, ਇਸ ਨਾਲ ਇਸਦੀ ਸੰਤੁਸ਼ਟੀ ਨਹੀਂ ਹੁੰਦੀ, ਬਹੁਤ ਗਹਿਰਾ ਵੇਖਦੀ ਹੈ ਤੇ ਮੈਂ ਫਿਰ ਅਰਜ਼ ਕਰਾਂ, ਕੱਪੜਿਆਂ ਦੇ ਥੱਲੇ ਜੋ ਖਲੜੀ ਹੈ ਅਗਰ ਅਗਲੇ ਦੀ ਇਹ ਖੱਲੜੀ ਉਧੇੜੋਗੇ ਤਾਂ ਸਿਵਾਏ ਦੁਰਗੰਧ ਤੋਂ ਹੋਰ ਕੀ ਹੈ! ਸਿਵਾਏ ਹੱਡੀਆਂ ਤੋਂ ਹੋਰ ਕੀ ਹੈ!! ਸਿਵਾਏ ਮਿੱਝ ਮਾਸ ਤੋਂ ਹੋਰ ਕੀ ਹੈ!!! ਦੋਖ-ਦ੍ਰਿਸ਼ਟੀ ਅਗਲੇ ਦੀ ਚੀਰਫਾੜ ਕਰਦੀ ਹੈ। ਸ਼ੁਭ ਦ੍ਰਿਸ਼ਟੀ ਉਪਰ ਉਪਰ ਹੀ ਵੇਖਦੀ ਹੈ। ਤਾਂ ਕੀ ਭਗਤਾਂ ਕੋਲ ਗਹਿਰੀ ਦ੍ਰਿਸ਼ਟੀ ਨਹੀਂ ਹੁੰਦੀ ? ਹੁੰਦੀ ਹੈ। ਗਹਿਰੀ ਦ੍ਰਿਸ਼ਟੀ ਨਾਲ ਉਹ ਆਪਣੇ ਆਪ ਨੂੰ ਵੇਖਦੇ ਹਨ ਅਤੇ ਉਤਲੀ ਦ੍ਰਿਸ਼ਟੀ ਨਾਲ ਦੂਸਰੇ ਨੂੰ ਵੇਖਦੇ ਹਨ, ਬਸ ਇਤਨੀ ਹੀ ਗੱਲ ਹੈ। ਜਦ ਦੂਸਰੇ ਨੂੰ ਉਪਰਲੀ ਦ੍ਰਿਸ਼ਟੀ ਨਾਲ ਵੇਖਦੇ ਹਨ ਤਾਂ ਸਾਰਾ ਸੰਸਾਰ ਗੁਣਵਾਨ ਦਿਖਾਈ ਦਿੰਦੈ ਪਰ ਆਪਣੇ ਨੂੰ ਜਦ ਗਹਿਰੀ ਦ੍ਰਿਸ਼ਟੀ ਨਾਲ ਵੇਖਦੇ ਹਨ, ਤਾਂ ਆਪਣੇ ਆਪ ਵਿਚ ਉਹ ਮਹਿਸੂਸ ਕਰਦੇ ਹਨ ਕਿ ਅਸੀਂ ਤਾਂ ਸਿਵਾਏ ਅਵਗੁਣਾਂ ਦੇ ਪੁਤਲੇ ਤੋਂ ਬਿਨਾਂ ਕੁਝ ਭੀ ਨਹੀਂ। ਐਲਾਨੀਆ ਕਹਿ ਰਹੇ ਹਨ ਕਬੀਰ, "ਕਬੀਰ ਸਭ ਤੇ ਹਮ ਬੁਰੇ", ਸਾਰੀ ਮਖ਼ਲੂਕ ਵਿਚ ਸਭ ਤੋਂ ਬੁਰਾ ਮੈਂ ਹਾਂ:

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥

(ਸਲੋਕ ਕਬੀਰ ਜੀ, ਪੰਨਾ 1364)

ਬਸ, ਮੈਨੂੰ ਛੱਡ ਕੇ ਸਾਰੇ ਹੀ ਚੰਗੇ ਹਨ। ਕੋਈ ਚੋਰ ਨਹੀਂ, ਕੋਈ ਡਕੈਤ ਨਹੀਂ, ਕੋਈ ਦੁਸ਼ਟ ਨਹੀਂ, ਕੋਈ ਬੇਈਮਾਨ ਨਹੀਂ, ਕੋਈ ਠੱਗ ਨਹੀਂ, ਸਭ ਚੰਗੇ ਹਨ, "ਹਮ ਤਜਿ ਭਲੋ ਸਭੁ ਕੋਇ"। ਹੈਰਾਨਗੀ ਹੋਵੇਗੀ, ਤੁਸੀਂ ਆਖੋਗੇ ਕਿ ਕਬੀਰ ਅਤਿਕਥਨੀ ਕਰ ਰਿਹੈ। ਨਹੀਂ, ਭਗਤ ਅਤਿਕਥਨੀ ਕਦੇ ਨਹੀਂ ਕਰਦੇ, ਸਾਫ਼ ਤੇ ਸਪੱਸ਼ਟ ਬੋਲਦੇ ਹਨ, ਸਤਿ ਬੋਲਦੇ ਹਨ, "ਕਬੀਰ ਸਭ ਤੇ ਹਮ ਬੁਰੇ"। ਪ੍ਰਸ਼ਨ ਖੜਾ ਹੋਵੇਗਾ ਕਿ ਚਲੋ ਮੰਨ ਲੈਂਦੇ ਹਾਂ ਕਿ ਤੁਸੀਂ ਸੱਚ ਪਏ ਕਹਿੰਦੇ ਹੋ ਕਿ ਅਸੀਂ ਸਭ ਤੋਂ ਬੁਰੇ ਹਾਂ। ਫਿਰ ਤੁਹਾਨੂੰ ਭਗਤ ਕਹਿਣ ਦੀ ਕੀ ਲੋੜ ਹੈ ? ਫਿਰ ਤੁਹਾਨੂੰ ਸੰਤ ਕਹਿਣ ਦੀ ਕੀ ਲੋੜ ਹੈ ? ਫਿਰ ਤੁਹਾਡੀ ਬਾਣੀ ਪੜ੍ਹਨ ਦੀ ਕੀ ਲੋੜ ਹੈ ? ਤੁਸੀਂ ਆਪ ਹੀ ਆਖਦੇ ਪਏ ਹੋ, ਫਿਰ ਤੁਹਾਨੂੰ ਮੱਥਾ ਟੇਕਣ ਦੀ ਕੀ ਲੋੜ ਹੈ ? ਤੁਸੀਂ ਆਪ ਹੀ ਆਖਦੇ ਪਏ ਹੋ, ਸਾਨੂੰ ਕਹਿਣ ਦੀ ਲੋੜ ਹੀ ਨਹੀਂ, "ਕਬੀਰ ਸਭ ਤੇ ਹਮ ਬੁਰੇ"। ਪਰ ਚਲੋ, ਇੰਝ ਵੀ ਮੰਨ ਲੈਂਦੇ ਹਾਂ ਕਿ ਕਬੀਰ ਐਵੇਂ ਹੀ ਕਹਿੰਦੇ ਹਨ, ਐਵੇਂ ਹੀ ਕਹਿ ਰਹੇ ਹਨ। ਤਾਂ ਫਿਰ ਕਬੀਰ 'ਤੇ ਝੂਠ ਬੋਲਣ ਦਾ ਇਲਜ਼ਾਮ ਲੱਗਦੈ। ਸਾਰੇ ਸਿਆਣੇ ਬੈਠੇ ਹੋ। ਫਿਰ ਕਬੀਰ 'ਤੇ ਅਤਿਕਥਨੀ ਕਰਨ ਦਾ ਇਲਜ਼ਾਮ ਲੱਗਦੈ, ਫਿਰ ਕਬੀਰ ਦੇ ਉੱਤੇ ਗ਼ਲਤ ਬਿਆਨੀ ਦਾ ਇਲਜ਼ਾਮ ਲੱਗਦੈ, ਗ਼ਲਤ ਕਹਿ ਰਹੇ ਹਨ। ਤੇ ਜੇ ਇਹ ਕਹੀਏ

ਕਿ ਗ਼ਲਤ ਨਹੀਂ, ਇਹ ਸਹੀ ਕਹਿ ਰਹੇ ਹਨ ਤਾਂ ਮੰਨ ਲੈਂਦੇ ਹਾਂ ਕਿ ਸਭ ਤੋਂ ਬੁਰੇ ਹਨ ਤਾਂ ਫਿਰ ਭਗਤ ਕਹਿਣ ਦੀ ਕੀ ਲੋੜ ਹੈ ? ਫਿਰ ਸੰਤ ਕਹਿਣ ਦੀ ਕੀ ਲੋੜ ਹੈ ? ਹੁਣ ਮੈਂ ਅਰਜ਼ ਕਰਾਂ, ਕਬੀਰ ਜੋ ਕੁਝ ਕਹਿ ਰਿਹੈ, ਸੱਚ ਕਹਿ ਰਿਹੈ। ਤਾਂ ਕਬੀਰ ਨੂੰ ਬੁਰਾ ਮੰਨ ਲਈਏ ? ਨਹੀਂ। ਪਰ ਐਸਾ ਤਾਂ ਖ਼ੁਦ ਕਬੀਰ ਕਹਿ ਰਿਹੈ। ਜਿਵੇਂ ਕਿਸੇ ਦੇ ਅੰਦਰ ਪ੍ਰਭੂ ਦੇ ਗੁਣ ਗਾਂਦਿਆਂ ਗਾਂਦਿਆਂ ਗੁਣਾਂ ਦਾ ਪ੍ਰਵੇਸ਼ ਹੁੰਦੈ, ਬਸ, ਪਰਮਾਤਮਾ ਦੇ ਗੁਣ ਕਰਨ ਦੀ ਇਹੀ ਇਕ ਬਰਕਤ ਹੈ ਕਿ ਉਹਦੇ ਗੁਣ ਗਾਂਦਿਆਂ ਗਾਂਦਿਆਂ ਮਨੁੱਖ ਗੁਣਵਾਨ ਹੋ ਜਾਂਦਾ ਹੈ। ਅਕਸਰ ਮੈਂ ਬਿਆਨ ਕਰਦਾ ਹੁੰਦਾ ਹਾਂ ਕਿ ਕਿਸੇ ਧਨਵਾਨ ਦੀ ਮਹਿਮਾ ਗਾਇਨ ਕਰਨ ਨਾਲ ਕੋਈ ਧਨਵਾਨ ਨਹੀਂ ਹੋ ਜਾਂਦਾ, ਕਿਸੇ ਹੁਕਮਰਾਨ ਦੀ ਮਹਿਮਾ ਗਾਇਨ ਕਰਨ ਨਾਲ ਕੋਈ ਹੁਕਮਰਾਨ ਨਹੀਂ ਹੋ ਜਾਂਦਾ, ਕਿਸੇ ਗੁਣਵਾਨ ਦੀ ਮਹਿਮਾ ਗਾਇਨ ਕਰਨ ਨਾਲ ਕੋਈ ਗੁਣਵਾਨ ਨਹੀਂ ਹੋ ਜਾਂਦਾ, ਪਰ ਭਗਵਾਨ ਦੀ ਮਹਿਮਾ ਗਾਇਨ ਕਰਨ ਨਾਲ ਭਗਵਾਨ ਜ਼ਰੂਰ ਹੋ ਜਾਂਦਾ ਹੈ। ਪਰਮਾਤਮਾ ਦੇ ਗੁਣਾਂ ਨੂੰ ਗਾਇਨ ਕਰਨਾ ਆਪਣੇ ਆਪ ਨੂੰ ਗੁਣਵਾਨ ਬਣਾਣਾ ਹੈ, ਪਰ ਉਸ ਨੂੰ ਲੋੜ ਨਹੀਂ ਹੈ :

ਜੇ ਸਭਿ ਮਿਲਿ ਕੈ ਆਖਣ ਪਾਹਿ॥
ਵਡਾ ਨ ਹੋਵੈ ਘਾਟਿ ਨ ਜਾਇ॥ *(ਆਸਾ ਮ: ੧, ਪੰਨਾ 9)*

ਸਾਰੇ ਮਿਲ ਕੇ ਉਸ ਦੀ ਉਪਮਾ ਕਰਨ ਤਾਂ ਉਸ ਨੇ ਕੋਈ ਵੱਡੇ ਨਹੀਂ ਹੋ ਜਾਣਾ, ਜੇ ਨਾ ਕਰਨ ਤਾਂ ਉਹ ਕੋਈ ਛੋਟਾ ਨਹੀਂ ਹੋ ਜਾਏਗਾ। ਫਿਰ ਕਿਉਂ ਗਾਇਨ ਕਰੀਏ ? ਜਿਹੜਾ ਉਸ ਨੂੰ ਵੱਡਾ ਆਖਦੈ, ਉਹ ਆਪ ਵੱਡਾ ਹੋ ਜਾਂਦਾ ਹੈ। ਜਿਹੜਾ ਉਸ ਨੂੰ ਨਿਰਵੈਰ ਆਖਦੈ, ਉਹ ਆਪ ਨਿਰਵੈਰ ਹੋ ਜਾਂਦਾ ਹੈ। ਜਿਹੜਾ ਉਸ ਨੂੰ ਨਿਰਭੈ ਆਖਦੈ, ਉਹ ਆਪ ਨਿਰਭੈ ਹੋ ਜਾਂਦਾ ਹੈ। ਜਿਹੜਾ ਉਸ ਨੂੰ ਮਹਾਨ ਰਸਾਂ ਦੀ ਖਾਣ ਕਹਿੰਦੈ, ਉਹ ਆਪ ਭੀ ਬੇਰਸ ਨਹੀਂ ਰਹਿ ਜਾਂਦਾ, ਇਹ ਭੀ ਮੈਂ ਅਰਜ਼ ਕਰ ਦਿਆਂ। ਜਿਹੜਾ ਉਸ ਨੂੰ ਮਹਾਂ ਪ੍ਰਕਾਸ਼ ਕਹਿੰਦੈ, ਉਹ ਸ੍ਵੈਮ ਭੀ ਪ੍ਰਕਾਸ਼ਮਾਨ ਹੋ ਜਾਂਦਾ ਹੈ। ਪਰਮਾਤਮਾ ਦੀ ਮਹਿਮਾ ਗਾਇਨ ਕਰਨੀ, ਆਪਣੇ ਆਪ ਨੂੰ ਪਰਮਾਤਮਾ ਬਣਾਣਾ ਹੈ। ਉਸ ਨੂੰ ਕੋਈ ਲੋੜ ਨਹੀਂ ਹੈ। ਗੁਣ ਗਾਉਂਦਿਆਂ ਹੀ ਗੁਣ ਪ੍ਰਾਪਤ ਹੋ ਜਾਂਦੇ ਹਨ। ਇਸ ਵਾਸਤੇ ਕਬੀਰ ਕਹਿੰਦੇ ਹਨ ਕਿ ਰੱਬ ਤਾਂ ਲੁਟਾਣ ਨੂੰ ਤਿਆਰ ਹੈ, ਰੱਬ ਨੂੰ ਲੁੱਟ ਲਵੋ। ਰਾਮ ਤਾਂ ਲੁਟਾਣ ਨੂੰ ਤਿਆਰ ਹੈ :

ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ॥

(ਸਲੋਕ ਕਬੀਰ ਜੀ, ਪੰਨਾ 1366)

ਧਨ ਨੂੰ ਕੋਈ ਲੁੱਟੇ ਤਾਂ ਕਾਨੂੰਨ ਹੈ, ਸਮਾਜ ਹੈ। ਅਗਲਾ ਲੁਟੇਰਾ ਕਹੇਗਾ,

ਚੋਰ ਕਹੇਗਾ। ਪਰ ਜਿਹੜਾ ਰੱਬ ਨੂੰ ਲੁੱਟੇ, ਉਸ ਨੂੰ ਤਾਂ ਲੋਕੀਂ ਭਗਤ ਕਹਿੰਦੇ ਹਨ, ਸੰਤ ਕਹਿੰਦੇ ਹਨ, "ਰਾਮ ਨਾਮ ਹੈ ਲੂਟਿ"। ਕਿਸੇ ਜਗ੍ਹਾ ਭੀ ਤੂੰ ਰਾਮ ਨਾਮ ਦਾ ਉਚਾਰਨ ਕਰ। ਉਚਾਰਨ ਕੀਤਾ ਹੋਇਆ ਰਾਮ ਤੈਨੂੰ ਰਾਮ ਬਣਾ ਦੇਵੇਗਾ। ਪਰਮਾਤਮਾ ਦੇ ਗੁਣ ਤੈਨੂੰ ਪਰਮਾਤਮਾ ਵਰਗਾ ਬਣਾ ਦੇਣਗੇ। ਕਿਸੇ ਜਗ੍ਹਾ ਭੀ ਤੂੰ ਗਾਇਨ ਕਰ ਸਕਦੈਂ। ਲੁੱਟ ਮੱਚੀ ਪਈ ਹੈ, ਪਰ ਕੋਈ ਲੁੱਟਦਾ ਹੀ ਨਹੀਂ, ਰੱਬ ਤਾਂ ਲੁਟਾਣ ਨੂੰ ਤਿਆਰ ਹੈ, ਰੱਬ ਤਾਂ ਕਹਿ ਰਿਹੈ, ਲੁੱਟ ਲਵੋ ਮੈਨੂੰ। ਹੈਰਾਨਗੀ ਹੈ ਕਿ ਲੋਕੀਂ ਲੁੱਟਦੇ ਕਿਉਂ ਨਹੀਂ ? ਲੋਕੀ ਧਨ ਤੋਂ ਪ੍ਰਭਾਵਤ ਹਨ, ਲੋਕੀਂ ਰੱਬ ਤੋਂ ਪ੍ਰਭਾਵਤ ਨਹੀਂ ਹਨ। ਲੋਕੀਂ ਪਦਾਰਥਾਂ ਤੋਂ ਪ੍ਰਭਾਵਤ ਹਨ, ਅਜੇ ਪਰਮਾਤਮਾ ਤੋਂ ਪ੍ਰਭਾਵਤ ਨਹੀਂ। ਕਿਉਂ ਨਹੀਂ ਪਰਮਾਤਮਾ ਤੋਂ ਪ੍ਰਭਾਵਤ ? ਪਦਾਰਥਾਂ ਦਾ ਗਿਆਨ ਹੈ, ਪਰਮਾਤਮਾ ਦਾ ਗਿਆਨ ਨਹੀਂ, ਸਮਝ ਨਹੀਂ। ਪਰਿਵਾਰ ਦੀ ਸਮਝ ਹੈ, ਨਿਰੰਕਾਰ ਦੀ ਸਮਝ ਨਹੀਂ। ਜਿਸ ਦਿਨ ਸਮਝ ਆ ਜਾਂਦੀ ਹੈ, ਫਿਰ ਅਫ਼ਸੋਸ ਬੜਾ ਹੁੰਦੈ ਬਈ ਇਤਨਾ ਸਮਾਂ, ਇਤਨਾ ਜੀਵਨ ਮੈਂ ਅਜਾਈਂ ਗਵਾਇਆ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਕ ਦਿਨ ਭਾਈ ਨੰਦ ਲਾਲ 'ਤੇ ਇਕ ਪ੍ਰਸ਼ਨ ਕਰਦੇ ਹਨ। ਨੰਦ ਲਾਲ! ਕਦੀ ਤੂੰ ਐਸਾ ਕੰਮ ਭੀ ਕੀਤੈ ਕਿ ਤੈਨੂੰ ਬਾਅਦ ਵਿਚ ਪਸ਼ਚਾਤਾਪ ਕਰਨਾ ਪਿਆ ਹੋਵੇ ? ਕੁਝ ਕੀਤੈ ਐਸਾ ? ਕਦੀ ਕੁਝ ਐਸਾ ਤੈਥੋਂ ਹੋਇਐ? ਨੰਦ ਲਾਲ ਕਹਿੰਦੈ, ਪਾਤਸ਼ਾਹ! ਐਸਾ ਮੈਥੋਂ ਰੋਜ਼ ਹੋ ਜਾਂਦਾ ਹੈ ਤੇ ਪਸ਼ਚਾਤਾਪ ਮੈਂ ਰੋਜ਼ ਕਰਦਾਂ। ਇਕ ਦਫ਼ਾ ਤਾਂ ਸਤਿਗੁਰੂ ਭੀ ਹੈਰਾਨ ਹੋ ਗਏ। ਹੈਂ! ਪਸ਼ਚਾਤਾਪ ਰੋਜ਼ ਕਰਨਾ ਪੈਂਦੈ! ਰੋਜ਼ ਕੁਝ ਅਨਰਥ ਹੋ ਜਾਂਦੈ!! ਅੱਛਾ ! ਫਿਰ ਦੱਸੇਂਗਾ ਨੰਦ ਲਾਲ, ਐਸਾ ਰੋਜ਼ ਤੇਰੇ ਕੋਲੋਂ ਕੀ ਹੋ ਜਾਂਦਾ ਹੈ ਕਿ ਤੂੰ ਰੋਜ਼ ਅਫ਼ਸੋਸ ਕਰਦੈਂ ? ਭਾਈ ਸਾਹਿਬ ਭਾਈ ਨੰਦ ਲਾਲ ਦਾ ਇਹ ਬੜਾ ਕੀਮਤੀ ਬੋਲ ਹੈ :

> **ਵਾਏ, ਬਰ ਨਫ਼ਸੇ ਕਿ: ਬੇਹੂਦਾ ਗੁਜ਼ੱਸ੍ਰ॥**
> **ਅਲ-ਗ਼ਿਆਸ, ਅਜ਼ ਗ਼ਫ਼ਲਤਿ ਮਾ, ਅਲ-ਗ਼ਿਆਸ॥**

(ਭਾਈ ਨੰਦ ਲਾਲ ਜੀ, ਗ਼ਜ਼ਲ 15)

ਐ ਮੇਰੇ ਪਾਤਸ਼ਾਹ! ਜਿਹੜਾ ਮੇਰਾ ਸੁਆਸ ਤੇਰੀ ਯਾਦ ਤੋਂ ਬਿਨਾਂ ਲੰਘ ਜਾਂਦੈ, ਉਸ ਗੁਜ਼ਰੇ ਹੋਏ ਸੁਆਸ ਦਾ ਮੈਨੂੰ ਬੜਾ ਅਫ਼ਸੋਸ ਹੁੰਦੈ, ਪਸ਼ਚਾਤਾਪ ਹੁੰਦੈ। ਇਕ ਦਮ ਇਤਨਾ ਕੀਮਤੀ! ਇਕ ਦਮ ਵਿਚ ਮੈਂ ਪੂਰੇ ਦਾ ਪੂਰਾ ਪਰਮਾਤਮਾ ਪ੍ਰਾਪਤ ਕਰ ਸਕਦਾ ਸਾਂ, ਪਰ ਦਮ ਅਜਾਈਂ ਚਲਾ ਜਾਂਦਾ ਹੈ। ਇਹਦਾ ਮੈਨੂੰ ਅਫ਼ਸੋਸ ਹੁੰਦੈ, ਇਸ ਦਾ ਮੈਨੂੰ ਪਸ਼ਚਾਤਾਪ ਹੁੰਦੈ। ਜਿਵੇਂ ਜਿਵੇਂ ਪਰਮਾਤਮਾ ਦੀ ਹੋਂਦ ਦਾ ਪਤਾ ਚਲਦੈ, ਗੁਜ਼ਰੀ ਹੋਈ ਜ਼ਿੰਦਗੀ ਦਾ ਪਸ਼ਚਾਤਾਪ ਭੀ ਹੁੰਦੈ ਕਿ ਸੁਆਸ ਐਵੇਂ ਅਜਾਈਂ ਗਿਆ। ਉਥੇ ਤਾਂ ਲੁੱਟ ਪਈ ਹੋਈ ਸੀ,

ਜਿਤਨਾ ਲੁੱਟਣਾ ਸੀ ਲੁੱਟ ਲੈਂਦੇ। ਇਤਨਾ ਰਸ, ਇਤਨਾ ਆਨੰਦ, ਇਤਨਾ ਖੇੜਾ, ਇਤਨੀ ਖ਼ੁਸ਼ੀ!! ਜਿਵੇਂ ਜਿਵੇਂ ਪਰਮਾਤਮਾ ਦੇ ਗੁਣਾਂ ਦਾ ਅੰਦਰ ਪ੍ਰਕਾਸ਼ ਹੁੰਦੈ, ਜਨਮਾਂ ਜਨਮਾਂਤਰਾਂ ਦੇ ਔਗੁਣ ਜਿਹੜੇ ਅੰਦਰ ਪਏ ਹਨ, ਉਹ ਦਿਖਾਈ ਦਿੰਦੇ ਹਨ। ਰੱਬ ਦੇ ਗੁਣਾਂ ਦੇ ਚਾਨਣੇ ਵਿਚ ਆਪਣੇ ਔਗੁਣ ਦਿਖਾਈ ਦਿੰਦੇ ਹਨ, ਇਸ ਤੋਂ ਪਹਿਲਾਂ ਨਹੀਂ ਦਿਖਾਈ ਦਿੰਦੇ, ਕਤਈ ਹੀ ਨਹੀਂ ਦਿਖਾਈ ਦਿੰਦੇ। ਬੜੇ ਤੋਂ ਬੜੇ ਦਾਰਸ਼ਨਿਕ ਨੂੰ ਭੀ ਆਪਣੀਆਂ ਕਮਜ਼ੋਰੀਆਂ ਦਿਖਾਈ ਨਹੀਂ ਦਿੰਦੀਆਂ। ਬੜੇ ਤੋਂ ਬੜੇ ਸਾਦਿਕ ਨੂੰ ਆਪਣੇ ਅਵਗੁਣ, ਕਮਜ਼ੋਰੀਆਂ ਦਿਖਾਈ ਨਹੀਂ ਦਿੰਦੀਆਂ। ਇਸ ਵਾਸਤੇ ਆਪਣੇ ਅੰਵਗੁਣ ਕੋਈ ਮੰਨਦਾ ਭੀ ਨਹੀਂ ਕਿ ਮੈਂ ਅਪਰਾਧੀ ਹਾਂ। ਕੋਈ ਕਬੂਲ ਹੀ ਨਹੀਂ ਕਰਦਾ। ਇਹਦੇ ਵਿਚ ਕਈ ਸੱਚ ਭੀ ਕਹਿੰਦੇ ਹਨ, ਕਿਉਂਕਿ ਆਪਣੇ ਵਿਚ ਅਉਗਣ ਨਹੀਂ ਦਿਖਾਈ ਦਿੰਦੇ। ਸਾਰੇ ਗ਼ਲਤ ਬਿਆਨੀ ਨਹੀਂ ਕਰਿ ਰਹੇ, ਬਹੁਤੇ ਠੀਕ ਭੀ ਕਹਿੰਦੇ ਹਨ। ਨਹੀਂ ਜੀ, ਸਾਡੇ ਵਿਚ ਇਹ ਕਮੀ ਨਹੀਂ ਜੋ ਤੁਸੀਂ ਕਹਿੰਦੇ ਹੋ। ਕਾਰਨ ? ਇਸ ਨੇ ਅਜੇ ਗਹਿਰੀ ਦ੍ਰਿਸ਼ਟੀ ਦੂਜਿਆਂ 'ਤੇ ਰੱਖੀ ਹੋਈ ਹੈ, ਦੂਜਿਆਂ ਵਿਚ ਦਿਖਾਈ ਦਿੰਦੀ ਹੈ, ਅਉਗੁਣ ਦਿਖਾਈ ਦਿੰਦੇ ਨੇ, ਅਜੇ ਆਪਣੇ ਆਪ ਨੂੰ ਤਾਂ ਉਪਰੋਂ ਉਪਰੋਂ ਦੇਖ ਰਿਹੈ। ਬੜੇ ਧਿਆਨ ਨਾਲ ਸੁਣਨਾ। ਬੋਲਣ ਲੱਗਿਆਂ ਧਿਆਨ ਦੂਜੇ 'ਤੇ ਰੱਖਣਾ ਪੈਂਦੈ ਅਤੇ ਸੁਣਨ ਲੱਗਿਆਂ ਧਿਆਨ ਆਪਣੇ ਉਪਰ ਰੱਖਣਾ ਪੈਂਦਾ ਹੈ। ਸੁਣਨਾ ਐਵੇਂ ਅਜਾਈਂ ਨਾ ਸਮਝ ਲੈਣਾ। ਬਈ ਧੂੰਆਧਾਰ ਕੀਰਤਨ ਹੋ ਰਿਹੈ, ਕਥਾ ਹੋ ਰਹੀ ਹੈ, ਇਹਦੇ ਵਿਚ ਸੁਣਨ ਦਾ ਕੀ ਮਤਲਬ ? ਵਾਕਿਆ ਹੀ ਜੇਕਰ ਕਿਸੇ ਨੇ ਸੁਣਨੈ ਤਾਂ ਸੁਣਿਐ, "ਇਕੁ ਤਿਲੁ ਨਹੀ ਭੰਨੈ ਘਾਲੇ", ਇਕ ਤਿਲ ਜਿੰਨਾ ਭੀ ਸੁਣਿਆ ਹੋਇਆ ਬੇਅਰਥ ਨਹੀਂ ਜਾਏਗਾ, ਇਹ ਭੀ ਮੈਂ ਅਰਜ਼ ਕਰ ਦਿਆਂ, ਅਜਾਈਂ ਨਹੀਂ ਜਾਵੇਗਾ। ਪਰ ਮੁਸ਼ਕਲ ਇਹ ਹੈ ਕਿ ਸੁਣਨਾ ਹੀ ਕਠਨ ਹੈ। ਸੁਣਨ ਲੱਗਿਆਂ ਆਪਣੇ ਨੇੜੇ ਆਉਣਾ ਪੈਂਦੈ। ਜੋ ਆਪਣੇ ਨੇੜੇ ਨਹੀਂ, ਸੁਣ ਨਹੀਂ ਸਕੇਗਾ। ਬੋਲਣ ਲੱਗਿਆਂ ਧਿਆਨ ਦੂਸਰੇ ਉਪਰ ਜਾਂਦਾ ਹੈ। ਪਾਠ ਕਰ ਰਿਹੈ ਮਨੁੱਖ ਅਤੇ ਪਾਠ ਸੁਣਾ ਰਿਹੈ, ਧਿਆਨ ਦੂਜੇ ਉਪਰ ਹੈ। ਪਰ ਜੇ ਸੁਣ ਰਿਹੈ ਤਾਂ ਧਿਆਨ ਆਪਣੇ 'ਤੇ ਹੋਵੇਗਾ, ਦੂਜੇ 'ਤੇ ਨਹੀਂ ਹੋਵੇਗਾ। ਆਪਣੇ ਨੇੜੇ ਆਏ ਬਿਨਾਂ ਕੋਈ ਸੁਣ ਨਹੀਂ ਸਕਦਾ ਤੇ ਦੂਜੇ ਦੇ ਨੇੜ ਹੋਏ ਬਿਨਾਂ ਦੂਜੇ ਨੂੰ ਕੋਈ ਸੁਣਾ ਨਹੀਂ ਸਕਦਾ। ਉਮੀਦ ਹੈ ਇਹ ਗੱਲ ਆਪ ਦੀ ਪਕੜ ਵਿਚ ਆਈ ਹੋਵੇਗੀ। ਧਰਮ ਦੀ ਸਾਰੀ ਸਾਧਨਾ ਸੁਣਨ ਉੱਤੇ ਖੜੀ ਹੈ। ਸੁਣਨ ਨਾਲ ਹੀ ਧਰਮ ਦੀ ਪ੍ਰਾਪਤੀ ਹੁੰਦੀ ਹੈ। ਸੁਣਨ ਲੱਗਿਆਂ ਧਿਆਨ ਆਪਣੇ ਉੱਤੇ ਜਾਏਗਾ ਤਾਂ ਹੀ ਸੁਣ ਸਕਾਂਗੇ। ਸੁਣਾਨ ਲੱਗਿਆਂ ਧਿਆਨ ਦੂਜੇ 'ਤੇ ਜਾਏਗਾ ਤਾਂ ਦੂਜੇ ਨੂੰ ਸੁਣਾ ਸਕਾਂਗੇ ਤੇ ਧਰਮ ਦੀ ਸਾਧਨਾ

ਇਹ ਹੈ ਕਿ ਸੁਣ, ਤੂੰ ਸੁਣ। ਪਰਮਾਤਮਾ ਹਰ ਵਕਤ ਬੋਲ ਰਿਹੈ, ਕਿਧਰੇ ਗੁਰੂ ਗ੍ਰੰਥ ਸਾਹਿਬ ਦੀ ਅਗੰਮੀ ਬਾਣੀ ਦੇ ਰਾਹੀਂ, ਕਿਧਰੇ ਭਗਵਤ ਗੀਤਾ ਦੇ ਬੋਲਾਂ ਦੇ ਰਾਹੀਂ, ਕਿਧਰੇ ਕੁਰਾਨ ਦੇ ਰਾਹੀਂ, ਪਰਮਾਤਮਾ ਤਾਂ ਹਰ ਵਕਤ ਬੋਲ ਰਿਹੈ। ਹਰ ਪਾਸੇ ਉਸੇ ਦੀ ਆਵਾਜ਼, ਹਰ ਪਾਸੇ ਉਸ ਦੇ ਬੋਲ ਪ੍ਰਗਟ ਹੋ ਰਹੇ ਹਨ। ਤਾਂ ਹੀ ਤਾਂ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਕਿਹੈ ਕਿ ਹੇ ਪ੍ਰਭੂ! ਇਹ ਕੀ ਦੋ ਕੰਨ ਦਿੱਤੇ ਹਨ, ਮੈਨੂੰ ਇਕ ਕਰੋੜ ਕੰਨ ਦੇ। ਇਕ ਕਰੋੜ ਕੰਨ ਦਾ ਕੀ ਕਰੋਗੇ ? ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਬੋਲ ਹਨ :

ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ ॥

(ਸੂਹੀ ਮਹਲਾ ੫, ਪੰਨਾ 781)

ਮੈਨੂੰ ਕਰੋੜਾਂ ਕੰਨ ਦੇ, ਮੈਂ ਸਾਰੀ ਜਗ੍ਹਾ ਸੁਣਾਂ, ਸਭ ਜਗ੍ਹਾ ਸੁਣਾਂ। ਸੁਣਨ ਦੀ ਤਾਂ ਇਤਨੀ ਮਹਿਮਾ ਹੈ ਕਿ ਸੁਣਨ ਲਗਿਆਂ ਮਨੁੱਖ ਆਪਣੇ ਨੇੜੇ ਆਉਂਦੈ ਅਤੇ ਸੁਣ ਕੇ ਸ਼ਬਦ ਅੰਦਰ ਪ੍ਰਵੇਸ਼ ਕਰਦੈ। ਸੁਣਾਣ ਲੱਗਿਆਂ ਧਿਆਨ ਦੂਜੇ ਵੱਲ ਹੁੰਦੈ ਤੇ ਸ਼ਬਦ ਆਪਣੇ ਅੰਦਰੋਂ ਨਿਕਲ ਕੇ ਦੂਜੇ ਤਕ ਪਹੁੰਚਦੈ। ਗ਼ਾਲਿਬਨ ਸੰਨ 1961 ਦੀ ਗੱਲ ਹੈ। ਵਕਤ ਦੇ ਮਹਾਨ ਦਾਰਸ਼ਨਿਕ, ਬਾਣੀ ਦੇ ਵਿਆਖਿਆਕਾਰ ਪ੍ਰਿੰਸੀਪਲ ਗੰਗਾ ਸਿੰਘ, ਹਲਦਵਾਨੀ (ਯੂ.ਪੀ.) ਵਿਚ ਕਿਧਰੇ ਇਕੱਠੇ ਹੋਏ। ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਸ਼ਾਮ ਨੂੰ ਸੈਰ ਕਰਨ ਜਾਂਦੇ ਸੀ। ਨਾਲ ਹੀ ਨਦੀ ਸੀ। ਸੁਭਾਵਕ ਇਕ ਦਿਨ ਮੈਂ ਪੁੱਛ ਬੈਠਾ, ਪ੍ਰਿੰਸੀਪਲ ਸਾਹਿਬ! ਦਲੀਲਾਂ ਤੁਹਾਡੀਆਂ ਦਾਸੀਆਂ ਹਨ, ਸ਼ਬਦ ਪ੍ਰਮਾਣ ਤੁਹਾਡੇ ਗ਼ੁਲਾਮ ਹਨ, ਫ਼ਲਸਫ਼ਾ ਸਿੱਧਾਂਤ ਤੁਹਾਡੀ ਹਥੇਲੀ ਉਪਰ ਪਏ ਹਨ, ਦਲੀਲਾਂ ਤੁਹਾਡੀਆਂ ਨੌਕਰਾਣੀਆਂ ਹਨ, ਐਸਾ ਦਿਮਾਗ਼ ਹੈ ਤੁਹਾਡੇ ਕੋਲ, ਪਰ ਮੈਂ ਇਤਨਾ ਪੁੱਛਣੈ ਕਿ ਤੁਹਾਡੇ ਮਨ ਦੀ ਕੀ ਹਾਲਤ ਹੈ ? ਪਤੈ ਮੈਨੂੰ ਕੀ ਆਖਿਆ ? ਇਹ ਬੋਲ, ਇਹ ਪੁੱਛਣਾ ਅਸੱਭਯ ਹੈ। ਅਸੱਭਯ ਉਸ ਨੂੰ ਕਹਿੰਦੇ ਨੇ ਜਿਸ ਨੂੰ ਸਭਾ ਵਿਚ ਬੋਲਣ ਦਾ ਢੰਗ ਨਹੀਂ। ਇਹ ਪ੍ਰਸ਼ਨ ਅਸੱਭਯ ਹੈ। ਇਸ ਨੂੰ ਪਰਸ਼ੀਅਨ ਵਿਚ ਕਹਿੰਦੇ ਨੇ ਮੁਹੱਜ਼ਬ ਨਹੀਂ ਹੈ, ਗ਼ੈਰ-ਮੁਹੱਜ਼ਬ ਹੈ। ਇਹ ਬੋਲ, ਇਹ ਪੁੱਛਣਾ ਗ਼ੈਰ-ਮੁਅੱਦਦ, ਇਹ ਸੱਭਯ ਨਹੀਂ ਹੈ। ਮੈਂ ਕਿਹਾ ਪ੍ਰਿੰਸੀਪਲ ਸਾਹਿਬ! ਹੁਣ ਪੁੱਛ ਬੈਠੇ ਹਾਂ, ਕੀ ਕਰੀਏ ? ਮੈਂ ਸਿਰਫ਼ ਆਪਣਾ ਗਿਆਨ ਵਧਾਉਣ ਵਾਸਤੇ ਪੁੱਛਿਐ, ਤੁਹਾਡੇ ਤੇ ਚੋਟ ਕਰਨ ਵਾਸਤੇ ਨਹੀਂ। ਸਿਰਫ਼ ਆਪਣਾ ਬੋਧ ਵਧਾਣ ਵਾਸਤੇ, ਤੁਹਾਡੀ ਕਿਸੇ ਖ਼ਾਮੀ, ਕਮਜ਼ੋਰੀ ਨੂੰ ਜਾਨਣ ਵਾਸਤੇ ਨਹੀਂ। ਮੈਨੂੰ ਕਹਿਣ ਲੱਗੇ, ਫਿਰ ਮੈਂ ਇਕ ਰੁਬਾਈ ਲਿਖੀ ਹੈ, ਉਹ ਤੈਨੂੰ ਸੁਣਾਵਾਂ ਤੇ ਆਪੇ ਸਮਝ ਜਾਵੇਂ। ਹੋਰ ਮੈਂ ਕੀ ਬਿਆਨ ਕਰਾਂ ? ਉਹ ਰੁਬਾਈ ਮੈਨੂੰ ਅੱਜ ਵੀ ਕੰਠ ਹੈ। ਇਹ *ਗਿਆਨ ਅੰਮ੍ਰਿਤ* ਰਸਾਲਾ ਕੱਢਦੇ ਸਨ ਅੰਮ੍ਰਿਤਸਰ ਤੋਂ, ਇਹ ਉਹਦੇ ਵਿਚ ਛਪੀ ਭੀ

ਸੀ। ਫਿਰ ਤਾਂ ਬਹੁਤ ਸਾਰਿਆਂ ਨੇ ਨੋਟ ਭੀ ਕੀਤੀ ਸੀ। ਰੁਬਾਈ ਕਹਿੰਦੇ ਨੇ ਚਾਰ ਪੰਗਤੀਆਂ ਦੀ ਕਵਿਤਾ ਨੂੰ। ਜੈਸੇ ਕਬਿੱਤ ਸਵੱਯੇ ਹੁੰਦੇ ਹਨ, ਇਵੇਂ ਰੁਬਾਈ ਹੁੰਦੀ ਹੈ। ਪਰ ਗ਼ਜ਼ਬ ਦੀ ਗੱਲ ਹੈ ਕਿ ਸੁਣਾਈ ਤਾਂ ਉਨ੍ਹਾਂ ਵੈਸੇ ਇਕ ਦਫ਼ਾ ਸੀ, ਪਰ ਕਿਉਂਕਿ ਮੇਰਾ ਪੂਰਾ ਧਿਆਨ ਉਨ੍ਹਾਂ ਵਿਚ ਸੀ, ਮੈਨੂੰ ਕੰਠ ਹੋ ਗਈ। ਤੁਹਾਨੂੰ ਵੀ ਸੁਣਾਉਂਦਾ ਚੱਲਾਂ। ਆਪਣੇ ਦਿਲ ਦਿਮਾਗ਼ ਨੂੰ ਉਨ੍ਹਾਂ ਨੇ ਸਾਗਰ ਨਾਲ ਤਸ਼ਬੀਹ ਦਿੱਤੀ ਹੈ, ਸਮੁੰਦਰ ਨਾਲ:

ਦਿਲ ਸਾਗਰ ਦੇ ਸਾਗਰ ਵਾਂਗਰ ਸੀ ਅਤਿ ਡੂੰਘਾ ਅੜਿਆ।
ਗਿਆਨ, ਵੀਚਾਰ, ਸਿਦਕ ਤੇ ਮੋਤੀ ਪਾ ਦਾਤਾ ਨੇ ਘੜਿਆ।
ਪਰ ਇਹ ਬਾਣ ਕੁਚੱਜੀ ਮੇਰੀ ਬਾਹਰ ਬੋਲ ਲੁਟਾਇਆ।
ਜਪ ਤਪ ਦੀ ਖੱਟੀ ਨਾ ਖੱਟੀ ਖ਼ਾਲੀ ਪਿਰ ਦਰ ਖੜਿਆ।

ਰੱਬ ਨੇ ਤਾਂ ਮੇਰਾ ਹਿਰਦਾ ਬੜਾ ਭਰਿਆ ਸੀ ਮੋਤੀਆਂ ਨਾਲ, ਹੀਰਿਆਂ ਨਾਲ, ਪਰ ਆਪਾਂ ਬੋਲ ਬੋਲ ਕੇ ਸਾਰੇ ਲੁਟਾ ਦਿੱਤੇ। ਰੁਬਾਈ ਕਹਿੰਦਿਆਂ ਉਨ੍ਹਾਂ ਦੀਆਂ ਅੱਖਾਂ ਭੀ ਭਰ ਆਈਆਂ ਸਨ। ਸਮਝ ਆ ਗਈ ਸੀ ਕਿ ਧਰਮ ਦੀ ਸਾਧਨਾ ਸੁਣਨ ਉੱਤੇ ਖੜੀ ਹੈ, ਸੁਣਾਉਣ 'ਤੇ ਨਹੀਂ। ਮੈਂ ਕਿਹਾ, ਮੇਰੇ ਅੰਦਰੋਂ ਭੀ ਇਕ ਰੁਬਾਈ ਨਿਕਲੀ ਹੈ। ਜੇਕਰ ਤੁਸੀਂ ਕਹੋ ਤਾਂ ਸੁਣਾਵਾਂ। ਰਸਤੇ ਵਿਚ ਇਕ ਪੱਥਰ ਸੀ, ਉਥੇ ਹੀ ਬੈਠ ਗਏ, ਤੇ ਕਹਿਣ ਲੱਗੇ ਕਿ ਹੁਣੇ ਹੀ ਸੁਣਾ। ਉਨ੍ਹਾਂ ਨੇ ਆਪਣੇ ਹਿਰਦੇ ਨੂੰ ਸਾਗਰ ਨਾਲ ਤਸ਼ਬੀਹ ਦਿੱਤੀ ਸੀ, ਮੈਂ ਸੂਰਜ ਨੂੰ ਸਾਹਮਣੇ ਰੱਖਿਐ:

ਦਿਲ ਸੂਰਜ ਦੇ ਸੂਰਜ ਵਾਂਗਰ ਸੀ ਪਿਆ ਲਿਸ਼ਕਾਂ ਮਾਰੇ।
ਗਿਆਨ, ਵੀਚਾਰ, ਸਿਦਕ ਦੀਆਂ ਕਿਰਨਾਂ ਭਰੀਆਂ ਸਿਰਜਨਹਾਰੇ।
ਪਰ ਅਫ਼ਸੋਸ ਮਸਕੀਨ ਇਸ ਤਾਈਂ ਲੱਗਿਆ ਗ੍ਰਹਿਣ ਖ਼ੁਦੀ ਦਾ।
ਬੋਲ ਬੋਲ ਕੇ ਚਮਕ ਗਵਾਈ ਗਿਰਿਆ ਹੁਣ ਅੰਧਿਆਰੇ।

ਮੱਥੇ 'ਤੇ ਹੱਥ ਮਾਰ ਕੇ ਕਹਿਣ ਲੱਗੇ, ਕਮਬਖ਼ਤਾ, ਮੈਨੂੰ ਜਿਹੜੀ ਗੱਲ ਅੱਸੀ ਸਾਲ ਵਿਚ ਸਮਝ ਆਈ ਹੈ, ਤੈਨੂੰ ਬਾਈ ਸਾਲ ਵਿਚ ਆ ਗਈ ਹੈ। ਬਹੁਤ ਪੁਰਾਣੀ ਗੱਲ ਮੈਂ ਤੁਹਾਨੂੰ ਸੁਣਾ ਰਿਹਾਂ। ਐਹ ਤਾਂ ਮੈਨੂੰ ਹੁਣ ਸਮਝ ਵਿਚ ਆਈ ਹੈ। ਖ਼ੈਰ, ਮੈਂ ਅੱਗੇ ਤੁਰਾਂ, ਸੁਣਨ ਲੱਗਿਆਂ ਧਿਆਨ ਆਪਣੇ ਉੱਤੇ ਜਾਂਦੈ, ਸੁਣਾਨ ਲੱਗਿਆਂ ਧਿਆਨ ਬਾਹਰ ਦੂਜੇ ਉਪਰ ਜਾਂਦਾ ਹੈ। ਇਸ ਵਾਸਤੇ ਉਹ ਪਾਠ ਜਪ ਹੋ ਜਾਂਦਾ ਹੈ, ਜਦ ਜ਼ਬਾਨ ਉਚਾਰਣ ਕਰ ਰਹੀ ਹੋਵੇ ਤੇ ਮਨੁੱਖ ਖ਼ੁਦ ਸੁਣੇ। ਮਹਾਰਾਜ ਕਹਿੰਦੇ ਹਨ, ਬਾਣੀ ਜਪੀ ਭੀ ਜਾ ਸਕਦੀ ਹੈ, ਬਾਣੀ ਪੜ੍ਹੀ ਭੀ ਜਾ ਸਕਦੀ ਹੈ। ਪੜ੍ਹਨ ਲੱਗਿਆਂ ਧਿਆਨ ਬਾਹਰ ਹੋਵੇਗਾ, ਜਪਣ ਲੱਗਿਆਂ ਧਿਆਨ ਆਪਣੇ ਵਿਚ ਹੋਵੇਗਾ:

ਜਪਿ ਮਨ ਮੇਰੇ ਗੋਵਿੰਦ ਕੀ ਬਾਣੀ॥ *(ਗਉੜੀ ਮ: ੫, ਪੰਨਾ 192)*

ਜਿਵੇਂ ਹੀ ਬਾਣੀ ਦਾ ਅੰਦਰ ਪ੍ਰਵੇਸ਼ ਹੁੰਦੈ, ਰੱਬ ਦੇ ਗੁਣਾਂ ਦਾ ਅੰਦਰ ਪ੍ਰਵੇਸ਼ ਹੁੰਦੈ, ਪਹਿਲੇ ਪਹਿਲ ਆਪਣੇ ਅਵਗੁਣ ਦਿਖਾਈ ਦਿੰਦੇ ਹਨ। ਪਰ ਇਤਨੀ ਮੈਂ ਅਰਜ਼ ਕਰਾਂ ਕਿ ਬਹੁਤ ਸਿਆਣੇ ਤੋਂ ਸਿਆਣੇ ਮਨੁੱਖ ਨੂੰ ਵੀ ਆਪਣੀਆਂ ਖ਼ਾਮੀਆਂ ਦਿਖਾਈ ਨਹੀਂ ਦਿੰਦੀਆਂ। ਕੋਈ ਆਪਣੀਆਂ ਖ਼ਾਮੀਆਂ ਮੰਨਦਾ ਭੀ ਨਹੀਂ, ਕਿਉਂਕਿ ਆਪਣੀਆਂ ਖ਼ਾਮੀਆਂ ਦਿਖਾਈ ਨਹੀਂ ਦਿੰਦੀਆਂ। ਇਸ ਨੂੰ ਬਹੁਤ ਸੋਹਣੇ ਢੰਗ ਨਾਲ ਬਿਆਨ ਕੀਤੈ, ਆਖ਼ਰੀ ਮੁਗਲ ਸਮਰਾਟ ਬਹਾਦਰ ਸ਼ਾਹ ਜ਼ਫ਼ਰ ਨੇ। ਉਹ ਕਹਿੰਦੈ :

ਜਬ ਨ ਥੀ ਅਪਨੇ ਗੁਨਾਹੋਂ ਕੀ ਖ਼ਬਰ, ਦੇਖਤੇ ਥੇ ਦੁਨੀਆ ਕੇ ਐਬੋ ਹੁਨਰ।
ਜਬ ਅਪਨੇ ਗੁਨਾਹੋਂ ਪੇ ਪੜੀ ਨਿਗਾਹ, ਤੋ ਜਹਾਂ ਮੇਂ ਕੋਈ ਬੁਰਾ ਨਾ ਰਹਾ।
ਜ਼ਫ਼ਰ ਆਦਮੀ ਉਸ ਕੋ ਨਾ ਜਾਨੀਏਗਾ, ਵਹੁ ਕਿਤਨਾ ਹੀ ਆਲਮ ਫ਼ੈਜ਼ੋ ਜ਼ਕਾ।
ਜਿਸੇ ਐਸ਼ ਮੇਂ ਯਾਦੇ ਖ਼ੁਦਾ ਨਾ ਰਹੀ, ਜਿਸੇ ਤੈਸ਼ ਮੇਂ ਖ਼ੌਫ਼-ਏ-ਖ਼ੁਦਾ ਨਾ ਰਹਾ।

ਫਿਰ ਉਸ ਨੂੰ ਮਨੁੱਖ ਕਹਿਣ ਦੀ ਲੋੜ ਭੀ ਕੀ ਹੈ! ਧਿਆਨ ਆਪਣੇ ਨੇੜੇ ਹੋਵੇ ਤੇ ਗਹਿਰਾ ਹੋਵੇ, ਕਮਜ਼ੋਰੀਆਂ, ਅਵਗੁਣ ਦਿਖਾਈ ਦਿੰਦੇ ਹਨ। ਫਿਰ ਉਨ੍ਹਾਂ ਗੁਣਾਂ ਦੇ ਚਾਨਣੇ ਕਰਕੇ ਮਨੁੱਖ ਉਨ੍ਹਾਂ ਅਵਗੁਣਾਂ ਨੂੰ ਕੱਢ ਦਿੰਦਾ ਹੈ ਅਤੇ ਗੁਣਾਂ ਦਾ ਸਾਗਰ ਬਣ ਜਾਂਦਾ ਹੈ। ਫਿਰ ਉਸ ਨੂੰ ਇਹ ਭੀ ਦਿਖਾਈ ਦਿੰਦਾ ਹੈ ਕਿ ਗੁਣ ਮੇਰੇ ਨਹੀਂ। ਫਿਰ ਕਿਸ ਦੇ ਹਨ ?

ਸਭਿ ਗੁਣ ਤੇਰੇ ਮੈ ਨਾਹੀ ਕੋਇ॥
ਵਿਣੁ ਗੁਣ ਕੀਤੇ ਭਗਤਿ ਨ ਹੋਇ॥ *(ਜਪੁ ਜੀ, ਪੰਨਾ 4)*

ਕਿਉਂਕਿ ਹੁਣ ਪਰਮਾਤਮਾ ਰੂਪੀ ਸੂਰਜ ਦੀ ਕਿਰਨ ਹੈ। ਐਸਾ ਤਾਂ ਕੋਈ ਹਿਰਦਾ ਨਹੀਂ ਹੋਵੇਗਾ ਜਿਥੇ ਇਕ ਦੋ ਕਿਰਨਾਂ ਨਾ ਹੋਵਣ। ਕੁਝ ਨਾ ਕੁਝ ਰੌਸ਼ਨੀ ਤਾਂ ਹਰ ਇਕ ਕੋਲ ਹੁੰਦੀ ਹੈ। ਕੋਈ ਨਾ ਕੋਈ ਖ਼ੂਬੀ ਤਾਂ ਹਰ ਇਕ ਕੋਲ ਹੁੰਦੀ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਸਾਫ਼ ਕਹਿੰਦੇ ਹਨ :

ਤੈਸੇ ਗੁਰ ਗਿਆਨ ਦਾਨ ਸਬਹੂੰ ਸੈ ਮਾਂਗਿ ਲੀਜੈ,
ਬੰਦਨਾ ਸਕਲ ਭੂਤ ਨਿੰਦਾ ਨ ਤਕਾਰੀਐ॥ *(ਕਬਿੱਤ ਸਵੱਯੇ)*

ਗਿਆਨ ਹਰ ਇਕ ਕੋਲੋਂ ਲੈ ਲਿਆ ਕਰੋ। ਇਸ ਸੰਬੰਧੀ ਬੜੀਆਂ ਦਲੀਲਾਂ ਨਾਲ ਸਮਝਾਣ ਦਾ ਜਤਨ ਕੀਤੈ ਭਾਈ ਗੁਰਦਾਸ ਨੇ, "ਜੈਸੇ ਨੈਨ ਬੈਨ ਪੰਖ ਸੁੰਦਰ ਸਰਬੰਗ ਮੋਰ", ਮੋਰ ਦੀਆਂ ਅੱਖਾਂ ਬੜੀਆਂ ਖ਼ੂਬਸੂਰਤ, ਪੰਖ ਬੜੇ ਖ਼ੂਬਸੂਰਤ, ਚਾਲ ਬੜੀ ਮਧੁਰ, ਐਨੀਆਂ ਖ਼ੂਬੀਆਂ! ਫਿਰ ਆਵਾਜ਼ ਭੀ ਮਿੱਠੀ ਹੈ, ਚੰਗਾ ਬੋਲਦੈ, ਪਰ :

ਜੈਸੇ ਨੈਨ ਬੈਨ ਪੰਖ ਸੁੰਦਰ ਸਰਬੰਗ ਮੋਰ,
ਤਾ ਕੇ ਪਗ ਓਰ ਦੇਖਿ ਦੋਖ ਨ ਬੀਚਾਰੀਐ॥ *(ਕਬਿੱਤ ਸਵੱਯੇ)*

ਉਸ ਦੇ ਪੈਰਾਂ ਨੂੰ ਦੇਖ ਕੇ ਇਹ ਨਾ ਕਹਿ ਦੇਣਾ ਕਿ ਮੋਰ ਤਾਂ ਕਿਸੇ ਕੰਮ ਦਾ ਹੀ ਨਹੀਂ। ਆਪ ਦੀ ਗਿਆਤ ਲਈ ਅਰਜ਼ ਕਰਾਂ, ਜੇਕਰ ਉਪਰੋਂ ਮਨੁੱਖ ਦਾ ਮੱਥਾ ਹੀ ਦੇਖੀਏ ਇਕ-ਮਿਕ ਹੋ ਕੇ, ਫਿਰ ਉਸ ਦੇ ਪੈਰ ਨਹੀਂ ਦਿਖਾਈ ਦਿੰਦੇ। ਜੇ ਝੁਕ ਕੇ ਤੇ ਇਕ-ਮਿਕ ਹੋ ਕੇ ਉਸ ਦੇ ਪੈਰਾਂ ਨੂੰ ਵੇਖੀਏ, ਫਿਰ ਉਸ ਦਾ ਮੂੰਹ ਮੱਥਾ ਨਹੀਂ ਦਿਖਾਈ ਦਿੰਦਾ। ਇੱਕੋ ਹੀ ਸਮੇਂ ਇਹ ਦੋ ਅੱਖਾਂ ਦੀ ਦ੍ਰਿਸ਼ਟੀ ਮੂੰਹ ਮੱਥਾ ਭੀ ਵੇਖੇ ਤੇ ਪੈਰ ਭੀ ਵੇਖੇ, ਨਹੀਂ ਹੋ ਸਕੇਗਾ। ਆਪ ਸਾਰੇ ਸਿਆਣੇ ਬੈਠੇ ਹੋ, ਦ੍ਰਿਸ਼ਟੀ ਜਦ ਚਿਹਰੇ 'ਤੇ ਹੋਵੇਗੀ, ਫਿਰ ਚਰਨਾਂ 'ਤੇ ਨਹੀਂ ਹੈ, ਪੈਰਾਂ 'ਤੇ ਨਹੀਂ ਹੈ ਅਤੇ ਜਦ ਦ੍ਰਿਸ਼ਟੀ ਪੈਰਾਂ ਉਪਰ ਹੈ ਤਾਂ ਫਿਰ ਮਸਤਕ 'ਤੇ ਨਹੀਂ ਹੈ। ਪੈਰ ਦਿਖਾਈ ਦੇ ਰਹੇ ਹਨ, ਮਸਤਕ ਨਹੀਂ ਤੇ ਜਦ ਦ੍ਰਿਸ਼ਟੀ ਮਸਤਕ 'ਤੇ ਹੈ ਤੇ ਫਿਰ ਮਸਤਕ ਦਿਖਾਈ ਦੇ ਰਿਹੈ, ਪੈਰ ਨਹੀਂ। ਸੁਰਤ ਉੱਚੀ ਹੋ ਜਾਏ, ਫਿਰ ਪਰਮਾਤਮਾ ਹੀ ਪਰਮਾਤਮਾ ਦਿਖਾਈ ਦਿੰਦੈ, ਪਦਾਰਥ ਨਹੀਂ। ਸੁਰਤ ਨੀਵੀਂ ਹੈ, ਪਦਾਰਥ ਹੀ ਪਦਾਰਥ ਦਿਖਾਈ ਦਿੰਦੈ, ਪਰਮਾਤਮਾ ਨਹੀਂ। ਇਹ ਤਾਂ ਸੁਰਤ ਦੇ ਉੱਤੇ ਹੈ, ਸੁਰਤ ਉੱਚੀ ਹੈ ਕਿ ਨੀਵੀਂ ਹੈ, ਇਹ ਮਸਤਕ ਦੇਖਦੀ ਪਈ ਹੈ ਕਿ ਚਰਨਾਂ ਨੂੰ ਵੇਖਦੀ ਪਈ ਹੈ। ਉੱਚੀ ਸੁਰਤ ਲਈ ਸਾਰਾ ਬ੍ਰਹਿਮੰਡ ਪਰਮਾਤਮਾ ਹੋ ਜਾਂਦਾ ਹੈ। ਨੀਵੀਂ ਸੁਰਤ ਲਈ ਸਾਰਾ ਬ੍ਰਹਿਮੰਡ ਪਦਾਰਥ ਬਣ ਕੇ ਰਹਿ ਜਾਂਦਾ ਹੈ, ਹੋਰ ਕੁਝ ਭੀ ਨਹੀਂ। ਧੰਨ ਗੁਰੂ ਨਾਨਕ ਜੀ ਕਹਿੰਦੇ ਹਨ, ਐਸਾ ਤਾਂ ਕੋਈ ਹਿਰਦਾ ਨਹੀਂ ਜਿਸ ਕੋਲ ਕੋਈ ਗੁਣ ਨਾ ਹੋਵੇ। ਦਲੀਲਾਂ ਦਿੱਤੀਆਂ ਨੇ ਭਾਈ ਗੁਰਦਾਸ ਨੇ:

ਜੈਸੇ ਨੈਨ ਬੈਨ ਪੰਖ ਸੁੰਦਰ ਸਰਬੰਗ ਮੋਰ,
ਤਾ ਕੇ ਪਗ ਓਰ ਦੇਖਿ ਦੋਖ ਨ ਬੀਚਾਰੀਐ॥
ਸੰਦਲ ਸੁਗੰਧ ਅਤਿ ਕੋਮਲ ਕਮਲ ਜੈਸੇ,
ਕੰਟਕਿ ਬਿਲੋਕਿ ਨ ਅਉਗਨ ਉਰਧਾਰੀਐ॥ *(ਕਬਿੱਤ ਸਵੱਯੇ)*

ਬੜਾ ਸੁੰਦਰ ਹੈ ਗੁਲਾਬ ਦਾ ਫੁੱਲ, ਬੜੀ ਮਹਿਕ ਹੈ, ਪਰ ਜੇ ਕੰਡਿਆਂ 'ਤੇ ਦ੍ਰਿਸ਼ਟੀ ਜਾਏ ਤਾਂ ਗੁਲਾਬ ਕਿਸੇ ਕੰਮ ਦਾ ਨਹੀਂ। ਕੰਡੇ ਹੀ ਕੰਡੇ! ਭਾਈ ਸਾਹਿਬ ਕਹਿੰਦੇ ਹਨ ਕੰਡੇ ਨਾ ਵੇਖ, ਫੁੱਲ ਨੂੰ ਵੇਖ। ਭਾਵ, ਮੋਰ ਦਾ ਪੰਖ ਵੇਖ, ਪੈਰਾਂ ਨੂੰ ਨਾ ਵੇਖ, "ਜੈਸੇ ਅੰਮ੍ਰਿਤ ਫਲ ਮਿਸਟਿ ਗੁਨਾਦਿ ਸ੍ਵਾਦ"। ਅੰਮ੍ਰਿਤ ਫਲ ਅੰਬ—ਇਹੀ ਇਕ ਫਲ ਹੈ ਜੋ ਮਨੁੱਖ ਮੂੰਹ ਵਿਚ ਪਾਉਂਦੈ, ਕੱਢਦੈ; ਫਿਰ ਪਾਉਂਦੈ, ਕੱਢਦੈ, ਇਸ ਫਲ ਤੋਂ ਘ੍ਰਿਣਾ ਨਹੀਂ ਹੁੰਦੀ। ਕੋਈ ਹੋਰ ਵਸਤੂ ਬੰਦਾ ਮੂੰਹ ਵਿਚ ਪਾ ਕੇ ਬਾਹਰ ਕੱਢੇ ਤਾਂ ਫਿਰ ਨਹੀਂ ਪਾਵੇਗਾ, ਘ੍ਰਿਣਾ ਆਉਂਦੀ ਹੈ, ਪਰ ਅੰਬ ਤੋਂ ਘ੍ਰਿਣਾ ਨਹੀਂ ਹੁੰਦੀ:

ਜੈਸੇ ਅੰਮ੍ਰਿਤ ਫਲ ਮਿਸਟਿ ਗੁਨਾਦਿ ਸ੍ਵਾਦ,
ਬੀਜ ਕਰਵਾਈ ਕੈ ਬੁਰਾਈ ਨ ਸਮਾਰੀਐ॥ *(ਕਬਿੱਤ ਸਵੱਯੇ)*

ਉਸ ਦੀ ਸਖ਼ਤ ਗੁਠਲੀ ਵੇਖ ਕੇ, ਕਉੜੀ ਜਾਣ ਕੇ, ਇੰਞ ਨਾ ਆਖ ਕਿ ਅੰਬ ਤਾਂ ਕਿਸੇ ਕੰਮ ਦਾ ਹੀ ਨਹੀਂ। ਤੁਸੀਂ ਆਖੋਗੇ ਕਿ ਭਾਈ ਜੀ ਕਹਿਣਾ ਕੀ ਚਾਹੁੰਦੇ ਹਨ ? ਆਪ ਆਖ਼ਰੀ ਪੰਗਤੀ ਵਿਚ ਸਾਫ਼ ਕਹਿ ਰਹੇ ਹਨ, "ਤੈਸੇ ਗੁਰ ਗਿਆਨ ਦਾਨ ਸਬਹੂੰ ਸੈ ਮਾਂਗਿ ਲੀਜੈ" ਹਰ ਇਕ ਕੋਲ ਕੋਈ ਨਾ ਕੋਈ ਗੁਣ ਤਾਂ ਹੈ:

ਤੈਸੇ ਗੁਰ ਗਿਆਨ ਦਾਨ ਸਬਹੂੰ ਸੈ ਮਾਂਗਿ ਲੀਜੈ,
ਬੰਦਨਾ ਸਕਲ ਭੂਤ ਨਿੰਦਾ ਨ ਤਕਾਰੀਐ॥੩੯੯॥ *(ਕਬਿੱਤ ਸਵੱਯੇ)*

ਪਰ ਦੋਖ-ਦ੍ਰਿਸ਼ਟੀ ਵਾਲਾ ਅੰਬ ਨੂੰ ਨਹੀਂ ਵੇਖਦਾ, ਗੁਠਲੀ ਨੂੰ ਵੇਖਦੈ। ਦੋਖ-ਦ੍ਰਿਸ਼ਟੀ ਫੁੱਲਾਂ ਨੂੰ ਨਹੀਂ ਵੇਖਦੀ, ਕੰਡਿਆਂ ਨੂੰ ਵੇਖਦੀ ਹੈ। ਦੋਖ-ਦ੍ਰਿਸ਼ਟੀ ਮੋਰ ਦੀ ਕਲਗ਼ੀ, ਮੋਰ ਦੀਆਂ ਅੱਖਾਂ, ਮੋਰ ਦੇ ਪੰਖ ਨਹੀਂ ਵੇਖਦੀ, ਪੈਰਾਂ ਨੂੰ ਵੇਖਦੀ ਹੈ। ਦੋਖ-ਦ੍ਰਿਸ਼ਟੀ ਹਰ ਇਕ ਵਿਚ ਅਵਗੁਣਾਂ ਨੂੰ ਵੇਖਦੀ ਹੈ, ਗੁਣਾਂ ਨੂੰ ਨਹੀਂ ਵੇਖਦੀ। ਐਹ ਭੀ ਬੁਰਾ, ਉਹ ਭੀ ਬੁਰਾ। ਸ਼ੁੱਭ ਦ੍ਰਿਸ਼ਟੀ ਫੁੱਲ ਨੂੰ ਹੀ ਵੇਖਦੀ ਹੈ, ਕੰਡਿਆਂ ਨੂੰ ਨਹੀਂ। ਸ਼ੁਭ ਦ੍ਰਿਸ਼ਟੀ ਪੰਖ ਨੂੰ ਵੇਖਦੀ ਹੈ, ਪੈਰਾਂ ਨੂੰ ਨਹੀਂ। ਸ਼ੁਭ ਦ੍ਰਿਸ਼ਟੀ ਗੁਠਲੀ ਨਹੀਂ ਵੇਖਦੀ, ਅੰਬ ਦੀ ਗਿਰੀ ਨੂੰ ਵੇਖਦੀ ਹੈ, ਰਸ ਨੂੰ ਵੇਖਦੀ ਹੈ। ਇਸੇ ਤਰ੍ਹਾਂ ਜਿਹੜਾ ਮਨੁੱਖ ਹਰ ਇਕ ਵਿਚ ਗੁਣ ਵੇਖਦੈ, ਗੁਣਾਂ ਨੂੰ ਵੇਖਦਿਆਂ ਵੇਖਦਿਆਂ ਉਸਦਾ ਇਕ ਦਿਨ ਭਗਵਾਨ ਨਾਲ ਸੰਬੰਧ ਜੁੜ ਜਾਂਦਾ ਹੈ, ਗੁਣਾਂ ਦੇ ਸਾਗਰ ਨਾਲ ਸੰਬੰਧ ਜੁੜ ਜਾਂਦਾ ਹੈ। ਇਵੇਂ ਹੀ ਹਰ ਇਕ ਵਿਚ ਅਵਗੁਣ ਵੇਖਦਿਆਂ ਵੇਖਦਿਆਂ ਇਕ ਦਿਨ ਮਨੁੱਖ ਦਾ ਸੰਬੰਧ ਸ਼ੈਤਾਨ ਨਾਲ ਜੁੜ ਜਾਂਦਾ ਹੈ, ਅਵਗੁਣਾਂ ਦੇ ਸਾਧਨਾਂ ਨਾਲ ਸੰਬੰਧ ਜੁੜ ਜਾਂਦਾ ਹੈ ਅਤੇ ਮਨੁੱਖ ਸ੍ਵੈਮ ਹੀ ਅਵਗੁਣਾਂ ਦਾ ਸਾਗਰ ਬਣ ਕੇ ਰਹਿ ਜਾਂਦਾ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਇਹ ਬੋਲ ਸੁਣੋ:

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥੩॥ *(ਸੂਹੀ ਮ: ੧, ਪੰਨਾ 766)*

ਇਕ ਮਿੱਤਰ ਹੈ, ਉਸ ਨਾਲ ਬੜਾ ਪਿਆਰ ਹੈ। ਹੁਣ ਉਸ ਵਿਚ ਜੋ ਕੁਝ ਭੀ ਦਿਖਾਈ ਦਿੰਦੈ, ਸ਼ੁਭ ਦਿਖਾਈ ਦਿੰਦੈ, ਕਿਉਂਕਿ ਮਿੱਤਰ ਹੈ, ਬੜਾ ਪਿਆਰਾ ਲੱਗਦੈ। ਹੁਣ ਇਸ ਦਾ ਇਹ ਮਤਲਬ ਨਹੀਂ ਕਿ ਉਸ ਵਿਚ ਅਸ਼ੁੱਭ ਨਹੀਂ ਹੈ, ਦੋਖ ਨਹੀਂ ਹੈ, ਕਿਉਂਕਿ ਉਹ ਪਿਆਰਾ ਲੱਗਦੈ, ਉਸ ਨਾਲ ਪਿਆਰ ਹੈ,

ਭਾਈਚਾਰਾ ਹੈ, ਮਿੱਤਰ ਹੈ। ਜੋ ਮਿੱਤਰ ਹੈ, ਉਸ ਵਿਚ ਦੋਖ ਹੋਵੇ ਤਾਂ ਭੀ ਦਿਖਾਈ ਨਹੀਂ ਦਿੰਦਾ। ਜੋ ਦੁਸ਼ਮਣ ਹੈ, ਭਾਵੇਂ ਉਸ ਵਿਚ ਗੁਣ ਹੋਣ ਤਾਂ ਭੀ ਦਿਖਾਈ ਨਹੀਂ ਦਿੰਦੇ। ਮੈਂ ਫਿਰ ਦੁਹਰਾਵਾਂ ਕਿ ਜੋ ਮਿੱਤਰ ਹੈ, ਉਸ ਵਿਚ ਦੋਖ ਹੋਵੇ ਤਾਂ ਭੀ ਦਿਖਾਈ ਨਹੀਂ ਦਿੰਦਾ। ਜੋ ਦੁਸ਼ਮਨ ਹੈ, ਉਸ ਵਿਚ ਭਾਵੇਂ ਕਿਤਨੇ ਭੀ ਗੁਣ ਹੋਣ, ਨਹੀਂ ਦਿਖਾਈ ਦਿੰਦੇ। ਜੇਕਰ ਦੁਸ਼ਮਣ ਵਿਚ ਭੀ ਸ਼ੁੱਭ ਦਿਖਾਈ ਦੇਣ ਲੱਗ ਪਵੇ ਤਾਂ ਦੁਸ਼ਮਣੀ ਖ਼ਤਮ ਹੋ ਜਾਏਗੀ। ਪਰੰਤੂ ਸ਼ੁੱਭ ਨਾਲ ਕਿਹੜੀ ਗੱਲ ਦੀ ਦੁਸ਼ਮਣੀ ? ਮੈਂ ਅਰਜ਼ ਕਰਾਂ, ਸ਼ੁਭ ਨਾਲ ਭੀ ਦੁਸ਼ਮਣੀ ਹੋ ਸਕਦੀ ਹੈ। ਕਿਵੇਂ ਹੋ ਸਕਦੀ ਹੈ, ਇਸਦਾ ਜ਼ਿਕਰ ਮੈਂ ਅੱਗੇ ਕਰਾਂਗਾ। ਸੋ ਜੋ ਪਿਆਰਾ ਹੈ, ਆਪਣਾ ਬਣਾਇਐ, ਮਿੱਤਰ ਹੈ, ਉਸ ਦੀ ਹਰ ਗੱਲ ਚੰਗੀ ਲੱਗਦੀ ਹੈ, ਹੁਣ ਉਹਦੇ ਵਿਚ ਸਭ ਕੁਝ ਸ਼ੁਭ ਹੀ ਸ਼ੁਭ ਦਿਖਾਈ ਦਿੰਦੈ। ਜਿਸਨੂੰ ਮਨ ਆਪਣਾ ਬਣਾ ਲਵੇ, ਉਸ ਵਿਚ ਸਭ ਕੁਝ ਚੰਗਾ ਹੀ ਚੰਗਾ ਦਿਖਾਈ ਦਿੰਦੈ। ਇਸ ਸੰਬੰਧ ਵਿਚ ਇਕ ਛੋਟੀ ਜਿਹੀ ਗਾਥਾ ਮੈਨੂੰ ਯਾਦ ਆਈ ਹੈ। ਅੱਧਖੜ ਜਿਹੀ ਉਮਰ ਵਿਚ ਅਕਬਰ ਦੇ ਘਰ ਸੰਤਾਨ ਹੋਈ ਸੀ। ਸਲੀਮ ਦਾ ਜਨਮ ਹੋਇਆ ਸੀ ਜੋ ਬਾਅਦ ਵਿਚ ਜਹਾਂਗੀਰ ਬਣਿਆ। ਆਗਰੇ ਦੇ ਮਹਿਲਾਂ ਵਿਚ ਅਕਬਰ ਸਲੀਮ ਨੂੰ ਆਪ ਖਿਡਾ ਰਿਹੈ। ਰੁਕੀ ਹੋਈ ਮਮਤਾ ਅੱਧਖੜ ਵਿਚ ਡੁਲ੍ਹ ਡੁਲ੍ਹ ਪੈ ਰਹੀ ਸੀ। ਇੱਕੋ ਬੱਚਾ ਸੀ, ਮਹਿਲ ਦੇ ਵੱਡੇ ਹਾਲ ਕਮਰੇ ਵਿਚ ਬੈਠਾ ਸੀ। ਨੌਕਰਾਣੀ ਪੋਚਾ ਮਾਰ ਰਹੀ ਸੀ, ਕਮਰਾ ਸਾਫ਼ ਕਰ ਰਹੀ ਸੀ। ਨੌਕਰਾਣੀ ਨੂੰ ਬੁਲਾ ਕੇ ਕਹਿੰਦੈ, ਖ਼ਾਦਿਮਾ, ਸਲੀਮ ਬਹੁਤ ਹੀ ਖ਼ੂਬਸੂਰਤ ਹੈ। ਹੁਣ ਖ਼ਾਦਿਮਾ ਨੌਕਰਾਣੀ ਵਿਚਾਰੀ ਕੀ ਆਖੇ! ਹਾਂ ਜਹਾਂ ਪਨਾਹ! ਬਹੁਤ ਹੀ ਖ਼ੂਬਸੂਰਤ ਹੈ! ਅਕਬਰ ਫਿਰ ਕਹਿੰਦੈ, ਖ਼ਾਦਿਮਾ, ਇੰਜ ਲੱਗਦੈ, ਖ਼ੁਦਾ ਨੇ ਵਿਹਲੇ ਸਮੇਂ ਵਿਚ ਇਸ ਨੂੰ ਬਣਾਇਐ, ਘੜਿਐ। ਸਲੀਮ ਜੈਸਾ ਹੋਰ ਕੋਈ ਭੀ ਨਹੀਂ। ਖ਼ਾਦਿਮਾ ਅੱਗੋਂ ਕਹਿੰਦੀ ਹੈ, ਹੋ ਭੀ ਕਿਸ ਤਰ੍ਹਾਂ ਸਕਦੈ ਸਲੀਮ ਜੈਸਾ ਹੋਰ ਕੋਈ। ਇਹ ਮਹਾਂ ਬਲੀ ਅਕਬਰ ਦਾ ਫ਼ਰਜ਼ੰਦ ਹੈ। ਇਸ ਤੋਂ ਖ਼ੂਬਸੂਰਤ ਹੋਰ ਕੌਣ ਹੋ ਸਕਦੈ! ਇਸ ਤੋਂ ਚੰਗਾ ਹੋਰ ਕੋਈ ਕਿਸ ਤਰ੍ਹਾਂ ਹੋ ਸਕਦੈ!! ਪਤੈ ਫਿਰ ਅਕਬਰ ਨੇ ਕੀ ਆਖਿਐ ? ਖ਼ਾਦਿਮਾ, ਇੰਝ ਕਰ, ਤੈਨੂੰ ਮੈਂ ਤਿੰਨ ਦਿਨ ਦੀ ਛੁੱਟੀ ਦਿੰਦਾ ਹਾਂ। ਤੂੰ ਆਗਰੇ ਵਿਚ ਲੱਭ, ਤੈਨੂੰ ਕੋਈ ਐਸਾ ਬੱਚਾ ਅਗਰ ਦਿਸ ਪਵੇ, ਜੋ ਮੇਰੇ ਸਲੀਮ ਨਾਲੋਂ ਜ਼ਿਆਦਾ ਖ਼ੂਬਸੂਰਤ ਹੋਵੇ, ਮੈਂ ਉਸ ਦੇ ਮਾਂ-ਬਾਪ ਤੇ ਬੱਚੇ ਨੂੰ ਮਾਲਾਮਾਲ ਕਰ ਦਿਆਂਗਾ। ਬੜਾ ਕੁਝ ਦੇਵਾਂਗਾ, ਜਾਹ ਲੱਭ। ਤੀਜੇ ਦਿਨ ਸੰਧਿਆ ਦੇ ਸਮੇਂ ਨੌਕਰਾਨੀ ਹਾਜ਼ਰ ਹੋਈ, ਪ੍ਰਗਟ ਹੋਈ। ਗੋਦ ਵਿਚ ਬੱਚਾ ਹੈ। ਚੀਥੜਿਆਂ ਵਿਚ ਲਿਪਟਿਆ ਹੋਇਆ, ਮੈਲਾ ਕੁਚੈਲਾ ਅਤੇ ਕਰੂਪ। ਅਕਬਰ ਕਹਿੰਦੈ, ਖ਼ਾਦਿਮਾ, ਮੈਂ ਤੈਨੂੰ ਕਿਹਾ ਸੀ ਕਿ ਆਗਰੇ ਵਿਚ ਕੋਈ ਖ਼ੂਬਸੂਰਤ ਬੱਚਾ

ਲੱਭ ਕੇ ਲਿਆ। ਅਜੇ ਅਕਬਰ ਨੇ ਅੱਗੋਂ ਕੁਝ ਹੋਰ ਕਹਿਣਾ ਸੀ ਕਿ ਖ਼ਾਦਿਮਾ ਵਿੱਚੋਂ ਹੀ ਬੋਲ ਪਈ, ਜਹਾਂ ਪਨਾਹ! ਮੈਂ ਲੈ ਕੇ ਆਈ ਹਾਂ। ਕਿਥੇ ਹੈ ? ਮੇਰੀ ਗੋਦ ਵਿਚ ਹੈ। ਇਹ ਕਿਸ ਦਾ ਬੱਚਾ ਹੈ ? ਇਹ ਮੇਰਾ ਹੀ ਬੱਚਾ ਹੈ ਜਹਾਂ ਪਨਾਹ। ਸੱਚ ਪੁੱਛੋ ਤਾਂ ਮੈਨੂੰ ਇਸ ਬੱਚੇ ਨਾਲੋਂ, ਆਗਰੇ ਵਿਚ ਹੋਰ ਕੋਈ ਖ਼ੂਬਸੂਰਤ ਨਹੀਂ ਦਿਖਾਈ ਦਿੱਤਾ, ਇਹ ਸੱਚ ਹੈ। ਮੇਰੀ ਜਾਨ ਦੀ ਬਖ਼ਸ਼ਿਸ਼ ਕਰੋ ਤਾਂ ਇਹਦੇ ਸਾਹਮਣੇ ਤੁਹਾਡਾ ਸਲੀਮ ਭੀ ਫਿੱਕਾ ਹੈ, ਕੁਝ ਭੀ ਨਹੀਂ। ਸੋ ਆਪਣਾ ਹੈ, ਜਿਸ ਨਾਲ ਪਿਆਰ ਹੈ, ਉਹਦੇ ਵਿਚ ਸਭ ਕੁਝ ਸ਼ੁਭ ਹੀ ਦਿਖਾਈ ਦਿੰਦੈ, ਉਸ ਦੀ ਬਦਸੂਰਤੀ ਖ਼ੂਬਸੂਰਤੀ ਦਿਖਾਈ ਦਿੰਦੀ ਹੈ। ਉਸ ਦੀ ਮੈਲ, ਨਿਰਮਲਤਾ ਦਿਖਾਈ ਦਿੰਦੀ ਹੈ। ਉਸ ਦੇ ਅਵਗੁਣ, ਗੁਣ ਦਿਖਾਈ ਦਿੰਦੇ ਹਨ ਕਿਉਂਕਿ ਆਪਣਾ ਹੈ, ਪਿਆਰਾ ਹੈ। ਜੋ ਮਿੱਤਰ ਹੈ, ਉਸ ਵਿਚ ਸਭ ਕੁਝ ਸ਼ੁਭ ਦਿਖਾਈ ਦੇ ਰਿਹੈ। ਰੱਬ ਦੀ ਨੇਤ, ਕਿਸੇ ਗੱਲ ਕਰਕੇ ਮਿੱਤਰਤਾ ਵਿਚ ਤਕਰਾਰ ਹੋ ਗਿਐ ਅਤੇ ਕਈ ਸਾਲਾਂ ਦੀ ਮਿੱਤਰਤਾ ਦੁਸ਼ਮਣੀ ਵਿਚ ਬਦਲ ਗਈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

ਟੂਟਿ ਪਰੀਤਿ ਗਈ ਬੁਰ ਬੋਲਿ॥ *(ਰਾਮਕਲੀ ਮ: ੧, ਪੰਨਾ 933)*

ਦੋ ਬੁਰੇ ਬੋਲਾਂ ਨੇ ਕਈ ਸਾਲਾਂ ਦੀ ਪ੍ਰੀਤ ਨੂੰ ਤੋੜ ਕੇ ਰੱਖ ਦਿੱਤਾ। ਪ੍ਰੀਤ ਟੁੱਟ ਗਈ, ਮਿੱਤਰਤਾ ਦੁਸ਼ਮਣੀ ਵਿਚ ਬਦਲ ਗਈ। ਕੱਲ ਤਕ ਉਸ ਵਿਚ ਗੁਣ ਹੀ ਗੁਣ ਦਿਖਾਈ ਦਿੰਦੇ ਸਨ, ਕੋਈ ਅਵਗੁਣ ਨਹੀਂ। ਅੱਜ ਉਸ ਵਿਚ ਅਵਗੁਣ ਹੀ ਅਵਗੁਣ ਦਿਖਾਈ ਦਿੰਦੇ ਨੇ, ਕੋਈ ਗੁਣ ਨਹੀਂ। ਕਾਰਨ ? ਦ੍ਰਿਸ਼ਟੀ ਬਦਲ ਗਈ ਹੈ। ਕੱਲ ਤਕ ਸ਼ੁਭ ਦ੍ਰਿਸ਼ਟੀ ਸੀ, ਅੱਜ ਦੋਖ-ਦ੍ਰਿਸ਼ਟੀ ਹੋ ਗਈ ਹੈ। ਸ਼ੁਭ ਦ੍ਰਿਸ਼ਟੀ ਅਗਲੇ ਵਿਚ ਸ਼ੁਭ ਹੀ ਦੇਖਦੀ ਹੈ, ਅਸ਼ੁੱਭ ਦੇਖਦੀ ਹੀ ਨਹੀਂ। ਇਹਦਾ ਇਹ ਮਤਲਬ ਨਹੀਂ ਕਿ ਉਹਦੇ ਵਿਚ ਕੁਝ ਵੀ ਅਸ਼ੁੱਭ ਨਹੀਂ ਸੀ, ਪਰ ਅਸ਼ੁੱਭ ਦ੍ਰਿਸ਼ਟੀ ਸ਼ੁੱਭ ਦੇਖਦੀ ਹੀ ਨਹੀਂ। ਅੱਜ ਦੁਸ਼ਮਣੀ ਹੋ ਗਈ ਹੈ, ਹੁਣ ਉਸ ਵਿਚ ਅਵਗੁਣ ਹੀ ਅਵਗੁਣ ਦਿਖਾਈ ਦਿੰਦੇ ਹਨ। ਇਸ ਤੋਂ ਇਕ ਗੱਲ ਸਪੱਸ਼ਟ ਹੋ ਗਈ ਕਿ ਮਿੱਤ੍ਰਤਾ ਸੰਸਾਰ ਵਿਚ ਸ਼ੁੱਭ ਦ੍ਰਿਸ਼ਟੀ ਨਾਲ ਬਣ ਸਕਦੀ ਹੈ, ਦੋਖ-ਦ੍ਰਿਸ਼ਟੀ ਨਾਲ ਨਹੀਂ, ਕਤੱਈ ਨਹੀਂ। ਕਿਸੇ ਮਜ਼ਬ ਵਿਚ ਕੁਝ ਦੋਖ ਦਿਖਾਈ ਦੇਵੇ ਤਾਂ ਮੈਂ ਅਕਸਰ ਅਰਜ਼ ਕਰਦਾ ਹੁੰਦਾ ਹਾਂ ਕਿ ਸਾਰੀਆਂ ਨਦੀਆਂ ਇਕ ਰਸਤੇ ਤੋਂ ਸਾਗਰ ਤਕ ਨਹੀਂ ਜਾਂਦੀਆਂ। ਸਤਲੁਜ ਦਾ ਆਪਣਾ ਰਸਤੈ, ਸਿੰਧ ਦਾ ਆਪਣਾ ਰਸਤਾ ਹੈ, ਬ੍ਰਹਮ ਪੁੱਤਰ ਦਾ ਆਪਣਾ ਰਸਤਾ ਹੈ, ਗੰਗਾ ਦਾ ਆਪਣਾ ਰਸਤਾ ਹੈ। ਈਰਾਕ ਦਾ ਦੱਜਲਾ ਆਪਣੇ ਰਸਤੇ ਉੱਤੇ ਜਾਂਦੈ, ਇੰਗਲੈਂਡ ਦਾ ਥੇਮ, ਮਿਸਰ ਦੀ ਨੀਲ ਨਦੀ ਆਪਣੇ ਰਸਤੇ ਤੋਂ ਸਾਗਰ ਤਕ ਜਾਂਦੀ ਹੈ, ਪਰ ਸਾਗਰ ਵਿਚ ਜਾ ਕੇ ਸਭ ਸਾਗਰ ਹੋ ਜਾਂਦੀਆਂ ਹਨ।

ਨੀਲ ਨਦੀ ਲੱਭੀਏ ਤਾਂ ਨਹੀਂ ਲੱਭਦੀ। ਸਾਗਰ ਵਿਚ ਗੰਗਾ ਨੂੰ ਲੱਭੋਗੇ, ਗੰਗਾ ਨਹੀਂ ਲੱਭਦੀ, ਸਾਗਰ ਹੀ ਲੱਭਦਾ ਹੈ। ਉਥੇ ਬ੍ਰਹਮ ਪੁੱਤਰ ਲੱਭਣਾ ਚਾਹੋਗੇ, ਬ੍ਰਹਮ ਪੁੱਤਰ ਨਹੀਂ ਲੱਭਦਾ, ਸਾਗਰ ਹੀ ਲੱਭਦੈ। ਸਭ ਨਦੀਆਂ ਸਾਗਰ ਵਿਚ ਸਾਗਰ ਹੀ ਹੋ ਜਾਂਦੀਆਂ ਹਨ। ਜਿਤਨੇ ਚਿਰ ਤਕ ਜਾਤ-ਪਾਤ ਦਾ ਮਾਣ ਹੈ, ਮਜ਼੍ਹਬ ਦਾ ਮਾਣ ਹੈ, ਮੁਲਕ ਦਾ ਮਾਣ ਹੈ, ਭਾਸ਼ਾ ਦਾ ਮਾਣ ਹੈ, ਤਾਂ ਇਤਨੀ ਗੱਲ ਸਪੱਸ਼ਟ ਹੈ ਕਿ ਇਹ ਪਰਮਾਤਮਾ ਵਿਚ ਲੀਨ ਨਹੀਂ ਹੋਇਆ। ਇਹ ਨਦੀ ਅਜੇ ਗੰਗਾ ਹੈ, ਇਹ ਨਦੀ ਅਜੇ ਦੱਜਲਾ ਹੈ, ਇਹ ਨਦੀ ਅਜੇ ਨੀਲ ਹੈ, ਇਹ ਨਦੀ ਅਜੇ ਸਾਗਰ ਨਹੀਂ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਫ਼ੁਰਮਾਨ ਕਰਦੇ ਹਨ :

ਨਮਸਤੰ ਅਮਜਬੇ॥
ਨਮਸਤਸਤੁ ਅਜਬੇ॥੧੭॥ *(ਜਾਪੁ ਸਾਹਿਬ)*

ਨਮਸਕਾਰ ਹੈ ਪ੍ਰਭੂ ਤੈਨੂੰ, ਤੇਰਾ ਕੋਈ ਮਜ਼੍ਹਬ ਨਹੀਂ।

ਨ ਤਾਤ ਹੈ ਨ ਮਾਤ ਹੈ...॥
ਨ ਜਾਤ ਹੈ ਨਾ ਪਾਤ ਹੈ...॥ *(ਅਕਾਲ ਉਸਤਤ)*

ਤੇਰੀ ਕੋਈ ਜਾਤਿ ਪਾਤਿ ਨਹੀਂ। ਤੇਰਾ ਰੰਗ ਰੂਪ, ਚੱਕਰ ਚਿਹਨ, ਵਰਣ ਜਾਤ ਕੁਝ ਭੀ ਨਹੀਂ ਹੈ। ਤੇਰਾ ਮਜ਼੍ਹਬ ਭੀ ਕੋਈ ਨਹੀਂ, ਨਾ ਤੂੰ ਹਿੰਦੂ ਹੈਂ, ਨਾ ਤੂੰ ਮੁਸਲਮ ਹੈਂ, ਨਾ ਤੂੰ ਸਿੱਖ ਹੈਂ, ਨਾ ਤੂੰ ਈਸਾਈ ਹੈਂ, ਨਾ ਤੂੰ ਪਾਰਸੀ ਹੈਂ, ਨਾ ਤੂੰ ਜੈਨੀ ਹੈਂ, ਨਾ ਤੂੰ ਬੋਧੀ ਹੈਂ। ਤੇਰਾ ਕੋਈ ਵੀ ਮਜ਼੍ਹਬ ਨਹੀਂ। ਮੈਂ ਫਿਰ ਅਰਜ਼ ਕਰਾਂ, ਮੈਂ ਇਨ੍ਹਾਂ ਨਾਵਾਂ ਦੀ ਕੋਈ ਨਿੰਦਾ ਨਹੀਂ ਕਰ ਰਿਹਾ। ਗੰਗਾ ਮਹਾਨ ਹੈ, ਦੱਜਲਾ ਮਹਾਨ ਹੈ, ਬ੍ਰਹਮ ਪੁੱਤਰ ਭੀ ਆਪਣੀ ਥਾਂ ਮਹਾਨ ਹੈ, ਪਰ ਨਦੀ ਨਦੀ ਹੈ, ਸਾਗਰ ਨਹੀਂ ਹੈ। ਇਹ ਅਜੇ ਮੁਸਲਮਾਨ ਹੈ, ਇਹ ਖ਼ੁਦਾ ਦਾ ਰੂਪ ਨਹੀਂ ਹੋਇਆ। ਇਹ ਅਜੇ ਹਿੰਦੂ ਹੈ, ਇਹ ਭਗਵਾਨ ਦਾ ਰੂਪ ਨਹੀਂ ਹੋਇਆ। ਇਹ ਅਜੇ ਸਿੱਖ ਹੈ, ਇਹ ਗੁਰੂ ਦਾ ਰੂਪ ਨਹੀਂ ਹੋਇਆ ਕਿ ਗੁਰੂ ਮਾਣ ਨਾਲ ਕਹਿ ਸਕੇ, "ਖਾਲਸਾ ਮੇਰੋ ਰੂਪ ਹੈ ਖ਼ਾਸ" ਕਿ ਇਹ ਮੇਰਾ ਆਪਣਾ ਹੀ ਰੂਪ ਹੈ।

ਸੋ ਅਗਲੇ ਵਿਚ ਸ਼ੁੱਭ ਦੇਖਣ ਵਾਸਤੇ, ਜਾਤਿ ਪਾਤਿ, ਵਰਣ ਭੇਖ, ਰੰਗ ਰੂਪ, ਆਕਾਰ, ਮਜ਼੍ਹਬ, ਇਕ ਪਾਸੇ ਕਰਨਾ ਪੈਂਦਾ ਹੈ। ਜੇਕਰ ਗੁਰੂ ਨਾਨਕ ਇਹ ਸਭ ਇਕ ਪਾਸੇ ਨਾ ਕਰਦੇ ਤਾਂ ਬਾਬਾ ਫ਼ਰੀਦ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਨਹੀਂ ਮਿਲਣੀ ਸੀ। ਸਧਨੇ ਤੇ ਕਬੀਰ ਨੂੰ ਜਗ੍ਹਾ ਨਹੀਂ ਮਿਲਣੀ ਸੀ। ਰਾਮਾਨੰਦ ਨੂੰ ਤੇ ਪਰਮਾਨੰਦ ਨੂੰ ਥਾਂ ਨਹੀਂ ਮਿਲਣੀ ਸੀ। ਮੈਂ ਅਕਸਰ ਅਰਜ਼ ਕਰਦਾ ਰਹਿੰਦਾ ਹਾਂ, ਇੱਕੋ ਹੀ ਅਸਥਾਨ ਹੈ ਅਤੇ ਸੰਸਾਰ ਦੇ ਇੱਕੋ ਹੀ ਮਹਾਨ ਧਰਮ ਗ੍ਰੰਥ

ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਜਿਸ ਅੰਦਰ ਜਿਥੇ ਮੁਰਲੀ ਦੀ ਤਾਨ ਗੂੰਜਦੀ ਪਈ ਹੈ, ਉਥੇ ਮਸਜਿਦ ਦੀ ਅਜ਼ਾਨ ਭੀ ਗੂੰਜਦੀ ਪਈ ਹੈ :

ਧਨਿ ਧੰਨਿ ਓ ਰਾਮ ਬੇਨੁ ਬਾਜੈ ॥
ਮਧੁਰ ਮਧੁਰ ਧੁਨਿ ਅਨਹਤ ਗਾਜੈ ॥
ਧਨਿ ਧਨਿ ਮੇਘਾ ਰੋਮਾਵਲੀ ॥
ਧਨਿ ਧਨਿ ਕ੍ਰਿਸਨ ਓਢੈ ਕਾਂਬਲੀ ॥
ਧਨਿ ਧਨਿ ਤੂ ਮਾਤਾ ਦੇਵਕੀ ॥
ਜਿਹ ਗ੍ਰਿਹ ਰਮਈਆ ਕਵਲਾਪਤੀ ॥
ਧਨਿ ਧਨਿ ਬਨ ਖੰਡ ਬਿੰਦ੍ਰਾਬਨਾ ॥
ਜਹ ਖੇਲੈ ਸ੍ਰੀ ਨਾਰਾਇਨਾ ॥
ਬੇਨੁ ਬਜਾਵੈ ਗੋਧਨੁ ਚਰੈ ॥
ਨਾਮੇ ਕਾ ਸੁਆਮੀ ਆਨਦ ਕਰੈ ॥

(ਮਾਲੀ ਗਉੜਾ ਨਾਮਦੇਵ ਜੀ, ਪੰਨਾ 988)

ਪਰ ਮਸਜਿਦ ਵਿਚ ਅਜ਼ਾਨ ਭੀ ਗੂੰਜਦੀ ਪਈ ਹੈ :

ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥੭੦॥

(ਸਲੋਕ ਫਰੀਦ ਜੀ, ਪੰਨਾ 1381)

ਇਤਨੀ ਤਾੜਨਾ ਤਾਂ ਸ਼ਾਇਦ ਮੁਸਲਮਾਨ ਨੂੰ ਕੁਰਾਨ ਨੇ ਭੀ ਨਹੀਂ ਕੀਤੀ ਹੋਣੀ, ਜਿਤਨੀ ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਕਰਦੇ ਪਏ ਹਨ। ਐ ਮੁਸਲਮਾਨ! ਤੇਰੇ ਨਾਲੋਂ ਕੁੱਤਾ ਬੇਹਤਰ ਹੈ। ਉਹ ਸੁਆਮੀ ਦਾ ਘਰ ਨਹੀਂ ਛੱਡਦਾ, ਤੂੰ ਖ਼ੁਦਾ ਦਾ ਘਰ ਛੱਡੀ ਬੈਠਾ ਹੈਂ :

ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ ॥
ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ ॥੪੫॥

(ਸਲੋਕ ਮਹਲਾ ੯, ਪੰਨਾ 1428)

ਇਤਨੀ ਤਾੜਨਾ ਕੀਤੀ ਹੈ, ਮਸਜਿਦ ਵਿਚ ਬੁਲਾ ਰਹੇ ਹਨ। ਨਮਾਜ਼ ਪੜ੍ਹਨ ਲਈ ਬੁਲਾ ਰਹੇ ਹਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ। ਸ਼ੁੱਭ ਦ੍ਰਿਸ਼ਟੀ ਹਰ ਇਕ ਵਿਚ ਸ਼ੁਭ ਦੇਖਦੀ ਹੈ। ਇਹ ਗੱਲ ਵੱਖਰੀ ਹੈ ਕਿ ਉਹ ਹਿੰਦੂ ਹੈ, ਮੁਸਲਿਮ ਹੈ, ਸਿੱਖ ਹੈ, ਈਸਾਈ ਹੈ, ਜੈਨੀ ਹੈ, ਬੋਧੀ ਹੈ, ਯਹੂਦੀ ਹੈ, ਪਾਰਸੀ ਹੈ। ਦੋਖ-ਦ੍ਰਿਸ਼ਟੀ ਸ਼ਾਇਦ ਆਪਣੇ ਭਰਾ ਵਿਚ ਭੀ ਅਵਗੁਣ ਵੇਖੇ, ਆਪਣੇ ਸੰਬੰਧੀਆਂ ਵਿਚ ਭੀ ਅਵਗੁਣ ਵੇਖੇ। ਸ਼ੁੱਭ ਦ੍ਰਿਸ਼ਟੀ ਤਾਂ ਬੇਗਾਨਿਆਂ ਵਿਚ ਭੀ ਗੁਣ ਵੇਖੇਗੀ। ਬੇਗਾਨਿਆਂ ਨੂੰ ਆਪਣਾ ਬਣਾ ਲਵੇਗੀ। ਦੋਖ-ਦ੍ਰਿਸ਼ਟੀ ਆਪਣੇ ਭਰਾਵਾਂ ਵਿਚ, ਸੰਬੰਧੀਆਂ ਵਿਚ ਦੋਖ ਦੇਖ ਕੇ ਆਪਣਿਆਂ ਨੂੰ ਭੀ ਦੁਸ਼ਮਣ

ਬਣਾ ਦੇਵੇਗੀ, ਆਪਣਿਆਂ ਨੂੰ ਭੀ ਬੇਗਾਨਾ ਕਰ ਦੇਵੇਗੀ। ਦੋਖ-ਦ੍ਰਿਸ਼ਟੀ ਕਿਸੇ ਨੂੰ ਆਪਣਾ ਬਣਨ ਹੀ ਨਹੀਂ ਦਿੰਦੀ ਅਤੇ ਸ਼ੁਭ ਦ੍ਰਿਸ਼ਟੀ ਕਿਸੇ ਨੂੰ ਓਪਰਾ ਹੋਣ ਹੀ ਨਹੀਂ ਦਿੰਦੀ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਹਨ:

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥
ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥

(ਧਨਾਸਰੀ ਮਹਲਾ ੫, ਪੰਨਾ 671)

ਪ੍ਰਕਿਰਤੀ ਤਨ ਨੂੰ ਬਦਲਦੀ ਹੈ, ਮਨ ਤਾਂ ਸਾਨੂੰ ਆਪਣਾ ਆਪ ਹੀ ਬਦਲਣਾ ਪਏਗਾ। ਕਿਵੇਂ ਬਦਲਣਾ ਪਏਗਾ? ਆਪਣਾ ਮਨ ਸਤਿਗੁਰ ਦੇ ਪਾਸ ਰੱਖ ਦਈਏ ਅਤੇ ਗੁਰੂ ਦਾ ਮਨ ਲੈ ਜਾਈਏ:

ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥ *(ਗਉੜੀ ਸੁਖਮਨੀ ਮ: ੫, ਪੰਨਾ 286)*

ਹੁਣ ਮਨ ਚਤੁਸ਼ਟਾ ਅੰਤਸ਼ਕਰਨ ਹੈ। ਵੀਚਾਰਾਂ ਦੇ ਪਰਵਾਹ ਨੂੰ ਮਨ ਕਹਿੰਦੇ ਹਨ, ਸੋਚਣੀ ਦੇ ਵੀਚਾਰ ਨੂੰ ਬੁਧ ਕਹਿੰਦੇ ਹਨ ਅਤੇ ਯਾਦਾਂ ਦੇ ਪ੍ਰਵਾਹ ਨੂੰ ਚਿਤ ਕਹਿੰਦੇ ਹਨ। ਇਨ੍ਹਾਂ ਦੇ ਉੱਤੇ ਜੋ ਚੌਥੀ ਹਾਜੀ ਰਹਿੰਦੀ ਹੈ, ਉਸ ਨੂੰ ਆਹੰਗ ਕਹਿੰਦੇ ਹਨ। ਇਹ ਜੇ ਪ੍ਰਭੂ ਨੂੰ ਦੇ ਦੇਈਏ, ਇਹ ਜੇ ਗੁਰੂ ਦੇ ਅੱਗੇ ਰੱਖ ਦੇਈਏ, ਤਾਂ ਫਿਰ ਕਿਸ ਤਰ੍ਹਾਂ ਜ਼ਿੰਦਗੀ ਬਤੀਤ ਕਰੀਏ? ਗੁਰੂ ਦੇ ਵੀਚਾਰ ਲੈ ਜਾਓ, ਗੁਰੂ ਦੀ ਸੋਚਣੀ ਲੈ ਜਾਓ, ਗੁਰੂ ਦਾ ਚਿੰਤਨ ਲੈ ਜਾਓ। ਗੁਰੂ ਦੇ ਵੀਚਾਰਾਂ ਵਿਚ ਸ਼ੁੱਭ ਹੀ ਸ਼ੁੱਭ ਹੈ, ਪਰਮਾਤਮਾ ਹੀ ਪਰਮਾਤਮਾ ਹੈ। ਗੁਰੂ ਦੀ ਸੋਚਣੀ ਵਿਚ ਸ਼ੁੱਭ ਹੀ ਸ਼ੁੱਭ ਹੈ। ਗੁਰੂ ਦੇ ਚਿੰਤਨ ਵਿਚ ਸ਼ੁੱਭ ਹੀ ਸ਼ੁੱਭ ਹੈ।

ਸਨਬੰਧ

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਇਹ ਸੰਬੰਧਾਂ ਤੋਂ ਬਿਨਾ ਨਹੀਂ ਜੀਅ ਸਕਦਾ। ਕੋਈ ਦੂਸਰਾ ਚਾਹੀਦੈ, ਤੀਸਰਾ ਚਾਹੀਦੈ, ਉਸ ਦੇ ਸਹਾਰੇ ਨਾਲ ਜਿਊਂਦੈ, ਉਂਝ ਨਹੀਂ ਜੀਅ ਸਕਦਾ। ਮਨੁੱਖੀ ਬੱਚਾ ਇੰਝ ਕਹਿ ਲਵੋ ਕਿ ਇਤਨਾ ਮੁਹਤਾਜ ਹੈ ਕਿ ਜਨਮਿਐ ਤਾਂ ਜਨਮ ਹੀ ਅਧੂਰਾ ਹੋਇਐ। ਪੈਰ ਹਨ ਪਰ ਚਲ ਨਹੀਂ ਸਕਦਾ। ਹੱਥ ਹਨ ਪਰ ਕੁਝ ਭੀ ਨਹੀਂ ਕਰ ਸਕਦਾ। ਜ਼ਬਾਨ ਤਾਂ ਹੈ ਪਰ ਮੂੰਹ ਵਿੱਚੋਂ ਬੋਲ ਨਹੀਂ ਸਕਦਾ। ਅਜੇ ਦੰਦ ਭੀ ਕੋਈ ਨਹੀਂ। ਅੱਖਾਂ ਵਿਚ ਰੌਸ਼ਨੀ ਹੈ। ਇਹ ਰੌਸ਼ਨੀ ਕਿਸ ਦੇ ਉੱਤੇ ਪੈ ਰਹੀ ਹੈ ? ਸਾਹਮਣੇ ਕੌਣ ਹੈ ? ਇਸ ਨੂੰ ਕੁਝ ਭੀ ਪਤਾ ਨਹੀਂ। ਮਾਂ ਦੀ ਗੋਦ ਵਿਚ ਹੈ ਪਰ ਇਸ ਨੂੰ ਨਹੀਂ ਪਤਾ ਕਿ ਇਹ ਮੇਰੀ ਮਾਂ ਹੈ। ਪਿਤਾ ਦੀ ਗੋਦ ਵਿਚ ਹੈ ਪਰ ਇਸ ਨੂੰ ਕੋਈ ਨਹੀਂ ਪਤਾ ਕਿ ਇਹ ਮੇਰਾ ਪਿਉ ਹੈ। ਇਹ ਅਧੂਰਾ ਪੈਦਾ ਹੋਇਐ, ਬਿਨਾਂ ਸਹਾਰੇ ਤੋਂ ਨਹੀਂ ਜੀਅ ਸਕੇਗਾ। ਮਾਂ ਦਾ ਸਹਾਰਾ ਨਾ ਹੋਵੇ, ਪਿਤਾ ਦਾ ਸਹਾਰਾ ਲਾ ਹੋਵੇ, ਮਨੁੱਖਤਾ ਦਾ ਸਹਾਰਾ ਨਾ ਹੋਵੇ, ਇਹ ਮਨੁੱਖੀ ਬੱਚਾ ਜਿਊਂਦਾ ਨਹੀਂ ਰਹਿ ਸਕਦਾ, ਅਧੂਰਾ ਜੰਮਿਐ। ਜਨਮ ਤੋਂ ਜਦ ਇਸ ਨੂੰ ਸਹਾਰਾ ਚਾਹੀਦੈ, ਕੋਈ ਦੂਸਰਾ ਚਾਹੀਦੈ ਤਾਂ ਦਾਰਸ਼ਨਿਕ ਐਸਾ ਕਹਿੰਦੇ ਹਨ ਕਿ ਜੀਵਨ ਭਰ ਸਹਾਰਾ ਚਾਹੀਦੈ। ਜਿੰਨੇ ਚਿਰ ਤਕ ਜਿਊਂਦੈ, ਇਸ ਨੂੰ ਸਹਾਰਾ ਚਾਹੀਦੈ, ਆਸਰਾ ਚਾਹੀਦੈ। ਇਹ ਸੰਬੰਧਾਂ ਵਿਚ ਜਿਊਂਦੈ। ਵੈਸੇ ਮਨੁੱਖਤਾ ਇਕ ਦੂਜੇ ਦੇ ਆਸਰੇ ਜਿਊਂਦੀ ਹੈ। ਇਕ ਦੂਜੇ ਦੇ ਸਹਾਰੇ ਜਿਊਂਦੀ ਹੈ। ਕੁਦਰਤ ਨੇ ਨਿਯਮ ਹੀ ਐਸਾ ਬਣਾਇਐ ਕਿ ਬੀਜ ਨੂੰ ਪ੍ਰਫੁੱਲਤ ਹੋਣ ਵਾਸਤੇ ਧਰਤੀ ਚਾਹੀਦੀ ਹੈ ਤੇ ਧਰਤੀ ਨੂੰ ਭੀ ਚਮਨ ਬਣਨ ਵਾਸਤੇ ਬੀਜ ਚਾਹੀਦਾ ਹੈ, ਉਂਝ ਕੁਝ ਨਹੀਂ ਹੁੰਦਾ। ਕੱਪੜੇ ਦੀ ਮੈਲ ਕੱਟਣ ਵਾਸਤੇ ਸਾਬਣ ਨੂੰ ਪਾਣੀ ਚਾਹੀਦੈ, ਪਾਣੀ ਦਾ ਸਹਾਰਾ ਚਾਹੀਦੈ। ਸਾਬਣ ਭਾਵੇਂ ਕਿਤਨਾ ਹੀ ਕੀਮਤੀ ਕਿਉਂ ਨਾ ਹੋਵੇ, ਆਪਣੇ ਆਪ ਕੱਪੜੇ ਦੀ ਮੈਲ ਨਹੀਂ ਕੱਟ ਸਕੇਗਾ। ਕਦੀ ਜੜ੍ਹ ਚੀਜ਼ਾਂ ਦੇ ਉਪਰ ਭੀ ਨਿਗਾਹ ਮਾਰੋ, ਇਕ ਦੂਜੇ ਦੇ ਆਸਰੇ ਨਾਲ ਕੰਮ ਕਰ ਰਹੀਆਂ ਹਨ, ਉਂਝ ਨਹੀਂ ਕੰਮ ਕਰਦੀਆਂ, ਉਂਝ ਕੰਮ ਕਰਨਾ ਕਠਨ ਹੈ, ਔਖਾ ਹੈ। ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਜੀਵਨ ਭਰ ਇਹ ਸੰਬੰਧਾਂ ਵਿਚ ਜਿਊਂਦੈ। ਸੰਬੰਧ ਮਨੁੱਖ ਦੇ ਚਾਰ ਰੂਪ ਬਣਾ ਦਿੰਦੇ ਹਨ।

ਬੜੇ ਧਿਆਨ ਨਾਲ ਸੁਣਨਾ, ਸੰਬੰਧ—ਇੰਞ ਕਹਿ ਲਵੋ ਕਿ ਚਾਰ ਤਰ੍ਹਾਂ ਦੇ ਹੀ ਹੁੰਦੇ ਹਨ। ਇਨ੍ਹਾਂ ਸੰਬੰਧਾਂ ਕਰਕੇ ਦਿੱਸੇਗਾ ਕਿ ਇਹ ਪਸ਼ੂ ਹੈ, ਇਹ ਮਨੁੱਖ ਹੈ, ਇਹ ਦੇਵਤਾ ਹੈ, ਇਹ ਤਾਂ ਨਿਰਾ ਹੀ ਰੱਬ ਹੈ, ਪਰਮਾਤਮਾ ਹੈ। ਮਨੁੱਖ ਜੀਅ ਸਕਦੈ ਪਰਮਾਤਮਾ ਦੀ ਤਰ੍ਹਾਂ, ਮਨੁੱਖ ਜੀਅ ਸਕਦੈ ਦੇਵਤੇ ਦੀ ਤਰ੍ਹਾਂ, ਮਨੁੱਖ ਜੀਅ ਸਕਦੈ ਮਨੁੱਖ ਦੀ ਤਰ੍ਹਾਂ ਅਤੇ ਮਨੁੱਖ ਜੀਅ ਸਕਦੈ ਪਸ਼ੂ ਦੀ ਤਰ੍ਹਾਂ। ਪਸ਼ੂ ਕੇਵਲ ਪਸ਼ੂ ਦੀ ਤਰ੍ਹਾਂ ਜੀਅ ਸਕਦੈ, ਉਸ ਦੇ ਅੰਦਰ ਹੋਰ ਕੋਈ ਸੰਭਾਵਨਾਵਾਂ ਛੁਪੀਆਂ ਹੋਈਆਂ ਨਹੀਂ ਹਨ। ਮਨੁੱਖ ਐਸਾ ਬੀਜ ਹੈ ਜਿਹਦੇ ਵਿੱਚੋਂ ਕਈ ਰੰਗਾਂ ਦੇ, ਕਈ ਰਸਾਂ ਦੇ, ਕਈ ਸੁਆਦਾਂ ਦੇ ਫਲ ਪੈਦਾ ਹੋ ਸਕਦੇ ਹਨ, ਇਕ ਨਹੀਂ। ਇਕ ਬੀਜ ਵਿਚ ਅਨੇਕਾਂ ਫਲ ਪੈਦਾ ਹੋ ਸਕਦੇ ਹਨ। ਮਨੁੱਖ ਪਸ਼ੂ ਦੀ ਤਰ੍ਹਾਂ ਜੀਅ ਸਕਦੈ, ਮਨੁੱਖ ਮਨੁੱਖ ਦੀ ਤਰ੍ਹਾਂ ਜੀਆ ਸਕਦੈ, ਮਨੁੱਖ ਦੇਵਤੇ ਦੀ ਤਰ੍ਹਾਂ ਜੀਅ ਸਕਦੈ, ਮਨੁੱਖ ਪਰਮਾਤਮਾ ਦੀ ਤਰ੍ਹਾਂ ਜੀਅ ਸਕਦੈ। ਇਸ ਵਾਸਤੇ ਮਨੁੱਖੀ ਦੁਨੀਆਂ ਵਿਚ ਕਿਹਾ ਭੀ ਜਾਂਦੈ, ਇਹ ਮਨੁੱਖ ਨਹੀਂ, ਪਸ਼ੂ ਹੈ। ਫਿਰ ਕਿਹਾ ਜਾਂਦੈ, ਇਸ ਮਨੁੱਖ ਦੇ ਅੰਦਰ ਮਨੁੱਖਤਾ ਹੈ, ਮਾਨਵਤਾ ਹੈ। ਇਸ ਇਨਸਾਨ ਦੇ ਅੰਦਰ ਇਨਸਾਨੀਅਤ ਹੈ, ਇਹ ਇਨਸਾਨ ਦੀ ਤਰ੍ਹਾਂ ਜੀਅ ਰਿਹੈ। ਸ਼ੇਖ਼ ਸਾਅਦੀ ਤਾਂ ਇਥੇ ਤਕ ਕਹਿੰਦੇ ਹਨ :

ਇਨਸਾਨ ਰਾ ਇਨਸਾਨੀਅਤ ਲਾਜ਼ਿਮ ਮਸਤ।

ਮਨੁੱਖ ਦੇ ਅੰਦਰ ਮਨੁੱਖਤਾ ਲਾਜ਼ਮੀ ਚਾਹੀਦੀ ਹੈ। ਮਨੁੱਖ ਦੇਵਤਾ ਨਹੀਂ ਬਣ ਸਕਿਆ, ਪਰਮਾਤਮਾ ਨਹੀਂ ਬਣ ਸਕਿਆ, ਚਲੋ ਨਾ ਸਹੀ, ਪਰ ਮਨੁੱਖਾ ਤਨ ਤਾਂ ਪ੍ਰਾਪਤ ਹੋਇਐ, ਮਨੁੱਖ ਦੇ ਘਰ ਜਨਮ ਤਾਂ ਹੋਇਐ, ਘੱਟ ਤੋਂ ਘੱਟ ਇਸ ਦੇ ਅੰਦਰ ਮਨੁੱਖਤਾ ਤਾਂ ਹੋਵੇ :

ਇਨਸਾਨ ਰਾ ਇਨਸਾਨੀਅਤ ਲਾਜ਼ਿਮ ਅਸਤ।
ਊਦ ਗਰ ਬੂ ਨ ਦਾਰਦ ਹੈਜ਼ਮ ਅਸਤ।

ਊਧ ਅਰਬੀ ਦੇ ਵਿਚ ਚੰਦਨ ਨੂੰ ਕਹਿੰਦੇ ਹਨ। ਸ਼ੇਖ਼ ਸਾਅਦੀ ਕਹਿੰਦੇ ਹਨ, ਜੇਕਰ ਖ਼ੁਸ਼ਬੂ ਹੀ ਨਹੀਂ ਹੈ ਤਾਂ ਫਿਰ ਚੰਦਨ ਕਹਿਣ ਦੀ ਲੋੜ ਕੀ ਹੈ ? ਇਹ ਤਾਂ ਆਮ ਲੱਕੜ ਹੈ। ਜੇਕਰ ਮਾਨਵਤਾ ਹੀ ਨਹੀਂ ਹੈ, ਮਨੁੱਖਤਾ ਹੀ ਨਹੀਂ ਹੈ ਤਾਂ ਫਿਰ ਇਸ ਨੂੰ ਮਨੁੱਖ ਕਹਿਣ ਦੀ ਲੋੜ ਹੀ ਕੀ ਹੈ ? ਇਤਨਾ ਹੀ ਕਹਿਣਾ ਚਾਹੀਦੈ, ਕੋਈ ਚਾਰ ਪੈਰਾਂ ਵਾਲੇ ਪਸ਼ੂ ਹੁੰਦੇ ਹਨ, ਇਹ ਦੋ ਪੈਰਾਂ ਵਾਲਾ ਪਸ਼ੂ ਹੈ, "ਇਨਸਾਨ ਰਾ ਇਨਸਾਨੀਅਤ ਲਾਜ਼ਿਮ ਅਸਤ"। ਫਿਰ ਕਿਸ ਤਰ੍ਹਾਂ ਪਹਿਚਾਨ ਕਰੋਗੇ ਕਿ ਇਹ ਮਨੁੱਖ ਮਨੁੱਖ ਨਹੀਂ, ਪਸ਼ੂ ਹੈ ? ਅਤੇ ਇਹ ਮਨੁੱਖ ਤਾਂ ਵਾਕਿਆ ਹੀ ਮਨੁੱਖ ਹੈ। ਇਹ ਮਨੁੱਖ ਨਹੀਂ, ਇਹ ਤਾਂ ਦੇਵਤਾ ਹੈ, ਇਹ ਮਨੁੱਖਤਾ ਤੋਂ ਭੀ ਉੱਚਾ ਉੱਠ ਗਿਐ। ਇਹ ਮਨੁੱਖ ਨਹੀਂ, ਇਹ ਤਾਂ ਪਰਮਾਤਮਾ ਹੈ, ਇਹਨੇ

ਤਾਂ ਜੀਵਨ ਦੀ ਸਿਖਰਤਾ ਨੂੰ ਛੂਹ ਲਿਐ। ਜੀਵਨ ਦੀ ਬੁਲੰਦੀ, ਸਿਖਰਤਾ ਪਰਮਾਤਮਾ ਹੈ। ਜੀਵਨ ਦਾ ਰਸਾਤਲ ਪਸ਼ੂ ਹੈ, ਖਾਈ ਖੱਡ ਤਾਂ ਪਸ਼ੂ ਹੈ। ਮਾਊਂਟ ਐਵਰਿਸਟ, ਇਹ ਗੌਰੀ ਸ਼ੰਕਰ, ਉਪਰ ਦੀ ਚੋਟੀ, ਇਹ ਤਾਂ ਪਰਮਾਤਮਾ ਹੈ। ਮਨੁੱਖ ਖੱਡ ਦੀ ਤਰ੍ਹਾਂ ਭੀ ਜੀਅ ਸਕਦੈ, ਉਸ ਸਿਖਰ ਦੀ ਤਰ੍ਹਾਂ ਭੀ ਜੀਅ ਸਕਦੈ। ਸਾਰੀਆਂ ਸੰਭਾਵਨਾਵਾਂ ਮਨੁੱਖ ਦੇ ਅੰਦਰ ਹੀ ਛੁਪੀਆਂ ਪਈਆਂ ਹਨ। ਹੁਣ ਮੈਂ ਫਿਰ ਅਰਜ਼ ਕਰਾਂ, ਕਿਹੜੇ ਮੀਟਰ ਨਾਲ ਨਾਪਾਂਗੇ ਕਿ ਫ਼ਲਾਂ ਮਨੁੱਖ ਮਨੁੱਖ ਨਹੀਂ ਹੈ, ਪਸ਼ੂ ਹੈ? ਕਿਸ ਤਰ੍ਹਾਂ ਨਾਪਾਂਗੇ? ਕਿਵੇਂ ਸਮਾਂਝਗੇ? ਗੁਰਬਾਣੀ ਕਹਿੰਦੀ ਹੈ ਕਿ ਜਿਹੜਾ ਦੂਜੇ ਨਾਲ ਸਿਰਫ਼ ਆਪਣੀਆਂ ਲੋੜਾਂ ਦੀ ਪੂਰਤੀ ਲਈ ਹੀ ਸੰਬੰਧ ਜੋੜਦੈ, ਬਾਕੀ ਨਾਲ ਕੋਈ ਮਤਲਬ ਨਹੀਂ। ਲੋੜਾਂ ਦੀ ਪੂਰਤੀ ਹੁੰਦੀ ਰਹੀ, ਵਕਤ ਸਿਰ ਕੰਮ ਆਉਂਦਾ ਰਿਹੈ ਤਾਂ ਠੀਕ ਹੈ ਅਤੇ ਜੇ ਲੋੜਾਂ ਦੀ ਪੂਰਤੀ ਨਾ ਹੋਈ ਜਾਂ ਵਕਤ ਸਿਰ ਕੰਮ ਨਾ ਆਇਆ ਤਾਂ ਕੋਈ ਸੰਬੰਧ ਨਹੀਂ। ਮੈਂ ਫਿਰ ਦੁਹਰਾਵਾਂ, ਐਸਾ ਸੰਬੰਧ, ਮਨੁੱਖ ਮਾਂ ਬਾਪ ਨਾਲ ਜੋੜ ਸਕਦੈ, ਭਰਾ ਨਾਲ ਜੋੜ ਸਕਦੈ, ਪੁੱਤਰ ਨਾਲ ਜੋੜ ਸਕਦੈ, ਪਤੀ ਨਾਲ ਜੋੜ ਸਕਦੈ, ਪਤਨੀ ਨਾਲ ਜੋੜ ਸਕਦੈ, ਮਿੱਤਰਾਂ ਨਾਲ ਜੋੜ ਸਕਦੈ ਅਤੇ ਗੁਰੂ ਪਰਮਾਤਮਾ ਨਾਲ ਜੋੜ ਸਕਦੈ। ਐ ਗੁਰੂ! ਤੂੰ ਕੰਮ ਆਇਆਂ ਤਾਂ ਸਾਡਾ ਗੁਰੂ ਹੈਂ, ਨਹੀਂ ਤਾਂ ਕਿਹੜੀ ਗੱਲ ਦਾ ਗੁਰੂ ਹੈਂ! ਤੂੰ ਸਾਡੀ ਕਾਮਨਾ ਦੀ ਪੂਰਤੀ ਕਰ ਦਿੱਤੀ ਤਾਂ ਗੁਰੂ ਹੈਂ, ਨਹੀਂ ਤਾਂ ਕਿਹੜੀ ਗੱਲ ਦਾ ਗੁਰੂ ਹੈਂ! ਸਾਡਾ ਤੇਰੇ ਨਾਲ ਕੋਈ ਸੰਬੰਧ ਨਹੀਂ। ਐਸਾ ਰਿਸ਼ਤਾ ਮਨੁੱਖ ਕਿਸੇ ਨਾਲ ਭੀ ਜੋੜ ਸਕਦੈ। ਮਿੱਤਰ ਬਣਾਇਐ ਦੂਜੇ ਨੂੰ, ਆਪਣਾ ਬਣਾਇਐ ਦੂਜੇ ਨੂੰ:

ਅਪਨੇ ਲੋਭ ਕਉ ਕੀਨੋ ਮੀਤੁ॥ *(ਗਉੜੀ ਮ: ੫, ਪੰਨਾ 195)*

ਆਪਣੀ ਲੋੜ ਦੀ ਖ਼ਾਤਰ, ਉਂਝ ਇਸ ਨੂੰ ਮਿੱਤਰ ਬਣਾਉਣ ਦੀ ਲੋੜ ਨਹੀਂ ਸੀ, ਪਰ ਕੀ ਕਰੀਏ, ਲੋੜ ਹੀ ਐਸੀ ਸੀ, ਉਸ ਨੇ ਮਜਬੂਰ ਕੀਤੈ ਇਸ ਨੂੰ ਮਿੱਤਰ ਬਣਾਈਏ, ਆਪਣੀ ਲੋੜ ਦੀ ਪੂਰਤੀ ਲਈ, "ਅਪਨੇ ਲੋਭ ਕਉ ਕੀਨੋ ਮੀਤੁ"। ਵਕਤ ਸਿਰ ਕੰਮ ਆ ਸਕਦੈ, ਇਸਤੋਂ ਲੋੜਾਂ ਦੀ ਪੂਰਤੀ ਹੋ ਸਕਦੀ ਹੈ, ਬਸ ਇਹ ਰਿਸ਼ਤਾ ਹੈ। ਐਸਾ ਰਿਸ਼ਤਾ ਮਨੁੱਖ ਦੇ ਅੰਦਰ ਮਨੁੱਖਤਾ ਦਾ ਜਨਮ ਨਹੀਂ ਹੋਣ ਦਿੰਦਾ। ਸੰਬੰਧਾਂ ਦੇ ਅੰਦਰ ਮਨੁੱਖਤਾ ਨਹੀਂ ਪੈਦਾ ਹੋਣ ਦਿੰਦਾ। ਸੋ ਐਸੇ ਸੰਬੰਧ ਅੰਦਰ ਮਨੁੱਖ ਪਸ਼ੂ ਦੀ ਤਰ੍ਹਾਂ ਹੀ ਜਿਊਂਦੈ, ਕਿਉਂਕਿ ਐਸਾ ਸੰਬੰਧ, ਜਾਨਵਰ ਭੀ ਬਣਾ ਲੈਂਦਾ ਹੈ, ਟੁੱਕਰ ਪਾਈ ਜਾਉ, ਕੁੱਤਾ ਪਿੱਛੇ ਪਿੱਛੇ ਆਈ ਜਾਂਦੈ। ਪੱਠੇ ਪਾਈ ਜਾਉ, ਗਊ ਪਿੱਛੇ ਪਿੱਛੇ ਆਈ ਜਾਂਦੀ ਹੈ। ਇਹ ਸਿਰਫ਼ ਲੋੜ ਦਾ ਸੰਬੰਧ ਹੈ। ਟੁੱਕਰ ਨਾ ਪਾਉ, ਕੁੱਤਾ ਪਿੱਛੇ ਮੁੜ ਜਾਏਗਾ। ਪੱਠੇ ਨਾ ਪਾਉ, ਗਊ ਮੁੜ ਜਾਏਗੀ, ਚੌਪਾਇਆ ਜਾਨਵਰ ਮੁੜ ਜਾਏਗਾ, "ਅਪਨੇ ਲੋਭ

ਕਉ ਕੀਨੋ ਮੀਤੁ"। ਇਸ ਤੋਂ ਇੰਝ ਪਤਾ ਚਲਦੈ ਕਿ ਮਨੁੱਖ ਕੀ ਹੈ ? ਪਸ਼ੂ ਹੈ, ਇਹ ਪਸ਼ੂ ਹੋ ਕੇ ਦੂਜੇ ਨਾਲ ਸੰਬੰਧ ਜੋੜਦਾ ਪਿਐ। ਠੀਕ ਹੈ, ਸੰਬੰਧ ਜੋੜਨ ਵਿਚ ਸਫਲ ਭੀ ਹੋ ਗਿਆ ਹੈ, ਪਰ ਹੈ ਪਸ਼ੂ। ਬੜਾ ਨੀਵਾਂ ਸੰਬੰਧ ਜੋੜਿਐ ਅਤੇ ਇਸ ਸੰਬੰਧ ਦੇ ਟੁੱਟਣ ਵਿਚ ਹਮੇਸ਼ਾ ਖ਼ਤਰਾ ਹੁੰਦੈ। ਲੋੜਾਂ ਦੀ ਪੂਰਤੀ ਹੋਈ, ਸੰਬੰਧ ਬਣਿਆ ਰਹੇਗਾ, ਨਾ ਹੋਈ ਤਾਂ ਟੁੱਟ ਜਾਏਗਾ। ਉਮੀਦ ਹੈ, ਇਹ ਗੱਲ ਤੁਹਾਡੀ ਪਕੜ ਵਿਚ ਆਈ ਹੋਵੇਗੀ। ਵਕਤ ਸਿਰ ਕੰਮ ਆਇਆ ਤਾਂ ਸੰਬੰਧ ਬਣਿਆ ਰਹੇਗਾ, ਨਾ ਆਇਆ ਤਾਂ ਟੁੱਟ ਜਾਏਗਾ, "ਅਪਨੇ ਲੋਭ ਕਉ ਕੀਨੋ ਮੀਤੁ"। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, ਪ੍ਰਭੂ! ਤੈਨੂੰ ਮਿੱਤਰ ਬਣਾਇਐ, ਆਪਣੇ ਲੋਭ ਦੀ ਖ਼ਾਤਰ, ਆਪਣੀ ਲੋੜ ਕਰਕੇ, ਆਪਣੀ ਕਿਸੇ ਜ਼ਰੂਰਤ ਕਰਕੇ, ਉਂਝ ਤੇਰੇ ਨਾਲ ਕੋਈ ਮਤਲਬ ਨਹੀਂ, ਸਾਰਾ ਜਗਤ, ਸਾਰੇ ਮਨੁੱਖ, ਸਾਰੀ ਮਾਨਵਤਾ, ਗੁਸਤਾਖ਼ੀ ਮਾਫ਼, ਮਨੁੱਖਾਂ ਨਾਲ ਤਾਂ ਨੀਵਾਂ ਸੰਬੰਧ ਜੋੜਦੇ ਹੀ ਹਨ, ਪਰਮਾਤਮਾ ਨਾਲ ਭੀ ਇਹੀ ਸੰਬੰਧ ਜੋੜਿਐ। ਕੀ ਹੋਇਐ ਜੇ ਪਰਮਾਤਮਾ ਨਾਲ ਸੰਬੰਧ ਜੋੜੀ ਬੈਠਾ ਹੈ, ਪਰ ਹੈ ਤਾਂ ਪਸ਼ੂ। ਕਿਉਂ ? ਇਸ ਨੇ ਸੰਬੰਧ ਹੀ ਉਹ ਜੋੜਿਐ ਜੋ ਪਸ਼ੂ ਜੋੜਦੇ ਹਨ, ਹੋਰ ਕੋਈ ਸੰਬੰਧ ਨਹੀਂ ਹੈ। ਇਸ ਮੰਦਰ ਤੋਂ ਕਾਮਨਾ ਦੀ ਪੂਰਤੀ ਹੋ ਜਾਏਗੀ, ਇਸ ਦੇਵਤੇ ਤੋਂ ਕਾਮਨਾ ਦੀ ਪੂਰਤੀ ਹੋ ਜਾਏਗੀ, ਇਸ ਗੁਰੂ ਤੋਂ ਕਾਮਨਾ ਦੀ ਪੂਰਤੀ ਹੋ ਜਾਏਗੀ, ਨਾ ਹੋਈ ਤਾਂ ਛੋੜ ਦਿਆਂਗੇ, ਕੋਈ ਹੋਰ ਦੇਵਤਾ ਲੱਭਾਂਗੇ, ਕੋਈ ਹੋਰ ਮੰਦਰ ਲੱਭਾਂਗੇ। ਇਹ ਸੰਬੰਧ ਆਪਣੀਆਂ ਖ਼ਾਹਿਸ਼ਾਂ ਦਾ, ਲੋੜਾਂ ਦਾ ਸੰਬੰਧ ਹੈ, ਜਿਸ ਨਾਲ ਸੰਬੰਧ ਜੋੜਿਆ ਜਾ ਰਿਹੈ, ਉਸਨੂੰ ਨਹੀਂ ਦੇਖਿਆ ਜਾ ਰਿਹੈ, ਦੇਖਿਆ ਜਾ ਰਿਹੈ ਆਪਣੀ ਚਾਹਤ ਨੂੰ, ਆਪਣੀ ਖ਼ਾਹਿਸ਼ ਨੂੰ, ਆਪਣੀ ਲੋੜ ਨੂੰ।

ਦੂਸਰਾ ਸੰਬੰਧ ਜੋ ਜੋੜਦੇ ਨੇ, ਉਸੇ ਸੰਬੰਧ ਤੋਂ ਪਤਾ ਚਲਦੈ ਕਿ ਇਹ ਮਨੁੱਖ ਹੈ, ਇਹਦੇ ਅੰਦਰ ਮਾਨਵਤਾ ਹੈ, ਇਹਦੇ ਅੰਦਰ ਇਨਸਾਨੀਅਤ ਹੈ। ਕਿਸੇ ਲੋੜ ਕਰਕੇ ਸੰਬੰਧ ਨਹੀਂ ਜੋੜਿਆ, ਤੂੰ ਉਂਝ ਹੀ ਚੰਗਾ ਲੱਗਦੈਂ, ਬਹੁਤ ਪਿਆਰਾ ਲੱਗਦੈਂ। ਤੇਰਾ ਹੋਣਾ ਹੀ ਕਾਫ਼ੀ ਹੈ, ਤੇਰਾ ਹੋਣਾ ਬਹੁਤ ਮਿੱਠਾ ਲੱਗਦੈ, ਚੰਗਾ ਲੱਗਦੈ। ਇਸ ਵਿਚ ਸਦਕੇ ਜਾਣਾ ਤਾਂ ਹੁੰਦੈ, ਕੁਰਬਾਨ ਹੋਣਾ ਤਾਂ ਹੁੰਦੈ, ਪਰ ਅਗਲੇ ਕੋਲੋਂ ਕੁਝ ਖੋਹਣਾ, ਛੀਨਾ-ਝਪਟੀ ਨਹੀਂ ਹੁੰਦੀ। ਪ੍ਰੇਮ ਵਿਚ ਤਾਂ ਇਕ ਦੂਜੇ ਉਪਰੋਂ ਸਦਕੇ ਜਾਂਦੇ ਹਨ ਪ੍ਰੇਮੀ। ਉਹ ਲੋਭ ਦਾ ਸੰਬੰਧ, ਇਹ ਪ੍ਰੇਮ ਦਾ ਸੰਬੰਧ, ਪ੍ਰੇਮ ਹੀ ਮਨੁੱਖ ਨੂੰ ਮਨੁੱਖ ਬਣਾਉਂਦੈ। ਇਹ ਸੰਬੰਧ ਕੋਈ ਮਾਂ ਬਾਪ ਨਾਲ ਜੋੜ ਸਕਦੈ ? ਸਰਵਨ ਕੁਮਾਰ ਨੇ ਜੋੜਿਆ ਸੀ। ਇਹ ਸੰਬੰਧ ਕੋਈ ਪੁੱਤਰਾਂ ਨਾਲ ਜੋੜ ਸਕਦੈ, ਭਰਾ ਨਾਲ ਜੋੜ ਸਕਦੈ, ਪਰਮਾਤਮਾ ਨਾਲ ਜੋੜ ਸਕਦੈ, ਕੋਈ ਪਤਨੀ ਪਤੀ ਨਾਲ ਜੋੜ ਸਕਦੀ ਹੈ, ਕੋਈ ਪਤੀ ਪਤਨੀ ਨਾਲ ਜੋੜ

ਸਕਦੈ! ਤੁਲਸੀ ਜੀ ਨੇ ਰਾਮਾਇਣ ਵਿਚ ਇਸ ਪ੍ਰੇਮ ਨੂੰ ਬੜੇ ਸੁੰਦਰ ਢੰਗ ਨਾਲ ਦ੍ਰਿਸ਼ਟਮਾਨ ਕਰਨ ਦਾ ਜਤਨ ਕੀਤੈ। ਸ੍ਰੀ ਰਾਮ ਨੂੰ ਜਦੋਂ ਬਨਵਾਸ ਹੋਇਆ ਤਾਂ ਬਨ ਦੇ ਕੱਪੜੇ ਪਹਿਨ ਕੇ ਸੀਤਾ ਭੀ ਆ ਗਈ ਨਾਲ ਚੱਲਣ ਨੂੰ। ਸਾਰੇ ਪ੍ਰਕਰਣ ਨੂੰ ਮੈਂ ਤੁਹਾਡੇ ਸਾਹਮਣੇ ਨਹੀਂ ਰੱਖ ਰਿਹਾ। ਹਾਂ, ਸ੍ਰੀ ਰਾਮ ਸੀਤਾ ਨੂੰ ਸਮਝਾਂਦੇ ਹੋਏ ਕਹਿੰਦੇ ਨੇ:

ਹੰਸ ਗਵਨ ਤੂ ਨਹ ਬਨ ਜੋਗੂ।
ਸੁਨ ਅਪਜਸ ਮੁਨ ਦੇਈ ਹੈ ਲੋਗੂ।

ਐ ਹੰਸ ਦੀ ਚਾਲ ਚੱਲਣ ਵਾਲੀ, ਐ ਚੰਦਰਮੁਖੀ, ਤੂੰ ਬਨ ਜੋਗੀ ਨਹੀਂ ਹੈਂ। ਤੈਨੂੰ ਮੈਂ ਆਪਣੇ ਨਾਲ ਬਨ ਲੈ ਗਿਆ ਤਾਂ ਸਾਰਾ ਸੰਸਾਰ ਮੇਰਾ ਅਪਜੱਸ ਕਰੇਗਾ ਕਿ ਬਨਵਾਸ ਤਾਂ ਰਾਮ ਨੂੰ ਹੋਇਆ ਸੀ, ਘਸੀਟ ਕੇ ਨਾਲ ਲੈ ਗਿਆ ਪਤਨੀ ਨੂੰ, ਉਸਨੂੰ ਬਹੁਤ ਸਮਝਾਂਦੇ ਹਨ। ਬੜੀਆਂ-ਬੜੀਆਂ ਦਲੀਲਾਂ ਹਨ ਅਤੇ ਗ਼ਜ਼ਬ ਦੀ ਗੱਲ ਹੈ ਕਿ ਤੁਲਸੀ ਨੇ ਇਸ ਦੇ ਉੱਤੇ ਤੇਰ੍ਹਾਂ ਪੰਨੇ ਰੰਗੇ ਹਨ। ਇਤਨੀ ਮਿਹਨਤ ਉਸ ਨੇ ਕੀਤੀ ਹੈ! "ਹੰਸ ਗਵਨ ਤੂ ਨਹ ਬਨ ਜੋਗੂ। ਸੁਨ ਅਪਜਸ ਮੁਨ ਦੇਈ ਹੈ ਲੋਗੂ"। ਪਰ ਸੀਤਾ ਦੇ ਇੱਕੋ ਹੀ ਜਵਾਬ ਨੇ ਸ੍ਰੀਰਾਮ ਦੇ ਸਾਰੇ ਕੀਤੇ ਪ੍ਰਸ਼ਨ ਗਿਰਾ ਦਿੱਤੇ। ਸੀਤਾ ਦੇ ਬੋਲਾਂ ਦਾ ਵਿਵਰਣ ਕਵੀ ਤੁਲਸੀ ਦਾਸ ਜੀ ਇਸ ਤਰ੍ਹਾਂ ਦਿੰਦੇ ਹਨ:

ਬਿਨ ਦੇਹ ਨਦੀ ਬਿਨ ਬਾਰੀ, ਤੈਸੇ ਨਾਥ ਪੁਰਸ਼ ਬਿਨ ਨਾਰੀ।

ਪਾਣੀ ਤੋਂ ਬਿਨਾਂ ਨਦੀ, ਜੀਵ-ਆਤਮਾ ਤੋਂ ਬਿਨਾਂ ਦੇਹੀ, ਇਸੇ ਤਰੀਕੇ ਨਾਲ ਪਤੀ ਤੋਂ ਬਿਨਾਂ ਪਤਨੀ ਹੈ। ਜੈਸੇ ਪਾਣੀ ਤੋਂ ਬਿਨਾਂ ਕੋਈ ਨਦੀ ਹੈ, ਆਤਮਾ ਤੋਂ ਬਿਨਾਂ ਕੋਈ ਦੇਹੀ, ਇਵੇਂ ਪਤੀ ਤੋਂ ਬਿਨਾਂ ਕੋਈ ਪਤਨੀ, "ਬਿਨ ਦੇਹ ਨਦੀ ਬਿਨ ਬਾਰੀ, ਤੈਸੇ ਨਾਥ ਪੁਰਸ਼ ਬਿਨ ਨਾਰੀ"। ਇਸ ਨੂੰ ਦਿਲ ਦੀ ਇਤਨੀ ਗਹਿਰਾਈ ਨਾਲ ਕਿਹੈ, ਰਾਮ ਕਹਿੰਦੇ ਹਨ, ਤੇਰੇ ਸੁਖ ਲਈ ਮੈਂ ਜਹਾਨ ਦਾ ਅਪਜਸ ਸਹਾਰ ਲਵਾਂਗਾ। ਗ਼ਾਲਿਬਨ ਇਸ ਪ੍ਰਸ਼ਨ ਉੱਤੇ ਰਾਮਾਇਣ ਵਿਚ ਤੁਲਸੀ ਨੇ ਪੰਜਾਹ ਸਫ਼ੇ ਰੰਗੇ ਹਨ, ਤੇਰਾਂ ਸਫ਼ਿਆਂ ਵਿਚ ਤਾਂ ਸੀਤਾ ਦਾ, ਰਾਮ ਦੇ ਪ੍ਰਸ਼ਨਾਂ ਦਾ ਉੱਤਰ ਹੈ। ਉਹਨਾਂ ਦੇ ਸਮਝਾਉਣ ਦੇ ਨਾਲ ਜੋ ਮਨ ਦੇ ਭਾਵ ਬਣੇ ਹਨ, ਉਹ ਸੀਤਾ ਦੇ ਸਾਹਮਣੇ ਰੱਖ ਦਿੱਤੇ। ਅਕਬਰ ਨੇ ਇਕ ਦਫ਼ਾ ਬੀਰਬਲ ਨੂੰ ਇਹ ਪੁੱਛਿਆ ਸੀ ਕਿ ਭਾਰਤ ਦੇ ਸ਼ਾਸਤਰਵਾਨ ਰਿਸ਼ੀ ਮੁਨੀ ਪ੍ਰੇਮਾ-ਭਗਤੀ ਦੀ ਗੱਲ ਬਹੁਤ ਕਰਦੇ ਹਨ, ਪਰ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤਾਂ ਇੱਕੋ ਹੀ ਪੰਗਤੀ ਵਿਚ ਫ਼ੈਸਲਾ ਕਰ ਦਿੱਤਾ:

ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥

(ਸਵੱਯੇ, ਪਾ: ੧੦)

ਅਕਬਰ ਕਹਿੰਦੈ—ਬੀਰਬਲ, ਦੱਸੇਂਗਾ ਕਿ ਇਹ ਪ੍ਰੇਮ ਕੀ ਬਲਾ ਹੁੰਦੀ ਹੈ, ਆਪਣੀ ਸਮਝ ਵਿਚ ਤਾਂ ਆਈ ਨਹੀਂ, ਇਹ ਕੀ ਹੁੰਦੈ ? ਬਹੁਤੀ ਪ੍ਰਭੁਤਾ ਦੇ ਵਧਦਿਆਂ, ਬਹੁਤੀ ਧਨ ਸੰਪਦਾ ਦੇ ਵਧਦਿਆਂ ਤੇ ਬਹੁਤੇ ਗਿਆਨ ਦੇ ਵਧਦਿਆਂ, ਗੁਸਤਾਖ਼ੀ ਮਾਫ਼, ਇਨਸਾਨੀਅਤ ਭੀ ਕਿਸੇ ਕਿਸੇ ਦੇ ਅੰਦਰ ਰਹਿੰਦੀ ਹੈ, ਹਰ ਇਕ ਦੇ ਅੰਦਰ ਨਹੀਂ ਰਹਿੰਦੀ। ਬਹੁਤਾ ਗਿਆਨ, ਬਹੁਤੀ ਸੰਪਦਾ, ਬਹੁਤੀ ਤਾਕਤ, ਕਈ ਦਫ਼ਾ ਮਨੁੱਖ ਨੂੰ ਪਸ਼ੂ ਬਣਾ ਕੇ ਰੱਖ ਦਿੰਦੀ ਹੈ। ਮੈਂ ਗਿਆਨ ਦੀ ਗੱਲ ਭੀ ਕਰਦਾ ਹਾਂ। ਬੜੇ ਬੜੇ ਪ੍ਰਮਾਣ ਪੱਤਰ ਹਨ। ਅਹੰਕਾਰ ਇਤਨਾ ਹੋ ਗਿਐ ਕਿ ਨਿਰੰਕਾਰ ਭੀ ਇਸ ਦੇ ਸਾਹਮਣੇ ਬੇਮਾਅਨੇ ਹੈ, ਕੁਝ ਭੀ ਨਹੀਂ। ਇਹ ਸਦੀ, ਇਹ ਯੁਗ ਜੇਕਰ ਬਹੁਤਾ ਈਸ਼ਵਰ ਤੋਂ ਇਨਕਾਰੀ ਹੋਇਐ ਤਾਂ ਉਹਦਾ ਇਕ ਕਾਰਨ ਇਹ ਭੀ ਹੈ ਕਿ ਅੱਜ ਜਿਤਨਾ ਗਿਆਨ ਵਧ ਗਿਐ, ਪਹਿਲੇ ਨਹੀਂ ਸੀ। ਪਹਿਲੇ ਸੰਪੰਨ ਘਰਾਣਿਆਂ ਦੇ ਬੱਚੇ ਬੜੀ ਮੁਸ਼ਕਲ ਨਾਲ ਪੜ੍ਹ ਸਕਦੇ ਸਨ। ਸਾਰੇ ਦੇਸ਼ ਵਿਚ ਕਿਧਰੇ ਦੋ ਚਾਰ ਹੀ ਵੱਡੇ ਵਿਦਿਆਲੇ ਸਨ। ਸ੍ਰੀ ਕ੍ਰਿਸ਼ਨ ਨੇ ਭੀ ਪੜ੍ਹਨਾ ਸੀ ਤਾਂ ਉਹਨਾਂ ਨੂੰ ਉੱਜੈਨ ਜਾਣਾ ਪਿਆ, ਅਵੰਤਿਕਾ ਜਾਣਾ ਪਿਐ। ਮਥੁਰਾ ਤੋਂ ਅਵੰਤਿਕਾ, ਉੱਜੈਨ ਪੰਜ ਸੌ ਮੀਲ 'ਤੇ ਹੈ। ਸੋ ਪੰਜ ਸੌ ਮੀਲ ਤੱਕ ਕੋਈ ਸਕੂਲ ਵਿਦਿਆਲਾ ਨਹੀਂ ਸੀ, ਹੁਣ ਤਾਂ ਗਲੀ ਗਲੀ ਵਿਚ ਸਕੂਲ ਹਨ। ਅੱਜ ਮਨੁੱਖਤਾ ਪੜ੍ਹ ਲਿਖ ਗਈ ਹੈ। ਬਹੁਤੇ ਮੁਲਕ ਤਾਂ ਪੂਰਨ ਤੌਰ 'ਤੇ ਪੜ੍ਹ ਲਿਖ ਗਏ ਹਨ, ਕੋਈ ਅਨਪੜ੍ਹਤਾ ਨਹੀਂ ਰਹੀ। ਮਨੁੱਖ ਦੀ ਸੰਸਾਰ ਬਾਰੇ ਜਾਣਕਾਰੀ ਬਹੁਤ ਵਧ ਗਈ ਹੈ। ਸੰਸਾਰ ਦੇ ਗਿਆਨ ਨੇ ਇਤਨਾ ਅਹੰਕਾਰ ਪੈਦਾ ਕਰ ਦਿੱਤੈ ਕਿ ਨਿਰੰਕਾਰ ਨੂੰ ਸਮਰੱਥ, ਵੱਡਾ ਮੰਨਣਾ ਹੀ ਔਖਾ ਹੋ ਗਿਆ ਹੈ, ਕਠਨ ਹੋ ਗਿਐ। ਈਸਾ ਦੇ ਬੋਲ, ਹਜ਼ਰਤ ਈਸਾ ਦੇ ਬੋਲ ਪਹਿਲੀ ਦਫ਼ਾ ਮੈਂ ਬਾਈਬਲ ਵਿਚ ਪੜ੍ਹੇ। ਉਦੋਂ ਮੇਰੇ ਮਨ ਵਿਚ ਖ਼ਿਆਲ ਆਇਆ ਕਿ ਇਤਨਾ ਵੱਡਾ ਅਵਤਾਰ, ਇਤਨੀ ਉੱਮਤ ਇਸ ਦੇ ਪਿੱਛੇ ਹੈ ਔਰ ਕਿਤਨੀ ਹਲਕੀ ਗੱਲ ਆਖੀ ਹੈ ਇਸ ਨੇ! ਅੱਜ ਮੈਂ ਮਹਿਸੂਸ ਕਰਦਾ ਹਾਂ, ਪਰ ਮੈਂ ਐਸਾ ਸਮਝਿਆ ਸੀ ਆਪਣੇ ਹਲਕੇ ਦਿਮਾਗ਼ ਕਰਕੇ, ਨਹੀਂ ਤਾਂ ਉਹਨਾਂ ਨੇ ਤਾਂ ਬਹੁਤ ਉੱਚੀ ਗੱਲ ਆਖੀ ਹੈ। ਕੀ ਆਖਿਐ ਉਹਨਾਂ ਨੇ ? ਬਾਈਬਲ ਵਿਚ ਕੀ ਲਿਖਿਐ ? ਈਸਾ ਕਹਿੰਦੇ ਨੇ ਜੇਕਰ ਮੈਨੂੰ ਕੋਈ ਇਹ ਆਖੇ ਕਿ ਇਕ ਊਠ ਸੂਈ ਦੇ ਨੱਕੇ ਵਿੱਚੋਂ ਲੰਘ ਗਿਐ, ਤਾਂ ਮੈਂ ਮੰਨ ਲਵਾਂਗਾ। ਮੈਂ ਕਿੰਤੂ-ਪ੍ਰੰਤੂ ਨਹੀਂ ਕਰਾਂਗਾ, ਮੈਂ ਸ਼ੱਕ ਨਹੀਂ ਕਰਾਂਗਾ। ਅਰਬ ਦੇਸ਼ ਦੇ ਰਹਿਣ ਵਾਲੇ ਸਨ, ਹਿਬਰੂ ਬੋਲਦੇ ਸਨ, ਰੇਤਲਾ ਇਲਾਕਾ, ਮਾਰੂਥਲ, ਊਠ ਬਹੁਤ ਸਨ। ਤਸ਼ਬੀਹ ਇਸੇ ਦੀ ਹੀ ਦਿੱਤੀ ਹੈ। ਕੋਈ ਮੈਨੂੰ ਇਹ ਆਖੇ ਕਿ ਇਕ ਊਠ ਸੂਈ ਦੇ ਨੱਕੇ ਵਿੱਚੋਂ ਲੰਘ ਗਿਐ, ਮੈਂ ਮੰਨ ਲਵਾਂਗਾ, ਮੈਂ ਕਿੰਤੂ-ਪ੍ਰੰਤੂ ਨਹੀਂ ਕਰਾਂਗਾ,

ਪਰ ਮੈਨੂੰ ਕੋਈ ਇਹ ਆਖੇ ਕਿ ਕੋਈ ਚੋਟੀ ਦਾ ਧਨਵਾਨ ਮਨੁੱਖ ਭਗਵਾਨ ਤੱਕ ਪਹੁੰਚ ਗਿਐ, ਮੈਂ ਨਹੀਂ ਮੰਨਦਾ। ਪਹਿਲੀ ਦਫ਼ਾ ਜਦ ਮੈਂ ਇਹ ਪੜ੍ਹਿਆ, ਉਦੋਂ ਮੈਨੂੰ ਹੈਰਾਨਗੀ ਹੋਈ, ਇਤਨੇ ਵੱਡੇ ਅਵਤਾਰੀ ਪੁਰਸ਼ ਹਨ, ਸਭ ਤੋਂ ਵੱਡੀ ਉੱਮਤ ਉਸ ਦੇ ਪਿੱਛੇ ਚਲ ਰਹੀ ਹੈ, ਇਹ ਲਿਖਿਆ ਕੀ ਉਹਨਾਂ ਨੇ, ਇਹ ਬੋਲਿਆ ਕੀ ? ਇਸ ਵਕਤ ਸੰਸਾਰ ਦੇ ਨਾਸਤਿਕ ਹੋਣ ਦਾ ਕਾਰਨ ਕੇਵਲ ਦੋ ਹੀ ਘਟਨਾਵਾਂ ਹਨ, ਗਿਆਨ ਬਹੁਤ ਵਧ ਗਿਐ, ਧਨ ਬਹੁਤ ਵਧ ਗਿਐ, ਜਦ ਕਿ ਪਹਿਲੇ ਇਤਨਾ ਨਹੀਂ ਸੀ। ਜਿਵੇਂ ਜਿਵੇਂ ਧਨ ਵਧ ਗਿਐ, ਹਿਰਦੇ ਵਿੱਚੋਂ ਧਰਮ ਨਿਕਲ ਗਿਐ। ਘਰ ਪਦਾਰਥਾਂ ਨਾਲ ਭਰ ਗਿਐ ਪਰ ਹਿਰਦਾ ਪਰਮਾਤਮਾ ਤੋਂ ਖ਼ਾਲੀ ਹੋ ਗਿਐ। ਤਿਜੌਰੀ ਧਨ ਨਾਲ ਭਰ ਗਈ ਪਰ ਹਿਰਦਾ ਧਰਮ ਤੋਂ ਖ਼ਾਲੀ ਹੋ ਗਿਆ। ਐਸਾ ਪਦਾਰਥਾਂ ਨਾਲ ਘਰ ਭਰਿਐ ਕਿ ਹੁਣ ਗੁਰੂ ਦੀ ਰਹਿਤ-ਬਹਿਤ ਨੂੰ ਘਰ ਵਿਚ ਰੱਖਣਾ ਔਖਾ ਹੋ ਗਿਐ, ਕਠਨ ਹੋ ਗਿਐ। ਫਿਰ ਗਿਆਨ ਵਧ ਗਿਐ ਤਾਂ ਹੁਣ ਭਗਵਾਨ ਨੂੰ ਕੌਣ ਭਗਵਾਨ ਸਮਝੇ ! ਇਹਨਾਂ ਦੋਹਾਂ ਕਾਰਨਾਂ ਕਰਕੇ ਹੀ ਮਨੁੱਖ ਦਾ ਅਹੰਕਾਰ ਸਿਖਰ 'ਤੇ ਪਹੁੰਚ ਗਿਐ। ਨਿਰੰਕਾਰ ਨੂੰ ਸਰਬ-ਕਲਾ ਸਮਰੱਥ ਮੰਨਣਾ ਕਠਨ ਹੋ ਗਿਐ, ਔਖਾ ਹੋ ਗਿਐ। ਚੋਟੀ ਦੇ ਧਨਾਢ ਦੇਸ ਬਿਲਕੁਲ ਨਾਸਤਿਕ ਹੋ ਚੁੱਕੇ ਹਨ। ਇੰਗਲੈਂਡ ਵਿਚ ਮੈਂ ਵੇਖਦਾ ਹਾਂ ਕਿ ਹਰ ਗਲੀ ਵਿਚ, ਹਰ ਸਟ੍ਰੀਟ ਦੇ ਅੰਦਰ ਦੋ ਜਾਂ ਤਿੰਨ ਖ਼ੂਬਸੂਰਤ ਚਰਚ ਹਨ, ਬੜੇ ਖ਼ੂਬਸੂਰਤ ਚਰਚ। ਬਹੁਤ ਮਾਰਬਲ ਲੱਗਿਆ ਹੋਇਐ, ਬੜਾ ਕੀਮਤੀ ਪੱਥਰ ਲੱਗਿਆ ਹੋਇਐ, ਬੜੀ ਕੀਮਤੀ ਲੱਕੜ ਲੱਗੀ ਹੋਈ ਹੈ। ਹਰ ਗਲੀ ਵਿਚ ਦੋ ਜਾਂ ਤਿੰਨ ਚਰਚ ਹੈਗੇ ਨੇ, ਪਰ ਆਪ ਸੁਣ ਕੇ ਹੈਰਾਨ ਹੋਵੋਗੇ ਕਿ ਚਾਹੇ ਦੋ ਹਨ, ਚਾਹੇ ਤਿੰਨ ਹਨ, ਪਰ ਤਾਲੇ ਲੱਗੇ ਹੋਏ ਹਨ। ਸ਼ਾਮ ਨੂੰ ਦੀਵਾ ਵੱਟੀ ਭੀ ਨਹੀਂ ਹੁੰਦਾ, ਕੋਈ ਨਹੀਂ ਜਾਂਦਾ ਅਤੇ ਇਹਨਾਂ ਚਰਚਾਂ ਵਿੱਚੋਂ ਬਹੁਤ ਸਾਰੇ ਚਰਚ ਪਾਦਰੀਆਂ ਨੇ ਵੇਚ ਦਿੱਤੇ ਹਨ। ਸਾਊਥੈਂਪਟਨ ਦਾ ਇਕ ਇਤਿਹਾਸਿਕ ਚਰਚ ਉਹ ਭੀ ਹੁਣ ਸਿੰਘਾਂ ਨੇ ਖ਼ਰੀਦ ਲਿਐ, ਗੁਰਦੁਆਰਾ ਬਣਾ ਦਿੱਤੈ। ਸੱਤਰ ਫ਼ੀਸਦੀ ਗੁਰਦੁਆਰੇ ਇੰਗਲੈਂਡ ਵਿਚ ਚਰਚ ਦੇ ਅੰਦਰ ਬਣੇ ਹੋਏ ਹਨ। ਅਮਰੀਕਾ ਦਾ ਪਹਿਲਾ ਸਭ ਤੋਂ ਵੱਡਾ ਗੁਰਦੁਆਰਾ, ਚਰਚ ਖ਼ਰੀਦ ਕੇ ਬਣਾਇਆ ਗਿਐ। ਅਜੇ ਭੀ ਉਪਰ ਕਰਾਸ ਲੱਗਿਆ ਹੋਇਐ। ਚਰਚ ਵੇਚਦੇ ਜਾ ਰਹੇ ਹਨ ਪਾਦਰੀ। ਸਾਊਥੈਂਪਟਨ ਦਾ ਇਹ ਚਰਚ ਜਦ ਸਿੰਘਾਂ ਨੇ ਖ਼ਰੀਦ ਕੇ ਨਿਸ਼ਾਨ ਸਾਹਿਬ ਲਹਿਰਾਇਆ ਤਾਂ ਪਾਰਲੀਮੈਂਟ ਵਿਚ ਬਹੁਤ ਰੌਲਾ ਪਿਆ ਸੀ ਇੰਗਲੈਂਡ ਵਿਚ, ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਮੈਂ ਉਥੇ ਹੀ ਸੀ। ਬਈ ਘੱਟ ਤੋਂ ਘੱਟ ਪਾਦਰੀਆਂ ਨੂੰ ਚਾਹੀਦਾ ਸੀ ਕਿ ਇਤਿਹਾਸਕ ਚਰਚ ਤਾਂ ਨਾ ਵੇਚਦੇ, ਇਹ ਕਿਉਂ ਵੇਚਿਆ ? ਲਿਖਾ-ਪੜ੍ਹੀ ਕਰਦਿਆਂ ਹੋਇਆਂ ਉਹ ਲਾਜ਼ਮੀ ਲਿਖਾ ਲੈਂਦੇ ਹਨ ਕਿ ਅਸੀਂ ਇਹ ਚਰਚ ਵੇਚ ਰਹੇ ਹਾਂ, ਪਰ ਇਸ

ਨੂੰ ਤੁਸੀਂ ਪਵਿੱਤਰ ਕੰਮ ਲਈ ਵਰਤੋਗੇ, ਭਾਵ ਕੋਈ ਸਕੂਲ ਖੋਲ੍ਹ ਸਕਦੇ ਹੋ ਜਾਂ ਧਾਰਮਿਕ ਅਸਥਾਨ, ਹੋਰ ਕਿਸੇ ਕੰਮ ਲਈ ਨਹੀਂ। ਸੋ ਗੁਰਦੁਆਰਾ ਬਣਨਾ ਸੀ, ਇਸ ਉੱਤੇ ਉਹਨਾਂ ਨੂੰ ਇਤਰਾਜ਼ ਨਹੀਂ ਸੀ। ਬਹੁਤ ਸਾਰੇ ਮੰਦਰ ਭੀ ਮੈਂ ਦੇਖੇ ਹਨ, ਚਰਚ ਵਿਚ ਬਣੇ ਹੋਏ ਹਨ। ਜਦ ਇਹ ਰੌਲਾ ਪਿਆ ਤਾਂ ਜਿਸ ਮਿਸ਼ਨਰੀ ਨੇ ਇਹ ਚਰਚ ਵੇਚਿਆ ਸੀ, ਉਸ ਨੇ ਕਿਹੈ, ਮੇਨਟੀਨੈਂਸ ਦੇ ਉੱਤੇ ਜੋ ਮੰਥਲੀ ਖ਼ਰਚਾ ਹੈ, ਉਹ ਮੈਂ ਕਿਥੋਂ ਦੇਵਾਂ ? ਸੈਂਕੜੇ ਪੌਂਡ ਦਾ ਖ਼ਰਚਾ ਹੈ ਮਹੀਨੇ ਦਾ, ਗੈਸ ਦਾ, ਬੱਤੀਆਂ ਦਾ। ਕੋਈ ਆਉਂਦਾ ਹੀ ਨਹੀਂ ਚਰਚ ਵਿਚ। ਕਿਧਰੋਂ ਡੋਨੇਸ਼ਨ ਹੀ ਨਹੀਂ ਮਿਲਦੀ। ਮੈਂ ਕਿਸ ਤਰ੍ਹਾਂ ਇਸ ਚਰਚ ਨੂੰ ਚਲਾਵਾਂ ? ਇੰਗਲੈਂਡ ਵਿਚ ਗਲੀ-ਗਲੀ ਵਿਚ ਜੋ ਦੋ ਦੋ ਤਿੰਨ ਤਿੰਨ ਚਰਚ ਸਨ, ਉਹ ਅੱਜ ਬੰਦ ਹਨ ਤੇ ਬਾਕੀ ਵੀ ਬੰਦ ਹੁੰਦੇ ਜਾਂਦੇ ਹਨ। ਚਰਚ ਬੰਦ ਹੋ ਗਏ ਹਨ, ਪਬ ਖੁਲ੍ਹ ਗਏ ਹਨ, ਲੋਕੀਂ ਸਵੇਰੇ ਹੀ ਪੀ ਰਹੇ ਹਨ, ਦੁਪਹਿਰ ਨੂੰ ਪੀ ਰਹੇ ਹਨ, ਸ਼ਾਮ ਨੂੰ ਪੀ ਰਹੇ ਹਨ। ਕਿਸੇ ਵਕਤ ਸਿੰਘਾਂ ਦੇ ਘਰ ਵਿਚ ਮਾਲਾ ਮਿਲਦੀ ਸੀ, ਗੁਟਕੇ ਮਿਲਦੇ ਸਨ, ਪੋਥੀਆਂ ਮਿਲਦੀਆਂ ਸਨ, ਹੁਣ ਨਹੀਂ। ਹੁਣ ਤਾਂ ਚੋਟੀ ਦੇ ਧਨਾਢ ਸਿੱਖ ਦੇ ਘਰ ਵਿਚ ਬਾਰ ਬਣੀ ਹੋਈ ਹੈ। ਕਿਸੇ ਪਬ ਵਿਚ ਜਾਣ ਦੀ ਲੋੜ ਨਹੀਂ, ਘਰ ਨੂੰ ਹੀ ਪਬ ਬਣਾਇਐ ਅਤੇ ਇਸ ਤਰ੍ਹਾਂ ਦੀ ਨਾਸਤਿਕਤਾ ਨੂੰ ਵੇਖ ਕੇ ਫਿਰ ਮੈਨੂੰ ਈਸਾ ਦਾ ਬੋਲ ਚੇਤੇ ਆਇਆ ਤਾਂ ਅੰਦਰੋਂ ਮੇਰੀ ਆਤਮਾ ਨੇ ਮਾਫ਼ੀ ਭੀ ਮੰਗੀ ਵਕਤ ਦੇ ਅਵਤਾਰੀ ਪੁਰਸ਼ ਤੋਂ ਕਿ ਦਸ ਵੀਹ ਸਾਲ ਪਹਿਲੇ ਜਦ ਮੈਂ ਇਹ ਬੋਲ ਪੜ੍ਹੇ ਸਨ, ਐ ਈਸਾ! ਮੇਰਾ ਮਨ ਤੇਰੇ ਨਾਲ ਸਹਿਮਤ ਨਹੀਂ ਹੋਇਆ ਸੀ ਕਿ ਇਹ ਤੂੰ ਕੀ ਆਖਿਐ ? ਬੋਲ ਮੈਂ ਫਿਰ ਦੁਹਰਾ ਦੇਵਾਂ, ਜੋ ਉਸ ਨੇ ਆਖੇ ਸਨ : ਜੇਕਰ ਕੋਈ ਇਹ ਆਖੇ ਕਿ ਇਕ ਊਠ ਸੂਈ ਦੇ ਨੱਕੇ ਵਿੱਚੋਂ ਲੰਘ ਗਿਐ, ਤਾਂ ਮੈਂ ਅੱਖਾਂ ਮੀਟ ਕੇ ਮੰਨ ਲਵਾਂਗਾ ਕਿ ਠੀਕ ਹੈ ਲੰਘ ਗਿਆ ਹੋਵੇਗਾ। ਕਿਸੇ ਜੁਗਤ ਨਾਲ ਲੰਘ ਗਿਆ ਹੋਵੇਗਾ, ਮੈਂ ਮੰਨ ਲਵਾਂਗਾ, ਕਿੰਤੂ ਪ੍ਰੰਤੂ ਨਹੀਂ ਕਰਾਂਗਾ, ਪਰ ਮੈਨੂੰ ਕੋਈ ਇਹ ਆਖੇ ਕਿ ਇਕ ਚੋਟੀ ਦਾ ਧਨਵਾਨ ਮਨੁੱਖ, ਭਗਵਾਨ ਤੱਕ ਪਹੁੰਚ ਗਿਐ, ਇਹ ਮੈਂ ਨਹੀਂ ਮੰਨਦਾ, ਐਸਾ ਨਹੀਂ ਹੋ ਸਕਦਾ। ਕਾਰਨ ? ਕਾਰਨ ਮੈਨੂੰ ਇਹ ਦਿਖਾਈ ਦਿੰਦੈ ਕਿ ਅਕਸਰ ਚੋਟੀ ਦਾ ਧਨਾਢ ਮਨੁੱਖ ਬਾਹਰਮੁਖੀ ਹੁੰਦੈ। ਉਸ ਦਾ ਸਭ ਕੁਝ ਬਾਹਰ ਹੁੰਦੈ, ਅੰਦਰ ਝਾਤੀ ਮਾਰਨ ਦਾ ਉਸ ਕੋਲ ਸਮਾਂ ਕੋਈ ਨਹੀਂ, ਵਕਤ ਹੀ ਕੋਈ ਨਹੀਂ। ਉਹ ਬਾਹਰ ਇਤਨਾ ਉਲਝਿਆ ਹੋਇਐ, ਇਤਨਾ ਬਿਜ਼ੀ ਹੈ, ਇਤਨਾ ਰੁੱਝਿਆ ਹੋਇਐ ਕਿ ਉਸ ਨੂੰ ਆਪਣੇ ਅੰਦਰ ਝਾਤ ਮਾਰਨ ਦਾ ਕਦੀ ਮੌਕਾ ਹੀ ਨਹੀਂ ਮਿਲਦਾ। ਬਾਹਰ ਤਾਂ ਪਦਾਰਥ ਲੱਭਦੇ ਨੇ, ਪਰਮਾਤਮਾ ਤਾਂ ਅੰਦਰੋਂ ਲੱਭਦੈ :

ਸਭ ਕਿਛੁ ਘਰ ਮਹਿ ਬਾਹਰਿ ਨਾਹੀ॥
ਬਾਹਰਿ ਟੋਲੈ ਸੋ ਭਰਮਿ ਭੁਲਾਹੀ॥ *(ਮਾਝ ਮਹਲਾ ੫, ਪੰਨਾ 102)*

ਜੋ ਬਾਹਰ ਪਰਮਾਤਮਾ ਨੂੰ ਲੱਭਦੈ, ਭਰਮ ਵਿਚ ਹੈ। ਜੋ ਅੰਦਰ ਪਦਾਰਥਾਂ ਨੂੰ ਲੱਭਦੈ, ਭਰਮ ਵਿਚ ਹੈ। ਪਦਾਰਥ ਲੱਭਣਗੇ ਬਾਹਰ, ਪਰਮਾਤਮਾ ਲੱਭੇਗਾ ਅੰਦਰੋਂ। ਪਦਾਰਥ ਲੱਭਣਗੇ ਭੱਜ ਕੇ, ਦੌੜ ਕੇ; ਪਰਮਾਤਮਾ ਲੱਭੇਗਾ ਟਿਕ ਕੇ, ਜੁੜ ਕੇ। ਪਦਾਰਥ ਬਿਨਾਂ ਭੱਜਿਆਂ ਦੌੜਿਆਂ ਨਹੀਂ ਲੱਭਣਗੇ। ਇਸ ਦੇ ਉੱਤੇ ਸਤਿਗੁਰੂ ਬੜੀ ਸੋਹਣੀ ਦਲੀਲ ਦਿੰਦੇ ਹਨ:

ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ॥
(ਸਿਰੀਰਾਗ ਮ: ੧, ਪੰਨਾ 64)

ਜ਼ਮੀਨ ਘੁੰਮ ਰਹੀ ਹੈ, ਚਲ ਰਹੀ ਹੈ। ਸੂਰਜ ਚਲ ਰਿਹੈ, ਚੰਦਰਮਾ ਚਲ ਰਿਹੈ। ਹੁਣ ਤਾਂ ਵਿਗਿਆਨੀ ਵੀ ਮੰਨਣ ਲੱਗ ਪਏ ਨੇ। ਪਹਿਲੇ ਤਾਂ ਗੁਰਬਾਣੀ ਦੀਆਂ ਪੰਗਤੀਆਂ ਉਪਰ ਸਾਇੰਟਿਸਟ ਹੱਸਦੇ ਹੁੰਦੇ ਸਨ ਕਿ ਗੁਰੂ ਨਾਨਕ ਕਹਿੰਦੇ ਨੇ ਕਿ ਸੂਰਜ ਚਲਦਾ ਪਿਐ, ਚੰਦਰਮਾ ਚਲਦਾ ਪਿਐ:

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥
ਕੋਹ ਕਰੋੜੀ ਚਲਤ ਨ ਅੰਤੁ॥ *(ਵਾਰ ਆਸਾ, ਮ: ੧, ਪੰਨਾ 464)*

ਉਹ ਕਹਿੰਦੇ ਸਨ, ਨਹੀਂ, ਸਿਰਫ਼ ਜ਼ਮੀਨ ਘੁੰਮ ਰਹੀ ਹੈ, ਪਰ ਹੁਣ ਮੰਨਣ ਲੱਗ ਪਏ ਹਨ ਕਿ ਹਰ ਗ੍ਰਹਿ, ਨਛੱਤਰ, ਤਾਰੇ, ਸਭ ਘੁੰਮ ਰਹੇ ਹਨ, ਸਭ ਚਲ ਰਹੇ ਹਨ। ਟਿਕਿਆ ਹੋਇਆ ਕੁਝ ਭੀ ਨਹੀਂ। ਗੁਰੂ ਨਾਨਕ ਦੀ ਇਹ ਜਿਹੜੀ ਦਲੀਲ ਕਿ ਚੱਲਣਾ ਜ਼ਿੰਦਗੀ ਹੈ, ਆਕਾਰ ਦਾ ਚਲਣਾ ਜ਼ਿੰਦਗੀ ਹੈ, ਰੁਕ ਜਾਣਾ ਮੌਤ ਹੈ। ਸੁਆਸ ਚਲ ਰਹੇ ਹਨ ਤਾਂ ਜ਼ਿੰਦਗੀ ਹੈ, ਰੁਕ ਗਏ ਤਾਂ ਮੌਤ ਹੈ। ਖ਼ੂਨ ਚਲ ਰਿਹੈ ਤਾਂ ਜ਼ਿੰਦਗੀ ਹੈ, ਰੁਕ ਗਿਆ ਤਾਂ ਮੌਤ ਹੈ। ਗ੍ਰਹਿ ਨਛੱਤਰ, ਤਾਰੇ ਸਿਆਰੇ, ਜ਼ਮੀਨ ਘੁੰਮ ਰਹੀ ਹੈ, ਚਲ ਰਹੀ ਹੈ, ਜ਼ਿੰਦਗੀ ਹੈ, ਰੁਕ ਗਈ ਤੇ ਮਿਟ ਗਈ। ਮਿਟ ਜਾਂਦੇ ਹਨ ਉਹ ਤਾਰੇ, ਗ੍ਰਹਿ, ਨਛੱਤਰ, ਜਿਹਨਾਂ ਕੋਲ ਕਸ਼ਿਸ਼ ਨਹੀਂ ਰਹਿੰਦੀ ਘੁੰਮਣ ਦੀ, ਮਿਟ ਜਾਂਦੇ ਹਨ। ਘੁੰਮਣਾ, ਭੱਜਣਾ, ਦੌੜਨਾ ਤਾਂ ਜ਼ਿੰਦਗੀ ਹੈ। ਇਸ ਭੱਜਦੀ ਹੋਈ ਜ਼ਮੀਨ ਵਿੱਚੋਂ, ਇਸ ਦੌੜਦੀ ਹੋਈ ਜ਼ਮੀਨ ਵਿੱਚੋਂ, ਇਸ ਘੁੰਮਦੀ ਹੋਈ ਜ਼ਮੀਨ ਵਿੱਚੋਂ, ਜੇ ਕੁਝ ਲੱਭਣੈ ਤਾਂ ਘੁੰਮਣਾ ਪਵੇਗਾ, ਦੌੜਨਾ ਪਵੇਗਾ, ਭੱਜਣਾ ਪਵੇਗਾ। ਟਿਕ ਕੇ ਕੁਝ ਭੀ ਨਹੀਂ ਲੱਭਣਾ, ਹੱਥ ਉੱਤੇ ਹੱਥ ਧਰ ਕੇ ਕੁਝ ਭੀ ਨਹੀਂ ਮਿਲਣਾ। ਬੜੇ ਸੋਹਣੇ ਢੰਗ ਨਾਲ ਸੂਫ਼ੀ ਸੰਤ ਸਾਅਦੀ ਨੇ ਬਿਆਨ ਕੀਤੈ:

ਅਬਰੋ ਬਾਦੋ ਮਾਹ ਫ਼ਲਕ ਖ਼ੁਰਸ਼ੀਦ ਦਰਕਾਰ ਅੰਦ।

ਸਾਅਦੀ ਕਹਿੰਦਾ ਹੈ, ਮੈਂ ਦੇਖਦਾ ਹਾਂ ਕਿ ਕੰਮ-ਕਾਰ 'ਤੇ ਪਰਮਾਤਮਾ

ਨੇ ਲਾਇਆ ਹੋਇਐ ਸੂਰਜ ਨੂੰ ਭੀ, ਭੱਜ ਰਿਹੈ; ਚੰਦਰਮਾ, ਜ਼ਮੀਨ, ਕੰਮ ਤਾਂ ਸਾਰੇ ਪਏ ਕਰਦੇ ਹਨ, "ਅਬਰੋ ਬਾਦੋ ਮਾਹ," ਬਾਦ ਹਵਾ ਨੂੰ ਕਹਿੰਦੇ ਹਨ, ਮਾਹ ਚੰਦਰਮਾ ਨੂੰ ਕਹਿੰਦੇ ਹਨ, ਖ਼ੁਰਸ਼ੀਦ ਸੂਰਜ ਨੂੰ ਕਹਿੰਦੇ ਹਨ, ਅਬਰ ਬੱਦਲ ਨੂੰ ਕਹਿੰਦੇ ਹਨ, "ਅਬਰੋ ਬਾਦੋ ਮਾਹ ਫ਼ਲਕ" ਸਾਰਾ ਫ਼ਲਕ, ਸਾਰਾ ਆਸਮਾਨ, "ਅਬਰੋ ਬਾਦੋ ਮਾਹ ਫਲਕ ਖ਼ੁਰਸ਼ੀਦ ਦਰਕਾਰਨ"। ਸਭ ਕੰਮ ਪਏ ਕਰਦੇ ਹਨ। ਇਹ ਸੰਤ ਕਹਿੰਦੈ, ਪਤੈ, ਜਦ ਇਹ ਸਾਰੇ ਕੰਮ ਪਏ ਕਰਦੇ ਹਨ:

ਤਾ ਤੋ ਨਾਨੇ ਬਕਫ਼ ਆਰੀ ਬ ਗ਼ਫਲਤ ਨ ਖ਼ੁਰੀ।

ਤੂੰ ਭੀ ਕੰਮ-ਕਾਰ ਕਰ ਕੇ ਰੋਟੀ ਖਾ, ਹਰਾਮ ਦੀ ਰੋਟੀ ਨਾ ਖਾਈਂ। ਜਦ ਸੁਆਸ ਚੱਲਦੇ ਪਏ ਹਨ ਤਾਂ ਤੇਰੇ ਹੱਥ ਚੱਲਣੇ ਚਾਹੀਦੇ ਹਨ। ਜਦ ਖ਼ੂਨ ਚਲਦਾ ਪਿਐ ਤਾਂ ਤੇਰੇ ਪੈਰ ਚੱਲਣੇ ਚਾਹੀਦੇ ਹਨ। ਕੰਮ ਕਰ ਕੇ ਰੋਟੀ ਖਾ, ਮੇਹਨਤ ਕਰ ਕੇ ਰੋਟੀ ਖਾ, ਕੀ ਹਰਾਮ ਦੀ ਰੋਟੀ ਖਾਂਦੈ ? ਕੰਮ-ਕਾਰ ਤਾਂ ਚੰਦ, ਸੂਰਜ, ਤਾਰੇ ਭੀ ਕਰਦੇ ਪਏ ਹਨ। ਇਸ ਭੱਜਦੇ ਹੋਏ ਸੰਸਾਰ ਵਿੱਚੋਂ ਕੁਝ ਲੱਭਣੈ ਤਾਂ ਭੱਜਣਾ ਪਵੇਗਾ, ਦੌੜਨਾ ਪਵੇਗਾ, ਦੌੜ ਦੌੜ ਕੇ ਹੀ ਕੁਝ ਲੱਭਦੈ। ਤਨ ਨੂੰ ਦੁੜਾ ਦੁੜਾ ਕੇ, ਭਜਾ ਭਜਾ ਕੇ ਧਨ ਲੱਭੇਗਾ ਅਤੇ ਮਨ ਨੂੰ ਟਿਕਾ ਟਿਕਾ ਕੇ, ਜੋੜ ਜੋੜ ਕੇ ਪਰਮਾਤਮਾ ਲੱਭੇਗਾ। ਕਿਉਂ ? ਪਰਮਾਤਮਾ ਨਿਹਚਲ ਹੈ, ਨਹੀਂ ਚਲਦਾ, ਟਿਕਿਆ ਹੋਇਐ। ਸੰਸਾਰ ਚੰਚਲ ਹੈ, ਚੱਲ ਚੱਲ, ਚੱਲਦੈ ਰਹਿੰਦੈ। ਚੱਲਦੇ ਹੋਏ ਸੰਸਾਰ ਵਿੱਚੋਂ, ਚੱਲ ਚੱਲ ਕੇ ਹੀ ਕੁਝ ਲੱਭੇਗਾ। ਨਿਹਚਲ ਨਿਰੰਕਾਰ ਵਿਚ ਟਿਕ ਕੇ, ਨਿਹਚਲ ਹੋ ਕੇ ਹੀ ਸੰਬੰਧ ਜੁੜਨਗੇ, ਉਂਜ ਨਹੀਂ। ਇੱਕ ਚੋਟੀ ਦਾ ਧਨਵਾਨ ਬਹੁਤ ਦੌੜਦਾ ਹੈ, ਤਾਂ ਹੀ ਧਨੀ ਹੋਇਐ, ਵਰਨਾ ਨਹੀਂ ਸੀ ਹੋ ਸਕਦਾ। ਬਹੁਤ ਦੌੜਦੈ, ਬਹੁਤ ਦੌੜਦੈ ਤੇ ਦੌੜਨਾ ਆਦਤ ਬਣ ਜਾਂਦੀ ਹੈ, ਟਿਕਣਾ ਭੁੱਲ ਜਾਂਦਾ ਹੈ, ਖ਼ਾਸ ਕਰਕੇ ਮਨ ਨੂੰ ਟਿਕਾਉਣਾ ਤਾਂ ਭੁੱਲ ਜਾਂਦਾ ਹੈ। ਇਸ ਆਧਾਰ ਦੇ ਉੱਤੇ ਈਸਾ ਨੇ ਕਹਿ ਦਿੱਤਾ ਕਿ ਮੈਂ ਨਹੀਂ ਮੰਨਦਾ ਕਿ ਕੋਈ ਚੋਟੀ ਦਾ ਧਨਵਾਨ ਭਗਵਾਨ ਤੱਕ ਪਹੁੰਚ ਸਕਦੈ। ਪਰ ਮੈਂ ਅਰਜ਼ ਕਰਾਂ, ਬੀਜ ਤਾਂ ਕਿਸੇ ਚੀਜ਼ ਦਾ ਨਾਸ ਨਹੀਂ ਹੁੰਦਾ। ਜਨਕ ਆਪਣੇ ਜ਼ਮਾਨੇ ਦਾ ਚੋਟੀ ਦਾ ਧਨਵਾਨ ਮਨੁੱਖ ਸੀ, ਪਰ ਭਗਵਾਨ ਕਿਸ ਨੂੰ ਕਹਿੰਦੇ ਹਨ, ਇਹ ਸਭ ਕੁਝ ਜਨਕ ਦੇ ਦਰਸ਼ਨ ਵਿੱਚੋਂ ਹੀ ਝਲਕਦਾ ਸੀ। ਜਨਕ ਨੂੰ ਵੇਖ ਲਵੋ ਤੇ ਰੱਬ ਨੂੰ ਵੇਖ ਲਵੋ:

ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ॥

(ਵਾਰ 10, ਪਉੜੀ 5)

ਉਸ ਨੂੰ ਸਮਝ ਆ ਗਈ, ਪਦਾਰਥ ਤਨ ਲਈ ਹਨ, ਪਰਮਾਤਮਾ ਮਨ ਲਈ ਹੈ। ਧਨ ਸਰੀਰ ਲਈ ਹੈ, ਧਰਮ ਜ਼ਮੀਰ ਲਈ ਹੈ। ਰੋਟੀ ਤਨ ਦੇ ਵਾਸਤੇ ਹੈ, ਭੋਜਨ ਤਨ ਦੇ ਵਾਸਤੇ ਹੈ, ਪਰ ਭਜਨ ਮਨ ਦੇ ਵਾਸਤੇ ਹੈ। ਅੱਜ ਬੈਰੂਨੀ

ਜ਼ਿੰਦਗੀ ਤਾਂ ਮਨੁੱਖ ਦੀ ਬੜੀ ਜੀਅ ਉਠੀ ਹੈ, ਕਿਉਂਕਿ ਧਨ ਬਹੁਤ ਹੋ ਗਿਐ, ਪਰ ਅੰਦਰੋਂ ਖ਼ਿਲਕੁਲ ਮਰ ਚੁਕਿਐ, ਭਜਨ ਰਿਹਾ ਹੀ ਨਹੀਂ। ਇਸੇ ਨੂੰ ਹੀ ਮੇਰੇ ਪਾਤਸ਼ਾਹ ਨੇ ਕਿਹੈ:

ਆਖਾ ਜੀਵਾ ਵਿਸਰੈ ਮਰਿ ਜਾਉ ॥ *(ਆਸਾ ਮ: ੧, ਪੰਨਾ 9)*

ਤਨ ਦੀ ਮੌਤ ਤਾਂ ਉਦੋਂ ਹੋ ਜਾਂਦੀ ਹੈ, ਜਦ ਸੁਆਸ ਰੁਕ ਜਾਂਦੇ ਹਨ। ਆਤਮਾ ਦੀ ਮੌਤ ਉਦੋਂ ਹੁੰਦੀ ਹੈ ਜਦੋਂ ਸਿਮਰਨ ਰੁਕ ਜਾਂਦਾ ਹੈ, ਸਿਮਰਤੀ ਰੁਕ ਜਾਂਦੀ ਹੈ।

ਹਰਿ ਬਿਸਰਤ ਤੇਰੇ ਗੁਣ ਗਲਿਆ ॥ *(ਆਸਾ ਮ: ੧, ਪੰਨਾ 357)*

ਹਰੀ ਨੂੰ ਭੁਲਾ ਕੇ ਤੂੰ ਗੁਣਵਾਨ ਨਹੀਂ ਹੋ ਸਕਦਾ। ਹਰੀ ਨੂੰ ਭੁੱਲ ਗਿਆ, ਸੁੱਖ ਸਾਰੇ ਹੀ ਮਰ ਜਾਣਗੇ। ਹਰੀ ਨੂੰ ਭੁੱਲ ਗਿਆ, ਖੇੜਾ ਖ਼ੁਸ਼ੀ ਸਾਰੀ ਹੀ ਮਰ ਜਾਏਗੀ। ਹਰੀ ਨੂੰ ਭੁਲ ਗਿਆ, ਗੁਣ ਤੇਰੇ ਸਾਰੇ ਹੀ ਗਲ਼ ਜਾਣਗੇ, "ਹਰਿ ਬਿਸਰਤ ਤੇਰੇ ਗੁਣ ਗਲਿਆ"।

ਖ਼ੈਰ! ਸੰਖੇਪ ਵਿਚ ਮੈਂ ਅਰਜ਼ ਕਰਾਂ। ਪ੍ਰੇਮ ਅਜੋਕੀ ਦੁਨੀਆ ਵਿਚ ਨਹੀਂ ਲੱਭਦਾ। ਇੱਕੋ ਹੀ ਸੰਬੰਧ ਪਸ਼ੂ ਜੋੜਦੇ ਹਨ ਅਤੇ ਇੱਕੋ ਹੀ ਸੰਬੰਧ ਅੱਜ ਦੇ ਸਮੇਂ ਵਿਚ ਮਨੁੱਖ ਜੋੜ ਰਿਹੈ। ਕਿਹੜਾ? "ਅਪਨੇ ਲੋਭ ਕਉ ਕੀਨੋ ਮੀਤੁ"। ਹੇ ਪ੍ਰਭੂ! ਆਪਣੀ ਲੋੜ ਕਰਕੇ ਤੈਨੂੰ ਮਿੱਤਰ ਬਣਾਇਐ, ਨਹੀਂ ਤਾਂ ਤੂੰ ਕਿਸੇ ਕੰਮ ਦਾ ਨਹੀਂ ਸਾਡੇ ਵਾਸਤੇ। ਕੁਝ ਲੋੜਾਂ ਹਨ, ਤੈਥੋਂ ਹੀ ਪੂਰੀਆਂ ਹੋਣਗੀਆਂ, ਇਸ ਵਾਸਤੇ ਹੇ ਪ੍ਰਭੂ! ਤੈਨੂੰ ਰੱਬ ਕਰਕੇ ਪੂਜਦੇ ਪਏ ਹਾਂ, ਉਂਞ ਕੋਈ ਮਤਲਬ ਨਹੀਂ। ਕੁਝ ਲੋੜਾਂ ਕਰਕੇ ਹੀ ਸੰਬੰਧ ਬਣਾਇਆ ਹੈ, ਚਾਹੇ ਉਹ ਮਾਂ ਦਾ ਹੈ, ਪਿਤਾ ਦਾ ਹੈ, ਭਰਾ ਦਾ ਹੈ, ਭੈਣ ਦਾ ਹੈ, ਲੋੜਾਂ ਵਿਚ ਰੁਕਾਵਟ ਖੜੀ ਹੋ ਜਾਏ, ਭੈਣ ਦੁਸ਼ਮਨ ਹੈ, ਭਰਾ ਦੁਸ਼ਮਨ ਹੈ, ਬਾਪ ਭੀ ਦੁਸ਼ਮਨ ਹੈ, ਪੁੱਤਰ ਭੀ ਦੁਸ਼ਮਨ ਹੈ। ਸੁਆਰਥ ਪੂਰਤੀ ਵਿਚ ਔਰੰਗਜ਼ੇਬ ਨੇ ਦੇਖਿਆ ਕਿ ਮੇਰਾ ਪਿਤਾ ਰੁਕਾਵਟ ਹੈ। ਮੈਂ ਚਾਹੁੰਦਾ ਹਾਂ ਹਿੰਦੋਸਤਾਨ ਦਾ ਬਾਦਸ਼ਾਹ ਹੋਣਾ, ਪਰ ਮੇਰਾ ਪਿਉ ਦਾਰੇ ਨੂੰ, ਮੇਰੇ ਛੋਟੇ ਭਰਾ ਨੂੰ ਤਖ਼ਤ 'ਤੇ ਬਿਠਾਣਾ ਚਾਹੁੰਦੈ। ਇਹ ਪਿਉ ਮੇਰੇ ਰਸਤੇ ਦਾ ਰੋੜਾ ਹੈ। ਉਸ ਨੇ ਪਿਉ ਨੂੰ ਪਕੜ ਕੇ ਜੇਲ੍ਹ ਵਿਚ ਪਾ ਦਿੱਤਾ। ਪਿਉ ਕੀ ਹੁੰਦੈ! ਉਸ ਨੇ ਦੇਖ ਲਿਆ, ਪਿਤਾ ਦੇ ਹੁੰਦਿਆਂ ਮੈਂ ਸਿੰਘਾਸਨ ਤੱਕ ਨਹੀਂ ਪਹੁੰਚ ਸਕਦਾ। ਸਿੰਘਾਸਨ ਤੱਕ ਪਹੁੰਚਣ ਵਾਸਤੇ ਮੈਨੂੰ ਪਿਉ ਨੂੰ ਰਾਹ 'ਚੋਂ ਹਟਾਣਾ ਪਵੇਗਾ, ਸੋ ਹਟਾ ਦਿੱਤਾ। ਪਕੜ ਕੇ ਜੇਲ੍ਹ ਵਿਚ ਬੰਦ ਕਰ ਦਿੱਤਾ, ਅਤੇ ਜੇਲ੍ਹ ਵਿਚ ਹੀ ਮਰ ਗਿਆ ਸ਼ਾਹ ਜਹਾਨ।

ਫਿਰ ਔਰੰਗਜ਼ੇਬ ਇਹ ਸੋਚਦੈ, ਕਿਸੇ ਵਕਤ ਭਰਾ ਭੀ ਰੋੜਾ ਬਣ ਸਕਦੇ ਹਨ, ਉਸ ਨੇ ਤਾਕਤ ਵਿਚ ਆਉਂਦਿਆਂ ਹੀ ਤਿੰਨੇ ਭਰਾ ਭੀ ਕਤਲ ਕਰ

ਦਿੱਤੇ। ਜਹਾਂਆਰਾ, ਔਰੰਗਜ਼ੇਬ ਦੀ ਵੱਡੀ ਭੈਣ, ਜਿਹਦੇ ਨਾਮ ਉਪਰ ਦਿੱਲੀ ਵਿਚ ਬਾਗ਼ ਭੀ ਹੈ। ਜਹਾਂਆਰਾ ਨੂੰ ਪਤਾ ਚਲਿਐ ਕਿ ਦਾਰੇ ਨੂੰ ਭੀ ਕਤਲ ਕਰ ਦਿੱਤੈ ਔਰੰਗਜ਼ੇਬ ਨੇ। ਦਾਰਾ ਫ਼ਕੀਰ ਤਬੀਅਤ ਦਾ ਸੀ ਤੇ ਸ਼ਾਇਰ ਭੀ ਸੀ, ਕਵੀ ਹਿਰਦਾ ਸੀ। ਫ਼ਕੀਰਾਂ ਦੀ ਸੰਗਤ ਕਰਦਾ ਸੀ। ਸੂਫ਼ੀ ਫ਼ਕੀਰਾਂ ਕੋਲ ਜਾ ਕੇ ਬੈਠਦਾ ਸੀ। ਇਬਾਦਤ ਭੀ ਕਰਦਾ ਸੀ। ਰੱਬ ਦਾ ਨਾਮ ਬੜਾ ਲੈਂਦਾ ਸੀ। ਜਹਾਂਆਰਾ ਨੂੰ ਇਹ ਬੜਾ ਪਿਆਰਾ ਲੱਗਦਾ ਸੀ ਇਹ ਭਰਾ। ਪਰ ਜਦ ਪਤਾ ਚੱਲਿਆ ਕਿ ਉਸ ਨੂੰ ਮਾਰ ਦਿੱਤਾ ਹੈ ਤਾਂ ਤੜਪ ਉਠੀ ਜਹਾਂਆਰਾ। ਪਹਿਲੇ ਤਾਂ ਉਸ ਨੇ ਔਰੰਗਜ਼ੇਬ ਨੂੰ ਡਾਂਟਿਆ, ਬਈ ਤੂੰ ਇਹ ਕੀ ਕੀਤਾ, ਛੋਟੇ ਵੀਰ ਨੂੰ ਭੀ ਮਾਰ ਦਿੱਤਾ! ਕਿਉਂਕਿ ਕਰੋਧ ਨਾਲ ਭਰੀ ਹੋਈ ਸੀ, ਉਸ ਨੇ ਹੱਥ ਚੁੱਕ ਲਿਆ ਔਰੰਗਜ਼ੇਬ ਉੱਤੇ। ਅਜੇ ਥੱਪੜ ਮਾਰਨਾ ਹੀ ਸੀ ਕਿ ਹੱਥ ਪਕੜ ਲਿਆ ਔਰੰਗਜ਼ੇਬ ਨੇ। ਕੇਸਾਂ ਤੋਂ ਘਸੀਟ ਕੇ ਉਸੇ ਹੀ ਜੇਲ੍ਹ ਦੀ ਕੋਠੜੀ ਵਿਚ ਬੰਦ ਕੀਤਾ ਜਿਥੇ ਪਿਉ ਬੰਦ ਸੀ। ਸੱਤ ਸਾਲ ਇਹ ਵੱਡੀ ਭੈਣ ਆਗਰੇ ਜੇਲ੍ਹ ਵਿਚ ਬੰਦ ਰਹੀ। ਭੈਣ ਕੀ ਹੁੰਦੀ ਹੈ! ਸੁਆਰਥ ਵਿਚ ਜੇ ਭੈਣ ਰੁਕਾਵਟ ਹੈ ਤਾਂ ਦੁਸ਼ਮਣ ਹੈ, ਸੁਆਰਥ ਪੂਰਤੀ ਵਿਚ ਜੇ ਭਰਾ ਰੁਕਾਵਟ ਹਨ ਤਾਂ ਦੁਸ਼ਮਣ ਹਨ, ਪਿਉ ਭੀ ਦੁਸ਼ਮਣ ਹੈ, "ਅਪਨੇ ਲੋਭ ਕਉ ਕੀਨੋ ਮੀਤੁ"। ਜੇ ਮੇਰੇ ਸੁਆਰਥ ਦੀ ਪੂਰਤੀ ਕਰ ਸਕਦੇ ਹਨ ਤਾਂ ਪਿਉ ਪਿਉ ਹੈ, ਭਰਾ ਭਰਾ ਹੈ, ਭੈਣ ਭੈਣ ਹੈ, ਨਹੀਂ ਤਾਂ ਭੈਣ ਕੀ ਹੁੰਦੀ ਹੈ! ਭਰਾ ਕੀ ਹੁੰਦੈ!! ਪਿਤਾ ਕੀ ਹੁੰਦੈ!!! ਹਰਨਾਕਸ਼ ਨੇ ਦੇਖਿਆ, ਇਹ ਨਿੱਕਾ ਜਿਹਾ ਮੇਰਾ ਪੁੱਤਰ ਪ੍ਰਹਿਲਾਦ ਮੇਰੀ ਅਹੰਕਾਰ ਪੂਰਤੀ ਵਿਚ ਰੋੜਾ ਖੜਾ ਕਰ ਰਿਹੈ। ਸਾਰੇ ਬੱਚੇ ਜਪਦੇ ਹਨ : ਜਲ ਹਰਨਾਕਸ਼, ਥਲ ਹਰਨਾਕਸ਼। ਇਸਨੂੰ ਮੈਂ ਕਿਹੈ ਕਿ ਤੂੰ ਭੀ ਜਪਿਆ ਕਰ। ਅੱਗੋਂ ਕਹਿੰਦੇ—ਬਾਪੂ, ਕੀ ਬੱਚਿਆਂ ਵਾਲੀ ਗੱਲ ਕਰਦੇ ਹੋ! ਇਉਂ ਕਹੋ : ਜਲ ਹੈ ਰਾਮ, ਥਲ ਹੈ ਰਾਮ। ਇਹ ਘਰ ਦੇ ਵਿਚ ਹੀ ਦੁਸ਼ਮਣ ਪੈਦਾ ਹੋ ਗਿਆ! ਹਰਨਾਕਸ਼ ਨੇ ਦੇਖਿਆ, ਇਹ ਮੇਰੇ ਸੁਆਰਥ ਸਿੱਧ ਨਹੀਂ ਹੋਣ ਦੇਵੇਗਾ, ਜੇਲ੍ਹ ਵਿਚ ਪਾ ਦਿੱਤਾ, ਭੁੱਖਾ ਪਿਆਸਾ ਮਾਰਿਆ, ਫਿਰ ਪੁੱਤਰ ਨੂੰ ਕਤਲ ਕਰਨ ਦੀ ਭੀ ਕੋਸ਼ਿਸ਼ ਕੀਤੀ। ਲੋੜਾਂ ਦੀ ਪੂਰਤੀ ਵਿਚ ਕੋਈ ਰੁਕਾਵਟ ਖੜੀ ਕਰੇ, ਚਾਹੇ ਪਿਉ ਹੈ, ਭਰਾ ਹੈ, ਭੈਣ ਹੈ, ਪੁੱਤਰ ਹੈ, ਸਭ ਦੁਸ਼ਮਣ ਹਨ। ਜੇਕਰ ਲੋੜਾਂ ਦੀ ਪੂਰਤੀ ਉਸ ਮੰਦਰ ਤੋਂ ਨਹੀਂ ਹੋ ਰਹੀ, ਉਸ ਦੇਵਤੇ ਤੋਂ ਨਹੀਂ ਹੋ ਰਹੀ ਤਾਂ ਦੇਵਤਾ ਬਦਲਾਂਗੇ, ਮੰਦਰ ਬਦਲਾਂਗੇ, ਤੀਰਥ ਬਦਲਾਂਗੇ, ਸੰਤ ਬਦਲਾਂਗੇ, ਮਹੰਤ ਬਦਲਾਂਗੇ, ਗੁਰੂ ਬਦਲਾਂਗੇ, ਇੱਥੋਂ ਤੱਕ ਕਿ ਰੱਬ ਵੀ ਬਦਲ ਦਿਆਂਗੇ। ਸਾਡੇ ਦੇਸ਼ ਵਿਚ ਤਾਂ ਪੈਂਤੀਸ ਕਰੋੜ ਰੱਬ ਬਣ ਗਏ ਸਨ, ਹੈਰਾਨਗੀ ਹੁੰਦੀ ਹੈ! ਅੱਜ ਤੋਂ ਕੋਈ ਪੰਝੀ ਤੀਹ ਸਾਲ ਪਹਿਲੇ ਸਰਦਾਰ ਖੁਸ਼ਵੰਤ ਸਿੰਘ ਜੋ ਬਹੁਤ ਅੱਛੇ ਲਿਖਾਰੀ ਹਨ,

ਇਕ ਇੰਗਲਿੰਸ਼ ਪੱਤਰਿਕਾ ਦੇ ਉਦੋਂ ਐਡੀਟਰ ਸਨ। ਉਹਦੇ ਵਿਚ ਉਹਨਾਂ ਨੇ ਇਕ ਲੇਖ ਛਾਪਿਆ ਸੀ। ਕਹਿੰਦੇ ਹਨ, ਐਸ ਵਕਤ ਭਾਰਤ ਵਿਚ ਚੌਰਾਸੀ ਬੰਦੇ ਉਹ ਹਨ ਜੋ ਆਪਣੇ ਆਪ ਨੂੰ ਭਗਵਾਨ ਕਹਿੰਦੇ ਹਨ। ਅੱਜ ਉਹਨਾਂ ਭਗਵਾਨਾਂ ਵਿੱਚੋਂ ਘੱਟ ਤੋਂ ਘੱਟ ਚਾਲ੍ਹੀ ਪੰਜਾਹ ਭਗਵਾਨ ਤਾਂ ਮਰ ਗਏ ਹਨ, ਅੱਧੇ ਅਮਰੀਕਾ ਚਲੇ ਗਏ ਹਨ, ਅੱਧੇ ਅਜੇ ਇਥੇ ਹੀ ਹਨ। ਉਸ ਨੇ ਕਟਾਖਸ਼ ਕੀਤਾ ਸੀ ਕਿ ਉਪਨਿਸ਼ਦ, ਵੇਦ, ਸ਼ਾਸਤਰ, ਧਰਮ ਗ੍ਰੰਥ ਸਭ ਇਹ ਕਹਿੰਦੇ ਨੇ ਕਿ ਭਗਵਾਨ ਤਾਂ ਇੱਕ ਹੈ। ਕਹਿੰਦੈ, ਇਹਨਾਂ ਚੌਰਾਸੀ ਭਗਵਾਨਾਂ ਨੂੰ ਤਾਂ ਮੈਂ ਮਿਲ ਕੇ ਆਇਆ ਹਾਂ। ਹੁਣ ਮੈਂ ਕਿਵੇਂ ਫ਼ੈਸਲਾ ਕਰਾਂ ਕਿ ਕਿਹੜਾ ਭਗਵਾਨ ਅਸਲੀ ਹੈ ? ਭਗਵਾਨ ਸਭ ਤੋਂ ਵੱਡਾ ਹੈ, ਪਰ ਜਦ ਮਨੁੱਖਾਂ ਦਾ ਅਹੰਕਾਰ ਵਧ ਜਾਏ, ਤਾਂ ਫਿਰ ਭਗਵਾਨ ਨੂੰ ਭਗਵਾਨ ਮੰਨਣਾ ਬੜਾ ਔਖਾ ਹੁੰਦਾ ਹੈ। ਭਗਵਾਨ ਸਭ ਤੋਂ ਵੱਡਾ ਹੈ, ਪਰ ਮਨੁੱਖ ਕਹਿੰਦਾ ਹੈ ਕਿ ਮੈਂ ਹੀ ਭਗਵਾਨ ਹਾਂ। ਸੋ ਗੱਲ ਖ਼ਤਮ ਹੋ ਗਈ। ਅਕਬਰ ਕਹਿੰਦੇ ਨੇ ਸਭ ਤੋਂ ਵੱਡਾ ਸੀ। ਹਮਾਯੂੰ ਦਾ ਲੜਕਾ ਸੀ ਜਲਾਲੁੱਦੀਨ, ਉਸ ਨੇ ਆਪਣਾ ਤਖ਼ੱਲਸ ਰੱਖਿਆ ਸੀ ਅਕਬਰ। ਮੁਸਲਮਾਨ ਕਹਿੰਦੇ ਨੇ, ਅੱਲਾਹ ਹੂ ਅਕਬਰ, ਅੱਲਾਹ ਹੂ ਅਕਬਰ। ਅੱਲਾਹ ਹੀ ਅਕਬਰ ਹੈ। ਜਲਾਲੁੱਦੀਨ ਨੇ ਕਹਿ ਦਿੱਤਾ, ਜਲਾਲੁੱਦੀਨ ਅਕਬਰ, ਜਲਾਲੁੱਦੀਨ ਅਕਬਰ, ਮਤਲਬ ਕਿ ਜਲਾਲੁੱਦੀਨ ਹੀ ਸਭ ਤੋਂ ਵੱਡਾ ਹੈ। ਦਰਅਸਲ ਮਨੁੱਖ ਦਾ ਅਹੰਕਾਰ ਜਦ ਸਿਖਰ ਉੱਤੇ ਪਹੁੰਚ ਜਾਏ ਤਾਂ ਖ਼ੁਦਾ, ਪਰਮਾਤਮਾ ਕੁਝ ਭੀ ਨਹੀਂ ਰਹਿ ਜਾਂਦਾ। ਕਹਿੰਦੇ ਨੇ ਅਹੰਕਾਰੀ ਮਨੁੱਖ ਕਿਸੇ ਨਾਲ ਸੰਬੰਧ ਨਹੀਂ ਜੋੜ ਸਕਦਾ, ਕਿਉਂ ? ਕਿਸੇ ਨੂੰ ਬਰਾਬਰੀ ਨਹੀਂ ਦਿੰਦਾ। ਹਰ ਇਕ ਨੂੰ ਨੀਵਾਂ ਸਮਝਦੈ, ਛੋਟਾ ਸਮਝਦੈ। ਤੂੰ ਕੌਣ ਹੁੰਦੈਂ, ਤੂੰ ਕੁਝ ਭੀ ਨਹੀਂ! ਖ਼ੈਰ, ਇਸ ਤਰ੍ਹਾਂ ਦਾ ਮਨੁੱਖ ਜੇਕਰ ਕਿਸੇ ਨੂੰ ਮਿੱਤਰ ਬਣਾਂਦਾ ਭੀ ਹੈ ਤਾਂ 'ਅਪਨੇ ਲੋਭ ਕਉ ਕੀਨੋ ਮੀਤੁ"।

ਦੂਸਰਾ ਸੰਬੰਧ ਦੇਖ ਕੇ ਕਹਿਣਾ ਪੈਂਦੈ ਕਿ ਇਹਦੇ ਅੰਦਰ ਮਾਨਵਤਾ ਹੈ, ਮਨੁੱਖਤਾ ਹੈ, ਇਹ ਪ੍ਰੇਮ ਦਾ ਸੰਬੰਧ ਹੈ। ਪ੍ਰੇਮ ਵਿਚ ਤਾਂ ਸਦਕੇ ਹੋਣਾ ਹੁੰਦੈ, ਕੁਰਬਾਨ ਹੋਣਾ ਹੁੰਦੈ, ਨਿਛਾਵਰ ਹੋਣਾ ਹੁੰਦੈ। ਤੇਰਾ ਹੋਣਾ ਹੀ ਚੰਗਾ ਲੱਗਦੈ। ਤੇਰਾ ਹੋਣਾ ਹੀ ਕਾਫ਼ੀ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਵੇਖ ਕੇ, ਉਹਨਾਂ ਦੀ ਸੰਗਤ ਤੋਂ ਪ੍ਰਭਾਵਤ ਹੋ ਕੇ ਇਕ ਦਿਨ ਕਿਧਰੇ ਨੰਦ ਲਾਲ ਕਹਿ ਬੈਠਾ :

ਗੁਫ਼ਤਮ ਕਿ: ਜਾਂ ਦਿਹੰਮ, ਇਵਜ਼ਿ ਯਕ ਨਿਗਾਹਿ ਤੋ॥

(ਭਾਈ ਨੰਦ ਲਾਲ ਜੀ, ਗ਼ਜ਼ਲ 24)

ਐ ਮੇਰੇ ਪਾਤਸ਼ਾਹ! ਮੈਂ ਤੇਰੇ ਅੱਗੇ ਧਨ ਰੱਖ ਛੱਡਦਾ ਹਾਂ। ਕਦੀ ਤੈਨੂੰ

ਕਵਿਤਾ ਸੁਣਾ ਦਿੰਦਾ ਹਾਂ, ਪਰ ਇਹ ਸਭ ਕੁਝ ਬੜਾ ਛੋਟਾ ਲੱਗਦਾ ਹੈ। ਮੈਂ ਤੇ ਚਾਹਨਾਂ ਕਿ ਇਹ ਜਾਨ ਤੇਰੇ ਕਦਮਾਂ ਉਪਰ ਰੱਖ ਦੇਵਾਂ, "ਗੁਫ਼ਤਮ ਕਿ: ਜਾਂ ਦਿਹੰਮ" ਪਰ ਮੈ ਤੁਹਾਨੂੰ ਕਵਿਤਾ ਸੁਣਾ ਦਿੰਦਾ ਹਾਂ। ਮੈਂ ਕਦੀ ਕਦਾਈਂ ਚਾਰ ਕੌਡੀਆਂ ਤੁਹਾਡੇ ਕਦਮਾਂ ਵਿਚ ਰੱਖ ਦਿੰਦਾ ਹਾਂ। ਇਹ ਸਭ ਫ਼ਜ਼ੂਲ, ਤੁੱਛ ਪ੍ਰਤੀਤ ਹੁੰਦੀਆਂ ਹਨ, "ਗੁਫ਼ਤਮ ਕਿ ਜਾਂ ਦਿਹੰਮ"। ਹੇ ਪਾਤਸ਼ਾਹ! ਆਖੋ ਤਾਂ ਜਾਨ ਕੱਢ ਕੇ ਕਦਮਾਂ ਉੱਪਰ ਰੱਖ ਦੇਵਾਂ। ਹੁਣ ਸਤਿਗੁਰੂ ਦਾ ਭੀ ਆਪਣਾ ਅੰਦਾਜ਼ ਹੈ, ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਭੀ ਆਪਣੀ ਸ਼ੈਲੀ ਹੈ। ਆਖਦੇ ਹਨ, ਨੰਦ ਲਾਲ, ਤੂੰ ਦੀਵਾਨ ਦਾ ਲੜਕਾ ਹੈਂ। ਆਪਣੇ ਸਮੇਂ ਦੇ ਬਹੁਤ ਵੱਡੇ ਵਪਾਰੀ ਦਾ ਲੜਕਾ ਹੈਂ, ਤੇ ਵਪਾਰ ਖੜਾ ਹੈ ਦੇਣ ਤੇ ਲੈਣ ਉੱਤੇ। ਵਪਾਰ ਕੀ ਹੁੰਦੈ ? ਦੇਣਾ ਲੈਣਾ, ਲੈਣਾ ਦੇਣਾ। ਜੇ ਮੈਂ ਦੁਕਾਨ ਨੂੰ ਕੁਝ ਦੇ ਨਹੀਂ ਸਕਦਾ, ਤਾਂ ਫਿਰ ਮੈਂ ਦੁਕਾਨ ਤੋਂ ਕੁਝ ਲੈ ਭੀ ਨਹੀਂ ਸਕਦਾ। ਵਪਾਰ ਤਾਂ ਦੇਣ ਲੈਣ ਉਪਰ ਖੜਾ ਹੈ। ਦੇਣਾ ਲੈਣਾ, ਲੈਣਾ ਦੇਣਾ ਵਪਾਰ ਹੈ। ਪਰ ਜਿੱਥੇ ਲੈਣਾ ਹੀ ਲੈਣਾ ਹੋਵੇ, ਦੇਣਾ ਕੱਖ ਭੀ ਨਹੀਂ; ਸੁਖ ਲੈਣਾ, ਆਰਾਮ ਲੈਣਾ, ਸਨਮਾਨ ਲੈਣਾ, ਪਦਾਰਥ ਲੈਣਾ, ਇੱਜ਼ਤ ਸਨਮਾਨ ਲੈਣਾ, ਸਭ ਕੁਝ ਲੈਣੈ, ਲੈਣਾ ਹੀ ਲੈਣਾ, ਬਦਲੇ ਵਿਚ ਦੇਣਾ ਕੱਖ ਭੀ ਨਹੀਂ, ਇਸ ਨੂੰ ਸ਼ੂਮਪੁਣਾ ਕਹਿੰਦੇ ਹਨ ਅਤੇ ਦੇਣਾ ਹੀ ਦੇਣਾ, ਬਿਰਤੀ ਦੇਣ ਦੀ ਹੈ, ਲੈਣ ਦੀ ਅੰਦਰ ਕੋਈ ਤਮੰਨਾ ਨਹੀਂ, ਇਸ ਨੂੰ ਦਾਨ ਕਹਿੰਦੇ ਹਨ। ਕਵੀ ਰਹੀਮ, ਅਕਬਰ ਦਾ ਘਰੇਲੂ ਮਾਮਲਿਆਂ ਦਾ ਵਜ਼ੀਰ ਸੀ ਤੇ ਬੜਾ ਦਾਨੀ ਕਰਕੇ ਪ੍ਰਸਿੱਧ ਹੋਇਆ ਸੀ, ਦਾਨੀ ਬੜਾ ਸੀ। ਕਦੀ ਕੋਈ ਮਨੁੱਖ ਉਸ ਦੇ ਘਰ ਤੋਂ ਖ਼ਾਲੀ ਨਹੀਂ ਸੀ ਜਾਂਦਾ। ਕੁਝ ਨਾ ਕੁਝ ਪੂਰਤੀ ਤਾਂ ਕਰ ਹੀ ਦਿੰਦਾ ਸੀ। ਜਦ ਘਰ ਘਾਟ ਜਹਾਂਗੀਰ ਨੇ ਜ਼ਬਤ ਕਰ ਲਿਆ ਅਤੇ ਤਿੰਨ ਕੱਪੜਿਆਂ ਵਿਚ ਘਰੋਂ ਕੱਢ ਦਿੱਤਾ, ਸਭ ਕੁਝ ਜ਼ਬਤ ਕਰ ਲਿਆ ਤਰ੍ਹਾਂ ਤਰ੍ਹਾਂ ਦੇ ਇਲਜ਼ਾਮ ਲਾ ਕੇ; ਇਹ ਵਿਚਾਰਾ, ਫਿਰ ਜੋ ਇਸ ਦੀ ਹਾਲਤ ਹੋਈ, ਖ਼ੁਦ ਕਹਿੰਦੈ ਆਪਣੇ ਇਕ ਦੋਹੇ ਵਿਚ :

ਜਾ ਰਹੀਮ ਦਰਿ ਦਰਿ ਫਿਰੈ ਮਾਂਗ ਮਦੂਖਰੀ ਖਾਏ।
ਯਾਰੋ ਯਾਰੀ ਛੋੜ ਦੋ ਅਬ ਰਹੀਮ ਵਹੁ ਨਾਹੇ।

ਮੈਂ ਹੁਣ ਉਹ ਨਹੀਂ ਹਾਂ। ਜਿਹਨਾਂ ਨੇ ਮੇਰੇ ਨਾਲ ਲੈਣ ਦਾ, ਲੋਭ ਦਾ ਰਿਸ਼ਤਾ ਜੋੜਿਆ ਹੋਇਆ ਸੀ, ਉਹ ਸਾਰੇ ਤੋੜ ਦਿਓ। ਕਿਉਂ ? ਹੁਣ ਮੈਂ ਕੁਝ ਦੇਣ ਜੋਗਾ ਨਹੀਂ ਹਾਂ, ਮੇਰੇ ਕੋਲ ਕੁਝ ਭੀ ਨਹੀਂ, "ਜਾ ਰਹੀਮ ਦਰਿ ਦਰਿ ਫਿਰੈ ਮਾਂਗ ਮਦੂਖਰੀ ਖਾਏ। ਯਾਰੋ ਯਾਰੀ ਛੋੜ ਦੋ ਅਬ ਰਹੀਮ ਵਹੁ ਨਾਹੇ"। ਪੰਜ ਦਸ ਸਾਧੂਆਂ ਨੇ ਕਿਧਰੇ ਘੇਰ ਲਿਆ ਤੇ ਆਖਿਆ, ਅਸੀਂ ਹਰਿਦੁਆਰ ਜਾਣੈ, ਖ਼ਰਚਾ ਚਾਹੀਦੈ, ਤੂੰ ਦੇ ਸਾਨੂੰ। ਉਥੇ ਕਿਧਰੇ ਸਲੋਕ ਸੁਣਾ ਬੈਠਾ ਰਹੀਮ, ਐ

ਮੇਰੇ ਮਿੱਤਰੋ! ਹੁਣ ਮਿੱਤਰਤਾ ਛੱਡ ਦੇਵੋ, ਮੈਂ ਕੁਝ ਦੇਣ ਜੋਗਾ ਨਹੀਂ, ਮੇਰੇ ਕੋਲ ਕੁਝ ਭੀ ਨਹੀਂ। ਪਤੈ ਉਹਨਾਂ ਸਾਧੂਆਂ ਨੇ ਕੀ ਆਖਿਆ ? ਸਿਆਣੇ ਸਨ। ਕਹਿੰਦੇ ਹਨ, ਜਦ ਦਇਆ ਦਾ ਪਾਣੀ ਸੁੱਕ ਜਾਏ, ਨਦੀ ਸੁੱਕ ਜਾਏ ਤਾਂ ਲੋਕੀਂ ਖੂਹ ਪੁੱਟ ਕੇ ਪਾਣੀ ਕੱਢ ਲੈਂਦੇ ਹਨ। ਇਕ ਅੰਗੂਠੀ ਪਹਿਨੀ ਹੋਈ ਸੀ ਰਹੀਮ ਨੇ, ਕਹਿੰਦਾ ਹੈ, ਖੂਹ ਵਿਚ ਇਤਨਾ ਹੀ ਪਾਣੀ ਹੈ, ਐਹ ਲੈ ਲਵੋ। ਉਹ ਅੰਗੂਠੀ ਭੀ ਦੇ ਦਿੱਤੀ। ਇਸ ਤਰ੍ਹਾਂ ਦਾ ਇਹ ਮਨੁੱਖ ਸੀ। ਇਸ ਤਰ੍ਹਾਂ ਦੀ ਇਹਦੀ ਸ਼ੈਲੀ ਸੀ। ਪਰ ਇਕ ਸੰਤ ਨੇ ਕਿਧਰੇ ਪੁੱਛ ਲਿਆ, ਜਦ ਦੇਣ ਵਾਲੇ ਦਾ ਹੱਥ ਉੱਚਾ ਹੁੰਦੈ ਤਾਂ ਉਸ ਦੀਆਂ ਨਿਗਾਹਾਂ ਭੀ ਉੱਚੀਆਂ ਹੋਣੀਆਂ ਚਾਹੀਦੀਆਂ ਹਨ, ਤੂੰ ਸਿਰ ਨੀਵਾਂ ਕਰ ਕੇ, ਅੱਖਾਂ ਨੀਵੀਆਂ ਕਰ ਕੇ ਕਿਉਂ ਦਿੰਦੈਂ ? ਤੇਰਾ ਹੱਥ ਉਪਰ ਹੈ, ਤੇਰੀਆਂ ਨਜ਼ਰਾਂ ਭੀ ਉਪਰ ਹੋਣੀਆਂ ਚਾਹੀਦੀਆਂ ਹਨ, ਤੇਰੀ ਨਿਗਾਹ ਥੱਲੇ ਕਿਉਂ ਹੈ ? ਰਹੀਮ ਕਹਿੰਦੈ :

ਸਾਈ ਸਭ ਕੋ ਦੇਤ ਹੈ ਪੋਖਤ ਹੈ ਦਿਨ ਰੈਣਿ।
ਪਰ ਲੋਕ ਨਾਮ ਮੇ ਰੋਕ ਹੈ ਜਾਂ ਤੇ ਨੀਚੇ ਨੈਨਿ।

ਦੇਂਦਾ ਤਾਂ ਸਭ ਨੂੰ ਰੱਬ ਹੈ ਪਰ ਮਾਣ ਮੈਨੂੰ ਦੇ ਦਿੰਦਾ ਹੈ, ਮੇਰੇ ਹੱਥਾਂ ਦੀ ਵਰਤੋਂ ਕਰ ਲੈਂਦਾ ਹੈ। ਭੁਲੇਖੇ ਵਿਚ ਲੋਕੀਂ ਮੈਨੂੰ ਦਾਨੀ ਕਹਿ ਦਿੰਦੇ ਹਨ ਤਾਂ ਸ਼ਰਮ ਦੇ ਮਾਰੇ ਮੇਰੀਆਂ ਨਜ਼ਰਾਂ ਝੁਕ ਜਾਂਦੀਆਂ ਹਨ, ਮੈਂ ਕੀ ਕਰਾਂ ? ਇਹ ਇਸ ਤਰ੍ਹਾਂ ਦਾ ਮਨੁੱਖ ਸੀ। ਅਕਬਰ ਨੇ ਕਿਧਰੇ ਇਸਨੂੰ ਪੁੱਛ ਲਿਆ ਕਿ ਉਪਨਿਸ਼ਦਾਂ ਵਿਚ ਭਾਰਤ ਦੇ ਅਵਤਾਰੀ ਪੁਰਸ਼ ਤੇ ਰਿਸ਼ੀ ਮੁਨੀ ਪ੍ਰੇਮ ਦੀ ਬੜੀ ਗੱਲ ਕਰਦੇ ਹਨ, ਪ੍ਰੇਮ ਕੀ ਬਲਾ ਹੁੰਦੀ ਹੈ ? ਹੁਣ ਮੈਂ ਪਹਿਲੇ ਅਰਜ਼ ਕੀਤੀ ਹੈ, ਬਾਹਰਮੁਖੀ ਮਨੁੱਖ ਜਿਸ ਦਾ ਸਭ ਕੁਝ ਬਾਹਰ ਹੈ, ਉਹ ਕਦੀ ਵੀ ਆਪਣੇ ਨੇੜੇ ਨਹੀਂ ਆਇਆ। ਉਹ ਹੁਣ ਇਸ ਪ੍ਰੇਮ ਨੂੰ ਕੀ ਜਾਣੇ। ਗੁਸਤਾਖ਼ੀ ਮਾਫ਼! ਜਿਸ ਨੂੰ ਕਈ ਦਫ਼ਾ ਜਗਤ ਪ੍ਰੇਮ ਕਹਿੰਦੈ, ਪ੍ਰੇਮ ਨਹੀਂ ਹੁੰਦਾ, ਲੋਭ ਦਾ ਸੰਬੰਧ ਹੁੰਦਾ ਹੈ, "ਅਪਨੇ ਲੋਭ ਕਉ ਕੀਨੋ ਮੀਤੁ"। ਮਿੱਤਰਤਾ ਹੈ ਕਿਸੀ ਲੋੜ ਕਰਕੇ, ਪ੍ਰੇਮ ਨਹੀਂ ਹੈ। ਉਸ ਲੋੜ ਦੀ ਪੂਰਤੀ ਨਾ ਹੋਈ, ਸੰਬੰਧ ਟੁੱਟ ਜਾਏਗਾ। ਚੰਗੀਆਂ ਚੰਗੀਆਂ ਪ੍ਰੀਤੀਆਂ ਟੁੱਟਦੀਆਂ ਹੋਈਆਂ ਦੇਖਣ ਵਿਚ ਮਿਲਦੀਆਂ ਹਨ, ਜਿੱਥੇ ਲੋਭ ਦੀ ਪੂਰਤੀ ਨਹੀਂ ਹੋਈ, ਖ਼ੈਰ, ਇਸ ਨੂੰ ਮੈਂ ਜ਼ਿਆਦਾ ਨਾ ਲਮਕਾਵਾਂ। ਬੀਰਬਲ, ਦੱਸ ਮੈਨੂੰ ਇਹ ਪ੍ਰੀਤ ਕੀ ਹੁੰਦੀ ਹੈ ? ਇਹ ਪ੍ਰੇਮ ਕੀ ਬਲਾ ਹੁੰਦੀ ਹੈ ? ਬੀਰਬਲ ਕਹਿੰਦੈ, ਪ੍ਰੇਮ ਮਨ ਦੀ ਅਵਸਥਾ ਹੈ ਅਤੇ ਇਸ ਨੂੰ ਅਕੱਥ ਆਖਿਐ ਰਿਸ਼ੀਆਂ ਮੁਨੀਆਂ ਨੇ। ਇਕ ਪਰਮਾਤਮਾ ਅਕੱਥ ਹੈ ਤੇ ਉਸ ਦਾ ਕੋਈ ਪ੍ਰਤੱਖਸ਼ ਪ੍ਰਮਾਣ ਨਹੀਂ। ਦੂਜਾ ਪ੍ਰੇਮ ਭੀ ਅਕੱਥ ਹੈ, ਉਸ ਦਾ ਭੀ ਕੋਈ ਪ੍ਰਤੱਖਸ਼ ਪ੍ਰਮਾਣ ਨਹੀਂ ਦੇ ਸਕਦਾ। ਪਰ ਅਕਬਰ ਫਿਰ ਅਕਬਰ ਹੈ। ਉਹ ਫਿਰ ਇਹ ਕਹਿੰਦਾ ਹੈ, ਕਪੋਲ ਕਲਪਨਾ

ਹੋਵੇਗੀ, ਆਪਾਂ ਮੰਨਦੇ ਹੀ ਨਹੀਂ, ਇਹ ਗੱਪਾਂ ਹੀ ਹਨ। ਹੁਣ ਬੀਰਬਲ ਬੋਲਿਆ, ਪ੍ਰਤੱਖਸ਼ ਪ੍ਰਮਾਣ ਤਾਂ ਨਹੀਂ, ਪਰ ਫਿਰ ਭੀ ਮੈਨੂੰ ਕਿਧਰੇ ਐਸਾ ਦਿਖਾਈ ਦਿੱਤਾ ਹੈ, ਜਿਹਦੇ ਰਾਹੀਂ ਮੈਂ ਤੁਹਾਨੂੰ ਪ੍ਰੇਮ ਬਾਰੇ ਕੁਝ ਕਹਿ ਸਕਾਂ। ਬੋਲਾਂ ਨਾਲ ਮੈਂ ਕੁਝ ਕਹਿ ਨਹੀਂ ਸਕਦਾ ਅਤੇ ਸਾਹਮਣੇ ਮੇਰੇ ਐਸਾ ਕੁਝ ਹੈ ਵੀ ਨਹੀਂ ਜਿਸ ਨਾਲ ਮੈ ਤੈਨੂੰ ਸਮਝਾ ਸਕਾਂ। ਪ੍ਰੇਮ ਦੇ ਵਿਸ਼ੇ ਉੱਤੇ ਬੜੇ ਬੜੇ ਵਿਦਵਾਨਾਂ ਨੇ ਜੋ ਕੁਝ ਲਿਖਿਐ, ਇਸ ਦੀਆਂ ਬਾਰੀਕੀਆਂ ਬਿਆਨ ਕੀਤੀਆਂ ਹਨ, ਉਸ ਤੋਂ ਪਤਾ ਚਲਦੈ ਕਿ ਇਹ ਤਾਂ ਬੜਾ ਬਾਰੀਕ ਮਸਲਾ ਹੈ। ਜਿਸ ਨੂੰ ਜਗਤ ਪ੍ਰੇਮ ਕਹਿੰਦੈ, ਪ੍ਰੇਮ ਨਹੀਂ ਹੈ, ਲੋਭ ਹੈ, ਲੋੜਾਂ ਦੇ ਸੰਬੰਧ ਹਨ।

ਅਕਬਰ ਤੇ ਬੀਰਬਲ ਸ਼ਿਕਾਰ ਖੇਡਣ ਲਈ ਇਕ ਦਿਨ ਗਏ। ਸ਼ਾਮ ਪੈ ਗਈ, ਕੋਈ ਸ਼ਿਕਾਰ ਹੱਥ ਨਹੀਂ ਆਇਆ। ਦੋਵੇਂ ਵਾਪਸ ਆ ਰਹੇ ਹਨ। ਨਾਲ ਪਿੱਛੇ ਪੰਜ ਦੱਸ ਅਹਿਲਕਾਰ ਸਿਪਾਹੀ ਹਨ। ਇਕਦਮ ਅਕਬਰ ਦੀ ਨਿਗਾਹ ਦੂਰ ਤੱਕ ਪਈ। ਕੀ ਦੇਖਦੈ, ਦੋ ਹਿਰਨ ਜ਼ਮੀਨ ਉੱਤੇ ਲੇਟੇ ਹੋਏ ਹਨ। ਅਕਬਰ ਕਹਿੰਦੈ, ਸੁੱਤੇ ਹੋਏ ਤਾਂ ਮੈਂ ਕਿਸੇ ਦੁਸ਼ਮਣ ਨੂੰ ਭੀ ਨਹੀਂ ਮਾਰਦਾ, ਇਹ ਤਾਂ ਹਿਰਨ ਹਨ, ਇਨ੍ਹਾਂ ਨੂੰ ਨਹੀਂ ਮਾਰਨਾ। ਹਾਂ, ਨੇੜੇ ਜਾ ਕੇ ਜਦ ਖੜੇ ਹੋਵਣਗੇ ਫਿਰ ਮਰਾਂਗਾ। ਨੇੜੇ ਆ ਗਏ। ਅਕਬਰ ਕਹਿੰਦੈ, ਹਿਰਨ ਬੜਾ ਚੌਕੰਨਾ ਜਾਨਵਰ ਹੈ ਤੇ ਡਰਪੋਕ ਭੀ ਬੜਾ ਹੈ। ਘੋੜੇ ਦੀ ਆਹਟ ਪਾ ਕੇ ਇਸ ਨੂੰ ਦੌੜਨਾ ਚਾਹੀਦਾ ਸੀ, ਖੜੇ ਹੋਣਾ ਚਾਹੀਦਾ ਸੀ, ਇਹ ਖੜਾ ਨਹੀ ਹੋਇਆ। ਇੰਝ ਲੱਗਦੈ ਬੀਰਬਲ, ਜਿਵੇਂ ਕੋਈ ਮੁਰਦਾ ਹੋਵੇ। ਕੋਲ ਪਹੁੰਚ ਕੇ ਗੱਲ ਸਪੱਸ਼ਟ ਹੋ ਗਈ, ਦੋਵੇਂ ਮੁਰਦਾ ਸਨ। ਇਕ ਹਿਰਨ ਦੀ ਲਾਸ਼ ਇਧਰ ਪਈ ਹੈ, ਇਕ ਦੀ ਦੂਜੇ ਪਾਸੇ। ਫਿਰ ਅਕਬਰ ਨੇ ਇਕ ਹੋਰ ਪ੍ਰਸ਼ਨ ਕੀਤਾ ਬੀਰਬਲ ਦੇ ਉੱਤੇ। ਕਵੀਆਂ ਨੇ ਉਸ ਨੂੰ ਆਪਣੇ ਢੰਗ ਨਾਲ ਕਲਮਬੰਦ ਕੀਤੈ :

ਸਿਪਾ ਨਾ ਦੇਖਾ ਹਮ ਨੇ ਕਹੀਂ ਨਾ ਲਾਗੋ ਬਾਣ।
ਬੀਰਬਲ ਸੰਕਾ ਭਈ ਕਿਉਂ ਇਨ ਤਿਆਗੇ ਪ੍ਰਾਣ।

ਅਕਬਰ ਕਹਿੰਦੈ, ਆਲੇ ਦੁਆਲੇ ਕੋਈ ਸ਼ਿਕਾਰੀ ਨਹੀਂ ਹੈ, ਇਹਨਾਂ ਦੇ ਸਰੀਰ ਦੇ ਉੱਤੇ ਕੋਈ ਜ਼ਖ਼ਮ ਨਹੀਂ ਹੈ ਅਤੇ ਇਹ ਸਜਰੇ ਮਰੇ ਪਏ ਲੱਗਦੇ ਹਨ, ਇਹ ਦੋਵੇਂ ਕਿਉਂ ਮਰ ਗਏ ? ਇਕ ਇਧਰ ਮਰਿਆ ਪਿਐ, ਇਕ ਉਧਰ ਮਰਿਆ ਪਿਐ। ਬੀਰਬਲ ਨੇ ਦੇਖਿਆ ਕਿ ਇਕ ਮਿੱਟੀ ਦੇ ਬਰਤਨ ਦਾ ਟੁੱਟਿਆ ਹੋਇਆ ਠੀਕਰਾ ਪਿਆ ਹੈ, ਜਿਸ ਵਿਚ ਥੋੜਾ ਜਿਹਾ ਪਾਣੀ ਸੀ, ਦੋ ਚਾਰ ਘੁੱਟ। ਬੀਰਬਲ ਉਸ ਨੂੰ ਵੇਖਦੈ, ਫਿਰ ਦੋ ਹਿਰਨਾਂ ਨੂੰ ਵੇਖਦੈ ਅਤੇ ਫਿਰ ਅਕਬਰ ਨੂੰ ਮੁਖ਼ਾਤਬ ਹੋ ਕੇ ਸਮਝਾਂਦੈ। ਪ੍ਰੇਮ ਦੀ ਗੱਲ ਮੈਂ ਕਰ ਸਕਦਾ ਹਾਂ, ਤੁਹਾਨੂੰ ਸਮਝਾ ਸਕਦਾ ਹਾਂ ਕਿ ਪ੍ਰੇਮ ਕੀ ਹੁੰਦੈ ? ਹੈਰਾਨ ਤਾਂ ਅਕਬਰ ਭੀ ਬਹੁਤ ਹੋਇਆ, ਕਹਿਣ

ਲੱਗਾ, ਮੈਨੂੰ ਸਮਝਾ ਸਕਦੈਂ ਪ੍ਰੇਮ ਕੀ ਹੈ ? ਦਸ ਬਈ! ਤੁਸੀਂ ਇਹ ਮੇਰੇ ਕੋਲੋਂ ਪੁੱਛਿਐ ਕਿ ਇਹ ਦੋਵੇਂ ਕਿਉਂ ਮਰ ਗਏ ? ਤੇ ਹੁਣ ਮੈਂ ਤੁਹਾਨੂੰ ਦੱਸਦਾ ਹਾਂ— "ਜਲ ਥੋਰਾ ਤ੍ਰਿਖਾ ਘਨੀ"—ਪਾਣੀ ਬਹੁਤ ਥੋੜ੍ਹਾ ਸੀ ਤੇ ਦੋਹਾਂ ਹਿਰਨਾਂ ਨੂੰ ਪਿਆਸ ਬੜੀ ਜ਼ੋਰ ਦੀ ਲੱਗੀ ਹੋਈ ਸੀ:

ਜਲ ਥੋਰਾ ਤ੍ਰਿਖਾ ਘਨੀ ਪ੍ਰੀਤ ਮਹਾਂ ਬਲਵਾਨ।
ਤੂੰ ਪੀ ਤੂੰ ਪੀ ਇਨ ਕਹੇ ਇਸ ਬਿਧ ਤਿਆਗੇ ਪਰਾਣ।

ਇਕ ਕਹਿੰਦੈ ਤੂੰ ਪੀ ਲੈ, ਬਚ ਜਾਏਂਗਾ। ਦੂਜਾ ਕਹਿੰਦੈ, ਤੂੰ ਪੀ ਲੈ, ਬਚ ਜਾਏਂਗਾ। ਦੋਵੇਂ ਇਹੀ ਕਹਿੰਦੇ ਰਹੇ, ਤੂੰ ਪੀ, ਤੂੰ ਪੀ। ਪੀਤਾ ਇਕ ਨੇ ਵੀ ਨਹੀਂ, ਇਕ ਦੂਜੇ ਦੇ ਉੱਤੇ ਕੁਰਬਾਨ ਹੋ ਗਏ, ਨਿਛਾਵਰ ਹੋ ਗਏ। ਜਹਾਂ ਪਨਾਹ! ਇਸ ਨੂੰ ਪ੍ਰੇਮ ਕਹਿੰਦੇ ਹਨ, ਪ੍ਰੀਤ ਕਹਿੰਦੇ ਹਨ। ਪ੍ਰੇਮ ਵਿਚ ਤਾਂ ਸਦਕੇ ਹੋਣਾ ਹੁੰਦੈ, ਕੁਝ ਖੋਹਣਾ ਲੈਣਾ ਨਹੀਂ ਹੁੰਦਾ।

ਤੇ ਭਾਈ ਨੰਦ ਲਾਲ ਨੇ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਅੱਜ ਇੰਜ ਬੇਨਤੀ ਕੀਤੀ, ਮੇਰੇ ਪਾਤਸ਼ਾਹ! ਇਹ ਜਾਨ ਦੇਣ ਨੂੰ ਜੀਅ ਕਰਦੈ ਮੇਰਾ। ਤੁਹਾਡੇ ਕਦਮਾਂ ਵਿਚ ਰੱਖਣ ਨੂੰ ਜੀਅ ਕਰਦੈ, "ਗੁਫ਼ਤਮ ਕਿ: ਜਾਂ ਦਿਹੰਮ"। ਗੁਰੂ ਜੀ ਕਹਿਣ ਲੱਗੇ ਕਿ ਤੂੰ ਕੁਝ ਲੈਣਾ ਭੀ ਚਾਹੇਂਗਾ, ਕੋਈ ਮੰਗ ਤਾਂ ਜ਼ਰੂਰ ਹੋਵੇਗੀ, ਕਿਉਂਕਿ ਮਨੁੱਖ ਦਾ ਹਿਰਦਾ ਮੰਗ ਤੋਂ ਬਿਨਾਂ ਹੁੰਦਾ ਹੀ ਨਹੀਂ। ਤਾਂ ਹੀ ਕਹਿੰਦੇ ਹਨ:

ਜਬ ਲਗ ਸੁਆਸ॥
ਤਬ ਲਗ ਆਸ॥

ਸੁਆਸ ਦੇ ਨਾਲ ਆਸ ਚਲਦੀ ਹੈ, ਉਮੰਗਾਂ ਚਲਦੀਆਂ ਹਨ, ਚਾਹਤਾਂ, ਖ਼ਾਹਿਸ਼ਾਂ ਚਲਦੀਆਂ ਹਨ। ਫਿਰ ਤੇਰੀ ਮੰਗ ਭੀ ਕੋਈ ਹੋਵੇਗੀ, ਅੰਦਰ ਝਾਤੀ ਮਾਰ। ਜਾਨ ਦੇ ਬਦਲੇ ਕੁਝ ਚਾਹੁੰਦਾ ਹੋਵੇਂਗਾ, ਅੰਦਰ ਝਾਤੀ ਮਾਰ। ਭਾਈ ਸਾਹਿਬ ਕਹਿੰਦੇ ਹਨ, ਹਾਂ, ਅੰਦਰ ਹੈ ਤਾਂ ਸਹੀ ਇਕ ਮੰਗ। ਕੀ ? "ਗੁਫ਼ਤਮ ਕਿ: ਜਾਂ ਦਿਹੰਮ ਇਵਜ਼ਿ ਯਕ ਨਿਗਾਹਿ ਤੋ।" ਤੂੰ ਇਕ ਮੇਹਰ ਦੀ ਨਿਗਾਹ ਮੇਰੇ ਉਪਰ ਕਰ ਦੇ, ਮੈਂ ਇਹ ਜਾਨ ਤੇਰੇ ਕਦਮਾਂ ਵਿਚ ਰੱਖ ਦਿਆਂ, ਹੋਰ ਕੁਝ ਨਹੀਂ ਚਾਹੀਦਾ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜੋ ਕੁਝ ਕਿਹੈ, ਉਹ ਭੀ ਸੁਣ ਲਵੋ:

ਗੁਫ਼ਤ ਮਿਆਨਿ ਮਾ ਓ ਤੂ ਸੌਦਾ ਨਮੇ ਸ਼ਵਦ।

ਨੰਦ ਲਾਲ, ਕਿਧਰੇ ਇਹ ਨਾ ਸਮਝ ਲਈਂ ਕਿ ਤੇਰੀ ਜਾਨ ਦੇ ਬਦਲੇ ਭਗਵਾਨ ਮਿਲ ਸਕਦੈ। ਅਗਰ ਤੇਰੀ ਜਾਨ ਦੇ ਬਦਲੇ ਭਗਵਾਨ ਮਿਲ ਸਕਦੈ, ਤਾਂ ਤੇਰੀ ਜਾਨ ਭਗਵਾਨ ਦੀ ਕੀਮਤ ਹੈ, ਤੇਰੀ ਜਾਨ ਨਾਲੋਂ ਭਗਵਾਨ ਵੱਡਾ

ਨਹੀਂ ਹੈ। ਜਾਨ ਕੀ ਹੁੰਦੀ ਹੈ, ਕੁਝ ਭੀ ਨਹੀਂ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਮਝਾਇਐ। ਇਕ ਦੂਜੇ ਤੋਂ ਸਦਕੇ ਹੋਣਾ, ਕੁਰਬਾਨ ਹੋਣਾ, ਤੇਰਾ ਹੋਣਾ ਹੀ ਚੰਗਾ ਲੱਗਦੈ, ਤੂੰ ਉਂਝ ਹੀ ਚੰਗਾ ਲੱਗਦੈਂ, ਤੂੰ ਉਂਝ ਹੀ ਬੜਾ ਪਿਆਰਾ ਲੱਗਦੈਂ, ਤੇਰੇ ਕੋਲ ਬੈਠਣਾ ਚੰਗਾ ਲੱਗਦੈ, ਤੇਰੇ ਬੋਲ ਚੰਗੇ ਲੱਗਦੇ ਹਨ, ਤੇਰਾ ਹੋਣਾ ਚੰਗਾ ਲੱਗਦੈ, ਬਸ ਹੋਰ ਕੁਝ ਭੀ ਨਹੀਂ ਚਾਹੀਦਾ, ਪ੍ਰੇਮ ਹੈ। ਮਨੁੱਖ ਦੇ ਅੰਦਰ ਮਨੁੱਖਤਾ ਦਾ ਜਨਮ ਹੁੰਦੈ। ਇਹ ਸੰਬੰਧ ਮਨੁੱਖ ਮਾਂ ਨਾਲ ਜੋੜ ਸਕਦੈ, ਪਿਉ ਨਾਲ ਜੋੜ ਸਕਦੈ, ਪੁੱਤਰ ਨਾਲ ਜੋੜ ਸਕਦੈ, ਪਤਨੀ ਨਾਲ ਜੋੜ ਸਕਦੈ, ਪਤੀ ਨਾਲ ਜੋੜ ਸਕਦੈ, ਗੁਰੂ ਨਾਲ ਜੋੜ ਸਕਦੈ, ਪਰਮਾਤਮਾ ਨਾਲ ਜੋੜ ਸਕਦੈ। ਪਰ ਜਿਸ ਨਾਲ ਪ੍ਰੇਮ ਹੋਵੇ, ਉਸ ਨਾਲ ਧੋਖਾ ਕਰਨਾ ਬੜਾ ਔਖੈ। ਜਿਸ ਨਾਲ ਪ੍ਰੇਮ ਹੋਵੇ ਉਸ ਨਾਲ ਛਲ-ਕਪਟ ਕਰਨਾ ਬੜਾ ਔਖੈ। ਸੰਸਾਰ ਵਿਚ ਇਤਨਾ ਛਲ ਕਪਟ, ਚੋਰੀ ਤੇ ਬੇਈਮਾਨੀ, ਰਿਸ਼ਵਤਖ਼ੋਰੀ ਹੈ, ਕਹਿਣਾ ਪਵੇਗਾ ਕਿ ਪਸ਼ੂ ਹੀ ਪਸ਼ੂ ਹਨ, ਮਨੁੱਖ ਤਾਂ ਦਿਖਾਈ ਹੀ ਨਹੀਂ ਦਿੰਦਾ। ਛਲ-ਕਪਟ, ਧੋਖਾ, ਮਨੁੱਖ ਉਸੇ ਨਾਲ ਕਰ ਸਕਦੈ ਜਿਸ ਨਾਲ ਪ੍ਰੇਮ ਦਾ ਸੰਬੰਧ ਨਹੀਂ, ਪ੍ਰੇਮ ਦਾ ਰਿਸ਼ਤਾ ਨਹੀਂ। ਪ੍ਰੇਮ ਮਨੁੱਖ ਨੂੰ ਮਨੁੱਖ ਬਣਾ ਦਿੰਦਾ ਹੈ ਅਤੇ ਮੈਂ ਇਹ ਅਰਜ਼ ਕਰਾਂ, ਫਿਰ ਕੋਈ ਇਹ ਭੀ ਪ੍ਰਸ਼ਨ ਕਰ ਸਕਦੈ ਕਿ ਸਾਰਿਆਂ ਨਾਲ ਪ੍ਰੇਮ ਕਿਵੇਂ ਕਰੀਏ ? ਸਾਰਿਆਂ ਨੂੰ ਮਿੱਤਰ ਕਿਵੇਂ ਬਣਾਈਏ ? ਕਿਸੇ ਨਾਲ ਤਾਂ ਛਲ-ਕਪਟ ਕਰਨਾ ਪਵੇਗਾ। ਚਲੋ, ਜਿਸ ਨਾਲ ਪ੍ਰੇਮ ਹੈ ਉਹਦੇ ਨਾਲ ਨਹੀਂ ਕਰਦੇ, ਬਾਕੀਆਂ ਨਾਲ ਤਾਂ ਕਰਾਂਗੇ। ਮਹਾਰਾਜ ਕਹਿੰਦੇ ਹਨ, ਸਾਰਿਆਂ ਨੂੰ ਮਿੱਤਰ ਬਣਾ। ਬਈ ਇਤਨੀ ਵੱਡੀ ਮਖ਼ਲੂਕ ਹੈ, ਛੇ ਅਰਬ ਦੇ ਕਰੀਬ ਮਨੁੱਖ ਹਨ, ਇਹਨਾਂ ਨੂੰ ਕਿਵੇਂ ਸੱਜਣ ਬਣਾਈਏ, ਮਿੱਤਰ ਬਣਾਈਏ ? ਪੰਜਵੇਂ ਗੁਰੂ ਢੰਗ ਦੱਸਦੇ ਹਨ :

ਇਕੁ ਸਜਣੁ ਸਭਿ ਸਜਣਾ ਇਕੁ ਵੈਰੀ ਸਭਿ ਵਾਦਿ ॥

(ਵਾਰ ਰਾਮਕਲੀ, ਮ: ੫, ਪੰਨਾ 957)

ਇਕ ਨੂੰ ਸਜਣ ਬਣਾ ਲੈ, ਸਾਰੇ ਹੀ ਸਜਣ ਹਨ। ਇਕ ਨਾਲੋਂ ਰਿਸ਼ਤਾ ਤੋੜ ਲਿਐ, ਉਮੀਦ ਨਹੀਂ ਫਿਰ ਕਿਸੇ ਨਾਲ ਰਿਸ਼ਤਾ ਜੋੜ ਸਕੇਗਾ, "ਇਕੁ ਸਜਣੁ ਸਭਿ ਸਜਣਾ ਇਕੁ ਵੈਰੀ ਸਭਿ ਵਾਦਿ"। ਜਿਹੜਾ ਇਕ ਨਾਲ ਰਿਸ਼ਤਾ ਜੋੜ ਲੈਂਦੈ, ਫਿਰ ਉਹ ਐਲਾਨੀਆ ਕਹਿੰਦੈ, ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿ ਰਹੇ ਹਨ :

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥
ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥

(ਧਨਾਸਰੀ ਮ: ੫, ਪੰਨਾ 671)

ਸਭ ਮੇਰੇ ਸੱਜਣ ਹਨ, ਕਿਸੇ ਨਾਲ ਵੀ ਛਲ ਤੇ ਕਪਟ ਨਹੀਂ। ਝੋਲੀਆਂ

ਆਪਣੀਆਂ ਭਰਦੇ ਜਾਓ। ਧੰਨ ਗੁਰੂ ਗ੍ਰੰਥ ਸਾਹਿਬ ਜੀ ਰਹਿਮਤ ਕਰਨ, ਇਹ ਜੋ ਜੀਵਨ ਮਿਲਿਐ, ਇਕ ਯਾਤਰਾ ਦੀ ਤਰ੍ਹਾਂ ਹੈ। ਸਾਡੀ ਜੀਵਨ-ਯਾਤਰਾ ਸਫਲ ਹੋਵੇ। ਸੰਸਾਰ 'ਤੇ ਆਇਆ ਸਾਡਾ ਸਫਲ ਹੋਵੇ।

II

ਜਿੰਨ੍ੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥

(ਬਾਰਹਮਾਹਾ ਮਾਂਝ ਮ: ੫, ਪੰਨਾ 135)

ਲੋਭ ਦੇ ਸੰਬੰਧ ਬਾਰੇ ਉਪਰ ਅਸੀਂ ਕਾਫ਼ੀ ਚਰਚਾ ਕਰ ਚੁੱਕੇ ਹਾਂ ਕਿ ਇਸ ਵਿਚ ਕਦੇ ਤ੍ਰਿਪਤੀ ਨਹੀਂ ਹੁੰਦੀ, ਭੁੱਖ ਬਣੀ ਹੀ ਰਹਿੰਦੀ ਹੈ, ਪਰ, "ਜਿੰਨ੍ੀ ਚਾਖਿਆ ਪ੍ਰੇਮ ਰਸੁ..." ਇਥੇ ਮੰਗ ਨਹੀਂ ਰਹਿੰਦੀ, ਚਾਹਤ ਨਹੀਂ ਰਹਿੰਦੀ, ਕਾਮਨਾ ਨਹੀਂ ਰਹਿੰਦੀ। ਇਸ ਵਾਸਤੇ ਪ੍ਰੇਮ ਦੇ ਸੰਬੰਧ ਨੂੰ, ਅਮਰ ਸੰਬੰਧ ਕਿਹੈ। ਇਹ ਨਾਸਵੰਤ ਨਹੀਂ ਹੈ। ਇਸ ਉੱਪਰ ਮੈਨੂੰ ਇਕ ਸੂਫ਼ੀਆਨਾ ਸ਼ਖ਼ਸੀਅਤ ਯਾਦ ਆ ਰਹੀ ਹੈ: ਔਰੰਗਜ਼ੇਬ ਦੀ ਚਹੇਤੀ ਬੇਟੀ ਜ਼ੇਬੁਲ ਨਿਸਾ। ਜਿਵੇਂ ਹਰਨਾਕਸ਼ ਦੇ ਘਰ ਪ੍ਰਹਿਲਾਦ ਹੋ ਗਿਆ ਸੀ, ਔਰੰਗਜ਼ੇਬ ਦੇ ਘਰ ਜ਼ੇਬੁਲ ਨਿਸਾ ਹੋਈ। ਕਲਰੀ ਧਰਤੀ ਵਿਚ ਕਮਲ ਦਾ ਫੁੱਲ! ਕਲਰੀ ਧਰਤੀ ਸੀ ਹਰਨਾਕਸ਼, ਪਰ ਕਮਲ ਦੀ ਤਰ੍ਹਾਂ ਪੈਦਾ ਹੋਈ ਜ਼ੇਬੁਲ ਨਿਸਾ, ਫ਼ਕੀਰਨੁਮਾ ਤਬੀਅਤ ਦੀ ਮਾਲਕ, ਇਬਾਦਤ-ਗੁਜ਼ਾਰ। ਚਾਲ਼ੀ ਸਾਲ ਦੀ ਹੋ ਗਈ ਸੀ। ਔਰੰਗਜ਼ੇਬ ਨੇ ਆਪਣੇ ਭਰਾ ਭਤੀਜੇ ਮਾਰ ਦਿੱਤੇ ਸਨ, ਪਿਉ ਨੂੰ ਕੈਦ ਕੀਤਾ ਸੀ, ਭੈਣ ਨੂੰ ਭੀ ਕੈਦ ਕਰ ਲਿਆ ਸੀ। ਲੜਕੀ ਦੀ ਸ਼ਾਦੀ ਇਸ ਲਈ ਨਹੀਂ ਕੀਤੀ ਕਿ ਕਿਧਰੇ ਦਾਮਾਦ ਮੇਰੇ ਕੋਲੋਂ ਤਖ਼ਤ ਨਾ ਖੋਹ ਲਵੇ। ਇਹ ਬੱਚੀ ਹੁਣ ਚਾਲ਼ੀ ਸਾਲ ਦੀ ਹੋ ਗਈ ਸੀ। ਜ਼ੇਬੁਲ ਨਿਸਾ ਨੇ ਭੀ ਵੇਖਿਆ ਕਿ ਪਿਉ ਨੇ ਮੇਰਾ ਘਰ ਤਾਂ ਨਹੀਂ ਵਸਾਣਾ, ਮੈਂ ਆਪਣੇ ਘਰ ਵਿਚ ਖ਼ੁਦਾ ਨੂੰ ਵਸਾਵਾਂ। ਉਸ ਨੇ ਆਪਣੇ ਹਿਰਦੇ ਨੂੰ ਇਸ ਤਰ੍ਹਾਂ ਸਜਾਣਾ ਸ਼ੁਰੂ ਕਰ ਦਿੱਤਾ ਕਿ ਬੰਦਗੀ ਕਰਨ ਲੱਗ ਪਈ। ਬੰਦਗੀ ਦੀ ਸਿਖਰਤਾ ਹੈ ਕਿ ਮਨੁੱਖ ਨੂੰ ਸੰਗੀਤਕਾਰ ਜਾਂ ਕਵੀ ਜ਼ਰੂਰ ਬਣਾ ਦਿੰਦੀ ਹੈ। ਜਿਵੇਂ ਹੀ ਹਿਰਦੇ ਨੂੰ ਪਰਮਾਤਮਾ ਛੂੰਹਦੈ, ਪਰਮਾਤਮਾ ਫਿਰ ਉਸ ਦੇ ਅੰਦਰੋਂ ਪ੍ਰਗਟ ਹੁੰਦੈ। ਜਿਵੇਂ ਖਾਧੀ ਹੋਈ ਰੋਟੀ ਸਰੀਰ ਵਿਚ ਖ਼ੂਨ ਬਣ ਕੇ ਪ੍ਰਗਟ ਹੁੰਦੀ ਹੈ, ਇਸੇ ਤਰ੍ਹਾਂ ਜਪਿਆ ਹੋਇਆ ਨਾਮ ਮਨ ਦੀ ਗਹਿਰਾਈ ਵਿਚ ਜਦੋਂ ਪਹੁੰਚਦੈ ਤਾਂ ਅੰਦਰੋਂ ਭਗਵਾਨ ਦੇ ਗੀਤ "ਭਗਵਤ ਗੀਤਾ" ਨਿਕਲਦੇ ਹਨ, ਅੰਦਰੋਂ ਰੱਬੀ ਸੰਗੀਤ ਨਿਕਲਦੈ। ਰਵੀਦਾਸ ਦੇ ਬੋਲ਼ ਭਗਵਤ ਗੀਤਾ ਹਨ, ਭਗਵਾਨ ਦੀ ਗੀਤਾ। ਕਬੀਰ ਦੇ ਬੋਲ ਭਗਵਤ ਗੀਤਾ ਹਨ, ਭਗਵਾਨ ਦੇ ਗੀਤ। ਸਧਨਾ ਤੇ ਫ਼ਰੀਦ ਦੇ ਬੋਲ ਭਗਵਤ ਗੀਤਾ ਹਨ। ਹਰ ਅਵਤਾਰੀ ਪੁਰਸ਼ ਦੇ ਬੋਲ, ਹਰ

ਸੰਤ ਦੇ ਬੋਲ ਭਗਵਤ ਗੀਤਾ ਹਨ, ਭਗਵਾਨ ਦੇ ਗੀਤ ਹਨ। ਅੰਦਰੋਂ ਜਨਮ ਲੈਂਦੇ ਹਨ। ਇਹ ਗੀਤ ਸੰਗੀਤ ਕਿਧਰੋਂ ਸਿੱਖੇ ਨਹੀਂ ਜਾਂਦੇ। ਪਰਮਾਤਮਾ ਜਦ ਹਿਰਦੇ ਵਿਚ ਬਿਰਾਜਮਾਨ ਹੋ ਜਾਂਦਾ ਹੈ ਤਾਂ ਉਹੀ ਗੀਤ ਬਣ ਕੇ, ਸੰਗੀਤ ਬਣ ਕੇ ਬਾਹਰ ਪ੍ਰਗਟ ਹੁੰਦੇ ਹਨ। ਇਹ ਭਗਤਾਂ ਦੇ ਅਨੁਭਵ ਵਿਚ ਆਇਐ। ਕਿਉਂਕਿ ਉਹਨਾਂ ਨੇ ਨਾ ਕਿਸੇ ਕੋਲੋਂ ਸੰਗੀਤ ਸਿਖਿਐ, ਨਾ ਗੀਤ ਸਿਖੇ ਹਨ, ਪਰ ਅੰਦਰੋਂ ਗੀਤ ਜਨਮ ਲੈਂਦੇ ਹਨ, ਅੰਦਰੋਂ ਸੰਗੀਤ ਜਨਮ ਲੈਂਦਾ ਹੈ। ਐਸੀ ਕਵਿਤਾ ਕਦੀ ਪੁਰਾਣੀ ਨਹੀਂ ਹੁੰਦੀ, ਐਸਾ ਸੰਗੀਤ ਭੀ ਕਦੀ ਪੁਰਾਣਾ ਨਹੀਂ ਹੁੰਦਾ। ਸੋ ਜ਼ੇਬੁਲ ਨਿਸਾ ਦੇ ਅੰਦਰੋਂ ਕਵਿਤਾ ਜਨਮ ਲੈਣ ਲੱਗ ਪਈ। ਗੀਤ ਸੰਗੀਤ ਉਸ ਦੇ ਅੰਦਰੋਂ ਪੈਦਾ ਹੋਣ ਲੱਗ ਪਏ। ਮੌਸਮੇ-ਖ਼ਿਜ਼ਾਂ ਸੀ, ਪੱਤਝੜ ਦੀ ਰੁੱਤ ਸੀ। ਲਾਹੌਰ ਦਾ ਸ਼ਾਲੀਮਾਰ ਬਾਗ਼ ਪੱਤਝੜ ਦੀ ਰੁੱਤ ਕਰਕੇ, ਮੌਸਮੇ-ਖ਼ਿਜ਼ਾਂ ਕਰਕੇ ਉਜੜਿਆ ਹੋਇਆ ਲੱਗਦਾ ਸੀ। ਕੋਈ ਹਰਿਆਵਲ ਨਹੀਂ, ਕੋਈ ਪੱਤਾ ਨਹੀਂ। ਜ਼ੇਬੁਲ ਨਿਸਾ ਉਸ ਬਗ਼ੀਚੇ ਵਿਚ ਘੁੰਮਦੀ ਸੀ ਜਿਥੇ ਗੁਲਾਬ ਦੇ ਹੀ ਬੂਟੇ ਸਨ, ਪਰ ਹੁਣ ਗੁਲਾਬ ਭੀ ਕੋਈ ਨਹੀਂ, ਪੱਤੇ ਭੀ ਕੋਈ ਨਹੀਂ। ਗੁਲਾਬ ਦੇ ਬੂਟਿਆਂ ਉੱਤੇ ਸਿਰਫ਼ ਕੰਡੇ ਹੀ ਕੰਡੇ ਹਨ। ਮੌਸਮੇ-ਖ਼ਿਜ਼ਾਂ, ਪੱਤਝੜ ਦੀ ਰੁੱਤ। ਪੱਤੇ ਤਾਂ ਕੋਈ ਨਹੀਂ, ਫੁੱਲ ਵੀ ਕੋਈ ਨਹੀਂ, ਪਰ ਬੂਟੇ ਦੇ ਉਪਰ ਇਕ ਬੁਲਬੁਲ ਨਗ਼ਮੇ ਅਲਾਪ ਰਹੀ ਹੈ, ਗੀਤ ਗਾ ਰਹੀ ਹੈ, ਨੱਚ ਰਹੀ ਹੈ। ਹੁਣ ਕਵੀ ਹਿਰਦਾ, ਗੀਤਕਾਰ ਦਾ ਹਿਰਦਾ ਹੈ। ਮੈਂ ਅਰਜ਼ ਕਰਾਂ, ਹਰ ਸੰਤ, ਹਰ ਭਗਤ, ਹਰ ਫ਼ਕੀਰ ਕੋਲ ਕਵੀ ਦਾ ਹਿਰਦਾ ਹੁੰਦੈ, ਸੰਗੀਤਕਾਰ ਦਾ ਹਿਰਦਾ ਹੁੰਦੈ। ਕਵੀ ਸੰਗੀਤਕਾਰ ਬਾਹਰੋਂ ਸੰਗੀਤ ਸਿੱਖਦੇ ਹਨ, ਆਪਣੇ ਹਿਰਦੇ ਤੱਕ ਲੈ ਜਾਂਦੇ ਹਨ। ਰੱਬ ਦੇ ਪਿਆਰੇ, ਪ੍ਰਭੂ ਜਦ ਕਿਸੇ ਦੇ ਹਿਰਦੇ ਵਿਚ ਬੈਠਦੈ ਤਾਂ ਹਿਰਦੇ ਦੀ ਗਹਿਰਾਈ ਵਿੱਚੋਂ ਸੰਗੀਤ ਨਿਕਲਦੈ, ਕਵਿਤਾ ਨਿਕਲਦੀ ਹੈ। ਕਵੀਆਂ ਕੋਲ ਜੋ ਕਵਿਤਾ ਹੁੰਦੀ ਹੈ, ਇਹ ਹੌਜ਼ ਦਾ ਪਾਣੀ ਹੁੰਦੈ, ਬਾਹਰੋਂ ਇਕੱਠਾ ਕੀਤਾ ਗਿਆ। ਸੰਤਾਂ ਦੇ ਕੋਲ ਜੋ ਕਵਿਤਾ ਹੁੰਦੀ ਹੈ, ਇਹ ਤਾਂ ਇਸ ਤਰ੍ਹਾਂ ਹੁੰਦੀ ਹੈ ਜਿਵੇਂ ਪਹਾੜਾਂ ਦਾ ਸੀਨਾ ਚੀਰ ਕੇ ਝਰਨਾ ਨਿਕਲ ਪੈਂਦੈ, ਇਸ ਤਰ੍ਹਾਂ ਭਗਤਾਂ ਦੇ ਹਿਰਦੇ ਵਿੱਚੋਂ ਗੀਤ ਨਿਕਲਦੈ, ਸੰਗੀਤ ਨਿਕਲਦੈ। ਬੁਲਬੁਲ ਬੂਟੇ ਨੂੰ ਵੇਖ ਕੇ ਤਰਾਨੇ ਗਾ ਰਹੀ ਸੀ, ਨਗ਼ਮੇ ਅਲਾਪ ਰਹੀ ਸੀ ਤੇ ਜ਼ੇਬੁਲ ਨਿਸਾ ਦੇਖਦੀ ਹੈ ਕਿ ਬੂਟੇ 'ਤੇ ਕੰਡੇ ਹੀ ਕੰਡੇ, ਪੱਤੇ ਕੋਈ ਨਹੀਂ, ਫੁੱਲ ਭੀ ਕੋਈ ਨਹੀਂ। ਮੈਂ ਤਾਂ ਸੁਣਿਐ ਕਿ ਫੁੱਲਾਂ ਨੂੰ ਵੇਖ ਕੇ ਬੁਲਬੁਲ ਗਾਉਂਦੀ ਹੈ, ਪਰ ਇਥੇ ਤਾਂ ਮੈਂ ਦੇਖ ਰਹੀ ਹਾਂ ਕਿ ਕੰਡਿਆਂ ਉਪਰ ਬੈਠੀ ਇਹ ਗਾ ਰਹੀ ਹੈ:

ਸ਼ੌਕੇ ਬੁਲਬੁਲ ਕਮ ਨ ਗਰਦਦ ਗਰ ਰਵਦ ਗੁਲ ਅਜ਼ ਚਮਨ।

ਚਮਨ ਵਿਚ ਫੁੱਲ ਤਾਂ ਕੋਈ ਨਹੀਂ, ਜਾਂਦੇ ਰਹੇ, ਮੌਸਮੇ-ਖ਼ਿਜ਼ਾਂ, ਪੱਤਝੜ

ਦੀ ਰੁੱਤ ਹੈ ਪਰ ਉਸੇ ਹੀ ਚਮਨ ਵਿਚ ਬੁਲਬੁਲ ਕੋਲ ਗੀਤ ਤਾਂ ਹੈ, ਸੰਗੀਤ ਤਾਂ ਹੈ, ਨ੍ਰਿਤ ਤਾਂ ਹੈ, ਨੱਚ ਨੱਚ ਕੇ ਗਾ ਰਹੀ ਹੈ, ਉਸੇ ਤਰ੍ਹਾਂ ਅਲਾਪ ਕਰ ਰਹੀ ਹੈ। ਜ਼ੇਬੁਲ ਨਿਸਾ ਪੁੱਛ ਬੈਠੀ, ਉਹਦਾ ਹਿਰਦਾ ਪੁੱਛ ਬੈਠਾ, ਫੁੱਲ ਤਾਂ ਕੋਈ ਨਹੀਂ ਹੈ, ਪੱਤੇ ਵੀ ਕੋਈ ਨਹੀਂ, ਕੰਡੇ ਹੀ ਕੰਡੇ ਹਨ ਤੇ ਤੂੰ ਗੀਤ ਅਲਾਪ ਰਹੀ ਹੈਂ, ਤੂੰ ਸੰਗੀਤ ਅਲਾਪ ਰਹੀ ਹੈਂ, ਕਿਉਂ ? ਤੇਰਾ ਤਾਂ ਪਿਆਰ ਫੁੱਲਾਂ ਨਾਲ ਹੈ, ਤੇਰਾ ਪ੍ਰੇਮ ਕੰਡਿਆਂ ਨਾਲ ਥੋੜ੍ਹੀ ਹੈ, ਫੁੱਲਾਂ ਨਾਲ ਹੈ, ਪਰ ਫੁੱਲ ਤਾਂ ਕੋਈ ਹੈ ਨਹੀਂ, "ਸ਼ੌਕੇ ਬੁਲਬੁਲ ਕਮ ਨ ਗਰਦਦ ਗਰ ਰਵਦ ਗੁਲ ਅਜ਼ ਚਮਨ।" ਕਿਉਂ ?

ਹੁਸਨ ਬੇ ਬੁਨਿਆਦ ਅਸਤ ਇਸ਼ਕ ਬੇ ਬੁਨਿਆਦ ਨੇਸਤ।

ਬੁਲਬੁਲ ਨੇ ਆਖਿਆ, ਐ ਜ਼ੇਬੁਲ ਨਿਸਾ! ਰੂਪ-ਰੰਗ ਨਾਸਵੰਤ ਹੁੰਦੈ, ਪ੍ਰੇਮ ਨਾਸਵੰਤ ਨਹੀਂ ਹੁੰਦਾ। ਪਹਿਲੇ ਮੈਂ ਫੁੱਲਾਂ ਨੂੰ ਵੇਖ ਕੇ ਗਾਉਂਦੀ ਸੀ, ਹੁਣ ਮੈਂ ਫੁੱਲਾਂ ਦੀ ਯਾਦ ਵਿਚ ਨਗ਼ਮੇ ਅਲਾਪਦੀ ਹਾਂ, ਹੁਣ ਮੈਂ ਫੁੱਲਾਂ ਨੂੰ ਯਾਦ ਕਰਕੇ ਗਾਉਂਦੀ ਹਾਂ। ਪ੍ਰੀਤ ਅਮਰ ਹੈ, ਪ੍ਰੇਮ ਅਮਰ ਹੈ ਜਿਵੇਂ ਪਰਮਾਤਮਾ ਅਮਰ ਹੁੰਦੈ। ਪਰਮਾਤਮਾ ਤ੍ਰਿਪਤ ਹੈ, ਉਸ ਦੇ ਅੰਦਰ ਕੋਈ ਭੁੱਖ ਨਹੀਂ। ਪ੍ਰੇਮ ਮਨੁੱਖ ਨੂੰ ਤ੍ਰਿਪਤ ਕਰ ਦਿੰਦੈ, "ਜਿੰਨ੍ਹੀ ਚਾਖਿਆ ਪ੍ਰੇਮ ਰਸੁ"। ਜਦ ਕੋਈ ਮੈਨੂੰ ਕਹਿੰਦੈ ਕਿ ਫਲਾਣਾ ਬੜਾ ਪ੍ਰੇਮੀ ਹੈ, ਯਕੀਨ ਜਾਣੋ, ਮੈਂ ਹੈਰਾਨ ਹੋ ਜਾਂਦਾ ਹਾਂ ਕਿ ਉਸ ਮਨੁੱਖ ਨੂੰ ਪ੍ਰੇਮ ਦਾ ਪਤਾ ਹੀ ਨਹੀਂ। ਇਹ ਨੇਮੀ ਹੋਵੇਗਾ, ਪ੍ਰੇਮੀ ਨਹੀਂ ਹੈ। ਇਹ ਕਰਮ-ਕਾਂਡੀ ਹੋਵੇਗਾ, ਪ੍ਰੇਮੀ ਨਹੀਂ। ਨਹੀਂ ਜੀ ਪ੍ਰੇਮੀ ਹੈ, ਚਾਰ ਪਾਠ ਸੁਖਮਨੀ ਸਾਹਿਬ ਦੇ ਰੋਜ਼ ਕਰਦੈ। ਨੇਮੀ ਹੋਵੇਗਾ, ਪ੍ਰੇਮੀ ਨਹੀਂ। ਪ੍ਰੇਮੀ ਤਾਂ ਮੈਂ ਦੇਖੇ ਹਨ, ਇੱਕੋ ਹੀ ਪੰਗਤੀ 'ਤੇ ਰੁਕੇ ਰਹਿੰਦੇ ਹਨ। ਮੇਰੇ ਨਾਲ ਦੇ ਸਾਰੇ ਹੀ ਜਿੰਨੇ ਵੀ ਬੈਠੇ ਹਨ, ਬਹਾਦਰ ਸਿੰਘ ਨੂੰ ਮਿਲ ਕੇ ਆਏ ਹਨ। ਕਈ ਦਫ਼ਾ ਐਸਾ ਹੁੰਦੈ, ਜਦ ਉਹ ਜਪੁ ਜੀ ਸਾਹਿਬ ਦਾ ਪਾਠ ਸ਼ੁਰੂ ਕਰਦਾ ਹੈ ਤਾਂ ਇੱਕੋ ਹੀ ਪੰਗਤੀ ਸਵੇਰ ਤੋਂ ਲੈ ਕੇ ਸ਼ਾਮ ਤਕ ਦੁਹਰਾਈ ਜਾਂਦੈ। ਖਾਣਾ ਪੀਣਾ ਤਕ ਭੁੱਲ ਜਾਂਦੈ। ਐਸੀ ਹੈ ਉਹ ਇੱਕੋ ਹੀ ਪੰਗਤੀ, ਉਸੇ ਵਿਚ ਹੀ ਮਸਤ ਰਹਿ ਜਾਂਦਾ ਹੈ। ਉਸੇ ਵਿਚ ਹੀ ਡੁੱਬ ਜਾਂਦਾ ਹੈ। ਉਸੇ ਵਿਚ ਹੀ ਲੀਨ ਹੋ ਜਾਂਦਾ ਹੈ। ਉਸ ਦੀ ਪਤਨੀ ਭੀ ਕਹਿੰਦੀ ਸੀ ਕਿ ਕਈ ਦਫ਼ਾ ਮਹਾਰਾਜ 'ਤੇ ਰੁਮਾਲਾ ਮੈਨੂੰ ਹੀ ਪਾਉਣਾ ਪੈਂਦੈ ਤਾਕਿ ਇਹਦੀਆਂ ਅੱਖਾਂ ਦੇ ਜਲ ਨਾਲ ਪੱਤਰੇ ਖ਼ਰਾਬ ਨਾ ਹੋਵਣ। ਇਸ ਨੂੰ ਹੋਸ਼ ਹੀ ਨਹੀਂ ਰਹਿੰਦੀ, ਇੱਕੋ ਹੀ ਪੰਗਤੀ ਵਿਚ ਡੁੱਬ ਜਾਂਦਾ ਹੈ। ਸ਼ਾਮ ਤਕ ਬੈਠਾ ਰਹਿੰਦਾ ਸੀ, ਉਹੀ ਇੱਕੋ ਪੰਗਤੀ ਦਾ ਰਟਨ। ਚਾਰ ਸੁਖਮਨੀ ਸਾਹਿਬ ਦੇ ਪਾਠ ਕਰਦੈ। ਮੁਬਾਰਕ ਹੈ, ਚੰਗੀ ਗੱਲ ਹੈ, ਨੇਮੀ ਹੋਵੇਗਾ, ਪ੍ਰੇਮੀ ਨਹੀਂ। ਪ੍ਰੇਮ ਤਾਂ ਇਕ ਅਵਸਥਾ ਹੈ, ਕਿਸੇ ਹੋਰ ਖੇਡ ਦਾ ਨਾਮ ਹੈ, "ਜਿੰਨ੍ਹੀ ਚਾਖਿਆ

ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ"। ਉਹ ਤਾਂ ਅੱਠੇ ਪਹਿਰ ਤ੍ਰਿਪਤੀ ਵਿਚ ਰਹਿੰਦੇ ਹਨ। ਕੋਈ ਮੰਗ ਨਹੀਂ ਹੁੰਦੀ। ਸਦਕੇ ਹੋਣ ਦਾ ਜਜ਼ਬਾ ਹੁੰਦਾ ਹੈ, ਕੁਰਬਾਨ ਹੋਣ ਦਾ ਜਜ਼ਬਾ ਹੁੰਦੈ। ਪ੍ਰੇਮ ਵਿਚ ਕਹਿੰਦੇ ਨੇ, ਬਰਾਬਰੀ ਹੋ ਜਾਂਦੀ ਹੈ। ਚਾਹੇ ਸਿੱਖ ਤੇ ਗੁਰੂ ਦਾ ਪ੍ਰੇਮ ਹੋਵੇ, ਚਾਹੇ ਪੁੱਤਰ ਤੇ ਪਿਉ ਦਾ ਪ੍ਰੇਮ ਹੋਵੇ, ਪ੍ਰੇਮ ਦੋਹਾਂ ਨੂੰ ਬਰਾਬਰ ਕਰ ਦਿੰਦਾ ਹੈ। ਵੱਡਾ ਛੋਟਾ ਨਹੀਂ ਰਹਿੰਦਾ। ਜਿਥੇ ਵੱਡਾ ਛੋਟਾ ਹੋਵੇ, ਸਮਝ ਲੈਣਾ ਪ੍ਰੇਮ ਨਹੀਂ ਹੈ, ਇਹ ਸੰਬੰਧ ਮੋਹ ਦੇ ਹੋਣਗੇ। ਪ੍ਰੇਮ ਵਿਚ ਤਾਂ ਬਰਾਬਰੀ ਹੋ ਜਾਂਦੀ ਹੈ, ਵੱਡਾ ਛੋਟਾ ਨਹੀਂ ਰਹਿ ਜਾਂਦਾ। ਧੰਨ ਗੁਰੂ ਗੋਬਿੰਦ ਸਿੰਘ ਜੀ ਨੂੰ ਖ਼ਾਲਸੇ ਨਾਲ ਬੜਾ ਪਿਆਰ ਹੈ, ਸਿੱਖਾਂ ਨਾਲ ਬੜਾ ਪ੍ਰੇਮ ਹੈ, ਦੀਖਸ਼ਿਤ ਕੀਤਾ ਵਿਸਾਖੀ ਵਾਲੇ ਦਿਨ, ਅੰਮ੍ਰਿਤ ਛਕਾਇਆ। ਫਿਰ ਖ਼ਿਆਲ ਆਇਆ, ਮੈਂ ਛਕਾਣ ਵਾਲਾ, ਇਹ ਛਕਣ ਵਾਲੇ; ਛਕਾਣ ਦੇ ਨਾਤੇ ਮੈਂ ਗੁਰੂ, ਛਕਣ ਦੇ ਨਾਤੇ ਇਹ ਚੇਲੇ। ਦੇਣ ਦੇ ਨਾਤੇ ਮੈਂ ਦਾਤਾ, ਲੈਣ ਦੇ ਨਾਤੇ ਇਹ ਭਿਖਾਰੀ, ਇਹ ਸਤਿਗੁਰ ਨੂੰ ਭਾਇਆ ਨਹੀਂ। ਨਹੀਂ, ਬਰਾਬਰੀ ਕਰਨੀ ਹੈ। ਵੈਸੇ ਗੁਰੂ ਜੀ ਖ਼ੁਦ ਅੰਮ੍ਰਿਤ ਦੇ ਰੂਪ ਹਨ, ਕੋਈ ਅੰਮ੍ਰਿਤ ਛਕਣ ਦੀ ਲੋੜ ਨਹੀਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ, ਅੰਮ੍ਰਿਤ ਦੇ ਤਾਂ ਉਹਨਾਂ ਕੋਲੋਂ ਝਰਨੇ ਹੀ ਝਰਨੇ ਨਿਕਲਦੇ ਹਨ:

ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ॥

(ਗਉੜੀ ਮ: ੫, ਪੰਨਾ 320)

ਝਰਨੇ ਤਾਂ ਉਹਨਾਂ ਦੀ ਰਸਨਾ ਤੋਂ ਨਿਕਲਦੇ ਹਨ। ਅੰਮ੍ਰਿਤ ਤਾਂ ਉਹਨਾਂ ਦੀ ਦ੍ਰਿਸ਼ਟੀ ਵਿੱਚੋਂ ਨਿਕਲਦੈ, ਅੰਮ੍ਰਿਤਮਈ ਦ੍ਰਿਸ਼ਟੀ, ਤਾਂ ਹੀ ਤਾਂ ਨੰਦ ਲਾਲ ਨੇ ਮੰਗ ਕੀਤੀ ਸੀ। ਮੈਂ ਪਹਿਲਾਂ ਵੀ ਅਰਜ਼ ਕੀਤੀ ਸੀ, "ਗੁਫ਼ਤਮ ਕਿ: ਜਾਂ ਦਿਹੰਮ ਇਵਜ਼ਿ ਯਕ ਨਿਗਾਹਿ ਤੋ"। ਤੂੰ ਅੰਮ੍ਰਿਤ ਭਰੀ ਦ੍ਰਿਸ਼ਟੀ, ਇੱਕੋ ਹੀ, ਮੇਰੇ ਉਪਰ ਕਰ ਦੇ, ਮੈਂ ਬਦਲੇ ਵਿਚ ਜਾਨ ਨਿਛਾਵਰ ਕਰਨ ਨੂੰ ਤਿਆਰ ਹਾਂ। ਮੈਂ ਬਦਲੇ ਵਿਚ ਆਪਣੀ ਜ਼ਿੰਦਗੀ ਦੇਣ ਨੂੰ ਤਿਆਰ ਹਾਂ। ਜਿਸਦੀ ਦ੍ਰਿਸ਼ਟੀ ਅੰਮ੍ਰਿਤਮਈ ਹੈ, ਜਿਸਦੇ ਬੋਲ ਅੰਮ੍ਰਿਤਮਈ ਹਨ, ਜਿਸਦੇ ਕਰਮ ਅੰਮ੍ਰਿਤਮਈ ਹਨ, ਉਹਨੂੰ ਅੰਮ੍ਰਿਤ ਛਕਣ ਦੀ ਕੀ ਲੋੜ ਹੈ, ਪਰ ਪੰਜਾਂ ਅੱਗੇ ਹੱਥ ਜੋੜ ਕੇ ਹੁਣ ਅੰਮ੍ਰਿਤ ਦੀ ਦਾਤ ਮੰਗਦੇ ਹਨ, ਜਿਵੇਂ ਤੁਸੀਂ ਛਕਿਐ, ਹੁਣ ਮੈਨੂੰ ਛਕਾਓ। ਕਿਉਂ? ਛਕਣ ਦੇ ਨਾਤੇ ਤੁਸੀਂ ਚੇਲੇ ਸੀ ਤੇ ਮੈਂ ਗੁਰੂ ਸੀ। ਹੁਣ ਤੁਸੀਂ ਗੁਰੂ ਬਣ ਜਾਓ ਤੇ ਮੈਂ ਚੇਲਾ ਬਣ ਜਾਵਾਂ, ਬਰਾਬਰੀ ਹੋ ਜਾਏ:

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥

(ਭਾਈ ਗੁਰਦਾਸ ਜੀ, ਵਾਰ 41)

ਪ੍ਰੇਮ ਵਿਚ ਛੋਟਾ ਵੱਡਾ ਕੋਈ ਨਹੀਂ ਰਹਿੰਦਾ, ਬਰਾਬਰੀ ਹੋ ਜਾਂਦੀ ਹੈ।

ਇਹ ਸੰਬੰਧ ਮਨੁੱਖ ਦੇ ਅੰਦਰ ਸੱਚੀ ਇਨਸਾਨੀਅਤ ਨੂੰ ਜਨਮ ਦਿੰਦੈ। ਬਾਕੀ ਜੋ ਮਨੁੱਖ ਦਿਖਾਈ ਦਿੰਦੇ ਹਨ, ਮਨੁੱਖਾਂ ਦੀ ਤਰ੍ਹਾਂ ਨਹੀਂ ਜਿਊਂਦੇ, ਪਸ਼ੂਆਂ ਦੀ ਤਰ੍ਹਾਂ ਜਿਊਂਦੇ ਹਨ। ਟੁੱਕਰ ਅਗਲਾ ਪਾਈ ਗਿਆ ਤਾਂ ਪਿਆਰ ਬਣਿਆ ਹੋਇਐ ਤੇ ਜਦੋਂ ਉਸ ਨੇ ਟੁੱਕਰ ਪਾਣਾ ਛੋੜਿਆ, ਫਿਰ ਸੰਬੰਧ ਕੋਈ ਨਹੀਂ। ਜਿਥੇ ਇਸ ਨੇ ਲੋੜ ਦੀ ਪੂਰਤੀ ਨਾ ਕੀਤੀ, ਵਕਤ ਸਿਰ ਕੰਮ ਨਾ ਆਇਆ, ਕੋਈ ਮਿੱਤਰਤਾ ਨਹੀਂ, ਕੋਈ ਰਿਸ਼ਤੇਦਾਰੀ ਨਹੀਂ, ਕੋਈ ਸੰਬੰਧੀ ਨਹੀਂ, "ਅਪਨੇ ਲੋਭ ਕਉ ਕੀਨੋ ਮੀਤੁ" ਬਣਾਇਐ ਮਿੱਤਰ ਆਪਣੇ ਲੋਭ ਕਰਕੇ। ਐਸੀ ਸੋਚ ਮਨੁੱਖ ਨੂੰ ਪਸ਼ੂ ਬਣਾਈ ਰੱਖਦੀ ਹੈ। ਮਨੁੱਖ ਦੇ ਅੰਦਰ ਮਨੁੱਖਤਾ ਦਾ ਜਨਮ ਭੀ ਨਹੀਂ ਹੁੰਦਾ।

ਤੀਸਰਾ ਸੰਬੰਧ ਹੈ ਸ਼ਰਧਾ ਦਾ। ਐ ਗੁਰੂ! ਐ ਪ੍ਰਭੂ! ਤੂੰ ਕਿਤਨੀ ਭੀ ਬਰਾਬਰੀ ਦੇਵੇਂ, ਫਿਰ ਭੀ ਤੂੰ ਮਹਾਨ ਹੈਂ, ਮੈਂ ਤੁੱਛ ਹਾਂ। ਇਸ ਨੂੰ ਸ਼ਰਧਾ ਕਹਿੰਦੇ ਹਨ। ਤੂੰ ਮਹਾਨ ਹੈਂ, ਤੂੰ ਵਿਸਮਾਦ ਕਰ ਦਿੰਦੈਂ, ਤੂੰ ਅਸਚਰਜ ਹੈਂ, ਮੈਂ ਤੇਰੇ ਸਾਹਮਣੇ ਕੁਝ ਭੀ ਨਹੀਂ। ਤੂੰ ਕਿਤਨਾ ਮਾਣ ਤਾਣ ਬਖ਼ਸ਼, ਫਿਰ ਭੀ ਤੂੰ ਦਾਤਾ ਹੀ ਹੈਂ, ਮੈਂ ਦਾਤਾ ਨਹੀਂ। ਫਿਰ ਭੀ ਤੂੰ ਮਹਾਨ ਹੈਂ, ਮੈਂ ਮਹਾਨ ਨਹੀਂ, ਮੈਂ ਕੁਝ ਭੀ ਨਹੀਂ। ਕਹਿੰਦੇ ਨੇ, ਜਿਵੇਂ ਜਿਵੇਂ ਮਨੁੱਖ ਰੱਬੀ ਚਿੰਤਨ ਕਰਦੈ, ਉਸ ਨੂੰ ਮਹਿਸੂਸ ਹੁੰਦਾ ਜਾਂਦੈ ਕਿ ਮੈਂ ਤਾਂ ਕੁਝ ਭੀ ਨਹੀਂ, ਅਤੇ ਇਕ ਦਿਨ ਹੁੰਦਾ ਕੀ ਹੈ ਕਿ ਉਹ ਸਭ ਕੁਝ ਹੋ ਜਾਂਦਾ ਹੈ। ਦੂਸਰਾ ਤਬਕਾ ਉਹ ਹੈ ਜੋ ਕਹਿੰਦਾ ਹੈ ਕਿ ਮੈਂ ਸਭ ਕੁਝ ਹਾਂ। ਮੇਰੇ ਕੋਲ ਸਭ ਕੁਝ ਹੈ ਅਤੇ ਮੈਂ ਹੀ ਸਭ ਕੁਝ ਹਾਂ। ਤੂੰ ਕੀ ਹੈਂ, ਤੂੰ ਕੁਝ ਭੀ ਨਹੀਂ! ਜੋ ਐਸਾ ਕਹਿੰਦੈ ਕਿ ਮੈਂ ਸਭ ਕੁਝ ਹਾਂ, ਇਕ ਦਿਨ ਖ਼ਾਕ ਹੋ ਜਾਂਦੈ, ਰਾਖ ਹੋ ਜਾਂਦੈ ਅਤੇ ਜੋ ਇਹ ਕਹਿੰਦੈ ਕਿ ਮੈਂ ਕੁਝ ਭੀ ਨਹੀਂ, ਮੈਂ ਕੁਝ ਭੀ ਨਹੀਂ, ਯਕੀਨ ਜਾਣੋ, ਉਹ ਇਕ ਦਿਨ ਪਰਮਾਤਮਾ ਹੀ ਹੋ ਜਾਂਦੈ, ਈਸ਼ਵਰ ਹੀ ਹੋ ਜਾਂਦੈ। ਬੀਜ ਮਿਟ ਕੇ ਬ੍ਰਿਛ ਹੋ ਜਾਂਦੈ, ਫਲ ਹੋ ਜਾਂਦੈ। ਨਾ ਕੁਝ ਹੋ ਕੇ ਸੇਵਾ ਇਸ ਵਾਸਤੇ ਸੀ ਕਿ ਇਸ ਦੇ ਅੰਦਰ ਤਕੱਬਰ ਤੇ ਗ਼ਰੂਰ ਨਾ ਪੈਦਾ ਹੋਵੇ। ਸੇਵਾ ਨੂੰ ਸਤਿਗੁਰ ਨੇ ਬੜੀ ਮਹਾਨਤਾ ਦਿੱਤੀ ਹੈ। ਇਸ ਤਕੱਬਰ ਨੂੰ, ਅਹੰਕਾਰ ਨੂੰ ਮਿਟਾਣ ਵਾਸਤੇ, ਮਹਾਤਮਾ ਬੁੱਧ ਨੇ ਦੂਸਰਾ ਰਸਤਾ ਅਪਣਾਇਆ, ਭਿਖਸ਼ੂ ਬਣਾਇਆ, ਭਿਖਾਰੀ, ਤੇ ਭਿਖਾਰੀ ਕੋਲ ਕਿਹੜੀ ਗੱਲ ਦਾ ਅਹੰਕਾਰ! ਕਿਹੜੀ ਗੱਲ ਦਾ ਮਾਣ ਕਰਦੈ ਭਿਖਸ਼ੂ!! ਤੂੰ ਮੰਗਤਾ ਹੈਂ, ਤੂੰ ਕੁਝ ਭੀ ਨਹੀਂ। ਉਹਨਾਂ ਨੇ ਇਹ ਤਰੀਕਾ ਅਪਣਾਇਆ। ਇਹ ਤਰੀਕਾ ਗੁਰੂ ਨਾਨਕ ਨੂੰ ਚੰਗਾ ਨਹੀਂ ਲੱਗਿਆ। ਮੈਂ ਫਿਰ ਅਰਜ਼ ਕਰਾਂ, ਹਰ ਅਵਤਾਰੀ ਪੁਰਸ਼ ਆਪਣੇ ਸਮੇਂ ਦੀ ਲੋੜ ਨੂੰ ਪੂਰਾ ਕਰਦੈ। ਮਹਾਤਮਾ ਬੁੱਧ ਦਾ ਧਰਮ ਵਿਅਕਤੀਗਤ ਧਰਮ ਹੈ, ਸਮੂਹਕ ਧਰਮ ਨਹੀਂ ਹੋ ਸਕਦਾ। ਜੇਕਰ ਸਾਰੇ ਹੀ

ਭਿਖਸ਼ੂ ਬਣ ਜਾਣ ਤਾਂ ਦੇਵੇਗਾ ਕੌਣ ? ਸਭ ਭਿਖਸ਼ੂ ਹੀ ਬਣ ਜਾਣ ਅਤੇ ਸਾਰੇ ਹੀ ਗ੍ਰਿਹਸਤ ਦਾ ਤਿਆਗ ਕਰ ਦੇਣ ਤਾਂ ਦੋ ਸੌ ਸਾਲ ਬਾਅਦ ਇਹ ਜ਼ਮੀਨ ਮਨੁੱਖਤਾ ਤੋਂ ਖ਼ਾਲੀ ਹੋ ਜਾਏਗੀ। ਕੋਈ ਮਨੁੱਖ ਨਹੀਂ ਲੱਭਣਾ। ਮਹਾਤਮਾ ਬੁੱਧ ਦਾ ਧਰਮ, ਮਹਾਤਮਾ ਬੁੱਧ ਲਈ ਹੈ, ਮਹਾਤਮਾ ਬੁੱਧ ਦੇ ਨਕਸ਼ੇ-ਕਦਮ 'ਤੇ ਚੱਲਣ ਵਾਲਿਆਂ ਵਾਸਤੇ ਹੈ, ਸਾਰੀ ਦੁਨੀਆਂ ਦਾ ਨਹੀਂ ਹੈ। ਮਹਾਨ ਹਨ, ਬੜੇ ਦਾਰਸ਼ਨਿਕ ਹਨ ਮਹਾਤਮਾ ਬੁੱਧ। ਬੜੀ ਗਹਿਰੀ ਸੋਚ ਰੱਖਣ ਵਾਲੇ ਹਨ, ਬੜਾ ਗਹਿਰਾ ਚਿੰਤਨ ਹੈ, ਪਰ ਉਨ੍ਹਾਂ ਦਾ ਧਰਮ ਵਿਅਕਤੀਗਤ ਹੈ, ਉਨ੍ਹਾਂ ਵਾਸਤੇ ਠੀਕ ਹੈ, ਸਾਰਿਆਂ ਲਈ ਨਹੀਂ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਾਡੀ ਝੋਲੀ ਵਿਚ ਉਹ ਧਰਮ ਪਾਇਐ, ਜੋ ਸਾਰਿਆਂ ਦਾ ਹੈ ਅਤੇ ਪ੍ਰਕ੍ਰਿਤੀ ਚਾਹੁੰਦੀ ਹੈ, ਪਰਮਾਤਮਾ ਚਾਹੁੰਦੈ, ਇਹ ਭੀ ਮੈਂ ਅਰਜ਼ ਕਰਾਂ। ਸ਼ਰਧਾਲੂ ਕਹਿੰਦੈ, ਮੈਂ ਕੁਝ ਭੀ ਨਹੀਂ, ਤੂੰ ਸਭ ਕੁਝ ਹੈਂ। ਤੂੰ ਮਹਾਨ ਹੈਂ, ਤੂੰ ਕਿਤਨਾ ਭੀ ਮੇਰੇ ਨਾਲ ਪਿਆਰ ਕਰੇਂ, ਇਹ ਤੇਰੀ ਰਹਿਮਤ ਹੈ, ਤੇਰੀ ਬਖ਼ਸ਼ਿਸ਼ ਹੈ। ਮੇਰੀ ਇਸ ਤਰ੍ਹਾਂ ਦੀ ਕੋਈ ਯੋਗਤਾ ਨਹੀਂ। ਮੇਰੇ ਕੋਲ ਤੇਰਾ ਰਸ ਹੈ, ਇਹ ਮੇਰੀ ਪਾਤਰਤਾ ਨਹੀਂ, ਇਹ ਤੇਰੀ ਬਖ਼ਸ਼ਿਸ਼ ਹੈ। ਮੇਰੇ ਕੋਲ ਤੇਰੇ ਗੁਣ ਹਨ, ਇਹ ਮੇਰੀ ਮਿਹਨਤ ਨਹੀਂ, ਤੇਰੀ ਰਹਿਮਤ ਹੈ। ਮੇਰੇ ਕੋਲ ਰਸ ਹੈ, ਆਨੰਦ ਹੈ, ਇਹ ਮੇਰਾ ਪ੍ਰਯਾਸ ਨਹੀਂ ਹੈ, ਤੇਰਾ ਪ੍ਰਸਾਦਿ ਹੈ, ਤੇਰੀ ਬਖ਼ਸ਼ਿਸ਼ ਹੈ, ਮੈਂ ਕੁਝ ਭੀ ਨਹੀਂ। ਮਨੁੱਖ ਕੁਝ ਹੈ, ਜਿਨ੍ਹਾਂ ਜਿਨ੍ਹਾਂ ਕਾਰਨਾਂ ਕਰਕੇ ਮਨੁੱਖ ਆਪਣੇ ਆਪ ਨੂੰ ਪ੍ਰਗਟ ਕਰਦੈ। ਭਾਈ ਗੁਰਦਾਸ ਜੀ ਦਾ ਇਕ ਸਵੱਯਾ ਚੇਤੇ ਆਇਐ, ਤੁਹਾਡੇ ਸਾਹਮਣੇ ਰੱਖਾਂ। ਉਹ ਕਹਿੰਦੇ ਹਨ ਕਿ ਮੇਰੇ ਕੋਲ ਐਹ ਭੀ ਨਹੀਂ, ਔਹ ਭੀ ਨਹੀਂ। ਜੋ ਕਹਿੰਦੈ ਕਿ ਮੈਂ ਹਾਂ ਕੁਝ, ਉਸ ਦੇ ਕੋਲ ਵੀ ਕੁਝ ਹੋਵੇਗਾ ਜਿਸ ਕਰਕੇ ਆਪਣੀ ਹੋਂਦ ਨੂੰ ਪ੍ਰਗਟ ਕਰਦੈ। ਜਿਨ੍ਹਾਂ ਜਿਨ੍ਹਾਂ ਕਰਕੇ ਮਨੁੱਖ ਆਪਣੀ ਹੋਂਦ ਨੂੰ ਪ੍ਰਗਟ ਕਰਦੈ ਕਿ ਮੇਰੇ ਕੋਲ ਐਹ ਹੈ, ਮੇਰੇ ਕੋਲ ਔਹ ਹੈ ਅਤੇ ਮੈਂ ਸਭ ਕੁਝ ਹਾਂ। ਭਾਈ ਗੁਰਦਾਸ ਜੀ ਦਾ ਇਕ ਸਵੱਯਾ ਸੁਣੋ। ਭਾਈ ਸਾਹਿਬ ਕਹਿੰਦੇ ਹਨ, ਰੂਪ-ਹੀਣ। ਹੁਣ ਜੋਬਨ ਦਾ, ਰੂਪ ਦਾ ਅਹੰਕਾਰ ਬੜਾ ਹੁੰਦੈ। ਰੂਪ ਦਾ, ਜਵਾਨੀ ਦਾ ਬੜਾ ਪ੍ਰਬਲ ਅਹੰਕਾਰ ਹੁੰਦੈ :

> ਰੂਪ-ਹੀਨ, ਕੁਲ-ਹੀਨ, ਗੁਨ-ਹੀਨ, ਗਿਆਨ-ਹੀਨ,
> ਸੋਭਾ-ਹੀਨ, ਭਾਗ-ਹੀਨ, ਤਪ-ਹੀਨ, ਬਾਵਰੀ॥ *(ਕਬਿੱਤ ਸਵੱਯੇ)*

ਕੋਈ ਮੇਰੇ ਕੋਲ ਰੂਪ ਨਹੀਂ। ਜੇ ਮੈਂ ਆਖਾਂ ਕਿ ਮੈਂ ਭੀ ਕੁਝ ਹਾਂ, ਮੇਰੀ ਕੁਲ ਭੀ ਉੱਚੀ ਨਹੀਂ, ਬਈ ਮੈਂ ਕੁਲ ਦਾ ਮਾਣ ਕਰਾਂ, "ਰੂਪ-ਹੀਨ, ਕੁਲ-ਹੀਨ, ਗੁਨ-ਹੀਨ, ਗਿਆਨ-ਹੀਨ", ਕੋਈ ਗੁਣ ਭੀ ਨਹੀਂ, ਕੋਈ ਗਿਆਨ ਭੀ ਨਹੀਂ, "ਸੋਭਾ-ਹੀਨ", ਕੋਈ ਮਾਣ ਵਡਿਆਈ ਭੀ ਨਹੀਂ, ਪ੍ਰਭੁਤਾ ਭੀ ਕੋਈ

ਨਹੀਂ, "ਸੋਭਾ-ਹੀਨ, ਭਾਗ-ਹੀਨ", ਮੇਰੀ ਕਿਸਮਤ ਭੀ ਕੋਈ ਚੰਗੀ ਨਹੀਂ, ਭਾਗ ਭੀ ਚੰਗੇ ਨਹੀਂ, "ਸੋਭਾ-ਹੀਨ, ਭਾਗ-ਹੀਨ, ਤਪ-ਹੀਨ, ਬਾਵਰੀ", ਫਿਰ ਸੂਝ ਤੇ ਸਮਝ ਭੀ ਕੋਈ ਨਹੀਂ, ਪਾਗਲਪਨ ਹੈ। ਦੂਸਰੀ ਪੰਗਤੀ ਵਿਚ ਫੁਰਮਾਉਂਦੇ ਹਨ:

ਦ੍ਰਿਸਟਿ ਦਰਸ-ਹੀਨ, ਸਬਦ-ਸੁਰਤਿ-ਹੀਨ,
ਬੁਧਿ-ਬਲ-ਹੀਨ, ਸੂਧੇ ਹਸਤ ਨ ਪਾਵ ਰੀ॥ *(ਕਬਿੱਤ ਸਵੱਯੇ)*

ਪ੍ਰਭੂ! ਤੈਨੂੰ ਵੇਖ ਸਕਾਂ, ਅੱਖਾਂ ਕੋਈ ਨਹੀਂ। ਤੈਨੂੰ ਸੁਣ ਸਕਾਂ, ਮੇਰੇ ਕੋਲ ਕੰਨ ਭੀ ਕੋਈ ਨਹੀਂ। ਤੇਰਾ ਦਾਮਨ ਪਕੜ ਸਕਾਂ, ਮੇਰੇ ਹੱਥ ਭੀ ਟੁੰਡੇ ਹਨ। ਤੇਰੇ ਦਰ ਤਕ ਪਹੁੰਚ ਸਕਾਂ, ਮੇਰੇ ਪੈਰ ਭੀ ਟੁੱਟੇ ਹੋਏ ਹਨ, ਪਿੰਗਲਾ ਹਾਂ। ਇਹ ਦੂਸਰੀ ਪੰਗਤੀ ਹੈ, "ਦ੍ਰਿਸਟਿ ਦਰਸ-ਹੀਨ", ਜਿਹਨਾਂ ਨੂੰ ਕੱਖ ਭੀ ਪਤਾ ਨਹੀਂ ਹੁੰਦਾ, ਬੜੇ ਗਿਆਨ ਦਾ ਦਾਅਵਾ ਕਰਦੇ ਹਨ। ਭਾਈ ਗੁਰਦਾਸ ਜਿਹਨਾਂ ਦਾ ਹਿਰਦਾ, ਪਤਾ ਨਹੀਂ ਕਿਤਨੀਆਂ ਗਿਆਨ ਦੀਆਂ ਨਦੀਆਂ ਉਨ੍ਹਾਂ ਦੇ ਹਿਰਦੇ ਵਿੱਚੋਂ ਨਿਕਲਦੀਆਂ ਹਨ, "ਦ੍ਰਿਸਟਿ ਦਰਸ-ਹੀਨ, ਸਬਦ-ਸੁਰਤਿ-ਹੀਨ ਬੁਧਿ-ਬਲ-ਹੀਨ, ਸੂਧੇ ਹਸਤ ਨ ਪਾਵ ਰੀ"। ਹੱਥ ਭੀ ਟੁੰਡੇ ਹਨ, ਪੈਰ ਭੀ ਲੰਗੜੇ ਹਨ, ਅਕਲ ਭੀ ਕੰਮ ਨਹੀਂ ਕਰਦੀ। ਦੇਖ ਸਕਾਂ, ਅੱਖਾਂ ਕੋਈ ਨਹੀਂ। ਸੁਣ ਸਕਾਂ, ਕੰਨ ਕੋਈ ਨਹੀਂ। ਇਕ ਨਿੱਕਾ ਜਿਹਾ ਨੁਕਤਾ ਹੋਰ ਰੱਖਾਂ ਤੁਹਾਡੇ ਸਾਹਮਣੇ। ਮਨੁੱਖ ਵੇਖ ਨਾ ਸਕੇ, ਸੁਣ ਨਾ ਸਕੇ, ਬੋਲ ਨਾ ਸਕੇ, ਚੱਲ ਨਾ ਸਕੇ, ਸਪਰਸ਼ ਨਾ ਕਰ ਸਕੇ, ਕੁਝ ਵੀ ਨਾ ਕਰ ਸਕੇ ਤਾਂ ਪੱਥਰ ਤੇ ਮਨੁੱਖ ਵਿਚ ਕੀ ਫ਼ਰਕ ਹੈ। ਪੱਥਰ ਵੇਖ ਨਹੀਂ ਸਕਦਾ, ਪੱਥਰ ਸੁਣ ਨਹੀਂ ਸਕਦਾ, ਪੱਥਰ ਬੋਲ ਨਹੀਂ ਸਕਦਾ, ਪੱਥਰ ਚੱਲ ਨਹੀਂ ਸਕਦਾ, ਪੱਥਰ ਕਿਸੇ ਦਾ ਦਾਮਨ ਨਹੀਂ ਪਕੜ ਸਕਦਾ। ਕਹਿੰਦੇ ਨੇ, ਮਹਾਤਮਾ ਬੁੱਧ ਦਾ ਹੀ ਚੇਲਾ ਸੀ ਜਿਸ ਨੇ ਚੀਨ ਵਿਚ ਬੋਧ ਧਰਮ ਫੈਲਾਇਆ, ਕਿਉਂਕਿ ਚੀਨ ਦਾ ਬਾਦਸ਼ਾਹ ਉਸ ਦੇ ਵੀਚਾਰਾਂ ਤੋਂ ਪ੍ਰਭਾਵਤ ਹੋ ਕੇ ਬੁੱਧਿਸਟ ਹੋ ਗਿਆ ਸੀ। ਇਕ ਦਿਨ ਪਹਾੜ ਦੀ ਤਲਹੱਟੀ 'ਤੇ ਬੈਠਾ ਸੀ, ਜਿਥੇ ਪੱਥਰਾਂ ਦਾ ਢੇਰ ਸੀ। ਰਾਜਾ ਲੰਘਿਆ ਘੋੜੇ 'ਤੇ, ਸ਼ਾਇਦ ਉਸ ਦਾ ਸ਼ੌਕ ਸੀ, ਉਦੋਂ ਉਹ ਲੰਘਦਾ ਸੀ ਸੈਰ ਸਪਾਟੇ ਲਈ, ਪਰ ਦੇਖ ਕੇ ਦੰਗ ਰਹਿ ਗਿਆ ਕਿ ਜਿਸ ਨੂੰ ਅਸੀਂ ਸੰਤ ਕਹਿੰਦੇ ਹਾਂ, ਮਹਾਨ ਕਹਿੰਦੇ ਹਾਂ, ਇਹ ਤਾਂ ਪਾਗਲ ਪਿਆ ਲੱਗਦੈ, ਪੱਥਰਾਂ ਨੂੰ ਸਮਝਾਂਦਾ ਪਿਐ। ਐਨੀਆਂ ਗਿਆਨ ਦੀਆਂ ਗੱਲਾਂ ਪੱਥਰਾਂ ਨੂੰ ਸੁਣਾ ਰਿਹੈ। ਰਾਜਾ ਘੋੜੇ ਤੋਂ ਉਤਰਿਆ। ਸੁਣਦਾ ਰਿਹਾ, ਸੁਣਦਾ ਰਿਹਾ। ਰਹਿ ਨਾ ਸਕਿਆ ਤੇ ਉਸ ਨੇ ਕਹਿ ਦਿੱਤਾ, ਸੰਤ ਜੀ! ਇਹ ਤਾਂ ਪੱਥਰ ਨੇ, ਕਥਾ ਕਰਨੀ ਹੈ ਤਾਂ ਮਨੁੱਖਾਂ ਨੂੰ ਸੁਣਾਓ, ਮੰਦਰ ਵਿਚ ਸਤਿਸੰਗੀਆਂ ਨੂੰ ਸੁਣਾਓ। ਪਤੈ ਉਸ ਭਿਖਸ਼ੂ ਨੇ ਕੀ ਆਖਿਆ ? ਮੈਂ

ਉਹਨਾਂ ਸਤਿਸੰਗੀਆਂ ਅਤੇ ਇਹਨਾਂ ਪੱਥਰਾਂ ਵਿਚ ਕੋਈ ਫ਼ਰਕ ਨਹੀਂ ਸਮਝਦਾ। ਮੇਰੀ ਕਥਾ ਨਾਲ ਨਾ ਇਹ ਪੱਥਰ ਬਦਲਦੇ ਹਨ, ਨਾ ਉਹ ਮਨੁੱਖ ਬਦਲਦੇ ਹਨ। ਦੋਵੇਂ ਇੱਕੋ ਜਿਹੇ ਹਨ। ਮੈਂ ਆਪਣਾ ਸ਼ੌਕ ਪੂਰਾ ਕਰ ਲੈਂਦਾ ਹਾਂ। ਮਨੁੱਖ ਨੂੰ ਸੁਣਾ ਦਿੱਤਾ ਜਾਂ ਪੱਥਰਾਂ ਨੂੰ ਸੁਣਾ ਦਿੱਤਾ। ਫਿਰ ਉਸ ਨੇ ਤਾਂ ਇਥੋਂ ਤਕ ਕਹਿ ਦਿੱਤਾ ਕਿ ਮੰਦਰਾਂ ਵਿਚ ਬਹੁਤ ਵੱਡੀ ਭੀੜ ਨੂੰ ਦੇਖ ਕੇ ਖ਼ਿਆਲ ਆ ਜਾਂਦੈ ਕਿ ਇਤਨੇ ਪੱਥਰ ਪਏ ਹਨ, ਐਨੇ ਪੱਥਰ ਬੈਠੇ ਹਨ, ਨਾ ਪ੍ਰਭੂ ਦਿਖਾਈ ਦਿੰਦੈ, ਨਾ ਸੁਣਾਈ ਦਿੰਦੈ, ਨਾ ਇਹਨਾਂ ਦੇ ਬੋਲ ਪ੍ਰਭੂ ਤਕ ਪਹੁੰਚਦੇ ਹਨ, ਨਾ ਪ੍ਰਭੂ ਨੂੰ ਕਦੀ ਸਪਰਸ਼ ਕੀਤੈ, ਨਾ ਕੋਈ ਰਸ ਮਾਣਿਐ, ਨਾ ਖੇੜਾ ਨਾ ਖ਼ੁਸ਼ੀ, ਗੱਲ ਬਿਲਕੁਲ ਸਹੀ ਲੱਗਦੀ ਹੈ, "ਦ੍ਰਿਸਟਿ ਦਰਸ-ਹੀਨ, ਸਬਦ-ਸੁਰਤਿ-ਹੀਨ, ਬੁਧਿ ਬਲ-ਹੀਨ, ਸੂਧੇ ਹਸਤ ਨ ਪਾਵ ਰੀ"। ਤੀਸਰੀ ਪੰਗਤੀ ਵਿਚ ਕਹਿੰਦੇ ਹਨ :

ਪ੍ਰੀਤ-ਹੀਨ, ਰੀਤਿ-ਹੀਨ, ਭਾਇ ਭੈ ਪ੍ਰਤੀਤ-ਹੀਨ,
ਚਿਤ-ਹੀਨ, ਬਿਤ-ਹੀਨ, ਸਹਜ ਸੁਭਾਵ ਰੀ॥ *(ਕਬਿੱਤ ਸਵੱਯੇ)*

ਅੰਦਰ ਪਿਆਰ ਭੀ ਕੋਈ ਨਹੀਂ ਤੇ ਪਿਆਰ ਦੀ ਰੀਤੀ ਭੀ ਕੋਈ ਨਹੀਂ, "ਪ੍ਰੀਤ-ਹੀਨ, ਰੀਤਿ-ਹੀਨ, ਭਾਇ ਭੈ ਪ੍ਰਤੀਤ-ਹੀਨ", ਵਿਸ਼ਵਾਸ ਭੀ ਨਹੀਂ ਹੈ, ਭਰੋਸਾ ਭੀ ਨਹੀ ਹੈ। ਪੂਜਾ ਕਰ ਰਿਹੈ। ਜਿਸ ਦੀ ਪੂਜਾ ਕਰ ਰਿਹੈ, ਉਸ 'ਤੇ ਭਰੋਸਾ ਨਹੀਂ। ਬਚਨ ਸੁਣ ਰਿਹਾ ਹੈ, ਜਿਸ ਪ੍ਰਭੂ ਦੇ, ਜਿਸ ਗੁਰੂ ਦੇ, ਉਸ 'ਤੇ ਭਰੋਸਾ ਨਹੀਂ। ਜਿਸਦਾ ਕੀਰਤਨ ਸੁਣ ਰਹੇ ਹਾਂ, ਜਿਸਦਾ ਕੀਰਤਨ ਕਰ ਰਹੇ ਹਾਂ, ਉਸ 'ਤੇ ਭਰੋਸਾ ਨਹੀਂ, ਕੋਈ ਪ੍ਰਤੀਤ ਨਹੀਂ, ਕੋਈ ਵਿਸ਼ਵਾਸ ਨਹੀਂ। ਜਿਸ ਦਾ ਪਾਠ ਕਰ ਰਹੇ ਹਾਂ, ਉਸ 'ਤੇ ਕੋਈ ਭਰੋਸਾ ਨਹੀਂ। ਜਿਸ ਨੂੰ ਮੱਥਾ ਟੇਕ ਰਹੇ ਹਾਂ, ਉਸ 'ਤੇ ਕੋਈ ਭਰੋਸਾ ਨਹੀਂ। ਤੁਸੀਂ ਆਖੋਗੇ ਕਿ ਭਰੋਸਾ ਹੈ, ਤਾਂ ਹੀ ਮੱਥਾ ਟੇਕਦੇ ਹਾਂ, ਬਿਲਕੁਲ ਗ਼ਲਤ ਹੈ। ਗ਼ੁਸਤਾਖ਼ੀ ਮਾਫ਼, ਭਰੋਸਾ ਹੈ, ਤਾਂ ਹੀ ਕੀਰਤਨ ਕਰਦੇ ਹਾਂ, ਬਿਲਕੁਲ ਗ਼ਲਤ ਹੈ। ਭਰੋਸਾ ਹੈ ਤਾਂ ਹੀ ਕਥਾ ਕਰਦੇ ਹਾਂ ਜਾਂ ਸੁਣਦੇ ਹਾਂ। ਪਰ ਨਹੀਂ, ਭਰੋਸਾ ਬਣ ਸਕੇ, ਇਸ ਕਰਕੇ ਕਥਾ ਸੁਣਦੇ ਹਾਂ, ਬਣ ਜਾਏ, ਭਰੋਸਾ ਨਹੀਂ ਹੁੰਦਾ। ਨਾ ਕੀਰਤਨ ਕਰਨ ਵਾਲਿਆਂ ਦਾ ਭਰੋਸਾ ਹੁੰਦੈ, ਨਾ ਸੁਣਨ ਵਾਲਿਆਂ ਦਾ, ਇਹ ਭੀ ਮੈਂ ਅਰਜ਼ ਕਰ ਦਿਆਂ। ਅਗਲੀਆਂ ਸਤਰਾਂ ਵਿਚ ਭਾਈ ਗੁਰਦਾਸ ਜੀ ਕਥਨ ਕਰਦੇ ਹਨ :

ਅੰਗ ਅੰਗ ਹੀਨ, ਦੀਨਾ-ਧੀਨ, ਪਰਾਚੀਨ ਲਗਿ,
ਚਰਨ ਸਰਨਿ ਕੈਸੇ ਪ੍ਰਾਪਤਿ ਹੁਇ ਰਾਵਰੀ॥੨੨੦॥ *(ਕਬਿੱਤ ਸਵੱਯੇ)*

ਸਭ ਅੰਗ ਟੁੱਟੇ ਹੋਏ ਹਨ, ਨਾ ਹੱਥ, ਨਾ ਪੈਰ, ਨਾ ਅੱਖਾਂ, ਨਾ ਕੰਨ, ਨਾ ਜ਼ਬਾਨ। ਮਨੁੱਖ ਕੋਲ ਕੰਨ ਹੋਣਗੇ ਤਾਂ ਪੁੱਤਰ ਨੂੰ ਸੁਣ ਸਕਦੇ ਨੇ, ਮਿੱਤਰ

ਨੂੰ ਸੁਣ ਸਕਦੇਂ ਨੇ, ਪਤਨੀ ਨੂੰ ਸੁਣ ਸਕਦੇ ਨੇ, ਪਤੀ ਨੂੰ ਸੁਣ ਸਕਦੇ ਨੇ। ਮਨੁੱਖ ਕੋਲ ਉਹ ਕੰਨ ਹੀ ਨਹੀਂ ਜੋ ਗੁਰੂ ਨੂੰ ਸੁਣ ਸਕਣ, ਨਹੀਂ ਹਨ। ਬੋਲਦਾ ਹੋਵੇਗਾ, ਇਸ ਦੇ ਬੋਲ ਪੁੱਤਰਾਂ ਤਕ ਪਹੁੰਚਦੇ ਹੋਣਗੇ, ਮਿੱਤਰਾਂ ਤਕ ਪਹੁੰਚਦੇ ਹੋਣਗੇ, ਪਤੀ ਤਕ ਪਹੁੰਚਦੇ ਹੋਣਗੇ, ਪਤਨੀ ਤਕ ਪਹੁੰਚਦੇ ਹੋਣਗੇ, ਪਰ ਇਸ ਦੇ ਬੋਲ ਪਰਮਾਤਮਾ ਤਕ ਨਹੀਂ ਪਹੁੰਚਦੇ, ਨਹੀਂ ਪਹੁੰਚਦੇ। ਸਾਡੇ ਵਿੱਚੋਂ ਕਿਸੇ ਦੇ ਬੋਲ ਰਾਜ ਦਰਬਾਰ ਵਿਚ ਪਹੁੰਚਦੇ ਹਨ ਤਾਂ ਅਸੀਂ ਕਹਿੰਦੇ ਹਾਂ ਕਿ ਬੜਾ ਵੱਡਾ ਬੰਦਾ ਹੈ, ਇਹਦੇ ਬੋਲ ਤਾਂ ਰਾਜ ਘਰਾਣੇ ਵਿਚ ਭੀ ਸੁਣੇ ਜਾਂਦੇ ਹਨ, ਇਹਦੇ ਬੋਲ ਤਾਂ ਰਾਜ ਦਰਬਾਰ ਵਿਚ ਭੀ ਚਲਦੇ ਹਨ, ਉਹ ਭੀ ਮੰਨਦੇ ਨੇ। ਪਰ ਦੁਨੀਆਂ ਵਿਚ ਕਦੀ ਕਦਾਈਂ ਕੁਝ ਇਸ ਤਰ੍ਹਾਂ ਦੇ ਮਨੁੱਖ ਭੀ ਹੁੰਦੇ ਹਨ, ਜਿਨ੍ਹਾਂ ਦੇ ਬੋਲ ਪਰਮਾਤਮਾ ਦੇ ਦਰਬਾਰ ਵਿਚ ਭੀ ਚੱਲਦੇ ਹਨ:

ਜਾ ਕਾ ਕਹਿਆ ਦਰਗਹ ਚਲੈ॥ *(ਗਉੜੀ ਮ: ੫, ਪੰਨਾ 186)*

ਜਿਹਦਾ ਬੋਲਿਆ ਹੋਇਆ ਬੋਲ ਦਰਗਾਹ ਵਿਚ ਭੀ ਚਲਦੈ, ਪਰਮਾਤਮਾ ਭੀ ਨਹੀਂ ਮੋੜਦਾ, ਪਰਮਾਤਮਾ ਭੀ ਸੁਣਦੈ। ਧੰਨ ਗੁਰੂ ਨਾਨਕ ਦਾ ਇਕ ਬੋਲ ਸੁਣ ਲਵੋ, ਸਤਿਗੁਰੂ ਕਹਿੰਦੇ ਨੇ:

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥

(ਤਿਲੰਗ ਮਹਲਾ ੧, ਪੰਨਾ 721)

ਐ ਮੇਰੇ ਕਰਤਾਰ! ਕੰਨ ਇਧਰ ਕਰ, ਐਵੇਂ ਨਹੀਂ ਮੈਂ ਅਰਜ਼ ਕਰਨੀ, ਤੇਰੇ ਕੰਨ ਵਿਚ ਪਾਉਣੀ ਹੈ, ਤੈਨੂੰ ਸੁਨਾਣੈ, ਗੋਸ ਕੰਨ ਨੂੰ ਕਹਿੰਦੇ ਹਨ, "ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ"। ਮੇਰੇ ਕੰਨ ਵਿਚ ਕਿਉਂ ਪਾਉਣਾ ਚਾਹੁੰਦੈ ? ਇਹ ਅਰਜ਼ੋਈ ਮੈਨੂੰ ਕਿਉਂ ਸੁਣਾਨਾ ਚਾਹੁੰਦੈ ? ਸਾਹਿਬ ਕਹਿੰਦੇ ਹਨ:

ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ॥

(ਤਿਲੰਗ ਮਹਲਾ ੧, ਪੰਨਾ 721)

ਕਬੀਰ ਕਹਿੰਦੇ ਨੇ ਪੁਰਾਣੇ ਨੂੰ, ਵੱਡੇ ਨੂੰ, ਤੂੰ ਕਬ਼ੀਰੀ ਹੈਂ, ਪੁਰਾਣਾ ਹੈਂ, ਆਦੀ ਹੈਂ, ਵੱਡਾ ਹੈ, ਫਿਰ ਤੂੰ ਬਖ਼ਸ਼ਿੰਦ ਹੈਂ, ਕਰੀਮ ਹੈਂ, ਰਹੀਮ ਹੈਂ, "ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ"। ਫਿਰ ਤੇਰੇ ਵਿਚ ਕੋਈ ਐਬ ਨਹੀਂ, ਤੂੰ ਬੇਦਾਗ਼ ਹੈਂ, ਪਾਵਨ ਹੈਂ, ਪਵਿੱਤਰ ਹੈਂ। ਇਸ ਵਾਸਤੇ ਤੈਨੂੰ ਹੀ ਅਰਜ਼ੋਈ ਕਰਨੀ ਹੈ, ਹੋਰ ਕਿਸੇ ਨੂੰ ਨਹੀਂ। ਇਸ ਵਾਸਤੇ ਤੇਰੇ ਕੰਨਾਂ ਵਿਚ ਮੈਂ ਬੋਲ ਪਾਉਣੇ ਨੇ, ਹੋਰ ਪਾਸੇ ਨਹੀਂ। ਜਿਵੇਂ ਜਿਵੇਂ ਕੋਈ ਦਿਲ ਦੀ ਗਹਿਰਾਈ ਵਿਚ ਭਰੋਸੇ ਨਾਲ ਪ੍ਰਭੂ ਦਾ ਚਿੰਤਨ ਕਰਦੈ, ਮਿਟਣਾ ਸ਼ੁਰੂ ਹੁੰਦੈ, ਉਸ ਨੂੰ ਮਹਿਸੂਸ ਹੁੰਦੈ ਅਤੇ ਉਹ ਕਹਿੰਦਾ ਭੀ ਜਾਂਦੈ ਕਿ ਮੈਂ ਕੁਝ ਭੀ ਨਹੀਂ, ਮੈਂ ਕੁਝ ਭੀ ਨਹੀਂ। ਇਹ

ਜਿਹੜੇ ਆਮ ਲੋਕ ਕਹਿੰਦੇ ਨੇ, ਯਕੀਨ ਜਾਣੋ, ਉਹਨਾਂ ਦਾ ਕਹਿਣਾ ਭੀ ਸਿਵਾਏ ਅਹੰਕਾਰ ਤੋਂ ਕੁਝ ਨਹੀਂ ਹੁੰਦਾ। ਅਸੀਂ ਜੀ ਦਾਸਨ ਦਾਸ ਹਾਂ। ਕਹਿੰਦੇ ਨੇ, ਅਸੀਂ ਤਾਂ ਚਰਨਾਂ ਦੀ ਧੂੜ ਹਾਂ, ਪਰ ਥੋੜੀ ਜਿਹੀ ਮਾਣ ਵਡਿਆਈ ਦੀ ਪਵਨ ਚਲ ਪਵੇ, ਇਹ ਚਰਨਾਂ ਦੀ ਧੂੜ ਸਿੱਧੀ ਸਿਰ ਉਪਰ ਆ ਜਾਂਦੀ ਹੈ, ਕੱਪੜਿਆਂ 'ਤੇ ਪੈ ਜਾਂਦੀ ਹੈ। ਹੱਥ ਜੋੜ ਕੇ ਦਾਸਨ ਦਾਸ ਕਹਿਣਾ, ਪਰ ਵਿਵਹਾਰ ਵਿਚ, ਆਚਾਰ ਵਿਚ ਦਾਸਨ ਦਾਸ ਪ੍ਰਗਟ ਹੋਣਾ, ਇਹ ਗੱਲ ਕੁਝ ਹੋਰ ਹੈ। ਇਕ ਦੂਸਰਾ ਨੁਕਤਾ ਭੀ ਮੈਂ ਅਰਜ਼ ਕਰਾਂ, ਪਰਮਾਤਮਾ ਦੇ ਮਾਰਗ 'ਤੇ ਚਲ ਕੇ, ਜੇਕਰ ਨਹੀਂ ਭੀ ਕੁਝ ਮਿਲਿਆ, ਤਾਂ ਭੀ ਅਨੁਭਵ ਹੁੰਦੈ ਕਿ ਬਹੁਤ ਕੁਝ ਮਿਲ ਗਿਐ। ਨਹੀਂ ਮਿਲਿਆ ਪ੍ਰਭੂ ਤੇ ਨਾ ਸਹੀ, ਉਸ ਦੀ ਪਿਆਸ ਤਾਂ ਮਿਲ ਗਈ, ਉਸ ਦੀ ਤੜਪ ਤਾਂ ਮਿਲ ਗਈ, ਐਨਾ ਹੀ ਕਾਫ਼ੀ ਹੈ। ਸੰਸਾਰ ਦੇ ਮਾਰਗ 'ਤੇ ਚਲ ਕੇ ਬਹੁਤ ਕੁਝ ਪ੍ਰਾਪਤ ਹੋ ਗਿਐ ਅਤੇ ਬਹੁਤ ਕੁਝ ਪ੍ਰਾਪਤ ਕਰ ਕੇ ਭੀ ਅਨੁਭਵ ਇਹੀ ਹੁੰਦੈ ਕਿ ਝੋਲੀ ਖ਼ਾਲੀ ਹੈ, ਕੱਖ ਭੀ ਨਹੀਂ ਮਿਲਿਆ, ਕੁਝ ਭੀ ਨਹੀਂ ਮਿਲਿਆ। ਪਰਮਾਤਮਾ ਦੇ ਮਾਰਗ 'ਤੇ ਚੱਲ ਕੇ ਭਾਵੇਂ ਕੁਝ ਭੀ ਨਹੀਂ ਮਿਲਿਆ, ਫਿਰ ਭੀ ਬਹੁਤ ਕੁਝ ਮਿਲ ਜਾਂਦਾ ਹੈ। ਇਸ ਵਾਸਤੇ ਵੱਡੇ ਵੱਡੇ ਅਨੁਭਵੀਆਂ ਨੇ ਕਿਹੈ, ਕੋਈ ਗੱਲ ਨਹੀਂ, ਨਹੀਂ ਮਿਲਿਆ ਤੂੰ ਤਾ ਨਾ ਸਹੀ, ਤੇਰੀ ਤੜਪ ਤਾਂ ਮਿਲ ਗਈ, ਤੇਰੀ ਪਿਆਸ ਤਾਂ ਮਿਲ ਗਈ, ਇਹੀ ਕਾਫ਼ੀ ਹੈ। ਪਿਆਸ ਪਾਣੀ ਦੀ, ਭੁੱਖ ਭਜਨ ਦੀ ਹਮੇਸ਼ਾ ਤੜਫਾਂਦੀ ਹੈ, ਰੁਲਾਂਦੀ ਹੈ। ਰਸ ਨਹੀਂ ਹੁੰਦਾ ਤਾਂ ਭੁੱਖ ਵਿਚ ਦੁੱਖ ਹੁੰਦੈ। ਹਰ ਭੁੱਖ ਵਿਚ ਦੁੱਖ ਹੁੰਦੈ, ਪਰ ਪਿਆਸ ਵਿਚ ਤਕਲੀਫ਼ ਹੁੰਦੀ ਹੈ। ਇੱਕੋ ਹੀ ਪਿਆਸ ਹੈ ਪਰਮਾਤਮਾ ਦੀ। ਤੜਪ ਵਿਚ ਅਨੰਦ ਭੀ ਬੜਾ ਹੈ। ਭੁੱਖ ਵਿਚ ਨਿਰਾ ਦੁੱਖ ਨਹੀਂ ਹੈ, ਖੇੜਾ ਭੀ ਬੜਾ ਹੈ। ਦੁਨੀਆਂ ਦੀ ਇੱਕੋ ਹੀ ਭੁੱਖ ਹੈ, ਪ੍ਰਭੂ ਦੇ ਨਾਮ ਦੀ ਭੁੱਖ, ਜੋ ਕਲੇਸ਼ ਨਹੀਂ ਰੱਖਦੀ, ਅਨੰਦ ਹੀ ਅਨੰਦ ਰੱਖਦੀ ਹੈ। ਕਿਸੇ ਨੂੰ ਲੱਗ ਪਏ ਸਹੀ ਇਹ ਭੁੱਖ, ਦੁੱਖ ਤਾਂ ਸਾਰੇ ਹੀ ਮਿਟ ਜਾਂਦੇ ਹਨ। ਭੋਜਨ ਦੀ ਭੁੱਖ ਤਾਂ ਦੁੱਖ ਨੂੰ ਜਨਮ ਦੇਵੇਗੀ। ਪੁੱਤਰ ਦੀ ਭੁੱਖ ਹੈ, ਪ੍ਰਭੁਤਾ ਦੀ ਭੁੱਖ ਹੈ, ਧਨ ਸੰਪਦਾ ਦੀ ਭੁੱਖ ਹੈ, ਹਰ ਭੁੱਖ ਦੁੱਖ ਨੂੰ ਜਨਮ ਦੇਵੇਗੀ। ਇੱਕੋ ਹੀ ਭੁੱਖ ਹੈ ਪ੍ਰਭੂ ਦੇ ਨਾਮ ਦੀ, ਕਿਧਰੇ ਪੈਦਾ ਹੋ ਜਾਏ ਤਾਂ ਸਭ ਦੁੱਖ ਤਕਲੀਫ਼ਾਂ ਮਿਟ ਜਾਂਦੀਆਂ ਹਨ:

ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ॥

(ਰਾਮਕਲੀ ਮ: ੩, ਅਨੰਦੁ, ਪੰਨਾ 917)

ਮੈਂ ਫਿਰ ਇਕ ਦਫ਼ਾ ਦੁਹਰਾਵਾਂ, ਸ਼ਾਇਦ ਕਿਸੇ ਅਨੁਭਵੀ ਦੀ ਪਕੜ ਵਿਚ ਆ ਜਾਏ। ਸੰਸਾਰ ਦੇ ਮਾਰਗ 'ਤੇ ਚੱਲ ਚੱਲ ਕੇ ਭਾਵੇਂ ਬਹੁਤ ਕੁਝ ਪ੍ਰਾਪਤ ਹੋ ਭੀ ਜਾਏ, ਪਰ ਨਤੀਜੇ ਵਜੋਂ ਆਖ਼ਰ ਵਿਚ ਸਾਹਮਣੇ ਇਹੀ ਆਉਂਦੈ ਕਿ

ਝੋਲੀ ਖ਼ਾਲੀ ਹੈ, ਕੁਝ ਭੀ ਨਹੀਂ। ਸਭ ਕੁਝ ਪ੍ਰਾਪਤ ਕਰ ਲੈਣ ਦਾ ਬਸ ਇਹੀ ਇਕ ਲਾਭ ਹੈ ਕਿ ਅਖ਼ੀਰ ਵਿਚ ਪਤਾ ਚਲਦੈ ਕਿ ਕੱਖ ਭੀ ਨਹੀਂ। ਸੰਸਾਰ ਦੇ ਮਾਰਗ 'ਤੇ ਚੱਲ ਕੇ ਬੜੀ ਸਾਧਨਾ, ਮਿਹਨਤ ਕਰ ਕੇ ਬਹੁਤ ਕੁਝ ਪ੍ਰਾਪਤ ਕਰ ਕੇ, ਆਖ਼ਰ ਅਨੁਭਵ ਵਿਚ ਜਿਹੜੀ ਗੱਲ ਆਉਂਦੀ ਹੈ, ਉਹ ਇੱਕੋ ਹੈ ਕਿ ਕੁਝ ਭੀ ਨਹੀਂ ਮਿਲਿਆ। ਪਰਮਾਤਮਾ ਦੇ ਮਾਰਗ 'ਤੇ ਚੱਲ ਚੱਲ ਕੇ ਭਾਵੇਂ ਕੁਝ ਭੀ ਨਾ ਮਿਲਿਆ ਹੋਵੇ, ਯਕੀਨ ਜਾਣੋ, ਫਿਰ ਭੀ ਬਹੁਤ ਕੁਝ ਮਿਲ ਜਾਂਦਾ ਹੈ। ਇਸੇ ਨੂੰ ਹੀ ਮੇਰੇ ਪਾਤਸ਼ਾਹ ਨੇ ਕਿਹੈ :

ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ ॥

(ਸੂਹੀ ਮ: ੫, ਪੰਨਾ 784)

ਜਿਵੇਂ ਕੋਈ ਪਰਮਾਤਮਾ ਦੇ ਮਾਰਗ ਉੱਤੇ ਚੱਲਣਾ ਸ਼ੁਰੂ ਹੁੰਦੈ, ਕੁਝ ਨਾ ਕੁਝ ਹੋਣਾ ਸ਼ੁਰੂ ਹੋ ਜਾਂਦਾ ਹੈ। ਸਤਿਗੁਰੂ ਨੇ ਬੜਾ ਨਿਰਮਾਣ ਸ਼ਬਦ ਸਾਨੂੰ ਦਿੱਤੈ। ਤੂੰ ਮਰਦੇ ਦਮ ਤਕ ਸਿਖਣੈ, ਤੂੰ ਕੁਝ ਭੀ ਨਹੀਂ, ਤੂੰ ਕਬੂਲ ਕਰ ਕਿ ਮੈਂ ਕੁਝ ਭੀ ਨਹੀਂ ਜਾਣਦਾ। ਗਿਆਨ ਦਾ ਭੀ ਬੜਾ ਭਾਰੀ ਅਹੰਕਾਰ ਹੁੰਦੈ। ਮੈਂ ਕੁਝ ਭੀ ਨਹੀਂ ਜਾਣਦਾ, ਮੇਰੇ ਕੋਲ ਕੁਝ ਭੀ ਨਹੀਂ, ਮੈਂ ਤੇ ਸਿੱਖ ਹਾਂ, ਸਿੱਖਣਾ ਚਾਹੁੰਦਾ ਹਾਂ। ਬੇਇਲਮ ਹਾਂ। ਬੜਾ ਨਿਰਮਾਣ ਸ਼ਬਦ ਦਿੱਤਾ ਸੀ, ਕਿਉਂਕਿ ਸਤਿਗੁਰਾਂ ਨੂੰ ਪਤਾ ਸੀ ਕਿ ਅਗਾਂਹ ਚਲ ਕੇ ਮਨੁੱਖ ਦਾ ਅਹੰਕਾਰ ਵਧ ਜਾਏਗਾ, ਕਿਉਂਕਿ ਗਿਆਨ ਵਧ ਜਾਏਗਾ, ਧਨ ਸੰਪਦਾ ਵਧ ਜਾਏਗੀ, ਇਸ ਨਾਲ ਅਹੰਕਾਰ ਹੋਰ ਵੀ ਵਧ ਜਾਏਗਾ। ਇਸ ਤਰ੍ਹਾਂ ਦੇ ਪੁਰਸ਼ ਬੜੇ ਦੂਰ-ਦ੍ਰਿਸ਼ਟ ਹੁੰਦੇ ਹਨ, ਬੜਾ ਦੂਰ ਤਕ ਦੇਖਦੇ ਹਨ। ਅਹੰਕਾਰ ਗਿਆਨ ਦਾ ਹੁੰਦੈ, ਅਹੰਕਾਰ ਧਨ ਦਾ ਹੁੰਦੈ। ਇਹ ਤਾਂ ਸੰਸਾਰ ਵਿਚ ਬਹੁਤ ਵਧ ਗਿਐ, ਪਹਿਲੇ ਨਹੀਂ ਸੀ ਇਤਨਾ। ਸੋ ਅਹੰਕਾਰ ਭੀ ਬਹੁਤ ਵਧ ਗਿਐ। ਸਤਿਗੁਰੂ ਨੇ ਨਾਮ ਦਿੱਤਾ, ਕੌਮੀ ਨਾਮ ਦਿੱਤਾ ਸਿੱਖ, ਤੂੰ ਅਜੇ ਭੀ ਸਿੱਖਣੈ, ਸਿੱਖਣ ਨੂੰ ਬਹੁਤ ਕੁਝ ਹੈ। ਤੂੰ ਅਜੇ ਭੀ ਪੂਰਾ ਨਹੀਂ ਸਿੱਖਿਆ, ਤੂੰ ਬੇਇਲਮ ਹੈ, ਕਬੂਲ ਕਰ ਕਿ ਮੈਂ ਅਜੇ ਕੁਝ ਨਹੀਂ ਜਾਣਦਾ, ਐਹ ਭੀ ਨਹੀਂ ਜਾਣਦਾ, ਔਹ ਭੀ ਨਹੀਂ ਜਾਣਦਾ। ਜਾਣਦਾ ਹਾਂ ਮੈਂ ਕਿ ਮੈਂ ਸਿੱਖ ਹਾਂ। ਮੈਂ ਕੁਝ ਭੀ ਨਹੀਂ, ਤੂੰ ਸਭ ਕੁਝ ਹੈਂ। ਇਹ ਸ਼ਰਧਾ ਮਨੁੱਖ ਨੂੰ ਦੇਵਤਾ ਬਣਾ ਦਿੰਦੀ ਹੈ, ਉਸ ਦਾ ਹਿਰਦਾ ਪ੍ਰਕਾਸ਼ਮਈ ਹੋ ਜਾਂਦਾ ਹੈ। ਦੇਵਤਾ ਉਸ ਨੂੰ ਕਹਿੰਦੇ ਹਨ ਜਿਸ ਦੀ ਮੌਤ ਪਸ਼ੂ ਬਿਰਤੀ ਵਿਚ ਹੋਈ ਹੈ, ਅਗਲਾ ਜਨਮ ਪਸ਼ੂ ਦਾ ਹੋ ਸਕਦੈ। ਜਿਸ ਦੀ ਮੌਤ ਮਨੁੱਖ ਬਿਰਤੀ ਵਿਚ ਹੋਈ ਹੈ, ਅਗਲਾ ਜਨਮ ਉਸ ਦਾ ਮਨੁੱਖ ਦਾ ਹੋ ਸਕਦੈ। ਜਿਸਦੀ ਮੌਤ ਦੇਵ ਖਿਰਤੀ ਵਿਚ ਹੋਈ ਹੈ, ਅਗਲਾ ਜਨਮ ਉਸ ਦਾ ਦੇਵਤਾ ਦਾ ਹੋ ਸਕਦੈ, ਦੇਵ ਦਾ ਹੋ ਸਕਦੈ ਅਤੇ ਮੌਤ ਜਿਸ ਦੀ ਪਰਮਾਤਮਾ ਵਿਚ ਹੋਈ ਹੈ, ਭਗਤੀ ਵਿਚ ਹੋਈ ਹੈ, ਉਸ ਦਾ

ਜਨਮ-ਮਰਨ ਸਾਰਾ ਹੀ ਕੱਟਿਆ ਗਿਆ, ਅਗਲਾ ਜਨਮ ਕੋਈ ਹੁੰਦਾ ਹੀ ਨਹੀਂ। ਮਨੁੱਖ ਦੀ ਜਦ ਮੌਤ ਹੁੰਦੀ ਹੈ ਤਾਂ ਉਸ ਦਾ ਮਾਨਸਿਕ ਮੰਡਲ ਕਿਸ ਪੜਾਓ 'ਤੇ ਹੈ, ਉਸ ਮੁਤਾਬਕ ਉਸ ਦਾ ਅਗਲਾ ਜਨਮ ਹੁੰਦੈ। ਸ਼ਰਧਾ ਮਨੁੱਖ ਨੂੰ ਦੇਵਤਾ ਬਣਾ ਦਿੰਦੀ ਹੈ। ਸ਼ਰਧਾ ਵਿਚ ਕੀ ਹੁੰਦੈ ? ਤੂੰ ਮਹਾਨ ਹੈਂ, ਮੈਂ ਕੁਝ ਭੀ ਨਹੀਂ। ਰੋਜ਼ ਰੋਜ਼ ਸ਼ਰਧਾਲੂ ਮਨੁੱਖ ਐਸਾ ਹੁੰਦਾ ਜਾ ਰਿਹੈ, ਮੈਂ ਕੁਝ ਭੀ ਨਹੀਂ, ਮੈਂ ਕੁਝ ਭੀ ਨਹੀਂ:

ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥ *(ਬਿਲਾਵਲੁ ਮ: ੫, ਪੰਨਾ 827)*

ਮੈਂ ਕੁਝ ਭੀ ਨਹੀਂ:

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥

(ਸਲੋਕ ਕਬੀਰ ਜੀ, ਪੰਨਾ 1375)

ਹੈ ਹੀ ਨਹੀਂ ਕੁਝ ਆਪਣਾ, ਹੈ ਹੀ ਨਹੀਂ ਕੁਝ ਮੇਰਾ। ਮੈਂ ਕੁਝ ਭੀ ਨਹੀਂ, ਮੈਂ ਕੁਝ ਭੀ ਨਹੀਂ। ਇਹ ਬਿਰਤੀ ਮਨੁੱਖ ਨੂੰ ਦੇਵਤਾ ਬਣਾ ਦਿੰਦੀ ਹੈ। ਪਰ ਜੇ ਜਪ ਉਸ ਦਾ ਜ਼ਾਹਰੀ ਹੈ, ਸੁਰਤ ਉਸ ਦੀ ਰਵਾਨੀ ਹੈ, ਅਧਿਆਤਮਿਕ ਮੰਡਲ ਦੀ ਉਡਾਰ ਚਲ ਰਹੀ ਹੈ ਤੇ ਚੌਥਾ ਸੰਬੰਧ ਜੋ ਮਨੁੱਖ ਬਣਾਉਂਦੈ, ਉਹ ਭਗਤੀ ਦਾ ਹੈ। ਸ਼ਰਧਾ ਮਾਂ 'ਤੇ ਭੀ ਹੋ ਸਕਦੀ ਹੈ, ਠੀਕ ਹੈ ਤੂੰ ਮਹਾਨ ਸਹੀ, ਤੂੰ ਫਿਰ ਵੀ ਮੇਰੀ ਜਨਨੀ ਹੈਂ, ਮਾਂ ਹੈਂ। ਮੈਨੂੰ ਤਾਂ ਚੰਗੀ ਤਰ੍ਹਾਂ ਯਾਦ ਹੈ, ਇਥੇ ਨੇੜੇ ਹੀ ਸ਼ਹਿਰ ਵਿਚ ਚੌਥੀ ਕਲਾਸ ਦਾ ਬੱਚਾ ਦਾਦੇ ਨੂੰ ਕਹਿ ਰਿਹਾ ਸੀ, ਦਾਦਾ ਜੀ! ਤੁਸੀਂ ਤਾਂ ਪਹਿਲੀ ਕਲਾਸ ਪੜ੍ਹੇ ਹੋ, ਪਰ ਆਪਾਂ ਚੌਥੀ ਪਾਸ ਹੋ ਗਏ ਹਾਂ। ਤੁਹਾਥੋਂ ਅੱਗੇ ਲੰਘ ਗਏ ਹਾਂ, ਮੈਂ ਅੱਗੇ, ਤੁਸੀਂ ਤਾਂ ਅਨਪੜ੍ਹ। ਹੁਣ ਦਾਦੇ 'ਤੇ ਸ਼ਰਧਾ ਕਿਵੇਂ ਕਰੇ, ਇਹ ਤਾਂ ਚੌਥੀ ਪਾਸ ਹੋ ਗਿਆ ਹੈ, ਦਾਦਾ ਪਹਿਲੀ ਪਾਸ ਭੀ ਨਹੀਂ ਹੈ। ਸ਼ਰਧਾ, ਮੈਂ ਕੁਝ ਭੀ ਹੋ ਜਾਵਾਂ, ਤੂੰ ਫਿਰ ਭੀ ਮਹਾਨ ਹੈਂ, ਕਿਉਂਕਿ ਤੇਰੇ ਕਰਕੇ ਮੈਂ ਹਾਂ, ਮੇਰੇ ਕਰਕੇ ਤੂੰ ਨਹੀਂ ਹੈਂ। ਸ਼ਰਧਾ ਮਨੁੱਖ ਨੂੰ ਇਸ ਤਰ੍ਹਾਂ ਬਣਾਉਂਦੀ ਹੈ। ਤੂੰ ਮਹਾਨ ਹੈਂ, ਤੂੰ ਵੱਡਾ ਹੈਂ, ਤੂੰ ਸਮਰੱਥ ਹੈਂ, ਇਹ ਸੰਬੰਧ ਹੈ ਸ਼ਰਧਾ ਦਾ। ਭਗਤੀ ਦੇ ਸੰਬੰਧ ਵਿਚ ਵੱਡਾ ਛੋਟਾ ਮਿਟ ਜਾਂਦਾ ਹੈ। ਇਕ ਹੀ ਰਹਿ ਜਾਂਦੈ, ਦੂਜਾ ਤਾਂ ਰਹਿੰਦਾ ਹੀ ਨਹੀਂ। ਸ਼ਰਧਾ ਦੇ ਸੰਬੰਧ ਵਿਚ ਇਕ ਸ਼ਰਧਾਲੂ ਹੈ ਅਤੇ ਇਕ ਹੈ ਜਿਸ 'ਤੇ ਸ਼ਰਧਾ ਕੀਤੀ ਜਾ ਰਹੀ ਹੈ। ਪ੍ਰੇਮ ਕਿਸੇ ਨਾਲ ਹੈ, ਦੁਬਿਧਾ ਤੇ ਬਣੀ ਰਹਿੰਦੀ ਹੈ। ਲੋਭ ਦਾ ਰਿਸ਼ਤਾ, ਲੈਣ ਦਾ ਰਿਸ਼ਤਾ, ਮੈਂ ਲੈਣ ਵਾਲਾ, ਅਗਲੇ ਨੇ ਦੇਣੈ, ਦੋ ਬਣੇ ਰਹਿੰਦੇ ਹਨ। ਭਗਤੀ ਦੇ ਰਿਸ਼ਤੇ ਵਿਚ ਦੋ ਨਹੀਂ ਰਹਿੰਦੇ। ਭਗਤ ਕਹਿ ਉਠਦੈ, ਹੇ ਪ੍ਰਭੂ! ਠੀਕ ਹੈ, ਤੂੰ ਸਾਗਰ ਸਹੀ, ਮੈਂ ਲਹਿਰ ਸਹੀ, ਪਰ ਮੈਂ ਤੇਰੀ ਹੀ ਲਹਿਰ ਹਾਂ, ਕਿਸੇ ਹੋਰ ਦੀ ਨਹੀਂ। ਤੂੰ ਸੂਰਜ ਸਹੀ, ਮੈਂ ਕਿਰਨ ਸਹੀ, ਪਰ ਫਿਰ ਭੀ ਮੈਂ ਤੇਰੀ ਹੀ ਕਿਰਨ ਹਾਂ, ਤੇਰੀ ਹੀ ਅੰਸ਼

ਹਾਂ, ਤੇਰੇ ਵਿਚ ਹਾਂ। ਸੋ ਰਵਿਦਾਸ ਨੇ ਐਲਾਨੀਆ ਕਹਿ ਦਿੱਤਾ:

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥

(ਸਿਰੀਰਾਗ ਰਵਿਦਾਸ ਜੀਉ, ਪੰਨਾ 93)

ਗੱਲ ਖ਼ਤਮ, ਠੀਕ ਹੈ ਮੈਂ ਬੂੰਦ ਸੀ, ਤੂੰ ਸਾਗਰ ਹੈਂ, ਪਰ ਹੁਣ ਮੈਂ ਤੇਰੇ ਵਿਚ ਲੀਨ ਹੋ ਗਈ ਹਾਂ, ਹੁਣ ਬੂੰਦ ਨਹੀਂ ਰਹੀ। ਤੂੰ ਸਾਗਰ ਸੀ, ਮੈਂ ਲਹਿਰ ਸੀ, ਪਰ ਮੈਂ ਵਿਚ ਸਮਾਅ ਗਈ। ਭਾਵੇਂ ਤੂੰ ਸਾਗਰ ਹੈਂ ਤੇ ਮੈਂ ਲਹਿਰ ਹਾਂ, ਪਰ ਫਿਰ ਭੀ ਮੈਂ ਤੇਰੀ ਹੀ ਲਹਿਰ ਹਾਂ। ਭਗਤੀ ਲਹਿਰ ਨੂੰ ਸਾਗਰ ਬਣਾ ਦਿੰਦੀ ਹੈ, ਭਗਤੀ ਕਿਰਨ ਨੂੰ ਸੂਰਜ ਬਣਾ ਦਿੰਦੀ ਹੈ। ਭਗਤੀ ਮਨੁੱਖ ਨੂੰ ਭਗਵਾਨ ਬਣਾ ਦਿੰਦੀ ਹੈ, ਪਰਮਾਤਮਾ ਬਣਾ ਦਿੰਦੀ ਹੈ। ਕਬੀਰ ਨੇ ਭੀ ਐਲਾਨੀਆ ਕਹਿ ਦਿੱਤਾ ਹੈ:

ਬਿਗਰਿਓ ਕਬੀਰਾ ਰਾਮ ਦੁਹਾਈ॥
ਸਾਚੁ ਭਇਓ ਅਨ ਕਤਹਿ ਨ ਜਾਈ॥

(ਭੈਰਉ ਕਬੀਰ ਜੀ, ਪੰਨਾ 1158)

ਸਤਿਸੰਗਿ ਕਰ ਕੇ ਕਬੀਰ ਦੇ ਉੱਤੇ ਐਸਾ ਅਸਰ ਪਿਐ, ਕਬੀਰ ਕਹਿੰਦੈ, "ਸਾਚੁ ਭਇਓ" ਹੇ ਪ੍ਰਭੂ! ਤੂੰ ਸੱਚ ਹੋਵੇਂਗਾ, ਆਪਾਂ ਭੀ ਸੱਚ ਹੋ ਗਏ ਹਾਂ, "ਸਾਚੁ ਭਇਓ ਅਨ ਕਤਹਿ ਨ ਜਾਈ"। ਸੱਚ ਹੋ ਗਏ ਹਾਂ। ਈਸ਼ਵਰ ਦਾ ਚਿੰਤਨ ਮਨੁੱਖ ਨੂੰ ਈਸ਼ਵਰ ਬਣਾ ਦਿੰਦਾ ਹੈ। ਈਸ਼ਵਰ ਗੁਣਾਂ ਦਾ ਸਾਗਰ ਹੈ, ਉਸ ਦਾ ਚਿੰਤਨ ਕਰਨ ਵਾਲਾ ਉਸ ਨੂੰ ਵੀ ਗੁਣਾਂ ਦਾ ਸਾਗਰ ਬਣਾ ਦਿੰਦੈ। ਕਾਨਪੁਰ ਵਿਚ ਮੇਰਾ ਖ਼ਿਆਲ ਹੈ ਕਿ ਪੰਦਰਾਂ ਵੀਹ ਦਿਨ ਪਹਿਲੇ ਮੈਂ ਉਥੇ ਸੀ। ਸਵੇਰੇ ਅੰਮ੍ਰਿਤ ਵੇਲੇ ਹੀ ਮੈਨੂੰ ਕਿਸੇ ਨੇ ਫ਼ੋਨ ਕੀਤਾ, ਗਿਆਨੀ ਜੀ! ਕੁਝ ਸੁਣਿਐ ਕਿ ਤੁਸੀਂ ਜੋਤਿਸ਼ ਦੇ ਸੰਬੰਧ ਵਿਚ ਭੀ ਜਾਣਦੇ ਹੋ। ਸ਼ਾਇਦ ਸ਼ੁਗਲ ਜੀ ਮੇਰੇ ਕੋਲ ਬੈਠੇ ਸਨ ਅਤੇ ਮੇਰੇ ਬੋਲਣ ਤੋਂ ਪਹਿਚਾਣ ਕੇ ਕਹਿਣ ਲੱਗੇ ਕਿ ਕੌਣ ਪੁੱਛਦਾ ਪਿਐ ਇਸ ਤਰ੍ਹਾਂ? ਖ਼ੈਰ, ਮੈਂ ਉਸ ਨੂੰ ਕਹਿ ਦਿੱਤਾ—ਹਾਂ, ਮੈਂ ਹਰ ਇਕ ਦਾ ਭਵਿੱਸ਼ ਜਾਣਦਾ ਹਾਂ। ਮੈਨੂੰ ਹਰ ਇਕ ਦੇ ਭਵਿੱਸ਼ ਦਾ ਪਤਾ ਹੈ। ਫਿਰ ਉਸ ਨੇ ਕਿਹਾ, ਤੁਸੀਂ ਆ ਰਹੇ ਹੋ ਨਾ ਦਿੱਲੀ, ਤੁਹਾਡੇ ਪੋਸਟਰ ਲੱਗੇ ਹੋਏ ਹਨ। ਮੈਂ ਆਵਾਂਗਾ ਦਿੱਲੀ ਤੁਹਾਡੇ ਕੋਲੋਂ ਆਪਣਾ ਭਵਿੱਸ਼ ਪੁੱਛਣ ਵਾਸਤੇ। ਮੈਂ ਕਿਹਾ, ਉਦੋਂ ਦੀ ਗੱਲ ਛੱਡ, ਮੈਂ ਹੁਣੇ ਹੀ ਤੈਨੂੰ ਤੇਰਾ ਭਵਿੱਸ਼ ਦੱਸਦਾ ਹਾਂ। ਹੁਣੇ ਹੀ ਟੈਲੀਫ਼ੋਨ 'ਤੇ। ਇਹ ਕੀ, ਉਥੇ ਆਏਂਗਾ ਫਿਰ ਪੁੱਛੇਂਗਾ। ਮੈਂ ਤੈਨੂੰ ਹੁਣੇ ਹੀ ਦੱਸਾਂ ਤੇਰਾ ਭਵਿੱਸ਼ ਕੀ ਹੈ? ਤੇਰਾ ਭਵਿੱਸ਼ ਹੈ ਪਰਮਾਤਮਾ ਹੋਣਾ, ਜਿਤਨੇ ਚਿਰ ਤਕ ਤੂੰ ਪਰਮਾਤਮਾ ਨਹੀਂ ਹੋ ਜਾਂਦਾ, ਤੂੰ ਜੰਮਦਾ ਰਹੇਂਗਾ, ਮਰਦਾ ਰਹੇਂਗਾ, ਭਟਕਦਾ ਰਹੇਂਗਾ, ਦੁਖੀ ਰਹੇਂਗਾ, ਸੰਤਾਪਗ੍ਰਸਤ ਰਹੇਂਗਾ। ਜਿਸ ਦਿਨ

ਪਰਮਾਤਮਾ ਹੋ ਜਾਏਂਗਾ ਤਾਂ ਹੀ ਇਹ ਸਭ ਕੁਝ ਮਿਟੇਗਾ, ਇਸ ਤੋਂ ਪਹਿਲੇ ਨਹੀਂ। ਉਸ ਨੇ ਇਕਦਮ ਰਸੀਵਰ ਰੱਖ ਦਿੱਤਾ। ਲੱਗਿਆ ਕਿ ਗੱਲ ਉਸ ਦੀ ਸਮਝ ਵਿਚ ਨਹੀਂ ਆਈ। ਸ਼ੇਖ਼ ਸਾਅਦੀ ਕਹਿੰਦੇ ਹਨ, ਮੈਂ ਭੀ ਸਾਰਿਆਂ ਦਾ ਭਵਿੱਸ਼ ਜਾਣਦਾ ਹਾਂ, ਦੱਸ ਸਕਦਾ ਹਾਂ। ਪਰ ਮੈਂ ਇਹ ਦੱਸ ਸਕਦਾ ਹਾਂ ਕਿ ਬਦਕਿਸਮਤ ਬੰਦਾ ਕੌਣ ਹੈ ? ਉਹ ਇੰਝ ਕਹਿੰਦੇ ਹਨ ਕਿ ਮੈਂ ਦੱਸਦਾ ਹਾਂ, ਅਭਾਗਾ ਮਨੁੱਖ ਕੌਣ ਹੈ ? ਬਦਕਿਸਮਤ ਕੌਣ ਹੈ ? ਸਾਅਦੀ ਦੱਸਦੇ ਹਨ :

ਗਰ ਇਨਸਾਫ਼ ਪੁਰਸ਼ੀਦ ਕਸੇ ਬਦ ਅਖ਼ਤਰ ਕਰ ਅਸਤ।

ਬਦਬਖ਼ਤ ਬੰਦਾ ਕੌਣ ਹੈ ? ਬਦਕਿਸਮਤ ਕੌਣ ਹੈ ?

ਗਰ ਇਨਸਾਫ਼ ਪੁਰਸ਼ੀਦ ਕਸੇ ਬਦ ਅਖ਼ਤਰ ਕਰ ਅਸਤ।
ਕਿ ਰਾਹਤਸ਼ ਦਰ ਰੰਜੇ ਦਿਗਰ ਅਸਤ।

ਜਿਹੜਾ ਮਨੁੱਖ ਦੂਜੇ ਦੇ ਰੰਜ ਵਿੱਚੋਂ ਆਪਣੀ ਰਾਹਤ ਲੱਭਦੈ, ਦੂਜੇ ਦੇ ਨੁਕਸਾਨ ਵਿੱਚੋਂ ਆਪਣਾ ਨਫ਼ਾ ਲੱਭਦੈ, ਦੂਜਿਆਂ ਦੀ ਬਰਬਾਦੀ ਵਿੱਚੋਂ ਆਪਣੀ ਆਬਾਦੀ ਲੱਭਦੈ, ਦੂਜਿਆਂ ਦੀ ਬੇਇੱਜ਼ਤੀ ਵਿੱਚੋਂ ਆਪਣੀ ਇੱਜ਼ਤ ਲੱਭਦੈ, ਸਾਅਦੀ ਕਹਿੰਦੈ, ਬੜਾ ਬਦਕਿਸਮਤ ਬੰਦਾ ਹੈ, ਬੜਾ ਦੁਖੀ ਹੋਵੇਗਾ, ਬੜਾ ਰੋਵੇਗਾ, ਬੜਾ ਤੜਫੇਗਾ। ਕਰਮ ਦੇ ਅੰਜਾਮ ਦਿਸ ਪੈਂਦੇ ਹਨ। ਰਵੀਦਾਸ ਕਹਿੰਦੇ ਹਨ, ਹੇ ਪ੍ਰਭੂ! ਹੋਵੇਂਗਾ ਤੂੰ ਸਾਗਰ, ਮੈਂ ਲਹਿਰ ਹਾਂ :

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥੧॥

(ਸ੍ਰੀਰਾਗ ਭਗਤ ਬੇਣੀ ਰਵੀਦਾਸ ਜੀ, ਪੰਨਾ 93)

ਠੀਕ ਹੈ ਤੂੰ ਸਾਗਰ ਸਹੀ ਤੇ ਮੈਂ ਲਹਿਰ ਸਹੀ, ਪਰ ਮੈਂ ਤੇਰੀ ਹੀ ਲਹਿਰ ਹਾਂ, ਤੇਰੇ ਵਿਚ ਸਮਾਅ ਗਈ ਹਾਂ। ਤੂੰ ਸੂਰਜ ਸਹੀ, ਮੈਂ ਕਿਰਨ ਸਹੀ, ਪਰ ਮੈਂ ਤੇਰੇ ਵਿਚ ਸਮਾਅ ਗਈ। ਇਸੇ ਨੂੰ ਹੀ ਕਿਹੈ :

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥

(ਰਾਗੁ ਬਿਲਾਵਲੁ ਮਹਲਾ ੫, ਪੰਨਾ 846)

ਬੂੰਦ ਜਿਤਨੇ ਚਿਰ ਤਕ ਸਾਗਰ ਵਿਚ ਲੀਨ ਨਹੀਂ ਹੁੰਦੀ, ਸੰਪੂਰਨ ਨਹੀਂ ਹੋਵੇਗੀ। ਕਿਰਨ ਜਿਤਨੇ ਚਿਰ ਤਕ ਸੂਰਜ ਵਿਚ ਲੀਨ ਨਹੀਂ ਹੁੰਦੀ, ਸੰਪੂਰਨ ਨਹੀਂ ਹੋਵੇਗੀ। ਮਨੁੱਖ ਜਿਤਨੇ ਚਿਰ ਤਕ ਪਰਮਾਤਮਾ ਵਿਚ ਗ਼ਰਕ ਨਹੀਂ ਹੁੰਦਾ, ਯਕੀਨ ਜਾਣੋ, ਪੂਰਨ ਨਹੀਂ ਹੋਵੇਗਾ, ਮੁਕੰਮਲ ਨਹੀਂ ਹੋਵੇਗਾ। ਜੰਮਿਐ ਅਧੂਰੈ, ਜੀਵੇਗਾ ਭੀ ਅਧੂਰਾ, ਮਰੇਗਾ ਭੀ ਅਧੂਰਾ। ਇਹ ਗੱਲ ਵੱਖਰੀ ਹੈ, ਘਰ ਵਾਲੇ ਮੋਹਰ ਲਾ ਦੇਣ ਕਿ ਪੂਰਾ ਹੋ ਗਿਐ। ਨਹੀਂ, ਜੰਮਿਆ ਹੀ ਅਧੂਰਾ ਸੀ, ਜੀਵਿਆ

ਭੀ ਅਧੂਰਾ, ਮਰਿਆ ਭੀ ਅਧੂਰਾ। ਸਤਿਗੁਰ ਰਹਿਮਤ ਕਰਨ, ਉਹ ਜੋ ਪੂਰਨ ਪਰਮਾਤਮਾ ਹੈ, ਉਸ ਦੇ ਵਿਚ ਲੀਨ ਹੋ ਜਾਈਏ। ਲੀਨ ਹੋਣ ਨਾਲ ਹੀ ਅਸੀਂ ਪੂਰਨ ਹੋ ਜਾਵਾਂਗੇ ਤੇ ਪੂਰਨ ਹੋਣ ਦਾ ਢੰਗ ਬੜਾ ਸਾਫ਼ ਸੁਥਰਾ ਹੈ। ਕਬੀਰ ਤਾਂ ਕਹਿੰਦੇ ਨੇ, ਲੁੱਟ ਪਈ ਹੈ, ਨਿਰੀ ਲੁੱਟ। ਕਹਿੰਦੈ, ਰੱਬ 'ਤੇ ਖੜਾ ਹੈ ਆਪਣੇ ਆਪ ਨੂੰ ਲੁਟਾਣ ਨੂੰ, ਕੋਈ ਲੁੱਟਦਾ ਹੀ ਨਹੀਂ ਉਸ ਨੂੰ। ਹਰ ਧਨਵਾਨ ਆਪਣਾ ਧਨ ਛੁਪਾਂਦੈ ਕਿ ਮੈਨੂੰ ਕੋਈ ਲੁੱਟ ਨਾ ਲਵੇ। ਰੱਬ ਨੇ ਤਾਂ ਸਾਰੇ ਗੁਣਾਂ ਦੀ ਦੌਲਤ ਹਥੇਲੀ ਉਪਰ ਰੱਖੀ ਹੋਈ ਹੈ ਕਿ ਕੋਈ ਲੁੱਟੇ :

ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ॥

(ਸਲੋਕ ਕਬੀਰ ਜੀ, ਪੰਨਾ 1366)

ਲੁੱਟ ਲੈ ਜਿਤਨਾ ਲੁੱਟਣੈ, ਕੋਈ ਪੈਸਾ ਖ਼ਰਚ ਹੁੰਦੈ ? ਕੁਝ ਭੀ ਨਹੀਂ। ਵਾਹਿਗੁਰੂ ਵਾਹਿਗੁਰੂ ਦਾ ਜਪ ਕਰ। ਸਿਰਫ਼ ਤੇਰਾ ਮਨ ਸੁਣੇ, ਮਨ ਸੁਣਦਿਆਂ ਹੀ ਵਾਹਿਗੁਰੂ ਦਾ ਰੂਪ ਹੋ ਜਾਵੇਂਗਾ। ਪਰਮਾਤਮਾ ਦਾ ਰੂਪ ਹੋ ਜਾਏਂਗਾ। ਲੁੱਟ ਪਈ ਹੈ, ਨਿਰੀ ਲੁੱਟ ਪਈ ਹੈ। ਇਤਨੀ ਵੱਡੀ ਦੌਲਤ, ਕਬੀਰ ਕਹਿੰਦੇ ਨੇ, ਜਿਤਨੀ ਲੁੱਟਣੀ ਹੈ ਲੁੱਟ ਲੈ। ਕੋਈ ਰੋਕ ਨਹੀਂ, ਕੋਈ ਟੋਕ ਨਹੀਂ। ਕੋਈ ਕਿਸੇ ਦਾ ਧਨ ਲੁੱਟੇ ਤਾਂ ਚੋਰ ਕਹਿਲਾਂਦੈ, ਫਿਰ ਉਸ ਨੂੰ ਡਾਕੂ ਆਖਿਆ ਜਾਂਦੈ। ਕਾਨੂੰਨ ਦਾ ਡਰ ਭੀ ਰਹਿੰਦੈ, ਪਰ ਜਿਹੜਾ ਰੱਬ ਨੂੰ ਲੁੱਟ ਲਵੇ, ਉਸ ਨੂੰ ਸੰਤ ਕਹਿੰਦੇ ਹਨ, ਭਗਤ ਕਹਿੰਦੇ ਹਨ। ਅੱਜ ਇੰਜ ਕਰੀਏ, ਸਿਰਫ਼ ਪੰਜ ਮਿੰਟ ਰੱਬ ਨੂੰ ਲੁੱਟਣ ਦਾ ਯਤਨ ਕਰੀਏ। ਸੰਸਾਰ ਵਿਚ ਤਾਂ ਮਨੁੱਖ ਠੱਗੀਆਂ ਬੇਈਮਾਨੀਆਂ ਮਾਰਦਾ ਹੀ ਰਹਿੰਦੈ, ਤਾਂ ਹੀ ਜ਼ਿੰਦਗੀ ਬਤੀਤ ਹੁੰਦੀ ਹੈ ਪਰ ਇਥੇ ਤਾਂ ਰੱਬ ਲੁਟਾਣ ਨੂੰ ਰਾਜ਼ੀ ਹੈ। ਵਾਰ ਵਾਰ ਮੈਨੂੰ ਕਹਿ ਰਹੇ ਹਨ। ਇਸ ਤਰ੍ਹਾਂ ਕਰੋ, ਅੰਮ੍ਰਿਤ ਵੇਲੇ ਲੁੱਟਣ ਦੀ ਕੋਸ਼ਿਸ਼ ਕਰਨੀ, ਉਸ ਵੇਲੇ ਮੌਕਾ ਚੰਗਾ ਹੁੰਦਾ ਹੈ। ਚੋਰ ਅੱਧੀ ਰਾਤ ਨੂੰ ਸੰਨ੍ਹ ਲਾਉਂਦੇ ਹਨ ਕਿ ਹੁਣ ਕੋਈ ਡਰ ਖ਼ਤਰਾ ਨਹੀਂ ਹੈ। ਰੱਬ ਨੂੰ ਭੀ ਸੰਨ੍ਹ ਲਾਈਏ ਤਾਂ ਅੰਮ੍ਰਿਤ ਵੇਲੇ ਲਾਈਏ। ਇਤਨਾ ਖ਼ਤਰਾ ਨਹੀਂ ਹੁੰਦਾ :

ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ
ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥

(ਸੂਹੀ ਮਹਲਾ 4, ਪੰਨਾ 734)

ਉਸ ਸਮੇਂ ਦੀ ਬਰਕਤ ਹੈ, ਉਸ ਸਮੇਂ ਦਾ ਆਪਣਾ ਪ੍ਰਤਾਪ ਹੈ। ਪੰਜ ਵਾਰ ਸਿਰਫ਼ ਦਾਸ ਆਖੇਗਾ, ਕੋਸ਼ਿਸ਼ ਕਰਦੇ ਹਾਂ, ਤੁਸੀਂ ਵੀ ਕਹਿਣਾ ਤੇ ਫਿਰ ਰੋਜ਼ ਕਹਿਣਾ, ਅੰਮ੍ਰਿਤ ਵੇਲੇ ਸੂਰਜ ਨਿਕਲਣ ਤੋਂ ਪਹਿਲੇ ਤੇ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਕਹਿੰਦੇ ਹਨ, "ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ"। ਇਸ ਦਾ ਇਤਨਾ ਪ੍ਰਤਾਪ ਹੈ, ਇਸ

ਦੀ ਇਤਨੀ ਬਰਕਤ ਹੈ, ਜਿਹਦੀ ਕਦੀ ਤੋਟ ਨਹੀਂ ਆਉਂਦੀ, ਹਰ ਪਾਸੇ ਦਾ ਵਿਸਥਾਰ ਹੋ ਜਾਂਦਾ ਹੈ। ਮੈਂ ਫਿਰ ਅਰਜ਼ ਕਰਾਂ, ਰੱਬ ਤਾਂ ਸ਼ਰੇਆਮ ਲੁਟਾਣ ਨੂੰ ਖੜ੍ਹਾ ਹੈ, ਹੁਣ ਸਿਰਫ਼ ਲੁਟੇਰੇ ਚਾਹੀਦੇ ਹਨ, ਤੇ ਰੱਬ ਦੇ ਲੁਟੇਰਿਆਂ ਨੂੰ ਹੀ ਸੰਤ ਕਹਿੰਦੇ ਹਨ, ਭਗਤ ਕਹਿੰਦੇ ਹਨ, ਅਭਿਆਸੀ ਕਹਿੰਦੇ ਹਨ, ਗੁਰਮੁਖ ਕਹੇ ਜਾਂਦੇ ਹਨ, ਬ੍ਰਹਮ ਗਿਆਨੀ ਕਹੇ ਜਾਂਦੇ ਹਨ। ਸੋ ਜਤਨ ਕਰਕੇ ਦੇਖੋ। ਪੰਜ ਦਫ਼ਾ ਦਾਸ ਕਹਿਣ ਦੀ ਕੋਸ਼ਿਸ਼ ਕਰਦੈ, ਤੁਸੀਂ ਨਾਲ ਕਹਿਣਾ। ਇਸ ਨੂੰ ਗੁਰੂ ਨਾਨਕ ਕਹਿੰਦੇ ਹਨ, "ਧੁਨ ਮਹਿ ਧਿਆਨੁ"। ਕਿਉਂਕਿ ਅੱਜ ਕਈ ਪੁੱਛਣ ਆ ਗਏ ਸਨ ਮੇਰੇ ਕੋਲੋਂ। ਮੈਂ ਕਿਹਾ, ਮੈਂ ਸੰਗਤ ਵਿਚ ਹੋਇਆ ਤਾਂ ਕਹਿ ਦਿਆਂਗਾ। ਧਿਆਨ ਕਿੱਥੇ ਜੋੜੀਏ, ਧਿਆਨ ਕਿੱਥੇ ਟਿਕਾਈਏ। ਗੁਰੂ ਨਾਨਕ ਨੇ ਸਾਫ਼ ਕਹਿ ਦਿੱਤਾ ਹੈ:

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥

(ਰਾਮਕਲੀ ਮਹਲਾ ੧, ਪੰਨਾ 879)

ਧੁਨ ਵਿਚ ਧਿਆਨ ਜੋੜੋ ਅਤੇ ਧੁਨ ਜ਼ਬਾਨ ਤੋਂ ਹੀ ਪੈਦਾ ਹੋਵੇਗੀ:

ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ॥

(ਸੂਹੀ ਮਹਲਾ ੧, ਪੰਨਾ 728)

ਮੰਥਨ ਤਾਂ ਜ਼ਬਾਨ ਕਰੇਗੀ, ਜਪਣਾ ਤੇ ਜ਼ਬਾਨ ਨਾਲ ਹੈ ਤਾਂ ਜੁ ਜ਼ਬਾਨ ਦਾ ਬੋਲਿਆ ਹੋਇਆ ਬੋਲ, ਬੋਲੀ ਹੋਈ ਧੁਨ ਮਨ ਸੁਣੇ, ਜ਼ਬਾਨ ਵਕਤਾ ਬਣੇ, ਮਨ ਸਰੋਤਾ ਬਣੇ। ਸਾਰੀ ਦੁਨੀਆਂ ਵਿਚ ਦਾਸ ਨੇ ਗੁਰੂ ਨਾਨਕ ਦੀ ਇਸ ਪੰਗਤੀ ਦਾ ਵਿਸਥਾਰ ਕਰਾਇਐ। ਧੁਨ ਤੇ ਧਿਆਨ ਦੀ ਸਾਧਨਾ 'ਤੇ ਹੀ ਗੁਰਸਿੱਖੀ ਖੜ੍ਹੀ ਹੈ, ਗੁਰਮਤਿ ਖੜ੍ਹੀ ਹੈ। ਆਪਾਂ ਪੰਜ ਦਫ਼ਾ ਆਖਣੈ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ। ਪਾਤਸ਼ਾਹ ਰਹਿਮਤ ਕਰਨ, ਬਖ਼ਸ਼ਿਸ਼ ਕਰਨ, ਤੌਫ਼ੀਕ ਦੇਣ, ਸਮਰੱਥਾ ਦੇਵਣ ਤੁਹਾਨੂੰ ਤੇ ਮੈਂ ਸਮਝਦਾ ਹਾਂ ਫਿਰ ਸਤਿਸੰਗ ਦਾ ਇਹ ਲਾਭ ਤੇ ਭਾਗ ਭੀ ਸਮਝ ਲੈਣਾ ਜੇ ਤੁਹਾਡਾ ਹਿਰਦਾ ਫਿਰ ਕਰਨ ਨੂੰ ਰਾਜ਼ੀ ਹੋ ਗਿਐ। ਮਨ ਨੂੰ ਮਨਾਣਾ ਤਾਂ ਹੈ ਕਿ ਇਤਨਾ ਕੁ ਕੰਮ ਕਰਨੈ। ਬਸ ਇਤਨਾ ਕੰਮ ਤੁਸੀਂ ਕਰਨੈ, "ਇਕੁ ਤਿਲੁ ਨਹੀ ਭੰਨੈ ਘਾਲੇ"। ਇਤਨੀ ਗੱਲ ਮੈਨੂੰ ਦਾਅਵੇ ਨਾਲ ਕਹਿਣ ਦੇਵੋ। ਇਕ ਤਿਲ ਜਿੰਨੀ ਘਾਲਣਾ ਭੀ ਤੁਹਾਡੀ ਬੇਅਰਥ ਨਹੀਂ ਜਾਵੇਗੀ:

ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ॥

(ਸੂਹੀ ਮ: ੫, ਪੰਨਾ 784)

ਇਸ ਤਰ੍ਹਾਂ ਘਰ ਪਹੁੰਚ ਕੇ, ਅਲੱਗ ਬੈਠ ਕੇ ਕਰਨਾ। ਇਹ ਵਿਅਕਤੀਗਤ ਸਾਧਨਾ ਹੈ। ਇਕੱਲਿਆਂ ਨੇ ਇਸ ਤਰ੍ਹਾਂ ਕਰਨਾ ਤਾਂ ਕਿ ਵਾਹਿਗੁਰੂ ਵਾਹਿਗੁਰੂ

ਦਾ ਜਪ ਆਪ ਨੂੰ ਵਾਹਿਗੁਰੂ ਬਣਾ ਦੇਵੇ, ਰਾਮ ਦਾ ਜਪ ਰਾਮ ਬਣਾ ਦਿੰਦਾ ਹੈ। ਖ਼ੁਦਾ ਦਾ ਜਪ, ਅੱਲਾਹ ਹੂ, ਅੱਲਾਹ ਹੂ ਦਾ ਰਟਨ ਕਰਨ ਵਾਲੇ ਅੱਲਾਹ ਹੀ ਹੋ ਜਾਂਦੇ ਹਨ, ਰੱਬ ਦਾ ਰੂਪ ਹੀ ਹੋ ਜਾਂਦੇ ਹਨ, ਪਰਮਾਤਮਾ ਦਾ ਰੂਪ ਹੀ ਹੋ ਜਾਂਦੇ ਹਨ। ਬੂੰਦ ਬੂੰਦ ਨਹੀਂ ਰਹਿੰਦੀ, ਸਾਗਰ ਹੋ ਜਾਂਦੀ ਹੈ। ਸਤਿਗੁਰ ਰਹਿਮਤ ਕਰਨ, ਬਖ਼ਸ਼ਿਸ਼ ਕਰਨ, ਜਪ ਕਰਨ ਦੀ ਤਾਕਤ ਤੁਹਾਨੂੰ ਪ੍ਰਦਾਨ ਕਰਨ, ਮੈਨੂੰ ਦੇਣ ਤਾਂ ਕਿ ਤੁਹਾਡਾ ਸੁਣਿਆ ਹੋਇਆ ਸਫਲ ਹੋਵੇ ਅਤੇ ਮੇਰਾ ਸੁਣਾਇਆ ਹੋਇਆ ਸਫਲ ਹੋਵੇ। ਇਤਨੀ ਸੇਵਾ ਪ੍ਰਵਾਨ ਕਰਨੀ। ਸੰਗਤਾਂ ਦੂਰ ਦਰਾਜ਼ ਤੋਂ ਆਈਆਂ ਹਨ, ਸਤਿਗੁਰ ਸਾਰਿਆਂ ਦਾ ਕੀਤਾ ਹੋਇਆ ਸਤਿਸੰਗਿ, ਪਰਮਾਤਮਾ ਸਾਰਿਆਂ ਦੀ ਯਾਤਰਾ ਸਫਲ ਕਰੇ, ਸਾਰਿਆਂ ਦੀ ਝੋਲੀ ਵਿਚ ਨਾਮ ਦੀ ਸੌਗਾਤ ਪਾਵੇ।

ਸਮਾਜ, ਸੋਚ, ਚਿਤ ਤੇ ਕਿਰਤ

ਧੰਨ ਗੁਰੂ ਗ੍ਰੰਥ ਸਾਹਿਬ ਦੀਆਂ ਹੇਠਾਂ ਦਿੱਤੀਆਂ ਚਾਰ ਪੰਗਤੀਆਂ ਨੂੰ ਆਧਾਰ ਬਣਾ ਕੇ ਤੁੱਛ ਬੁੱਧੀ ਅਨੁਸਾਰ ਆਪਣੇ ਵੀਚਾਰ ਤੁਹਾਡੇ ਸਾਹਮਣੇ ਰੱਖਣ ਦੀ ਨਿਮਾਣੀ ਜਿਹੀ ਕੋਸ਼ਿਸ਼ ਕਰ ਰਿਹਾ ਹਾਂ:

ਸੋ ਗੁਰੁ ਕਰਹੁ ਜਿ ਬਹੁਰਿ ਨ ਕਰਨਾ॥
ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ॥
ਸੋ ਧਿਆਨੁ ਧਰਹੁ ਜਿ ਬਹੁਰਿ ਨ ਧਰਨਾ॥
ਐਸੇ ਮਰਹੁ ਜਿ ਬਹੁਰਿ ਨ ਮਰਨਾ॥

(ਗਉੜੀ ਕਬੀਰ ਜੀ, ਪੰਨਾ 327)

ਦਰਅਸਲ ਧਰਮ ਦਾ ਸਾਰੇ ਦਾ ਸਾਰਾ ਸਾਰ ਇਨ੍ਹਾਂ ਚਾਰ ਪੰਗਤੀਆਂ ਵਿਚ ਆ ਜਾਂਦਾ ਹੈ। ਜੇਕਰ ਇਨ੍ਹਾਂ ਦੀ ਸਮਝ ਆ ਜਾਏ ਤਾਂ ਖੇਡ ਸਾਰੀ ਸਮਝ ਦੀ ਹੈ। ਇਸ ਨੂੰ ਮੈਂ ਅਕਸਰ ਬਿਆਨ ਕਰਦਾ ਰਹਿੰਦਾ ਹਾਂ, ਜੋ ਮੇਰੀ ਸਮਝ ਵਿਚ ਨਹੀਂ ਹੈ, ਸੋਚਣੀ ਵਿਚ ਨਹੀਂ ਹੈ, ਉਹ ਨਹੀਂ ਹੈ, ਭਾਵੇਂ ਕਿ ਹੈ, ਪਰ ਜੇਕਰ ਮੇਰੇ ਵੀਚਾਰ ਵਿਚ ਨਹੀਂ ਹੈ, ਮੇਰੀ ਸਿਮਰਤੀ ਵਿਚ ਨਹੀਂ ਹੈ, ਤਾਂ ਨਹੀਂ ਹੈ, ਪਰ ਹੈ ਜ਼ਰੂਰ। ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤਿੰਨ ਗੱਲਾਂ 'ਤੇ ਬਹੁਤ ਜ਼ੋਰ ਦਿੰਦੀ ਹੈ—ਸਮਝੋ, ਸੋਚੋ, ਚੇਤੇ ਕਰੋ। ਬਸ ਇਤਨੀ ਗੱਲ ਹੈ—ਸਮਝੋ, ਸੋਚੋ, ਚੇਤੇ ਕਰੋ। ਇਸ ਸਭ ਕੁਝ ਲਈ ਕੀ ਉੱਦਮ ਕਰਨਾ ਪਵੇਗਾ? ਸੁਣਨਾ। ਈਸ਼ਵਰ ਮੇਰੇ ਵੀਚਾਰਾਂ ਦਾ ਹਿੱਸਾ ਬਣੇ, ਈਸ਼ਵਰ ਮੇਰੀ ਸਮਝ ਬਣੇ, ਈਸ਼ਵਰ ਮੇਰੀ ਯਾਦ ਬਣੇ। ਇਹਦੇ ਲਈ ਮੈਨੂੰ ਕੀ ਕਰਨਾ ਪਵੇਗਾ? ਈਸ਼ਵਰ ਹੈ, ਉਹ ਮੇਰੀ ਯਾਦ ਦਾ ਹਿੱਸਾ ਨਹੀਂ ਹੈ। ਪਰਮਾਤਮਾ ਹੈ, ਪਰ ਉਹ ਮੇਰੇ ਵੀਚਾਰਾਂ ਵਿਚ ਨਹੀਂ ਹੈ। ਪਰਮਾਤਮਾ ਹੈ, ਪਰ ਉਹ ਮੇਰੀ ਸਮਝ ਵਿਚ ਨਹੀਂ ਹੈ। ਸੋ ਜੋ ਮੇਰੀ ਸਮਝ ਵਿਚ ਨਹੀਂ ਹੈ, ਤਾਂ ਨਹੀਂ ਹੈ। ਜੋ ਮੇਰੇ ਵੀਚਾਰਾਂ ਵਿਚ ਨਹੀਂ ਹੈ ਤਾਂ ਨਹੀਂ ਹੈ। ਜੋ ਮੇਰੇ ਚੇਤੇ ਵਿਚ ਨਹੀਂ ਹੈ, ਤਾਂ ਨਹੀਂ ਹੈ, ਭਾਵੇਂ ਪਿਆ ਹੋਵੇ। ਇਹ ਮੇਰੀ ਵੀਚਾਰ ਦਾ ਹਿੱਸਾ ਕਿਸ ਤਰ੍ਹਾਂ ਬਣੇ? ਇਹ ਮੇਰੀ ਸੋਚਣੀ ਕਿਸ ਤਰ੍ਹਾਂ ਹੋਵੇ। ਕਿਧਰੇ ਬੱਚਿਆਂ ਦੀ ਗੱਲ ਨਾ ਸਮਝ ਲੈਣਾ ਇਸ ਨੂੰ, ਕਦੀ ਧਰਮ ਦੇ ਮਾਰਗ 'ਤੇ ਚਲੋਗੇ ਤਾਂ ਪਤਾ ਚਲੇਗਾ। ਇਹ ਤਾਂ ਸਭ ਤੋਂ ਬਿਖਮ ਕੰਮ ਹੈ,

ਸਭ ਤੋਂ ਔਖਾ ਕੰਮ ਹੈ। ਇਹ ਮੇਰੀ ਸਮਝ ਵਿਚ ਆਵੇ, ਮੈਂ ਕੀ ਕਰਾਂ ? ਇਹ ਮੇਰੇ ਚੇਤੇ ਵਿਚ ਆਵੇ, ਉਹ ਮੇਰੀ ਯਾਦ ਦਾ ਹਿੱਸਾ ਬਣੇ, ਉਹ ਮੇਰੀ ਸਿਮਰਤੀ ਬਣੇ, ਮੈਂ ਕੀ ਕਰਾਂ ? ਉਹ ਮੇਰੇ ਵੀਚਾਰ ਵਿਚ ਚੱਲੇ, ਮੈਂ ਕੀ ਕਰਾਂ ? ਹਰ ਰੋਜ਼, ਹਰ ਵਕਤ ਮੇਰੇ ਵੀਚਾਰਾਂ ਵਿਚ ਕੀ ਚਲਦੈ ? ਮੇਰੇ ਵੀਚਾਰਾਂ ਵਿਚ ਪਰਿਵਾਰ ਚਲਦੈ, ਪਦਾਰਥ ਚਲਦੇ ਹਨ, ਸੰਸਾਰ ਚਲਦੈ, ਨਿਰੰਕਾਰ ਨਹੀਂ ਚਲਦਾ। ਚਲ ਰਹੀ ਹੈ ਮੇਰੀ ਸੋਚਣੀ ਤੇ ਸਮਝ ਅਤੇ ਮੇਰੀ ਸਮਝ ਵਿਚ ਸੰਸਾਰ ਚਲਦੈ, ਪਦਾਰਥ ਚਲਦੇ ਹਨ, ਧਨ ਸੰਪਦਾ ਚਲਦੀ ਹੈ, ਪਰਿਵਾਰ ਚਲਦੈ, ਪਰ ਨਿਰੰਕਾਰ ਨਹੀਂ ਚਲਦਾ। ਚਲ ਰਹੀ ਹੈ ਮੇਰੀ ਯਾਦ-ਸ਼ਕਤੀ, ਸਿਮਰਤੀ, ਚੇਤਾ-ਸ਼ਕਤੀ, ਪਰ ਮੇਰੀ ਯਾਦ ਵਿਚ, ਮੇਰੇ ਚੇਤੇ ਵਿਚ ਚਲ ਰਹੇ ਨੇ ਮਿੱਤਰ-ਪੁੱਤਰ, ਪਰਿਵਾਰ, ਧਨ ਸੰਪਦਾ, ਤਰ੍ਹਾਂ ਤਰ੍ਹਾਂ ਦੇ ਪਦਾਰਥ ਪਰੰਤੂ ਪਰਮਾਤਮਾ ਮੇਰੀ ਯਾਦ ਵਿਚ ਨਹੀਂ ਚਲਦਾ। ਯਾਦ ਚਲਦੀ ਹੈ ਪਰ ਯਾਦ ਵਿਚ ਪਰਮਾਤਮਾ ਨਹੀਂ ਚਲਦਾ। ਵੀਚਾਰ ਚਲਦੇ ਹਨ, ਵੀਚਾਰਾਂ ਵਿਚ ਪਰਮਾਤਮਾ ਨਹੀਂ ਚਲਦਾ। ਸਮਝ ਚਲਦੀ ਹੈ, ਸਮਝ ਵਿਚ ਰੱਬ ਨਹੀਂ ਚਲਦਾ ਤੇ ਮੈਂ ਫਿਰ ਦੁਹਰਾਵਾਂ, ਜੋ ਮੇਰੀ ਸਮਝ ਵਿਚ ਨਹੀਂ ਹੈ, ਤਾਂ ਨਹੀਂ ਹੈ, ਭਾਵੇਂ ਹੋਵੇ ਪਿਆ। ਜੋ ਮੇਰੇ ਚੇਤੇ ਵਿਚ ਨਹੀਂ, ਜੋ ਮੇਰੀ ਸਿਮਰਤੀ ਵਿਚ ਨਹੀਂ ਤਾਂ ਫਿਰ ਨਹੀਂ ਹੈ। ਘੱਟ ਤੋਂ ਘੱਟ ਮੇਰੀ ਦੁਨੀਆਂ ਵਿਚ ਨਹੀਂ ਹੈ। ਮੇਰੀ ਦੁਨੀਆਂ ਵਿਚ ਨਹੀਂ, ਕਿਉਂਕਿ ਮੇਰੇ ਚੇਤੇ ਵਿਚ ਨਹੀਂ। ਮੇਰੀ ਦੁਨੀਆਂ ਵਿਚ ਨਹੀਂ, ਕਿਉਂਕਿ ਮੇਰੀ ਸਮਝ ਵਿਚ ਨਹੀਂ ਹੈ। ਮੇਰੀ ਦੁਨੀਆਂ ਵਿਚ ਨਹੀਂ ਹੈ, ਕਿਉਂਕਿ ਮੇਰੇ ਵੀਚਾਰਾਂ ਵਿਚ ਨਹੀਂ ਹੈ। ਇਸ ਵਾਸਤੇ ਬਾਣੀ ਕਹਿੰਦੀ ਹੈ :

ਉਰੰ ਧਾਰਿ ਬੀਚਾਰਿ ਮੁਰਾਰਿ ਰਮੋ ਰਮੁ ਮਨਮੋਹਨ ਨਾਮੁ ਜਪੀਨੇ ॥

(ਧਨਾਸਰੀ ਮ: 8, ਪੰਨਾ 668)

ਗੁਰਬਾਣੀ ਨੇ ਵੀਚਾਰ ਦੇ ਉੱਤੇ ਹੀ ਜ਼ੋਰ ਦਿੱਤਾ ਹੈ :

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ *(ਜਪੁ ਜੀ, ਪੰਨਾ 2)*

ਬ੍ਰਹਮ ਬੀਚਾਰੁ ਬੀਚਾਰੇ ਕੋਇ ॥
ਨਾਨਕ ਤਾ ਕੀ ਪਰਮ ਗਤਿ ਹੋਇ ॥ *(ਰਾਮਕਲੀ ਮ: ੫, ਪੰਨਾ 900)*

ਮੈਂ ਕਿਤਨਾ ਵੀ ਕੀਰਤਨ ਕਰਾਂ, ਕਿਤਨਾ ਵੀ ਕੀਰਤਨ ਸੁਣਾਂ, ਪਰ ਮੇਰਾ ਸਭ ਕੁਝ ਸੁਣਿਆ ਹੋਇਆ ਜੇਕਰ ਮੇਰੇ ਵੀਚਾਰਾਂ ਵਿਚ ਨਹੀਂ, ਮੇਰੀ ਸਮਝ ਵਿਚ ਨਹੀਂ, ਮੇਰੇ ਚੇਤੇ ਵਿਚ ਨਹੀਂ ਤਾਂ ਮੈਂ ਕੀ ਸੁਣਿਐ, ਕੁਝ ਭੀ ਨਹੀਂ। ਮੈਂ ਸਾਰੇ ਧਾਰਮਿਕ ਕਰਮ ਕਰਾਂ ਅਤੇ ਧਾਰਮਿਕ ਕਰਮ ਕਰਨੇ ਕੋਈ ਔਖੇ ਨਹੀਂ, ਸਾਰੇ ਕਰ ਹੀ ਰਹੇ ਹਨ। ਕੋਈ ਸੇਵਾ ਕਰ ਰਿਹੈ, ਕੋਈ ਦਾਨ ਕਰ ਰਿਹੈ, ਕੋਈ ਚੌਰ ਕਰ ਰਿਹੈ, ਕੋਈ ਝਾੜੂ ਫੇਰ ਰਿਹੈ। ਮੈਂ ਇਹ ਨਹੀਂ ਕਿਹੈ ਕਿ ਨਹੀਂ ਕਰਨੇ।

ਕੋਈ ਲੰਗਰ ਬਣਾ ਰਿਹੈ, ਕੋਈ ਲੰਗਰ ਵੰਡ ਰਿਹੈ। ਕੋਈ ਗੁਰਦੁਆਰੇ ਆ ਕੇ ਕਥਾ ਕਰ ਰਿਹੈ। ਕੋਈ ਕੀਰਤਨ ਕਰ ਰਿਹੈ, ਕੋਈ ਸੁਣ ਰਿਹੈ। ਧਾਰਮਿਕ ਕਰਮ ਤਾਂ ਸਾਰੇ ਪਏ ਕਰਦੇ ਹਨ। ਪਰ ਗੁਰਬਾਣੀ ਐਸਾ ਕਹਿੰਦੀ ਹੈ ਕਿ ਕਿਰਤ ਦੇ ਤਲ 'ਤੇ ਧਾਰਮਿਕ ਹੋਣਾ ਹੋਰ ਗੱਲ ਹੈ, ਵੀਚਾਰ ਦੇ ਤਲ 'ਤੇ ਧਾਰਮਿਕ ਹੋਣਾ ਹੋਰ ਗੱਲ ਹੈ। ਕਿਰਤ ਤੇ ਵੀਚਾਰ, ਕਿਰਤ ਸਰੀਰ ਦੇ ਤਲ 'ਤੇ ਪ੍ਰਗਟ ਹੁੰਦੀ ਹੈ, ਵੀਚਾਰ ਮਨ ਕਰਦਾ ਹੈ। ਕਿਰਤ ਜ਼ਬਾਨ ਨਾਲ ਪ੍ਰਗਟ ਹੁੰਦੀ ਹੈ, ਇਸ ਨੂੰ ਵਾਚਕ ਕਰਮ ਕਹਿੰਦੇ ਹਨ, ਬੋਲ ਕੇ। ਵੀਚਾਰ ਮਨ ਵਿਚ ਚਲਦੇ ਹਨ। ਮੈਂ ਹੱਥਾਂ ਨਾਲ ਕੀ ਕਰ ਰਿਹਾਂ ਹਾਂ, ਸਮਾਜ ਨੂੰ ਦਿਖਾਈ ਦਿੰਦਾ ਹੈ। ਮੈਂ ਜ਼ਬਾਨ ਨਾਲ ਕੀ ਬੋਲਦਾ ਹਾਂ, ਸੰਸਾਰ ਨੂੰ ਸੁਣਾਈ ਦਿੰਦਾ ਹੈ, ਪਰ ਮੈਂ ਮਨ ਨਾਲ ਕੀ ਸੋਚਦਾ ਹਾਂ, ਸੰਸਾਰ ਨੂੰ ਸੁਣਾਈ ਨਹੀਂ ਦਿੰਦਾ, ਦਿਖਾਈ ਨਹੀਂ ਦਿੰਦਾ। ਮੈਂ ਮਨ ਨਾਲ ਵੀਚਾਰ ਕੀ ਕਰਦਾ ਹਾਂ, ਮੇਰੀ ਸਮਝ ਕੀ ਹੈ, ਫਿਰ ਮੇਰੀਆਂ ਯਾਦਾਂ ਵਿਚ ਕੀ ਚਲਦਾ ਹੈ, ਕੁਝ ਨਹੀਂ ਪਤਾ ਕਿਸੇ ਨੂੰ। ਮੇਰੀ ਜ਼ਬਾਨ ਦੇ ਰਾਹੀਂ ਬੋਲ ਕੀ ਪ੍ਰਗਟ ਹੁੰਦੇ ਹਨ, ਸਭ ਸੁਣ ਲੈਂਦੇ ਹਨ। ਮੇਰੀ ਵੀਚਾਰਾਂ ਵਿਚ ਕੀ ਚਲਦਾ ਹੈ, ਕਿਸੇ ਨੂੰ ਕੁਝ ਪਤਾ ਨਹੀਂ। ਮੇਰੇ ਹੱਥ ਜੋ ਕੁਝ ਕਰ ਲੈਂਦੇ ਹਨ, ਸਮਾਜ ਨੂੰ, ਸੰਸਾਰ ਨੂੰ ਦਿਖਾਈ ਦਿੰਦਾ। ਸੰਸਾਰ ਤੇ ਸਮਾਜ ਮਨੁੱਖ ਦੀ ਕਿਰਤ ਵੇਖਦਾ ਹੈ। ਕਾਨੂੰਨ ਕਿਰਤ ਵੇਖਦਾ ਹੈ। ਸਮਾਜ ਇਹ ਚਾਹੁੰਦਾ ਹੈ ਕਿ ਮਨੁੱਖ ਦੀ ਕਿਰਤ ਤੋਂ ਸਮਾਜ ਦਾ ਭਲਾ ਤਾਂ ਹੋਵੇ, ਪਰ ਮਨੁੱਖ ਦੀ ਕਿਰਤ ਤੋਂ ਸਮਾਜ ਨੂੰ ਚੋਟ ਨਾ ਪਹੁੰਚੇ। ਕਾਨੂੰਨ ਭੀ ਇਹੀ ਚਾਹੁੰਦਾ ਹੈ ਕਿ ਮਨੁੱਖ ਦੀ ਕਿਰਤ ਤੋਂ, ਮਨੁੱਖ ਦੇ ਕਰਮ ਤੋਂ, ਮਨੁੱਖ ਦੇ ਕਿਰਦਾਰ ਤੋਂ, ਕਾਨੂੰਨ ਨਾ ਟੁੱਟੇ। ਕਿਉਂਕਿ ਦੁਨੀਆਂ ਵਿਚ ਲੋਭ ਮੌਜੂਦ ਹੈ। ਸਮਾਜ ਦੇ ਨਿਯਮ ਤੋੜਨ ਵਾਲੇ, ਕਾਨੂੰਨ ਤੋੜਨ ਵਾਲੇ ਮੌਜੂਦ ਹਨ। ਕਾਨੂੰਨ ਤੋੜਦਾ ਕੌਣ ਹੈ ? ਜਿਸ ਨੂੰ ਕਾਨੂੰਨ ਪਕੜ ਨਹੀਂ ਸਕਦਾ। ਸਮਾਜ ਦੇ ਨਿਯਮ ਤੋੜਦਾ ਕੌਣ ਹੈ ? ਜਿਸ 'ਤੇ ਸਮਾਜ ਹਾਵੀ ਨਹੀਂ ਹੋ ਸਕਦਾ। ਇਸ ਵਾਸਤੇ ਕਹਿੰਦੇ ਹਨ ਕਿ ਸ਼ਕਤੀਸ਼ਾਲੀ ਮਨੁੱਖ ਤਾਂ ਭਰੱਸ਼ਟ ਹੋ ਜਾਂਦੇ ਹਨ। ਜੇਕਰ ਪਰਮਾਤਮਾ ਦਾ ਮੰਨਣਾ ਉਨ੍ਹਾਂ ਦੀ ਜ਼ਿੰਦਗੀ ਵਿਚ ਨਾ ਹੋਵੇ ਤਾਂ ਉਹ ਕਾਨੂੰਨ ਤੇ ਸਮਾਜ ਨੂੰ ਤੋੜਦੇ ਹਨ। ਇਹ ਤਾਂ ਕੁਝ ਭੀ ਨਹੀਂ, ਸਮਾਜ ਤਾਂ ਉਨ੍ਹਾਂ ਦੇ ਸਾਹਮਣੇ ਖਿਡਾਉਣਾ ਹੈ, ਕਾਨੂੰਨ ਤਾਂ ਉਨ੍ਹਾਂ ਦੇ ਸਾਹਮਣੇ ਬੱਚਿਆਂ ਦੀ ਖੇਡ ਹੈ। ਇਸ ਵਾਸਤੇ ਸ਼ਕਤੀਸ਼ਾਲੀ ਮਨੁੱਖ ਭਰੱਸ਼ਟ ਹੋ ਜਾਂਦੇ ਹਨ। ਚਿੱਟੇ ਕੱਪੜੇ, ਚਿੱਟੀਆਂ ਧੋਤੀਆਂ, ਦੇਸ਼ ਨੂੰ ਆਜ਼ਾਦ ਕਰਨਾ ਸੀ, ਇਹ ਲੋਕ ਦੇਵਤਿਆਂ ਦੀ ਤਰ੍ਹਾਂ ਦਿਖਾਈ ਦਿੰਦੇ ਸਨ। ਇਹ ਤਾਂ ਫ਼ਰਿਸ਼ਤੇ ਸਨ, ਕਮਜ਼ੋਰ ਸਨ, ਦੇਵਤੇ ਸਨ। ਤਾਕਤ ਹੱਥਾਂ ਵਿਚ ਆ ਗਈ, ਸੱਤਾ ਹੱਥਾਂ ਦੇ ਵਿਚ ਆ ਗਈ, ਹਿੰਦੋਸਤਾਨ ਦੀਆਂ ਅਦਾਲਤਾਂ ਨੇ ਸਪੱਸ਼ਟ ਕਰ ਦਿੱਤੈ ਕਿ ਇਹ ਤਾਂ ਠੱਗ ਹਨ, ਇਹ ਤਾਂ ਚੋਰ ਹਨ, ਇਹ ਤਾਂ ਡਕੈਤ ਹਨ। ਹੱਦ ਹੋ ਗਈ! ਕੱਲ

ਤਕ ਤਾਂ ਇਹ ਦੇਵਤੇ ਸਨ, ਅੱਜ ਡਕੈਤ ਕਿਸ ਤਰ੍ਹਾਂ ਹੋ ਗਏ ? ਦੇਵਤੇ ਸਨ, ਕਮਜ਼ੋਰ ਸਨ, ਡਕੈਤ ਬਣ ਗਏ, ਤਾਕਤਵਰ ਹਨ। ਕਮਜ਼ੋਰ ਬੰਦਾ ਤਾਂ ਡਕੈਤ ਨਹੀਂ ਬਣ ਸਕਦਾ। ਕਮਜ਼ੋਰ ਬੰਦਾ ਤਾਂ ਕਾਨੂੰਨ ਨਹੀਂ ਤੋੜ ਸਕਦਾ। ਕਮਜ਼ੋਰ ਮਨੁੱਖ ਤਾਂ ਸਮਾਜ ਦੇ ਨਿਯਮ ਨਹੀਂ ਤੋੜ ਸਕਦਾ। ਸ਼ਕਤੀਸ਼ਾਲੀ ਤੋੜ ਸਕਦੇ ਹਨ, ਤਾਕਤਵਰ ਤੋੜ ਸਕਦੇ ਹਨ। ਇਸ ਵਾਸਤੇ ਮੈਂ ਅਰਜ਼ ਕਰਦਾ ਹੁੰਦਾ ਹਾਂ ਕਿ ਬਹੁਤ ਸਾਰੇ ਮਨੁੱਖ ਸ਼ਰੀਫ਼ ਨਹੀਂ ਹਨ, ਕਮਜ਼ੋਰ ਹਨ। ਤਾਕਤ ਦੇ ਮਿਲਦਿਆਂ ਪਤਾ ਚਲੇਗਾ ਕਿ ਇਹ ਕੀ ਹਨ ? ਬਹੁਤ ਸਾਰੇ ਮਨੁੱਖ ਜੋ ਭਲੇ ਮਾਣਸ ਹਨ, ਭਲੇ ਮਾਣਸ ਨਹੀਂ, ਕਮਜ਼ੋਰ ਹਨ। ਤਾਕਤ ਦੇ ਮਿਲਦਿਆਂ ਪਤਾ ਚਲੇਗਾ ਕਿ ਭਲੇ ਮਾਣਸ ਹਨ ਕਿ ਨਹੀਂ। ਖ਼ੈਰ! ਇਹ ਤਾਂ ਐਵੇਂ ਗੱਲ ਵੀਚਾਰ ਵਿਚ ਆ ਗਈ। ਕਿਰਤ ਦੇ ਤਲ 'ਤੇ ਚੰਗਾ ਹੋਵੇ, ਠੀਕ ਹੋਵੇ, ਸਮਾਜ ਤੇ ਕਾਨੂੰਨ ਦੇ ਨਿਯਮ ਟੁੱਟਣ ਨਾ, ਤਾਂ ਸਮਾਜ ਉਸ ਦੀ ਇੱਜ਼ਤ ਕਰਦਾ ਹੈ। ਕਾਨੂੰਨ ਭੀ ਉਸ ਨੂੰ ਕਿਧਰੇ ਕਿਧਰੇ ਸਨਮਾਨਤ ਕਰਦਾ ਹੈ ਕਿ ਇਹ ਬੰਦਾ ਚੰਗਾ ਹੈ, ਨੇਕ ਹੈ, ਇਸ ਦੀ ਕਿਰਤ ਚੰਗੀ ਹੈ। ਪਰ ਇਸ ਨਾਲ ਧਰਮ ਦਾ ਮਸਲਾ ਹੱਲ ਨਹੀਂ ਹੁੰਦਾ। ਇਸ ਚੱਕਰ ਵਿਚ ਨਾ ਪੈਣਾ ਕਿ ਕਿਰਤ ਦੇ ਤਲ 'ਤੇ ਜੋ ਧਰਮ ਪ੍ਰਗਟ ਹੋ ਰਿਹੈ, ਇਹ ਧਰਮ ਹੈ। ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਹਨ ਕਿ ਇਹ ਪਾਖੰਡ ਹੈ :

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥

(ਸੂਹੀ ਮਹਲਾ ੫, ਪੰਨਾ 747)

ਜੋ ਦੀਸਹਿ—ਜੋ ਦਿਖਾਈ ਦੇ ਰਿਹਾ ਹੈ, ਜੋ ਦੇਖਣ ਮਾਤਰ ਹੈ, ਜੋ ਸਿਰਫ਼ ਦਿਖਾਵੇ ਵਿਚ ਆ ਰਿਹਾ ਹੈ। ਜ਼ਬਾਨ ਨਾਲ ਕੁਝ ਬੋਲਿਆ ਜਾ ਰਿਹਾ ਹੈ, ਹੱਥਾਂ ਨਾਲ ਕੁਝ ਕੀਤਾ ਜਾ ਰਿਹੈ। ਕਿਰਤ ਦਿਖਾਈ ਦੇ ਰਹੀ ਹੈ, ਇਹ ਤਾਂ ਕਿਰਤ ਦੇ ਤਲ 'ਤੇ ਪ੍ਰਗਟ ਹੋ ਰਿਹਾ ਹੈ। ਬਾਕੀ ਧਰਮ ਵੀਚਾਰ ਵਿਚ ਹੈ ਕਿ ਨਹੀਂ; ਸਮਝ ਵਿਚ ਹੈ ਕਿ ਨਹੀਂ, ਚਿੰਤਨ ਵਿਚ ਹੈ ਕਿ ਨਹੀਂ, ਕੁਝ ਨਹੀਂ ਕਹਿ ਸਕਦੇ। ਸੋ ਮਹਾਰਾਜ ਕਹਿੰਦੇ ਹਨ ਕਿ ਇਹ ਤਾਂ ਪਾਖੰਡ ਹੈ, "ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ"। ਸਿਰਫ਼ ਦਿਖਾਈ ਦੇ ਰਿਹਾ ਹੈ, ਸਮਾਜ ਦਾ ਮਸਲਾ ਹੱਲ ਹੋ ਜਾਂਦਾ ਹੈ। ਮਨੁੱਖ ਨੇਕ ਹੋਵੇ ਤਾਂ ਕਾਨੂੰਨ ਦਾ ਮਸਲਾ ਭੀ ਹੱਲ ਹੋ ਜਾਂਦਾ ਹੈ। ਪਰੰਤੂ ਧਰਮ ਦਾ ਮਸਲਾ ਇਸ ਨਾਲ ਹੱਲ ਨਹੀਂ ਹੁੰਦਾ। ਦੁਨੀਆਂ ਵਿਚ ਸ਼ਰੀਫ਼ ਬਹੁਤ ਸਾਰੇ ਹਨ ਪਰ ਧਾਰਮਿਕ ਤਾਂ ਕੋਈ ਕਰੋੜਾਂ ਵਿੱਚੋਂ ਇਕ ਹੀ ਹੈ। ਭਲੇ ਮਾਣਸ ਤਾਂ ਬਹੁਤ ਸਾਰੇ ਹਨ। ਸਾਰੇ ਮਨੁੱਖ ਸਮਾਜ ਦੇ ਨਿਯਮ ਥੋੜੀ ਤੋੜਦੇ ਹਨ। ਮੰਨਦੇ ਹਨ, ਜੀਅ ਰਹੇ ਹਨ, ਰਹਿਣਾ ਜੋ ਸਮਾਜ ਵਿਚ ਹੈ। ਪਰ ਅਰਜ਼ ਕਰਾਂ, ਇਸ ਨਾਲ ਧਰਮ ਦਾ ਮਸਲਾ ਹੱਲ ਨਹੀਂ ਹੁੰਦਾ। ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਰੱਬੀ ਵੀਚਾਰ ਹੈ ਅਤੇ ਰੂਹੇ-ਜ਼ਮੀਨ ਉੱਤੇ

ਇਹੀ ਇਕ ਕੌਮ ਹੈ, ਜਿਸ ਦਾ ਗੁਰੂ-ਵੀਚਾਰ ਹੈ, ਜੋ ਵੀਚਾਰ ਨੂੰ ਮੱਥਾ ਟੇਕਦੇ ਹਨ। ਕੁਦਰਤੀ ਗੱਲ ਹੈ ਕਿ ਵੀਚਾਰ ਸ਼ਬਦ ਦੇ ਰਾਹੀਂ ਪ੍ਰਗਟ ਹੁੰਦੇ ਹਨ, ਹੋਰ ਕੋਈ ਪ੍ਰਗਟ ਕਰਨ ਦਾ ਵਸੀਲਾ ਹੀ ਨਹੀਂ ਹੈ। ਤਿੰਨ ਰੋਗ ਪ੍ਰਾਚੀਨ ਧਰਮ-ਗ੍ਰੰਥਾਂ ਨੇ ਮੰਨੇ ਹਨ—ਈਸ਼ਵਰ, ਸ਼ਬਦ, ਸੰਸਾਰ। ਸੰਸਾਰ ਆਕਾਰ ਹੈ, ਵੇਖਣ ਦਾ ਵਿਸ਼ਾ ਹੈ। ਸ਼ਬਦ ਧੁਨ ਹੈ, ਸੁਣਨ ਦਾ ਵਿਸ਼ਾ ਹੈ। ਪਰਮਾਤਮਾ ਪ੍ਰਕਾਸ਼ ਹੈ, ਅਨੁਭਵ ਦਾ ਵਿਸ਼ਾ ਹੈ। ਅਨੁਭਵ ਦਾ ਵਿਸ਼ਾ, ਦੇਖਣ ਦਾ ਵਿਸ਼ਾ, ਸੁਣਨ ਦਾ ਵਿਸ਼ਾ। ਸੰਸਾਰ ਦੇਖਣ ਦਾ ਵਿਸ਼ਾ ਹੈ, ਜੇਕਰ ਅੱਖਾਂ ਨਹੀਂ ਤਾਂ ਕਹਿ ਦਿੱਤਾ ਜਾਂਦਾ ਹੈ ਕਿ ਸੰਸਾਰ ਗਿਆ, ਦੇਖ ਹੀ ਨਹੀਂ ਸਕਦੇ। ਸੰਸਾਰ ਗਿਆ, ਠੀਕ ਹੀ ਕਹਿੰਦੇ ਹਨ। ਸ਼ਬਦ ਸੁਣਨ ਦਾ ਵਿਸ਼ਾ ਹੈ। ਈਸ਼ਵਰ, ਪਰਮਾਤਮਾ ਅਨੁਭਵ ਕਰਨ ਦਾ ਵਿਸ਼ਾ ਹੈ। ਸੰਸਾਰ ਅਸਥੂਲ ਹੈ, ਸ਼ਬਦ ਤੇ ਪਰਮਾਤਮਾ ਅਤੀ ਸੂਖਸ਼ਮ ਹਨ। ਉਹ ਜੋ ਪਰਮਾਤਮਾ ਹੈ, ਪਰਮ ਸ਼ਕਤੀ, ਪਰਮ ਪ੍ਰਕਾਸ਼, ਨੂਰ ਹੈ, ਚਾਨਣਾ ਹੈ, ਪ੍ਰਕਾਸ਼ ਹੈ ਅਤੇ ਪਰਮਾਤਮਾ ਦੇ ਅਖਰੀ ਅਰਥ ਭੀ ਬਣਦੇ ਹਨ, ਪਰਮ ਚਾਨਣਾ, ਪਰਮ ਪ੍ਰਕਾਸ਼। ਉਸ ਪ੍ਰਕਾਸ਼ ਤੋਂ ਅਨੰਤ ਸਮਾਂ ਪਹਿਲੇ, ਵਿਗਿਆਨ ਕਹਿੰਦੈ ਕਿ ਅਰਬਾਂ ਖਰਬਾਂ ਸਾਲ ਪਹਿਲੇ, ਇੰਝ ਕਹਿ ਲਈਏ ਕਿ ਅਨੰਤ ਕਾਲ ਪਹਿਲੇ, ਸਾਲਾਂ ਵਿਚ ਨਾਪਣਾ ਭੀ ਬੜਾ ਔਖਾ ਹੈ, ਇਸ ਪ੍ਰਕਾਸ਼ ਤੋਂ ਇਕ ਧਮਾਕਾ ਹੋਇਆ, ਇਕ ਧੁਨ ਹੋਈ ਅਤੇ ਉਸੇ ਹੀ ਧੁਨ ਤੋਂ ਜਗਤ ਬਣ ਗਿਆ, ਸੰਸਾਰ ਬਣ ਗਿਆ। ਭਾਰਤ ਅਤੇ ਭਾਰਤ ਤੋਂ ਬਾਹਰ ਜੋ ਪੈਗ਼ੰਬਰੀ ਪੁਰਸ਼ ਹੋਏ ਹਨ, ਇਨ੍ਹਾਂ ਸਾਰਿਆਂ ਦਾ ਮਤ ਇਹੀ ਹੈ ਕਿ ਸੰਸਾਰ ਸ਼ਬਦ ਤੋਂ ਹੋਇਐ ਅਤੇ ਸ਼ਬਦ ਨਿਰੰਕਾਰ ਤੋਂ ਹੋਇਐ। ਪਰਮਾਤਮਾ ਤੋਂ ਸ਼ਬਦ, ਸ਼ਬਦ ਤੋਂ ਸੰਸਾਰ। ਜੇਕਰ ਸਭ ਕੁਝ ਨੂੰ ਬਿਆਨ ਕਰਨਾ ਹੋਵੇ ਕਿ ਬ੍ਰਹਿਮੰਡ ਵਿਚ ਕੀ ਹੈ, ਤਾਂ ਇਤਨਾ ਕਹਿ ਸਕਦੇ ਹਾਂ ਕਿ ਪਰਮਾਤਮਾ ਹੈ, ਸ਼ਬਦ ਹੈ, ਸੰਸਾਰ ਹੈ, ਪਦਾਰਥ ਹਨ। ਪਰਮਾਤਮਾ ਮਹਿਸੂਸ ਕਰਨ ਦਾ ਵਿਸ਼ਾ ਹੈ, ਅਨੁਭਵ ਦਾ ਵਿਸ਼ਾ ਹੈ। ਸ਼ਬਦ ਸੁਣਨ ਦਾ ਵਿਸ਼ਾ ਹੈ ਅਤੇ ਸੰਸਾਰ ਵੇਖਣ ਦਾ ਵਿਸ਼ਾ ਹੈ। ਹੁਣੇ ਹੀ ਮੈਂ ਅਰਜ਼ ਕੀਤੀ ਸੀ, ਜੇਕਰ ਉਹ ਪਰਮਾਤਮਾ ਅਨੁਭਵ ਦਾ ਵਿਸ਼ਾ ਹੈ, ਤਾਂ ਉਸ ਨੂੰ ਸਮਝੀਏ ਕਿਸ ਤਰ੍ਹਾਂ ? ਕਿਵੇਂ ਸਮਝੀਏ ? ਸੁਣਨਾ ਹੈ, ਉਸ ਨੂੰ ਸੁਣਨਾ ਹੈ। ਜਿਹੜਾ ਸੁਣਦਾ ਹੈ, ਉਸ ਨੂੰ ਕਹਿੰਦੇ ਨੇ ਸਰੋਤਾ। ਇਹ ਸੁਰਤ ਵਿਚ ਹੈ, ਇਹ ਸੁਣ ਰਿਹਾ ਹੈ। ਸੁਰਤਿ ਕਿਤਨੀ ਸਫਲ ਹੋ ਗਈ, ਸਰੋਤਾ ਕਿਸ ਦਿਨ ਸਫਲ ਹੋ ਜਾਂਦਾ ਹੈ, ਜਿਸ ਦਿਨ ਉਸਨੂੰ ਸੁਰਤ ਆ ਗਈ, ਸਮਝ ਆ ਗਈ, ਸਰੋਤੇ ਨੂੰ ਸਮਝ ਆ ਗਈ। ਸ਼ਬਦ ਇੱਕੋ ਹੀ ਹੈ। ਸੁਰਤ ਦੇ ਅਰਥ ਤਿੰਨ ਹਨ—ਸੁਰਤ : ਸੁਣਨਾ। ਸੁਰਤ : ਸਮਝਣਾ, ਸੁਰਤ : ਜੁੜ ਜਾਣਾ। ਕਹਿੰਦੇ ਹਨ ਕਿ ਇਹ ਤਾਂ ਸੁਰਤ ਵਿਚ ਹੈ, ਸੁਣ ਰਿਹੈ ਹੈ। ਇਸ ਨੂੰ ਸੁਰਤ ਆ ਗਈ ਹੈ, ਸਮਝ ਆ ਗਈ ਹੈ। ਇਸ ਦੀ ਸੁਰਤ ਜੁੜ ਗਈ ਹੈ, ਇਸ ਦਾ ਧਿਆਨ ਜੁੜ ਗਿਆ ਹੈ। ਪਰ

ਸੁਰਤ ਆ ਗਈ ਹੈ, ਸੁਰਤ ਜੁੜ ਗਈ ਹੈ, ਇਸ ਦਾ ਮੂਲ ਹੈ ਕਿ ਸੁਰਤ ਵਿਚ ਹੈ, ਸੁਣ ਰਿਹਾ ਹੈ, ਸਰੋਤਾ ਹੈ। ਕਿਸ ਨੂੰ ਸੁਣ ਰਿਹਾ ਹੈ ? ਗੁਰੂ-ਸ਼ਬਦ ਨੂੰ ਸੁਣ ਰਿਹਾ ਹੈ। ਉਸ ਸ਼ਬਦ ਨੂੰ ਸੁਣ ਰਿਹਾ ਹੈ, ਜਿਹਦੇ ਵਿਚ ਪ੍ਰਕਾਸ਼ ਹੈ, ਜੀਹਦੇ ਵਿਚ ਚਾਨਣਾ ਹੈ, ਜਿਸ ਵਿਚ ਪਰਮਾਤਮਾ ਹੈ। ਜਿਸ ਸ਼ਬਦ ਵਿਚ ਪਰਿਵਾਰ ਹੈ, ਜਿਸ ਸ਼ਬਦ ਵਿਚ ਪਦਾਰਥ ਹਨ, ਜਿਸ ਸ਼ਬਦ ਵਿਚ ਤ੍ਰਿਸ਼ਨਾ ਹੈ, ਜਿਸ ਸ਼ਬਦ ਵਿਚ ਰੰਗ ਹੈ, ਜਿਸ ਸ਼ਬਦ ਵਿਚ ਰੂਪ ਹੈ, ਉਸ ਨੂੰ ਪੜ੍ਹਨਾ ਸੁਣਨਾ ਬਣਾ ਆਸਾਨ ਹੈ। ਘੰਟੇ ਬੱਧੀ ਲੋਕੀਂ ਸੁਣਦੇ ਕਹਿੰਦੇ ਹਨ। ਬੋਲਦੇ ਹਨ ਫ਼ਿਲਮੀ ਐਕਟਰ ਭੀ, ਗੱਪ ਸ਼ੱਪ ਵਿਚ ਭੀ ਬੋਲਿਆ ਜਾ ਰਿਹਾ ਹੈ। ਚਾਰ ਚਾਰ ਘੰਟੇ ਗੱਪਾਂ ਚਲਦੀਆਂ ਹਨ। ਉਸ ਬੋਲ-ਚਾਲ ਵਿਚ ਹੈ ਕੀ ਅਤੇ ਸੁਣਨ ਦਾ ਰਸ ਕੀ ਹੈ ? ਉਸ ਵਿਚ ਉਹੀ ਕੁਝ ਹੈ ਜਿਸ ਨਾਲ ਮੇਰਾ ਤਾਲ-ਮੇਲ ਬੈਠ ਜਾਂਦਾ ਹੈ, ਰਸ ਬਣ ਜਾਂਦਾ ਹੈ, ਸੁਆਦ ਬਣ ਜਾਂਦਾ ਹੈ—ਗੁਰ-ਸ਼ਬਦ, ਇਹਦੇ ਵਿਚ ਤਾਂ ਪ੍ਰਕਾਸ਼ ਹੈ, ਪਰਮਾਤਮਾ ਹੈ। ਕੇਵਲ ਸੁਣਨ ਨਾਲ ਹੀ ਤਾਲ-ਮੇਲ ਨਹੀਂ ਬੈਠ ਜਾਂਦਾ, ਸੋ ਸ਼ਬਦ ਨੂੰ ਸੁਣਨਾ ਕਿਧਰੇ ਸੌਖੀ ਖੇਡ ਨਾ ਸਮਝ ਲੈਣਾ। ਸਰੋਤਾ ਬਣਨਾ ਬਹੁਤ ਔਖਾ ਹੈ, ਬਹੁਤ ਹੀ ਔਖਾ ਹੈ। ਮਨ ਦਾ ਸੁਭਾਉ ਹੀ ਨਹੀਂ ਹੈ ਸਰੋਤਾ। ਮਨ ਦਾ ਸੁਭਾਉ ਹੈ ਵਕਤਾ, ਬੋਲਦਾ ਹੈ ਅਤੇ ਇਸ ਸਦੀ ਵਿਚ ਮਨ ਇਤਨੇ ਭਰਮਾਰ ਰੂਪ ਵਿਚ ਬੋਲਣ ਲੱਗ ਪਿਆ ਹੈ ਕਿ ਉਸ ਨੇ ਜ਼ਬਾਨ ਨੂੰ ਆਪਣੇ ਨਾਲ ਸ਼ਾਮਲ ਕਰ ਲਿਆ ਹੈ। ਧੂੰਆਂਧਾਰ ਧਰਮ ਦੀਆਂ ਗੱਲਾਂ ਇਸ ਦੇਸ਼ ਵਿਚ ਹੋ ਰਹੀਆਂ ਹਨ। ਪਰ ਮਨੁੱਖ ਦੇ ਕੋਲ ਧਰਮ ਹੈ ਹੀ ਨਹੀਂ। ਇਹ ਭੀ ਮੈਂ ਅਰਜ਼ ਕਰ ਦਿਆਂ। ਇਹ ਗੱਲ ਵੱਖਰੀ ਹੈ ਕਿ ਪ੍ਰਚਾਰ ਦੇ ਪੱਖੋਂ ਕਈ ਕੌਮਾਂ ਸਾਡੇ ਨਾਲੋਂ ਅੱਗੇ ਚਲੀਆਂ ਗਈਆਂ ਹਨ, ਬਹੁਤ ਅੱਗੇ ਚਲੀਆਂ ਗਈਆਂ ਹਨ। ਉਹ ਇਤਨਾ ਸਾਹਿਤ ਵੰਡ ਰਹੇ ਹਨ, ਲਿਟਰੇਚਰ ਵੰਡ ਰਹੇ ਹਨ, ਥਾਂ ਥਾਂ 'ਤੇ ਜਾ ਕੇ ਆਪਣੀ ਗੱਲ ਕਹਿ ਰਹੇ ਹਨ, ਪੁਚਾ ਰਹੇ ਹਨ, ਘਰ ਘਰ ਵਿਚ ਅਤੇ ਸਰਬ ਧਰਮ ਸੰਮੇਲਨ ਕਰ ਰਹੇ ਹਨ। ਦਾਸ ਨੂੰ ਆਏ ਦਿਨ ਸਰਬ ਧਰਮ ਸੰਮੇਲਨ ਦੇ ਪੱਤਰ ਮਿਲਦੇ ਹਨ। ਅਲਵਰ ਛੋਟਾ ਜਿਹਾ ਸ਼ਹਿਰ ਹੈ। ਇਥੇ ਭੀ 23 ਦਸੰਬਰ ਨੂੰ ਸਰਬ ਧਰਮ ਸੰਮੇਲਨ, ਸਾਰੇ ਧਰਮਾਂ ਦਾ ਸੰਮੇਲਨ ਪਿੱਛੇ ਜਿਹੇ ਰਾਏਪੁਰ ਵਿਚ ਰੱਖਿਆ ਗਿਆ, ਫਿਰ ਇੰਦੌਰ ਵਿਚ ਰੱਖਿਆ ਗਿਆ, ਬੰਬਈ ਵਿਚ ਰੱਖਿਆ ਗਿਆ, ਹੋਰ ਵੀ ਵੱਖ ਵੱਖ ਸ਼ਹਿਰਾਂ ਵਿਚ ਰੱਖਿਆ ਜਾ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਤਾਂ ਸਰਬ ਧਰਮ ਸੰਮੇਲਨ ਹੀ ਹੈ। ਬਾਬਾ ਫ਼ਰੀਦ ਗੁਰੂ ਗ੍ਰੰਥ ਸਾਹਿਬ ਵਿਚ ਬੈਠੇ ਹਨ, ਫ਼ਰੀਦ ਨੂੰ ਅਸੀਂ ਗੁਰਦੁਆਰੇ ਨਹੀਂ ਬਿਠਾ ਸਕੇ, ਲਿਆ ਨਹੀਂ ਸਕੇ, ਉਸ ਦੀ ਉੱਮਤ ਨੂੰ ਨਹੀਂ ਲਿਆ ਸਕੇ। ਰਾਮਾ ਨੰਦ ਬੈਠੇ ਹਨ, ਪਰਮਾ ਨੰਦ ਬੈਠੇ ਹਨ, ਪਰ ਉਨ੍ਹਾਂ ਦੇ ਅਨੁਯਾਈਆਂ ਨੂੰ ਅਸੀਂ ਗੁਰਦੁਆਰੇ ਨਹੀਂ ਲਿਆ ਸਕੇ। ਰਵੀਦਾਸ ਬੈਠੇ ਹਨ, ਕਬੀਰ ਬੈਠੇ

ਹਨ, ਉਨ੍ਹਾਂ ਦੇ ਪੁਜਾਰੀਆਂ ਨੂੰ ਅਸੀਂ ਇਕੱਠਾ ਨਹੀਂ ਕਰ ਸਕੇ। ਧਾਰਮਿਕ ਅਸਥਾਨਾਂ ਵਿੱਚੋਂ, ਸਾਰੀ ਦੁਨੀਆਂ ਵਿੱਚੋਂ, ਜਿਤਨੇ ਸ਼ਕਤੀਸ਼ਾਲੀ ਧਾਰਮਿਕ ਅਸਥਾਨ ਸਿੱਖ ਜਗਤ ਕੋਲ ਹਨ, ਕਿਸੇ ਕੋਲ ਭੀ ਨਹੀਂ। ਉਨ੍ਹਾਂ ਦਾ ਪ੍ਰਬਲ ਪਿਛੋਕੜ ਇਤਿਹਾਸ ਹੈ। ਬੜਾ ਕੀਮਤੀ ਇਤਿਹਾਸ ਹੈ, ਉਸ ਦੀ ਬੜੀ ਭਾਰੀ ਬੁਨਿਆਦ ਹੈ। ਪਰ ਬਦਕਿਸਮਤੀ ਹੈ ਕਿ ਧਾਰਮਿਕ ਰੁਚੀਆਂ ਇਨ੍ਹਾਂ ਨੂੰ ਨਹੀਂ ਚਲਾ ਰਹੀਆਂ, ਕੋਰੀ ਰਾਜਨੀਤੀ ਇਨ੍ਹਾਂ ਨੂੰ ਚਲਾ ਰਹੀ ਹੈ, ਜਿਸ ਕਾਰਨ ਕਰਕੇ ਅਸੀਂ ਗੁਰਦੁਆਰਿਆਂ ਵਿਚ ਭੀ ਸਰਬ ਧਰਮ ਸੰਮੇਲਨ ਨਹੀਂ ਕਰ ਸਕੇ। ਦੁਨੀਆਂ ਥਾਂ ਥਾਂ 'ਤੇ ਸਰਬ ਧਰਮ ਸੰਮੇਲਨ ਕਰ ਰਹੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਤਾਂ ਸਾਰੇ ਬੈਠੇ ਹਨ। ਅਸੀਂ ਸਾਰਿਆਂ ਨੂੰ ਗੁਰਦੁਆਰੇ ਨਹੀਂ ਬਿਠਾ ਸਕੇ ਅਤੇ ਇਹੀ ਇਕ ਧਰਮ ਹੈ ਜਿਸ ਦੇ ਕੋਲ ਹਰ ਪੱਖ ਦੇ ਵਕਤੇ ਹਨ, ਮਿਲ ਸਕਦੇ ਹਨ ਤੁਹਾਨੂੰ ਇਥੇ। ਹੈਨ ਸਨਾਤਨੀ ਪਰ ਗੁਰਬਾਣੀ ਦੀ ਸੂਝ ਰੱਖਦੇ ਹਨ। ਹੈਨ ਮੁਸਲਮਾਨ ਪਰ ਗੁਰਬਾਣੀ ਦੀ ਸਮਝ ਰੱਖਦੇ ਹਨ। ਨਿਰਮਲੇ ਨੇ, ਉਦਾਸੀ ਹਨ, ਪਰ ਬੜੀ ਸੰਕੀਰਨ ਬਿਰਤੀਆਂ ਦੇ ਮਾਲਕ। ਕਹਿ ਤਾਂ ਦਿੰਦੇ ਹਨ ਕਿ ਦਰਬਾਰ ਸਾਹਿਬ ਦੇ, ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਹਨ, ਪਰ ਹਿਰਦੇ ਦੇ ਚਾਰੇ ਹੀ ਦਰਵਾਜ਼ੇ ਲੋਕਾਂ ਨੇ ਬੰਦ ਕੀਤੇ ਹੋਏ ਹਨ। ਕੋਈ ਭੀ ਨਾ ਆਵੇ, ਕੋਈ ਭੀ ਨਾ ਆਵੇ। ਇਸ ਤਰ੍ਹਾਂ ਦੀ ਤੰਗ-ਨਜ਼ਰੀ। ਕਾਰਨ ਕੀ ? ਨਹੀਂ ਸਮਝ ਸਕੇ ਸ਼ਬਦ ਨੂੰ, ਕਿਉਂਕਿ ਸੁਣਿਆ ਹੀ ਨਹੀਂ ਸ਼ਬਦ ਨੂੰ। ਸੁਣਦੇ ਤਾਂ ਸਮਝ ਆਉਂਦੀ। ਸਮਝ ਆਉਂਦੀ ਤਾਂ ਜੁੜਦੇ। ਸੁਰਤ : ਸੁਣਨਾ, ਸੁਰਤ : ਸਮਝਣਾ, ਸੁਰਤ : ਜੁੜਨਾ। ਇਹ ਸੁਰਤ ਵਿਚ ਹੈ, ਸੁਣ ਰਿਹਾ ਹੈ। ਇਸ ਨੂੰ ਸੁਰਤ ਆ ਗਈ ਹੈ, ਸਮਝ ਆ ਗਈ ਹੈ। ਇਸ ਦੀ ਸੁਰਤ ਜੁੜ ਗਈ ਹੈ, ਇਹ ਤਾਂ ਜੁੜ ਗਿਐ। ਮੂਲ ਤਾਂ ਸੁਣਨਾ ਹੀ ਹੈ। ਤਾਂ ਉਸ ਪਰਮ ਪ੍ਰਕਾਸ਼ ਤੋਂ ਸ਼ਬਦ ਹੋਇਆ। ਸ਼ਬਦ ਕਿਹੜਾ ਹੋਇਆ ? ਜਿਸ ਤੋਂ ਇਹ ਜਗਤ ਬਣਿਆ। ਈਸਾ ਭੀ ਕਹਿੰਦੇ ਹਨ, ਸ਼ਬਦ ਤੋਂ ਜਗਤ ਬਣਿਆ ਹੈ। ਮੂਸਾ ਭੀ ਕਹਿੰਦੇ ਹਨ, ਸ਼ਬਦ ਤੋਂ ਜਗਤ ਬਣਿਐ। ਮੁਹੰਮਦ ਸਾਹਿਬ ਭੀ ਕਹਿੰਦੇ ਹਨ, ਸ਼ਬਦ ਤੋਂ ਜਗਤ ਬਣਿਐ। ਉਪਨਿਸ਼ਦਾਂ ਦੇ ਰਿਸ਼ੀ ਭੀ ਕਹਿੰਦੇ ਹਨ, ਸ਼ਬਦ ਤੋਂ ਸੰਸਾਰ ਆਇਐ ਅਤੇ ਕਮਾਲ ਦੀ ਗੱਲ ਹੈ ਕਿ ਜੈਨ ਤੇ ਬੋਧ ਭੀ ਇਹੀ ਕਹਿੰਦੇ ਹਨ। ਉਹ ਸ਼ਬਦ ਕਿਹੜਾ ਸੀ ? ਈਸਾ ਕਹਿੰਦੇ ਨੇ ਲਾਗੋਸ ਸੀ। ਮੁਹੰਮਦ ਸਾਹਿਬ ਕਹਿੰਦੇ ਨੇ ਕੁਨ ਸੀ। ਉਪਨਿਸ਼ਦ ਦੇ ਰਿਸ਼ੀ ਕਹਿੰਦੇ ਨੇ ਓਮ ਸੀ। ਜੈਨੀ ਕਹਿੰਦੇ ਹਨ ਓਅੰਕਾਰ ਸੀ ਤੇ ਹੁਣ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਕਹਿੰਦੇ ਹਨ ਕਿ ਖਸਮ ਦੇ ਬੋਲ ਸਨ, ਆਏ ਸਨ ਪਰਮ ਪ੍ਰਕਾਸ਼ ਤੋਂ। ਉਹ ਸ਼ਬਦ ਕਿਹੜਾ ਸੀ ਜਿਸ ਤੋਂ ਇਹ ਬ੍ਰਹਿਮੰਡ ਬਣ ਗਿਆ ? ਪਰਮਾਤਮਾ ਤੋਂ ਸ਼ਬਦ, ਸ਼ਬਦ ਤੋਂ ਸੰਸਾਰ। ਸੰਸਾਰ ਕੀ ਹੈ ? ਜੋ ਅਸੀਂ ਵੇਖ ਰਹੇ ਹਾਂ। ਉਹ ਸ਼ਬਦ ਕੀ ਚੀਜ਼ ਹੈ ? ਜਿਸ ਤੋਂ ਜਗਤ ਬਣਿਐ।

ਸ਼ਬਦ ਜਿਸ ਤੋਂ ਆਇਐ, ਉਸ ਦੀ ਸਮਝ ਭੀ ਤਾਂ ਸ਼ਬਦ ਤੋਂ ਹੀ ਪਵੇਗੀ। ਜਿਸ ਤੋਂ ਪ੍ਰਗਟ ਹੋਇਆ ਇਹ ਸੰਸਾਰ, ਇਸ ਦੀ ਸਮਝ ਭੀ ਸ਼ਬਦ ਤੋਂ ਹੀ ਪਵੇਗੀ। ਸ਼ਬਦ ਵਿਚੋਲਾ ਹੈ, ਵਿਚਕਾਰ ਹੈ। ਇਸ ਵਿਚੋਲੇ ਨਾਲ ਜਿਸ ਦਾ ਸੰਬੰਧ ਜੁੜ ਗਿਆ, ਉਸ ਨੂੰ ਸੰਸਾਰ ਦੀ ਭੀ ਸਮਝ ਆ ਜਾਏਗੀ, ਉਸ ਨੂੰ ਨਿਰੰਕਾਰ ਦੀ ਭੀ ਸਮਝ ਆ ਜਾਏਗੀ। ਸ਼ਬਦ ਵਿਚ ਸੰਸਾਰ ਹੈ, ਕਿਉਂਕਿ ਸੰਸਾਰ ਆਇਆ ਹੀ ਸ਼ਬਦ ਤੋਂ ਹੈ। ਸ਼ਬਦ ਵਿਚ ਨਿਰੰਕਾਰ ਹੈ, ਕਿਉਂਕਿ ਸ਼ਬਦ ਆਇਆ ਹੀ ਨਿਰੰਕਾਰ ਤੋਂ ਹੈ। ਫਿਰ ਸਮਝਣਾ, ਸ਼ਬਦ ਨਿਰੰਕਾਰ ਤੋਂ ਆਇਐ, ਸ਼ਬਦ ਤੋਂ ਸੰਸਾਰ ਹੋਇਐ। ਸ਼ਬਦ ਵਿਚ ਸਭ ਕੁਝ ਹੈ :

ਉਤਪਤਿ ਪਰਲਉ ਸਬਦੇ ਹੋਵੈ॥
ਸਬਦੇ ਹੀ ਫਿਰਿ ਓਪਤਿ ਹੋਵੈ॥ *(ਮਾਝ ਮਹਲਾ ੩, ਪੰਨਾ 117)*

ਮਹਾਰਾਜ ਕਹਿੰਦੇ ਹਨ ਕਿ ਉਤਪਤੀ ਤੇ ਪਰਲਉ ਸ਼ਬਦ ਤੋਂ ਹੋ ਰਹੀ ਹੈ। ਸਾਰਾ ਪਸਾਰਾ ਸ਼ਬਦ ਤੋਂ ਹੋ ਰਿਹੈ, ਪਰ ਸ਼ਬਦ ਕਿਹੜਾ ਹੈ, ਸ਼ਬਦ ਕੀ ਹੈ ? ਵੱਖ-ਵੱਖ ਅਵਤਾਰੀ ਪੁਰਸ਼ਾਂ ਨੇ ਉਸ ਸ਼ਬਦ ਦੀ ਰੂਪ-ਰੇਖਾ ਬਿਆਨ ਕੀਤੀ ਹੈ ਅਤੇ ਮੇਰਾ ਮਨ ਕਹਿੰਦੈ ਕਿ ਸਭ ਠੀਕ ਕਹਿ ਰਹੇ ਹਨ। ਕਾਰਨ, ਆਸਮਾਨ ਤੋਂ ਜੋ ਪਾਣੀ ਬਰਸ ਰਿਹਾ ਹੈ, ਕਿਸੇ ਨੇ ਮੈਦਾਨ ਵਿਚ ਬਾਲਟੀ ਰੱਖੀ ਹੈ, ਕਿਸੇ ਨੇ ਥਾਲ ਰੱਖਿਐ, ਕਿਸੇ ਨੇ ਲੋਟਾ ਰੱਖਿਐ, ਕਿਸੇ ਨੇ ਕੌਲੀ ਰੱਖੀ ਹੈ, ਕਿਸੇ ਨੇ ਗਲਾਸ ਰੱਖਿਐ। ਪਾਣੀ ਤਾਂ ਆਸਮਾਨ ਤੋਂ ਸਾਰਿਆਂ ਵਿਚ ਪੈ ਰਿਹਾ ਹੈ, ਪਰ ਥਾਲ ਵਿਚ ਪਾਣੀ ਕੁਝ ਹੋਰ ਸ਼ਕਲ ਇਖ਼ਤਿਆਰ ਕਰ ਗਿਆ, ਲੋਟੇ ਵਿਚ ਕੁਝ ਹੋਰ ਆਕਾਰ ਧਾਰਨ ਕਰ ਗਿਆ, ਘੜੇ ਵਿਚ ਕੁਝ ਹੋਰ ਆਕਾਰ ਧਾਰਨ ਕਰ ਗਿਆ ਅਤੇ ਗਲਾਸ ਵਿਚ ਕੁਝ ਹੋਰ ਆਕਾਰ ਧਾਰਨ ਕਰ ਗਿਆ। ਆਇਆ ਤਾਂ ਸ਼ਬਦ ਪਰਮਾਤਮਾ ਤੋਂ—ਮੁਹੰਮਦ ਸਾਹਿਬ ਦਾ ਹਿਰਦਾ। ਆਇਆ ਤਾਂ ਸ਼ਬਦ ਪਰਮਾਤਮਾ ਤੋਂ—ਉਪਨਿਸ਼ਦਾਂ ਦੇ ਰਿਸ਼ੀਆਂ ਦਾ ਹਿਰਦਾ। ਆਇਆ ਤਾਂ ਸ਼ਬਦ ਪਰਮਾਤਮਾ ਤੋਂ ਹੈ—ਸਵਾਮੀ ਮਹਾਂਵੀਰ ਤੇ ਮਹਾਤਮਾ ਬੁੱਧ ਦਾ ਹਿਰਦਾ। ਆਇਆ ਤਾਂ ਸ਼ਬਦ ਪਰਮਾਤਮਾ ਤੋਂ—ਗੁਰੂ ਨਾਨਕ ਤੇ ਗੁਰੂ ਗੋਬਿੰਦ ਸਾਹਿਬ ਜੀ ਦਾ ਹਿਰਦਾ। ਉਸ ਹਿਰਦੇ ਦੇ ਤਲ 'ਤੇ ਜੋ ਸ਼ਬਦ ਪ੍ਰਗਟ ਹੋਇਐ, ਉਹ ਆਸਮਾਨ ਤੋਂ ਜੋ ਪਾਣੀ ਆਇਐ, ਉਹ ਜੋ ਥਾਲ ਦੇ ਰਾਹੀਂ ਕਿਸੇ ਨੇ ਪੀਤਾ, ਜੋ ਲੋਟੇ ਦੇ ਰਾਹੀਂ ਕਿਸੇ ਨੇ ਪੀਤਾ, ਉਹ ਜੋ ਗਲਾਸ ਦੇ ਰਾਹੀਂ ਕਿਸੇ ਨੇ ਪੀਤਾ, ਕਿਸੇ ਨੇ ਘੜੇ ਦੇ ਵਿੱਚੋਂ ਪੀਤਾ, ਆਇਆ ਤਾਂ ਸਾਰਾ ਹੀ ਆਸਮਾਨ ਤੋਂ ਹੈ। ਆਕਾਰ ਅਲੱਗ ਅਲੱਗ ਧਾਰਨ ਕਰ ਗਿਆ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਗੁਰੂ ਨਾਨਕ ਤੇ ਭਗਤ ਕਬੀਰ ਉਸ ਸ਼ਬਦ ਦਾ ਜ਼ਿਕਰ ਕਰਦੇ ਹਨ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ :

ਓਅੰਕਾਰ ਆਦਿ॥ ਕਥਨੀ ਅਨਾਦਿ॥ *(ਜਾਪੁ ਸਾਹਿਬ)*

ਕਬੀਰ ਸਾਹਿਬ ਫ਼ਰਮਾਉਂਦੇ ਹਨ ਕਿ ਸ਼ਬਦਾਂ ਵਿੱਚੋਂ 'ਆਦਿ' ਸ਼ਬਦ ਮੈਂ ਜਾਣਿਐ :

ਓਅੰਕਾਰ ਆਦਿ ਮੈ ਜਾਨਾ॥
ਲਿਖਿ ਅਰੁ ਮੇਟੈ ਤਾਹਿ ਨ ਮਾਨਾ॥

(ਗਉੜੀ ਬਾਵਨ ਅਖਰੀ ਕਬੀਰ ਜੀਉ, ਪੰਨਾ 340)

ਮੈਂ ਇਸ ਤਰ੍ਹਾਂ ਨਹੀਂ ਸਮਝਿਆ ਕਿ ਕੋਈ ਓਅੰਕਾਰ ਲਿਖ ਦੇਵੇ ਤੇ ਮਿਟਾ ਦੇਵੇ—ਨਹੀਂ, ਓਅੰਕਾਰ ਅਨਾਦੀ ਧੁਨੀ ਹੈ, ਬ੍ਰਹਿਮੰਡ ਦੀ ਧੁਨੀ ਹੈ, ਵਿਆਪਕ ਹੈ, ਇਸ ਤੋਂ ਸੰਸਾਰ ਹੋਇਐ। ਭਗਤ ਕਬੀਰ ਜੀ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਤਾਂ ਬਾਕਾਇਦਾ ਇਕ ਬਾਣੀ ਉਚਾਰਣ ਕੀਤੀ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਦਰਜ ਹੈ ਅਤੇ ਉਸ ਬਾਣੀ ਦਾ ਨਾਮ ਹੀ ਓਅੰਕਾਰ ਹੈ :

ਓਅੰਕਾਰਿ ਬ੍ਰਹਮਾ ਉਤਪਤਿ॥
ਓਅੰਕਾਰੁ ਕੀਆ ਜਿਨਿ ਚਿਤਿ॥
ਓਅੰਕਾਰਿ ਸੈਲ ਜੁਗ ਭਏ॥
ਓਅੰਕਾਰਿ ਬੇਦ ਨਿਰਮਏ॥

(ਰਾਮਕਲੀ ਮ: ੧, ਦਖਣੀ ਓਅੰਕਾਰੁ, ਪੰਨਾ 929–30)

ਓਅੰਕਾਰ ਤੋਂ ਹੀ ਸਭ ਕੁਝ ਹੋਇਐ, ਬ੍ਰਹਮ ਤੋਂ ਹੀ ਓਅੰਕਾਰ ਦੀ ਧੁਨੀ ਹੋਈ, "ਓਅੰਕਾਰ ਆਦਿ॥ ਕਥਨੀ ਅਨਾਦਿ॥" ਓਅੰਕਾਰ ਤਾਂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪਹਿਲਾ ਅੱਖਰ ਬਣ ਗਿਐ। ਇਸ ਦੇ ਅੱਗੇ ਵਿਸ਼ੇਸ਼ਣ ਲਾਇਐ ਗੁਰੂ ਨਾਨਕ ਦੇਵ ਜੀ ਨੇ ਇਕ(੧), ਇਸ ਭ੍ਰਾਂਤੀ ਨੂੰ ਦੂਰ ਕਰਨ ਵਾਸਤੇ, ਕਿਉਂਕਿ ਜਗਤ ਵਿਚ ਐਸੀ ਧਾਰਨਾ ਚਲ ਪਈ ਸੀ ਕਿ ਉਤਪਤੀ ਕੋਈ ਹੋਰ ਕਰ ਰਿਹੈ, ਪਾਲਣਾ ਕੋਈ ਹੋਰ ਕਰ ਰਿਹੈ। ਨਾਸ ਕੋਈ ਹੋਰ ਕਰ ਰਿਹੈ। ਤਿੰਨ ਸ਼ਕਤੀਆਂ ਕੰਮ ਕਰ ਰਹੀਆਂ ਹਨ ਤਾਂ ੧ ਜੋੜਨਾ ਪਿਆ। ਓਅੰਕਾਰ ਬੁਨਿਆਦੀ ਅੱਖਰ ਹੈ, ਇਸ ਤੋਂ ਸੰਸਾਰ ਪੈਦਾ ਹੋਇਐ। ਇਸੇ ਹੀ ਧੁਨ ਤੋਂ ਸਭ ਕੁਝ ਹੋਇਐ, "ਉਤਪਤਿ ਪਰਲਉ ਸਬਦੇ ਹੋਵੈ॥ ਸਬਦੇ ਹੀ ਫਿਰਿ ਓਪਤਿ ਹੋਵੈ॥" ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਸਿਰਫ਼ ਓਅੰਕਾਰ ਦੀ ਵਿਆਖਿਆ ਹੈ। ਪਰਮਾਤਮਾ ਤੋਂ ਧੁਨ ਹੋਈ, ਧੁਨ ਤੋਂ ਸ਼ਬਦ ਹੋਇਐ। ਧੁਨ ਸੁਣਨ ਦਾ ਵਿਸ਼ਾ ਹੈ, ਸਰੋਤਾ ਬਣਨਾ ਹੈ। ਮਨ ਵਕਤਾ ਬਣਦਾ ਹੈ, ਸਰੋਤਾ ਬਣਦਾ ਹੀ ਨਹੀਂ; ਜ਼ਬਾਨ ਵਕਤਾ ਬਣੇ, ਮਨ ਸਰੋਤਾ ਬਣੇ, ਪਰ ਮਨ ਭੀ ਵਕਤਾ ਬਣਦਾ ਹੈ। ਜ਼ਬਾਨ ਕਹਿ ਰਹੀ ਹੈ ਵਾਹਿਗੁਰੂ ਵਾਹਿਗੁਰੂ, ਪੜ੍ਹ ਰਹੀ ਹੈ ਜਪੁਜੀ। ਇਥੇ ਮਨ ਸਰੋਤਾ ਬਣੇ, ਪਰ ਮਨ ਭੀ ਵਕਤਾ ਬਣਦਾ ਹੈ। ਜ਼ਬਾਨ ਜੋ ਕੁਝ ਕਹਿ ਰਹੀ ਹੈ, ਮਨ ਉਸ ਤੋਂ ਵਿਪਰੀਤ ਬੋਲਦਾ ਹੈ, ਉਲਟ ਬੋਲਦਾ ਹੈ। ਆਹਮਣੇ

ਸਾਹਮਣੇ ਦੋ ਹੋਵਣ ਤੇ ਦੋਵੇਂ ਇਕੱਠੇ ਬੋਲਣ ਤਾਂ ਦੋਹਾਂ ਦੇ ਪੱਲੇ ਕੁਝ ਨਹੀਂ ਪਵੇਗਾ। ਇਕ ਚੁੱਪ ਕਰੇ, ਇਕ ਬੋਲੇ। ਜ਼ਬਾਨ ਬੋਲੇ ਤੇ ਮਨ ਚੁੱਪ ਕਰੇ, ਤਾਂ ਬੋਲਿਆ ਹੋਇਆ ਮਨ ਵਿਚ ਵੱਸੇ। ਜੋ ਬੋਲਿਆ ਗਿਐ, ਮੇਰੇ ਵੀਚਾਰ ਬਣਨ। ਜੋ ਬੋਲਿਆ ਗਿਐ, ਮੇਰੀ ਸਮਝ ਬਣੇ। ਜੋ ਬੋਲਿਐ ਗਿਐ, ਮੇਰੀ ਯਾਦ ਬਣੇ। ਇਹ ਤਾਂ ਹੀ ਹੋ ਸਕਦਾ ਹੈ ਕਿ ਮਨ ਸਰੋਤਾ ਬਣੇ। ਇਥੋਂ ਗੱਲ ਆਰੰਭ ਹੋਵੇਗੀ, ਮਨ ਸਰੋਤਾ ਬਣੇ। ਸਭ ਕੁਝ ਕਰਨਾ ਆਸਾਨ ਹੈ, ਪਰ ਸਰੋਤਾ ਹੋਣਾ ਔਖਾ ਹੈ। ਸਰੀਰਕ ਕਿਰਤ ਕਰਨੀ ਆਸਾਨ ਹੈ, ਮਨ ਨੂੰ ਸਰੋਤਾ ਬਣਾਉਣਾ ਔਖਾ ਹੈ, ਸੁਣੇ ਤਾਂ ਸਹੀ, ਔਰ ਅਗਰ ਕੋਈ ਸੁਣੇ :

ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥ *(ਜਪੁ ਜੀ, ਪੰਨਾ 2)*

ਸੁਣਿਆਂ ਹੀ ਦੁੱਖ ਨਾਸ਼ ਹੋ ਜਾਂਦੇ ਹਨ, ਸੁਣਿਆਂ ਹੀ ਪਾਪ ਨਾਸ਼ ਹੋ ਜਾਂਦੇ ਹਨ। ਸੁਣਿਆਂ ਹੀ ਸਭ ਕਲ ਕਲੇਸ਼ ਮਿਟ ਜਾਣਗੇ। ਸੁਣਦਿਆਂ ਹੀ ਅਗੰਮੀ ਖ਼ਜ਼ਾਨਿਆਂ ਦੇ ਦਰਵਾਜ਼ੇ ਖੁੱਲ੍ਹ ਜਾਣਗੇ :

ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥
(ਜਪੁ ਜੀ, ਪੰਨਾ 2)

ਸੰਸਾਰ ਵੇਖਣ ਦਾ ਵਿਸ਼ਾ ਹੈ ਅਤੇ ਸ਼ਬਦ ਸੁਣਨ ਦਾ ਵਿਸ਼ਾ ਹੈ ਇਹ ਸ਼ਬਦ ਪਰਮਾਤਮਾ ਤੋਂ ਆਏ ਹਨ, ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਹਿਰਦੇ ਨੇ ਪਕੜੇ ਹਨ ਅਤੇ ਗੁਰੂ ਨਾਨਕ ਨੇ ਇਹੀ ਸ਼ਬਦ, ਇਹੀ ਜੋਤ ਉਡੇਲ ਦਿੱਤੀ ਹੈ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਹਿਰਦੇ ਵਿਚ। ਇਸ ਨੂੰ ਮੈਂ ਇਸ ਤਰ੍ਹਾਂ ਬਿਆਨ ਕਰਦਾ ਹੁੰਦਾ ਹਾਂ—ਅੱਜ ਸਾਇੰਸ ਦਾ ਯੁਗ ਹੈ, ਬੜੀ ਤਰੱਕੀ ਹੋਈ ਹੈ, ਬੜੀ ਉੱਨਤੀ ਹੋਈ ਹੈ। ਮੈਂ ਵੇਖਦਾ ਹਾਂ ਕਿ ਅਜੋਕੀ ਸਾਇੰਸ ਅੱਜ ਬਾਕਾਇਦਾ ਸਰੀਰਕ ਅੰਗ ਭੇਟ ਕਰ ਰਹੀ ਹੈ। ਕਿਡਨੀ ਕਿਸੇ ਦੀ ਹੈ, ਲਾਈ ਜਾ ਰਹੀ ਹੈ ਕਿਸੇ ਨੂੰ। ਅੱਖਾਂ ਕਿਸੇ ਦੀਆਂ ਹਨ, ਲਗਾਈਆਂ ਜਾ ਰਹੀਆਂ ਹਨ ਕਿਸੇ ਨੂੰ। ਖ਼ੂਨ ਕਿਸੇ ਦਾ ਹੈ, ਪਾਇਆ ਜਾ ਰਿਹੈ ਕਿਸੇ ਦੂਸਰੇ ਦੇ ਸਰੀਰ ਵਿਚ। ਮੈਂ ਤਾਂ ਵੇਖਦਾ ਪਿਆ ਹਾਂ, ਕੁਝ ਅਰਸਾ ਪਹਿਲੇ ਮੈਂ ਵੈਨਕੂਵਰ ਕੈਨੇਡਾ ਵਿਚ ਸੀ। ਉਥੋਂ ਦੇ ਗੁਰਦੁਆਰੇ ਦੇ ਸਾਬਕਾ ਹੈੱਡ ਗ੍ਰੰਥੀ ਸਰਦਾਰ ਗੁਰਮੁਖ ਸਿੰਘ ਦੀਵਾਨਾ ਜਿਨ੍ਹਾਂ ਦਾ ਗੁਰਦੁਆਰੇ ਵਿਚ ਹੋਣ ਵਾਲੇ ਦੀਵਾਨਾਂ ਨਾਲ ਤੁਅੱਲਕ ਸੀ। ਮੈਂ ਘੂਰ ਘੂਰ ਕੇ ਕਾਫ਼ੀ ਦੇਰ ਤਕ ਦੇਖਦਾ ਰਿਹਾਂ, ਮੈਂ ਉਨ੍ਹਾਂ ਦੀ ਗੱਲ ਨਹੀਂ ਸੁਣ ਰਿਹਾ ਸੀ। ਉਹ ਮੈਨੂੰ ਕਹਿਣ ਲੱਗੇ, ਗਿਆਨੀ ਜੀ, ਮੈਂ ਸਮਝ ਗਿਆਂ, ਤੁਸੀਂ ਘੂਰ ਘੂਰ ਕੇ ਮੈਨੂੰ ਕਿਉਂ ਵੇਖ ਰਹੇ ਹੋ। ਮੈਂ ਆਖਿਆ ਕਿ ਜੇ ਤੁਸੀਂ ਸਮਝ ਗਏ ਹੋ ਤਾਂ ਆਪ ਹੀ ਦੱਸ ਦਿਉ। ਕਹਿਣ ਲੱਗੇ, ਤੁਸੀਂ ਮੇਰੀਆਂ

ਅੱਖਾਂ ਵੇਖ ਰਹੇ ਹੋ। ਮੈਂ ਆਖਿਆ, ਹਾਂ। ਅੱਖਾਂ ਨੀਲੀਆਂ ਸਨ, ਪਰ ਮੈਂ ਉਨ੍ਹਾਂ ਦੀਆਂ ਅੱਖਾਂ ਕਾਲੀਆਂ ਵੇਖੀਆਂ ਸਨ। ਮੈਨੂੰ ਕਹਿਣ ਲੱਗੇ, ਗਿਆਨੀ ਜੀ! ਮੇਰੀਆਂ ਅੱਖਾਂ ਖ਼ਰਾਬ ਹੋ ਗਈਆਂ ਸਨ, ਉਹ ਅੱਖਾਂ ਕੱਢਵਾ ਦਿੱਤੀਆਂ ਸਨ ਅਤੇ ਇਹ ਅੱਖਾਂ ਇਕ ਗੋਰੇ ਦੀਆਂ ਹਨ, ਨੀਲੀਆਂ ਅੱਖਾਂ, ਇਕ ਕਨੇਡੀਅਨ ਦੀਆਂ। ਇਹ ਮੈਨੂੰ ਦਾਨ ਵਿਚ ਮਿਲੀਆਂ ਹਨ। ਮੈਂ ਉਸ ਕਨੇਡੀਅਨ ਦੀਆਂ ਅੱਖਾਂ ਰਾਹੀਂ ਤੁਹਾਨੂੰ ਵੇਖ ਰਿਹਾ ਹਾਂ, ਇਹ ਮੇਰੀਆਂ ਆਪਣੀਆਂ ਨਹੀਂ ਹਨ। ਸੋ ਜਿਵੇਂ ਸਾਇੰਸ ਇਤਨੀ ਤਰੱਕੀ ਕਰ ਗਈ ਹੈ ਕਿ ਅੱਖਾਂ ਬਦਲੀਆਂ ਜਾ ਰਹੀਆਂ ਹਨ। ਕਿਡਨੀ ਟ੍ਰਾਂਸਫ਼ਰ ਹੋ ਰਹੀ ਹੈ। ਖ਼ੂਨ ਕਿਸੇ ਦੇ ਸਰੀਰ ਦਾ ਹੈ, ਪਾਇਆ ਕਿਸੇ ਹੋਰ ਦੇ ਸਰੀਰ ਵਿਚ ਜਾ ਰਿਹੈ। ਜਿਵੇਂ ਇਹ ਸਰੀਰ ਦੇ ਅੰਗ ਇਸ ਤਰ੍ਹਾਂ ਬਦਲੇ ਜਾ ਸਕਦੇ ਹਨ, ਉਵੇਂ ਪਰਮਾਤਮਾ ਤੋਂ ਜੋ ਅਨੁਭਵ ਪ੍ਰਕਾਸ਼ ਸ਼ਬਦਾਂ ਦੇ ਰਾਹੀਂ ਆਇਆ, ਗੁਰੂ ਨਾਨਕ ਨੇ ਉਹ ਸਾਰੇ ਦਾ ਸਾਰਾ ਟ੍ਰਾਂਸਫ਼ਰ ਕਰ ਦਿੱਤਾ ਗੁਰੂ ਅੰਗਦ ਦੇਵ ਜੀ ਵਿਚ। ਗੁਰੂ ਅੰਗਦ ਦੇਵ ਜੀ ਨੇ ਸਾਰੇ ਦਾ ਸਾਰਾ ਉਡੇਲ ਦਿੱਤਾ ਗੁਰੂ ਅਮਰਦਾਸ ਜੀ ਵਿਚ ਅਤੇ ਉਹ ਸਾਰੇ ਦਾ ਸਾਰਾ ਬ੍ਰਹਮ ਗਿਆਨ ਗੁਰੂ ਅਮਰਦਾਸ ਜੀ ਨੇ ਅਰਪਨ ਕਰ ਦਿੱਤਾ ਗੁਰੂ ਰਾਮਦਾਸ ਜੀ ਮਹਾਰਾਜ ਨੂੰ। ਇਹ ਘਰ ਬਦਲਦੇ ਰਹੇ, ਮਹਿਲ ਬਦਲਦੇ ਰਹੇ, ਟਿਕਾਣੇ ਬਦਲਦੇ ਰਹੇ। ਫਿਰ ਇਹ ਸਾਰੇ ਦਾ ਸਾਰਾ ਅੰਮ੍ਰਿਤ ਜਿਸ ਕੁਨ ਦੇ ਵਿਚ ਭਰ ਕੇ ਸਾਡੇ ਸਾਹਮਣੇ ਰੱਖ ਦਿੱਤਾ ਗਿਆ, ਉਸੇ ਦਾ ਨਾਮ ਹੈ ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ। ਐਵੇਂ ਨਹੀਂ ਧੰਨ ਗੁਰੂ ਗੋਬਿੰਦ ਸਾਹਿਬ ਜੀ ਮਹਾਰਾਜ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਬਖ਼ਸ਼ੀ ਜੋ ਅਸੀਂ ਅੱਜ ਗੁਰਗੱਦੀ ਗੁਰਪੁਰਬ ਮਨਾ ਰਹੇ ਹਾਂ। ਪਹਿਲੇ ਪਾਤਸ਼ਾਹ ਦੇ ਭੀ ਇਹੀ ਵਾਕ ਹਨ:

ਸਬਦੁ ਗੁਰੂ ਸੁਰਤਿ ਧੁਨਿ ਚੇਲਾ॥

(ਰਾਮਕਲੀ ਮ: ੧, ਸਿਧ ਗੋਸਟਿ, ਪੰਨਾ 943)

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥

(ਨਟ ਅਸਟਪਦੀਆ ਮ: 8, ਪੰਨਾ 982)

ਇਸ ਤੋਂ ਪਹਿਲੇ ਵੀ ਦੋ ਵਾਕ ਮੌਜੂਦ ਹਨ। ਧੰਨ ਗੁਰੂ ਗੋਬਿੰਦ ਸਿੰਘ ਮਹਾਰਾਜ ਭੀ ਕਹਿੰਦੇ ਹਨ:

ਓਅੰਕਾਰ ਆਦਿ॥ ਕਥਨੀ ਅਨਾਦਿ॥ *(ਜਾਪੁ ਸਾਹਿਬ)*

ਇਹ ਆਦਿ ਕਥਨੀ ਹੈ, ਆਦਿ ਬੋਲ ਨੇ ਪਰਮਾਤਮਾ ਦੇ। ਜਿਨ੍ਹਾਂ ਅਵਤਾਰੀ ਪੁਰਸ਼ਾਂ ਦੇ ਰਾਹੀਂ ਇਹ ਬੋਲ ਪਕੜ ਵਿਚ ਆ ਜਾਂਦੇ ਹਨ। ਉਹ ਜਗਤ ਦੇ ਸਾਹਮਣੇ ਰੱਖ ਦਿੰਦੇ ਹਨ, ਬੱਸ ਉਹੀ ਮਹਾਨ ਪੈਗ਼ੰਬਰ ਕਹਿਲਾਂਦੇ ਹਨ, ਗੁਰੂ ਕਹਿਲਾਂਦੇ ਹਨ, ਅਵਤਾਰ ਕਹਿਲਾਂਦੇ ਹਨ। ਇਨ੍ਹਾਂ ਕੋਲ ਆਪਣੇ

ਬੋਲ ਨਹੀਂ ਹੁੰਦੇ, ਸਿਰਫ਼ ਪਰਮਾਤਮਾ ਦੇ ਬੋਲ ਹੁੰਦੇ ਹਨ। ਆਪਣੇ ਬੋਲ ਇਨ੍ਹਾਂ ਦੇ ਸ਼ਾਂਤ ਹੋ ਗਏ, ਚੁੱਪ ਕਰ ਗਏ। ਹਿਰਦਾ ਇਨ੍ਹਾਂ ਦਾ ਚੁੱਪ ਕਰ ਗਿਆ, ਮਨ ਇਨ੍ਹਾਂ ਦਾ ਚੁੱਪ ਕਰ ਗਿਆ। ਇਹ ਤਾਂ ਸਰੋਤੇ ਬਣ ਗਏ। ਇਨ੍ਹਾਂ ਨੇ ਜੋ ਉਸ ਪਰਮਾਤਮਾ ਤੋਂ ਸੁਣਿਆ, ਉਹ ਸਾਡੇ ਸਾਹਮਣੇ ਬੋਲ ਕੇ ਪ੍ਰਗਟ ਕਰ ਦਿੱਤਾ ਤੇ ਹੁਣ ਜਦ ਬੋਲ ਕੇ ਪ੍ਰਗਟ ਕਰ ਦਿੱਤਾ ਹੈ ਤਾਂ ਕੋਈ ਸੁਣੇ ਤਾਂ ਸਹੀ ਸ਼ਬਦ ਸੁਣਨ ਦਾ ਵਿਸ਼ਾ ਹੈ, ਜੇਕਰ ਕੋਈ ਸੁਣੇ, "ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ"। ਅੰਮ੍ਰਿਤ ਵੇਲੇ ਬੈਠ ਕੇ, ਜ਼ਬਾਨ ਨਾਲ ਉਚਾਰਣ ਕਰ ਕੇ ਧੁਨ ਵਿਚ ਬਾਣੀ ਪੜ੍ਹੋ ਤੇ ਫਿਰ ਸੁਣੋ। ਵਾਹਿਗੁਰੂ ਵਾਹਿਗੁਰੂ ਜਪੋ ਤੇ ਫਿਰ ਸੁਣੋ। ਸਾਡੇ ਹਿੰਦੂ ਵੀਰਾਂ ਨੇ ਬਾਹਰ ਇਕ ਬਹੁਤ ਸੋਹਣਾ ਪ੍ਰਤੀਕ ਚੁਣਿਆ ਹੈ, ਬਣਾਇਐ ਹੈ ਮੰਦਰ ਤੇ ਮੰਦਰਾਂ ਦੇ ਬੂਹਿਆਂ ਉੱਤੇ ਘੜਿਆਲ ਲਟਕਾ ਦਿੱਤੇ ਹਨ ਅਤੇ ਸਭ ਘੜਿਆਲ ਨੂੰ ਵਜਾ ਕੇ ਹੀ ਅੰਦਰ ਜਾਂਦੇ ਹਨ। ਅੰਦਰ ਕਿਸੇ ਦੇਵੀ ਦੇਵਤੇ ਜਾਂ ਅਵਤਾਰੀ ਪੁਰਸ਼ ਦੀ ਮੂਰਤੀ ਹੁੰਦੀ ਹੈ। ਉਸ ਦੇ ਦਰਸ਼ਨ ਕਰਨੇ ਹਨ, ਪਰ ਦਰਸ਼ਨ ਕਰਨ ਤੋਂ ਪਹਿਲੇ ਘੜਿਆਲ ਵਜਾਣਾ ਹੈ। ਨਾਲ ਇਹ ਪ੍ਰਤੀਕ ਚੁਣਿਆ ਹੈ, ਅੰਦਰ ਉਹੀ ਜਾ ਸਕਦੈ, ਜੋ ਪਹਿਲੇ ਘੰਟਾ ਵਜਾਏ, ਆਵਾਜ਼ ਕਰੇ। ਘੰਟੇ ਦੀ ਆਵਾਜ਼ ਧੁਨਾਕਾਰ ਹੁੰਦੀ ਹੈ, ਉੱਚੀ ਉਠ ਕੇ ਫਿਰ ਹੌਲੀ ਹੌਲੀ ਨੀਵੀਂ ਹੁੰਦੀ ਹੈ। ਇਹੀ ਢੰਗ ਹੈ ਘੰਟੇ ਦੀ ਆਵਾਜ਼ ਦਾ। ਉਨ੍ਹਾਂ ਨੇ ਬੜਾ ਸੋਹਣਾ ਪ੍ਰਤੀਕ ਚੁਣਿਐ ਪਰਮਾਤਮਾ ਦੇ ਮੰਦਰ ਵਿਚ ਪ੍ਰਵੇਸ਼ ਕਰਨ ਦਾ—ਆਵਾਜ਼, ਧੁਨ, ਸ਼ਬਦ। ਸੋ ਸਰੀਰ ਨੂੰ ਮੰਦਿਰ ਨਾਲ ਤਸ਼ਬੀਹ ਦਿੰਦੇ ਕਹਿੰਦੇ ਹਨ ਕਿ ਪਰਮਾਤਮਾ ਨੇ ਮੰਦਰ ਭੀ ਬਣਾ ਦਿੱਤਾ ਹੈ ਤੇ ਅੰਦਰ ਆਪ ਹੀ ਘੜਿਆਲ ਲਟਕਾ ਦਿੱਤਾ ਹੈ। ਜੀਵਨ ਮੰਦਰ ਹੈ, ਮੂੰਹ ਦਰਵਾਜ਼ਾ ਹੈ ਤੇ ਜ਼ਬਾਨ ਘੜਿਆਲ ਦੀ ਤਰ੍ਹਾਂ ਉਸ ਨੇ ਲਟਕਾ ਕੇ ਰੱਖ ਦਿੱਤੀ ਹੈ। ਇਸੇ ਜ਼ਬਾਨ ਦੇ ਰਾਹੀਂ ਵਾਹਿਗੁਰੂ ਵਾਹਿਗੁਰੂ ਦੀ ਧੁਨੀ ਅਲਾਪੋ, ਧਿਆਨ ਅੰਤਰਗਤ ਹੋ ਜਾਏਗਾ, ਧਿਆਨ ਅੰਤਰੀਵ ਹੋ ਜਾਏਗਾ, ਧਿਆਨ ਅੰਦਰ ਪ੍ਰਵੇਸ਼ ਕਰ ਜਾਏਗਾ। ਪਰ ਕਈ ਇਵੇਂ ਵਾਹਿਗੁਰੂ ਵਾਹਿਗੁਰੂ ਜਪਦੇ ਹਨ, ਜਿਵੇਂ ਐਕਸਰਸਾਈਜ਼ ਕਰਦੇ ਹਨ, ਖ਼ੁਦ ਥੱਕ ਟੁੱਟ ਜਾਂਦੇ ਹਨ, ਹੋਰ ਕੁਝ ਭੀ ਨਹੀਂ। ਉਂਝ ਦਿੱਸਦਾ ਇਵੇਂ, ਜਿਵੇਂ ਪਰਮਾਤਮਾ ਨਾਲ ਲੜਨਾ ਹੁੰਦਾ ਹੈ। ਨਹੀਂ, ਜਿਸ ਤਰ੍ਹਾਂ ਘੜਿਆਲ ਦੀ ਆਵਾਜ਼ ਹੈ, ਬੜਾ ਸੋਹਣਾ ਪ੍ਰਤੀਕ ਚੁਣਿਆ ਹੈ। ਪਰਮਾਤਮਾ ਨੇ ਜੀਵ ਨੂੰ ਹਰਿਮੰਦਰ ਬਣਾਇਆ ਹੈ, ਮੂੰਹ ਦਰਵਾਜ਼ਾ ਹੈ, ਜ਼ਬਾਨ ਘੜਿਆਲ ਹੈ। ਇਸ ਜ਼ਬਾਨ ਨੂੰ ਇਸ ਤਰ੍ਹਾਂ ਚਲਾਣੈ, ਇਸ ਤਰ੍ਹਾਂ ਵਜਾਣੈ, ਜਿਸ ਤਰ੍ਹਾਂ ਇਸ ਘੰਟੇ ਦੀ ਆਵਾਜ਼। ਇਕ ਵਕਤ ਨਹੀਂ, ਮੈਂ ਦੋ ਵਕਤ ਉਚਾਰਣ ਕਰਦਾ ਹਾਂ। ਇਸ ਨੂੰ ਧੁਨਾਕਾਰ ਆਵਾਜ਼ ਕਹਿੰਦੇ ਹਨ। ਇਸ ਤਰ੍ਹਾਂ ਕਰੋ ਕਿ ਅੰਮ੍ਰਿਤ ਵੇਲੇ ਸ਼ਬਦ ਜ਼ਬਾਨ ਵਿਚ ਘੜਿਆਲ ਦੀ ਤਰ੍ਹਾਂ ਵੱਜੇ ਤੇ ਕੰਨਾਂ ਦੇ

ਰਸਤਿਆਂ ਵਿੱਚੋਂ ਤੁਹਾਡਾ ਧਿਆਨ ਅੰਦਰ ਪ੍ਰਵੇਸ਼ ਕਰੇ, ਭਾਵ ਇਸ ਨੂੰ ਸੁਣੋ। ਇਸ ਨੂੰ ਫਿਰ ਸੁਣੋ, ਇਹ ਦੋ ਦਰਵਾਜ਼ੇ ਹਨ। ਇਨ੍ਹਾਂ ਰਾਹੀਂ ਹੀ ਸ਼ਬਦ ਅੰਦਰ ਪ੍ਰਵੇਸ਼ ਕਰੇਗਾ। ਇਨ੍ਹਾਂ ਦੇ ਰਾਹੀਂ ਹੀ ਅੰਦਰ ਜਾਊ। ਆਵਾਜ਼ ਧੁਨਾਕਾਰ ਮੈਂ ਦੋ ਦਫ਼ਾ ਉਚਾਰਣ ਕਰਾਂ। ਜਿਸ ਤਰ੍ਹਾਂ ਮੈਂ ਉਚਾਰਨ ਕਰਾਂ, ਤੁਸੀਂ ਭੀ ਕਰਨਾ ਤਾਕਿ ਗੱਲ ਸਪੱਸ਼ਟ ਹੋ ਜਾਏ। ਸਵੇਰੇ ਇਹੀ ਕਰਨਾ, ਅੰਮ੍ਰਿਤ ਵੇਲੇ। ਜਦੋਂ ਇਹ ਕਰ ਕੇ ਗੁਰਦੁਆਰੇ ਆਉਗੇ ਤਾਂ ਫਿਰ ਕੀਰਤਨ ਸੁਣਨ ਦਾ ਭੀ ਆਨੰਦ ਆਏਗਾ। ਜਦੋਂ ਇਹ ਕਰ ਕੇ ਗੁਰਦੁਆਰੇ ਆਉਗੇ, ਤਾਂ ਸੁਖਮਨੀ ਸੁਣਨ ਦਾ ਭੀ ਆਨੰਦ ਆਏਗਾ। ਜਦੋਂ ਇਹ ਕਰ ਕੇ ਗੁਰਦੁਆਰੇ ਆਉਗੇ ਅਤੇ ਕੁਝ ਸੇਵਾ ਭੀ ਕਰੋਗੇ ਤਾਂ ਉਹਦੇ ਵਿਚ ਭੀ ਕੁਝ ਝਲਕਾਂ ਮਿਲਣਗੀਆਂ। ਨਹੀਂ ਕਰੋਗੇ ਤਾਂ ਸਾਰਾ ਮਨੋਰੰਜਨ ਹੀ ਹੋ ਜਾਏਗਾ, ਸਮਾਂ ਪਾਸ ਕਰਨਾ ਹੋ ਜਾਏਗਾ, ਹੋਰ ਕੁਝ ਭੀ ਨਹੀਂ। ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਘੜਿਆਲ ਦੀ ਆਵਾਜ਼ ਇਕਦਮ ਬੰਦ ਨਹੀਂ ਹੁੰਦੀ, ਹੌਲੀ ਹੌਲੀ ਹੁੰਦੀ ਹੈ। ਉੱਚੀ ਸੁਰ ਉਠ ਕੇ ਫਿਰ ਨੀਵੀਂ ਹੁੰਦੀ ਹੈ।

ਕੋਈ ਭੀ ਮੰਤਰ ਹੈ, ਇਕ ਦਮ ਵਿਚ ਪੂਰਾ ਹੋ ਜਾਂਦਾ ਹੈ। ਓਮ, ਇਕ ਦਮ ਵਿਚ ਪੂਰਾ ਹੋ ਗਿਆ। ਰਾਮ, ਇਕ ਦਮ ਵਿਚ ਪੂਰਾ ਹੋ ਗਿਆ। ਵਾਹਿਗੁਰੂ, ਇਕ ਦਮ ਵਿਚ ਪੂਰਾ ਹੋ ਗਿਆ। ਇਕ ਦਮ ਵਿਚ ਕਿਸੇ ਨੇ ਵਾਹਿਗੁਰੂ ਉਚਾਰਣ ਕੀਤੈ ਅਤੇ ਪੂਰਾ ਧਿਆਨਪੂਰਬਕ ਸੁਣਿਐ, ਤਾਂ ਕਬੀਰ ਕਹਿੰਦੇ ਹਨ, ਖ਼ੁਦਾ ਹਾਜ਼ਰ ਨਾਜ਼ਰ ਹੈ :

ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ॥
ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ॥

(ਤਿਲੰਗ ਕਬੀਰ ਜੀ, ਪੰਨਾ 727)

ਕਿਧਰੇ ਇਕ ਦਮ ਵਿਚ ਟਿਕ ਜਾਉਂ। ਇਕ ਦਮ ਵਿਚ ਜੋ ਵਾਹਿਗੁਰੂ ਉਚਾਰਣ ਹੋਇਐ, ਉਸ ਨੂੰ ਇਤਨੀ ਇਕਾਗਰਤਾ ਨਾਲ ਸੁਣੋ, ਉਸ ਨੇ ਇਕ ਦਮ ਵਿਚ ਸ਼ਬਦ ਨੂੰ ਪ੍ਰਗਟ ਕਰ ਕੇ ਰੱਖ ਦੇਣਾ ਹੈ। ਸ਼ਬਦ ਪਰਮਾਤਮਾ ਨੂੰ ਪ੍ਰਗਟ ਕਰਨ ਦਾ ਵਸੀਲਾ ਹੈ। ਸ਼ਬਦ ਸੰਸਾਰ ਨੂੰ ਸਮਝਣ ਦਾ ਵਸੀਲਾ ਹੈ। ਇਸ ਵਾਸਤੇ ਸਿੱਖ ਜਗਤ ਵਿਚ, ਗੁਰਮਤਿ ਵਿਚ ਸ਼ਬਦ-ਗੁਰੂ ਹੈ ਅਤੇ ਜੁਗੋ ਜੁੱਗ ਅਟੱਲ ਇਹ ਗੱਦੀ ਮਿਲੀ ਹੋਈ ਹੈ, "ਓਅੰਕਾਰ ਆਦਿ॥ ਕਥਨੀ ਅਨਾਦਿ॥" ਇਹ ਤਾਂ ਅਨਾਦੀ ਹੈ, "ਓਅੰਕਾਰ ਆਦਿ ਮੈ ਜਾਨਾ"। ਭਗਤ ਕਬੀਰ ਜੀ ਕਹਿੰਦੇ ਹਨ ਕਿ ਸ਼ਬਦ ਨੂੰ ਤਾਂ ਮੈਂ ਅਨਾਦੀ ਜਾਨਿਐ। ਜਦੋਂ ਦਾ ਪਰਮਾਤਮਾ ਹੈ, ਉਦੋਂ ਦਾ ਇਹ ਸ਼ਬਦ ਹੈ ਅਤੇ ਉਸੇ ਹੀ ਸ਼ਬਦ ਤੋਂ "ਉਤਪਤਿ ਪਰਲਉ ਸਬਦੇ ਹੋਵੈ॥ ਸਬਦੇ ਹੀ ਫਿਰਿ ਓਪਤਿ ਹੋਵੈ"। ਸਭ ਕੁਝ ਉਸ ਸ਼ਬਦ ਤੋਂ ਹੋ ਰਿਹਾ ਹੈ।

o

